# ਪੰਜਾਬ ਰਾਜ ਦੀ ਖੇਤੀ ਨੀਤੀ

ਵੱਲੋਂ

## ਖੇਤੀ ਨੀਤੀ ਨਿਰਮਾਣ ਕਮੇਟੀ

## ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ

ਪੰਜਾਬ ਸਰਕਾਰ

2023

# ਪੰਜਾਬ ਰਾਜ ਦੀ ਖੇਤੀ ਨੀਤੀ

ਵੱਲੋਂ

## ਖੇਤੀ ਨੀਤੀ ਨਿਰਮਾਣ ਕਮੇਟੀ


**ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ**

**ਪੰਜਾਬ ਸਰਕਾਰ**

**2023**

# ਖੇਤੀ ਨੀਤੀ ਨਿਰਮਾਣ ਕਮੇਟੀ

1. ਡਾ. ਸੁਖਪਾਲ ਸਿੰਘ, ਚੇਅਰਮੈਨ, ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ (ਕਨਵੀਨਰ)
2. ਸ਼੍ਰੀ ਕੇ.ਏ.ਪੀ. ਸਿਨਹਾ (ਆਈ.ਏ.ਐਸ.), ਵਿਸ਼ੇਸ਼ ਮੁੱਖ ਸਕੱਤਰ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ (ਮੈਂਬਰ)
3. ਡਾ. ਸਤਬੀਰ ਸਿੰਘ ਗੋਸਲ, ਵਾਈਸ-ਚਾਂਸਲਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ (ਮੈਂਬਰ)
4. ਡਾ. ਇੰਦਰਜੀਤ ਸਿੰਘ, ਵਾਈਸ-ਚਾਂਸਲਰ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਮੈਂਬਰ)
5. ਡਾ. ਸੁੱਚਾ ਸਿੰਘ ਗਿੱਲ, ਸਾਬਕਾ ਡਾਇਰੈਕਟਰ ਜਨਰਲ, ਸੀ.ਆਰ.ਆਰ.ਆਈ.ਡੀ, ਚੰਡੀਗੜ੍ਹ (ਮੈਂਬਰ)
6. ਡਾ. ਬੀ.ਐਸ. ਘੁੰਮਣ, ਸਾਬਕਾ ਵਾਈਸ-ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ (ਮੈਂਬਰ)
7. ਡਾ. ਗੁਰਕੰਵਲ ਸਿੰਘ, ਸਾਬਕਾ ਡਾਇਰੈਕਟਰ ਬਾਗਬਾਨੀ, ਪੰਜਾਬ (ਮੈਂਬਰ)
8. ਸ਼੍ਰੀ ਰਾਜੇਸ਼ ਵਸ਼ਿਸ਼ਟ, ਸਲਾਹਕਾਰ, ਪੰਜਾਬ ਵਾਟਰ ਰੈਗੂਲੇਸ਼ਨ ਐਂਡ ਡਿਵੈਲਪਮੈਂਟ ਅਥਾਰਟੀ, ਚੰਡੀਗੜ੍ਹ (ਮੈਂਬਰ)
9. ਡਾ. ਬਲਵਿੰਦਰ ਸਿੰਘ ਸਿੱਧੂ, ਸਾਬਕਾ ਡਾਇਰੈਕਟਰ ਖੇਤੀਬਾੜੀ, ਪੰਜਾਬ (ਮੈਂਬਰ)
10. ਸ. ਅਮਰਿੰਦਰ ਸਿੰਘ ਪੂਨੀਆ, ਸਾਬਕਾ ਪ੍ਰਧਾਨ ਪੀਏਯੂ ਕਿਸਾਨ ਕਲੱਬ, ਲੁਧਿਆਣਾ (ਮੈਂਬਰ)
11. ਸ. ਮਹਿੰਦਰ ਸਿੰਘ ਸਿੱਧੂ, ਚੇਅਰਮੈਨ, ਪੰਜਾਬ ਰਾਜ ਬੀਜ ਨਿਗਮ (ਪਨਸੀਡ) (ਮੈਂਬਰ)

ਇਸ 11 ਮੈਂਬਰੀ ਕਮੇਟੀ ਦਾ ਗਠਨ ਪੰਜਾਬ ਸਰਕਾਰ ਵੱਲੋਂ ਮਿਤੀ 13-01-2023 ਨੂੰ ਕੀਤਾ ਗਿਆ। ਡਾ. ਸੁਖਪਾਲ ਸਿੰਘ, ਚੇਅਰਮੈਨ ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਨੂੰ ਇਸ ਕਮੇਟੀ ਦਾ ਕਨਵੀਨਰ ਬਣਾਇਆ ਗਿਆ ਅਤੇ ਇਹ ਖੇਤੀ ਨੀਤੀ ਰਿਪੋਰਟ ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ, ਕਾਲਕਟ ਭਵਨ, ਮੋਹਾਲੀ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ।

# ਪ੍ਰਸਤਾਵਨਾ

ਪੰਜਾਬ ਦੇ ਸਮਾਜਿਕ-ਆਰਥਿਕ ਅਤੇ ਸਰਬਪੱਖੀ ਵਿਕਾਸ ਵਿੱਚ ਖੇਤੀਬਾੜੀ ਦੀ ਅਹਿਮ ਭੂਮਿਕਾ ਹੈ। ਭਾਵੇਂ ਕਿ ਰਾਜ ਦੀ ਖੇਤੀ ਉਤਪਾਦਕਤਾ ਵੱਧ ਹੈ, ਪਰ ਵਰਤਮਾਨ ਵਿੱਚ ਖੇਤੀ ਲਾਗਤਾਂ ਦੀਆਂ ਵਧਦੀਆਂ ਕੀਮਤਾਂ, ਬਜ਼ਾਰ ਦੀਆਂ ਅਨਿਸ਼ਚਿਤਤਾਵਾਂ ਅਤੇ ਲਾਗੂ ਕੀਤੇ ਜਾ ਰਹੇ ਘਣੀ ਖੇਤੀ ਮਾਡਲ ਕਰਕੇ ਇਹ ਆਰਥਿਕ ਅਤੇ ਵਾਤਾਵਰਨ ਸੰਕਟ ਦੇ ਇੱਕ ਪੜਾਅ ਵਿੱਚੋਂ ਲੰਘ ਰਹੀ ਹੈ, ਜਿਸ ਨਾਲ ਕੁਦਰਤੀ ਸਰੋਤਾਂ ਦੇ ਨਿਘਾਰ ਦੇ ਨਾਲ-ਨਾਲ ਜੈਵਿਕ-ਵਿਭਿੰਨਤਾ ਦਾ ਨੁਕਸਾਨ ਅਤੇ ਖੇਤੀ ਬੱਚਤਾਂ ਵਿੱਚ ਕਮੀ ਆਈ ਹੈ। ਇਨ੍ਹਾਂ ਚੁਣੌਤੀਆਂ ਨੂੰ ਸੰਬੋਧਤ ਹੋਣ ਲਈ ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਖੇਤੀਬਾੜੀ ਨੀਤੀ ਬਣਾਉਣ ਲਈ ਇੱਕ ਕਮੇਟੀ ਦਾ ਗਠਨ ਕੀਤਾ ਗਿਆ। ਸਾਰੇ ਮੁੱਦਿਆਂ ਨੂੰ ਸੰਬੋਧਿਤ ਹੁੰਦਿਆਂ ਉਚਿੱਤ ਨੀਤੀ ਘੜਨਾ ਇੱਕ ਕਠਿਨ ਕਾਰਜ ਸੀ, ਫਿਰ ਵੀ ਕਮੇਟੀ ਨੇ ਇਸ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਸਖ਼ਤ ਯਤਨ ਕੀਤੇ। ਨੀਤੀ ਨਿਰਮਾਣ ਪ੍ਰਕਿਰਿਆ ਵਿੱਚ ਸਾਰੇ ਹਿੱਸੇਦਾਰਾਂ ਦੇ ਅਸਲ ਮਸਲਿਆਂ ਨੂੰ ਹੱਲ ਕਰਨ ਲਈ ਵੱਖ-ਵੱਖ ਦ੍ਰਿਸ਼ਟੀਕੋਣਾਂ 'ਤੇ ਵਿਚਾਰ ਕਰਕੇ ਇਹ ਨੀਤੀ ਦਸਤਾਵੇਜ਼ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਨਾਲ ਮੀਟਿੰਗਾਂ ਅਤੇ ਗੱਲਬਾਤ ਦੇ ਕਈ ਦੌਰ; ਦੇਸ਼ ਦੇ ਅੰਦਰ ਅਤੇ ਬਾਹਰ ਬਹੁਤ ਸਾਰੀਆਂ ਸੰਸਥਾਵਾਂ ਦੇ ਦੌਰੇ; ਪ੍ਰਿੰਟ ਮੀਡੀਆ, ਸਰਕਾਰ-ਕਿਸਾਨ ਮਿਲਣੀਆਂ ਅਤੇ NRI ਕਿਸਾਨ ਕਨਕਲੇਵ ਰਾਹੀਂ ਸੁਝਾਵਾਂ ਨੂੰ ਪ੍ਰਾਪਤ ਕਰਨਾ ਆਦਿ ਸ਼ਾਮਿਲ ਹਨ।

ਨੀਤੀ ਦਾ ਮੁੱਖ ਜ਼ੋਰ ਖੇਤੀ ਦੇ ਮੁਨਾਫ਼ੇ ਨੂੰ ਵਧਾਉਣਾ ਹੈ ਜਿਸ ਲਈ ਸਿਹਤਮੰਦ ਖੇਤੀ ਪੈਦਾਵਾਰ, ਕਦਰ ਵਧਾਈ, ਅਤੇ ਮੰਡੀਕਰਨ ਪ੍ਰਣਾਲੀਆਂ ਨੂੰ ਸਹਿਕਾਰੀ ਢੰਗਾਂ ਨਾਲ ਉਤਸ਼ਾਹਿਤ ਕਰਕੇ ਕੁਦਰਤੀ ਸੋਮਿਆਂ ਦੀ ਕੁਸ਼ਲ ਵਰਤੋਂ ਕਰਦਿਆਂ, ਜੈਵਿਕ ਵਿਭਿੰਨਤਾ ਅਪਣਾਉਂਦੇ ਹੋਏ ਸਮਾਜ ਲਈ ਬਿਹਤਰ ਕੁਆਲਟੀ ਦਾ ਭੋਜਨ ਉਪਲਬਧ ਕਰਾਉਣਾ ਤੇ ਲੋਕਾਂ ਦਾ ਖੁਸ਼ਹਾਲੀ ਸੂਚਕ ਅੰਕ ਉੱਚਾ ਚੁੱਕਣਾ ਹੈ। ਇਹ ਨੀਤੀ ਸਾਫ਼-ਸੁਥਰੇ ਅਤੇ ਹਰੇ ਭਰੇ ਪੰਜਾਬ ਲਈ ਖੇਤੀਬਾੜੀ ਨਾਲ ਸਬੰਧਤ ਜਲਵਾਯੂ ਪਰਿਵਰਤਨ ਅਤੇ ਵਾਤਾਵਰਨ ਪ੍ਰਦੂਸ਼ਣ ਦੇ ਮੁੱਦਿਆਂ ਨੂੰ ਹੱਲ ਕਰਨ 'ਤੇ ਵੀ ਕੇਂਦਰਿਤ ਹੈ। ਨੀਤੀ ਦਸਤਾਵੇਜ਼ ਵਿੱਚ ਖੇਤੀਬਾੜੀ ਵਿੱਚ ਔਰਤਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਕਾਰੀਗਰਾਂ ਦੀ ਭੂਮਿਕਾ ਅਤੇ ਮਹੱਤਤਾ, ਅਤੇ ਸਮਾਜ ਵਿੱਚ ਉਨ੍ਹਾਂ ਦੀ ਰੋਜ਼ੀ-ਰੋਟੀ ਅਤੇ ਸਥਿੱਤੀ ਨੂੰ ਸੁਧਾਰਨ ਲਈ ਉਨ੍ਹਾਂ ਦੇ ਸਸ਼ਕਤੀਕਰਨ 'ਤੇ ਜ਼ੋਰ ਦਿੱਤਾ ਗਿਆ ਹੈ।

ਸਾਰੇ ਕਮੇਟੀ ਮੈਂਬਰਾਂ, ਖਾਸ ਕਰਕੇ ਡਾ. ਗੁਰਕੰਵਲ ਸਿੰਘ ਦੁਆਰਾ ਕੀਤੇ ਗਏ ਠੋਸ ਯਤਨਾਂ ਨੇ ਪੰਜਾਬ ਰਾਜ ਲਈ ਇੱਕ ਵਿਆਪਕ ਖੇਤੀ ਨੀਤੀ ਬਣਾਉਣ ਨੂੰ ਯਕੀਨੀ ਬਣਾਇਆ ਹੈ। ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਦੇ ਸਮੁੱਚੇ ਸਟਾਫ, ਖਾਸ ਤੌਰ 'ਤੇ ਡਾ. ਨਿਖਿਲ ਅੰਬੀਸ਼ ਮਹਿਤਾ ਅਤੇ ਮਾਨਵਪ੍ਰੀਤ ਸਿੰਘ ਨੇ ਇਸ ਨੀਤੀਗਤ ਢਾਂਚੇ ਨੂੰ ਤਿਆਰ ਕਰਨ ਲਈ ਬਹੁਤ ਵੱਡਾ ਯੋਗਦਾਨ ਪਾਇਆ ਹੈ। ਇਹ ਨੀਤੀ ਦਸਤਾਵੇਜ਼ ਰਾਜ ਦੀ ਖੇਤੀ ਆਰਥਿਕਤਾ ਦੇ ਭਖਦੇ ਮੁੱਦਿਆਂ ਨੂੰ ਸੰਬੋਧਿਤ ਹੁੰਦਾ ਹੈ ਅਤੇ ਰਾਜ ਵਿੱਚ ਸਿਹਤਮੰਦ, ਮੁਨਾਫ਼ੇਯੋਗ ਅਤੇ ਕੌਮਾਂਤਰੀ ਪੱਧਰ 'ਤੇ ਮੁਕਾਬਲੇਯੋਗ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਮੌਕਿਆਂ ਦੀ ਵਰਤੋਂ ਕਰਨ ਲਈ ਮਾਰਗਦਰਸ਼ਨ ਕਰਦਾ ਹੈ, ਜਿਸ ਨੂੰ ਰਾਸ਼ਟਰੀ ਅਤੇ ਇੱਥੋਂ ਤੱਕ ਕਿ ਵਿਸ਼ਵ ਪੱਧਰ 'ਤੇ ਵੀ ਦੁਹਰਾਇਆ ਜਾ ਸਕਦਾ ਹੈ।

**ਅਕਤੂਬਰ 13, 2023**

**ਕਨਵੀਨਰ**

**ਖੇਤੀ ਨੀਤੀ ਨਿਰਮਾਣ ਕਮੇਟੀ**

# ਤਤਕਰਾ


1. ਜਾਣ-ਪਛਾਣ ........ 1
2. ਖੇਤੀਬਾੜੀ ਦਾ ਵਿਕਾਸ ਢੰਗ ਅਤੇ ਮੰਡੀਕਰਨ ........ 13
3. ਵਾਤਾਵਰਨ ਅਤੇ ਜਲਵਾਯੂ ਤਬਦੀਲੀ ........ 37
4. ਜ਼ਮੀਨ ........ 41
5. ਫ਼ਸਲੀ ਖੇਤਰ ........ 45
6. ਜੈਵਿਕ ਖੇਤੀ ........ 89
7. ਪਸ਼ੂਧਨ ਖੇਤਰ ........ 93
8. ਪਾਣੀ ਅਤੇ ਊਰਜਾ ........ 111
9. ਕੁਆਲਟੀ ਕੰਟਰੋਲ ਅਤੇ ਲਾਗੂਕਰਨ ........ 131
10. ਖੇਤੀ ਵਿੱਚ ਖੋਜ, ਵਿਕਾਸ ਅਤੇ ਸਿੱਖਿਆ ........ 135
11. ਖੇਤੀਬਾੜੀ ਪ੍ਰਸਾਰ ਅਤੇ ਸਿਖਲਾਈ ........ 141
12. ਸਹਿਕਾਰਤਾ ਖੇਤਰ ........ 145
13. ਖੇਤ ਮਜ਼ਦੂਰ ਅਤੇ ਪੇਂਡੂ ਦਸਤਕਾਰ ........ 149
14. ਖੇਤੀਬਾੜੀ ਵਿੱਚ ਔਰਤਾਂ ........ 153
15. ਕਰਜ਼ਾ, ਤੰਗੀ ਅਤੇ ਆਰਥਿਕ ਸਹਾਇਤਾ ........ 155
16. ਕੁਦਰਤੀ ਆਫ਼ਤਾਂ, ਜੋਖਮ ਪ੍ਰਬੰਧਨ ਅਤੇ ਬੀਮਾ ........ 159
17. ਖੇਤੀ-ਪ੍ਰੋਸੈਸਿੰਗ ਅਤੇ ਮੁੱਲ ਵਾਧਾ/ਕੋਲਡ ਚੇਨ ........ 161
18. ਖੇਤੀ ਮਸ਼ੀਨੀਕਰਨ ........ 165
19. ਖੇਤਰੀ ਮੁੱਦੇ ........ 169

ਮੁੱਖ ਸਿਫ਼ਾਰਿਸ਼ਾਂ ........ 173

ਅਨੁਲੱਗ ........ 183

BIBLOGRAPHY ........ 203

## List of Abbreviations

| | |
|---|---|
| AMRII | Agricultural Marketing Research and Intelligence Institute |
| ASCPP | Area Specific Crop Production Plans |
| BCM | Billion Cubic Meter |
| BHP | Brake Horsepower |
| CBG | Compressed Bio Gas |
| CETP | Combined Effluent Treatment Plants |
| CIBA | Central Institute of Brackish water Aquaculture |
| CNG | Compressed Natural Gas |
| CoE | Centre of Excellence |
| ENA | Extra Neutral Alcohol |
| ETP | Effluent Treatment Plant |
| ETT | Embryo Transfer Technology |
| FRP | Fair and Remunerative Price |
| GAP | Good Agricultural Practices |
| GNSS | Global Navigation Satellite System |
| GPS | Global Positioning System |
| IAMS | Innovative Agricultural Marketing Society |
| IFIS | Integrated Farming and Integrative Income Support |
| IFS | Integrated Farming System |
| IoT | Internet of Things |
| ISTA | International Seed Testing Association |
| IVF | In-vitro Fertilization |
| MAPs | Medicinal and Aromatic Plants |
| MPCS | Multi-Purpose Cooperative Societies |
| NAQUIM | National Aquifer Mapping and Management |
| NGA | Natural Growing Area |
| PACS | Primary Agricultural Cooperative Credit Societies |
| PADB | Punjab State Cooperative Agricultural Development Bank |
| PAGREXCO | Punjab Agri Export Corporation |
| PAIC | Punjab Agro Industries Corporation |
| PFS | Progressive Farmers' Society |
| PHPTC | Punjab Horticultural Postharvest Technology Centre |
| PSF | Price Stabilization Fund |
| PSFC | Punjab State Farmers' and Farm Workers' Commission |
| PSPCL | Punjab State Power Corporation Ltd. |
| PSSCA | Punjab State Seed Corporation Authority |
| RAS | Recirculatory Aquaculture System |
| RRR | Repair Renovate and Rejuvenate |
| SCADA | Supervisory Control and Data Acquisition |
| SOP | Standard Operating Procedures |
| SPV | Special Purpose Vehicle |
| STP | Sewage Treatment Plants |
| TCD | Total Crushing Capacity per Day |
| TMR | Total Mixed Ration |
| TSS | Total Soluble Solids |
| UGPL | Under Ground Pipe Line |

# 1. ਜਾਣ-ਪਛਾਣ

**ਦੂਰ-ਦਰਸ਼ੀ ਨੁਕਤਾਨਜ਼ਰ**

***ਖੇਤੀ ਨੂੰ ਸਿਹਤਮੰਦ, ਮੁਨਾਫ਼ੇਯੋਗ ਅਤੇ ਕੌਮਾਂਤਰੀ ਪੱਧਰ 'ਤੇ ਮੁਕਾਬਲੇਯੋਗ ਬਣਾਕੇ ਕਿਰਤ ਦੀ ਸ਼ਾਨ ਨੂੰ ਬਰਕਰਾਰ ਰੱਖਦਿਆਂ, ਆਪਸੀ ਮਿਲਵਰਤਨ, ਕੁਦਰਤੀ ਸਰੋਤਾਂ ਦੀ ਸਾਂਭ-ਸੰਭਾਲ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਵਾਤਾਵਰਨ ਦਾ ਸੰਤੁਲਨ ਬਣਾਉਂਦੇ ਹੋਏ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਖੇਤੀਬਾੜੀ 'ਤੇ ਨਿਰਭਰ ਲੋਕਾਂ ਦੀ ਰੋਟੀ-ਰੋਜ਼ੀ ਨੂੰ ਲਗਾਤਾਰ ਬਿਹਤਰ ਬਣਾਉਣਾ***

ਸੱਤ ਰੁੱਤਾਂ ਦੀ ਕੁਦਰਤੀ ਵੰਨ-ਸੁਵੰਨਤਾ ਅਤੇ ਵਗਦੇ ਅਮੀਰ ਦਰਿਆਵਾਂ ਦੇ ਤਾਕਤਵਰ ਪਾਣੀਆਂ ਨਾਲ ਸਿੰਜਦੀ ਜ਼ਰਖੇਜ਼ ਮਿੱਟੀ ਦੀਆਂ ਬਖ਼ਸ਼ਿਸ਼ਾਂ ਨਾਲ ਨਿਵਾਜਿਆ-ਪੰਜਾਬ ਸਭ ਦਾ ਭਲਾ ਕਰਨ ਦੀ ਆਪਣੀ ਭਾਵਨਾ ਨਾਲ ਦੇਸ਼ ਨੂੰ ਭੋਜਨ ਮੁਹੱਈਆ ਕਰਨ ਦੀ ਆਪਣੀ ਸਮਰੱਥਾ ਦਾ ਇਜ਼ਹਾਰ ਕਰਦਾ ਆ ਰਿਹਾ ਹੈ।

ਉੱਤਰ-ਪੱਛਮੀ ਭਾਰਤ ਵਿੱਚ ਸਥਿਤ, ਇਸ ਰਾਜ ਦਾ ਵੱਖ-ਵੱਖ ਕਿਸਮ ਦੀ ਖੇਤੀ ਪੈਦਾਵਾਰ ਦਾ ਇੱਕ ਲੰਬਾ ਸ਼ਾਨਾਮੱਤਾ ਇਤਿਹਾਸ ਹੈ ਅਤੇ ਇਸਨੂੰ "ਦੇਸ਼ ਦੇ ਅੰਨ ਭੰਡਾਰ" ਵਜੋਂ ਜਾਣਿਆ ਜਾਂਦਾ ਹੈ। ਇਹ ਦੇਸ਼ ਦੀ 16 ਪ੍ਰਤੀਸ਼ਤ ਕਣਕ, 11 ਪ੍ਰਤੀਸ਼ਤ ਚਾਵਲ, 3 ਪ੍ਰਤੀਸ਼ਤ ਕਪਾਹ ਅਤੇ 7 ਪ੍ਰਤੀਸ਼ਤ ਦੁੱਧ ਪੈਦਾ ਕਰਦਾ ਹੈ ਜਦੋਂ ਕਿ ਇਸਦਾ ਭੂਗੋਲਿਕ ਰਕਬਾ ਦੇਸ਼ ਦੇ ਸਮੁੱਚੇ ਭੂਗੋਲਿਕ ਰਕਬੇ ਦਾ ਸਿਰਫ 1.53 ਪ੍ਰਤੀਸ਼ਤ ਹੈ। ਪਾਣੀ ਦੇ ਸੋਮਿਆਂ ਦੀ ਵਿਸ਼ਾਲਤਾ, ਉਪਜਾਊ ਮਿੱਟੀ ਅਤੇ ਅਰਧ-ਖੁਸ਼ਕ ਤੋਂ ਨੀਮ-ਤਰ ਜਲਵਾਯੂ ਵਾਲੇ ਕਈ ਖੇਤੀ-ਜਲਵਾਯੂ ਖੇਤਰਾਂ ਦੇ ਕਾਰਨ ਰਾਜ ਦਾ ਸਮੁੱਚਾ ਵਾਤਾਵਰਨ ਖੇਤੀਬਾੜੀ ਲਈ ਉੱਤਮ ਹੈ। ਪੰਜਾਬ ਵਿੱਚ ਬਾਰਿਸ਼, ਖ਼ਾਸ ਕਰਕੇ ਮੌਨਸੂਨ ਰੁੱਤੇ ਕਾਫ਼ੀ ਚੰਗੀ ਹੁੰਦੀ ਹੈ। ਰਾਜ ਦੇ ਜੰਗਲ, ਝੀਲਾਂ ਅਤੇ ਘਾਹ ਦੇ ਮੈਦਾਨ ਭਰਪੂਰ ਬਨਸਪਤੀ ਅਤੇ ਜੈਵਿਕ ਵਿਭਿੰਨਤਾ ਦੇ ਨਿਵਾਸ ਅਸਥਾਨ ਹਨ। ਸੂਬੇ ਵਿੱਚ ਮੁੱਖ ਤੌਰ 'ਤੇ ਕਣਕ, ਝੋਨਾ, ਕਪਾਹ, ਮੱਕੀ, ਗੰਨਾ, ਫਲ ਅਤੇ ਸਬਜ਼ੀਆਂ ਦੀਆਂ ਫ਼ਸਲਾਂ ਦੀ ਕਾਸ਼ਤ ਕੀਤੀ ਜਾਂਦੀ ਹੈ। ਅਨਾਜ ਦਾ ਉਤਪਾਦਨ 1960 ਦੇ ਦਹਾਕੇ ਤੋਂ ਪੰਜਾਬ ਦੇ ਖੇਤੀ ਅਰਥਚਾਰੇ ਅਤੇ ਸੱਭਿਆਚਾਰ ਦਾ ਇੱਕ ਅਨਿੱਖੜਵਾਂ ਅੰਗ ਬਣ ਗਿਆ ਹੈ, ਜੋ ਇਸਦੀਆਂ ਭੌਤਿਕ ਅਤੇ ਖੇਤਰੀ ਸੀਮਾਵਾਂ ਨਾਲੋਂ ਵੱਡੀ ਪਹੁੰਚ ਨੂੰ ਦਰਸਾਉਂਦਾ ਹੈ।

ਖੇਤੀ ਮਹਿਜ਼ ਇੱਕ ਕਿੱਤਾ ਨਹੀਂ ਹੈ; ਇਹ ਪੰਜਾਬੀ ਕਿਸਾਨਾਂ ਦਾ ਜਜ਼ਬਾ ਅਤੇ ਜੀਵਨ ਸ਼ੈਲੀ ਹੈ। ਪੀੜ੍ਹੀਆਂ ਤੋਂ ਕੁਦਰਤ ਅਤੇ ਕਾਇਨਾਤ ਨਾਲ ਆਪਣੇ ਅੰਦਰੂਨੀ ਸਬੰਧਾਂ ਨੂੰ ਮਹਿਸੂਸ ਕਰਦਿਆਂ ਉਹ ਆਪਣੀ ਜ਼ਮੀਨ ਦੀ ਲਿਬਰੇਜ਼ ਵਿਭਿੰਨਤਾ ਦੀ ਪਰਵਰਿਸ਼ ਕਰਦੇ ਆ ਰਹੇ ਹਨ। ਦੂਰ ਪਿਛੋਕੜ ਤੋਂ ਇਸ ਪਵਿੱਤਰ ਪੇਸ਼ੇ ਦੀ ਸਿਰਜਣਾਤਮਕ ਪੈਦਾਵਾਰੀ ਪ੍ਰਕਿਰਿਆ 'ਚ ਰੁੱਝੇ ਹੋਏ ਕਿਸਾਨਾਂ ਨੇ ਕੁਦਰਤ ਨਾਲ ਇਕਸੁਰ ਹੁੰਦੇ ਹੋਏ ਜੈਵ-ਵਿਭਿੰਨਤਾ ਨੂੰ ਕਾਇਮ ਰੱਖਦੇ ਹੋਏ ਮਨੁੱਖ ਨੂੰ ਲਗਾਤਾਰ ਉੱਚ-ਮਿਆਰੀ ਸੰਤੁਲਿਤ ਭੋਜਨ ਪ੍ਰਦਾਨ ਕੀਤਾ ਹੈ।

## 1.1 ਅਤੀਤ ਦੀਆਂ ਸੁਖਦ ਝਲਕਾਂ

ਦੂਰ ਪਿਛੋਕੜ ਵਿੱਚ, ਪੰਜਾਬ ਦੀ ਖੇਤੀ ਕੁਦਰਤੀ ਢੰਗ ਤਰੀਕਿਆਂ ਨਾਲ ਸਥਾਨਕ ਕੁਦਰਤੀ ਸਰੋਤਾਂ ਅਤੇ ਕਿਸਾਨਾਂ ਵੱਲੋਂ ਪੀੜ੍ਹੀ-ਦਰ-ਪੀੜ੍ਹੀ ਕੀਤੇ ਤਜਰਬਿਆਂ 'ਤੇ ਅਧਾਰਿਤ ਇਕੱਤਰ ਕੀਤੀ ਸੂਝ-ਬੂਝ ਦੀ ਵਰਤੋਂ ਕਰਦਿਆਂ ਹੁੰਦੀ ਸੀ। ਇੱਕ ਆਤਮ ਨਿਰਭਰ ਪਿੰਡ ਦੇ ਅਰਥਚਾਰੇ ਵਜੋਂ ਪਿੰਡ ਦੇ ਬਸ਼ਿੰਦੇ ਲੂਣ ਅਤੇ ਕੁਝ ਮਸਾਲਿਆਂ ਨੂੰ ਛੱਡ ਕੇ ਰੋਜ਼-ਮਰ੍ਹਾ ਦੀਆਂ ਜ਼ਿਆਦਾਤਰ ਜ਼ਰੂਰਤਾਂ ਜਿਵੇਂ ਕਿ ਰੋਟੀ, ਕੱਪੜਾ, ਮਕਾਨ ਅਤੇ ਹੋਰ ਲੋੜਾਂ ਸਥਾਨਕ ਤੌਰ 'ਤੇ ਪੂਰੀਆਂ ਕਰਦੇ ਸਨ। ਪੈਦਾ ਕੀਤੀਆਂ ਫ਼ਸਲਾਂ ਅਤੇ ਪਸ਼ੂਆਂ ਤੋਂ ਪੈਦਾਵਾਰ ਬਹੁਤ ਉੱਚ ਮਿਆਰ ਵਾਲੀ ਸੀ ਜੋ ਹਰੇਕ ਕੁਦਰਤੀ ਖ਼ਿੱਤੇ ਵਿੱਚ ਆਪਣੀ ਕਿਸਮ ਤੇ ਜਮਾਂਦਰੂ ਸਮਰੱਥਾ ਅਤੇ ਮਿਆਰੀ ਪੈਦਾਵਾਰੀ ਕਾਰਕਾਂ ਅਨੁਸਾਰ ਝਾੜ ਮੁਹੱਈਆ ਕਰਨ ਲਈ ਸ਼ਾਨਦਾਰ ਸੰਤੁਲਨ ਕਾਇਮ ਰੱਖਦੀ ਸੀ। ਮਿੱਟੀ ਦੀ ਸਿਹਤ ਨੂੰ ਚੰਗੀ ਬਣਾਈ ਰੱਖਣ ਲਈ

ਇਸ ਵਿੱਚ ਫ਼ਸਲੀ ਚੱਕਰ, ਹਰੀ ਖਾਦ, ਰੂੜੀ ਦੀ ਖਾਦ ਦੀ ਵਰਤੋਂ ਆਦਿ ਦੇ ਢੰਗ ਤਰੀਕੇ ਵਰਤੇ ਜਾਂਦੇ ਸਨ ਅਤੇ ਉਪਜਾਊ ਸ਼ਕਤੀ ਵਿੱਚ ਵਾਧਾ ਕਰਨ ਲਈ ਮਿੱਟੀ ਦੇ ਸੂਖਮ ਜੀਵਾਂ ਅਤੇ ਹੋਰ ਕੁਦਰਤੀ ਸ਼ਕਤੀਆਂ ਦੀ ਪ੍ਰਕਿਰਿਆ ਲਈ ਜ਼ਮੀਨ ਦੇ ਇੱਕ ਹਿੱਸੇ ਨੂੰ ਵਿਉਂਤ ਨਾਲ ਖ਼ਾਲੀ ਛੱਡਿਆ ਜਾਂਦਾ ਸੀ।

ਸੀਮਤ ਭੂਮੀ ਸਰੋਤਾਂ ਨਾਲ ਕਿਸਾਨ ਢੁੱਕਵੀਆਂ ਸਮਕਾਲੀ, ਆਪਸੀ ਫ਼ਾਇਦੇਮੰਦ ਫ਼ਸਲਾਂ ਦੇ ਵੱਖ-ਵੱਖ ਜੋੜ ਮੇਲਾਂ ਨਾਲ ਬਿਜਾਈ ਕਰਦੇ ਹੋਏ, ਮਿਸ਼ਰਤ ਖੇਤੀ ਅਤੇ ਖੇਤ ਦੇ ਬੰਨੇ 'ਤੇ ਵੱਖ-ਵੱਖ ਫ਼ਸਲਾਂ ਦੀ ਵੱਧ ਤੋਂ ਵੱਧ ਪੈਦਾਵਾਰ ਪ੍ਰਾਪਤ ਕਰਦੇ ਸਨ। ਅਜਿਹੇ ਅਮਲਾਂ ਰਾਹੀਂ ਹਰੇਕ ਫ਼ਸਲ ਸਮੂਹ ਦੇ ਪੌਦਿਆਂ ਦੀਆਂ ਜੜ੍ਹਾਂ ਅਤੇ ਉੱਪਰਲੇ ਹਿੱਸੇ ਦੀਆਂ ਲੋੜਾਂ ਸੰਬੰਧੀ ਆਪਸੀ ਫ਼ਾਇਦਿਆਂ ਦੀ ਵਰਤੋਂ ਕੀਤੀ ਜਾਂਦੀ ਸੀ। ਨਾਈਟ੍ਰੋਜਨ-ਫਿਕਸਿੰਗ ਵਾਲੀਆਂ ਫਲੀਦਾਰ ਫ਼ਸਲਾਂ ਜਿਵੇਂ ਕਿ ਛੋਲੇ, ਕਣਕ ਅਤੇ ਖੇਤ ਦੇ ਚੁਫੇਰੇ ਸਰ੍ਹੋਂ ਦੀ ਕਾਸ਼ਤ ਇੱਕ ਅਹਿਮ ਉਦਾਹਰਨ ਹੈ, ਜਿਸ ਵਿੱਚ ਪ੍ਰੋਟੀਨ, ਗੁਣਕਾਰੀ ਤੇਲ ਅਤੇ ਮੁੱਖ ਅਨਾਜ ਉਸੇ ਮੌਸਮ ਦੌਰਾਨ ਇੱਕੋ ਜ਼ਮੀਨ ਤੋਂ ਹਾਸਿਲ ਕੀਤੇ ਜਾਂਦੇ ਸਨ। ਇਸ ਮਾਡਲ ਨੇ ਗੁਣਵੱਤਾ ਅਤੇ ਵਿਭਿੰਨਤਾ ਦੋਵਾਂ ਦੇ ਮੱਦੇ-ਨਜ਼ਰ ਇੱਕ ਵਧੇਰੇ ਖ਼ੁਸ਼ਹਾਲ ਅਤੇ ਸਿਹਤਮੰਦ ਖੇਤੀ ਪੈਦਾਵਾਰ ਦੀ ਸਿਰਜਣਾ ਵਿੱਚ ਅਹਿਮ ਭੂਮਿਕਾ ਨਿਭਾਈ।

ਪਿੰਡ ਦੀ ਆਰਥਿਕਤਾ ਵਿੱਚ ਕਿਰਤ ਦੀ ਵੰਡ ਅਤੇ ਮਿਲਕੇ ਕੰਮ ਕਰਨ ਦੀ ਪ੍ਰਥਾ ਨੇ ਭਾਈਚਾਰੇ ਦੀ ਸਵੈ-ਨਿਰਭਰਤਾ ਅਤੇ ਏਕਤਾ ਨੂੰ ਮਜ਼ਬੂਤ ਕੀਤਾ। ਸੱਭਿਆਚਾਰ ਅਤੇ ਖੇਤੀ ਦੇ ਤੌਰ ਤਰੀਕੇ, ਜੋ ਇਸ ਖ਼ਿੱਤੇ ਦੇ ਲੋਕਾਂ ਦੀ ਸਮਾਜਿਕ ਅਤੇ ਮਾਨਸਿਕ ਤਾਕਤ ਰਾਹੀਂ ਇਜ਼ਹਾਰ ਕਰਦੇ ਰਹੇ, ਉਹ ਇੱਕ ਲੰਬੀ ਜ਼ਿੰਦਗੀ ਜਿਉਣ ਅਤੇ ਬਿਮਾਰੀਆਂ ਦਾ ਵਿਰੋਧ ਕਰਨ ਦੀ ਵਧੇਰੇ ਸ਼ਕਤੀ (Immune System) ਰਾਹੀਂ ਜਗ-ਜ਼ਾਹਿਰ ਸੀ। ਇਹ ਉਨ੍ਹਾਂ ਦੀਆਂ ਸਮੂਹਿਕ ਤੌਰ 'ਤੇ ਰਿੜਕੀਆਂ ਸਿਆਣਪਾਂ ਸਨ ਜਿਨ੍ਹਾਂ ਨੇ ਨਾ ਸਿਰਫ਼ ਇੱਕ ਸਿਹਤਮੰਦ ਅਤੇ ਅਮਲਾਂ 'ਚ ਨਿਭਣ ਵਾਲਾ ਖੇਤੀਬਾੜੀ ਵਿਗਿਆਨ, ਸਗੋਂ ਇੱਕ ਸੰਪੂਰਨ ਵਿਗਿਆਨ ਵਿਕਸਿਤ ਕੀਤਾ ਜੋ ਕਿ ਖੇਤੀ ਦੇ ਜੱਦੀ-ਪੁਸ਼ਤੀ ਪੀੜ੍ਹੀ-ਦਰ-ਪੀੜ੍ਹੀ ਲੰਬੇ ਤਜ਼ਰਬਿਆਂ ਰਾਹੀਂ ਹੌਲੀ-ਹੌਲੀ ਸਿਰਜਿਆ ਗਿਆ।

### 1.2 ਪੰਜਾਬ ਵਿੱਚ ਰਵਾਇਤੀ ਖੇਤੀ ਤਰੀਕੇ

ਪੰਜਾਬ 1960 ਦੇ ਦਹਾਕੇ ਦੀ ਸ਼ੁਰੂਆਤ ਤੱਕ ਖੇਤੀ ਦੇ ਚੰਗੇ ਪਰਖੇ ਹੋਏ ਢੰਗ ਤਰੀਕਿਆਂ ਨਾਲ ਨਿਵਾਜਿਆ ਹੋਇਆ ਸੀ। ਗ਼ੌਰ ਕਰਨ ਵਾਲੀ ਗੱਲ ਹੈ ਕਿ ਹਰੇ ਇਨਕਲਾਬ ਦੇ ਆਉਣ ਤੋਂ ਪਹਿਲਾਂ, ਪੰਜਾਬ ਦੀ ਖੇਤੀ ਦਾ ਵਿਲੱਖਣ ਪਹਿਲੂ ਇਸ ਦੀ ਗੁਜ਼ਾਰੇ ਦੀ ਖੇਤੀ ਵੱਲ ਰੁਝਾਨ ਦਾ ਹੋਣਾ ਸੀ, ਜਿਸ ਤਹਿਤ ਘਰੇਲੂ ਵਰਤੋਂ ਅਤੇ ਸਥਾਨਕ ਭਾਈਚਾਰੇ ਦੀ ਖਪਤ ਲਈ ਵਭਿੰਨ ਖੇਤੀ ਪੈਦਾਵਾਰ ਕੀਤੀ ਜਾਂਦੀ ਸੀ। ਕਿਸਾਨ ਖੇਤਰੀ ਮੰਗਾਂ ਅਤੇ ਜ਼ਮੀਨ ਦੀ ਅਨੁਕੂਲਤਾ ਦੇ ਅਨੁਸਾਰ ਫ਼ਸਲਾਂ ਦੀ ਕਾਸ਼ਤ ਕਰਦੇ ਸਨ ਜਦਕਿ ਬਜ਼ਾਰ ਖ਼ਾਤਰ ਪੈਦਾਵਾਰ ਕਰਨ 'ਤੇ ਜ਼ੋਰ ਘੱਟ ਦਿੱਤਾ ਜਾਂਦਾ ਸੀ। ਰੂੜੀ ਦੀ ਖਾਦ ਦੇ ਜੈਵਿਕ ਸਹਾਰੇ ਨਾਲ ਦੇਸੀ ਬੀਜਾਂ ਦੀ ਵਿਆਪਕ ਤੌਰ 'ਤੇ ਵਰਤੋਂ ਕੀਤੀ ਜਾਂਦੀ ਸੀ। ਖੇਤੀ ਤਕਨੀਕਾਂ ਮੁੱਖ ਤੌਰ 'ਤੇ ਹੱਥੀਂ ਕਿਰਤ 'ਤੇ ਨਿਰਭਰ ਸਨ, ਜਿਸ ਵਿੱਚ ਮੁੱਖ ਰੂਪ ਵਿੱਚ ਮਨੁੱਖੀ ਅਤੇ ਪਸ਼ੂ ਸ਼ਕਤੀ ਹੀ ਊਰਜਾ ਦੇ ਸਰੋਤ ਸਨ। ਪਸ਼ੂ ਸ਼ਕਤੀ ਦੀ ਵਰਤੋਂ ਖੇਤੀ ਦੇ ਵਿਭਿੰਨ ਕਾਰਜਾਂ ਜਿਵੇਂ ਕਿ ਜ਼ਮੀਨ ਵਾਹੁਣ, ਸਿੰਚਾਈ ਪ੍ਰਣਾਲੀਆਂ, ਤੇਲ ਕੱਢਣ ਵਾਲੀਆਂ ਇਕਾਈਆਂ (ਕੋਹਲੂ) ਦੇ ਨਾਲ-ਨਾਲ ਸਥਾਨਕ ਆਵਾਜਾਈ/ਢੋਆ-ਢੁਆਈ ਲਈ ਕੀਤੀ ਜਾਂਦੀ ਸੀ। ਖੇਤੀ ਦੇ ਕੰਮ ਮਿਹਨਤ ਵਾਲੇ ਸਨ ਅਤੇ ਸਮੁੱਚੇ ਪਰਿਵਾਰਾਂ ਦੀ ਸਰਗਰਮ ਸ਼ਮੂਲੀਅਤ ਨਾਲ ਸੰਭਵ ਹੁੰਦੇ ਸਨ, ਜੋ ਕਿ ਖੇਤੀਬਾੜੀ ਪ੍ਰਤੀ ਭਾਈਚਾਰੇ ਦੀ ਵਚਨਬੱਧਤਾ ਦੀ ਮਿਸਾਲ ਸੀ।

ਭਾਈਚਾਰਕ ਸਾਂਝ ਅਧਾਰਿਤ ਇਹ ਸਿਸਟਮ ਡੂੰਘੇ ਤੌਰ 'ਤੇ ਇੱਕ ਦੂਜੇ ਨਾਲ ਜੁੜਿਆ ਹੋਇਆ ਸੀ, ਜਿਸ ਵਿੱਚ ਖੇਤੀਬਾੜੀ ਉਤਪਾਦਨ ਤੋਂ ਲੈ ਕੇ ਮੁੱਢਲੀ ਪ੍ਰੋਸੈਸਿੰਗ ਅਤੇ ਮੰਡੀਕਰਨ ਸ਼ਾਮਿਲ ਸਨ। ਸਥਾਨਕ ਪੱਧਰ 'ਤੇ ਵਪਾਰ ਲਈ ਵਸਤੂਆਂ ਦੇ ਸਿੱਧੇ ਅਦਾਨ-ਪ੍ਰਦਾਨ (ਵਟਾਂਦਰਾ ਸਿਸਟਮ) ਦੀ ਸੁਵਿਧਾ ਸੀ। ਅਨਾਜ, ਪਸ਼ੂਆਂ ਦੇ ਪੱਠੇ-ਚਾਰੇ, ਬੀਜ ਅਤੇ ਖੇਤੀ ਲਾਗਤ ਵਸਤਾਂ ਨੂੰ ਸੰਭਾਲਣ ਲਈ ਘਰ ਅਤੇ ਪਿੰਡ ਪੱਧਰ 'ਤੇ ਅਤੇ ਵਿਆਪਕ ਭਾਈਚਾਰਕ ਤੌਰ

'ਤੇ ਪ੍ਰਬੰਧ ਆਮ ਸਨ।

ਇਸ ਖੇਤੀਬਾੜੀ ਖੇਤਰ ਦੀ ਵਿਸ਼ੇਸ਼ਤਾ ਇਸ ਦੀ ਅਮੀਰ ਜੈਵ-ਵਿਭਿੰਨਤਾ ਸੀ ਜਿਸ ਵਿੱਚ ਵਿਭਿੰਨ ਕਿਸਮ ਦੇ ਭੋਜਨ ਪਦਾਰਥਾਂ ਅਤੇ ਫ਼ਸਲਾਂ ਦੀ ਪੈਦਾਵਾਰ ਕੀਤੀ ਜਾਂਦੀ ਸੀ। ਕਿਸਾਨਾਂ ਵੱਲੋਂ ਫ਼ਸਲੀ ਚੱਕਰ ਅਤੇ ਮਿਸ਼ਰਤ ਫ਼ਸਲੀ ਤਕਨੀਕਾਂ ਦੀ ਆਮ ਵਰਤੋਂ ਕੀਤੀ ਜਾਂਦੀ ਸੀ, ਜਿਸਦੇ ਸਿੱਟੇ ਵਜੋਂ, ਮਿੱਟੀ ਦੀ ਉਪਜਾਊ ਸ਼ਕਤੀ ਅਤੇ ਮਹੱਤਵਪੂਰਨ ਕੁਦਰਤੀ ਸਰੋਤ ਸੁਰੱਖਿਅਤ ਰਹਿੰਦੇ ਸਨ। ਕਿਸਾਨਾਂ ਵੱਲੋਂ ਸਿੰਚਾਈ ਲਈ ਮੁੱਖ ਤੌਰ 'ਤੇ ਧਰਤੀ ਉੱਪਰਲੇ ਪਾਣੀ ਜਿਵੇਂ ਨਹਿਰਾਂ, ਮੀਂਹ ਤੇ ਖੂਹਾਂ ਅਤੇ ਹੋਰ ਪਾਣੀ ਸੰਭਾਲ ਢੰਗ ਤਰੀਕਿਆਂ ਦੀ ਵਰਤੋਂ ਕੀਤੀ ਜਾਂਦੀ ਸੀ ਜੋ ਕਿ ਵਾਤਾਵਰਨ ਪੱਖੋਂ ਨਿਭਣਯੋਗ ਸੀ।

ਇਹਨਾਂ ਸਾਜ਼ਗਾਰ ਹਾਲਤਾਂ ਦੇ ਬਾਵਜੂਦ, ਖੇਤੀਬਾੜੀ ਖੇਤਰ ਨੂੰ ਮੌਸਮੀ ਆਫ਼ਤਾਂ, ਸ਼ੋਸ਼ਣ ਵਾਲਾ ਸ਼ਾਹੂਕਾਰਾ ਸਿਸਟਮ ਅਤੇ ਪੱਖਪਾਤੀ ਮੰਡੀ ਦੇ ਵਰਤਾਰਿਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਸੜਕਾਂ ਅਤੇ ਆਵਾਜਾਈ ਦੇ ਸਾਧਨਾਂ ਦੀ ਕਮੀ, ਰਸਮੀ ਕਰਜ਼ਾ ਪ੍ਰਣਾਲੀਆਂ ਤੱਕ ਸੀਮਤ ਪਹੁੰਚ ਅਤੇ ਮੰਡੀਕਰਨ ਦੇ ਮੌਕਿਆਂ ਦੀ ਘਾਟ ਆਦਿ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਹੋਰ ਵਧਾ ਦਿੱਤਾ। ਸਮੇਂ ਦੇ ਨਾਲ, ਫ਼ਸਲਾਂ ਦੇ ਮਾਰੇ ਜਾਣ ਦੇ ਨਾਲ-ਨਾਲ ਉੱਭਰਦੇ ਮੰਡੀ ਅਰਥਚਾਰੇ 'ਤੇ ਨਿਰਭਰਤਾ ਅਤੇ ਖੇਤੀ ਤੋਂ ਘੱਟਦੇ ਮੁਨਾਫ਼ੇ ਨਾਲ ਕਿਸਾਨ ਭਾਈਚਾਰੇ ਦੀਆਂ ਸਮਾਜਿਕ-ਆਰਥਿਕ ਸਥਿਤੀਆਂ ਵਿਗੜਦੀਆਂ ਚਲੀਆਂ ਗਈਆਂ।

## 1.3 ਹਰਾ ਇਨਕਲਾਬ ਦੌਰ

ਪੰਜਾਬ ਨੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇ ਸਾਲਾਂ ਵਿੱਚ ਕਿਸਾਨਾਂ ਦੀ ਜ਼ਮੀਨ ਦੀ ਮਾਲਕੀ ਦੀ ਚੱਕਬੰਦੀ /ਮੁਰੱਬੇਬੰਦੀ ਦਾ ਕੰਮ ਪੂਰਾ ਕੀਤਾ। ਵਿਭਿੰਨਤਾ ਵਾਲੀ ਖੇਤੀ ਦੀ ਕੁਦਰਤੀ ਪੇਂਡੂ ਆਰਥਿਕਤਾ ਨੇ, ਪੇਂਡੂ ਪਰਿਵਾਰਾਂ ਦੀਆਂ ਪੌਸ਼ਟਿਕ ਖੁਰਾਕ ਅਤੇ ਹੋਰ ਬੁਨਿਆਦੀ ਲੋੜਾਂ ਦੀ ਪੂਰਤੀ ਕਰਨ ਲਈ, ਖੇਤਾਂ 'ਚ ਹੀ ਪੈਦਾ ਕੀਤੀਆਂ ਲਾਗਤ ਵਸਤਾਂ ਦੀ ਵਰਤੋਂ ਕਰਦਿਆਂ ਗੁਣਵੱਤਾ ਵਾਲੇ ਭੋਜਨ ਲਈ ਕੀਮਤੀ ਅਹਾਰ ਵਾਲੀਆਂ ਫ਼ਸਲਾਂ ਪੈਦਾ ਕੀਤੀਆਂ। ਇਸ ਸੰਦਰਭ ਵਿੱਚ, ਹਰੇ ਇਨਕਲਾਬ ਦੀ ਰਣਨੀਤੀ ਨੇ ਦੇਸ਼ ਦੀਆਂ ਖ਼ੁਰਾਕ ਸੁਰੱਖਿਆ ਲੋੜਾਂ ਨੂੰ ਪੂਰਾ ਕਰਨ ਦੇ ਉਦੇਸ਼ ਨਾਲ ਪੰਜਾਬ ਵਿੱਚ ਉਤਪਾਦਕਤਾ ਅਤੇ ਖੇਤੀਬਾੜੀ ਉਤਪਾਦਨ ਨੂੰ ਵਧਾਉਣ ਲਈ ਉਪਰਾਲਿਆਂ ਦੀ ਇੱਕ ਲੜੀ ਸ਼ੁਰੂ ਕੀਤੀ। ਰਾਜ ਲਈ ਇਹ ਲਾਜ਼ਮੀ ਹੋ ਗਿਆ ਕਿ ਉਹ ਸੰਸਥਾਗਤ ਢਾਂਚਿਆਂ ਨੂੰ ਵਿਕਸਤ ਕਰਨ ਅਤੇ ਖੇਤੀ ਸੈਕਟਰ ਵਿੱਚ ਵੱਡੇ ਪੱਧਰ 'ਤੇ ਨਿਵੇਸ਼ ਕਰਨ ਲਈ ਨਵੇਂ ਨੀਤੀਗਤ ਉਪਰਾਲੇ ਤਿਆਰ ਕਰੇ। ਰਾਜ ਦੇ ਖ਼ਰਚਿਆਂ ਦੇ ਮੁੱਖ ਟੀਚਿਆਂ ਵਿੱਚ ਮੁੱਖ ਤੌਰ 'ਤੇ ਸਿੰਚਾਈ ਢਾਂਚਾ ਵਿਕਸਤ ਕਰਨਾ, ਲਿੰਕ ਸੜਕਾਂ ਦਾ ਨੈੱਟਵਰਕ, ਪੂਰੀਆਂ ਸਹੂਲਤਾਂ ਵਾਲੀਆਂ ਮੰਡੀਆਂ ਅਤੇ ਪੇਂਡੂ ਬਿਜਲੀਕਰਨ ਸ਼ਾਮਿਲ ਸੀ। ਇਸਦੇ ਨਾਲ ਹੀ ਸਹਿਕਾਰੀ ਕਰਜ਼ਾ ਢਾਂਚੇ ਦਾ ਵਿਸਤਾਰ ਅਤੇ ਖੇਤੀਬਾੜੀ ਖੋਜ ਅਤੇ ਪ੍ਰਸਾਰ ਸੇਵਾਵਾਂ ਲਈ ਫ਼ੰਡ ਵਿੱਚ ਵਾਧਾ ਕਰਨਾ ਵੀ ਸ਼ਾਮਿਲ ਸੀ।

ਖੇਤੀਬਾੜੀ ਖੋਜ ਵਿੱਚ ਪੁਲਾਂਘਾਂ ਪੁੱਟਣ ਦੇ ਨਾਲ, ਵੱਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਿਤ ਕੀਤੀਆਂ ਗਈਆਂ ਜ੍ਹਿਨਾਂ ਦਾ ਤਕਨੀਕਾਂ ਦੀ ਮਦਦ ਨਾਲ, ਖ਼ਾਸ ਕਰਕੇ ਕਣਕ ਅਤੇ ਝੋਨੇ ਦੀਆਂ ਫ਼ਸਲਾਂ ਦੇ ਮਾਮਲੇ ਵਿੱਚ, ਉਤਪਾਦਕਤਾ ਵਿੱਚ ਵਾਧਾ ਹੋਇਆ। ਉਦੋਂ ਤੋਂ, ਝੋਨੇ-ਕਣਕ ਦੇ ਫ਼ਸਲੀ ਚੱਕਰ ਨੇ ਪੰਜਾਬ ਦੀ ਖੇਤੀਬਾੜੀ 'ਤੇ ਆਪਣਾ ਦਬਦਬਾ ਕਾਇਮ ਕੀਤਾ ਹੋਇਆ ਹੈ ਅਤੇ ਰਾਜ ਨੇ ਭਾਰਤ ਦੇ ਉਤਪਾਦਨ ਹਿੱਸੇ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਕਣਕ ਅਤੇ ਝੋਨੇ ਹੇਠਲਾ ਰਕਬਾ ਸਾਲ 1966-67 ਵਿੱਚ ਕ੍ਰਮਵਾਰ 16.08 ਅਤੇ 2.85 ਲੱਖ ਹੈਕਟੇਅਰ ਤੋਂ ਵੱਧ ਕੇ ਸਾਲ 2022-23 ਵਿੱਚ ਕ੍ਰਮਵਾਰ 35.1 ਅਤੇ 31.6 ਲੱਖ ਹੈਕਟੇਅਰ ਹੋ ਗਿਆ। ਇਸੇ ਅਰਸੇ ਦੌਰਾਨ ਕਣਕ ਅਤੇ ਝੋਨੇ ਦਾ ਉਤਪਾਦਨ 24.5 ਅਤੇ 5.07 ਲੱਖ ਟਨ ਤੋਂ ਵੱਧ ਕੇ ਕ੍ਰਮਵਾਰ 165.6 ਅਤੇ 205.2 ਲੱਖ ਟਨ ਹੋ ਗਿਆ।

ਦੇਸ਼ ਦੀ ਅਨਾਜ ਪੱਖੋਂ ਸਵੈ-ਨਿਰਭਰਤਾ ਦੀ ਇਸ ਪ੍ਰਾਪਤੀ ਨੇ ਮੁਲਕ ਦੀ ਸਿਆਸੀ ਸਥਿਰਤਾ ਅਤੇ ਹੋਰ ਸਬੰਧਿਤ ਆਰਥਿਕ ਖੇਤਰਾਂ ਦੇ ਵਿਕਾਸ ਵਿੱਚ ਵਡਮੁੱਲਾ ਯੋਗਦਾਨ ਪਾਇਆ। ਰਾਜ ਦੇ ਖੇਤੀ ਵਿਕਾਸ ਨੂੰ ਆਧੁਨਿਕ ਖੇਤੀ ਖੋਜ ਅਤੇ ਪ੍ਰਸਾਰ ਪਹਿਲਕਦਮੀਆਂ ਤੋਂ ਹੋਰ ਹੁਲਾਰਾ ਮਿਲਿਆ। ਕਣਕ-ਝੋਨੇ ਦੇ ਫ਼ਸਲੀ ਚੱਕਰ ਦਾ ਸਮਰਥਨ ਕਰਨ ਵਾਲੀਆਂ ਨੀਤੀਆਂ ਦੇ ਸੁਮੇਲ ਨੇ ਖੇਤੀਬਾੜੀ ਵਿਕਾਸ ਦੇ ਇਹਨਾਂ ਸਾਰੇ ਪਹਿਲੂਆਂ ਨੂੰ ਇਕੱਠਾ ਕੀਤਾ, ਖ਼ਾਸ ਤੌਰ ’ਤੇ ਘੱਟੋ-ਘੱਟ ਸਮਰਥਨ ਮੁੱਲ ਅਤੇ ਸਰਕਾਰੀ ਏਜੰਸੀਆਂ ਦੁਆਰਾ ਗਾਰੰਟੀਸ਼ੁਦਾ ਖ਼ਰੀਦ। ਨਤੀਜੇ ਵਜੋਂ ਕਣਕ ਅਤੇ ਝੋਨੇ ਹੇਠ ਰਕਬੇ ਵਿੱਚ ਵਾਧਾ ਹੁੰਦਾ ਗਿਆ ਅਤੇ ਨਾਲ-ਨਾਲ ਮੱਕੀ, ਜਵਾਰ, ਬਾਜਰਾ, ਗੁਆਰਾ, ਦਾਲਾਂ, ਤੇਲ ਬੀਜਾਂ, ਦੇਸੀ ਕਪਾਹ, ਆਦਿ ਫ਼ਸਲਾਂ ਹੇਠ ਰਕਬਾ ਹੌਲੀ-ਹੌਲੀ ਪਰ ਲਗਾਤਾਰ ਘਟਦਾ ਗਿਆ।

ਪੰਜਾਬ ਦੇ ਕੇਂਦਰੀ ਪੂਲ ਵਿੱਚ ਅਨਾਜ ਦਾ ਯੋਗਦਾਨ ਸਾਲ 1980ਵਿਆਂ ਤੱਕ ਵਧਦਾ ਗਿਆ ਅਤੇ ਫਿਰ ਘੱਟ ਗਿਆ। ਕੇਂਦਰੀ ਪੂਲ ਵਿੱਚ ਪੰਜਾਬ ਦੇ ਚੌਲਾਂ ਦਾ ਯੋਗਦਾਨ ਸਾਲ 1967-68 ਵਿੱਚ 7.4 ਪ੍ਰਤੀਸ਼ਤ ਤੋਂ ਵੱਧ ਕੇ ਸਾਲ 1979-80 ਵਿੱਚ 59.7 ਪ੍ਰਤੀਸ਼ਤ ਹੋ ਗਿਆ ਜੋ ਕਿ ਬਾਅਦ ਵਿੱਚ ਸਾਲ 2021-22 ਵਿੱਚ ਘੱਟ ਕੇ 21.2 ਪ੍ਰਤੀਸ਼ਤ ਰਹਿ ਗਿਆ। ਇਸੇ ਤਰ੍ਹਾਂ, ਕੇਂਦਰੀ ਪੂਲ ਵਿੱਚ ਕਣਕ ਦਾ ਯੋਗਦਾਨ ਸਾਲ 1967-68 ਵਿੱਚ 59.1 ਪ੍ਰਤੀਸ਼ਤ ਤੋਂ ਵੱਧ ਕੇ ਸਾਲ 1979-80 ਵਿੱਚ 73 ਪ੍ਰਤੀਸ਼ਤ ਹੋ ਗਿਆ ਜੋ ਕਿ ਸਾਲ 2021-22 ਵਿੱਚ ਘੱਟ ਕੇ 51.3 ਪ੍ਰਤੀਸ਼ਤ ਰਹਿ ਗਿਆ। ਇਸ ਤੋਂ ਇਲਾਵਾ, ਟੇਬਲ 1.1 ਵਿੱਚ ਦਰਸਾਏ ਅਨੁਸਾਰ ਕੁੱਲ ਰਾਜ ਘਰੇਲੂ ਉਤਪਾਦ/ਕੁੱਲ ਰਾਜ ਮੁੱਲ ਜੋੜ ਵਿੱਚ ਖੇਤੀਬਾੜੀ ਸੈਕਟਰ ਦਾ ਹਿੱਸਾ ਘੱਟ ਰਿਹਾ ਹੈ।

**ਟੇਬਲ 1.1: ਪੰਜਾਬ ਵਿੱਚ ਮੌਜੂਦਾ ਕੀਮਤਾਂ ’ਤੇ ਖੇਤੀਬਾੜੀ ਤੋਂ ਕੁੱਲ ਰਾਜ ਘਰੇਲੂ ਉਤਪਾਦ (Gross State Domestic Produce- GSDP)/ ਕੁੱਲ ਰਾਜ ਮੁੱਲ ਜੋੜ (Gross State Value Added- GSVA)**

(ਕਰੋੜ ਰੁਪਏ)

| ਸਾਲ | ਫ਼ਸਲਾਂ | ਪਸ਼ੂਧਨ | ਫ਼ਸਲਾਂ ਅਤੇ ਪਸ਼ੂਧਨ | ਰਾਜ ਕੁੱਲ |
|---|---|---|---|---|
| 1960-61 | 219 (44.6) | 43 (8.8) | 262 (53.4) | 491 |
| 1970-71 | 715 (43.5) | 275 (16.7) | 990 (60.2) | 1644 |
| 1980-81 | 1696 (33.8) | 725 (14.4) | 2421 (48.2) | 5025 |
| 1990-91 | 6116 (32.4) | 2115 (11.2) | 8231 (43.6) | 18883 |
| 2000-01 | 18571 (24.9) | 7698 (10.3) | 26269 (35.2) | 74710 |
| 2010-11 | 44573 (19.7) | 18715 (8.3) | 63288 (28.0) | 226204 |
| 2015-16 | 59364 (16.8) | 32112 (9.1) | 91476 (25.9) | 353155 |
| 2020-21 | 82770 (16.9) | 55603 (11.4) | 138373 (28.3) | 489348 |

ਸਰੋਤ: ਪੰਜਾਬ ਦਾ ਅੰਕੜਾ ਸਾਰ ਅਤੇ www.indiastat.com

ਨੋਟ: 2015-16 ਅਤੇ 2020-21 ਦੇ ਅੰਕੜੇ ਕੁੱਲ ਰਾਜ ਮੁੱਲ ਜੋੜ (GSVA) ਵਿੱਚ ਹਨ।

ਬਰੈਕਟਾਂ ਵਿੱਚ ਅੰਕੜੇ ਕੁੱਲ ਰਾਜ ਘਰੇਲੂ ਉਤਪਾਦ (GSDP)/ਕੁੱਲ ਰਾਜ ਮੁੱਲ ਜੋੜ (GSVA) ਦੀ ਪ੍ਰਤੀਸ਼ਤਤਾ ਹਨ।

ਹਰੀ ਕ੍ਰਾਂਤੀ ਦੇ ਸ਼ੁਰੂਆਤੀ ਪੜ੍ਹਾਅ ਦੌਰਾਨ, ਮਸ਼ੀਨੀਕਰਨ ਨੇ ਫ਼ਸਲਾਂ ਦੀ ਘਣਤਾ ਵਿੱਚ ਵਾਧਾ ਕੀਤਾ ਜਿਸ ਨਾਲ ਖੇਤੀ ਸੈਕਟਰ ਵਿੱਚ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਹੋਏ। ਹਾਲਾਂਕਿ, ਕੁਝ ਸਮੇਂ ਬਾਅਦ ਇਸ ਨੇ ਮੁਨਾਫ਼ੇ ਵਿੱਚ ਕਮੀ ਦੇ ਕਾਰਨ ਮਨੁੱਖੀ ਕਿਰਤ ਰੁਜ਼ਗਾਰ ਘਟਾ ਦਿੱਤਾ ਅਤੇ ਖੇਤੀ ਸੰਦਾਂ ਦੀ ਲਾਗਤ ਵੱਧਣ ਅਤੇ ਮਸ਼ੀਨਰੀ ਦੀ ਅਧੂਰੀ ਵਰਤੋਂ ਕਾਰਨ ਖੇਤੀ ਦੀ ਲਾਗਤ ਵਿੱਚ ਵਾਧਾ ਹੋਇਆ, ਨਤੀਜੇ ਵਜੋਂ ਖੇਤੀ ਆਮਦਨ ਵਿੱਚ ਹੋਰ ਗਿਰਾਵਟ ਆਈ।

**ਟੇਬਲ 1.2: ਪੰਜਾਬ ਦੇ ਕਿਸਾਨਾਂ ਦੇ ਕਰਜ਼ੇ ਦੀ ਸਥਿਤੀ**

| ਸਾਲ | ਸੰਸਥਾਗਤ ਕਰਜ਼ਾ (ਰੁ./ਕਰੋੜ) | ਗੈਰ-ਸੰਸਥਾਗਤ ਕਰਜ਼ਾ (ਰੁ./ਕਰੋੜ) | ਕੁੱਲ ਕਰਜ਼ਾ (ਰੁ./ਕਰੋੜ) | ਖੇਤੀਬਾੜੀ ਅਤੇ ਸਹਾਇਕ ਸੈਕਟਰ ਦੇ ਕੁੱਲ ਰਾਜ ਘਰੇਲੂ ਉਤਪਾਦ (GSDP) ਦੇ ਪ੍ਰਤੀਸ਼ਤ ਵਜੋਂ ਕੁੱਲ ਕਰਜ਼ਾ | ਸਰੋਤ |
|---|---|---|---|---|---|
| 1997 | 2654 | 3047 | 5701 | 26 | Shergill, H.S. (1998) |
| 2002-03 | 4139 | 5747 | 9886 | 36.5 | Singh, Sukhpal and M.S. Toor (2005) |
| 2005-06 | 13047 | 8017 | 21064 | 62 | Singh, Sukhpal, et al. (2008) |
| 2007-08 | 15407 | 14987 | 30394 | 67.5 | Shergill, H.S. (2010) |
| 2009-10 | 19995 | 12555 | 32250 | 52 | Singh, Sukhpal, T.K. Dhaliwal (2011) |
| 2022-23 | 73673 | - | - | - | NABARD (2023) |

**ਟੇਬਲ 1.3: ਪੰਜਾਬ ਦੇ ਛੇ ਜ਼ਿਲ੍ਹਿਆਂ ਵਿੱਚ ਕਿਸਾਨ ਅਤੇ ਖੇਤ ਮਜ਼ਦੂਰ ਖੁਦਕੁਸ਼ੀਆਂ ਦੀ ਸਾਲ-ਵਾਰ ਵੰਡ**

| ਸਾਲ | ਕਿਸਾਨ ਖੁਦਕੁਸ਼ੀਆਂ (ਗਿਣਤੀ) | ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ (ਗਿਣਤੀ) | ਕੁੱਲ |
|---|---|---|---|
| 2000 | 543 (61.22) | 344 (38.78) | 887 (100) |
| 2001 | 522 (63.43) | 301 (36.57) | 823 (100) |
| 2002 | 511 (61.27) | 323 (38.73) | 834 (100) |
| 2003 | 528 (60.07) | 351 (39.93) | 879 (100) |
| 2004 | 511(61.02) | 324 (38.80) | 835 (100) |
| 2005 | 481 (60.81) | 310 (39.19) | 791 (100) |
| 2006 | 445 (51.62) | 417 (48.38) | 862 (100) |
| 2007 | 567 (59.43) | 387 (40.57) | 954 (100) |
| 2008 | 630 (55.70) | 501 (44.30) | 1131 (100) |
| 2009 | 496 (51.51) | 467 (48.49) | 963 (100) |
| 2010 | 550 (53.04) | 487 (46.96) | 1037 (100) |
| 2011 | 530 (52.89) | 472 (47.11) | 1002 (100) |
| 2012 | 483 (53.08) | 427 (46.92) | 910 (100) |
| 2013 | 494 (52.11) | 454 (47.89) | 948 (100) |
| 2014 | 474 (53.38) | 414 (46.62) | 888 (100) |
| 2015 | 537 (57.37) | 399 (42.63) | 936 (100) |
| 2016 | 288 (55.60) | 230 (44.40) | 518 (100) |
| 2017 | 308 (50.14) | 303 (49.59) | 611 (100) |
| 2018 | 395 (50.19) | 392 (49.81) | 787 (100) |
| Total | 9291 (55.99) | 7303 (44.01) | 16594 (100) |

Source: Singh, Sukhpal et al. (2020)

ਬਰੈਕਟ ਵਿੱਚ ਅੰਕੜੇ ਪ੍ਰਤੀਸ਼ਤ ਹਨ

ਸਮੁੱਚੇ ਪੰਜਾਬ ਦੀ ਖੇਤੀ, ਖ਼ਾਸ ਤੌਰ 'ਤੇ ਛੋਟੀ ਕਿਸਾਨੀ ਲਈ, ਪਿਛਲੇ ਸਾਲਾਂ ਦੌਰਾਨ ਖੇਤੀ ਲਾਗਤਾਂ ਵਧਣ ਕਰਕੇ ਅਤੇ ਫ਼ਸਲਾਂ ਦੇ ਗੈਰ-ਲਾਹੇਵੰਦ ਮੁੱਲ ਕਾਰਨ ਇੱਕ ਘਾਟੇ ਦਾ ਕਿੱਤਾ ਬਣ ਗਈ ਹੈ। ਆਮਦਨ ਦੇ ਬਦਲਵੇਂ ਸਰੋਤਾਂ ਦੀ ਅਣਹੋਂਦ ਵਿੱਚ ਬੁਨਿਆਦੀ ਲੋੜਾਂ ਜਿਵੇਂ ਕਿ ਸਿਹਤ ਸੰਭਾਲ, ਸਿੱਖਿਆ, ਬਿਜਲੀ ਅਤੇ ਰਸੋਈ ਗੈਸ ਦੇ ਉੱਚੇ ਖ਼ਰਚੇ ਪੇਂਡੂ ਪਰਿਵਾਰਾਂ ਦੀ ਵਿੱਤੀ ਹਾਲਤ 'ਤੇ ਦਬਾਅ ਪਾਉਂਦੇ ਹਨ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਆਪਣਾ ਗੁਜ਼ਾਰਾ ਕਰਨ ਲਈ ਸੰਸਥਾਗਤ ਅਤੇ ਗੈਰ-ਸੰਸਥਾਗਤ ਸਰੋਤਾਂ ਤੋਂ ਲਏ ਗਏ ਕਰਜ਼ਿਆਂ 'ਤੇ ਨਿਰਭਰ ਹੋਣਾ ਪੈਂਦਾ ਹੈ। ਨਤੀਜੇ ਵਜੋਂ, ਕਿਸਾਨ ਬਹੁਤ ਉੱਚੀਆਂ ਵਿਆਜ ਦਰਾਂ 'ਤੇ ਸ਼ੋਸ਼ਣ ਕਰਨ ਵਾਲੇ ਗੈਰ-ਰਸਮੀ ਕਰਜ਼ੇ ਨੂੰ ਸਵੀਕਾਰ ਕਰਨ ਲਈ ਮਜਬੂਰ ਹੋ ਜਾਂਦੇ ਹਨ। ਆਪਣੀ ਵਿੱਤੀ ਸਥਿਤੀ ਵਿੱਚ ਸੁਧਾਰ ਹੋਣ ਦੀ ਉਮੀਦ ਵਿੱਚ ਅਤੇ ਪੁਰਾਣੇ ਕਰਜ਼ਿਆਂ ਦੀ ਅਦਾਇਗੀ ਲਈ ਖੇਤੀ ਕਰਦੇ ਰਹਿਣ ਲਈ ਮਹਿੰਗੇ ਕਰਜ਼ੇ ਲੈਣ ਦਾ ਇਹ ਕੁਚੱਕਰ, ਉਨ੍ਹਾਂ ਨੂੰ ਕਰਜ਼ੇ ਦੇ ਜਾਲ ਵਿੱਚ ਫਸਾ ਦਿੰਦਾ ਹੈ। ਇਸ ਤੋਂ ਇਲਾਵਾ, ਔਰਤਾਂ ਅਕਸਰ ਨਿੱਜੀ ਰਿਣਦਾਤਿਆਂ, ਖ਼ਾਸ ਕਰਕੇ ਮਾਈਕ੍ਰੋਫਾਈਨਾਂਸ ਕੰਪਨੀਆਂ ਦੀਆਂ ਸ਼ੋਸ਼ਣ ਵਾਲੀਆਂ ਵਿਆਜ ਦਰਾਂ ਦਾ ਸ਼ਿਕਾਰ ਹੁੰਦੀਆਂ ਹਨ। ਟੇਬਲ 1.2 ਵਿੱਚ ਦਰਸਾਏ ਅਨੁਸਾਰ ਕਰਜ਼ਾ ਘਾਤਕ ਦਰ 'ਤੇ ਵੱਧ ਰਿਹਾ ਹੈ। ਸੰਕਟ ਦੀ ਇਸ ਸਥਿਤੀ ਵਿੱਚ ਪਿਛਲੇ ਦੋ ਦਹਾਕਿਆਂ ਤੋਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵੱਲੋਂ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ ਦੀ ਗਿਣਤੀ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ (ਟੇਬਲ 1.3) । ਕਿਸਾਨ ਅਤੇ ਖੇਤ ਮਜ਼ਦੂਰ ਤਕਰੀਬਨ ਦੋਵੇਂ ਹੀ ਅਨੁਪਾਤਕ ਦਰ ਨਾਲ ਖੁਦਕੁਸ਼ੀਆਂ ਦੇ ਸ਼ਿਕਾਰ ਹੋਏ ਹਨ, ਜੋ ਕਿ ਖੇਤੀਬਾੜੀ ਭਾਈਚਾਰੇ ਨੂੰ ਦਰਪੇਸ਼ ਸੰਕਟ ਦੀ ਗੰਭੀਰਤਾ ਨੂੰ ਉਜਾਗਰ ਕਰਦਾ ਹੈ। ਇਸ ਤੋਂ ਇਲਾਵਾ ਖੇਤ ਮਜ਼ਦੂਰਾਂ ਵਿੱਚ ਔਰਤਾਂ ਦੀ ਖ਼ੁਦਕੁਸ਼ੀ ਦਾ ਅਨੁਪਾਤ ਕਿਸਾਨ ਔਰਤਾਂ ਦੀ ਖ਼ੁਦਕੁਸ਼ੀ ਦੇ ਅਨੁਪਾਤ ਨਾਲੋਂ ਵੱਧ ਹੈ।

## 1.4 ਖੇਤੀਬਾੜੀ ਨੀਤੀ ਦਾ ਦਾਇਰਾ

"ਖੇਤੀਬਾੜੀ ਨੂੰ ਮਨੁੱਖਾਂ ਦੁਆਰਾ ਉਹਨਾਂ ਦੀਆਂ ਲੋੜਾਂ ਲਈ ਪੌਦ-ਫ਼ਸਲਾਂ, ਪਸ਼ੂ ਅਤੇ ਹੋਰ ਜੀਵ-ਜੀਵਨ ਦਾ ਪਾਲਣ ਪੋਸ਼ਣ ਕਰਨ ਦੀ ਕਲਾ ਅਤੇ ਵਿਗਿਆਨ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ।"

ਖੇਤੀ ਨੀਤੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਹੋਰ ਹਿੱਸੇਦਾਰਾਂ ਲਈ ਤਿਆਰ ਕੀਤੀ ਗਈ ਹੈ। ਮੋਟੇ ਤੌਰ 'ਤੇ, ਇਹ ਨੀਤੀ ਕਿਸੇ ਵੀ ਵਿਅਕਤੀ, ਜੋ ਪ੍ਰਮੁੱਖ ਖੇਤੀਬਾੜੀ ਵਸਤੂਆਂ ਦੀ ਪੈਦਾਵਾਰ ਦੀ ਗਤੀਵਿਧੀ, ਜਿਵੇਂ ਕਿ ਫ਼ਸਲਾਂ ਪੈਦਾ ਕਰਨਾ, ਮੁਰਗੀ ਪਾਲਣ, ਪਸ਼ੂ ਪਾਲਣ, ਮੱਛੀ ਪਾਲਣ, ਮਧੂ-ਮੱਖੀ ਪਾਲਣ, ਖੁੰਬਾਂ ਦੀ ਖੇਤੀ ਅਤੇ ਜੰਗਲਾਤ-ਖੇਤੀ ਵਿੱਚ ਸਰਗਰਮੀ ਨਾਲ ਰੁੱਝੇ ਹੋਏ ਹਨ, ਜਿਸ ਵਿੱਚ ਸਾਰੇ ਕਿਸਾਨ, ਖੇਤ ਮਜ਼ਦੂਰ, ਸੀਰੀ/ਸਾਂਝੀ ਅਤੇ ਕਾਸ਼ਤਕਾਰ ਤੇ ਵੱਖ-ਵੱਖ ਖੇਤੀ-ਸਬੰਧਿਤ ਕਿੱਤਿਆਂ ਵਿੱਚ ਲੱਗੇ ਹੋਏ ਕਾਮੇ ਹਨ, ਦੀ ਉਪਜੀਵਕਾ ਅਤੇ ਸਮਾਜਿਕ-ਆਰਥਿਕ ਤੰਦਰੁਸਤੀ ਲਈ ਬਣਾਈ ਗਈ ਹੈ। ਦਸਤਕਾਰ, ਲੁਹਾਰ, ਤਰਖਾਣ ਅਤੇ ਹੋਰ ਬਹੁਤ ਸਾਰੇ ਹੁਨਰਮੰਦ ਪੇਸ਼ਿਆਂ ਦੁਆਰਾ ਕੀਤੀਆਂ ਜਾਂਦੀਆਂ ਗਤੀਵਿਧੀਆਂ ਵੀ ਇਸ ਖੇਤੀ ਨੀਤੀ ਦੇ ਦਾਇਰੇ ਵਿੱਚ ਸ਼ਾਮਿਲ ਹਨ।

## 1.5 ਖੇਤੀਬਾੜੀ ਨੀਤੀ ਦੇ ਉਦੇਸ਼

ਭਾਰਤ ਦੀਆਂ ਖੁਰਾਕ ਸੁਰੱਖਿਆ ਲੋੜਾਂ ਨੂੰ ਪੂਰਾ ਕਰਨ ਲਈ ਅਪਣਾਇਆ ਜਾ ਰਿਹਾ ਹਰੇ ਇਨਕਲਾਬ ਯੁਗ ਦਾ ਘਣੀ ਖੇਤੀ ਮਾਡਲ ਲੰਬੇ ਸਮੇਂ ਤੋਂ ਆਪਣੇ ਜਮਾਂਦਰੂ/ਅੰਦਰੂਨੀ ਅਸਰਾਂ ਦਾ ਇਜ਼ਹਾਰ ਕਰਦਿਆਂ ਪੰਜਾਬ ਦੇ ਸਮਾਜਿਕ-ਆਰਥਿਕ ਤਾਣੇ-ਬਾਣੇ ਦੇ ਨਾਲ-ਨਾਲ ਵਾਤਾਵਰਨ ਅਤੇ ਮਨੁੱਖੀ ਸਿਹਤ ਨੂੰ ਮਾੜੇ ਰੁਖ ਪ੍ਰਭਾਵਿਤ ਕਰਦਾ ਆ ਰਿਹਾ ਹੈ। ਇਸ ਨੇ, ਸਭ ਦੇ ਭਲੇ ਲਈ ਤਬਦੀਲੀ ਲਿਆਉਣ ਵਾਲੇ ਸਰੋਕਾਰਾਂ ਅਤੇ ਚੁਣੌਤੀਆਂ ਨੂੰ ਸੰਬੋਧਿਤ ਹੋਣ ਵਾਲੀ ਨੀਤੀ ਦਾ ਤੁਰੰਤ ਦਖ਼ਲ ਇੱਕ ਅਣਸਰਦੀ ਲੋੜ ਬਣਾ ਦਿੱਤਾ ਹੈ।

ਇਸ ਪਿਛੋਕੜ ਨੂੰ ਧਿਆਨ ਵਿੱਚ ਰੱਖਦੇ ਹੋਏ ਨੀਤੀ ਦੀ ਹੇਠ ਲਿਖੇ ਮੁੱਖ ਉਦੇਸ਼ਾਂ 'ਤੇ ਧਿਆਨ ਕੇਂਦਰਿਤ ਕਰਦਿਆਂ ਰਚਨਾ ਕੀਤੀ ਗਈ ਹੈ:

i. ਵਿਸ਼ਵ ਪੱਧਰ 'ਤੇ ਮੁਕਾਬਲੇ ਵਾਲੀ ਖੇਤੀ ਲਈ ਸਹਿਕਾਰੀ ਢੰਗ ਨਾਲ ਸਿਹਤਮੰਦ ਖੇਤੀ ਉਤਪਾਦਨ, ਕਦਰ ਵਧਾਈ (Value Addition) ਅਤੇ ਮੰਡੀਕਰਨ ਪ੍ਰਣਾਲੀਆਂ ਨੂੰ ਉਤਸ਼ਾਹਿਤ ਕਰਨਾ।

ii. ਖੇਤੀ ਦੇ ਮੁਨਾਫ਼ੇ ਨੂੰ ਵਧਾਉਣਾ ਅਤੇ ਪੇਂਡੂ ਲੋਕਾਂ ਦੀ ਕਮਾਈ ਵਿੱਚ ਵਾਧਾ ਕਰਨਾ।

iii. ਪੇਂਡੂ ਲੋਕਾਂ ਲਈ ਖੇਤੀ ਸੈਕਟਰ ਅਤੇ ਪੇਂਡੂ ਖੇਤਰਾਂ ਵਿੱਚ ਆਕਰਸ਼ਕ ਅਤੇ ਉਪਜਾਊ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ।

iv. ਖੇਤੀ-ਵਾਤਾਵਰਨ ਦੀ ਉਤਪਾਦਕ ਸਮਰੱਥਾ ਨੂੰ ਸੁਰੱਖਿਅਤ ਅਤੇ ਵਿਕਸਿਤ ਕਰਨ ਲਈ ਕੁਦਰਤੀ ਸਰੋਤਾਂ ਦੀ ਸੰਭਾਲ ਕਰਨਾ ਅਤੇ ਜੈਵਿਕ ਵਿਭਿੰਨਤਾ ਨੂੰ ਉਤਸ਼ਾਹਿਤ ਕਰਨਾ।

v. ਖੇਤੀ ਦੇ ਚੌਤਰਫ਼ੇ ਵਿਕਾਸ ਅਤੇ ਹਿੱਸੇਦਾਰਾਂ ਵੱਲੋਂ ਸਿਰਜੀ ਕਦਰ ਦੇ ਉਚਿੱਤ ਮਿਹਨਤਾਨੇ ਨੂੰ ਯਕੀਨੀ ਬਣਾਉਂਦਿਆਂ ਉਨ੍ਹਾਂ ਦੇ ਖੁਸ਼ੀ-ਸੂਚਕਅਾਂਕ ਨੂੰ ਵਧਾਉਣਾ।

## 1.6 ਕਾਰਜਪ੍ਰਣਾਲੀ (Methodology)

ਪੰਜਾਬ ਰਾਜ ਖੇਤੀ ਨੀਤੀ ਦਾ ਨਿਰਮਾਣ ਕਰਨ ਲਈ ਇੱਕ ਸੁਚੱਜੀ ਅਤੇ ਵਿਆਪਕ ਕਾਰਜਪ੍ਰਣਾਲੀ ਵਰਤੀ ਗਈ ਹੈ ਤਾਂ ਕਿ ਇਸਦੀ ਸਮੁੱਚਤਾ ਅਤੇ ਵੱਖ-ਵੱਖ ਲਾਭਪਾਤਰੀਆਂ (Stakeholders) ਦੇ ਕੀਮਤੀ ਸੁਝਾਵਾਂ ਅਤੇ ਦ੍ਰਿਸ਼ਟੀਕੋਣਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾ ਸਕੇ। ਇੱਕ ਸੁਚੱਜੀ ਪਹੁੰਚ ਲਈ, ਪੰਜਾਬ ਸਰਕਾਰ ਵੱਲੋਂ ਖੇਤੀ ਨੀਤੀ ਬਣਾਉਣ ਲਈ ਵਿਸ਼ੇਸ਼ ਤੌਰ 'ਤੇ 11 ਮੈਂਬਰਾਂ ਦੀ ਇੱਕ ਕਮੇਟੀ ਕਾਇਮ ਕੀਤੀ ਗਈ (ਇਸ ਕਮੇਟੀ ਦੀ ਕਨਵੀਨਰ ਵਜੋਂ ਅਗਵਾਈ ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਦੇ ਚੇਅਰਮੈਨ ਨੂੰ ਦਿੱਤੀ ਗਈ)। ਇਸ ਕਮੇਟੀ ਵਿੱਚ ਉੱਘੇ ਖੇਤੀ ਮਾਹਿਰ, ਨੀਤੀ ਨਿਰਮਾਤਾ, ਅਰਥ-ਸ਼ਾਸਤਰੀ, ਅਗਾਂਹਵਧੂ ਕਿਸਾਨਾਂ ਦੇ ਨੁਮਾਇੰਦੇ, ਖੋਜ ਸੰਸਥਾਵਾਂ ਅਤੇ ਖੇਤੀਬਾੜੀ ਵਿਭਾਗਾਂ ਦੇ ਨੁਮਾਇੰਦੇ ਅਤੇ ਹੋਰ ਸਬੰਧਿਤ ਵਿਅਕਤੀ ਸ਼ਾਮਿਲ ਸਨ। ਕਮੇਟੀ ਦੇ ਸਭਨਾਂ ਮੈਂਬਰਾਂ ਵੱਲੋਂ ਸਰਗਰਮੀ ਨਾਲ ਵਿਚਾਰ-ਵਟਾਂਦਰੇ ਅਤੇ ਚਰਚਾਵਾਂ ਉਪਰੰਤ ਮਿਲ ਕੇ ਫ਼ੈਸਲੇ ਲਏ ਗਏ ਤਾਂ ਕਿ ਨੀਤੀ ਬਣਾਉਣ ਦੀ ਪ੍ਰਕਿਰਿਆ ਨੂੰ ਸਮੁੱਚਤਾ 'ਚ ਅੰਗਣ ਅਤੇ ਵਿਭਿੰਨ ਦ੍ਰਿਸ਼ਟੀਕੋਣਾਂ ਦੀ ਪ੍ਰਤੀਨਿਧਤਾ ਰਾਹੀਂ ਯਕੀਨੀ ਬਣਾਇਆ ਜਾ ਸਕੇ। ਅਪਣਾਈ ਗਈ ਕਾਰਜਪ੍ਰਣਾਲੀ ਦੀ ਇੱਕ ਸੰਖੇਪ ਰੂਪ-ਰੇਖਾ, ਜਿਸ ਵਿੱਚ ਸੰਬੰਧਿਤ ਵਰਗਾਂ ਦੀ ਭਾਗੀਦਾਰੀ, ਮੌਜੂਦਾ ਨੀਤੀਆਂ ਅਤੇ ਸਾਹਿਤ ਦੀ ਸਮੀਖਿਆ, ਖੇਤੀਬਾੜੀ ਅਤੇ ਸਹਾਇਕ ਗਤੀਵਿਧੀਆਂ ਨਾਲ ਸਬੰਧਿਤ ਵੱਖ-ਵੱਖ ਵਿਭਾਗਾਂ ਨਾਲ ਵਿਚਾਰ-ਵਟਾਂਦਰੇ ਅਤੇ ਰਾਜ ਦੇ ਅੰਦਰ ਅਗਾਂਹਵਧੂ ਕਿਸਾਨਾਂ ਦੇ ਖੇਤਾਂ ਦੇ ਦੌਰੇ ਵਰਗੇ ਅਹਿਮ ਕਦਮ ਸ਼ਾਮਿਲ ਹਨ, ਜੋ ਕਿ ਨੀਤੀ ਦੇ ਢਾਂਚੇ ਅਤੇ ਅਧਾਰ ਦੇ ਵਿਸਥਾਰਿਤ ਯਤਨਾਂ ਵੱਲ ਸੰਕੇਤ ਕਰਦੇ ਹਨ।

ਇਸ ਕਮੇਟੀ ਦੀ ਰਚਨਾ ਇੱਕ ਅਜਿਹਾ ਨੀਤੀਗਤ ਢਾਂਚਾ ਬਣਾਉਣ ਲਈ ਤਿਆਰ ਕੀਤੀ ਗਈ ਜੋ ਪੰਜਾਬ ਵਿੱਚ ਖੇਤੀਬਾੜੀ ਖੇਤਰ ਦੀਆਂ ਲੋੜਾਂ ਅਤੇ ਇੱਛਾਵਾਂ ਦੀ ਤਰਜ਼ਮਾਨੀ ਸਹੀ ਰੂਪ ਵਿੱਚ ਪੇਸ਼ ਕਰੇ। ਖੇਤੀ ਨੀਤੀ ਤਿਆਰ ਕਰਨ ਦੀ ਪ੍ਰਕਿਰਿਆ ਲਈ ਇੱਕ ਸਹਿਯੋਗੀ ਅਤੇ ਭਾਗੀਦਾਰੀ ਪਹੁੰਚ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਜਿਸ ਵਿੱਚ ਕਿਸਾਨਾਂ, ਖੋਜ ਵਿਗਿਆਨੀਆਂ, ਖੇਤੀ ਮਾਹਿਰਾਂ, ਨੀਤੀ ਨਿਰਮਾਤਾਵਾਂ, ਕਿਸਾਨ

ਜਥੇਬੰਦੀਆਂ, ਖੇਤ ਮਜ਼ਦੂਰ ਜਥੇਬੰਦੀਆਂ ਅਤੇ ਉਤਪਾਦਕ ਸੰਗਠਨਾਂ ਦੇ ਨੁਮਾਇੰਦਿਆਂ ਸਮੇਤ ਹੋਰਨਾਂ ਵਰਗਾਂ ਦੀ ਨੁਮਾਇੰਦਗੀ ਕਰਨ ਵਾਲੇ ਵਿਅਕਤੀਆਂ/ਗਰੁੱਪਾਂ ਨੂੰ ਸਰਗਰਮੀ ਨਾਲ ਸ਼ਾਮਿਲ ਕੀਤਾ ਗਿਆ। ਕਮੇਟੀ ਨੇ ਖੇਤੀਬਾੜੀ ਵਿਕਾਸ ਬਾਰੇ ਮੌਜੂਦਾ ਨੀਤੀਆਂ ਅਤੇ ਸੰਬੰਧਿਤ ਸਾਹਿਤ ਦੀ ਚੰਗੀ ਤਰ੍ਹਾਂ ਜਾਂਚ-ਪੜਤਾਲ ਅਤੇ ਵਿਸ਼ਲੇਸ਼ਣ ਕੀਤਾ ਹੈ। ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ (PSFC) ਦੁਆਰਾ ਪੰਜਾਬ ਦੀਆਂ ਖੇਤੀਬਾੜੀ ਨੀਤੀਆਂ ਬਣਾਉਣ ਦੀਆਂ ਪਿਛਲੀਆਂ ਕੋਸ਼ਿਸ਼ਾਂ ਨੂੰ ਵੀ ਧਿਆਨ ਵਿੱਚ ਰੱਖਿਆ ਗਿਆ ਹੈ। ਪੰਜਾਬ ਦੀ ਖੇਤੀਬਾੜੀ ਨੀਤੀ, (PFSC, 2013), ਪੰਜਾਬ ਰਾਜ ਕਿਸਾਨ ਨੀਤੀ (PFSC, 2018) ਅਤੇ 'ਪੰਜਾਬ ਦੀ ਖੇਤੀ ਨੂੰ ਸਿਹਤਮੰਦ, ਮੁਨਾਫ਼ੇਯੋਗ ਅਤੇ ਕੌਮਾਂਤਰੀ ਪੱਧਰ 'ਤੇ ਮੁਕਾਬਲੇਯੋਗ ਬਣਾਉਣ ਸੰਬੰਧੀ', ਖੇਤੀ ਟੈਕਨੋਕ੍ਰੇਟਸ ਐਕਸ਼ਨ ਕਮੇਟੀ, ਪੰਜਾਬ (2005) ਦੇ ਖਰੜਿਆਂ ਦਾ ਅਧਿਐਨ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਕਮੇਟੀ ਦੁਆਰਾ ਉੜੀਸਾ, ਰਾਜਸਥਾਨ, ਹਰਿਆਣਾ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਅਤੇ ਮਹਾਰਾਸ਼ਟਰ ਦੀਆਂ ਖੇਤੀਬਾੜੀ ਨੀਤੀਆਂ ਦੀਆ ਰਿਪੋਰਟਾਂ ਸਮੇਤ ਦੇਸ਼ ਦੇ ਹੋਰ ਰਾਜਾਂ ਦੇ ਖੇਤੀਬਾੜੀ ਨੀਤੀ ਦੇ ਖਰੜਿਆਂ ਦਾ ਅਧਿਐਨ ਵੀ ਕੀਤਾ ਗਿਆ ਹੈ। ਨੈਸ਼ਨਲ ਪਾਲਿਸੀ ਫ਼ਾਰ ਫਾਰਮਰਜ਼ (2007) ਅਤੇ ਨੈਸ਼ਨਲ ਜੀਓ-ਸਪੈਸ਼ੀਅਲ ਪਾਲਿਸੀ ਆਫ਼ ਇੰਡੀਆ (2023) ਸਮੇਤ ਰਾਸ਼ਟਰੀ ਨੀਤੀਆਂ ਨੂੰ ਵੀ ਧਿਆਨ ਵਿੱਚ ਰੱਖਿਆ ਗਿਆ। ਇਸ ਤੋਂ ਇਲਾਵਾ, ਕਮੇਟੀ ਦੁਆਰਾ ਰਾਜ ਦੇ ਖੇਤੀਬਾੜੀ ਦੇ ਉਤਪਾਦਨ ਦੇ ਵਾਧੇ ਦੇ ਆਖ਼ਰੀ ਪੜ੍ਹਾਅ ਦੌਰਾਨ ਸਬੰਧਿਤ ਬਹੁਤ ਸਾਰੇ ਅਧਿਐਨ ਕੀਤੇ ਗਏ ਜਿਵੇਂ ਕਿ ਪੰਜਾਬ ਸਰਕਾਰ ਦੀਆਂ ਵੱਖ-ਵੱਖ ਖੇਤੀ ਵਿਭਿੰਨਤਾ ਰਿਪੋਰਟਾਂ (1986 ਅਤੇ 2002 ਦੀਆਂ ਜੌਹਲ ਕਮੇਟੀ ਦੀਆਂ ਰਿਪੋਰਟਾਂ)। ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਸਮਕਾਲੀ ਦਸਤਾਵੇਜ਼ ਜਿਵੇਂ ਕਿ ਪੰਜਾਬ ਵਿਜ਼ਨ ਡਾਕੂਮੈਂਟ-2047 ਨੂੰ ਵੀ ਵਿਚਾਰਿਆ ਗਿਆ। ਇਸ ਸਾਹਿਤ ਸਮੀਖਿਆ ਨੇ ਮੌਜੂਦਾ ਖੇਤੀਬਾੜੀ ਦੀਆਂ ਦਰਪੇਸ਼ ਚੁਣੌਤੀਆਂ ਅਤੇ ਇਸ ਸੈਕਟਰ ਦੇ ਵਿਕਾਸ ਲਈ ਸੰਭਾਵੀ ਮੌਕਿਆਂ ਦੀ ਵਿਆਪਕ ਸਮਝ ਲਈ ਇੱਕ ਬੁਨਿਆਦ ਵਜੋਂ ਕੰਮ ਕੀਤਾ। ਕਾਰਜਪ੍ਰਣਾਲੀ ਦੇ ਅੰਤਰਗਤ ਕਿਸਾਨਾਂ, ਖੇਤੀਬਾੜੀ ਅਤੇ ਸਬੰਧਿਤ ਵਿਭਾਗਾਂ, ਅਤੇ ਗੈਰ-ਰਿਹਾਇਸ਼ੀ ਭਾਰਤੀ (NRI) ਕਿਸਾਨਾਂ ਸਮੇਤ ਪ੍ਰਮੁੱਖ ਵਰਗਾਂ ਨੂੰ ਸ਼ਾਮਿਲ ਕਰਨ 'ਤੇ ਜ਼ੋਰ ਦਿੱਤਾ ਗਿਆ। ਖੇਤੀ ਖੇਤਰ ਵਿੱਚ ਹੋ ਰਹੀਆਂ ਤਬਦੀਲੀਆਂ ਬਾਰੇ ਉਨ੍ਹਾਂ ਦੇ ਨਜ਼ਰੀਏ, ਮੰਗਾਂ ਅਤੇ ਮੁੱਦਿਆਂ ਨੂੰ ਸਮਝਣ ਲਈ ਵੱਖ-ਵੱਖ ਕਿਸਾਨ ਜਥੇਬੰਦੀਆਂ ਨਾਲ ਮੀਟਿੰਗਾਂ ਕੀਤੀਆਂ ਗਈਆਂ। ਇਸ ਤੋਂ ਇਲਾਵਾ, ਨੀਤੀ ਤਿਆਰ ਕਰਦੇ ਸਮੇਂ ਪੂਰੇ ਰਾਜ ਦੇ ਆਮ ਕਿਸਾਨਾਂ ਅਤੇ ਆਮ ਲੋਕਾਂ ਤੋਂ ਸੁਝਾਅ ਅਤੇ ਵਿਚਾਰ ਵੀ ਮੰਗੇ ਗਏ। ਜ਼ਮੀਨੀ ਪੱਧਰ ਦੇ ਦ੍ਰਿਸ਼ਟੀਕੋਣ ਦੀ ਮਹੱਤਤਾ ਨੂੰ ਪਛਾਣਦੇ ਹੋਏ, ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚ ਮੁੱਖ ਯਤਨਾਂ ਰਾਹੀਂ ਕਿਸਾਨਾਂ ਦੇ ਸੁਝਾਅ ਅਤੇ ਵਿਚਾਰ ਇਕੱਤਰ ਕੀਤੇ ਗਏ।

ਪੰਜਾਬ ਸਰਕਾਰ ਨੇ ਖੇਤੀ ਨੀਤੀ ਬਣਾਉਣ ਸਬੰਧੀ ਕਿਸਾਨਾਂ ਅਤੇ ਸਮਾਜ ਦੇ ਹੋਰ ਵਰਗਾਂ ਤੋਂ ਸੁਝਾਅ ਲੈਣ ਲਈ ਅਖ਼ਬਾਰਾਂ ਵਿੱਚ ਕਈ ਇਸ਼ਤਿਹਾਰ ਦਿੱਤੇ। ਰਾਜ ਦੇ ਲੋਕਾਂ ਦਾ ਹੁੰਗਾਰਾ ਬਹੁਤ ਜ਼ਿਆਦਾ ਵਧੀਆ ਸੀ ਜਿਵੇਂ ਕਿ ਕਮੇਟੀ ਨੂੰ ਪੰਜਾਬ ਦੇ ਕਿਸਾਨਾਂ, ਕਿਸਾਨ ਜਥੇਬੰਦੀਆਂ ਅਤੇ ਹੋਰ ਵਰਗਾਂ ਤੋਂ ਇੱਕ ਲੱਖ ਤੋਂ ਵੱਧ ਸੁਝਾਅ ਪ੍ਰਾਪਤ ਹੋਏ (ਅਨੁਲੱਗ I)। ਇਹਨਾਂ ਸਾਰੇ ਸੁਝਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਅਤੇ ਨੀਤੀ ਵਿੱਚ ਸ਼ਾਮਿਲ ਕੀਤਾ ਗਿਆ। ਇਸ ਤੋਂ ਇਲਾਵਾ, ਰਾਜ ਸਰਕਾਰ ਨੇ ਸਰਕਾਰ-ਕਿਸਾਨ ਮਿਲ਼ਨੀ-1 ਅਤੇ ਸਰਕਾਰ-ਕਿਸਾਨ ਮਿਲ਼ਨੀ-2 ਨਾਂ ਦੇ ਦੋ ਕਿਸਾਨ-ਸਰਕਾਰ ਸਮਾਗਮਾਂ ਦਾ ਪ੍ਰਬੰਧ ਕੀਤਾ, ਜਿਨ੍ਹਾਂ ਵਿੱਚ ਹਜ਼ਾਰਾਂ ਕਿਸਾਨਾਂ ਨੇ ਸ਼ਮੂਲੀਅਤ ਕੀਤੀ ਅਤੇ ਉਨ੍ਹਾਂ ਨੇ ਨੀਤੀ ਬਣਾਉਣ ਲਈ ਲਿਖਤੀ ਸੁਝਾਅ ਦਿੱਤੇ। NRI ਕਿਸਾਨਾਂ ਦੇ ਤਜਰਬਿਆਂ ਅਤੇ ਮੁਹਾਰਤ ਨੂੰ ਸ਼ਾਮਿਲ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਜੋ ਵਿਦੇਸ਼ਾਂ ਵਿੱਚ ਆਪਣੇ ਖੇਤੀਬਾੜੀ ਅਨੁਭਵਾਂ ਤੋਂ ਵਿਲੱਖਣ ਦ੍ਰਿਸ਼ਟੀਕੋਣ ਅਤੇ ਤੌਰ-ਤਰੀਕਿਆਂ ਨੂੰ ਪੇਸ਼ ਕਰਦੇ ਹਨ। ਇਸ ਮੰਤਵ ਲਈ ਵੱਖ-ਵੱਖ ਕਦਮ ਚੁੱਕੇ ਗਏ। ਕਮੇਟੀ ਦੇ ਕਨਵੀਨਰ ਨੇ

ਕੈਲੇਫੋਰਨੀਆ, ਅਮਰੀਕਾ ਵਿੱਚ ਵੱਖ-ਵੱਖ ਕਿਸਾਨ ਗਰੁੱਪਾਂ, ਉੱਘੇ ਵਿਗਿਆਨੀਆਂ ਅਤੇ ਵਿਦਵਾਨਾਂ ਨਾਲ ਮੀਟਿੰਗਾਂ ਕੀਤੀਆਂ। ਪੰਜਾਬ ਸਰਕਾਰ ਵੱਲੋਂ NRI ਕਿਸਾਨ ਕਨਕਲੇਵ (ਸੰਮੇਲਨ) ਦਾ ਆਯੋਜਨ ਕੀਤਾ ਗਿਆ ਅਤੇ ਕਮੇਟੀ ਮੈਂਬਰਾਂ ਵੱਲੋਂ NRI ਕਿਸਾਨਾਂ ਨਾਲ ਕਮਿਸ਼ਨ ਦੇ ਦਫ਼ਤਰ ਵਿਖੇ ਮੀਟਿੰਗਾਂ ਕੀਤੀਆਂ ਗਈਆਂ। ਇਸੇ ਤਰ੍ਹਾਂ ਕਿਸਾਨਾਂ ਦੀਆਂ ਵੱਖ-ਵੱਖ ਜਥੇਬੰਦੀਆਂ ਅਤੇ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ, ਬਾਗ਼ਬਾਨੀ ਅਸਟੇਟਾਂ ਦੇ ਨੁਮਾਇੰਦਿਆਂ, ਮਧੂ-ਮੱਖੀ ਪਾਲਕ ਅਤੇ ਪਸ਼ੂ ਪਾਲਕ (ਡੇਅਰੀ, ਪੋਲਟਰੀ, ਸੂਰ ਪਾਲਣ, ਮੱਛੀ ਪਾਲਣ) ਕਿਸਾਨਾਂ ਅਤੇ ਅਗਾਂਹਵਧੂ ਅਤੇ ਜੈਵਿਕ ਖੇਤੀ ਕਰਨ ਵਾਲੇ ਕਿਸਾਨਾਂ ਨਾਲ ਮੀਟਿੰਗਾਂ ਕੀਤੀਆਂ ਗਈਆਂ। ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਵਿਖੇ ਪਸ਼ੂ ਧਨ ਦੇ ਅਰਥਚਾਰੇ ਅਤੇ ਮੰਡੀਕਰਨ ਬਾਰੇ ਵਿਚਾਰ-ਵਟਾਂਦਰੇ ਲਈ ਦੇਸ਼ ਭਰ ਦੇ ਵਿਗਿਆਨੀਆਂ ਅਤੇ ਮਾਹਿਰਾਂ ਨਾਲ ਇੱਕ ਦਿਮਾਗ਼-ਖੋਲ੍ਹਵੀਂ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਕਿਸਾਨ ਜਥੇਬੰਦੀਆਂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਨੇ ਕੀਮਤੀ ਸੁਝਾਓ ਦਿੱਤੇ ਅਤੇ ਸੂਬੇ ਵਿੱਚ ਖੇਤੀ ਦੇ ਬਦਲਵੇਂ ਮਾਡਲ ਪੇਸ਼ ਕੀਤੇ ਜਿਹਨਾਂ ਨੂੰ ਗਹਿਰਾਈ ਨਾਲ ਵਿਚਾਰਿਆ ਗਿਆ ਅਤੇ ਨੀਤੀ ਵਿੱਚ ਸ਼ਾਮਿਲ ਕੀਤਾ ਗਿਆ।

ਨੀਤੀ ਬਣਾਉਣ ਲਈ ਕਮੇਟੀ ਵੱਲੋਂ ਖੇਤੀਬਾੜੀ ਅਤੇ ਸੰਬੰਧਿਤ ਵਿਭਾਗਾਂ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ ਗਈਆਂ। ਖੇਤੀ ਅਤੇ ਇਸ ਨਾਲ ਸੰਬੰਧਿਤ ਖੇਤਰ ਦੇ 25 ਤੋਂ ਵੱਧ ਵਿਭਾਗਾਂ ਦੇ ਮਾਹਿਰਾਂ ਦੇ ਫ਼ੀਲਡ ਤਜ਼ਰਬੇ ਅਤੇ ਵੱਖ-ਵੱਖ ਦ੍ਰਿਸ਼ਟੀਕੋਣ ਘੋਖਣ ਲਈ ਲਗਾਤਾਰ ਕਈ ਮਹੀਨੇ ਕਮਿਸ਼ਨ ਦੇ ਦਫ਼ਤਰ ਵਿਖੇ ਮੀਟਿੰਗਾਂ ਕੀਤੀਆਂ ਗਈਆਂ। ਸਾਰੇ ਵਿਭਾਗਾਂ ਨੂੰ ਖੇਤੀਬਾੜੀ ਦੇ ਵਿਕਾਸ ਵਿੱਚ ਆ ਰਹੀਆਂ ਔਕੜਾਂ ਬਾਰੇ ਵਿਚਾਰ-ਵਟਾਂਦਰਾ ਕਰਨ ਦੇ ਮੌਕੇ ਪ੍ਰਦਾਨ ਕੀਤੇ ਗਏ ਅਤੇ ਉਨ੍ਹਾਂ ਨੂੰ ਆਪਣੇ ਵਿਭਾਗਾਂ ਅਤੇ ਪੰਜਾਬ ਦੇ ਸਮੁੱਚੇ ਖੇਤੀਬਾੜੀ ਖੇਤਰ ਦੀ ਬਿਹਤਰੀ ਲਈ ਇੱਕ ਖ਼ਾਕਾ ਪ੍ਰਦਾਨ ਕਰਨ ਲਈ ਕਿਹਾ ਗਿਆ। ਇਹਨਾਂ ਵਿਭਾਗਾਂ ਦੁਆਰਾ ਦਿੱਤੇ ਗਏ ਸੁਝਾਵਾਂ ਨੂੰ ਨੀਤੀ ਵਿੱਚ ਸ਼ਾਮਿਲ ਕੀਤਾ ਗਿਆ। ਇਸ ਭਾਗੀਦਾਰੀ ਪਹੁੰਚ ਦਾ ਉਦੇਸ਼ ਖੇਤੀਬਾੜੀ ਦੇ ਸਮੁੱਚੇ ਤੌਰ-ਤਰੀਕਿਆਂ ਵਿੱਚ ਸਿੱਧੇ ਤੌਰ 'ਤੇ ਸ਼ਾਮਿਲ ਲੋਕਾਂ ਦੀ ਸੂਝ-ਬੂਝ ਅਤੇ ਸਿਫ਼ਾਰਿਸ਼ਾਂ ਨੂੰ ਸ਼ਾਮਿਲ ਕਰਨਾ ਸੀ, ਇਸ ਨਾਲ ਉਨ੍ਹਾਂ ਦੇ ਗਿਆਨ ਨੇ ਖੇਤੀ ਨੀਤੀ ਦਾ ਚੌਖਟਾ ਬਣਾਉਣ ਵਿੱਚ ਸਹਿਯੋਗ ਦਿੱਤਾ। ਹਿੱਸੇਦਾਰਾਂ ਦੀ ਸ਼ਮੂਲੀਅਤ ਅਤੇ ਸਾਹਿਤ ਸਮੀਖਿਆ ਤੋਂ ਇਲਾਵਾ, ਕਾਰਜਪ੍ਰਣਾਲੀ ਵਿੱਚ ਰਾਜ ਭਰ ਵਿੱਚ ਅਗਾਂਹਵਧੂ ਕਿਸਾਨਾਂ ਦੇ ਖੇਤਾਂ ਦੇ ਦੌਰੇ ਵੀ ਸ਼ਾਮਿਲ ਸਨ। ਕਮੇਟੀ ਨੇ ਸੂਬੇ ਭਰ ਵਿੱਚ ਵੱਖ-ਵੱਖ ਅਗਾਂਹਵਧੂ ਕਿਸਾਨਾਂ ਦੇ ਛੋਟੇ ਪੈਮਾਨੇ ਦੀਆਂ ਕਦਰ ਵਧਾਈ ਵਾਲੀਆਂ ਇਕਾਈਆਂ, ਸੈਂਟਰ ਆਫ਼ ਐਕਸੇਲੈਂਸ, ਵੱਖ-ਵੱਖ ਅਸਟੇਟਾਂ, ਕਿਸਾਨ ਗਰੁੱਪਾਂ, FPOs, ਸੰਯੁਕਤ ਖੇਤੀ ਪ੍ਰਣਾਲੀ (IFS) ਮਾਡਲਾਂ ਅਤੇ ਜੈਵਿਕ ਫਾਰਮਾਂ ਦੇ ਦੌਰੇ ਕੀਤੇ (ਅਨੁਲੱਗ II ਅਤੇ III)। ਇਹਨਾਂ ਦੌਰਿਆਂ ਨੇ ਉਹਨਾਂ ਕਿਸਾਨਾਂ ਨਾਲ ਸਿੱਧੀ ਸੰਪਰਕ-ਪ੍ਰਾਪਤੀ ਅਤੇ ਗੱਲਬਾਤ ਕਰਨ ਦਾ ਮੌਕਾ ਦਿੱਤਾ ਜਿਨ੍ਹਾਂ ਨੇ ਆਪਣੇ ਖੇਤੀਬਾੜੀ ਦੇ ਤੌਰ-ਤਰੀਕਿਆਂ ਵਿੱਚ ਮਹੱਤਵਪੂਰਨ ਸਫਲਤਾ ਪ੍ਰਾਪਤ ਕੀਤੀ ਹੈ। ਉਹਨਾਂ ਦੇ ਤਰੀਕਿਆਂ, ਤਕਨੀਕਾਂ ਅਤੇ ਤਜਰਬਿਆਂ ਦਾ ਅਧਿਐਨ ਕਰਕੇ, ਕੀਮਤੀ ਸੂਝ-ਬੂਝ ਹਾਸਿਲ ਕੀਤੀ ਗਈ, ਜਿਸ ਨਾਲ ਖੇਤੀ ਨੀਤੀ ਦਸਤਾਵੇਜ਼ ਤਿਆਰ ਕਰਨ ਵਿੱਚ ਵੱਡੀ ਮਦਦ ਮਿਲੀ।

ਹਿੱਸੇਦਾਰਾਂ ਦੀ ਭਾਗੀਦਾਰੀ, ਨੀਤੀ ਅਤੇ ਸਾਹਿਤ ਸਮੀਖਿਆ, ਅਤੇ ਫ਼ੀਲਡ ਦੌਰਿਆਂ ਦੇ ਇਹਨਾਂ ਮੁੱਖ ਤੱਤਾਂ ਦੇ ਸੁਮੇਲ ਨੇ ਪੰਜਾਬ ਰਾਜ ਖੇਤੀ ਨੀਤੀ ਦਾ ਨਿਰਮਾਣ ਕਰਨ ਲਈ ਇੱਕ ਵਿਆਪਕ ਅਤੇ ਸੁਚੱਜੇ ਢੰਗ ਤਰੀਕਿਆਂ ਦੀ ਪਹੁੰਚ ਨੂੰ ਯਕੀਨੀ ਬਣਾਇਆ। ਇਸ ਕਾਰਜਪ੍ਰਣਾਲੀ ਦਾ ਉਦੇਸ਼ ਇੱਕ ਅਜਿਹਾ ਨੀਤੀਗਤ ਢਾਂਚਾ ਤਿਆਰ ਕਰਨਾ ਸੀ, ਜਿਸ ਰਾਹੀਂ ਪ੍ਰਮੁੱਖ ਖੇਤੀ ਚੁਣੌਤੀਆਂ ਨਾਲ ਨਜਿੱਠਦਿਆਂ, ਮੌਕਿਆਂ ਦਾ ਫਾਇਦਾ ਲੈਂਦਿਆਂ, ਪੰਜਾਬ ਰਾਜ ਵਿੱਚ ਸਿਹਤਮੰਦ, ਮੁਨਾਫ਼ੇਯੋਗ ਅਤੇ ਕੌਮਾਂਤਰੀ ਪੱਧਰ 'ਤੇ ਮੁਕਾਬਲੇ ਯੋਗ ਖੇਤੀ ਨੂੰ ਉਤਸ਼ਾਹਿਤ ਕੀਤਾ ਜਾਵੇ।

ਖੇਤੀ ਨੀਤੀ ਦਾ ਦਾਇਰਾ ਵਿਸ਼ਾਲ ਹੈ ਜਿਸ ਲਈ ਅਰਥਚਾਰੇ ਦੇ ਵੱਖ-ਵੱਖ ਪਹਿਲੂਆਂ ਦਾ ਵਿਸ਼ਲੇਸ਼ਣ ਕਰਨ ਲਈ ਲੰਬਾ ਸਮਾਂ ਚਾਹੀਦਾ ਹੈ ਪਰ ਜਾਰੀ/ਚੱਲ ਰਹੇ ਖੇਤੀ ਸੰਕਟ ਅਤੇ ਰਾਜ ਦੀਆਂ ਪ੍ਰਮੁੱਖ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਮੌਜੂਦਾ ਨੀਤੀ ਇੱਕ ਸਾਲ ਤੋਂ ਵੀ ਘੱਟ ਸਮੇਂ ਵਿੱਚ ਤਿਆਰ ਕੀਤੀ ਗਈ ਹੈ। ਇਸ ਤਰ੍ਹਾਂ, ਇਸ ਚੁਣੌਤੀਪੂਰਨ ਕਾਰਜ ਨੂੰ ਪੂਰਾ ਕਰਨ ਲਈ ਕਮੇਟੀ ਦੇ ਵੱਧ ਤੋਂ ਵੱਧ ਯਤਨਾਂ ਦੇ ਬਾਵਜੂਦ ਕੁਝ ਸੀਮਤਾਈਆਂ ਮੌਜੂਦ ਹੋ ਸਕਦੀਆਂ ਹਨ।

**ਰਾਜ ਦਾ ਪਵਿੱਤਰ ਕਾਰਜ**

ਹਾਲਾਂਕਿ ਖੇਤੀ ਦੇ ਸਾਰੇ ਖੇਤਰਾਂ ਵਿੱਚ ਜਿਵੇਂ ਅਨਾਜ, ਪਸ਼ੂ ਪਾਲਣ, ਬਾਗਬਾਨੀ ਅਤੇ ਹੋਰ, ਵਿੱਚ ਉਤਪਾਦਕਤਾ ਅਤੇ ਪੈਦਾਵਾਰ ਵਿੱਚ ਪ੍ਰਭਾਵਸ਼ਾਲੀ ਵਾਧਾ ਹੋਇਆ ਹੈ ਪਰ ਆਰਥਿਕ ਹਾਲਤਾਂ ਤੇ ਵਾਤਾਵਰਨ ਦੀ ਸਿਹਤ ਦਾ ਨਿਘਾਰ ਲਗਾਤਾਰ ਵਧਦਾ ਨਜ਼ਰ ਆ ਰਿਹਾ ਹੈ। ਕਿਸਾਨ ਅਤੇ ਖੇਤ ਮਜ਼ਦੂਰ ਵੱਧ ਰਹੇ ਕਰਜ਼ੇ ਅਤੇ ਅਸਹਿ ਦੁੱਖਾਂ 'ਚ ਦਰ ਗੁਜ਼ਰ ਕਰ ਰਹੇ ਹਨ ਜੋ ਉਹਨਾਂ ਨੂੰ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਕਰ ਰਿਹਾ ਹੈ। ਇਸਦੇ ਨਾਲ-ਨਾਲ ਸੂਬੇ ਦੇ ਕੁਦਰਤੀ ਸੋਮਿਆਂ, ਖਾਸ ਕਰਕੇ ਪਾਣੀ ਅਤੇ ਮਿੱਟੀ ਦਾ ਵੀ ਘਾਣ ਹੋ ਰਿਹਾ ਹੈ।

ਪਿਛੋਕੜ ਤੱਥਾਂ ਦੀਆਂ ਤਲਖ਼ ਹਕੀਕਤਾਂ, ਤੇਜ਼ੀ ਨਾਲ ਵੱਧ ਰਹੇ ਗੰਭੀਰ ਖ਼ਤਰਿਆਂ ਅਤੇ ਨੇੜਲੀ ਤਬਾਹੀ ਦੀਆਂ ਸਪੱਸ਼ਟ ਸੂਚਕ ਹਨ ਜੇਕਰ ਖੇਤੀ ਖੇਤਰ ਵਿਰੁੱਧ ਮੌਜੂਦਾ ਬਰਕਰਾਰ ਰੱਖੀ ਜਾ ਰਹੀ ਢਾਂਚਾਗਤ ਵਿਤਕਰੇਬਾਜ਼ੀ ਇਸੇ ਤਰ੍ਹਾਂ ਹੀ ਜਾਰੀ ਰੱਖੀ ਜਾਂਦੀ ਹੈ। ਇਹ ਸਿਰਫ ਪੰਜਾਬ ਦੀ ਰਸਾਇਣ-ਭਾਰੂ (Over-chemicalised) ਅਤੇ ਖੜੋਤ 'ਚ ਆਈ ਖੇਤੀ, ਜੋ ਕਿ ਕਿਸਾਨ ਲਈ ਆਤਮਘਾਤੀ ਅਤੇ ਸਮੁੱਚੇ ਸਮਾਜ ਲਈ ਸਿਹਤ ਮਾਰੂ ਹੈ, ਨੂੰ ਸਿਸਕਦੇ ਰੱਖਣ ਦਾ ਸਵਾਲ ਨਹੀਂ ਸਗੋਂ ਇਹ ਸੰਕਟ ਹੋਰ ਵੀ ਗਹਿਰਾ ਹੈ। ਇਹ ਪੰਜਾਬ ਨੂੰ ਜ਼ਿੰਦਗੀ ਬਖਸ਼ਣ ਦਾ ਸਵਾਲ ਹੈ ਜਿਸ ਤਹਿਤ ਪੰਜਾਬ ਦੀ ਖੇਤੀ ਨੂੰ ਸਿਹਤਮੰਦ, ਮੁਨਾਫ਼ੇਯੋਗ ਅਤੇ ਕੌਮਾਂਤਰੀ ਪੱਧਰ 'ਤੇ ਮੁਕਾਬਲੇਯੋਗ ਬਣਾਉਣਾ ਰਾਜ ਦਾ ਪਵਿੱਤਰ ਕਾਰਜ ਬਣਦਾ ਹੈ ਤਾਂ ਕਿ ਪੰਜਾਬ ਦੇ ਪੇਂਡੂ ਅਤੇ ਸਮੁੱਚੇ ਅਰਥਚਾਰੇ ਨੂੰ ਹੁਲਾਰਾ ਮਿਲੇ ਅਤੇ ਸਮਾਜ ਨੂੰ ਸਿਹਤਮੰਦ ਅਤੇ ਪੌਸ਼ਟਿਕ ਖ਼ੁਰਾਕ ਮੁਹੱਈਆ ਕਰਵਾਈ ਜਾ ਸਕੇ। ਇੱਥੇ ਇਹ ਗੱਲ ਸਲਾਹੁਣਯੋਗ ਹੈ ਕਿ ਅਜਿਹਾ ਕਰਨ ਲਈ ਵਿਕਸਿਤ ਮਨੁੱਖੀ ਸਰਮਾਏ ਵਜੋਂ ਲੋੜੀਂਦੀ ਸਮਰੱਥਾ ਦੀ ਪੰਜਾਬ ਨੂੰ ਬਖਸ਼ਿਸ਼ ਹੈ ਜੋ ਇਸਦੇ ਕੌਮਾਂਤਰੀ ਪੱਧਰ ਦੇ ਵਿਗਿਆਨੀਆਂ ਅਤੇ ਪ੍ਰਸਾਰ ਮਾਹਿਰਾਂ, ਉੱਦਮੀ ਕਿਸਾਨਾਂ ਅਤੇ ਅਮੀਰ ਕੁਦਰਤੀ ਸੋਮਿਆਂ ਵਾਲੇ ਜ਼ਰਖੇਜ਼ ਆਬੋ-ਹਵਾ ਦੇ ਵਖਰੇਵਿਆਂ ਦੀ ਸ਼ਕਲ 'ਚ ਮੌਜੂਦ ਹੈ।

ਰਾਜ ਦੀ ਇੱਛਾ-ਸ਼ਕਤੀ ਨਾਲ, ਇੱਕ ਅਜਿਹਾ ਸਿਸਟਮ ਸਥਾਪਿਤ ਕਰਕੇ ਇਸ ਪਵਿੱਤਰ ਕਾਰਜ ਨੂੰ ਪੂਰਾ ਕੀਤਾ ਜਾ ਸਕਦਾ ਹੈ:

i. ਜੋ ਖੇਤੀਬਾੜੀ 'ਚ ਦੂਜੇ ਵਿਕਸਤ ਖੇਤਰਾਂ ਦੇ ਪੱਧਰ ਦੀ ਪ੍ਰਤੀ ਵਿਅਕਤੀ ਕਦਰ (Value) ਪੈਦਾ ਕਰਨ 'ਚ ਮੱਦਦਗਾਰ ਹੋਵੇ ਅਤੇ ਅਜਿਹੀ ਕਦਰ ਦਾ ਖ਼ੁਦ ਇਸ ਖੇਤਰ ਵਿੱਚ ਅਤੇ ਦੂਜੇ ਖੇਤਰਾਂ ਨਾਲ ਬਰਾਬਰੀ ਦੇ ਅਧਾਰ 'ਤੇ ਵਟਾਂਦਰਾ ਯਕੀਨੀ ਬਣਾ ਸਕਦਾ ਹੋਵੇ।

ii. ਜੋ ਵਿਗਿਆਨ ਨੂੰ ਕੁਦਰਤ ਅਤੇ ਹੋਰ ਸੰਗੀ ਬਸ਼ਿੰਦਿਆਂ ਦੇ ਵੱਧ ਤੋਂ ਵੱਧ ਸਹਿਯੋਗ 'ਚ ਵਰਤੇ।

**ਅਤੇ ਇਹ ਸੰਭਵ ਹੈ!**

## ਖੇਤੀ ਨੀਤੀ

### ਪੰਜਾਬ ਦੀ ਖੇਤੀਬਾੜੀ ਨੂੰ

### ਸਿਹਤਮੰਦ, ਮੁਨਾਫ਼ੇਯੋਗ ਅਤੇ ਕੌਮਾਂਤਰੀ ਪੱਧਰ 'ਤੇ ਮੁਕਾਬਲੇਯੋਗ ਕਿਵੇਂ ਬਣਾਈਏ

ਆਪਣੀਆਂ ਕੁਦਰਤੀ ਜਿਉਣ ਹਾਲਤਾਂ ਤੋਂ ਵਿਛੜ ਕੇ ਹਰ ਜੀਵ ਆਪਣਾ ਆਪਾ ਗੁਆ ਲੈਂਦਾ ਹੈ। ਇਹ ਆਪਣੀ ਵਿਲੱਖਣ ਸਮਰੱਥਾ ਦਾ ਪ੍ਰਗਟਾਵਾ ਅਤੇ ਖੁੱਲ੍ਹਕੇ ਇਜ਼ਹਾਰ ਕਰਨਾ ਬੰਦ ਕਰ ਦਿੰਦਾ ਹੈ ਅਤੇ ਅਜਿਹੀਆਂ ਹਾਲਤਾਂ ਦੀ ਲਗਾਤਾਰਤਾ ਇਸਦੀ ਹੋਂਦ ਤੱਕ ਲਈ ਖਤਰਾ ਬਣ ਜਾਂਦੀ ਹੈ।

ਭਾਵੇਂ ਪਿਛਲੀ ਸਦੀ ਦੀਆਂ ਬੇਸ਼ੁਮਾਰ ਵਿਗਿਆਨਕ ਉਪਲੱਭਦੀਆਂ ਨੇ ਮਨੁੱਖ ਜਾਤੀ ਨੂੰ ਉਮਰਾਂ ਪੁਰਾਣੀ ਅਗਿਆਨਤਾ ਤੋਂ ਅਥਾਹ ਵਿਕਾਸ ਨਾਲ ਮੁਕਤ ਕੀਤਾ ਪਰ ਵਿਗਿਆਨ ਦੀ, ਅਣਜਾਣੇ ਵਿੱਚ ਜਾਂ ਸੁਆਰਥੀ ਹਿਤਾਂ ਲਈ ਗਲਤ ਵਰਤੋਂ ਨੇ ਕੁਦਰਤੀ ਸੀਮਾਵਾਂ ਅਤੇ ਸੰਤੁਲਨਾਂ ਵਿੱਚ ਦਖਲਅੰਦਾਜੀ ਕਰਕੇ ਵਾਤਾਵਰਨ ਅਤੇ ਜੀਵ ਵਿਭਿੰਨਤਾ ਦੀ ਸਿਹਤ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਪੰਜਾਬ ਦੀ ਸੰਕਟ 'ਚ ਘਿਰੀ ਖੇਤੀ ਦੀ ਸਿਹਤ ਅਤੇ ਇਸਦੀ ਮੁਨਾਫ਼ਾਕਾਰੀ ਨੂੰ ਇਸ ਸੰਦਰਭ ਵਿੱਚ ਹੀ ਦੇਖਣ ਦੀ ਲੋੜ ਹੈ।

ਇਸ ਪਿਛੋਕੜ 'ਚ ਹੇਠ ਲਿਖੇ ਮਸਲੇ ਗੰਭੀਰ ਸੋਚ-ਵਿਚਾਰ ਦੀ ਮੰਗ ਕਰਦੇ ਹਨ ਅਤੇ ਇਸ ਲਈ ਪੰਜਾਬ ਅੰਦਰ ਖੇਤੀ ਨੂੰ ਸਿਹਤਮੰਦ, ਮੁਨਾਫ਼ੇਯੋਗ ਅਤੇ ਕੌਮਾਂਤਰੀ ਪੱਧਰ 'ਤੇ ਮੁਕਾਬਲੇਯੋਗ ਬਣਾਉਣ ਸੰਬੰਧੀ ਇਸ ਨੀਤੀ ਦਸਤਾਵੇਜ਼ ਨੂੰ ਤਿਆਰ ਕਰਨ ਸਮੇਂ ਇਨ੍ਹਾਂ ਨੂੰ ਧਿਆਨ 'ਚ ਰੱਖਿਆ ਗਿਆ ਹੈ:

i. ਕੁਦਰਤੀ ਵਾਤਾਵਰਨ-ਸੰਤੁਲਨ ਨੂੰ ਬਰਕਰਾਰ ਰੱਖਦਿਆਂ ਖੇਤੀਬਾੜੀ ਦੀ ਕੁਦਰਤੀ ਸੁਰੱਖਿਆ ਦੀ ਮੁੜ ਉਸਾਰੀ।

ii. ਖੇਤੀ ਸੈਕਟਰ ਅਤੇ ਗੈਰ-ਖੇਤੀ ਸੈਕਟਰਾਂ ਦਰਮਿਆਨ ਵਪਾਰਕ ਸ਼ਰਤਾਂ ਨੂੰ ਤਰਕ-ਸੰਗਤ ਬਣਾਉਣਾ।

iii. ਨਵੀਨਤਮ, ਵਾਤਾਵਰਨ-ਅਨੁਸਾਰੀ ਅਤੇ ਪਾਣੀ ਬਚਾਊ ਖੇਤੀ ਤਕਨੀਕਾਂ ਦਾ ਵਿਕਾਸ ਕਰਨਾ, ਇਨ੍ਹਾਂ ਨੂੰ ਪ੍ਰਾਪਤ ਕਰਨਾ, ਅਪਣਾਉਣਾ ਅਤੇ ਲਾਗੂ ਕਰਨਾ।

iv. ਮੰਡੀ ਖੋਜ ਅਤੇ ਚੌਕਸੀ, ਪੈਦਾਵਾਰ, ਕਦਰ ਵਧਾਈ ਅਤੇ ਮੰਡੀਕਰਨ ਦੀ ਅਗਾਊਂ ਵਿਉਂਤਬੰਦੀ।

v. ਖੇਤੀਬਾੜੀ ਵਿੱਚ ਸਹਿਕਾਰਤਾ ਨੂੰ ਉਤਸ਼ਾਹਿਤ ਕਰਨਾ।

vi. ਖੇਤੀ ਸੈਕਟਰ 'ਚ ਉੱਚੀ ਕਦਰ (Value) ਪੈਦਾ ਕਰਦਿਆਂ ਇਸ 'ਚ ਹੋਰ ਵਾਧਾ ਕਰਕੇ ਉਪਜਾਊ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਅਤੇ ਨਾਲ ਹੀ ਇਸ ਦੀ ਆਬਾਦੀ ਦੇ ਇੱਕ ਹਿੱਸੇ ਦਾ ਪੇਂਡੂ ਖੇਤਰ ਅੰਦਰਲੇ ਹੋਰ ਮੁਨਾਫ਼ੇਯੋਗ ਸੈਕਟਰਾਂ 'ਚ ਤਬਾਦਲਾ ਕਰਨਾ।

vii. ਕੁਦਰਤੀ ਖ਼ਤਰੇ/ਆਫ਼ਤਾਂ ਦਾ ਇੰਤਜ਼ਾਮੀਆ ਪ੍ਰਬੰਧ ਜਿਵੇਂ ਬੀਮਾ ਆਦਿ ਕਰਨਾ।

ਖੇਤੀਬਾੜੀ ਵਿਕਾਸ ਦਾ ਪ੍ਰਸਤਾਵਿਤ ਢੰਗ ਪੰਜਾਬ ਅਤੇ ਵਿਦੇਸ਼ਾਂ ਦੇ ਖੇਤੀ ਮਾਹਿਰਾਂ, ਕਿਸਾਨਾਂ ਅਤੇ ਹੋਰ ਹਿੱਸੇਦਾਰਾਂ ਦੇ ਅਮਲੀ ਤਜਰਬਿਆਂ, ਕਾਢਾਂ ਅਤੇ ਗਿਆਨ 'ਤੇ ਅਧਾਰਿਤ ਹੈ। ਇਹ ਅਗਵਾਨੂ ਖੇਤੀ ਜਗਤ ਦੇ ਸਿਧਾਂਤਕ ਗਿਆਨ ਦੁਆਰਾ ਨਿਖਾਰਿਆ ਗਿਆ ਹੈ, ਜਿਸ ਨੂੰ ਵੱਖ-ਵੱਖ ਰੂਪਾਂ ਵਿੱਚ ਠੋਸ ਅਮਲਾਂ ਰਾਹੀਂ ਪਰਖਿਆ ਹੋਇਆ ਹੈ। ਇਸ ਦੂਰ-ਦਰਸ਼ੀ ਨੁਕਤਾ ਨਜ਼ਰ ਨੂੰ ਅਮਲ ਵਿੱਚ ਲਿਆਉਣ ਦੇ ਤਰੀਕਿਆਂ, ਸਾਧਨਾਂ ਅਤੇ ਸੋਮਿਆਂ ਦਾ ਵਿਆਪਕ ਤੌਰ 'ਤੇ ਮੁਲਾਂਕਣ ਕੀਤਾ ਗਿਆ ਹੈ। ਇਹ ਮਹਿਸੂਸ ਕੀਤਾ ਗਿਆ ਹੈ ਕਿ ਇਹ ਮੂਲ ਰੂਪ ਵਿੱਚ ਰਾਜ ਦੇ ਸੋਮਿਆਂ ਨੂੰ ਮੁੜ ਲੀਹੇ ਪਾਉਣਾ ਹੀ ਹੈ, ਜਿਸ ਵਿੱਚ ਲੋਕਾਂ ਦੀ ਸ਼ਮੂਲੀਅਤ ਨਾਲ ਸਫਲਤਾ ਯਕੀਨੀ ਹੈ।

# 2. ਖੇਤੀਬਾੜੀ ਦਾ ਵਿਕਾਸ ਢੰਗ ਅਤੇ ਮੰਡੀਕਰਨ

ਕਿਸੇ ਖੇਤੀ ਵਿਕਾਸ ਸਿਸਟਮ ਅਤੇ ਇਸਦੀ ਪੈਦਾਵਾਰ ਦੇ ਪ੍ਰਬੰਧ-ਢੰਗ ਨੂੰ ਉਤਸ਼ਾਹਿਤ ਕਰਨ ਦੀ ਮਹੱਤਤਾ ਤੇ ਸਾਰਥਕਤਾ ਮੁੱਖ ਤੌਰ 'ਤੇ ਇਸਦੇ ਹਿੱਸੇਦਾਰਾਂ ਦੀ ਸਮਾਜਿਕ-ਆਰਥਿਕ ਸਥਿਤੀ, ਮਨੁੱਖੀ ਸਿਹਤ ਅਤੇ ਵਾਤਾਵਰਨ 'ਤੇ ਪੈਣ ਵਾਲੇ ਪ੍ਰਭਾਵਾਂ 'ਤੇ ਅਧਾਰਿਤ ਹੁੰਦੀ ਹੈ। ਇਸ ਰੋਸ਼ਨੀ 'ਚ ਇੱਕ ਸਿਹਤਮੰਦ ਅਗਾਂਹਵਧੂ ਸਮਾਜ ਦੀ ਉਸਾਰੀ ਲਈ ਖੇਤੀ ਵਿਕਾਸ ਤੇ ਮੰਡੀਕਰਨ ਦੇ ਢੰਗ-ਤਰੀਕੇ ਦੀ ਚੋਣ ਦਾ ਕੇਂਦਰ ਬਿੰਦੂ ਉਪਰੋਕਤ ਦਰਸਾਏ ਸਰੋਕਾਰ ਹੋਣੇ ਚਾਹੀਦੇ ਹਨ। ਹੋਰ ਵੀ ਅਗਾਂਹ, ਅਜਿਹੇ ਸਿਸਟਮ ਦੀ ਕੁਸ਼ਲਤਾ ਹਿੱਸੇਦਾਰਾਂ ਦੀ ਮੁਨਾਫ਼ਾਕਾਰੀ ਵਧਾਕੇ ਉਪਜਾਊ ਰੁਜ਼ਗਾਰ ਦੇ ਮੌਕੇ ਪੈਦਾ ਕਰਦਿਆਂ ਸਮਾਜ ਦੇ ਇੱਕ ਹਿੱਸੇ ਨੂੰ ਉੱਚ-ਪੱਧਰੀ ਕਿਰਤ ਸ਼ਕਤੀ ਵਜੋਂ ਰੁਝੇਵੇਂ ਪ੍ਰਦਾਨ ਕਰਕੇ ਸਮਾਜਿਕ ਵਿਕਾਸ ਦੀ ਪ੍ਰੀਕਿਰਿਆ 'ਚ ਅਤੇ ਕੁਦਰਤ ਨਾਲ ਇਕਮਿਕ ਹੁੰਦਿਆਂ ਜ਼ਿੰਦਗੀ ਦੇ ਮਿਆਰ ਨੂੰ ਉੱਚਾ ਚੁੱਕਣ 'ਚ ਯੋਗਦਾਨ ਪਾਉਂਦੀ ਹੈ।

## 2.1 ਖੇਤੀਬਾੜੀ ਵਿਕਾਸ ਦਾ ਢੰਗ

ਮਿਆਰੀ ਭੋਜਨ ਦੀ ਉਪਲਬਧਤਾ ਨਾ ਸਿਰਫ਼ ਸਮਾਜ ਦੀ ਸਿਹਤ ਦਾ ਮੁਹਾਂਦਰਾ ਤੈਅ ਕਰਦੀ ਹੈ ਬਲਕਿ ਮਨੁੱਖ ਜਾਤੀ ਦੀ ਹੋਂਦ ਲਈ ਅਤਿ ਜ਼ਰੂਰੀ ਹੈ। ਖਪਤਕਾਰੀ ਵਸਤਾਂ ਗੁਣਵੱਤਾ ਵਾਲੇ ਭੋਜਨ ਦਾ ਬਦਲ ਨਹੀਂ ਬਣ ਸਕਦੀਆਂ। ਇਸੇ ਵਿੱਚ ਹੀ ਹਰ ਇੱਕ ਜੀਵ ਲਈ ਅਤੇ ਸਮੁੱਚੇ ਸਮਾਜ ਲਈ ਵਿਭਿੰਨ ਖੇਤੀ ਪੈਦਾਵਾਰ ਦੀ ਇੱਕ ਯਕੀਨਨ ਪਹਿਲ ਪ੍ਰਥਮੀ ਵਸਤੂ ਵਜੋਂ ਮੰਗ ਦੀ ਮਹੱਤਤਾ ਹੈ।

ਪੌਦੇ ਤੇ ਪਸ਼ੂ ਜਗਤ ਦੇ ਕੁਦਰਤ ਨਾਲ ਵਿਲੱਖਣ ਅੰਦਰੂਨੀ ਸੰਬੰਧ ਜੋ ਕਿ ਬਹੁਤ ਸੂਝ-ਸਿਆਣਪਾਂ ਨਾਲ ਇੱਕ ਸੰਤੁਲਨ ਬਣਾਕੇ ਇਨ੍ਹਾਂ ਦੀ ਪਰਵਰਿਸ਼ ਕਰਦੇ ਹਨ, ਉਹ ਖੇਤੀ ਦੀ ਇੱਕ ਕਿੱਤੇ ਵਜੋਂ ਮਹੱਤਤਾ ਹੋਰ ਵੀ ਵਧਾ ਦਿੰਦੇ ਹਨ ਜੋ ਕਿ ਕੁਦਰਤ ਦੇ, ਸਭ ਲਈ, ਇੱਕ ਸੰਤੁਲਤ ਮਿਆਰੀ ਭੋਜਨ ਪੈਦਾ ਕਰਨ ਦੇ ਯਤਨਾਂ ਦੀ ਸ਼ਲਾਘਾ ਤੇ ਸਮਰਥਨ ਕਰੇ ਅਤੇ ਇਸਦੇ ਨਾਲ ਹੀ ਸਮਾਜ ਦੇ ਇੱਕ ਹਿਸੇ ਲਈ ਰੁਜ਼ਗਾਰ ਵੀ ਮੁਹੱਈਆ ਕਰਵਾਏ।

ਇਸ ਮਿਆਰੀ ਭੋਜਨ ਦੇ ਉਤਪਾਦਨ ਦੇ ਕਾਰਕ ਅਰਥਾਤ ਵਾਤਾਵਰਨ ਜਿਸ ਵਿੱਚ ਮਿੱਟੀ ਅਤੇ ਇਸਦੇ ਸੂਖਮ ਜੀਵ, ਪਾਣੀ, ਸੂਰਜ ਦੀ ਰੌਸ਼ਨੀ ਅਤੇ ਹੋਰ ਮਨੁੱਖੀ ਸਰੋਤ- ਕਿਸਾਨ, ਖੇਤ ਮਜ਼ਦੂਰ ਅਤੇ ਖੇਤੀ ਮਾਹਿਰ ਸ਼ਾਮਿਲ ਹਨ ਜੋ ਕਿ ਇੱਕ ਪੇਸ਼ੇ ਵਜੋਂ ਖੇਤੀਬਾੜੀ ਲਈ ਅਤਿ ਲੋੜੀਂਦੇ ਹਨ, ਨੂੰ ਸਭਿਅਕ ਸਮਾਜ ਦੁਆਰਾ ਮਾਣ-ਸਨਮਾਨ ਦੇ ਕੇ ਬਣਦੇ ਇਵਜ਼ਾਨੇ ਨਾਲ ਨਿਵਾਜਿਆ ਜਾਣਾ ਚਾਹੀਦਾ ਹੈ, ਪਰ ਇਸ ਦੇ ਉਲਟ, ਇਹ ਸਾਰੇ ਨਿੱਜੀ ਹਿੱਤਾਂ ਅਤੇ ਸਮੇਂ ਦੀਆਂ ਰਾਜ ਕਰਦੀਆਂ ਹਕੂਮਤਾਂ ਦੇ ਖੇਤੀ-ਵਿਰੋਧੀ ਅਤੇ ਪੇਂਡੂ ਵਿਰੋਧੀ ਪੱਖਪਾਤ ਦਾ ਸ਼ਿਕਾਰ ਹੋਏ ਹਨ।

ਇਸੇ ਪਿਛੋਕੜ ਵਿੱਚ ਇਸ ਵਿਸ਼ੇ- ਖੇਤੀਬਾੜੀ ਦੇ ਵਿਕਾਸ ਢੰਗ ਨੂੰ ਹੇਠ ਲਿਖੇ ਮੁੱਦਿਆਂ ਵੱਲ ਸੰਬੋਧਿਤ ਹੋਣ ਦੀ ਲੋੜ ਹੈ:

i. ਸੰਤੁਲਿਤ ਮਿਆਰੀ ਭੋਜਨ

ii. ਮੁੱਖ ਹਿੱਸੇਦਾਰਾਂ- ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਮੁਨਾਫ਼ਾਕਾਰੀ

iii. ਖੇਤੀ-ਵਾਤਾਵਰਨ ਅਤੇ ਕੁਦਰਤੀ ਸੋਮੇਂ

iv. ਉਪਜਾਊ ਰੁਜ਼ਗਾਰ ਪੈਦਾ ਕਰਨਾ

v. ਕਿਰਤ ਦੀ ਸ਼ਾਨ ਅਤੇ ਕੰਮ ਦਾ ਸਭਿਆਚਾਰ

vi. ਆਪਸੀ ਭਰੋਸਾ- ਸਹਿਯੋਗ

vii. ਪੇਂਡੂ ਖੇਤਰ ਅਤੇ ਸੂਬੇ ਦੀ ਆਰਥਿਕਤਾ ਵਿੱਚ ਯੋਗਦਾਨ

viii. ਹਿੱਸੇਦਾਰਾਂ ਦੀ ਖੁਸ਼ਹਾਲੀ ਦਾ ਪੱਧਰ

ਇਹ ਚੱਲ ਰਿਹਾ ਘਣੀ ਖੇਤੀ ਮਾਡਲ ਜਿਸ ਨੂੰ ਹੁਣ ਨੀਤੀ-ਕੀਮਤਾਂ ਦੇ ਦਬਾਉ ਅਧੀਨ ਖੇਤੀ ਪੈਦਾਵਾਰ ਦੇ ਇੱਕ ਆਧੁਨਿਕ ਢੰਗ ਵਜੋਂ ਅਪਣਾਇਆ ਜਾ ਰਿਹਾ ਹੈ, ਇਹ ਸੋਮਿਆਂ ਦੀ ਬਹੁਤ ਖਪਤ ਵਾਲਾ ਤੇ ਵਿਗਾੜ ਪਾਉਣ ਵਾਲਾ ਸਿਸਟਮ ਹੈ। ਇਹ ਫ਼ਸਲਾਂ ਨੂੰ ਉਹਨਾਂ ਦੇ ਕੁਦਰਤੀ ਪੈਦਾਵਾਰੀ ਵਾਤਾਵਰਨ ਦੇ ਉਲਟ ਉਤਸ਼ਾਹਿਤ ਕਰ ਰਿਹਾ ਹੈ, ਜਿਸ ਕਾਰਨ ਭਾਰੀ ਰਸਾਇਣਕ ਲਾਗਤ ਵਸਤਾਂ ਦੀ ਜ਼ਰੂਰਤ ਕਰਕੇ ਵੱਧ ਲਾਗਤ ਖਰਚਿਆਂ ਨਾਲ ਘੱਟ ਗੁਣਵੱਤਾ ਵਾਲੀ ਪੈਦਾਵਾਰ ਹੁੰਦੀ ਹੈ। ਇਹ ਘਣੀ ਖੇਤੀ ਮਾਡਲ, ਲੋਕਾਂ ਦੀ ਸਿਹਤ ਅਤੇ ਕਿਸਾਨਾਂ ਦੇ ਮੁਨਾਫ਼ੇ ਨੂੰ ਮਾੜੇ ਰੁਖ ਪ੍ਰਭਾਵਿਤ ਕਰਕੇ ਕਰਜ਼ੇ, ਨਿਰਾਸ਼ਾ ਅਤੇ ਖ਼ੁਦਕੁਸ਼ੀਆਂ ਦਾ ਜ਼ਾਮਨ ਬਣਦਾ ਹੈ।

ਪਿਛਲੇ ਸਮਿਆਂ ’ਚ ਦੇਸ਼ ਲਈ ਭੋਜਨ ਖਾਤਰ ਕਿਸਾਨਾਂ ਨੂੰ ਮਿਆਰੀ ਪੈਦਾਵਾਰ ਦੀ ਕੀਮਤ ਤੇ ਵੱਧ ਝਾੜ ਦੇ ਮਾਇਆ ਜਾਲ ’ਚ ਵਰਗਲਾਇਆ ਗਿਆ ਅਤੇ ਇਸ ਤਰ੍ਹਾਂ ਇੱਕ ਤੰਗ ਨਜ਼ਰ ਅਧੂਰੇ ਵਿਗਿਆਨ ਦੀ ਵਰਤੋਂ ਦੇ ਸਹਾਰੇ ਕੁਦਰਤ ਦੀਆਂ ਸੀਮਾਵਾਂ ਅਤੇ ਸੰਤੁਲਨਾਂ ਨੂੰ ਤੋੜਿਆ ਜਾਂਦਾ ਰਿਹਾ। ਸੰਪੂਰਨ ਵਿਗਿਆਨ ਦੇ ਸੰਦਰਭ ਨੂੰ ਤਿਲਾਂਜਲੀ ਦੇ ਕੇ ਰਸਾਇਣਾਂ ਦੀ ਵਰਤੋਂ ਵਾਲੇ ਘਣੀ ਖੇਤੀ ਮਾਡਲ ਨਾਲ ਅਜਿਹੇ ਝਾੜ ਦੇ ਵਾਧਿਆਂ ਨੇ ਕੁਦਰਤੀ ਸੋਮਿਆਂ ਨੂੰ ਨਿਚੋੜਿਆ ਤੇ ਪ੍ਰਦੂਸ਼ਤ ਕਰ ਦਿੱਤਾ ਹੈ। ਮੰਡੀ ਮੰਗ ਅਨੁਸਾਰ ਪੈਦਾਵਾਰ ਦੀ ਅਗਾਊਂ ਵਿਉਂਤਬੰਦੀ ਦੀ ਅਣਹੋਂਦ ਦੀ ਸੂਰਤ ’ਚ ਝਾੜ ਦਾ ਵਾਧਾ ਮੰਡੀ ’ਚ ਪੈਦਾਵਾਰ ਦੀ ਸਪਲਾਈ ਵਧਾਕੇ ਕੀਮਤਾਂ ’ਚ ਗਿਰਾਵਟ ਲੈ ਆਉਂਦਾ ਹੈ।

ਸੰਖੇਪ ਵਿੱਚ, ਕਿਸਾਨ ਲਈ ਇਹ ਇੱਕ ਆਤਮਘਾਤੀ ਆਰਥਿਕਤਾ, ਲੋਕਾਂ ਦੀ ਸਿਹਤ ਲਈ ਇੱਕ ਆਫ਼ਤ, ਜਿਨ੍ਹਾਂ ਨੂੰ ਲਗਾਤਾਰ ਹਸਪਤਾਲਾਂ ਦੀਆਂ ਕਤਾਰਾਂ ਵਿੱਚ ਖੜ੍ਹੇ ਰਹਿਣਾ ਪੈਂਦਾ ਹੈ ਅਤੇ ਜੈਵਿਕ ਵਿਭਿੰਨਤਾ ਅਤੇ ਵਾਤਾਵਰਨ ਲਈ ਇਹ ਮੌਤ ਦੀ ਘੰਟੀ ਬਣ ਗਈ ਹੈ। ਬਦਕਿਸਮਤੀ ਨਾਲ ਇਹ ਸਥਿਤੀ ਲੁੱਟ ਕਰਨ ਵਾਲਿਆਂ ਲਈ ਇੱਕ ਵਰਦਾਨ ਹੈ।

ਇਸਦੇ ਇਨ੍ਹਾਂ ਵਿਆਪਕ ਮਾੜੇ ਅਸਰਾਂ ਦਾ ਮੁਲਾਂਕਣ ਕਰਦੇ ਹੋਏ, ਜਿਨ੍ਹਾਂ ਨੇ ਸਿਹਤਮੰਦ ਜ਼ਿੰਦਗੀ ਦੀਆਂ ਬੁਨਿਆਦਾਂ ਨੂੰ ਹਿਲਾ ਦਿੱਤਾ ਹੈ, ਸਾਡੇ ਕੋਲ ਫ਼ਸਲਾਂ ਦੀ ਪੈਦਾਵਾਰ ਉਨ੍ਹਾਂ ਦੇ ਕੁਦਰਤੀ ਪੈਦਾਵਾਰੀ ਇਲਾਕਿਆਂ (Natural Growing Areas- NGAs) ਵਿੱਚ ਕਰਨ ਤੋਂ ਇਲਾਵਾ ਕੋਈ ਬਦਲ ਨਹੀਂ ਹੈ। ਕੁਦਰਤੀ ਪੈਦਾਵਾਰੀ ਇਲਾਕੇ ਸਾਨੂੰ ਮੁਫ਼ਤ ਦੇ ਕੁਦਰਤੀ ਸਰੋਤ ਮੁਹੱਈਆ ਕਰਦੇ ਹਨ ਜੋ ਕਿ ਘੱਟੋ-ਘੱਟ ਲਾਗਤ ਵਸਤਾਂ ਦੀ ਵਰਤੋਂ ਨਾਲ ਮਿਆਰੀ ਪੈਦਾਵਾਰ ਵਿੱਚ ਵਾਧਾ ਕਰਦੇ ਹਨ। ਕੁਦਰਤੀ ਪੈਦਾਵਾਰੀ ਇਲਾਕਿਆਂ ਦੇ ਅੰਦਰ ਜ਼ਿਆਦਾਤਰ ਲਾਗਤ ਵਸਤਾਂ ਖੇਤਾਂ ਵਿੱਚੋਂ ਹੀ ਮਿਲ ਜਾਂਦੀਆਂ ਹਨ ਅਤੇ ਖੇਤਾਂ ਤੋਂ ਬਾਹਰੋਂ ਬਹੁਤ ਘੱਟ ਮਿਆਰੀ ਲਾਗਤ ਵਸਤਾਂ ਦੀ ਲੋੜ ਪੈਂਦੀ ਹੈ, ਜਿਸ ਕਾਰਨ ਵਾਤਾਵਰਨ ਪੱਖੀ ਢੰਗਾਂ ਨਾਲ ਪੈਦਾਵਾਰ ਮੁਨਾਫ਼ੇਯੋਗ ਅਤੇ ਕੌਮਾਂਤਰੀ ਪੱਧਰ ’ਤੇ ਮੁਕਾਬਲੇਯੋਗ ਹੋ ਜਾਂਦੀ ਹੈ।

### 2.1.1 ਕੁਦਰਤੀ ਪੈਦਾਵਾਰੀ ਇਲਾਕਿਆਂ (NGAs) ਦਾ ਵਿਕਾਸ ਕਰਨਾ

ਹਰ ਫ਼ਸਲ ਦੀਆਂ ਆਬੋ-ਹਵਾ, ਮਿੱਟੀ, ਪਾਣੀ ਅਤੇ ਹੋਰਨਾਂ ਪੱਖਾਂ ਤੋਂ ਉਤਪਾਦਕਤਾ ਤੇ ਗੁਣਵੱਤਾ ’ਚ ਬਿਹਤਰੀ ਲਿਆਉਣ ਵਾਲੇ ਸਰੋਤਾਂ ਦੀਆਂ ਆਪਣੀਆਂ ਵਿਸ਼ੇਸ਼ ਲੋੜਾਂ ਹੁੰਦੀਆਂ ਹਨ। ਪੰਜਾਬ ਦੀ ਵੰਨ-ਸੁਵੰਨਤਾ ਇਨ੍ਹਾਂ ਸਰੋਤਾਂ ਦੀ ਅਮੀਰੀ ਸਦਕਾ ਤਰ੍ਹਾਂ-ਤਰ੍ਹਾਂ ਦੀਆਂ ਫ਼ਸਲਾਂ, ਇਨ੍ਹਾਂ ਦੀਆਂ ਕਿਸਮਾਂ, ਫਲਦਾਰ ਬੂਟਿਆਂ ਅਤੇ ਹੋਰ ਖੇਤੀ ਬਦਲਾਂ ਨੂੰ ਵੱਖ-ਵੱਖ ਇਲਾਕਿਆਂ, ਖਿੱਤਿਆਂ ਅਤੇ ਜ਼ੋਨਾਂ ਵਿੱਚ ਪੈਦਾ ਕਰਨ ਦੀ ਅਥਾਹ ਸਮਰੱਥਾ ਮੁਹੱਈਆ ਕਰ ਰਹੀ ਹੈ। ਇਨ੍ਹਾਂ ਇਲਾਕਿਆਂ ਅਤੇ ਖਿੱਤਿਆਂ ਦੀ ਕੁਦਰਤੀ ਸਮਰੱਥਾ ਜੋ ਵਿਸ਼ੇਸ਼ ਫ਼ਸਲਾਂ ਤੇ ਇਨ੍ਹਾਂ ਦੀਆਂ ਕਿਸਮਾਂ ਦੇ ਅਨੁਕੂਲ ਹੈ, ਦਾ ਵਿਉਂਤਬੰਦੀ ਅਤੇ ਯੋਜਨਾਬੱਧ ਢੰਗ ਨਾਲ ਲਾਭ ਉਠਾਉਣ ਦੀ ਲੋੜ ਹੈ। ਉੱਭਰ ਰਹੇ ਮੁਕਾਬਲੇਬਾਜ਼ੀ ਦੇ ਵਿਸ਼ਵ ਵਪਾਰ ਸੰਸਥਾ ਦੇ ਦੌਰ ਵਿੱਚ ਅਜਿਹੀ ਵਿਉਂਤਬੰਦੀ ਦਾ ਲਾਗੂ ਹੋਣਾ ਹੋਰ ਵੀ ਵੱਧ ਮਹੱਤਵਪੂਰਨ ਹੈ

ਕਿਉਂਕਿ ਆਪਣੇ ਕੁਦਰਤੀ ਮਾਹੌਲ ’ਚ ਵਿਸ਼ੇਸ਼ ਫ਼ਸਲ ਮੁਫ਼ਤ ’ਚ ਮਿਲਦੇ ਕੁਦਰਤੀ ਸਰੋਤਾਂ ਦੀ ਮਦਦ ਨਾਲ ਪੈਦਾਵਾਰ ਅਤੇ ਗੁਣਵੱਤਾ ਪੱਖੋਂ ਵਧੀਆ ਪ੍ਰਦਰਸ਼ਨ ਕਰਦੀ ਹੈ। ਇਸ ਤੋਂ ਹੋਰ ਅੱਗੇ ਖੇਤੀ/ਬਾਗਬਾਨੀ ਦੀ ਵਿਸ਼ੇਸ਼ ਫ਼ਸਲ ਦੀ ਉੱਚ-ਕੀਮਤੀ ਜੈਵਿਕ ਪੈਦਾਵਾਰ (Organic Produce) ਜਿਹੜੀ ਕਿ ਨਾ ਸਿਰਫ ਵਪਾਰਕ ਪੱਖੋਂ ਠੀਕ ਹੈ ਸਗੋਂ ਵੱਧ ਸਿਹਤਮੰਦ ਖੁਰਾਕ ਵੀ ਹੈ, ਕੁਦਰਤ ਦੇ ਵੱਧ ਤੋਂ ਵੱਧ ਸਹਿਯੋਗ ਨਾਲ ਕੁਦਰਤੀ ਪੈਦਾਵਾਰੀ ਇਲਾਕਿਆਂ (NGAs) ਵਿੱਚ ਵੱਧ ਉਤਸ਼ਾਹਿਤ ਕੀਤੀ ਜਾ ਸਕਦੀ ਹੈ ਕਿਉਂਕਿ ਇਨ੍ਹਾਂ ਇਲਾਕਿਆਂ ਵਿੱਚ ਨਾਂਹ-ਪੱਖੀ ਸਰੋਤਾਂ ਦੀ ਗੈਰ-ਮੌਜੂਦਗੀ ਜਾਂ ਘੱਟ ਮੌਜੂਦਗੀ ਸਦਕਾ ਇਸ ਫ਼ਸਲ ਦਾ ਬਚਾਅ ਕਰਨ ਦੀ ਘੱਟ ਲੋੜ ਪਵੇਗੀ, ਜਿਸ ਕਰਕੇ ਪੈਦਾਵਾਰੀ ਖਰਚੇ ਘਟਣਗੇ।

ਇਹ ਕੁਦਰਤੀ ਪੈਦਾਵਾਰੀ ਇਲਾਕੇ (NGAs) ਖੋਜ-ਪ੍ਰਸਾਰ-ਮੰਡੀਕਰਨ ਤੇ ਪ੍ਰੋਸੈਸਿੰਗ (Processing) ਦੇ ਵਿਕਾਸ ਦੀਆਂ ਸਰਗਰਮੀਆਂ ਦੇ ਕੇਂਦਰ ਬਣਨੇ ਚਾਹੀਦੇ ਹਨ ਅਤੇ ਫ਼ਸਲ ਦੀ ਲੋੜ ਮੁਤਾਬਕ ਵਿਸ਼ੇਸ਼ ਫ਼ਸਲਾਂ ਨੂੰ ਉਤਸ਼ਾਹਿਤ ਕਰਨ ਲਈ ਰਾਜ ਦੇ ਪਹਿਲ ਪ੍ਰਥਮ ਖਿੱਤੇ (Priority Areas) ਹੋਣੇ ਚਾਹੀਦੇ ਹਨ। ਕਿਸੇ ਖਾਸ ਫ਼ਸਲ ਨੂੰ ਇਸਦੇ ਕੁਦਰਤੀ ਨਿਵਾਸ ਸਥਾਨ ’ਚ ਪੈਦਾ ਕਰਨ ਦੇ ਉਲਟ ਮੌਜੂਦਾ ਜਬਰੀ ਖੇਤੀ ਦਾ ਪ੍ਰਬੰਧ ਨਾ ਸਿਰਫ ਪੈਦਾਵਾਰ ਦੇ ਖਰਚ ਨੂੰ ਵਧਾਉਂਦਾ ਹੈ ਸਗੋਂ ਇਸ ਨਾਲ ਘੱਟ ਗੁਣਵੱਤਾ ਅਤੇ ਘੱਟ ਝਾੜ ਨਿਕਲਦਾ ਹੈ। ਆਪਣੇ ਕੁਦਰਤੀ ਨਿਵਾਸ ਸਥਾਨ ਦੇ ਉਲਟ ਕੰਢੀ ਇਲਾਕੇ ’ਚ ਪੈਦਾ ਕੀਤੀ ਜਾਂਦੀ ਕਣਕ ਅਤੇ ਝੋਨਾ ਮਾੜੀ ਕੁਆਲਿਟੀ ਅਤੇ ਘੱਟ ਝਾੜ ਦੀ ਇੱਕ ਉਘੜਵੀਂ ਮਿਸਾਲ ਹੈ ਜਦਕਿ ਇਸ ਖੇਤਰ ਵਿੱਚ ਹੋਰ ਚੰਗੇ ਖੇਤੀ ਬਦਲ ਪੈਦਾ ਕੀਤੇ ਜਾ ਸਕਦੇ ਹਨ। ਸਾਲ 2021-22 ਦੌਰਾਨ, ਕੁਦਰਤੀ ਪੈਦਾਵਾਰੀ ਇਲਾਕੇ- ਕੋਟਕਪੂਰਾ ਬਲਾਕ (ਫਰੀਦਕੋਟ) ਵਿੱਚ ਕਣਕ ਦਾ ਔਸਤ ਝਾੜ ਸਭ ਤੋਂ ਵੱਧ (4767 ਕਿਲੋਗ੍ਰਾਮ/ਹੈਕਟੇਅਰ) ਸੀ ਜਦੋਂ ਕਿ ਕੰਢੀ ਖੇਤਰ, ਜੋ ਕਿ ਕਣਕ ਦਾ ਕੁਦਰਤੀ ਪੈਦਾਵਾਰੀ ਇਲਾਕਾ ਨਹੀਂ, ਦੇ ਤਲਵਾੜਾ ਬਲਾਕ (ਹੁਸ਼ਿਆਰਪੁਰ) ਵਿੱਚ ਕਣਕ ਦਾ ਔਸਤ ਝਾੜ ਸਭ ਤੋਂ ਘੱਟ (2667 ਕਿਲੋਗ੍ਰਾਮ/ਹੈਕਟੇਅਰ) ਸੀ। ਇਸੇ ਤਰ੍ਹਾਂ ਕੁਦਰਤੀ ਪੈਦਾਵਾਰੀ ਇਲਾਕੇ- ਧੂਰੀ ਬਲਾਕ (ਸੰਗਰੂਰ) ਵਿੱਚ ਝੋਨੇ ਦਾ ਔਸਤ ਝਾੜ ਸਭ ਤੋਂ ਵੱਧ (8149 ਕਿਲੋਗ੍ਰਾਮ/ਹੈਕਟੇਅਰ) ਸੀ ਜਦੋਂ ਕਿ ਕੰਢੀ ਖੇਤਰ ਵਿੱਚ, ਹਾਜੀਪੁਰ ਬਲਾਕ (ਹੁਸ਼ਿਆਰਪੁਰ) ਵਿੱਚ ਉਸੇ ਸਮੇਂ ਦੌਰਾਨ ਝੋਨੇ ਦਾ ਔਸਤਨ ਝਾੜ ਸਭ ਤੋਂ ਘੱਟ (4739 ਕਿਲੋਗ੍ਰਾਮ/ਹੈਕਟੇਅਰ) ਸੀ ਜੋ ਕਿ ਇਸਦਾ ਕੁਦਰਤੀ ਪੈਦਾਵਾਰੀ ਇਲਾਕਾ ਨਹੀਂ ਹੈ।

ਜਬਰੀ ਤੌਰ ’ਤੇ ਪੈਦਾ ਕੀਤੀਆਂ ਜਾ ਰਹੀਆਂ ਫ਼ਸਲਾਂ ਹੇਠੋਂ ਮੌਜੂਦਾ ਰਕਬਾ ਕੱਢਕੇ ਉਨ੍ਹਾਂ ਬਦਲਵੀਆਂ ਫ਼ਸਲਾਂ ਖਾਸ ਕਰਕੇ ਕੀਮਤੀ ਫ਼ਸਲਾਂ ਹੇਠ ਦੇਣਾ ਜ਼ਰੂਰੀ ਹੈ, ਜਿਨ੍ਹਾਂ ਦਾ ਇਹ ਕੱਢਿਆ ਰਕਬਾ ਕੁਦਰਤੀ ਪੈਦਾਵਾਰੀ ਇਲਾਕਾ ਬਣਦਾ ਹੈ। ਦਹਾਕਿਆਂ ਦੇ ਲੰਮੇ ਅਮਲ ਰਾਹੀਂ ਜ਼ਿਆਦਾਤਰ ਅਜਿਹੇ ਇਲਾਕੇ ਮੌਜੂਦਾ ਫ਼ਸਲਾਂ ਲਈ ਪਹਿਲਾਂ ਹੀ ਤੈਅ ਕੀਤੇ ਜਾ ਚੁੱਕੇ ਹਨ ਅਤੇ ਖੇਤੀਬਾੜੀ/ਬਾਗਬਾਨੀ ਮਹਿਕਮਿਆਂ ਦੇ ਰਿਕਾਰਡ ਵਿੱਚ ਹਨ। ਬਾਕੀ ਇਲਾਕੇ ਵੀ ਇਨ੍ਹਾਂ ਸਬੰਧਤ ਵਿਭਾਗਾਂ ਵੱਲੋਂ ਖੇਤੀ ਜਲਵਾਯੂ ਅੰਕੜਿਆਂ ਤੋਂ, ਖੇਤੀ ਵਿਗਿਆਨੀਆਂ ਨਾਲ ਵਿਚਾਰ ਕਰਕੇ ਅਤੇ ਸਥਾਨਕ ਕਿਸਾਨਾਂ ਦੇ ਤਜਰਬੇ ਸਾਂਝੇ ਕਰਦਿਆਂ ਅਤਿ ਸਾਵਧਾਨੀ ਨਾਲ ਤੈਅ ਕੀਤੇ ਜਾ ਸਕਦੇ ਹਨ।

ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਚੁਣੀਆਂ ਫ਼ਸਲਾਂ ਵਿੱਚੋਂ ਹਰ ਫ਼ਸਲ/ਫ਼ਸਲੀ ਚੱਕਰ ਦਾ ਸਮੇਤ ਇਸ ਦੀ ਬਰਾਮਦੀ ਗੁੰਜਾਇਸ਼ ਦੇ ਇੱਕ ਮੁਨਾਫ਼ੇ ਦਾ ਸੂਚਕ ਅੰਕ ਤਿਆਰ ਕੀਤਾ ਜਾਵੇਗਾ ਤਾਂ ਕਿ ਇਲਾਕਾ ਪ੍ਰਸਾਰ (Extension) ਮਾਹਿਰਾਂ ਵੱਲੋਂ ਹਰ ਕਿਸਾਨ ਪਰਿਵਾਰ ਦੀ ਸਥਿਤੀ ਨੂੰ ਦੇਖਦਿਆਂ ਹਰ ਫ਼ਸਲ ਜਾਂ ਫ਼ਸਲਾਂ ਦੇ ਜੋੜ-ਮੇਲ ਦੀ ਅਨੁਕੂਲਤਾ ਨੂੰ ਅੰਗਿਆ ਜਾ ਸਕੇ। ਅਜਿਹਾ ਵੀ ਹੋ ਸਕਦਾ ਹੈ ਕਿ ਕੁਦਰਤੀ ਪੈਦਾਵਾਰੀ ਇਲਾਕੇ ਦੀ ਸਭ ਤੋਂ ਵੱਧ ਲਾਭਦਾਇਕ ਫ਼ਸਲ ਵੀ, ਹਰ ਕਿਸਾਨ ਪਰਿਵਾਰ ਦੇ ਸਾਧਨਾਂ, ਪਰਿਵਾਰਿਕ ਮਿਹਨਤ ਸ਼ਕਤੀ ਅਤੇ ਹੋਰ ਕਾਰਨਾਂ ਸਦਕਾ ਅਨੁਕੂਲ ਨਾ ਹੋਵੇ ਅਤੇ ਇਸ ਤਰ੍ਹਾਂ ਹੋਰ ਕੋਈ ਦੂਜੀ ਫ਼ਸਲ ਅਜਿਹੇ ਕਿਸਾਨ ਪਰਿਵਾਰਾਂ ਲਈ ਵੱਧ ਅਨੁਕੂਲ ਤੇ ਲਾਹੇਵੰਦ ਹੋਵੇ।

ਖੇਤੀਬਾੜੀ ਅਤੇ ਬਾਗਬਾਨੀ ਦੇ ਕੱਚੇ ਮਾਲ ਦੀ ਕਦਰ-ਵਧਾਈ ਲਈ ਇਹਨਾਂ ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਚੰਗੀ ਕੁਆਲਿਟੀ ਦੇ ਕੱਚੇ ਮਾਲ ਦੀ ਘੱਟ ਕੀਮਤ 'ਤੇ ਉਪਲਬਧਤਾ ਅਤੇ ਢੋਆ-ਢੁਆਈ ਦੇ ਘੱਟ ਖਰਚਿਆਂ ਕਾਰਨ ਡੱਬਾਬੰਦੀ ਵਾਲੀ ਸਨਅਤ ਇਨ੍ਹਾਂ ਵੱਲ ਸੇਧਿਤ ਹੋਵੇਗੀ। ਇੰਝ ਉਪਜਾਊ ਰੁਜ਼ਗਾਰ ਮੁਹੱਈਆ ਕਰਵਾ ਕੇ ਇਹ ਪੇਂਡੂ ਆਰਥਿਕਤਾ ਨੂੰ ਹੁਲਾਰਾ ਦੇਵੇਗਾ ਅਤੇ ਆਬਾਦੀ ਅਤੇ ਸਥਾਨਕ ਗਿਆਨ (Local Intellect) ਦੇ ਸ਼ਹਿਰਾਂ ਵੱਲ ਨੂੰ ਪ੍ਰਵਾਸ 'ਤੇ ਰੋਕ ਬਣੇਗਾ। ਇਸ ਤਰ੍ਹਾਂ ਸ਼ਹਿਰਾਂ 'ਤੇ ਦਬਾਅ ਵੀ ਘਟੇਗਾ।

ਕੁਦਰਤੀ ਪੈਦਾਵਾਰੀ ਇਲਾਕਿਆਂ ਅੰਦਰ ਕੋਲਡ ਚੇਨ ਦੀਆਂ ਸਹੂਲਤਾਂ ਵਾਲਾ ਮੰਡੀ ਦਾ ਵਿਕਾਸ ਬਾਹਰਲੇ ਖਰੀਦਦਾਰਾਂ ਲਈ ਖਿੱਚ ਦਾ ਕੇਂਦਰ ਬਣੇਗਾ ਜਿਹੜੇ ਕਿ ਕਿਸਾਨਾਂ ਨਾਲ ਇਨ੍ਹਾਂ ਮੰਡੀ ਦੇ ਕੋਲਡ ਸਟੋਰਾਂ 'ਤੇ ਚੰਗੇ ਤਰੀਕੇ ਨਾਲ ਸੰਭਾਲੀ ਹੋਈ ਪੈਦਾਵਾਰ ਖਰੀਦਣ ਲਈ ਤਾਲਮੇਲ ਕਰਨਗੇ। ਕਿਸਾਨ ਮੌਜੂਦਾ ਪ੍ਰਬੰਧ ਨਾਲੋਂ ਸੌਦੇਬਾਜ਼ੀ ਕਰਨ ਲਈ ਕਿਤੇ ਵੱਧ ਚੰਗੀ ਸਥਿਤੀ 'ਚ ਹੋਵਗਾ।

### 2.1.2 ਇਲਾਕਾ-ਮੁਖੀ ਵਿਸ਼ੇਸ਼ ਖੋਜ ਅਤੇ ਪ੍ਰਸਾਰ

ਪੰਜਾਬ ਦੇ ਖੇਤੀ ਵਾਤਾਵਰਨ ਦੀ ਵੰਨ-ਸੁਵੰਨਤਾ, ਸਬੰਧਤ ਫ਼ਸਲਾਂ ਦੀ ਆਪਣੀ ਕੁਦਰਤੀ ਲੋੜ ਪੂਰਤੀ ਵਾਲੇ ਮਾਹੌਲ ਅਨੁਸਾਰ ਇਲਾਕਾਈ ਅਧਾਰ 'ਤੇ ਚੋਣ ਇਨ੍ਹਾਂ ਉਪਰ ਖੋਜ ਅਤੇ ਪ੍ਰਸਾਰ ਕਰਨ ਲਈ ਖੇਤੀ ਪੈਦਾਵਾਰੀ ਸਰੋਤਾਂ ਦੇ ਕਈ ਜੋੜ-ਮੇਲਾਂ ਨੂੰ, ਇੱਕ ਸਾਜ਼ਗਾਰ ਮੌਕੇ ਅਤੇ ਇੱਕ ਲੋੜ ਵਜੋਂ, ਪੇਸ਼ ਕਰ ਰਹੀ ਹੈ ਤਾਂ ਕਿ ਖੇਤੀ/ਬਾਗਬਾਨੀ ਪੈਦਾਵਾਰ ਨੂੰ ਕੌਮਾਂਤਰੀ ਪੱਧਰ 'ਤੇ ਮੁਕਾਬਲੇਯੋਗ ਬਣਾਇਆ ਜਾ ਸਕੇ। ਇੱਕ ਖਾਸ ਇਲਾਕੇ ਵਿੱਚ ਖੋਜ ਕਰਕੇ ਇਹਦੇ ਸਿੱਟਿਆਂ/ਸਿਫਾਰਿਸ਼ਾਂ ਨੂੰ ਆਮ ਰੂਪ ਵਿੱਚ ਦੂਜੇ ਇਲਾਕਿਆਂ ਵਿੱਚ ਜਿੱਥੇ ਕਿ ਵੱਖਰੀ ਕਿਸਮ ਦੇ ਖੇਤੀ ਪੈਦਾਵਾਰੀ ਸਰੋਤ ਮੌਜੂਦ ਹਨ, ਲਾਗੂ ਕਰਨ ਦੇ ਮੌਜੂਦਾ ਸਿਸਟਮ ਨਾਲ ਨਾ ਸਿਰਫ਼ ਪੈਦਾਵਾਰੀ ਖਰਚਿਆਂ ਵਿੱਚ ਵਾਧਾ ਹੋਇਆ, ਸਗੋਂ ਮਾੜੀ ਕੁਆਲਿਟੀ ਅਤੇ ਘੱਟ ਝਾੜ ਪ੍ਰਾਪਤ ਹੋਇਆ ਹੈ। ਇਹ ਵੀ ਹੈ ਕਿ ਖੇਤੀ 'ਚ ਹੁਣ ਆਮ ਰੂਪ 'ਚ ਸਿਫਾਰਿਸ਼ਾਂ (Generalizations) ਦਾ ਸਮਾਂ ਖ਼ਤਮ ਹੋ ਚੁੱਕਾ ਹੈ ਕਿਉਂਕਿ ਹਰ ਫ਼ਸਲ ਆਪਣੇ ਵੱਖ-ਵੱਖ ਪੈਦਾਵਾਰੀ ਅਤੇ ਮੰਡੀਕਰਨ ਦੇ ਪਹਿਲੂਆਂ ਕਾਰਨ ਵਿਸ਼ੇਸ਼ ਖੋਜ ਅਤੇ ਪ੍ਰਸਾਰ ਦੀਆਂ ਸਾਂਝੀਆਂ ਕੋਸ਼ਿਸਾਂ ਦੀ ਮੰਗ ਕਰਦੀ ਹੈ।

### 2.1.3 ਮਾਹਿਰ (Professional) ਕਮੇਟੀਆਂ ਦਾ ਗਠਨ

ਅਜਿਹੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇਹ ਸਮਝਣਾ ਲਾਜ਼ਮੀ ਹੈ ਕਿ ਸਰਕਾਰ ਦੀ ਇੱਛਾ-ਸ਼ਕਤੀ ਦੇ ਨਾਲ-ਨਾਲ, ਖੇਤੀਬਾੜੀ/ਬਾਗਬਾਨੀ ਉਤਪਾਦਨ ਪ੍ਰਕਿਰਿਆ ਵਿੱਚ ਸਭ ਤੋਂ ਮਹੱਤਵਪੂਰਨ ਨਿਵੇਸ਼ ਮਨੁੱਖੀ ਸਰੋਤ ਹੈ ਜਿੱਥੇ ਵਿਗਿਆਨੀ, ਪ੍ਰਸਾਰ ਮਾਹਿਰ ਅਤੇ ਕਿਸਾਨ ਤਿੰਨੋ ਇਸ ਲੜੀ ਦੇ ਸਭ ਤੋਂ ਅਹਿਮ ਅੰਗ ਹਨ। ਕੁਦਰਤੀ ਪੈਦਾਵਾਰੀ ਇਲਾਕੇ ਦੀ ਹਰੇਕ ਪ੍ਰਮੁੱਖ ਫ਼ਸਲ/ ਫ਼ਸਲਾਂ ਲਈ, ਇੱਕ ਮਾਹਿਰ ਕਮੇਟੀ ਹੋਣੀ ਚਾਹੀਦੀ ਹੈ, ਜਿਸ ਵਿੱਚ ਫ਼ਸਲ ਦੇ ਖੇਤਰੀ ਵਿਸਥਾਰ ਮਾਹਿਰ (ਨੋਡਲ ਅਫਸਰ ਫੀਲਡ), ਫ਼ਸਲ ਦੇ ਖੇਤਰੀ ਵਿਗਿਆਨੀ, ਫ਼ਸਲ ਦੇ ਕਿਸਾਨ ਨੁਮਾਂਇੰਦੇ ਅਤੇ ਅਗਾਂਹਵਧੂ ਕਿਸਾਨ ਸੁਸਾਇਟੀ ਦੇ ਮੰਡੀ ਮਾਹਿਰ ਸ਼ਾਮਿਲ ਹੋਣ।

ਇਸ ਕਮੇਟੀ ਵੱਲੋਂ ਹਰ ਮਹੀਨੇ ਜਾਂ ਲੋੜ ਅਨੁਸਾਰ ਮੀਟਿੰਗ ਕਰਕੇ ਉਕਤ ਫ਼ਸਲ ਦੀਆਂ ਸਮੱਸਿਆਵਾਂ ਦਾ ਹਰ ਪੱਖੋਂ ਵਿਚਾਰ ਕੀਤਾ ਜਾਵੇਗਾ। ਹੇਠਲੇ ਪੱਧਰ 'ਤੇ ਨੇੜਿਓਂ ਜੁੜੀ ਹੋਣ ਕਰਕੇ ਇਹ ਇਲਾਕਾ-ਵਿਸ਼ੇਸ਼ ਫ਼ਸਲ-ਵਿਸ਼ੇਸ਼ ਮਾਹਿਰ ਕਮੇਟੀ ਸਥਾਨਕ ਇਲਾਕੇ ਬਾਰੇ ਚੰਗੀ ਸਮਝਦਾਰੀ ਰੱਖਦੀ ਅਤੇ ਮੰਡੀ ਦੀ ਨਬਜ਼ ਨੂੰ ਪਛਾਣਦੀ ਹੋਈ, ਵਿਸ਼ੇਸ਼ ਫ਼ਸਲ ਦੀਆਂ ਘਰੇਲੂ ਅਤੇ ਵਿਸ਼ਵ ਮੰਡੀ ਦੀਆਂ ਲੋੜਾਂ ਅਨੁਸਾਰ ਖੋਜ ਅਤੇ ਵਿਕਾਸ ਦੀਆਂ ਪ੍ਰਾਥਮਿਕਤਾਵਾਂ ਨੂੰ ਕੇਂਦਰਿਤ ਕਰਨ ਅਤੇ ਹੱਲ ਲੱਭਣ ਦੇ ਵੱਧ ਯੋਗ ਹੋਵੇਗੀ। ਅਜਿਹੀ ਖੋਜ ਅਤੇ ਪ੍ਰਸਾਰ ਦੀਆਂ ਕੋਸ਼ਿਸ਼ਾਂ ਦੀ ਮੰਡੀ ਅਤੇ ਫ਼ਸਲੀ ਵਿਕਾਸ ਦੀਆਂ ਜ਼ਰੂਰਤਾਂ ਨਾਲ ਇਕਸੁਰਤਾ ਇਸ ਨੂੰ ਹੋਰ ਲੋੜ ਅਧਾਰਿਤ ਬਣਾਏਗੀ। ਖੋਜ ਦੇ ਸਿੱਟਿਆਂ, ਅਰਥਾਤ, ਵਿਕਸਤ ਤਕਨਾਲੋਜੀ ਨੂੰ ਕੁਦਰਤੀ ਪੈਦਾਵਾਰੀ ਇਲਾਕੇ ਵਿੱਚ ਫ਼ਸਲ ਦੇ ਸੰਬੰਧਿਤ ਸੈਂਟਰ ਆਫ ਐਕਸੇਲੈਂਸ (CoE) 'ਤੇ ਪ੍ਰਦਰਸ਼ਿਤ ਕੀਤਾ ਜਾਵੇਗਾ ਅਤੇ ਖੇਤਰੀ ਪ੍ਰਸਾਰ ਮਾਹਿਰ ਦੁਆਰਾ ਆਪਣੇ ਵਿਸਥਾਰ ਮਾਹਿਰਾਂ ਅਤੇ ਅਗਾਂਹਵਧੂ ਕਿਸਾਨ ਸੁਸਾਇਟੀ ਦੀ ਟੀਮ ਦੀ ਮਦਦ ਨਾਲ ਹਰੇਕ ਕਿਸਾਨ ਤੱਕ ਪਹੁੰਚਾਇਆ ਜਾਵੇਗਾ।

## ਫਾਰਮ ਸੈਕਟਰ ਦੀਆਂ ਆਹਲਾ ਸੰਸਥਾਵਾਂ (Institutes of Farm Sector Excellence)
(ਸਹਿਕਾਰੀ ਢੰਗ ਨਾਲ)

ਰਾਜ ਪੱਧਰ - ਵਿਸ਼ੇਸ਼ ਮਕਸਦ ਵਾਹਣ, ਪੀਏਯੂ

1

**ੳ. ਖੇਤੀਬਾੜੀ ਮੰਡੀਕਰਨ ਖੋਜ ਅਤੇ ਚੌਕਸੀ ਸੰਸਥਾ (AMRII)**

**ਉਦੇਸ਼**
ਮੰਗ-ਸਪਲਾਈ ਸੰਤੁਲਨ

⇔

ਰਾਜ ਪੱਧਰ 'ਤੇ ਪੀਏਯੂ ਵਿਖੇ

1

**ਅ. ਇੰਨੋਵੇਟਿਵ ਖੇਤੀ ਮੰਡੀਕਰਨ ਸੁਸਾਇਟੀ (IAMS)**

**ਉਦੇਸ਼**
ਵਿਭਿੰਨ ਖੇਤੀ ਪੈਦਾਵਾਰ ਦਾ ਮੰਡੀਕਰਨ

ਸ - ਦੁਆਰਾ ਸਹਿਯੋਗੀ ਸੰਸਥਾ

ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ

13+5

**ੲ. ਸੈਂਟਰ ਆਫ਼ ਐਕਸੇਲੈਂਸ (COE) (ਫ਼ਸਲ ਵਿਸ਼ੇਸ਼)**

**ਉਦੇਸ਼**
- ਪ੍ਰਦਰਸ਼ਨ
- ਸਿਖਲਾਈ
- ਭਾਗੀਦਾਰੀ ਖੋਜ (ਪੀ.ਏ.ਯੂ. + ਵਿਭਾਗ ਦੇ ਮਾਹਿਰ + ਅਗਾਂਹਵਾਧੂ ਕਿਸਾਨ ਸੁਸਾਇਟੀਆਂ ਦੇ ਪ੍ਰਤੀਨਿਧ ਕਿਸਾਨ)

ਸਰਕਾਰੀ

⇔

ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ

18

**ਸ. ਅਗਾਂਹਵਧੂ ਕਿਸਾਨ ਸੁਸਾਇਟੀਆਂ (PFS)**

**ਉਦੇਸ਼**
- ਗੁਣਵੱਤਾ ਉਤਪਾਦਨ
- ਕਦਰ ਵਧਾਈ/ਪ੍ਰੋਸੈਸਿੰਗ
- ਸਟੋਰੇਜ ਅਤੇ ਮੰਡੀਕਰਨ

ਖੁਦਮੁਖਤਿਆਰ- ਸਰਕਾਰੀ ਸਹਾਇਤਾ ਪ੍ਰਾਪਤ

**ਹ. ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ (MPCS)**

3523

ਕਮਾਂਡ ਖੇਤਰ

ਹਰੇਕ MPCS: 3-5 ਪਿੰਡ

**ਉਦੇਸ਼**
- ਲਾਗਤ ਵਸਤਾਂ ਦੀ ਸਪਲਾਈ
- ਕਦਰ ਵਧਾਈ/ਪ੍ਰੋਸੈਸਿੰਗ
- ਮੰਡੀਕਰਨ ਅਤੇ ਸਟੋਰੇਜ
- ਕਰਜ਼ਾ ਸਹੂਲਤਾਂ
- ਉਪਜੀਵਕਾ ਲਈ ਹੋਰ ਮਦਦਗਾਰ ਸੇਵਾਂਵਾਂ

ਸਰਕਾਰੀ

ਰਾਜ ਵਿੱਚ ਖਾਸ ਫ਼ਸਲ ਦੇ ਰਕਬੇ ਅਤੇ ਮਹੱਤਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਅਜਿਹੀਆਂ ਹੋਰ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ, ਜਿਸ ਦੀ ਅਗਵਾਈ ਸੂਬਾ ਪੱਧਰੀ ਨੋਡਲ ਮਾਹਿਰ ਕਮੇਟੀ ਕਰੇਗੀ। ਜਿਸ ਵਿੱਚ ਨੋਡਲ ਪ੍ਰਸਾਰ ਮਾਹਿਰ, ਨੋਡਲ ਵਿਗਿਆਨੀ, ਪ੍ਰਸਤਾਵਿਤ ਖੇਤੀ ਮੰਡੀ ਖੋਜ ਤੇ ਚੌਕਸੀ ਸੰਸਥਾ (Agriculture Marketing Research and Intelligence Institute- AMRII) ਦੇ ਨੁਮਾਇੰਦੇ, ਇੰਨੋਵੇਟਿਵ ਖੇਤੀ ਮੰਡੀਕਰਨ ਸੁਸਾਇਟੀ (Innovative Agriculture Marketing Society- IAMS) ਦੇ ਨੁਮਾਇੰਦੇ, ਕਿਸਾਨ ਨੁਮਾਇੰਦੇ ਅਤੇ ਖਪਤਕਾਰ ਨੁਮਾਇੰਦੇ ਸ਼ਾਮਿਲ ਹੋਣਗੇ। ਨੋਡਲ ਮਾਹਿਰ ਕਮੇਟੀ ਖਾਸ ਫ਼ਸਲ ਨੂੰ ਲਾਭਦਾਇਕ ਬਣਾਉਣ ਅਤੇ ਸਰਕਾਰੀ ਸਹਾਇਤਾ ਨਾਲ ਪ੍ਰਵਾਨਿਤ ਯੋਜਨਾਵਾਂ ਨੂੰ ਲਾਗੂ ਕਰਨ ਦੇ ਤਰੀਕੇ ਅਤੇ ਸਾਧਨ ਤਿਆਰ ਕਰਨ ਲਈ ਜ਼ਿੰਮੇਵਾਰ ਹੋਵੇਗੀ। ਸਿਖਰ ਕਮੇਟੀ (Apex Committee) ਜਿਸਦੇ ਚੇਅਰਮੈਨ ਸੰਬੰਧਿਤ ਮੰਤਰੀ ਹੋਣਗੇ, ਵਿੱਤ ਵਿਭਾਗ ਦਾ ਨੁਮਾਇੰਦਾ ਜਾਂ ਲੋੜ ਅਨੁਸਾਰ ਕਿਸੇ ਹੋਰ ਵਿਭਾਗ ਦਾ ਨੁਮਾਇੰਦਾ ਅਤੇ ਖੇਤੀਬਾੜੀ/ਬਾਗਬਾਨੀ ਦਾ ਡਾਇਰੈਕਟਰ ਇਸ ਵਿੱਚ ਸ਼ਾਮਿਲ ਹੋਣਗੇ ਜੋ ਨੋਡਲ ਪੇਸ਼ਾਵਰ ਕਮੇਟੀ ਵੱਲੋਂ ਪੇਸ਼ ਕੀਤੀਆਂ ਤਜਵੀਜ਼ਾਂ ਨੂੰ ਅੰਤਿਮ ਰੂਪ ਦੇਵੇਗੀ ਅਤੇ ਹਰ ਪੱਖੋਂ ਲੋੜੀਂਦੀ ਸਰਕਾਰੀ ਮਦਦ ਲਈ ਜ਼ਿੰਮੇਵਾਰ ਹੋਵੇਗੀ।

## 2.2 ਮੰਡੀਕਰਨ

### 2.2.1 ਅਨਾਸ਼ਵਾਨ ਵਸਤਾਂ

ਖੇਤੀਬਾੜੀ ਦੇ ਮੰਡੀਕਰਨ ਦੀਆਂ ਸਾਡੀ ਆਰਥਿਕਤਾ ਦੇ ਵਿਕਾਸ ਅਤੇ ਵਿਸਥਾਰ ’ਚ ਯੋਗਦਾਨ ਪਾਉਣ ਦੀਆਂ ਮਹਾਨ ਸੰਭਾਵਨਾਵਾਂ ਮੌਜੂਦ ਹਨ ਕਿਉਂ ਜੋ ਆਰਥਿਕ ਵਿਕਾਸ ਬਹੁਤ ਆਧੁਨਿਕ ਅਤੇ ਕੁਸ਼ਲ ਮੰਡੀਕਰਨ ਦੇ ਢੰਗ ਤਰੀਕਿਆਂ ਦੀ ਰਚਨਾ ਕਰਦਾ ਹੈ। ਕੁਸ਼ਲ ਢਾਂਚਾਗਤ ਮੰਡੀਆਂ ਦਾ ਜਾਲ ਵਿਛਾਉਣ ਦਾ ਮੁੱਖ ਨਿਸ਼ਾਨਾ ਮੰਡੀ ਮੰਗ ਤੇ ਸਪਲਾਈ ਦੀਆਂ ਸ਼ਕਤੀਆਂ ਲਈ ਇੱਕ ਨਿਰਪੱਖ ਮਹੌਲ ਸਿਰਜਣਾ, ਮੰਡੀ ਦੇ ਕਾਰਜਾਂ ਨੂੰ ਨਿਯਮਤ ਕਰਨਾ ਅਤੇ ਅਦਾਨ ਪ੍ਰਦਾਨ ’ਚ ਪਾਰਦਰਸ਼ਤਾ ਲਿਆਉਣਾ ਹੈ ਤਾਂ ਕਿ ਕਿਸਾਨਾਂ ਲਈ ਵਾਜਬ ਕੀਮਤਾਂ ਯਕੀਨੀ ਬਣਾਈਆਂ ਜਾ ਸਕਣ। ਪੰਜਾਬ ਰਾਜ ਵਿੱਚ ਅਨਾਸ਼ਵਾਨ (Non-Perishable) ਫ਼ਸਲਾਂ ਜਿਵੇਂ ਕਿ ਅਨਾਜ, ਤੇਲ ਬੀਜ, ਕਪਾਹ ਆਦਿ ਲਈ ਪਹੁੰਚਯੋਗ ਪ੍ਰਮੁੱਖ ਮੰਡੀਆਂ ਅਤੇ ਉਪ-ਯਾਰਡਾਂ (sub-yard) ਸਮੇਤ ਮੰਡੀਕਰਨ ਢਾਂਚੇ ਦਾ ਇੱਕ ਵਿਸ਼ਾਲ ਜਾਲ ਵਿਛਿਆ ਹੈ। ਭਾਵੇਂ ਕਿ ਮੌਜੂਦਾ ਨਿਯਮਤ ਮੰਡੀ ਢਾਂਚਾ ਅਨਾਸ਼ਵਾਨ ਫ਼ਸਲਾਂ ਦੀ ਖਰੀਦ ਲਈ ਕਾਫੀ ਹੈ ਪਰ ਇਹ ਮੰਡੀ ਸਿਸਟਮ ਨਾਸ਼ਵਾਨ ਫ਼ਸਲਾਂ ਜਿਵੇਂ ਫਲ, ਸਬਜੀਆਂ ਅਤੇ ਅਜਿਹੀ ਹੋਰ ਪੈਦਾਵਾਰ ਦੀਆਂ ਖਰੀਦ ਲੋੜਾਂ ਨਾਲ ਨਜਿੱਠਣ ਦੇ ਕਾਬਲ ਨਹੀਂ।

ਪੰਜਾਬ ਦੀਆਂ ਖੇਤੀਬਾੜੀ ਮੰਡੀਆਂ ਦੀ ਮੁੱਖ ਵਿਸ਼ੇਸ਼ਤਾ ਦਲਾਲਾਂ ਦੀ ਮੌਜੂਦਗੀ ਹੈ ਜਿਨ੍ਹਾਂ ਨੂੰ ਆਮ ਤੌਰ ’ਤੇ ਆੜ੍ਹਤੀਏ ਕਿਹਾ ਜਾਂਦਾ ਹੈ। ਇਨ੍ਹਾਂ ਵਿਚੋਲਿਆਂ ਨੇ, ਜੋ ਕਿ ਛੋਟੇ ਦੁਕਾਨਦਾਰਾਂ ਅਤੇ ਵਪਾਰੀਆਂ ’ਚੋਂ ਉੱਭਰੇ, ਇਨ੍ਹਾਂ ਨੇ ਪੰਜਾਬ ਦੇ ਖੇਤੀ ਦ੍ਰਿਸ਼ ’ਚ ਦੋਨੋਂ ਤਰ੍ਹਾਂ ਦਾ, ਹਾਂ ਪੱਖੀ ਅਤੇ ਨਾਂਹ ਪੱਖੀ ਮਹੱਤਵਪੂਰਨ ਇਤਿਹਾਸਕ ਰੋਲ ਅਦਾ ਕੀਤਾ। ਆੜ੍ਹਤੀਆ ਖੇਤੀਬਾੜੀ ਮੰਡੀਕਰਨ ਸਿਸਟਮ ਦਾ ਬਹੁਤ ਪ੍ਰਭਾਵੀ ਸ਼ਖਸ਼ ਹੈ। ਇਹ ਵੇਚਣ ਵਾਲੇ (ਕਿਸਾਨਾਂ) ਅਤੇ ਖਰੀਦਦਾਰ (ਖਪਤਕਾਰ, ਥੋਕ ਵਿਕਰੇਤਾ, ਏਜੰਸੀਆਂ) ਦਰਮਿਆਨ ਲਿੰਕ ਹੈ। ਹਾਂ-ਪੱਖੀ ਪਹਿਲੂ ਤੋਂ ਇਹ ਕਿਸਾਨਾਂ ਨੂੰ ਵਿਸ਼ੇਸ਼ਕਰ ਲੋੜ ਸਮੇਂ ਮਹੱਤਵਪੂਰਨ ਵਿੱਤੀ ਮਦਦ ਦੇਣ ’ਚ ਕਾਰਜਸ਼ੀਲ ਰਹਿੰਦਾ ਹੈ। ਉਹ ਕਿਸਾਨਾਂ ਨੂੰ ਖੇਤੀ ਲਾਗਤ ਵਸਤਾਂ ਅਤੇ ਉਧਾਰ ਦਿੰਦੇ ਹਨ ਅਤੇ ਮੰਡੀ ਵਿੱਚ ਖੇਤੀ ਪੈਦਾਵਾਰ ਦੀ ਵਿਕਰੀ ਦੀ ਸਹੂਲਤ ਮੁਹੱਈਆ ਕਰਦੇ ਹਨ। ਹਾਲਾਂ ਕਿ ਆੜ੍ਹਤੀਆਂ ਵੱਲੋਂ ਕਿਸਾਨਾਂ ਦੀ ਲੁੱਟ ਦੀ ਸਮਰੱਥਾ ਉਨ੍ਹਾਂ ਦਾ ਇਤਿਹਾਸਕ ਨਾਂਹ ਪੱਖੀ ਪਹਿਲੂ ਹੈ। ਉਧਾਰ ’ਤੇ ਵਿਆਜ ਦੀਆਂ ਉਚੀਆਂ ਦਰਾਂ, ਘਟੀਆ ਖੇਤੀ ਲਾਗਤ ਵਸਤਾਂ ਦੀ ਸਪਲਾਈ, ਆੜ੍ਹਤ ਦੇ ਵੱਧ ਖਰਚੇ, ਅਤੇ ਕੀਮਤਾਂ ਤੈਅ ਕਰਨ ਅਤੇ ਅਦਾਨ-ਪ੍ਰਦਾਨ ’ਚ ਪਾਰਦਰਸ਼ਤਾ ਦੀ ਘਾਟ ਅਕਸਰ ਕਿਸਾਨਾਂ ਦੀ ਪੈਦਾਵਾਰ ਦੀ ਆਮਦਨ ਵਾਪਸੀ ਘਟਾਉਂਦੀ ਰਹੀ ਹੈ। ਕਣਕ ਅਤੇ ਝੋਨੇ ਵਰਗੀਆਂ ਫ਼ਸਲਾਂ ਦੀ ਪੈਦਾਵਾਰ ਦੇ ਘੱਟੋ-ਘੱਟ ਸਮਰਥਨ ਮੁੱਲ ਤੇ

ਮੰਡੀਕਰਨ 'ਚ ਮਾਮੂਲੀ ਭੂਮਿਕਾ ਅਦਾ ਕਰਨ ਦੇ ਬਾਵਜੂਦ ਇਹ ਆੜ੍ਹਤੀਏ ਪਿਛਲਿਆਂ ਸਾਲਾਂ 'ਚ ਆਪਣੀ ਦਲਾਲੀ ਵਧਾਉਣ 'ਚ ਕਾਮਯਾਬ ਹੁੰਦੇ ਰਹੇ (ਅਨੁਲੱਗ IV)। ਆੜ੍ਹਤੀਆਂ ਦਾ ਦਬਦਬਾ ਅਤੇ ਖੇਤੀਬਾੜੀ ਦੀਆਂ ਮੰਡੀਆਂ ਦੀਆਂ ਹੋਰ ਅਕੁਸ਼ਲਤਾਵਾਂ (ਕਮਜ਼ੋਰੀਆਂ) ਖਤਮ ਕਰਨ ਲਈ ਸਰਕਾਰ ਨੂੰ ਕੀਮਤਾਂ ਤੈਅ ਕਰਨ 'ਚ ਪਾਰਦਰਸ਼ਤਾ ਸਮੇਤ ਬਦਲਾਵਾਂ ਮੰਡੀਕਰਨ ਸਿਸਟਮ, ਮਾੜੇ ਅਮਲਾਂ 'ਤੇ ਸਖਤੀ, ਕੀਮਤਾਂ ਤੈਅ ਕਰਨ ਅਤੇ ਭੁਗਤਾਨ ਦਾ ਦਰੁਸਤ ਢੰਗ, ਦਲਾਲੀ ਘਟਾਉਣਾ, ਸਾਰੀ ਪ੍ਰਕਿਰਿਆ ਦਾ ਕੰਪਿਊਟਰੀਕਰਨ ਆਦਿ ਕਰਨ ਦੀ ਲੋੜ ਹੈ।

### 2.2.2 ਨਾਸ਼ਵਾਨ ਵਸਤਾਂ

ਆਰਥਿਕਤਾ ਦੇ ਸਾਰੇ ਬੁਨਿਆਦੀ ਖੇਤਰ ਜਿਵੇਂ ਪ੍ਰਾਇਮਰੀ (ਕੱਚਾ ਮਾਲ), ਸੈਕੰਡਰੀ (ਤਿਆਰ ਮਾਲ), ਅਤੇ ਤੀਜੇ (ਸੇਵਾ ਖੇਤਰ) ਖੇਤਰ ਵਿੱਚ ਉਤਪਾਦਕ ਖੁਦ ਆਪਣੇ ਕੱਚੇ ਅਤੇ ਤਿਆਰ ਉਤਪਾਦ ਦੀ ਕੀਮਤ ਮੰਡੀ ਵਿੱਚ ਵਿਕਰੀ ਲਈ ਰੱਖਣ ਤੋਂ ਪਹਿਲਾਂ ਨਿਰਧਾਰਿਤ ਕਰਦਾ ਹੈ। ਜਦਕਿ ਪ੍ਰਾਇਮਰੀ ਖੇਤਰ ਵਿੱਚ ਇਹ ਸਿਰਫ ਖੇਤੀ ਹੀ ਹੈ ਜਿੱਥੇ ਕਿਸਾਨਾਂ ਦੀ ਪੈਦਾਵਾਰ ਦੀ ਕੀਮਤ ਦੀ ਮੰਡੀ ਵਿੱਚ "ਖੋਜ" ਇਸ ਨੂੰ ਪੈਦਾ ਕਰਨ ਵਾਲੇ ਤੋਂ ਬਾਹਰਲੀਆਂ ਸ਼ਕਤੀਆਂ ਦੁਆਰਾ ਨਿਰਧਾਰਿਤ ਕੀਤੀ ਜਾਂਦੀ ਹੈ।

ਇਹ ਇੱਕ ਹਕੀਕਤ ਹੈ ਕਿ ਵੱਖ-ਵੱਖ ਕਿਸਮ ਦੀ ਖੇਤੀ ਪੈਦਾਵਾਰ ਦੇ ਰੂਪ ਵਿੱਚ ਕਿਸਾਨਾਂ ਵੱਲੋਂ ਖੇਤਾਂ ਵਿੱਚ ਪੈਦਾ ਕੀਤੀ ਕਦਰ ਦੀ ਕੀਮਤ ਨਿਰਧਾਰਿਤ (ਖੋਜ) ਕਰਨਾ ਆਧੁਨਿਕ ਮੰਡੀ ਵਿੱਚ ਸਭ ਤੋਂ ਮਹੱਤਵਪੂਰਨ ਕਾਰਜ ਹੈ। ਇਹ ਕਾਰਵਾਈ ਕੀਮਤ ਨਿਰਧਾਰਿਤ ਕਰਨ ਵਾਲੇ ਏਜੰਟਾਂ-ਵਿਚੋਲਿਆਂ ਦੁਆਰਾ ਚਲਾਈ ਅਤੇ ਕੰਟਰੋਲ ਕੀਤੀ ਜਾਂਦੀ ਹੈ। ਇਹ ਰਜਿਸਟਰਡ ਕਮਿਸ਼ਨ ਏਜੰਟ ਅਤੇ ਇਨ੍ਹਾਂ ਦੇ ਪੱਕੇ ਪ੍ਰਚੂਨ ਵਿਕਰੇਤਾਵਾਂ ਅਤੇ ਵਪਾਰੀਆਂ ਦੇ ਗਰੁੱਪ ਸਾਂਝੇ ਤੌਰ 'ਤੇ ਆਪਸੀ ਸਹਿਮਤੀ ਕਰਕੇ ਬਿਨਾਂ ਕਿਸੇ ਅਸਲ ਮੁਕਾਬਲੇ ਵਾਲੀ ਬੋਲੀ ਦੇ ਕਿਸਾਨਾਂ ਦੀ ਪੈਦਾਵਾਰ ਦੀ ਸਭ ਤੋਂ ਘੱਟ ਸੰਭਵ ਕੀਮਤ ਨਿਰਧਾਰਿਤ ਕਰਦੇ ਹਨ। ਇੱਕੋ-ਇੱਕ ਫਰਕ ਸਿਰਫ ਕਣਕ, ਝੋਨੇ ਅਤੇ ਗੰਨੇ ਦੇ ਮਾਮਲੇ ਵਿੱਚ ਹੈ, ਜਿੱਥੇ ਭਾਰਤ ਸਰਕਾਰ ਦੁਆਰਾ ਘੱਟੋ-ਘੱਟ ਸਮਰਥਨ ਮੁੱਲ ਨਿਰਧਾਰਿਤ ਕੀਤਾ ਜਾਂਦਾ ਹੈ ਅਤੇ ਜਿੱਥੇ ਇਸ ਤਹਿਤ ਖਰੀਦ ਹੁੰਦੀ ਹੈ, ਹਾਲਾਂਕਿ ਵਾਜਬ ਮੁੱਲ ਨਿਰਧਾਰਨ ਦੇ ਪੱਖ ਤੋਂ ਇਹ ਵੀ ਸਦਾ ਸਵਾਲਾਂ ਦੇ ਘੇਰੇ ਵਿੱਚ ਰਹਿੰਦਾ ਹੈ। ਇਸ ਤੋਂ ਅਗਾਂਹ ਕਿਸਾਨ ਲਈ ਇੰਝ ਨਿਰਧਾਰਿਤ ਕੀਤੀ ਕੀਮਤ ਨੂੰ ਖੁਦ ਹੀ ਹੋਰ ਵਧਾਈ ਹੋਈ ਇੱਕ ਉੱਚੀ ਕੀਮਤ ਵਜੋਂ ਬਦਲ ਕੇ ਤੈਅ ਕਰ ਲਿਆ ਜਾਂਦਾ ਹੈ ਜਿਸ ਨੂੰ ਖਪਤਕਾਰ ਲਈ ਪ੍ਰਚੂਨ ਕੀਮਤ ਕਿਹਾ ਜਾਂਦਾ ਹੈ। ਆਮ ਤੌਰ 'ਤੇ ਕਿਸਾਨ ਲਈ ਖੋਜ/ਨਿਰਧਾਰਿਤ ਕੀਤੀ ਕੀਮਤ ਅਤੇ ਖਪਤਕਾਰ ਲਈ ਪ੍ਰਚੂਨ ਕੀਮਤ ਦਾ ਬਹੁਤ ਜ਼ਿਆਦਾ ਫਰਕ ਹੁੰਦਾ ਹੈ ਭਾਵੇਂ ਇਸ 'ਤੇ ਕੁਝ ਕੁ ਖਰਚੇ ਵੀ ਜੁੜਦੇ ਹਨ। ਇਹ ਕੀਮਤ ਖੋਜ ਕਰਨ ਦਾ ਸਿਸਟਮ ਕਿਸਾਨਾਂ ਦੀ ਲੁੱਟ ਕਰਦਾ ਹੋਇਆ ਉਹਨਾਂ ਨੂੰ ਦੁੱਖਾਂ ਤਕਲੀਫਾਂ ਦਾ ਭਾਗੀ ਬਣਾ ਦਿੰਦਾ ਹੈ।

ਉਪਰੋਕਤ ਸੰਦਰਭ ਵਿੱਚ ਕਿਸਾਨਾਂ ਨੂੰ ਮੰਡੀ ਨਾਲ ਸੰਬੰਧਿਤ ਜਿਨ੍ਹਾਂ ਮੁੱਖ ਸਮੱਸਿਆਵਾਂ ਅਤੇ ਅਨਿਸ਼ਚਿਤਤਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਹ ਹੇਠ ਲਿਖੇ ਅਨੁਸਾਰ ਹਨ:

i. ਇੱਥੇ ਕੋਈ ਮਾਹਿਰ ਸੰਸਥਾ ਨਹੀਂ ਹੈ ਜੋ ਮੰਗ-ਸਪਲਾਈ ਸੰਤੁਲਨ ਨੂੰ ਯਕੀਨੀ ਬਣਾਵੇ, ਜਿਸ ਕਾਰਨ ਮੰਡੀ ਵਿੱਚ ਪੈਦਾਵਾਰ ਦੀ ਭਰਮਾਰ ਅਤੇ ਨਕਲੀ ਕਮੀਆਂ ਪੈਦਾ ਹੁੰਦੀਆਂ ਹਨ ਜਿਸ ਦੇ ਨਤੀਜੇ ਵਜੋਂ ਕੀਮਤਾਂ ਵਿੱਚ ਬੇਲਗਾਮ ਉਤਰਾ-ਚੜ੍ਹਾਅ ਆਉਂਦੇ ਹਨ।

ii. ਕਿਸਾਨ ਪੈਦਾਵਾਰ ਦਾ ਮਾਹਿਰ ਹੈ ਅਤੇ ਇਸ ਲਈ ਉਹ ਆਪਣੀ ਪੈਦਾਵਾਰ ਨਾਲ ਸੰਬੰਧਿਤ ਹੋਰ ਰੁਝੇਵਿਆਂ ਦੇ ਨਾਲ-ਨਾਲ ਆਧੁਨਿਕ ਮੰਡੀ ਵਿੱਚ ਮੰਡੀਕਰਨ ਦੇ ਵਿਸ਼ੇਸ਼ ਕਾਰਜਾਂ ਨੂੰ ਵਿਅਕਤੀਗਤ ਤੌਰ 'ਤੇ ਕੁਸ਼ਲਤਾ ਨਾਲ ਨੇਪਰੇ ਨਹੀਂ ਚਾੜ੍ਹ ਸਕਦਾ।

iii. ਬਹੁਤ ਸਾਰੀਆਂ ਵਿਭਿੰਨਤਾ ਵਾਲੀਆਂ ਫ਼ਸਲਾਂ/ਬਦਲਾਂ ਦੀ ਵਾਜਬ ਕੀਮਤ ਜਾਂ ਇਥੋਂ ਤੱਕ ਕਿ ਕਿਸਾਨਾਂ ਦੀ ਪੈਦਾਵਾਰ

ਦੀ ਸਭ ਤੋਂ ਹੇਠਲੀ ਪੁੱਗਦੀ ਕੀਮਤ ਵੀ ਸਰਕਾਰ ਦੁਆਰਾ ਨਿਰਧਾਰਿਤ ਨਹੀਂ ਕੀਤੀ ਜਾਂਦੀ। ਇਸ ਤਰ੍ਹਾਂ ਕੀਮਤ ਨਿਰਧਾਰਿਤ ਕਰਨ ਵਾਲੇ ਵਿਚੋਲਿਆਂ/ਏਜੰਟਾਂ ਨੂੰ ਉਹਨਾਂ ਦੇ ਆਪਣੇ ਆਰਥਿਕ ਹਿੱਤਾਂ ਦੇ ਵਧਾਰੇ ਲਈ ਕਿਸਾਨਾਂ ਦੀ ਪੈਦਾਵਾਰ ਦੀ ਸਭ ਤੋਂ ਘੱਟ ਕੀਮਤ ਦੇਣ ਦੀ ਆਜ਼ਾਦੀ ਮਿਲ ਜਾਂਦੀ ਹੈ।

iv. ਕਿਸਾਨਾਂ ਦੀ ਪੈਦਾਵਾਰ ਦੀ ਨਿਰਧਾਰਿਤ ਕੀਤੀ ਕੀਮਤ ਅਤੇ ਪ੍ਰਚੂਨ ਵਿਕਰੇਤਾ ਵੱਲੋਂ ਖੁਦ ਤੈਅ ਕੀਤੀ ਕੀਮਤ ਦਾ ਆਪਸ ਵਿੱਚ ਕੋਈ ਸੰਬੰਧ ਨਹੀਂ ਹੈ। ਇਸ ਤੋਂ ਵੀ ਅਗਾਂਹ, ਸਰਕਾਰ ਦੁਆਰਾ ਕੋਈ ਪ੍ਰਚੂਨ ਮੁੱਲ ਦੀ ਸੀਮਾ ਨਿਰਧਾਰਿਤ ਨਹੀਂ ਕੀਤੀ ਜਾਂਦੀ ਜਿਸ ਨਾਲ ਕਿਸਾਨਾਂ ਤੇ ਖਪਤਕਾਰਾਂ ਦੋਹਾਂ ਦੀ ਲੁੱਟ ਕਰਨ ਲਈ ਸਾਰੀਆਂ ਧਿਰਾਂ ਨੂੰ ਖੁੱਲ੍ਹ ਮਿਲ ਜਾਂਦੀ ਹੈ।

v. ਰਸਮੀ ਬੋਲੀ ਸਵੇਰੇ 4 ਵਜੇ ਦੇ ਕਰੀਬ ਕੀਤੀ ਜਾਂਦੀ ਹੈ ਜਦੋਂ ਕਿ ਦਿਨ ਭਰ ਵਾਢੀ, ਪੈਕਿੰਗ ਅਤੇ ਹੋਰ ਕੰਮਾਂ ਦੇ ਰੁਝੇਵਿਆਂ ਕਾਰਨ ਕਿਸਾਨ ਬੋਲੀ ਪ੍ਰਕਿਰਿਆ ਵਿੱਚ ਇੰਨ੍ਹੇ ਸਵੇਰੇ ਹਿੱਸਾ ਨਹੀਂ ਲੈ ਸਕਦੇ। ਇਸ ਨਾਲ ਕੀਮਤ ਨਿਰਧਾਰਿਤ ਕਰਨ ਵਾਲਿਆਂ ਵਿਚੋਲੇਆਂ ਨੂੰ ਸਭ ਤੋਂ ਘੱਟ ਕੀਮਤਾਂ ਤੈਅ ਕਰਨ ਦੀ ਆਜ਼ਾਦੀ ਮਿਲ ਜਾਂਦੀ ਹੈ। ਕਿਸਾਨ ਦੀ ਗੈਰ ਮੌਜੂਦਗੀ ਵਿੱਚ, ਮੰਡੀ ਵਿੱਚ ਉਸਦੇ ਵਾਜਬ ਹਿਤਾਂ ਦੀ ਰਾਖੀ ਕਰਨ ਵਾਲਾ ਜਾਂ ਨਿਰਪੱਖ ਬੋਲੀ ਨੂੰ ਯਕੀਨੀ ਬਣਾਉਣ ਲਈ ਕੋਈ ਨਿਗਰਾਨ ਨਹੀਂ ਹੈ।

vi. ਸੀਜਨ ਦੇ ਬਿਲਕੁਲ ਅਖੀਰ ’ਤੇ ਲੋੜਾਂ ਦੇ ਦਬਾਅ ਹੇਠ ਕਿਸਾਨ ਨੂੰ ਅਗਲੀ ਫ਼ਸਲ ਵਿੱਚ ਮੁੜ ਨਿਵੇਸ਼ ਕਰਨ, ਕਰਜ਼ਾ ਮੋੜਨ ਅਤੇ ਪਰਿਵਾਰ ਦਾ ਗੁਜ਼ਾਰਾ ਚਲਾਉਣ ਲਈ ਆਪਣੀ ਪੈਦਾਵਾਰ ਦੀ ਕਮਾਈ ਹਾਸਲ ਕਰਨ ਦੀ ਅਣਸਰਦੀ ਲੋੜ ਹੁੰਦੀ ਹੈ। ਦਰਅਸਲ ਅਜਿਹੀ ਸਥਿਤੀ ਵਿੱਚ ਉਸ ਕੋਲ ਨਾ ਤਾਂ ਮੰਡੀ ਵਿੱਚ ਅੜ ਕੇ ਸੌਦੇਬਾਜ਼ੀ ਕਰਨ ਦੀ ਸ਼ਕਤੀ ਹੁੰਦੀ ਹੈ ਅਤੇ ਨਾ ਹੀ ਆਪਣੀ ਪੈਦਾਵਾਰ ਦੀ ਵਿਕਰੀ ਨੂੰ ਰੋਕਣ ਦੀ ਗੁੰਜਾਇਸ਼ ਭਾਵੇਂ ਮੰਡੀ ਵਿੱਚ ਵਿਚੋਲੇ ਵੱਲੋਂ ਘੱਟ ਕੀਮਤ ਦੀ ਹੀ ਪੇਸ਼ਕਸ਼ ਕੀਤੀ ਜਾਵੇ।

vii. ਘੱਟ ਗੁਣਵੱਤਾ ਵਾਲੀ ਪੈਦਾਵਾਰ ਨੂੰ ਮੰਡੀ ਵਿੱਚ ਇਸ ਦੇ ਹੱਕ ਨਾਲੋਂ ਘੱਟ ਕੀਮਤ ਮਿਲਦੀ ਹੈ। ਕਿਉਂ ਜੋ ਉਦਾਰਵਾਦੀ ਖੁੱਲ੍ਹਾਂ ਦੇ ਦੌਰ ਵਿੱਚ ਦਰਾਮਦ ਹੋਈ ਸਭ ਤੋਂ ਵਧੀਆ ਗੁਣਵੱਤਾ ਵਾਲੀ ਪੈਦਾਵਾਰ ਦਾ ਮੁਕਾਬਲਾ ਇੱਥੋਂ ਦੀ ਘੱਟ ਗੁਣਵੱਤਾ ਵਾਲੀ ਪੈਦਾਵਾਰ ਨਾਲ ਹੋ ਜਾਂਦਾ ਹੈ ਕਿਉਂਕਿ ਖੇਤਾਂ ਵਿੱਚ ਪੈਦਾ ਹੋਈ ਅਜਿਹੀ ਪੈਦਾਵਾਰ ਸੰਬੰਧਿਤ ਵਿਸ਼ੇ ਦੇ ਪ੍ਰਸਾਰ ਮਾਹਿਰਾਂ ਦੀ ਸਲਾਹ ਤੋਂ ਸੱਖਣੀ ਤੇ ਮਿਆਰੀ ਪੈਦਾਵਾਰ ਕਰਨ ਵਾਲੇ ਹੋਰ ਸਰੋਤਾਂ ਦੀ ਅਨਿਸ਼ਚਿਤਤਾ ਵਾਲੀਆਂ ਹਾਲਤਾਂ ਵਿੱਚ ਹੁੰਦੀ ਹੈ।

viii. ਰਾਜ ਦੀਆਂ ਏਜੰਸੀਆਂ ਵਿਭਿੰਨਤਾ ਵਾਲੀਆਂ ਫ਼ਸਲਾਂ ਦੀ ਅਸਲ ਮੁਕਾਬਲੇ ਵਾਲੀ ਬੋਲੀ ਨੂੰ ਨਿਯਮਤ ਕਰਨ ਅਤੇ ਲਾਗੂ ਕਰਨ ਲਈ ਸਰਗਰਮ ਨਹੀਂ ਜਿਸ ਕਾਰਨ ਵਿਚੋਲਿਆਂ ਦੇ ਗਠਜੋੜ ਨੂੰ ਮੰਡੀ ਵਿੱਚ ਆਪਣੇ ਹਿੱਤ ਪੂਰੇ ਕਰਨ ਲਈ ਤੇ ਕਿਸਾਨਾਂ ਦੀ ਪੈਦਾਵਾਰ ਦੀ ਸਭ ਤੋਂ ਘੱਟ ਕੀਮਤ ਨਿਰਧਾਰਿਤ (ਕੀਮਤਾਂ ਦਾ ਨਿਪਟਾਰਾ) ਕਰਨ ਦੀ ਖੁੱਲ੍ਹ ਮਿਲ ਜਾਂਦੀ ਹੈ।

ਵਿਭਿੰਨਤਾ ਵਾਲੀਆਂ ਫ਼ਸਲਾਂ ਲਈ ਇੱਕ ਕੁਸ਼ਲ ਮੰਡੀ ਪੰਜਾਬ ਰਾਜ ਨੂੰ ਕਣਕ-ਝੋਨੇ ਦੇ ਭਾਰੂ ਫ਼ਸਲੀ ਚੱਕਰ ’ਤੇ ਨਿਰਭਰਤਾ ਘਟਾਉਣ ਲਈ ਅਨਿੱਖੜਵਾਂ ਰੋਲ ਅਦਾ ਕਰ ਸਕਦੀ ਹੈ। ਘੱਟੋ-ਘੱਟ ਸਮਰਥਨ ਮੁੱਲ ਵਾਲੇ ਪ੍ਰਬੰਧ ’ਤੇ ਮੁੱਖ ਟੇਕ ਹੋਣ ਕਾਰਨ ਕਣਕ ਝੋਨੇ ਦੇ ਫ਼ਸਲੀ ਚੱਕਰ ਦੀਆਂ ਲੋੜਾਂ ਨੇ ਹੀ ਮੰਡੀਕਰਨ ਢਾਂਚੇ ਦਾ ਸਰੂਪ ਤੈਅ ਕੀਤਾ ਹੈ। ਇਸ ਲਈ ਵਿਭਿੰਨਤਾ ਆਧਾਰਿਤ ਮੰਡੀਕਰਨ ਨੂੰ ਕਈ ਕਿਸਮ ਦੀਆਂ ਚੁਣੌਤੀਆਂ ਦਾ ਸਾਹਮਣਾ ਹੋ ਸਕਦਾ ਹੈ ਜਿਸ ਵਿੱਚ ਮੰਡੀ ’ਚ ਭਰਮਾਰ ਦੀਆਂ ਸਥਿਤੀਆਂ, ਆਵਾਜਾਈ ਅਤੇ ਸਟੋਰ ਦੇ ਮਸਲੇ, ਮੰਡੀ ਪਹੁੰਚ ਅਤੇ ਸੰਪਰਕ, ਵਿੱਤੀ ਅਤੇ ਤਕਨੀਕੀ ਅੜਚਣਾ, ਕੀਮਤਾਂ ਦੇ ਉਤਾਰ-ਚੜਾਅ ਆਦਿ ਹਨ। ਇਸੇ ਤਰ੍ਹਾਂ ਨਿਗਰਾਨੀ ਵਾਲੇ ਪ੍ਰਬੰਧ ਦੀ ਕਮੀ, ਯੋਗ ਮੰਡੀਕਰਨ ਢਾਂਚੇ ਦੀ ਕਮੀ, ਵਿਚੋਲਿਆਂ ਦਾ ਦਬਾਅ, ਅਣਉਚਿਤ ਬੋਲੀਆਂ, ਅਜਿਹੇ ਹੋਰ ਮਸਲੇ ਹਨ ਜੋ ਕਿ ਕਿਸਾਨਾਂ ਦੀ ਲੁੱਟ ਵਿੱਚ ਸਹਾਈ ਹੁੰਦੇ ਹਨ ਅਤੇ ਸਰਕਾਰ ਦੀ ਆਮਦਨ ਉੱਤੇ ਵੀ ਬੁਰਾ ਅਸਰ ਪਾਉਂਦੇ ਹਨ।

ਅਜਿਹੀਆਂ ਪ੍ਰਸਥਿਤੀਆਂ ਸਾਰੀਆਂ ਫ਼ਸਲਾਂ ਲਈ ਮੰਡੀ ਦੀ ਨਬਜ਼ ਪਛਾਨਣ, ਬਿਹਤਰ ਢਾਂਚਾ ਤੇ ਕੁਸ਼ਲ ਮੰਡੀ ਚੌਕਸੀ ਦੀਆਂ ਸੁਵਿਧਾਵਾਂ ਰਾਹੀਂ ਖੇਤੀ ਮੰਡੀਕਰਨ ਦੇ ਸੁਧਾਰਾਂ ਲਈ ਜ਼ਰੂਰੀ ਕਾਰਵਾਈ ਦੀ ਮੰਗ ਕਰਦੀਆਂ ਹਨ।

## 2.3 ਮੰਡੀਕਰਨ ਖੋਜ ਅਤੇ ਚੌਕਸੀ ਅਤੇ ਪੈਦਾਵਾਰ ਦੀ ਅਗਾਊਂ ਵਿਉਂਤਬੰਦੀ

ਵਿਸ਼ਵ ਵਪਾਰ ਸੰਗਠਨ ਦੇ ਯੁੱਗ 'ਚ ਮੰਡੀਕਰਨ ਬਹੁਤ ਹੀ ਸੰਵੇਦਨਸ਼ੀਲ ਅਤੇ ਯੋਜਨਾਬੱਧ ਕਾਰੋਬਾਰ ਹੈ। ਪੰਜਾਬ ਦੀ ਖੇਤੀਬਾੜੀ ਦੇ ਵੱਧ ਤੋਂ ਵੱਧ ਵਪਾਰਕ ਬਣਦੇ ਜਾਣ ਨਾਲ, ਇਹ ਮੰਡੀ ਹੀ ਹੈ ਜਿਸਨੇ ਨਾ ਸਿਰਫ ਰਾਜ ਦੀ ਆਰਥਿਕਤਾ ਦਾ ਰੁਤਬਾ ਨਿਰਧਾਰਤ ਕਰਨਾ ਹੈ ਸਗੋਂ ਹਰ ਕਿਸਾਨ ਦੀ ਕੌਮੀ ਤੇ ਕੌਮਾਂਤਰੀ ਭਾਈਚਾਰੇ ਦੀਆਂ ਨਜ਼ਰਾਂ 'ਚ ਇੱਜ਼ਤ-ਮਾਣ ਅਤੇ ਹੋਣੀ ਦਾ ਫੈਸਲਾ ਵੀ ਕਰਨਾ ਹੈ। ਜਦਕਿ ਮੌਜੂਦਾ ਹਾਲਾਤਾਂ 'ਚ ਆਪਣੇ ਖੇਤਾਂ 'ਚ ਮੁਨਾਫ਼ੇਯੋਗ ਕੀ ਅਤੇ ਕਿਹੜੀ ਮੰਡੀ ਲਈ ਪੈਦਾ ਕੀਤਾ ਜਾਵੇ, ਸਬੰਧੀ ਗਿਆਨ ਦੀ ਪੰਜਾਬ ਦੇ ਲਗਪਗ 11 ਲੱਖ ਕਿਸਾਨ ਪਰਿਵਾਰਾਂ ਕੋਲ ਨਾ ਹੀ ਯੋਗਤਾ ਹੈ ਤੇ ਨਾ ਹੀ ਮੁਹਾਰਤ। ਹੋਰਨਾਂ ਤੋਂ ਇਲਾਵਾ ਇਹ ਇਕੱਲਾ ਤੱਥ ਹੀ ਪੰਜਾਬ ਵਿੱਚ ਮਾਹਿਰਾਂ ਵੱਲੋਂ ਖੇਤੀ ਪੈਦਾਵਾਰ ਦੀ ਅਗਾਊਂ ਵਿਉਂਤਬੰਦੀ ਦੀ ਲੋੜ ਨੂੰ ਉਭਾਰਦਾ ਹੈ।

ਭਾਵੇਂ "ਵਿਉਂਤਬੱਧ ਆਰਥਿਕਤਾ" ਅਤੇ "ਮੰਡੀ ਦੀਆਂ ਤਾਕਤਾਂ ਦੀ ਖੁੱਲ-ਖੇਡ" ਦੇ ਤਰੀਕਿਆਂ 'ਚ ਇੱਕ ਦੂਜੇ ਦੇ ਵਿਰੋਧੀ ਅੰਸ਼ ਮੌਜੂਦ ਹਨ, ਫਿਰ ਵੀ ਇਹਨਾਂ ਦੋਵਾਂ ਦੇ ਸਹਿਯੋਗ ਦੀ ਇਸ ਨਜ਼ਰੀਏ ਤੋਂ ਜ਼ਰੂਰਤ ਹੈ ਕਿ ਦੂਸਰੇ ਢੰਗ ਦੀ ਸਿਰਫ ਇਸ ਹੱਦ ਇਜਾਜ਼ਤ ਹੋਵੇ ਤਾਂ ਕਿ ਇਹ ਬਦਲ ਰਹੀਆਂ ਸਮਾਜਿਕ ਲੋੜਾਂ ਦੇ ਢੰਗ (ਪੈਟਰਨ) ਦੇ ਸੂਚਕ ਵਜੋਂ ਕੰਮ ਕਰੇ ਜਿਹੜਾ ਖੇਤੀ ਪੈਦਾਵਾਰ ਦੀ ਅਗਾਊਂ ਵਿਉਂਤਬੰਦੀ 'ਚ ਸਹਾਈ ਹੋਵੇ। "ਮੰਡੀ ਦੀਆਂ ਤਾਕਤਾਂ ਦੀ ਖੁੱਲ-ਖੇਡ" ਨੂੰ ਵੱਧ ਤਰਜੀਹ ਦੇਣ ਦਾ ਢੰਗ ਨਾ ਸਿਰਫ ਉਤਪਾਦਕ ਕਿਸਾਨਾਂ ਅਤੇ ਖਪਤਕਾਰਾਂ ਦੀ ਲੁੱਟ, ਜੋ ਵਿਚੋਲਿਆਂ ਦੇ ਫਾਇਦੇ 'ਚ ਜਾਂਦੀ ਹੈ- ਲਈ ਰਾਹ ਸਾਫ ਕਰਦਾ ਹੈ ਸਗੋਂ ਇਸ ਦਾ ਸਿੱਟਾ ਸਮਾਜਿਕ ਕੋਸ਼ਿਸ਼ਾਂ ਅਤੇ ਕੁਦਰਤੀ ਸੋਮਿਆਂ ਦੀ ਅਕੁਸ਼ਲ (Inefficient) ਵਰਤੋਂ 'ਚ ਨਿਕਲਦਾ ਹੈ। ਅਜਿਹਾ ਕਰਨਾ ਉਸ ਵਿਉਂਤਬੰਦੀ ਦੀ ਜਿਹੜੀ ਕਿ ਕੁਸ਼ਲ ਅਤੇ ਇਨਸਾਫ ਪਸੰਦ ਸਮਾਜਿਕ ਵਿਕਾਸ ਦੇ ਅਮਲ ਲਈ ਜ਼ਰੂਰੀ ਹੈ, ਦੀ ਮਹੱਤਤਾ ਨੂੰ ਘਟਾ ਕੇ ਦੇਖਣ ਦੇ ਤੁਲ ਹੈ।

ਭਾਵੇਂ ਸਮਾਜ ਦੀਆਂ ਖੁਰਾਕੀ ਲੋੜਾਂ ਦਾ ਆਮ ਤੌਰ 'ਤੇ ਮੰਡੀ ਵਿੱਚ ਵੱਖ-ਵੱਖ ਕਿਸਮਾਂ ਦੀ ਖੇਤੀ ਪੈਦਾਵਾਰ ਦੀ ਮੁਕਾਬਲਤਨ ਕੀਮਤ/ਮੁਨਾਫ਼ੇ ਦੀ ਸਥਿਤੀ ਰਾਹੀਂ ਇਜ਼ਹਾਰ ਹੁੰਦਾ ਹੈ, ਫਿਰ ਵੀ ਸਮਾਜ ਦਾ ਇੱਕ ਤਬਕਾ ਜਿਸਦੀ ਖਰੀਦ-ਸ਼ਕਤੀ ਘੱਟ ਹੈ, ਦੀਆਂ ਲੋੜਾਂ ਦਾ ਅੰਦਾਜ਼ਾ ਮੰਡੀ ਤੋਂ ਨਹੀਂ ਲਗਾਇਆ ਜਾ ਸਕਦਾ। ਔਖੇ ਵੇਲੇ ਲਈ ਵਾਧੂ ਅੰਨ ਭੰਡਾਰ (Buffer food stock) ਦੀਆਂ ਜ਼ਰੂਰਤਾਂ ਤੇ ਇਸ ਤਬਕੇ ਦੀਆਂ ਲੋੜਾਂ ਜਿਨ੍ਹਾਂ ਦਾ ਅੰਦਾਜ਼ਾ "ਅਗਾਊ ਵਿਉਂਤਬੰਦੀ ਮਾਹਿਰਾਂ" ਰਾਹੀਂ ਲੱਗਣਾ ਹੁੰਦਾ ਹੈ, ਵੀ ਮੰਡੀ ਮੰਗ ਬਣਦੀ ਹੈ, ਕਿਉਂਕਿ ਸਰਕਾਰ ਨੇ ਸਮਰਥਨ ਮੁੱਲ 'ਤੇ ਲੋੜ ਅਨੁਸਾਰ ਖਰੀਦ ਯਕੀਨੀ ਬਣਾ ਕੇ ਹਰ ਜ਼ਰੂਰਤਮੰਦ ਨੂੰ ਜਨਤਕ ਵੰਡ ਪ੍ਰਣਾਲੀ ਰਾਹੀਂ ਘੱਟੋਂ-ਘੱਟ ਲੋੜੀਂਦੀ ਖੁਰਾਕ ਮੁਹੱਈਆ ਕਰਨ ਦੀ ਜ਼ਿੰਮੇਵਾਰੀ ਨਿਭਾਉਣੀ ਹੁੰਦੀ ਹੈ। ਇਸ ਪਿਛੋਕੜ ਵਿੱਚ ਅਤੇ ਇਸ ਤੱਥ ਦੀ ਰੋਸ਼ਨੀ 'ਚ ਕਿ ਮੰਡੀ ਵਿੱਚ ਮੰਗ ਨਾਲੋਂ ਵੱਧ ਪੈਦਾਵਾਰ ਉਤਪਾਦਕ ਦੇ ਮੁਨਾਫ਼ੇ ਨੂੰ ਘਟਾਉਂਦੀ ਹੈ, ਜਦਕਿ ਇਸ ਦੀ ਕਿੱਲਤ ਲੋਕਾਂ ਨੂੰ ਭੁੱਖੇ ਮਾਰਦੀ ਹੈ, ਭਾਵੇਂ ਉਹਨਾਂ ਕੋਲ ਖਰੀਦ ਸ਼ਕਤੀ ਵੀ ਹੋਵੇ, ਖੇਤੀ ਪੈਦਾਵਾਰ ਨੂੰ ਮੰਡੀ ਦੀਆਂ ਮੌਜੂਦਾ ਜਾਂ ਨਵੀਆਂ ਸਿਰਜੀਆਂ ਲੋੜਾਂ ਅਨੁਸਾਰ ਸੇਧਿਤ ਕੀਤਾ ਜਾਵੇ। ਇਸ ਦੀ ਮਹੱਤਤਾ ਉੱਚ-ਕੀਮਤੀ ਅਤੇ ਛੇਤੀ ਖਰਾਬ ਹੋਣ ਯੋਗ ਵਸਤਾਂ ਦੇ ਮਾਮਲੇ 'ਚ, ਜਿਨ੍ਹਾਂ ਨੂੰ ਮੰਡੀ ਦੀ ਮੰਗ ਪੈਦਾ ਹੋਣ ਤੱਕ ਜ਼ਿਆਦਾ ਚਿਰ ਸੰਭਾਲਿਆ ਨਹੀਂ ਜਾ ਸਕਦਾ, ਹੋਰ ਵੀ ਵੱਧ ਜਾਂਦੀ ਹੈ। ਇਹ ਸਭ ਇਸਨੂੰ ਅਤਿ ਜ਼ਰੂਰੀ ਬਣਾ ਦਿੰਦਾ ਹੈ ਕਿ ਖਪਤਕਾਰ ਦੀਆਂ ਬਦਲ ਰਹੀਆਂ ਤਰਜੀਹਾਂ ਅਨੁਸਾਰ ਮੌਜੂਦਾ ਅਤੇ ਵਿਕਾਸ ਕਰ ਰਹੀ ਮੰਡੀ ਦੀ ਮੰਗ ਦਾ ਅਤੇ ਨਵੀਂ ਸਿਰਜੀ ਮੰਗ ਦਾ ਅਗਾਊ ਅੰਦਾਜ਼ਾ ਘਰੇਲੂ ਤੇ ਕੌਮਾਂਤਰੀ ਮੰਡੀ ਦੇ ਸਰਵੇਖਣ ਰਾਹੀਂ ਲਗਾਤਾਰ ਹਰ ਸਾਲ ਕਾਫੀ ਸਮਾਂ ਪਹਿਲਾਂ ਸਬੰਧਤ ਪੈਦਾਵਾਰ ਦੇ ਹਰ ਪਹਿਲੂ ਜਿਵੇਂ ਮਿਕਦਾਰ, ਮਿਆਰ, ਸਪਲਾਈ ਦਾ ਸਮਾਂ ਅਤੇ ਮੁਕਾਬਲੇਬਾਜ਼ਾਂ, ਸਮੇਤ ਸੰਭਾਵਿਤ ਮੁਕਾਬਲੇਬਾਜ਼ਾਂ, ਆਦਿ ਤੋਂ

ਲਗਾ ਲਿਆ ਜਾਵੇ। ਇਹ ਅਮਲ ਖੇਤੀਬਾੜੀ/ਬਾਗਬਾਨੀ ਵਿਭਾਗ ਦੇ ਪ੍ਰਸਾਰ ਮਾਹਿਰਾਂ ਨਾਲ ਨੇੜਿਉਂ ਜੁੜਿਆ ਹੋਣਾ ਚਾਹੀਦਾ ਹੈ ਤਾਂ ਕਿ ਮੰਡੀ-ਮੰਗ ਦੀਆਂ ਜ਼ਰੂਰਤਾਂ ਅਨੁਸਾਰ ਪ੍ਰਸਾਰ ਕੋਸ਼ਿਸ਼ਾਂ ਦੀ ਇਕਸੁਰਤਾ 'ਚ ਤੇਜ਼ੀ ਲਿਆਂਦੀ ਜਾ ਸਕੇ। ਅਜਿਹੀ ਵਿਉਂਤਬੰਦੀ ਉਤਪਾਦਕ ਕਿਸਾਨ, ਖੇਤੀ ਮਾਹਿਰ ਅਤੇ ਮੰਡੀ ਨੂੰ ਇੱਕੋ ਇਕਹਿਰੀ ਲੜੀ 'ਚ ਪਰੋ ਸਕਦੀ ਹੈ, ਜੋ ਮੰਡੀ ਦੇ ਖ਼ਤਰਿਆਂ ਨੂੰ ਘਟਾਉਣ ਅਤੇ ਕਿਸਾਨਾਂ ਦੀ ਕੁਆਲਿਟੀ ਪੈਦਾਵਾਰ ਨੂੰ ਹੋਰ ਲਾਹੇਵੰਦ ਬਣਾਉਣਾ ਯਕੀਨੀ ਬਣਾਵੇਗੀ।

## 2.4 ਖੇਤੀ ਮੰਡੀਕਰਨ ਖੋਜ ਅਤੇ ਚੌਕਸੀ ਸੰਸਥਾ (AMRII)

**ਉਦੇਸ਼**
ਮੰਗ-ਸਪਲਾਈ ਸੰਤੁਲਨ

ਖੇਤੀ ਵਿੱਚ ਮੰਗ-ਸਪਲਾਈ ਦਾ ਸੰਤੁਲਨ ਬਣਾਈ ਰੱਖਣ ਲਈ ਸੂਬੇ ਨੂੰ ਇੱਕ ਮਜ਼ਬੂਤ ਖੇਤੀ ਮੰਡੀਕਰਨ ਖੋਜ ਤੇ ਚੌਕਸੀ ਸੰਸਥਾ (AMRII) ਦੀ ਜ਼ਰੂਰਤ ਹੈ ਜੋ ਪੀ.ਏ.ਯੂ. ਵਿਖੇ ਇੱਕ ਵਿਸ਼ੇਸ਼ ਉਦੇਸ਼ ਵਾਹਨ ਵਜੋਂ ਸਥਾਪਿਤ ਹੋਵੇ। ਇਹ ਸੰਸਥਾ NGAs ਵਿੱਚ ਫ਼ਸਲ ਵਿਸ਼ੇਸ਼ ਕਿਸਾਨ ਜਥੇਬੰਦੀਆਂ ਦੀ ਵਿਸ਼ਵ ਮੰਡੀ 'ਤੇ ਅੱਖ ਵਜੋਂ ਅਤੇ ਰਾਜ ਦੇ ਖੇਤੀਬਾੜੀ, ਬਾਗਬਾਨੀ, ਪਸ਼ੂ-ਪਾਲਣ ਵਿਭਾਗਾਂ ਅਤੇ ਪੀ.ਏ.ਯੂ. ਦੇ ਦਿਲ ਵਜੋਂ ਕਾਰਜਸ਼ੀਲ ਹੋਵੇਗੀ ਜੋ ਮੰਡੀ ਵਿਕਾਸ ਦੀ ਸੂਚਨਾ ਦਾ ਅਦਾਨ-ਪ੍ਰਦਾਨ ਕਰਕੇ ਇਨ੍ਹਾਂ ਵਿਸ਼ੇਸ਼ ਫ਼ਸਲੀ ਖੋਜ ਤੇ ਪ੍ਰਸਾਰ ਜਥੇਬੰਦੀਆਂ ਨੂੰ ਖੇਤੀ/ਬਾਗਬਾਨੀ ਪੈਦਾਵਾਰ ਸਰਗਰਮੀਆਂ ਦੇ ਪ੍ਰਸਾਰ, ਖੋਜ ਅਤੇ ਅਗਾਊਂ ਵਿਓਂਤਬੰਦੀ ਨਾਲ ਸੁਰਤਾਲ ਬਿਠਾਉਣ ਦੇ ਯੋਗ ਬਣਾਉਣ ਲਈ, ਘਰੇਲੂ ਤੇ ਕੌਮਾਂਤਰੀ ਮੰਡੀ ਦੀ ਨਬਜ਼ ਬਾਰੇ ਲਗਾਤਾਰ ਅਗਾਊਂ ਜਾਣਕਾਰੀ ਦੇਵੇਗੀ। ਇਹ ਭਾਰਤ ਸਰਕਾਰ ਦੀਆਂ ਦਰਾਮਦ/ਬਰਾਮਦ ਏਜੰਸੀਆਂ ਨਾਲ ਵੀ ਤਾਲਮੇਲ ਕਰੇਗੀ ਤਾਂ ਕਿ ਸਰਕਾਰ ਦੇ ਖੇਤੀ ਪੈਦਾਵਾਰ ਦੇ ਦਰਾਮਦ/ਬਰਾਮਦ ਸਬੰਧੀ ਫੈਸਲੇ, ਕੌਮੀ ਸਾਧਨਾਂ ਅਤੇ ਸਮਾਜਿਕ ਉਪਰਾਲਿਆਂ ਨੂੰ ਸੱਟ ਮਾਰਦਿਆਂ ਪੰਜਾਬ ਦੇ ਪੈਦਾਵਾਰੀ ਅਮਲ ਦੇ ਉਲਟ ਨਾ ਭੁਗਤ ਜਾਣ।

ਮੰਡੀ ਖੋਜ ਅਤੇ ਚੌਕਸੀ 'ਤੇ ਅਧਾਰਿਤ ਅਗਾਊਂ ਵਿਉਂਤਬੰਦੀ ਦਾ ਇਹ ਅਮਲੀ ਮਾਡਲ ਮੰਡੀ ਦੀ ਖਪਤ ਯੋਗਤਾ ਅਨੁਸਾਰ ਪੈਦਾਵਾਰੀ ਸਮਰੱਥਾ ਨੂੰ ਢਾਲਦਿਆਂ ਮੰਡੀ ਦਾ ਸੰਤੁਲਨ ਬਰਕਰਾਰ ਰੱਖੇਗਾ। ਅਜਿਹਾ ਢਲਣਯੋਗ ਅਮਲ ਨਾ ਤਾਂ ਖੇਤੀ ਉਤਪਾਦਕਾਂ ਅਤੇ ਉਹਨਾਂ ਦੇ ਜੀਵਨ ਪੱਧਰ ਨੂੰ ਮਾੜੇ ਰੁੱਖ ਪ੍ਰਭਾਵਿਤ ਕਰੇਗਾ ਅਤੇ ਨਾ ਹੀ ਉਨ੍ਹਾਂ ਦੀ ਉਤਪਾਦਕ ਕੁਸ਼ਲਤਾ ਤੇ ਮੁਨਾਫ਼ੇ ਨੂੰ ਨੁਕਸਾਨ ਪਹੁੰਚਾਏਗਾ। ਇਸ ਪ੍ਰਬੰਧ ਨਾਲ ਕਿਸਾਨੀ ਮੰਡੀ ਦੀਆਂ ਅੰਨ੍ਹੀਆਂ ਸ਼ਕਤੀਆਂ (Blind market forces) ਦੇ ਰਹਿਮੋਂ-ਕਰਮ 'ਤੇ ਨਹੀਂ ਰਹੇਗੀ। ਇਹ ਕਾਫੀ ਹੱਦ ਤੱਕ ਉਨ੍ਹਾਂ ਵਰਤਮਾਨ ਹਾਲਤਾਂ ਦੇ ਅਧਾਰ ਨੂੰ ਖੋਰਾ ਲਾਵੇਗਾ, ਜਿਹੜੀਆਂ ਕਿ ਕਿਸਾਨੀ 'ਚ ਭਾਰੀ ਅਸੰਤੁਸ਼ਟਤਾ ਅਤੇ ਸਮਾਜਿਕ ਬੇਚੈਨੀ ਦਾ ਕਾਰਨ ਬਣਦੀਆਂ ਹਨ।

ਭਾਰਤ ਸਰਕਾਰ ਹਰ ਸਾਲ ਹਜ਼ਾਰਾਂ ਕਰੋੜ ਰੁਪਏ ਦੇ ਖਾਣ ਵਾਲੇ ਤੇਲ ਅਤੇ ਦਾਲਾਂ ਦੀ ਦਰਾਮਦ ਕਰ ਰਹੀ ਹੈ, ਜੋ ਕਿ ਰਾਸ਼ਟਰੀ ਮੁਦਰਾ ਭੰਡਾਰ ਨੂੰ ਵੱਡੀ ਪੱਧਰ 'ਤੇ ਖੋਖਲਾ ਕਰਦੇ ਹਨ। ਹਾਲਾਂਕਿ, ਸਰਕਾਰੀ ਏਜੰਸੀਆਂ ਇਹਨਾਂ ਫ਼ਸਲਾਂ ਦੀ ਘਰੇਲੂ ਪੈਦਾਵਾਰ ਨੂੰ ਖਰੀਦਣ ਤੋਂ ਝਿਜਕਦੀਆਂ ਹਨ ਅਤੇ ਉਹਨੀਆਂ ਸਰਗਰਮ ਨਹੀਂ ਜਿੰਨੀਆਂ ਕਿ ਕਣਕ ਅਤੇ ਝੋਨੇ ਦੇ ਮਾਮਲੇ 'ਚ ਹਨ। ਸਿੱਟੇ ਵਜੋਂ ਨਿੱਜੀ ਏਜੰਸੀਆਂ/ਵਿਚੋਲੇ ਕਿਸਾਨਾਂ ਅਤੇ ਖਪਤਕਾਰਾਂ ਦੀ ਮੰਡੀ ਵਿੱਚ ਲੁੱਟ ਕਰਦੇ ਹਨ ਅਤੇ ਇਹਨਾਂ ਪਾਣੀ ਦੀ ਘੱਟ ਖਪਤ ਵਾਲੀਆਂ ਫ਼ਸਲਾਂ ਦੇ ਮੁਨਾਫੇ ਅਤੇ ਕਾਸ਼ਤ ਹੇਠ ਰਕਬੇ 'ਚ ਵਾਧੇ ਨੂੰ ਮਾੜੇ ਰੁੱਖ ਪ੍ਰਭਾਵਿਤ ਕਰਦੇ ਹਨ। ਇਸ ਦੂਰ-ਦਰਸ਼ੀ ਪ੍ਰਬੰਧ ਅਨੁਸਾਰ ਇਹ ਫ਼ਸਲਾਂ ਆਪਣੇ ਕੁਦਰਤੀ ਪੈਦਾਵਾਰੀ ਇਲਾਕਿਆਂ 'ਚ ਮੁਨਾਫ਼ੇਯੋਗ ਬਣਾਈਆਂ ਜਾ ਸਕਦੀਆਂ ਹਨ ਅਤੇ ਇੱਕ ਵਾਜਬ ਅਤੇ ਲਾਹੇਵੰਦ ਮੁੱਲ (Fair & Remunerative Price) 'ਤੇ ਯਕੀਨਨ ਖਰੀਦ ਕਰਦਿਆਂ, ਮੁੱਖ ਤੌਰ 'ਤੇ, ਮਜ਼ਬੂਤ ਜਨਤਕ ਵੰਡ ਪ੍ਰਣਾਲੀ (PDS) ਰਾਹੀਂ ਜਨ ਸਧਾਰਨ ਪੱਧਰ ਤੱਕ ਵੰਡ ਨੂੰ ਯਕੀਨੀ ਬਣਾ ਕੇ ਉਤਸ਼ਾਹਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ ।

## 2.5 ਇੰਨੋਵੇਟਿਵ ਖੇਤੀ ਮੰਡੀਕਰਨ ਸੁਸਾਇਟੀ (IAMS)

**ਉਦੇਸ਼**
ਵਿਭਿੰਨ ਪੈਦਾਵਾਰ ਦਾ ਮੰਡੀਕਰਨ

ਆਪਣੇ ਪਰਿਵਾਰ ਅਤੇ ਮਜਦੂਰਾਂ ਨਾਲ ਦੇਰ ਸ਼ਾਮ ਤੱਕ ਆਪਣੀ ਪੈਦਾਵਾਰ ਦੀ ਵਾਢੀ-ਤੁੜਾਈ, ਛਾਂਟੀ ਅਤੇ ਪੈਕ ਕਰਨ ਤੋਂ ਬਾਅਦ ਵਿੱਚ ਕਿਸਾਨ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਸਵੇਰੇ ਜਲਦੀ ਆਪਣੇ ਖੇਤ ’ਚ ਸਿਰਜੀ ਇਹ ਉੱਚੀ ਕਦਰ ਵਾਲੀ ਪੈਦਾਵਾਰ - ਸ਼ਿਮਲਾ ਮਿਰਚ, ਗੋਭੀ, ਪਿਆਜ਼ ਜਾਂ ਆਲੂ ਲੈ ਕੇ ਮੁੱਲ ਨਿਰਧਾਰਿਤ ਕਰਵਾਉਣ ਲਈ ਮੰਡੀ ਵਿੱਚ ਪਹੁੰਚੇ। ਇਸ ਪੈਦਾਵਾਰ ਲਈ ਖਰੀਦਦਾਰ ਅਕਸਰ ਕਿਸਾਨ ਲਈ ਆਸ ਤੋਂ ਬਹੁਤ ਘੱਟ ਕੀਮਤ ਦੀ ਬੋਲੀ ਲਾਉਂਦਾ ਹੈ ਜਿਸ ਨਾਲ ਕਈ ਵਾਰ ਉਸਦੀ ਪੈਦਾਵਾਰ, ਵਾਢੀ-ਤੁੜਾਈ, ਪੈਕਿੰਗ ਤੇ ਢੋਆ-ਢੁਆਈ ਦੇ ਖਰਚੇ ਵੀ ਪੂਰੇ ਨਹੀਂ ਹੁੰਦੇ। ਜਦਕਿ ਉਸੇ ਸਮੇਂ ਪ੍ਰਚੂਨ ਵਿਕਰੇਤਾ - ਵਪਾਰੀ ਇਸ ਉਪਜ ਨੂੰ ਖਰੀਦ ਕੇ ਖਪਤਕਾਰ ਨੂੰ ਬਹੁਤ ਉੱਚੀ ਕੀਮਤ ’ਤੇ ਵੇਚਦੇ ਹਨ। ਇਸ ਤਰ੍ਹਾਂ ਕਿਸਾਨ ਤੇ ਖਪਤਕਾਰ ਦੋਵੇਂ ਘਾਟਾ ਖਾਂਦੇ ਹਨ। ਕਿਉਂਕਿ ਕਿਸਾਨ ਦੀ ਉਪਜ ਦੀ ਕੋਈ ਹੇਠਲੀ ਤੈਅ ਕੀਮਤ ਨਹੀਂ ਹੈ ਅਤੇ ਪ੍ਰਚੂਨ ਵਿਕਰੇਤਾ ਵੱਲੋਂ ਖੁਦ ਨਿਰਧਾਰਿਤ ਕੀਤੀ, ਆਸਮਾਨ ਨੂੰ ਛੂਹ ਰਹੀ ਪ੍ਰਚੂਨ ਕੀਮਤ ਲਈ ਕੋਈ ਅੰਤਿਮ ਸੀਮਾ ਨਹੀਂ ਹੈ ਤੇ ਇਹ ਸਿਸਟਮ ਇੱਕ-ਦੋ ਦਿਨਾਂ ਵਿੱਚ ਹੀ ਖਪਤਕਾਰ ਵੱਲੋਂ ਖਰਚੇ ਹਰ ਰੁਪਈਏ ਦਾ ਅਤੇ ਕਿਸਾਨ ਵੱਲੋਂ ਲੰਬੇ ਸੀਜਨ ’ਚ ਮਿਹਨਤ ਨਾਲ ਸਿਰਜੀ ਕਦਰ ਦਾ ਵੱਡਾ ਹਿੱਸਾ ਹੜੱਪ ਜਾਂਦਾ ਹੈ। ਇਸ ਮੌਜੂਦਾ ਬੇਇਨਸਾਫ਼ੀ ਵਾਲੇ ਸਿਸਟਮ ਨੂੰ ਹੇਠ ਲਿਖੇ ਕਾਰਨਾਂ ਕਰਕੇ ਬਦਲ ਦੇਣਾ ਚਾਹੀਦਾ ਹੈ:

i. ਤਜਰਬਾ ਦਰਸਾਉਂਦਾ ਹੈ ਕਿ ਉਦਾਰਵਾਦੀ ਯੁਗ ਦੇ ਵਿਸ਼ਵ ਵਪਾਰ ਸੰਸਥਾ ਬਣਨ ਤੋਂ ਬਾਅਦ ਦੇ ਸ਼ੋਸ਼ਣ ਵਿੱਚ, ਸਾਸ਼ਨ ਵੱਲੋਂ ਇੱਕ ਜਾਇਜ਼ ਕੀਮਤ ਨਿਰਧਾਰਨ ਪ੍ਰਕਿਰਿਆ ਦੀ ਅਣਹੋਂਦ ਰੱਖਣ ਦੀ ਸਥਿਤੀ ਕਾਰਨ ਵਿਚੋਲੇ ਖਰੀਦਦਾਰਾਂ ਸਮੇਤ ਉਨ੍ਹਾਂ ਦੇ ਪ੍ਰਚੂਨ ਵਿਕਰੇਤਾ ਗਰੁੱਪਾਂ ਦੀਆਂ ਉੱਚ-ਮੁਨਾਫ਼ਿਆਂ ਦੀਆਂ ਇਛਾਵਾਂ ਵਾਲੀਆਂ ਲੁਟੇਰੀਆਂ ਪ੍ਰਵਿਰਤੀਆਂ ਮਜ਼ਬੂਤ ਹੋਈਆਂ ਹਨ। ਮੌਜੂਦਾ ਮੰਡੀਕਰਨ ਦੇ ਵਿਧੀ-ਢੰਗਾਂ ਵਿੱਚ ਕਿਸਾਨ ਤੇ ਖਪਤਕਾਰ ਦੋਵੇਂ ਘਾਟਾ ਖਾ ਰਹੇ ਹਨ।

ii. ਇਹ ਸਪਸ਼ਟ ਕਰਨ ਦੀ ਲੋੜ ਹੈ ਕਿ ਵਿਸ਼ਵੀਕਰਨ ਦੇ ਯੁਗ ਵਿੱਚ, ਕਿਰਤ ਦੀ ਵੰਡ ਨੇ ਹਰ ਉਤਪਾਦ/ਵਸਤੂ ਦੇ ਹਰੇਕ ਪਹਿਲੂ ਦੀ ਵਿਸ਼ੇਸ਼ਤਾ ਬਣਾ ਦਿੱਤੀ ਹੈ, ਜਦਕਿ ਕਿਸੇ ਵੀ ਖੇਤੀਬਾੜੀ ਉਪਜ ਦੇ ਉਤਪਾਦਨ ਅਤੇ ਮੰਡੀਕਰਨ ਦੇ ਦੋ ਵਿਆਪਕ ਤੌਰ ’ਤੇ ਵੱਖ-ਵੱਖ ਪਹਿਲੂ ਹੋਣ ਨਾਤੇ ਇਨ੍ਹਾਂ ਨਾਲ ਨਜਿੱਠਣ ਲਈ ਵੱਖੋ-ਵੱਖ ਕਿਸਮ ਦੀ ਮੁਹਾਰਤ ਦੀ ਲੋੜ ਹੁੰਦੀ ਹੈ।

iii. ਇਸ ਮੁਕਾਬਲੇ ਦੇ ਯੁੱਗ ਵਿੱਚ ਮੰਡੀਕਰਨ ਇੱਕ ਪੂਰੇ ਸਮੇਂ ਦਾ ਕੰਮ ਹੈ ਜਿਸ ਵਿੱਚ ਪੈਦਾਵਾਰ ਦੇ ਮੰਡੀਕਰਨ ਲਈ ਇਸ ਦੇ ਗੁਣਾਂ-ਖ਼ਾਸੀਅਤਾਂ ਦੀ ਜਾਣਕਾਰੀ ਰੱਖਣੀ, ਲੋਕਲ, ਦੂਰ ਦੁਰਾਡੇ ਅਤੇ ਕੌਮਾਂਤਰੀ ਮੰਡੀਆਂ ਦੀ ਖਪਤਕਾਰ-ਵਿਸ਼ੇਸ਼ ਮੰਗ, ਹਿੱਸੇਦਾਰਾਂ ਨਾਲ ਤਾਲਮੇਲ, ਪੈਦਾਵਾਰ ਦੇ ਅਦਾਨ-ਪ੍ਰਦਾਨ ਸੰਬੰਧੀ ਤਾਲਮੇਲ, ਖਪਤਕਾਰਾਂ ਦੀ ਤਸੱਲੀ ਅਨੁਸਾਰ ਸਪਲਾਈ ਸਮੇਤ ਉਪਜ ਦੇ ਗੁਣਾਂ ਸੰਬੰਧੀ ਮਸ਼ਹੂਰੀ ਕਰਨ ਦੇ ਕਾਰਜ ਹੁੰਦੇ ਹਨ। ਪੈਦਾਵਾਰ ਨੂੰ ਕੌਮਾਂਤਰੀ ਪੱਧਰ ’ਤੇ ਮੁਕਾਬਲੇਯੋਗ ਬਣਾਉਣ ਲਈ ਇਹ ਸਾਰਾ ਕੰਮ-ਕਾਜ ਘੱਟ ਖਰਚੇ ’ਤੇ ਵੱਧ ਤੋਂ ਵੱਧ ਕੁਸ਼ਲਤਾ ਨਾਲ ਕਰਨਾ ਜ਼ਰੂਰੀ ਹੈ।

iv. ਇਕਹਿਰੇ ਛੋਟੇ ਪਰਿਵਾਰਾਂ ’ਚ ਵਿਅਕਤੀਗਤ ਰੂਪ ਵਿੱਚ ਕਿਸਾਨ ਆਪਣੇ ਖੇਤੀ ਪੈਦਾਵਾਰ ਦੇ ਰੁਝੇਵਿਆਂ ਅਤੇ ਪਰਿਵਾਰ ਦੇ ਪਾਲਣ-ਪੋਸ਼ਣ ਦੀਆਂ ਜ਼ਿੰਮੇਵਾਰੀਆਂ ਨਾਲ - ਜਿਵੇਂ ਬੱਚਿਆਂ ਦੀ ਪੜਾਈ, ਪਰਿਵਾਰਕ ਸਿਹਤ ਸਮੱਸਿਆਵਾਂ ਨਾਲ ਨਜਿੱਠਣਾ, ਸਮਾਜਿਕ ਜ਼ਿੰਮੇਵਾਰੀਆਂ ਆਦਿ - ਦੇ ਨਾਲ-ਨਾਲ ਮੰਡੀਕਰਨ ਦੇ ਵਿਸ਼ੇਸ਼ ਹੁਨਰ ਵਾਲੇ ਕਾਰਜ ਨੂੰ ਉਸ ਨਿਪੁੰਨਤਾ ਨਾਲ ਨਹੀਂ ਨਿਭਾ ਸਕਦੇ ਜਿਸ ਤਰਜ਼ ’ਤੇ ਇੱਕ ਮਾਹਿਰ ਮੰਡੀਕਰਨ ਸੰਸਥਾ ਇਸਨੂੰ ਨੇਪਰੇ ਚਾੜ੍ਹ ਸਕਦੀ ਹੈ। ਉਸ ਦੀ ਪੈਦਾਵਾਰ ਦੀ ਛੋਟੀ ਮਾਤਰਾ ਵੀ ਇੱਕ ਸਮੱਸਿਆ ਹੈ। ਹਜ਼ਾਰਾਂ ਅਜਿਹੇ ਕਿਸਾਨ ਪਰਿਵਾਰ ਵਿਅਕਤੀਗਤ ਤੌਰ ’ਤੇ ਨੁਕਸਾਨ ਉਠਾਉਂਦੇ ਹਨ ਜਿਨ੍ਹਾਂ ਦੀ ਸਮੂਹਿਕ ਉਪਜ ਦਾ, ਹਰ ਕਿਸਾਨ ਪਰਿਵਾਰ

ਦੇ ਲਾਭ ਲਈ, ਮਾਹਿਰ ਮੰਡੀਕਰਨ ਸੰਸਥਾ ਵੱਲੋਂ ਸਫ਼ਲਤਾਪੂਰਵਕ ਮੰਡੀਕਰਨ ਕੀਤਾ ਜਾ ਸਕਦਾ ਹੈ। ਮੌਜੂਦਾ ਸਮੇਂ, ਕਿਸਾਨ ਵਿਰੁੱਧ ਚੱਲ ਰਹੇ ਢਾਂਚਾਗਤ ਪੱਖਪਾਤ ਦੇ ਇਸ ਸਿਸਟਮ ਤਹਿਤ ਉਹ ਦਿਨ-ਬ-ਦਿਨ ਨੁਕਸਾਨ ਉਠਾ ਰਿਹਾ ਹੈ ਤੇ ਨਤੀਜਨ ਦੁੱਖਾਂ ਤਕਲੀਫ਼ਾਂ ਅਤੇ ਪੰਜਾਬ ਦੇ ਉਦਮੀ, ਉਪਜਾਊ ਮਨੁੱਖੀ ਸੋਮਿਆਂ ਦੇ ਵਿਆਪਕ ਪਰਵਾਸ ਲਈ ਸਰਾਪਿਆ ਗਿਆ ਹੈ।

ਇਸ ਪਿਛੋਕੜ ਵਿੱਚ, ਇੱਕ ਜਥੇਬੰਦੀ 'ਇੰਨੋਵੇਟਿਵ ਖੇਤੀ ਮੰਡੀਕਰਨ ਸੁਸਾਇਟੀ' (IAMS) ਦੇ ਰੂਪ 'ਚ ਬਣਾਉਣ ਦੀ ਤਜਵੀਜ਼ ਹੈ ਜੋ ਕਿ ਮੰਡੀਕਰਨ ਦੇ ਕਿੱਤਾ ਮਾਹਿਰਾਂ ਅਤੇ ਵਿਸ਼ਾ ਮਾਹਿਰਾਂ ਦੁਆਰਾ ਸੰਚਾਲਿਤ ਹੋਵੇਗੀ ਤੇ ਜਿਸਦਾ ਉਦੇਸ਼ ਕੁਦਰਤੀ ਇਲਾਕਿਆਂ 'ਚ ਪ੍ਰਸਤਾਵਿਤ ਅਗਾਂਹਵਧੂ ਕਿਸਾਨ ਸੁਸਾਇਟੀਆਂ ਦੇ ਕਿਸਾਨ ਮੈਂਬਰਾਂ ਦੀ ਵੱਖ-ਵੱਖ ਕਿਸਮ ਦੀ ਪੈਦਾਵਾਰ ਦਾ ਮੁਨਾਫ਼ੇਯੋਗ ਮੰਡੀਕਰਨ ਕਰਨਾ ਹੋਵੇਗਾ।

ਵਿਸ਼ੇਸ਼ ਖੇਤੀ ਪੈਦਾਵਾਰ/ਕਦਰ ਵਧਾਈ ਵਾਲੇ ਉਤਪਾਦਾਂ ਦੇ ਹਰ ਹਿੱਸੇ ਅਤੇ ਪਹਿਲੂ ਦੇ ਗੁਣਾਂ ਸੰਬੰਧੀ ਗਿਆਨ ਰੱਖਣ ਵਾਲੇ ਇਹ ਯੋਗਤਾ ਪ੍ਰਾਪਤ ਮੰਡੀਕਰਨ ਕਿੱਤੇ ਦੇ ਮਾਹਿਰ, ਖਪਤਕਾਰਾਂ ਦੀਆਂ ਤਰਜੀਹਾਂ ਅਤੇ ਉਨ੍ਹਾਂ ਦੀ ਮੰਗ ਦੀ ਮਿਕਦਾਰ ਤੇ ਸਮੇਂ ਨੂੰ ਅਗਾਊਂ ਭਾਂਪਦੇ ਹੋਏ, ਪਰ ਇਸਦੇ ਨਾਲ-ਨਾਲ ਪ੍ਰਸਤਾਵਿਤ ਖੇਤੀ ਮੰਡੀਕਰਨ ਖੋਜ ਤੇ ਚੌਕਸੀ ਸੰਸਥਾ ਦੇ ਤਾਲਮੇਲ ਨਾਲ ਇਸਨੂੰ ਵੇਚਣ ਵਾਲਿਆਂ ਦੀ ਸਰਦਾਰੀ ਵਾਲੀ ਮੰਡੀ (Seller's Market) 'ਚ ਢਾਲਦੇ ਹੋਏ, ਮੰਗ ਦੇ ਭਾਰੂ ਪੱਖ ਤਹਿਤ ਸਪਲਾਈ ਕਰਕੇ, ਇਸਦਾ ਸੰਤੁਲਨ ਵਿਚੋਲਿਆਂ ਦੀ ਬਜਾਏ ਉਤਪਾਦਕ ਵਿਕਰੇਤਾ ਦੇ ਪੱਖ 'ਚ ਝੁਕਾ ਦੇਣਗੇ।

ਸਹਿਯੋਗੀ ਵਿਉਂਤਬੰਦੀ ਨਾਲ ਅਜਿਹੇ ਸੰਸਥਾਗਤ ਦਖ਼ਲ, ਜੋ ਕਿ ਸਹਿਕਾਰੀ ਚੌਖਟੇ ਤਹਿਤ ਵੱਡੀ ਗਿਣਤੀ 'ਚ ਕਿਸਾਨਾਂ ਦੇ ਫ਼ਸਲ ਵਿਸ਼ੇਸ਼ ਗਰੁੱਪਾਂ ਦੀ, ਜਿਵੇਂ ਕੁਦਰਤੀ ਪੈਦਾਵਾਰੀ ਇਲਾਕਿਆਂ 'ਚ ਅਗਾਂਹਵਧੂ ਕਿਸਾਨ ਸੁਸਾਇਟੀਆਂ, ਦੀਆਂ ਛੋਟੀਆਂ-ਛੋਟੀਆਂ ਖਿੰਡੀਆਂ ਹੋਈਆਂ ਖੇਤੀ ਇਕਾਈਆਂ ਦੇ ਔਗੁਣਾਂ ਨੂੰ ਵੱਡੇ ਪੱਧਰ 'ਤੇ ਬੇਅਸਰ ਕਰਨ ਦੇ ਸਮਰੱਥ ਹਨ।

ਕਿਉਂਕਿ ਇਹ ਫ਼ਸਲ-ਵਿਸ਼ੇਸ਼ ਅਗਾਂਹਵਧੂ ਕਿਸਾਨ ਸੁਸਾਇਟੀਆਂ ਸੰਬੰਧਿਤ ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਸੈਂਟਰ ਆਫ ਐਕਸੇਲੈਂਸ ਨਾਲ ਨਜ਼ਦੀਕੀ ਤੌਰ 'ਤੇ ਜੁੜੀਆਂ ਹੋਣਗੀਆਂ, ਇਨ੍ਹਾਂ ਸੁਸਾਇਟੀਆਂ ਦੇ ਕਿਸਾਨ ਮੈਂਬਰਾਂ ਨੂੰ ਇਨ੍ਹਾਂ ਕੇਂਦਰਾਂ ਵਿੱਚ ਨਵੀਨਤਮ ਤਕਨੀਕੀ ਸਲਾਹ ਅਤੇ ਸਿਖਲਾਈ ਮਿਲੇਗੀ। ਇਨ੍ਹਾਂ ਲਈ ਕਿਰਾਏ 'ਤੇ ਨਵੀਨਤਮ ਮਸ਼ੀਨਰੀ ਅਤੇ ਸਾਜ਼ੋ-ਸਾਮਾਨ, ਘੱਟ ਲਾਗਤ 'ਤੇ ਬੀਜ ਖਾਦ ਆਦਿ, ਮਿੱਟੀ ਦੇ ਸੁਧਾਰ ਲਈ ਮਾਈਕਰੋਬਾਇਲ ਕੰਸੋਰਸ਼ੀਅਮ, ਪੱਤਾ ਅਤੇ ਮਿੱਟੀ ਪਰਖ ਸਹੂਲਤਾਂ, ਕਦਰ ਵਧਾਈ (Value Addition), ਪੈਕੇਜਿੰਗ, ਸਟੋਰੇਜ-ਕੋਲਡ ਚੇਨ, ਮੰਡੀਕਰਨ, ਕਰਜ਼ਾ ਆਦਿ ਉਪਲਬਧ ਹੋਣਗੇ ਤਾਂ ਜੋ ਸੌਦੇਬਾਜ਼ੀ ਕਰਨ ਦੀ ਮਜ਼ਬੂਤ ਸਥਿਤੀ ਅਤੇ ਪੈਦਾਵਾਰ ਦੀ ਵਿਕਰੀ ਰੋਕ ਸਕਣ ਦੀ ਸਮਰੱਥਾ ਨਾਲ ਉਨ੍ਹਾਂ ਦੇ ਆਰਥਿਕਤਾ ਦੇ ਪੈਮਾਨੇ ਨੂੰ ਬਿਹਤਰ ਬਣਾਇਆ ਜਾ ਸਕੇ। ਇਹ ਉਸਦੀਆਂ ਪੈਦਾਵਾਰ ਅਤੇ ਮੰਡੀਕਰਨ ਸਬੰਧਤ ਅਨਿਸ਼ਚਿਤਤਾਵਾਂ ਨੂੰ ਕਾਫੀ ਹੱਦ ਤਕ ਘਟਾ ਦੇਵੇਗਾ।

ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਘੱਟੋ-ਘੱਟ ਖਰਚਿਆਂ ਨਾਲ ਅਜਿਹੇ ਸਰਬਪੱਖੀ ਸਮਰਥਨ ਨਾਲ ਕੀਤੀ ਕੁਆਲਿਟੀ ਪੈਦਾਵਾਰ, ਸਿਖਰਲੀ ਮੰਡੀਕਰਨ ਸੁਸਾਇਟੀ ਯਾਨੀ ਕਿ ਇੰਨੋਵੇਟਿਵ ਖੇਤੀ ਮੰਡੀਕਰਨ ਸੁਸਾਇਟੀ (IAMS) ਦੀ ਮਦਦ ਨਾਲ ਉਸਦੀ ਮੁਨਾਫ਼ਾਕਾਰੀ 'ਚ ਵਾਧਾ ਕਰੇਗੀ। ਕਿਸਾਨ ਨੂੰ ਆਪਣੀ ਖੇਤੀ ਇਕਾਈ ਦੀ ਆਰਥਿਕ ਅਖੰਡਤਾ ਅਤੇ ਕਾਨੂੰਨੀ ਖੁਦਮੁਖਤਿਆਰੀ ਨੂੰ ਬਰਕਰਾਰ ਰੱਖਦੇ ਹੋਏ ਇੱਕ ਮਜ਼ਬੂਤ ਮਦਦਗਾਰ ਜਥੇਬੰਦੀ ਦੇ ਨਾਲ ਖੜੇ ਹੋਣ ਦੀ ਪਛਾਣ ਮਿਲੇਗੀ। ਸਮਾਜਿਕ ਢਾਂਚੇ ਵਿੱਚ ਉਹ ਫ਼ਖਰ ਅਤੇ ਉੱਚੇ ਸਵੈ-ਮਾਣ ਨਾਲ ਚੱਲਣ ਦੇ ਕਾਬਲ ਹੋਵੇਗਾ।

## 2.6 ਸੈਂਟਰ ਆਫ਼ ਐਕਸੇਲੈਂਸ (CoE)

**ਉਦੇਸ਼**
- ਪ੍ਰਦਰਸ਼ਨ
- ਸਿਖਲਾਈ
- ਭਾਗੀਦਾਰੀ ਖੋਜ (ਪੀ.ਏ.ਯੂ. + ਵਿਭਾਗ ਦੇ ਮਾਹਿਰ + ਅਗਾਂਹਵਧੂ ਕਿਸਾਨ ਸੁਸਾਇਟੀਆਂ ਦੇ ਪ੍ਰਤੀਨਿਧ ਕਿਸਾਨ)

ਵਿਸ਼ਵ ਪੱਧਰ 'ਤੇ ਮੁਕਾਬਲਾ ਕਰਨ ਲਈ ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਸੰਬੰਧਿਤ ਵਿਭਿੰਨਤਾ ਵਾਲੀਆਂ ਫ਼ਸਲਾਂ ਜਾਂ ਸੂਬੇ ਵੱਲੋਂ ਪਹਿਲ ਦੇਣ ਵਾਲੀਆਂ ਫ਼ਸਲਾਂ ਸੰਬੰਧੀ ਕਿਸਾਨਾਂ ਨੂੰ ਸ਼ੁਰੂ ਤੋਂ ਅਖੀਰ ਤੱਕ ਮੱਦਦ ਦੇਣ ਲਈ ਅਤਿ-ਆਧੁਨਿਕ ਕੌਮਾਂਤਰੀ ਪੱਧਰ ਦੀਆਂ ਸਹੂਲਤਾਂ ਪ੍ਰਦਾਨ ਕਰਨ ਦੀ ਅਣਸਰਦੀ ਲੋੜ ਹੈ ਤਾਂ ਕਿ ਸਿਹਤਮੰਦ ਅਤੇ ਮੁਨਾਫ਼ੇਯੋਗ ਖੇਤੀ ਲਈ ਅਨਿਸ਼ਚਤਤਾਵਾਂ ਨੂੰ ਘਟਾ ਕੇ ਉਹ ਆਪਣੀ ਕਿਸਮਤ 'ਤੇ ਬਿਹਤਰ ਕੰਟਰੋਲ ਕਰ ਸਕਣ।

ਇਸ ਪਿਛੋਕੜ ਵਿੱਚ, ਕਿਸੇ ਖਾਸ ਫ਼ਸਲ ਜਾਂ ਫ਼ਸਲਾਂ ਦੇ ਸਮੂਹ ਦੇ ਹਰ ਕੁਦਰਤੀ ਪੈਦਾਵਾਰੀ ਇਲਾਕੇ (NGA) ਵਿੱਚ ਸੰਬੰਧਿਤ ਵਿਭਾਗ ਅਧੀਨ ਇੱਕ ਸੈਂਟਰ ਆਫ਼ ਐਕਸੇਲੈਂਸ ( Centre of Excellence- CoE) ਹੋਣਾ ਚਾਹੀਦਾ ਹੈ ਜੋ ਕਿ ਵਾਤਾਵਰਨ ਪੱਖੀ ਢੰਗਾਂ ਨਾਲ ਮਿਆਰੀ ਪੈਦਾਵਾਰ, ਪ੍ਰੋਸੈਸਿੰਗ ਅਤੇ ਨਿਵੇਕਲੇ ਮੰਡੀਕਰਨ ਦੀਆਂ ਨਵੀਨਤਮ ਤਕਨੀਕਾਂ ਸੰਬੰਧੀ ਗਿਆਨ ਦੇ ਚਾਨਣ ਮੁਨਾਰੇ ਵਜੋਂ ਕੰਮ ਕਰੇ।

ਪੈਦਾਵਾਰ ਨੂੰ ਮੰਡੀ ਦੀ ਮੰਗ ਅਨੁਸਾਰ ਸੋਧਿਤ ਕਰਨ ਲਈ ਸੈਂਟਰ ਆਫ਼ ਐਕਸੇਲੈਂਸ ਦਾ ਖੇਤੀ ਮੰਡੀ ਖੋਜ ਅਤੇ ਚੌਕਸੀ ਸੰਸਥਾ (AMRII), ਇੰਨੋਵੇਟਿਵ ਖੇਤੀ ਮੰਡੀਕਰਨ ਸੁਸਾਇਟੀ (IAMS) ਅਤੇ ਅਗਾਂਹਵਧੂ ਕਿਸਾਨ ਸੁਸਾਇਟੀਆਂ (PFS) ਨਾਲ ਸਿੱਧਾ ਸੰਪਰਕ ਹੋਵੇਗਾ। ਵਿਕਸਿਤ ਅਤੇ ਹਾਸਿਲ ਕੀਤੀਆਂ ਤਕਨੀਕਾਂ ਵਿੱਚੋਂ ਸਭ ਤੋਂ ਵੱਧ ਢੁੱਕਵੀਆਂ ਨੂੰ ਇਸ ਕੇਂਦਰ ਵਿੱਚ ਵਿਖਾਵਿਆਂ ਨਾਲ ਪ੍ਰਦਰਸ਼ਿਤ ਕੀਤਾ ਜਾਵੇਗਾ ਅਤੇ ਇਸਦੇ ਨਾਲ ਹੀ ਕਿਸਾਨਾਂ, ਮਜ਼ਦੂਰਾਂ ਅਤੇ ਸੰਬੰਧਿਤ ਕਿੱਤਾ ਮਾਹਿਰਾਂ ਨੂੰ ਗਿਆਨ ਦੇ ਵਾਧੇ ਅਤੇ ਸਮੇਂ ਦੇ ਹਾਣ ਦਾ ਬਣਾਉਣ ਲਈ ਉੱਚ-ਪੱਧਰੀ ਭਰਵੀਂ ਅਮਲੀ ਸਿਖਲਾਈ ਦਿੱਤੀ ਜਾਵੇਗੀ। ਕਿਸਾਨਾਂ ਨੂੰ ਮੌਸਮ ਦੀ ਸਥਿਤੀ ਅਤੇ ਪੱਤਾ ਅਤੇ ਮਿੱਟੀ ਪਰਖ ਦੀਆਂ ਸਹੂਲਤਾਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ। ਪੀ.ਏ.ਯੂ. ਦੇ ਵਿਗਿਆਨੀਆਂ ਦੀ ਅਗਵਾਈ ਵਿੱਚ ਵਿਸ਼ਾ ਖੇਤਰੀ ਮਾਹਿਰਾਂ ਅਤੇ ਅਗਾਂਹਵਧੂ ਕਿਸਾਨ ਸੁਸਾਇਟੀ ਦੇ ਕਿਸਾਨਾਂ ਨਾਲ ਭਾਗੀਦਾਰੀ ਖੋਜ ਵੀ ਕੀਤੀ ਜਾਵੇਗੀ ਤਾਂ ਜੋ ਇਲਾਕੇ ਵਿੱਚ ਤਕਨੀਕਾਂ ਨੂੰ ਤੇਜ਼ੀ ਨਾਲ ਪ੍ਰਦਰਸ਼ਿਤ ਅਤੇ ਖੇਤਾਂ 'ਚ ਲਾਗੂ ਕੀਤਾ ਜਾ ਸਕੇ।

ਇਸ ਵਿੱਚ ਆਡੀਓ (Audio)-ਵਿਜ਼ੂਅਲ (Visual)-IT ਏਡਜ਼ (Aids) ਨਾਲ ਲੈਸ ਕਿਸਾਨਾਂ ਦਾ ਸਿਖਲਾਈ ਹਾਲ ਅਤੇ ਹੋਰ ਲੋੜੀਂਦੇ ਬੁਨਿਆਦੀ ਢਾਂਚੇ ਦੇ ਨਾਲ ਤੁਲਨਾਤਮਕ ਪ੍ਰਦਰਸ਼ਨੀ ਢੰਗਾਂ ਵਾਲਾ ਇੱਕ ਹਾਈ-ਟੈਕ ਕੰਪਲੈਕਸ ਹੋਵੇਗਾ। ਸਥਾਨਕ ਇਲਾਕੇ ਵਿੱਚ ਇਸ ਕੰਪਲੈਕਸ ਤੋਂ ਅਜਿਹੀਆਂ ਨਵੀਨਤਮ ਹਾਈ-ਟੈਕ ਸੇਵਾਵਾਂ ਕਿਸਾਨਾਂ ਦੇ ਮਨਾਂ ਉੱਪਰ ਬੱਝਵਾਂ ਪ੍ਰਭਾਵ ਪਾਉਣਗੀਆਂ ਜਿਸ ਨਾਲ ਕਿਸਾਨ ਆਪਣੇ ਖੇਤਾਂ ਵਿੱਚ ਤਕਨੀਕਾਂ ਨੂੰ ਵੱਧ ਤੋਂ ਵੱਧ ਅਪਣਾਉਣਗੇ ਅਤੇ ਉਨ੍ਹਾਂ ਦੇ ਮੁਨਾਫ਼ੇ ਨੂੰ ਵਧਾਉਣ ਵਿੱਚ ਮਦਦ ਮਿਲੇਗੀ।

ਕੁੱਲ ਤੇਰਾਂ (13) ਅਜਿਹੇ ਸੈਂਟਰ ਆਫ਼ ਐਕਸੇਲੈਂਸ ਉਹਨਾਂ ਫ਼ਸਲਾਂ ਦੇ ਸੰਬੰਧਿਤ ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਸਥਾਪਿਤ ਕਰਨ ਦੀ ਲੋੜ ਹੈ ਜਿਹਨਾਂ ਵਿੱਚ ਉੱਚ ਮੁਨਾਫ਼ੇ ਅਤੇ ਵਿਭਿੰਨਤਾ ਦੀ ਸੰਭਾਵਨਾ ਹੈ। ਪੰਜਾਬ 'ਚ ਅਜਿਹੇ ਪੰਜ (5) ਸੈਂਟਰ ਆਫ਼ ਐਕਸੇਲੈਂਸ ਪਹਿਲਾਂ ਹੀ ਸਥਾਪਿਤ ਹਨ।


**ਟੇਬਲ 2.1: ਸੈਂਟਰ ਆਫ਼ ਐਕਸੇਲੈਂਸ (CoE) ਅਤੇ ਅਗਾਂਹਵਧੂ ਕਿਸਾਨ ਸੁਸਾਇਟੀਆਂ (PFS)**

| ਲੜੀ ਨੰ: | ਫ਼ਸਲ ਵਿਸ਼ੇਸ਼ ਸੈਂਟਰ ਆਫ਼ ਐਕਸੇਲੈਂਸ (ਸੀ.ਓ.ਈ) | ਪ੍ਰਸਤਾਵਿਤ ਖੇਤਰ | ਟਿੱਪਣੀਆਂ | ਅਗਾਂਹਵਧੂ ਕਿਸਾਨ ਸੁਸਾਇਟੀਆਂ |
|---|---|---|---|---|
| 1. | ਬਾਸਮਤੀ ਦੀ ਫ਼ਸਲ ਲਈ ਸੀ.ਓ.ਈ | ਗੁਰਦਾਸਪੁਰ | ਸਥਾਪਿਤ ਕੀਤਾ ਜਾਵੇ | ਬਣਾਈ ਜਾਵੇ |
| 2. | ਦਾਲਾਂ ਲਈ ਸੀ.ਓ.ਈ | ਮਾਲਵਾ | ਸਥਾਪਿਤ ਕੀਤਾ ਜਾਵੇ | ਬਣਾਈ ਜਾਵੇ |
| 3. | ਤੇਲ ਬੀਜ ਫ਼ਸਲਾਂ ਲਈ ਸੀ.ਓ.ਈ | ਮਾਲਵਾ | ਸਥਾਪਿਤ ਕੀਤਾ ਜਾਵੇ | ਬਣਾਈ ਜਾਵੇ |
| 4. | ਕਪਾਹ ਲਈ ਸੀ.ਓ.ਈ | ਮਾਲਵਾ | ਸਥਾਪਿਤ ਕੀਤਾ ਜਾਵੇ | ਬਣਾਈ ਜਾਵੇ |
| 5. | ਗੰਨੇ ਲਈ ਸੀ.ਓ.ਈ | ਦੋਆਬਾ - ਭੋਗਪੁਰ | ਸਥਾਪਿਤ ਕੀਤਾ ਜਾਵੇ | ਬਣਾਈ ਜਾਵੇ |
| 6. | ਮੱਕੀ ਦੀ ਫ਼ਸਲ ਲਈ ਸੀ.ਓ.ਈ | ਗੜ੍ਹਸ਼ੰਕਰ (ਹੁਸ਼ਿਆਰਪੁਰ) | ਸਥਾਪਿਤ ਕੀਤਾ ਜਾਵੇ | ਬਣਾਈ ਜਾਵੇ |
| 7. | ਜੈਵਿਕ ਖੇਤੀ ਲਈ ਸੀ.ਓ.ਈ | ਲਾਢੋਵਾਲ, ਲੁਧਿਆਣਾ | ਸਥਾਪਿਤ ਕੀਤਾ ਜਾਵੇ | ਬਣਾਈ ਜਾਵੇ |
| 8. | ਮਧੂ ਮੱਖੀ ਪਾਲਣ ਲਈ ਸੀ.ਓ.ਈ | ਖਨੌੜਾ (ਹੁਸ਼ਿਆਰਪੁਰ) ਬਾਗਬਾਨੀ ਵਿਭਾਗ ਪੰਜਾਬ | ਸਥਾਪਿਤ ਕੀਤਾ ਜਾਵੇ | ਬਣਾਈ ਜਾਵੇ |
| 9. | ਫੂਡ ਪ੍ਰੋਸੈਸਿੰਗ ਅਤੇ ਕਦਰ ਵਧਾਈ ਲਈ ਸੀ.ਓ.ਈ | ਪੀਏਯੂ* (ਆਈ.ਆਈ.ਟੀ.-ਰੋਪੜ ਦੁਆਰਾ ਸਮਰਥਿਤ/ ਅਪਣਾਇਆ ਗਿਆ) | ਸਥਾਪਿਤ ਕੀਤਾ ਜਾਵੇ | ਬਣਾਈ ਜਾਵੇ |
| 10. | ਡੇਅਰੀ ਵਿਕਾਸ ਲਈ ਸੀ.ਓ.ਈ | ਕਪੂਰਥਲਾ, ਡੇਅਰੀ ਵਿਕਾਸ ਵਿਭਾਗ ਪੰਜਾਬ | ਸਥਾਪਿਤ ਕੀਤਾ ਜਾਵੇ | ਬਣਾਈ ਜਾਵੇ |
| 11. | ਮਸ਼ੀਨਰੀ ਅਤੇ ਉਪਕਰਨ ਲਈ ਸੀ.ਓ.ਈ | ਪੀਏਯੂ* ਲੁਧਿਆਣਾ | ਸਥਾਪਿਤ ਕੀਤਾ ਜਾਵੇ | ਬਣਾਈ ਜਾਵੇ |
| 12. | ਮਿਸ਼ਰਤ ਖੇਤੀ ਅਤੇ ਜੁੜਵੀਂ ਆਮਦਨ ਸਹਿਯੋਗ ਲਈ ਸੀ.ਓ.ਈ | ਪੀਏਯੂ*, ਲੁਧਿਆਣਾ | ਸਥਾਪਿਤ ਕੀਤਾ ਜਾਵੇ | ਬਣਾਈ ਜਾਵੇ |
| 13. | ਛੋਟੇ ਰੁਮੀਨੈਂਟ ਲਈ ਸੀ.ਓ.ਈ | ਮਾਲਵਾ (ਗਡਵਾਸੂ*) | ਸਥਾਪਿਤ ਕੀਤਾ ਜਾਵੇ | ਬਣਾਈ ਜਾਵੇ |
| 14. | ਸਬਜ਼ੀਆਂ ਲਈ ਸੀ.ਓ.ਈ | ਕਰਤਾਰਪੁਰ, ਜਲੰਧਰ | ਪਹਿਲਾਂ ਹੀ ਸਥਾਪਿਤ ਹੈ | ਬਣਾਈ ਜਾਵੇ |
| 15. | ਨਿੰਬੂ ਜਾਤੀ ਦੇ ਫਲਾਂ ਲਈ ਸੀ.ਓ.ਈ | ਖਨੌੜਾ, ਹੁਸ਼ਿਆਰਪੁਰ | ਪਹਿਲਾਂ ਹੀ ਸਥਾਪਿਤ ਹੈ | ਪਹਿਲਾਂ ਹੀ ਬਣੀ ਹੋਈ ਹੈ |
| 16. | ਆਲੂ ਲਈ ਸੀ.ਓ.ਈ | ਧੋਗੜੀ, ਜਲੰਧਰ | ਪਹਿਲਾਂ ਹੀ ਸਥਾਪਿਤ ਹੈ | ਬਣਾਈ ਜਾਵੇ |
| 17. | ਫੁੱਲਾਂ ਲਈ ਸੀ.ਓ.ਈ | ਦੋਰਾਹਾ, ਲੁਧਿਆਣਾ | ਪਹਿਲਾਂ ਹੀ ਸਥਾਪਿਤ ਹੈ | ਬਣਾਈ ਜਾਵੇ |
| 18. | ਪਿਆਜ਼ ਲਈ ਸੀ.ਓ.ਈ | ਖੇੜੀ, ਸੰਗਰੂਰ | ਪਹਿਲਾਂ ਹੀ ਬਣ ਰਿਹਾ ਹੈ | ਬਣਾਈ ਜਾਵੇ |

*ਪੀਏਯੂ ਅਤੇ ਗਡਵਾਸੂ ਲਈ ਵੀ ਦਰਸਾਏ ਗਏ ਫਲੋਚਾਰਟ ਨਾਲ ਮਿਲਦਾ-ਜੁਲਦਾ ਜਥੇਬੰਦਕ ਢਾਂਚਾ ਸਥਾਪਿਤ ਕੀਤਾ ਜਾਵੇ।

ਨੋਟ: ਇਨ੍ਹਾਂ ਅਤਿ ਆਧੁਨਿਕ ਸੰਸਥਾਵਾਂ ਨੂੰ ਸਥਾਪਿਤ ਕਰਨ ਲਈ ਹਰ ਇੱਕ ਸੀ.ਓ.ਈ ਲਈ 12 ਕਰੋੜ ਰੁਪਏ ਦੀ ਇੱਕੋ ਸਮੇਂ ਗਰਾਂਟ-ਇਨ-ਏਡ ਦਿੱਤੀ ਜਾਵੇ। ਇਸੇ ਤਰ੍ਹਾਂ ਹਰ ਅਗਾਂਹਵਧੂ ਕਿਸਾਨ ਸੁਸਾਇਟੀਆਂ ਦੇ ਬੁਨਿਆਦੀ ਢਾਂਚੇ ਅਤੇ ਸੰਚਾਲਨ ਲਈ 7 ਕਰੋੜ ਰੁਪਏ ਇੱਕੋ ਸਮੇਂ ਲਈ ਗਰਾਂਟ-ਇਨ-ਏਡ ਵਜੋਂ ਦਿਤੀ ਜਾਵੇ।

**ਸੈਂਟਰ ਆਫ਼ ਐਕਸੇਲੈਂਸ ਦਾ ਜਥੇਬੰਦਕ ਢਾਂਚਾ ਵਿਸਥਾਰ (Flowchart)**




**ਟੇਬਲ 2.2: ਸੈਂਟਰ ਆਫ਼ ਐਕਸੇਲੈਂਸ ਵਿਖੇ ਅਸਾਮੀਆਂ ਦਾ ਵੇਰਵਾ**

| **ਵੇਰਵਾ** | **ਪੋਸਟਾਂ ਦੀ ਗਿਣਤੀ** |
|---|---|
| ਡਿਪਟੀ ਡਾਇਰੈਕਟਰ (ਫ਼ਸਲ ਵਿਸ਼ੇਸ਼) | 1 |
| ਖੇਤੀਬਾੜੀ ਅਫ਼ਸਰ/ਸਹਾਇਕ ਡਾਇਰੈਕਟਰ ਬਾਗਬਾਨੀ (ਫ਼ਸਲ ਵਿਸ਼ੇਸ਼) | 1 |
| ਖੇਤੀਬਾੜੀ/ਬਾਗਬਾਨੀ ਵਿਕਾਸ ਅਫ਼ਸਰ ਪ੍ਰੋਜੈਕਟ ਮੈਨੇਜਰ ਮਿਆਰੀ ਪੈਦਾਵਾਰ | 1 |
| ਖੇਤੀਬਾੜੀ/ਬਾਗਬਾਨੀ ਵਿਕਾਸ ਅਫ਼ਸਰ ਪੌਦ ਸੁਰੱਖਿਆ (ਫ਼ਸਲ ਵਿਸ਼ੇਸ਼) | 1 |
| ਖੇਤੀਬਾੜੀ ਵਿਕਾਸ ਅਫ਼ਸਰ ਸਿਖਲਾਈ (ਫ਼ਸਲ ਵਿਸ਼ੇਸ਼) | 1 |
| ਖੇਤੀਬਾੜੀ ਸਬ-ਇੰਸਪੈਕਟਰ | 1 |
| ਲੈਬ ਇੰਚਾਰਜ | 1 |
| ਦਫਤਰ ਕਲਰਕ | 1 |
| ਦਫਤਰ ਸਹਾਇਕ | 1 |
| ਡਰਾਈਵਰ | 2 |
| ਚੌਕੀਦਾਰ | 1 |
| ਫੀਲਡ ਵਰਕਰ | 2 |
| ਚਪੜਾਸੀ | 1 |
| ਕੁੱਲ | 15 |

## 2.7 ਅਗਾਂਹਵਧੂ ਕਿਸਾਨ ਸੁਸਾਇਟੀਆਂ (Progressive Farmers' Societies - PFS)

**ਉਦੇਸ਼**
- ਗੁਣਵੱਤਾ ਉਤਪਾਦਨ
- ਕਦਰ ਵਧਾਈ/ਪ੍ਰੋਸੈਸਿੰਗ
- ਸਟੋਰੇਜ ਅਤੇ ਮੰਡੀਕਰਨ

ਪੰਜਾਬ ਦੀ ਕਿਸਾਨੀ ਬਹੁਤ ਸਾਰੇ ਗੁੰਝਲਦਾਰ ਮਸਲਿਆਂ ਅਤੇ ਚੁਣੌਤੀਆਂ ਨਾਲ ਜਦੋ-ਜਹਿਦ ਕਰ ਰਹੀ ਹੈ, ਜਿਹੜੇ ਉਨ੍ਹਾਂ ਦੇ ਖੇਤੀ 'ਚੋਂ ਦਰ ਗੁਜ਼ਰ ਕਰਨ 'ਤੇ ਬਹੁਤ ਮਾੜੇ ਅਸਰ ਪਾ ਰਹੇ ਹਨ। ਇਨ੍ਹਾਂ ਮਸਲਿਆਂ 'ਚ ਕਰਜ਼ੇ ਦਾ ਭਾਰੀ ਬੋਝ ਜੋ ਕਿ ਪੱਖਪਾਤੀ ਵਪਾਰਕ ਸ਼ਰਤਾਂ, ਵੱਧ ਵਿਆਜ਼ 'ਤੇ ਕਰਜ਼ੇ, ਵੱਧ ਰਹੇ ਪੈਦਾਵਾਰੀ ਖਰਚੇ ਅਤੇ ਮੰਡੀ ਦੀ ਅਸਥਿਰਤਾ ਦੇ ਸਿੱਟੇ ਵਜੋਂ ਹੈ। ਇਸੇ ਤਰ੍ਹਾਂ, ਛੋਟੀਆਂ ਟੁੱਟਵੀਂਆਂ ਖੇਤੀ ਜੋਤਾਂ ਅਤੇ ਕਾਸ਼ਤ ਲਈ ਨਵੀਨਤਮ ਵੱਡੀ ਮਸ਼ੀਨਰੀ ਦੀਆਂ ਲੋੜਾਂ, ਇਨ੍ਹਾਂ ਸਮੱਸਿਆਵਾਂ ਨੂੰ ਹੋਰ ਵਧਾ ਰਹੀਆਂ ਹਨ ਜਦਕਿ ਮੰਡੀ ਮੁੱਲ ਦੇ ਉਤਰਾਅ-ਚੜ੍ਹਾਅ ਅਤੇ ਮਿਆਰੀ ਲਾਗਤ ਵਸਤਾਂ 'ਤੇ ਕਰਜ਼ੇ ਦੀ ਨਿਗੂਣੀ ਉਪਲਬਧੀ, ਇਨ੍ਹਾਂ ਦੀ ਆਰਥਿਕ ਅਸਥਿਰਤਾ ਵਿੱਚ ਹੋਰ ਵਾਧਾ ਕਰਦੀਆਂ ਹਨ। ਨਵੀਂ ਖੇਤੀ ਮਸ਼ੀਨਰੀ ਛੋਟੀ ਕਿਸਾਨੀ ਲਈ ਆਰਥਿਕ ਤੌਰ 'ਤੇ ਅਕਸਰ ਘਾਟੇ ਵਾਲੀ ਹੋ ਨਿਬੜਦੀ ਹੈ, ਜਿਸ ਲਈ ਛੋਟੀ ਕਿਸਾਨੀ ਲਈ ਖੇਤੀ ਨੂੰ ਮੁਨਾਫ਼ੇਯੋਗ ਬਣਾਉਣ ਲਈ ਪੈਮਾਨੇ ਦੀ ਆਰਥਿਕਤਾ ਨੂੰ ਮੁੜ ਸੋਧਣ ਦੀ ਅਣਸਰਦੀ ਲੋੜ ਬਣ ਗਈ ਹੈ। ਪੈਦਾਵਾਰ ਦੀ ਕਦਰ ਵਧਾਈ, ਡੱਬਾਬੰਦੀ, ਸਟੋਰੇਜ਼ ਅਤੇ ਮੰਡੀਕਰਨ ਤੱਕ ਆਪਣੀ ਪਹੁੰਚ ਬਣਾਏ ਤੋਂ ਬਿਨਾਂ ਕਿਸਾਨ ਆਪਣੇ ਖੇਤੀ ਉਤਪਾਦਾਂ ਦਾ ਪੂਰੀ ਸਮਰੱਥਾ ਨਾਲ ਲਾਹਾ ਨਹੀਂ ਲੈ ਸਕਦਾ ਜੋ ਕਿ ਉਸਦੇ ਆਰਥਿਕ ਮੌਕਿਆਂ 'ਤੇ ਵਧਾਰੇ ਦੀ ਸਮਰੱਥਾ ਨੂੰ ਸੀਮਤ ਕਰ ਦਿੰਦਾ ਹੈ। ਕਿਸਾਨੀ ਅਤੇ ਖਾਸ ਕਰ ਛੋਟੀ ਕਿਸਾਨੀ ਦੀਆਂ ਨਿੱਜਤਾਵਾਦੀ ਤੇ ਸਵੈ-ਕੇਂਦਰਿਤ ਚਲਣ ਢੰਗ ਵਾਲੀਆਂ ਹਾਲਤਾਂ ਦੇ ਮੱਦੇਨਜ਼ਰ ਪ੍ਰਸਤਾਵਿਤ ਅਗਾਂਹਵਧੂ ਕਿਸਾਨ ਸੁਸਾਇਟੀਆਂ ਸਹਿਯੋਗ/ਸਹਿਕਾਰਤਾ ਦੀ ਭਾਵਨਾ ਅਤੇ ਇਨਸਾਨੀਅਤ ਦੇ ਤਕਾਜ਼ੇ ਨਾਲ, ਇਨ੍ਹਾਂ ਦੇ ਮਸਲਿਆਂ ਨੂੰ ਸੰਬੋਧਤ ਹੋਣ 'ਚ ਮੱਦਦ ਕਰ ਸਕਦੀਆਂ ਹਨ।

**ਸੁਸਾਇਟੀ ਕਿਸ ਤਰ੍ਹਾਂ ਮਦਦਗਾਰ ਹੋਵੇਗੀ**

i. ਸਾਂਝੇ ਸਰੋਤਾਂ ਤੋਂ ਸਹਿਕਾਰੀ ਢੰਗ ਨਾਲ ਕਿੱਤਾ ਮੁਖੀ ਸੇਵਾਵਾਂ ਅਤੇ ਸੁਵਿਧਾਵਾਂ ਦੀ ਵਿਵਸਥਾ ਕਿਸਾਨਾਂ ਦੇ ਪਰਿਵਾਰਾਂ ਅਤੇ ਉਨ੍ਹਾਂ ਦੇ ਖਿੰਡੇ-ਬਿੱਖਰੇ ਖੇਤੀ ਪੈਦਾਵਾਰੀ ਸਿਸਟਮ ਦੇ ਖਰਚੇ ਘਟਾਉਣ ਅਤੇ ਗਾਰੰਟੀ ਨਾਲ ਮੁਨਾਫ਼ੇ ਵਧਾਉਣ ਵਿੱਚ ਮੱਦਦਗਾਰ ਹੋਵੇਗੀ। ਇਨ੍ਹਾਂ ਸੇਵਾਵਾਂ ਵਿੱਚ ਤਕਨੀਕੀ ਜਾਣਕਾਰੀ, ਕਿਰਾਏ 'ਤੇ ਮਸ਼ੀਨਰੀ ਉਪਕਰਨ, ਖੇਤੀ ਲਾਗਤ ਵਸਤਾਂ, ਕੋਲਡ ਚੇਨ, ਡੱਬਾਬੰਦੀ ਤੇ ਕਦਰ ਵਧਾਈ ਸੁਵਿਧਾਵਾਂ, ਕਰਜ਼ਾ, ਮੰਡੀਕਰਨ, ਗਰੁੱਪ ਤੇ ਸਿਹਤ ਬੀਮੇ ਆਦਿ ਦੀ ਮੱਦਦ ਸ਼ਾਮਿਲ ਹੈ।

ii. ਇਹ ਛੋਟੀਆਂ ਖਿੰਡੀਆਂ ਖੇਤੀ ਇਕਾਈਆਂ ਕਾਰਨ ਉਪਜੀਆਂ ਰੁਕਾਵਟਾਂ ਨੂੰ ਵੱਡੇ ਪੱਧਰ 'ਤੇ ਬੇਅਸਰ ਕਰਨ ਵਿੱਚ ਯੋਗਦਾਨ ਪਾਏਗੀ। ਇਸਦੇ ਨਾਲ ਹੀ, ਇਹ ਉਨ੍ਹਾਂ ਦੀ ਮੰਡੀਕਰਨ ਲਈ ਪੈਦਾਵਾਰ ਦੀ ਮਾਤਰਾ ਵਧਾਏਗੀ ਅਤੇ ਇਸ ਤਰ੍ਹਾਂ ਆਰਥਿਕਤਾ ਦਾ ਪੈਮਾਨਾ ਅਤੇ ਤਾਕਤ ਦਾ ਪੈਮਾਨਾ ਉੱਚਾ ਚੁੱਕੇਗੀ ਜਦਕਿ ਇਹ ਛੋਟੇ ਫਾਰਮਾਂ ਦੀ ਕਾਨੂੰਨੀ ਆਜ਼ਾਦੀ ਤੇ ਆਰਥਿਕ ਸੁਤੰਤਰਤਾ ਬਰਕਰਾਰ ਰੱਖੇਗੀ (ਹਰ ਖੇਤੀ ਪੈਦਾਵਾਰੀ ਪਰਿਵਾਰਕ ਇਕਾਈ ਦੇ ਰਚਨਾਤਮਕ ਉੱਦਮ ਦੇ ਵਿਕਾਸ ਅਤੇ ਵਿਭਿੰਨਤਾ ਨੂੰ ਕਾਇਮ ਰੱਖਣ ਸਦਕਾ)। ਇਸ ਪ੍ਰਸਤਾਵਿਤ ਰਜਿਸਟਰਡ ਸੁਸਾਇਟੀ ਦੀ ਇੱਕ ਸਮਾਜਿਕ-ਆਰਥਿਕ ਸਲਾਹਕਾਰ ਅਤੇ ਮੱਦਦਗਾਰ ਇਕਾਈ ਵਜੋਂ ਰਚਨਾ-ਬਣਤਰ ਇਸ ਕਦਰ ਕੀਤੀ ਜਾਵੇ ਕਿ ਇਸਦੀ ਉਸਾਰੀ ਤੇ ਕਾਰਜਸ਼ੀਲਤਾ ਦੇ ਅਮਲਾਂ ਦੌਰਾਨ ਹੇਠ ਲਿਖੀਆਂ ਬੁਨਿਆਦਾਂ ਨੂੰ ਬਰਕਰਾਰ ਅਤੇ ਬਣਾਈ ਰੱਖਿਆ ਜਾਵੇ ਅਤੇ ਇਸ ਨੂੰ ਦੂਸਰਿਆਂ 'ਤੇ ਹੁਕਮ ਚਲਾਉਣ ਵਾਲੀ ਤਾਨਾਸ਼ਾਹ ਸਲਤਨਤ ਬਣਨ ਤੋਂ ਰੋਕਿਆ ਜਾਵੇ:

ੳ) ਜਮਹੂਰੀ ਪ੍ਰਬੰਧਨ ਦੇ ਅਸੂਲ

ਅ) ਆਰਥਿਕ ਕੁਸ਼ਲਤਾ

ੲ) ਨੈਤਿਕ ਅਨੁਸ਼ਾਸਨ

ਸ) ਸਮਾਜਿਕ ਨਿਆਂ

iii. ਕੁਦਰਤੀ ਵਿਭਿੰਨਤਾ ਦੇ ਸਾਰੇ ਰੂਪਾਂ ਨੂੰ ਉਤਸ਼ਾਹਿਤ ਕਰਦੇ ਹੋਏ ਇਹ ਖੇਤੀ 'ਚ ਸਮੂਹਿਕ ਆਰਥਿਕਤਾ ਵੱਲ ਸ਼ੁਰੂਆਤ ਹੈ। ਖੇਤੀ ਮੰਡੀਕਰਨ ਖੋਜ ਅਤੇ ਚੌਕਸੀ ਸੰਸਥਾ (AMRII) ਵੱਲੋਂ ਪੈਦਾਵਾਰ ਦੀ ਅਗਾਊਂ ਵਿਉਂਤਬੰਦੀ ਸੰਬੰਧੀ ਸਲਾਹ ਅਤੇ ਇੰਨੋਵੇਟਿਵ ਖੇਤੀ ਮੰਡੀਕਰਨ ਸੁਸਾਇਟੀ ਵੱਲੋਂ ਮੰਡੀਕਰਨ ਵਿੱਚ ਮੱਦਦ ਦੇ ਸੰਪਰਕਾਂ ਨਾਲ ਇਹ ਫਰੇਮਵਰਕ ਲੋਕਾਂ/ਕਿਸਾਨਾਂ ਦੀ ਭਲਾਈ ਦਾ ਰਾਹ ਰੋਕਣ ਵਾਲੇ ਇਜ਼ਾਰੇਦਾਰਾਂ ਦਾ ਵਿਰੋਧ ਕਰਨ ਦੀ ਅਥਾਹ ਸਮਰੱਥਾ ਰੱਖਦਾ ਹੈ।

iv. ਇਹ ਸਹਿਕਾਰੀ ਯੋਜਨਾਬੰਦੀ ਅਤੇ ਕਿਸਾਨਾਂ ਦੀ ਆਜ਼ਾਦੀ ਦਾ ਮਿਸ਼ਰਨ ਹੈ, ਜਿਸ ਵਿੱਚ ਕਿਸਾਨ ਆਪਣੇ ਵੱਡੇ ਸਮੂਹਾਂ/ਅਗਾਂਹਵਧੂ ਕਿਸਾਨ ਸੁਸਾਇਟੀਆਂ (PFS) ਵਿੱਚ ਝਟਕੇ ਜਜ਼ਬ ਕਰਨ ਵਿੱਚ ਸਹਾਈ ਹੋਣ ਪੱਖੋਂ ਵਿਸ਼ਵਾਸ ਰੱਖਦੇ ਹਨ ਜੋ ਕਿ ਵੱਖ-ਵੱਖ ਸਮੇਂ ਕੀਮਤਾਂ ਦੇ ਉਤਰਾਅ-ਚੜ੍ਹਾਅ ਤੋਂ ਬਚਾਅ ਕਰਦੇ ਹੋਏ, ਖਪਤਕਾਰਾਂ ਨੂੰ ਵੀ ਵਾਜਬ ਖਰੀਦ ਮੁੱਲ ਨਾਲ ਰਾਹਤ ਦਿੰਦੇ ਹਨ।

v. ਇਹ ਮੰਨਣ ਯੋਗ ਹੈ ਕਿ ਅਜਿਹੇ ਸਹਿਯੋਗ ਦੀ ਸੰਭਾਵਨਾ ਉਹਨਾਂ ਸਰਗਰਮੀਆਂ ਵਿੱਚ ਵੱਧ ਤੋਂ ਵੱਧ ਹੁੰਦੀ ਹੈ, ਜਿੱਥੇ ਕਿਸਾਨਾਂ ਦੇ ਬਹੁਤੇ ਹਿੱਤ ਇਕਸੁਰਤਾ ਵਿੱਚ ਹੁੰਦੇ ਹਨ। ਇੱਕ ਫ਼ਸਲ-ਵਿਸ਼ੇਸ਼ ਸਰਗਰਮੀਆਂ, ਇਸ ਫ਼ਸਲ ਦੇ ਸੰਬੰਧ ਵਿੱਚ ਤਕਨੀਕੀ ਜਾਣਕਾਰੀ ਹਾਸਲ ਕਰਨ ਤੋਂ ਲੈ ਕੇ ਲਾਗਤ ਵਸਤਾਂ ਦੇ ਇੰਤਜ਼ਾਮ, ਪੈਦਾਵਾਰ ਅਤੇ ਮੰਡੀਕਰਨ ਆਦਿ ਤੱਕ ਕਿਸਾਨਾਂ ਦੀਆਂ ਫ਼ਸਲ-ਵਿਸ਼ੇਸ਼ ਅਧਾਰਿਤ ਸੁਸਾਇਟੀਆਂ ਰਾਹੀਂ ਕਿਸਾਨਾਂ ਦੇ ਆਪਸੀ ਸਹਿਯੋਗ ਦਾ ਅਧਾਰ ਬਣਦੀਆਂ ਹਨ।

vi. ਫ਼ਸਲ-ਵਿਸ਼ੇਸ਼ ਕਿਸਾਨ ਜਥੇਬੰਦੀ ਦੁਆਰਾ ਉਸ ਖਾਸ ਫ਼ਸਲ ਦੇ ਕਿਸਾਨਾਂ ਲਈ ਖਰੀਦੀਆਂ/ਪ੍ਰਬੰਧਨ ਕੀਤੇ ਜਾਣ ਵਾਲੀਆਂ ਲਾਗਤ ਵਸਤਾਂ ਦੀ ਵੱਡੀ ਮਾਤਰਾ ਉਹਨਾਂ ਨੂੰ ਵੇਚਣ ਵਾਲੀਆਂ ਕੰਪਨੀਆਂ ਨਾਲ ਸੌਦੇਬਾਜ਼ੀ ਦੀ ਸ਼ਕਤੀ ਨੂੰ ਵਧਾਏਗੀ। ਇਹੋ ਤਰਕ ਹੀ ਖਾਸ ਫ਼ਸਲ ਨੂੰ ਵੇਚਣ ਵਾਲੀ ਪੈਦਾਵਾਰ 'ਤੇ ਲਾਗੂ ਹੁੰਦਾ ਹੈ। ਜਦੋਂ ਲਾਗਤ ਵਸਤਾਂ ਦੀ ਖਰੀਦ ਮਾਤਰਾ ਵੱਡੀ ਹੁੰਦੀ ਹੈ ਤਾਂ ਕੰਪਨੀਆਂ ਚੰਗੀ ਗੁਣਵੱਤਾ ਵਾਲੀ ਸਮੱਗਰੀ ਦੀ ਸਿੱਧੀ ਸਪਲਾਈ ਕੀਮਤ 'ਚ ਛੋਟ ਦੇ ਕੇ ਕਰਦੀਆਂ ਹਨ, ਜਿਸ ਨਾਲ ਕਿਸਾਨਾਂ ਦਾ ਮੁਨਾਫ਼ਾ ਵੱਧਦਾ ਹੈ। ਇਸੇ ਤਰ੍ਹਾਂ ਕਿਸਾਨ ਜਥੇਬੰਦੀਆਂ ਖਰੀਦਦਾਰਾਂ ਨਾਲ ਵਧੇਰੇ ਮਜ਼ਬੂਤ ਸਥਿਤੀ ਨਾਲ ਵਿਸ਼ੇਸ਼ ਖੇਤੀ ਪੈਦਾਵਾਰ ਦੇ ਵੇਚ ਮੁੱਲ ਦਾ ਸੌਦਾ ਕਰ ਸਕਦੀਆਂ ਹਨ। ਪੈਦਾਵਾਰ ਦੀ ਨਿਰਧਾਰਿਤ ਮਾਤਰਾ ਅਤੇ ਗੁਣਵੱਤਾ ਦੇ ਭਵਿੱਖੀ ਇਕਰਾਰਨਾਮੇ ਇਨ੍ਹਾਂ ਐਸੋਸੀਏਸ਼ਨਾਂ ਦੁਆਰਾ ਆਸਾਨ ਹੁੰਦੇ ਹਨ।

ਇਸ ਰੋਸ਼ਨੀ 'ਚ ਕਿਸਾਨਾਂ ਨੂੰ ਆਪਣੀ ਭਲਾਈ ਲਈ ਯੋਗਦਾਨ ਪਾਉਣ ਦੇ ਸਮਰੱਥ ਬਣਾਉਣ ਲਈ ਫ਼ਸਲ ਵਿਸ਼ੇਸ਼ ਕਿਸਾਨਾਂ ਦੀਆਂ ਸੁਸਾਇਟੀਆਂ ਯਾਨੀ ਅਗਾਂਹਵਧੂ ਕਿਸਾਨ ਸੁਸਾਇਟੀ (Progressive Farmers' Society-PFS) (ਫ਼ਸਲ ਵਿਸ਼ੇਸ਼) ਨੂੰ ਉਨ੍ਹਾਂ ਫ਼ਸਲਾਂ ਦੇ ਕੁਦਰਤੀ ਪੈਦਾਵਾਰੀ ਇਲਾਕਿਆਂ 'ਚ ਉਤਸ਼ਾਹਿਤ ਕਰਨ ਦੀ ਤਜਵੀਜ਼ ਹੈ, ਜਿਨ੍ਹਾਂ ਦੀ ਵੱਧ ਮੁਨਾਫ਼ਾਕਾਰੀ ਅਤੇ ਵਿਭਿੰਨਤਾ ਦੀ ਸਮਰੱਥਾ ਹੈ। ਇਸ ਸੁਸਾਇਟੀ ਦਾ ਉਦੇਸ਼ ਮੈਂਬਰ ਕਿਸਾਨਾਂ ਦੀ ਮੁਨਾਫ਼ਾਕਾਰੀ ਵਧਾਉਣ ਲਈ ਮਿਆਰੀ ਪੈਦਾਵਾਰ, ਉਤਪਾਦਕਤਾ, ਡੱਬਾਬੰਦੀ ਅਤੇ ਮੰਡੀਕਰਨ ਨੂੰ ਖੇਤੀ ਮੰਡੀਕਰਨ ਖੋਜ ਅਤੇ ਚੌਕਸੀ ਸੰਸਥਾ ਅਤੇ ਇੰਨੋਵੇਟਿਵ ਖੇਤੀ ਮੰਡੀਕਰਨ ਸੁਸਾਇਟੀ ਜੋ ਕਿ ਅਗਾਂਹਵਧੂ ਕਿਸਾਨ ਸੁਸਾਇਟੀਆਂ ਦੀ ਮੰਡੀਕਰਨ ਲਈ ਉਚ ਸੰਸਥਾ ਹੈ, ਨਾਲ ਤਾਲਮੇਲ ਕਰਕੇ ਉਤਸ਼ਾਹਿਤ ਕਰਨਾ ਹੋਵੇਗਾ। ਪ੍ਰਸਤਾਵਿਤ ਅਗਾਂਹਵਧੂ ਕਿਸਾਨ ਸੁਸਾਇਟੀਆਂ ਦੀ ਲਿਸਟ ਟੇਬਲ 2.1 ਵਿੱਚ ਦਿੱਤੀ ਗਈ ਹੈ।

### ਅਗਾਂਹਵਧੂ ਕਿਸਾਨ ਸੁਸਾਇਟੀਆਂ (PFS)

ਇਹ ਇੱਕ ਸਰਕਾਰੀ ਸਹਾਇਤਾ ਪ੍ਰਾਪਤ ਰਜਿਸਟਰਡ ਅਤੇ ਖੁਦਮੁਖਤਿਆਰ ਸੰਸਥਾ ਹੋਣੀ ਚਾਹੀਦੀ ਹੈ।

**ਟੇਬਲ 2.3: ਅਗਾਂਹਵਧੂ ਕਿਸਾਨ ਸੁਸਾਇਟੀ ਦੀ ਰਚਨਾ**

| | |
|---|---|
| ਖੇਤੀਬਾੜੀ ਵਿਕਾਸ ਅਫ਼ਸਰ ਫੀਲਡ (ਫ਼ਸਲ-ਵਿਸ਼ੇਸ਼ ਨੋਡਲ ਅਫ਼ਸਰ) ਚੇਅਰਮੈਨ ਵਜੋਂ | 1 |
| ਕਾਰਜਕਾਰੀ ਮੈਂਬਰ (ਫ਼ਸਲ-ਵਿਸ਼ੇਸ਼ ਅਗਾਂਹਵਧੂ ਕਿਸਾਨ) | 15 |
| ਨੋਡਲ ਵਿਗਿਆਨੀ (ਫ਼ਸਲ-ਵਿਸ਼ੇਸ਼) / ਖੇਤਰੀ (ਪੀਏਯੂ ਤੋਂ) | 1 |
| ਮੰਡੀਕਰਨ ਮਾਹਿਰ (ਫ਼ਸਲ ਵਿਸ਼ੇਸ਼) (MBA ਅਤੇ BSc ਐਗਰੀਕਲਚਰ) | 1 |
| ਮੈਨੇਜਰ ਸਹਿਕਾਰੀ ਬੈਂਕ/PADB | 1 |
| ਸਕੱਤਰ ਬਹੁ-ਮੰਤਵੀ ਸਹਿਕਾਰੀ ਸੁਸਾਇਟੀ (MPCS ਦੀ ਨੁਮਾਇੰਦਗੀ ਕਰਨ ਵਾਲੇ ਨੋਡਲ ਸਕੱਤਰ ਵਜੋਂ) | 1 |

**ਟੇਬਲ 2.4: ਖੇਤੀਬਾੜੀ ਲਾਗਤ ਵਸਤਾਂ, ਮਸ਼ੀਨਰੀ ਉਪਕਰਨ ਅਤੇ ਮੰਡੀਕਰਨ ਸੇਵਾਵਾਂ ਦੇ ਪ੍ਰਬੰਧਨ ਲਈ ਅਗਾਂਹਵਧੂ ਕਿਸਾਨ ਸੁਸਾਇਟੀ ਲਈ ਲੋੜੀਂਦਾ ਸਟਾਫ (ਆਊਟਸੋਰਸਿੰਗ – ਪਲੇਸਮੈਂਟ ਏਜੰਸੀ ਰਾਹੀਂ)**

| ਵੇਰਵਾ | ਨੰਬਰ |
|---|---|
| ਸੁਸਾਇਟੀ ਦੇ ਮੈਨੇਜਰ | 1 |
| ਦਫਤਰ ਕਲਰਕ | 1 |
| ਦਫਤਰ ਸਹਾਇਕ | 1 |
| ਚਪੜਾਸੀ | 1 |
| ਚੌਕੀਦਾਰ | 1 |
| ਡਰਾਈਵਰ | 1 |

ਨੋਟ: ਅਗਾਂਹਵਧੂ ਕਿਸਾਨ ਸੁਸਾਇਟੀ ਨੂੰ ਫ਼ਸਲਾਂ/ਬਦਲਾਂ ਦੀਆਂ ਲੋੜਾਂ ਅਨੁਸਾਰ 2 ਤੋਂ 5 ਏਕੜ ਜਮੀਨ ਸੁਸਾਇਟੀ ਦੇ ਬੁਨਿਆਦੀ ਢਾਂਚੇ, ਮਸ਼ੀਨਰੀ ਉਪਕਰਨ ਕਿਰਾਏ ’ਤੇ ਦੇਣ ਅਤੇ ਮਿਆਰੀ ਪੈਦਾਵਾਰ ਦੇ ਪਰਖ ਤਜਰਬਿਆਂ ਲਈ ਦੇਣ ਯੋਗ ਹੈ।

**ਮੁੱਖ ਕਾਰਜ**

ਅਗਾਂਹਵਧੂ ਕਿਸਾਨ ਸੁਸਾਇਟੀ ਹੇਠ ਲਿਖੇ ਕੰਮ ਕਰੇਗੀ:

i. ਚੰਗੇ ਖੇਤੀ ਅਮਲਾਂ (Good Agricultural Practices- GAP) ਨਾਲ ਅਤੇ ਜੈਵਿਕ ਢੰਗ ਨਾਲ ਮਿਆਰੀ ਪੈਦਾਵਾਰ ਅਤੇ ਬੀਜ ਉਤਪਾਦਨ
ii. ਪ੍ਰੋਸੈਸਿੰਗ, ਕਦਰ ਵਧਾਈ
iii. ਸਟੋਰੇਜ, ਮੰਡੀਕਰਨ, ਭਵਿੱਖ ਵਪਾਰ

**ਸੁਵਿਧਾਵਾਂ**

ਅਗਾਂਹਵਧੂ ਕਿਸਾਨ ਸੁਸਾਇਟੀਆਂ ਕੋਲ ਹੇਠ ਲਿਖੀਆਂ ਸੁਵਿਧਾਵਾਂ ਹੋਣਗੀਆਂ:

i. ਮਾਹਿਰ ਰਾਇ ਦੇਣਾ
ii. ਵਿੱਤ - ਘੱਟ ਵਿਆਜ਼ ’ਤੇ ਸਹਿਕਾਰੀ ਸੁਸਾਇਟੀਆਂ/PADB ਨਾਲ ਰਾਬਤੇ ਰਾਹੀਂ
iii. ਕਿਰਾਏ ’ਤੇ ਉਪਕਰਨ/ਪੈਦਾਵਾਰ ਸੰਬੰਧੀ ਜੈਵਿਕ-ਸਮੱਗਰੀ
iv. ਬੁਨਿਆਦੀ ਢਾਂਚਾ - ਦਫਤਰ, ਸੈਮੀਨਾਰ ਹਾਲ, ਪ੍ਰੋਸੈਸਿੰਗ ਪੈਕੇਜਿੰਗ ਸਿਸਟਮ, ਕਦਰ ਵਧਾਈ
v. ਸਟੋਰੇਜ - ਸਾਈਲੋਜ਼/ਕੋਕੂਨ 5-100 ਟਨ ਤੱਕ ਸਮਰੱਥਾ ਵਾਲੇ ਲੋੜ ਅਨੁਸਾਰ

## 2.8 ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ (MPCS)

ਮੌਜੂਦਾ ਪਿੰਡ ਦੀ ਸੰਕਟ ਗ੍ਰਸਤ ਕਿਸਾਨੀ, ਖੇਤ ਮਜ਼ਦੂਰਾਂ ਅਤੇ ਹੋਰ ਵਰਗਾਂ ਨੂੰ ਆਪਣੀ ਖੇਤੀ ਪੈਦਾਵਾਰ, ਮੰਡੀਕਰਨ ਅਤੇ ਹੋਰ ਕਾਰਜਾਂ ਦੇ ਪ੍ਰਬੰਧ ਕਰਨ ਲਈ ਸਵੈ-ਕੇਂਦਰਿਤ ਵਿਅਕਤੀਵਾਦੀ ਨਿੱਜਤਾਵਾਦੀ ਢੰਗ-ਤਰੀਕੇ ਅਤੇ ਸਾਧਨ ਅਪਨਾਉਣ ਲਈ ਭਰਮਾਇਆ ਗਿਆ ਹੈ। ਇਸ ਦਾ ਸਿੱਟਾ ਲਾਗਤ ਖਰਚੇ ਵੱਧਣ, ਖੇਤੀ ਪੈਦਾਵਾਰ ਦਾ ਮੰਡੀ ਮੁੱਲ ਘੱਟਣ ਅਤੇ ਸਾਧਨਾਂ ਦੀ ਅਕੁਸ਼ਲ ਅਤੇ ਅਧੂਰੀ ਵਰਤੋਂ 'ਚ ਨਿਕਲਦਾ ਹੈ। ਜਿਸ ਨਾਲ ਮੁਨਾਫ਼ਾਕਾਰੀ ਘੱਟਦੀ ਹੈ ਅਤੇ ਕਰਜ਼ਦਾਰੀ ਵੱਧਦੀ ਹੈ।

**ਉਦੇਸ਼**
- ਲਾਗਤ ਵਸਤਾਂ ਦੀ ਸਪਲਾਈ
- ਕਦਰ ਵਧਾਈ/ਪ੍ਰੋਸੈਸਿੰਗ
- ਮੰਡੀਕਰਨ ਅਤੇ ਸਟੋਰੇਜ
- ਕਰਜ਼ਾ ਸਹੂਲਤਾਂ
- ਉਪਜੀਵਕਾ ਲਈ ਹੋਰ ਮਦਦਗਾਰ ਸੇਵਾਵਾਂ

ਇਨ੍ਹਾਂ ਰੁਕਵਟਾਂ ਨੂੰ ਬੇਅਸਰ ਕਰਨ ਲਈ ਸਹਿਕਾਰੀ ਸੰਸਥਾਗਤ ਢਾਂਚੇ ਨੂੰ 3 ਤੋਂ 5 ਪਿੰਡਾਂ ਦੀ ਇੱਕ ਬਹੁ-ਮੰਤਵੀ ਸਹਿਕਾਰੀ ਸੁਸਾਇਟੀ (Multi-Purpose Cooperative Society- MPCS) ਵਜੋਂ ਜ਼ਮੀਨੀ ਪੱਧਰ 'ਤੇ ਉਤਸ਼ਾਹਿਤ ਕਰਨ ਦੀ ਅਣਸਰਦੀ ਲੋੜ ਬਣ ਗਈ ਹੈ ਤਾਂ ਕਿ ਪੈਮਾਨੇ ਦੀ ਆਰਥਿਕਤਾ ਰਾਹੀਂ ਇਹ ਕਿਸਾਨੀ, ਖੇਤ ਮਜ਼ਦੂਰ ਅਤੇ ਹੋਰ ਵਰਗਾਂ ਨੂੰ ਸਹੂਲਤ ਪ੍ਰਦਾਨ ਕਰੇ। ਇਨ੍ਹਾਂ ਵੱਲੋਂ ਆਪਣੇ-ਆਪਣੇ ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਵੱਖੋ-ਵੱਖਰੀਆਂ ਪੈਦਾਵਾਰੀ ਇਕਾਈਆਂ ਦੀ ਕਾਨੂੰਨੀ ਆਜ਼ਾਦੀ ਅਤੇ ਆਰਥਿਕ ਸੁਤੰਤਰਤਾ ਨੂੰ ਬਰਕਰਾਰ ਰੱਖਦਿਆਂ ਪੈਦਾਵਾਰ, ਡੱਬਾਬੰਦੀ ਅਤੇ ਮੰਡੀਕਰਨ ਲਈ ਇਕੱਠੇ ਕੀਤੇ ਸਾਂਝੇ ਸਰੋਤਾਂ ਦਾ ਲਾਭ ਲਿਆ ਜਾਵੇਗਾ।

ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਹੋਰ ਵਰਗਾਂ ਦੇ 500-600 ਪਰਿਵਾਰਾਂ ਵਾਲੀਆਂ ਇਨ੍ਹਾਂ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਨੂੰ ਪੇਂਡੂ ਖੇਤਰਾਂ ਵਿੱਚ ਲਾਗਤ ਖਰਚੇ ਘਟਾਉਣ ਅਤੇ ਉਪਜਾਊ ਰੁਜ਼ਗਾਰ ਸਿਰਜਣ ਲਈ ਬਹੁਤ ਸਾਰੀਆਂ ਸਹੂਲਤਾਂ ਨਾਲ ਲੈਸ ਕੀਤਾ ਜਾਵੇਗਾ। ਇਸ ਵਿੱਚ ਲਾਗਤ ਵਸਤਾਂ, ਮਿਆਰੀ ਪੈਦਾਵਾਰ, ਸਟੋਰੇਜ ਅਤੇ ਪ੍ਰੋਸੈਸਿੰਗ ਪ੍ਰਣਾਲੀਆਂ ਦੇ ਸਾਂਝੇ ਵੱਡੇ ਪੂਲ ਦੇ ਲਾਭ ਅਤੇ ਖਰੀਦੋ-ਫ਼ਰੋਖ਼ਤ ਦੇ ਲਾਹੇ ਲੈਣ ਦੀ ਸਮਰੱਥਾ ਹੋਵੇਗੀ।

ਬਹੁ-ਮੰਤਵੀ ਸਹਿਕਾਰੀ ਸੁਸਾਇਟੀ ਦੇ ਅਧਿਕਾਰਤ ਇਲਾਕੇ ਦੇ ਫ਼ਸਲੀ ਚੱਕਰ ਅਤੇ ਹੋਰ ਲੋੜਾਂ ਅਤੇ ਕੁਦਰਤੀ ਪੈਦਾਵਾਰੀ ਇਲਾਕੇ ਵਿੱਚ ਇਸ ਦੀਆਂ ਗਤੀਵਿਧੀਆਂ ਅਨੁਸਾਰ ਸਮੂਹਿਕ ਤਰਜ਼ 'ਤੇ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦਾ ਘੇਰਾ ਹੇਠ ਅਨੁਸਾਰ ਹੋਵੇਗਾ:

i. ਬਹੁ-ਮੰਤਵੀ ਸਹਿਕਾਰੀ ਸੁਸਾਇਟੀ ਦੇ ਅਧਿਕਾਰਤ ਇਲਾਕੇ ਵਿੱਚ ਕਿਸਾਨਾਂ ਦੀ ਵੱਖ-ਵੱਖ ਕਿਸਮ ਦੀ ਪੈਦਾਵਾਰ ਦੀ ਖੁਦ ਕੀਮਤ ਤੈਅ ਕਰਕੇ ਲੋਕਲ ਭਾਈਚਾਰੇ ਨੂੰ ਸਵੈ-ਖਪਤ ਲਈ ਵੇਚਣ ਲਈ, ਖਰਾਬ ਹੋਣ ਵਾਲੀਆਂ ਤੇ ਟਿਕਾਊ ਖੁਰਾਕੀ ਵਸਤਾਂ ਦੀ ਵਿਕਰੀ ਲਈ ਠੰਡੇ ਕਮਰਿਆਂ (Cold Rooms) ਸਮੇਤ ਦੁਕਾਨਾਂ ਖੋਲੀਆਂ ਜਾਣਗੀਆਂ ਜਦਕਿ ਵਾਧੂ ਪੈਦਾਵਾਰ ਦੀ ਗੁਣਵੱਤਾ ਤਸਦੀਕ ਕਰਕੇ ਪਾਰਦਰਸ਼ਤਾ ਪਛਾਣ ਕੋਡ ਨਾਲ ਸੁਸਾਇਟੀ ਦੇ ਵਾਹਨਾਂ 'ਚ ਸ਼ਹਿਰਾਂ ਨੂੰ ਭੇਜੀਆਂ ਜਾਣਗੀਆਂ।

ii. ਵੱਖ-ਵੱਖ ਪ੍ਰੋਸੈਸਿੰਗ ਕਦਰ ਵਧਾਉਣ ਵਾਲੇ ਉਪਕਰਨ ਜਿਵੇਂ ਤੇਲ ਕੱਢਣ ਲਈ, ਆਟਾ ਮਿੱਲਾਂ, ਦਾਲਾਂ ਤੇ ਮਸਾਲਿਆਂ ਦੀ ਪ੍ਰੋਸੈਸਿੰਗ ਅਤੇ ਪੈਕਿੰਗ, ਫਲ, ਸਬਜ਼ੀਆਂ, ਗੰਨੇ ਦੇ ਪ੍ਰੋਸੈਸਿੰਗ/ਜੂਸ ਵਿਕਰੀ ਆਊਟਲੈੱਟ/ਚੈਨਲ, ਸ਼ਹਿਦ, ਖੁੰਬਾਂ ਅਤੇ ਦੁੱਧ ਦੇ ਪ੍ਰੋਸੈਸਿੰਗ ਯੂਨਿਟ।

iii. ਕਿਰਾਏ ਅਧਾਰਿਤ ਨਵੀਨਤਮ ਕੁਸ਼ਲ ਮਸ਼ੀਨਰੀ ਉਪਕਰਨ ਪ੍ਰਦਾਨ ਕਰਨ ਵਾਲੀ ਸੇਵਾ ਪ੍ਰਣਾਲੀ ਸਥਾਪਿਤ ਹੋਵੇਗੀ।

iv. ਮਿਆਰੀ ਲਾਗਤ ਵਸਤਾਂ ਜਿਵੇਂ ਪ੍ਰਮਾਣਿਤ ਬੀਜ, ਖਾਦਾਂ, ਕੀਟਨਾਸ਼ਕ, ਜੈਵਿਕ ਲਾਗਤ ਵਸਤਾਂ ਜੋ ਕਿ ਤਰਜੀਹੀ ਤੌਰ 'ਤੇ ਇਨ੍ਹਾਂ ਨੂੰ ਪੈਦਾ ਕਰਨ ਵਾਲੇ ਸਪਲਾਇਰਾਂ ਤੋਂ ਖਰੀਦੋ-ਫ਼ਰੋਖ਼ਤ ਦਾ ਲਾਹਾ ਲੈਂਦਿਆਂ ਉਪਲਬਧ ਹੋਣਗੇ।

v. ਸੂਰਜੀ ਊਰਜਾ ਵਾਲੇ ਛੋਟੇ ਕੋਲਡ ਸਟੋਰ, ਪੈਕ ਹਾਊਸ ਅਤੇ ਛੋਟੇ ਸਾਈਲੋਜ਼/ਕੋਕੂਨ ਦੀ ਵਿਵਸਥਾ ਰਾਹੀਂ ਮੰਡੀ 'ਚ

ਭਰ ਪੈਣ ਸਮੇਂ ਦੌਰਾਨ ਖੇਤੀ ਉਪਜਾਂ ਨੂੰ ਸਟਾਕ ਲੋਨ ਦੀ ਸੁਵਿਧਾ ਸਮੇਤ ਸਟੋਰ ਕਰਨ ਲਈ ਅਤੇ ਮੰਡੀ ਮੰਗ ਵੱਧਣ 'ਤੇ ਉੱਚੇ ਮੁੱਲ 'ਤੇ ਵੇਚਕੇ ਵੱਧ ਕਮਾਈ ਹੋਵੇਗੀ।

vi. ਗੋਬਰ ਗੈਸ ਪਲਾਂਟ ਤੋਂ ਰਸੋਈਆਂ ਨੂੰ ਬਾਇਓਗੈਸ ਦੀ ਸਿੱਧੀ ਸਪਲਾਈ ਹੋਵੇਗੀ। ਅਜਿਹੇ ਗੋਬਰ ਗੈਸ ਪਲਾਂਟਾਂ ਨੂੰ ਬਹੁ-ਮੰਤਵੀ ਸਹਿਕਾਰੀ ਸੁਸਾਇਟੀ ਦੇ ਅਧਿਕਾਰਤ ਏਰੀਏ ਵਿੱਚ ਇੱਕ ਜਾਂ ਦੋ ਉਤਸ਼ਾਹਿਤ ਕੀਤੀਆਂ ਛੋਟੀਆਂ ਡੇਅਰੀਆਂ ਦੁਆਰਾ ਸਹਿਯੋਗ ਦਿੱਤਾ ਜਾਵੇਗਾ ਜੋ ਮਿਆਰੀ ਦੁੱਧ ਪੈਦਾ ਕਰਕੇ 500-600 ਪਰਿਵਾਰਾਂ ਨੂੰ ਦੁੱਧ ਚੋਣ ਪਿੱਛੋਂ ਇੱਕ ਘੰਟੇ ਦੇ ਅੰਦਰ ਸਪਲਾਈ ਕੀਤੀ ਜਾਵੇਗੀ। ਵਾਧੂ ਦੁੱਧ ਨੂੰ ਬਹੁ-ਮੰਤਵੀ ਸਹਿਕਾਰੀ ਸੁਸਾਇਟੀ ਦੀ ਸਾਂਝੀ ਸਹੂਲਤ ਰਾਹੀਂ ਡੱਬਾਬੰਦੀ ਕੀਤੀ ਜਾਵੇਗੀ।

vii. ਸਹਿਕਾਰੀ ਬੈਂਕਾਂ ਤੋਂ ਸਸਤੇ ਕਰਜ਼ੇ ਦੀ ਵਿਵਸਥਾ ਅਤੇ ਸੰਕਟਕਾਲੀਨ ਸਥਿਤੀਆਂ ਲਈ 24 ਘੰਟੇ ਕਰਜ਼ੇ ਦੀ ਸਹੂਲਤ।

viii. ਖੇਤੀ-ਜੰਗਲਾਤ ਪਲਾਂਟੇਸ਼ਨਾਂ ਲਈ ਗੰਦੇ ਪਾਣੀ ਨੂੰ ਸੋਧ ਕੇ ਅਤੇ ਵਰਤੋਂ ਲਈ ਸੀਵਰੇਜ ਟ੍ਰੀਟਮੈਂਟ ਪਲਾਂਟ।

ix. ਕਿਸਾਨਾਂ ਨੂੰ ਖੇਤੀ ਲਾਗਤ ਵਸਤਾਂ ਦੀ ਵਿਵਸਥਾ ਕਰਨ ਲਈ ਨੇੜਲੇ ਡੀਜ਼ਲ/ਪੈਟਰੋਲ ਪੰਪ ਤੋਂ ਤੇਲ ਦੀ ਉਪਲਬਧੀ।

x. ਬੇਰੁਜ਼ਗਾਰੀ ਘਟਾਉਣ, ਗਰੀਬੀ ਦੂਰ ਕਰਨ, ਉੱਦਮਤਾ ਦੇ ਵਿਸਥਾਰ ਅਤੇ ਵਿਸ਼ਵ ਪੱਧਰ 'ਤੇ ਮੁਕਾਬਲੇਬਾਜ਼ੀ ਦੇ ਕਾਬਲ ਬਣਾਉਣ ਲਈ ਹੁਨਰ ਦਾ ਵਿਕਾਸ ਕਰਨ ਦੀਆਂ ਸੁਵਿਧਾਵਾਂ।

xi. ਪੇਂਡੂ ਭਾਈਚਾਰਿਆਂ ਦੀ ਸਰੀਰਕ ਅਤੇ ਮਾਨਸਿਕ ਸਥਿਤੀ ਦੀ ਬਿਹਤਰੀ ਲਈ ਮਨੋਰੰਜਨ, ਸੱਭਿਆਚਾਰਕ ਅਤੇ ਖੇਡ ਕੇਂਦਰਾਂ ਦੇ ਨਾਲ-ਨਾਲ ਹੋਰ ਲੋੜੀਂਦੇ/ਲੋੜ-ਅਧਾਰਿਤ ਬੁਨਿਆਦੀ ਢਾਂਚੇ ਦੀ ਵਿਵਸਥਾ।

## 2.9 ਸੰਸਥਾਗਤ ਕੰਮ ਦੇ ਸੰਬੰਧ

ਫ਼ਸਲ ਵਿਸ਼ੇਸ਼ ਸੈਂਟਰ ਆਫ ਐਕਸੇਲੈਂਸ ਅਤੇ ਅਗਾਂਹਵਧੂ ਕਿਸਾਨ ਸੁਸਾਇਟੀਆਂ ਦੇ ਆਪਸੀ ਸੰਜੀਵ (Organic) ਸੰਬੰਧ ਹੋਣਗੇ ਅਤੇ ਇਹ ਹਰ ਮਹੀਨੇ ਘੱਟੋ-ਘੱਟ ਇੱਕ ਵਾਰ ਜਾਂ ਲੋੜ ਅਨੁਸਾਰ ਮਿਲਣਗੇ ਤਾਂ ਜੋ ਇਹ ਸਿੱਖ ਸਕਣ ਕਿ ਘੱਟੋ-ਘੱਟ ਲਾਗਤ ਨਾਲ ਮਿਆਰੀ ਪੈਦਾਵਾਰ ਕਿਵੇਂ ਕੀਤੀ ਜਾਵੇ। ਇਹਨਾਂ ਸੰਸਥਾਵਾਂ ਦਾ ਖੇਤੀਬਾੜੀ ਮੰਡੀਕਰਨ ਖੋਜ ਅਤੇ ਚੌਕਸੀ ਸੰਸਥਾ (AMRII), ਇਨੋਵੇਟਿਵ ਖੇਤੀ ਮੰਡੀਕਰਨ ਸੁਸਾਇਟੀ (IAMS) ਅਤੇ ਬਹੁ-ਮੰਤਵੀ ਸਹਿਕਾਰੀ ਸੁਸਾਇਟੀ (MPCS) ਨਾਲ ਨਜ਼ਦੀਕੀ ਤਾਲਮੇਲ ਹੋਵੇਗਾ ਤਾਂ ਜੋ ਮੰਡੀ ਦੀ ਮੰਗ ਅਨੁਸਾਰ ਉਤਪਾਦਨ ਨੂੰ ਸੇਧਿਤ ਕੀਤਾ ਜਾ ਸਕੇ ਅਤੇ ਘਰੇਲੂ ਅਤੇ ਕੌਮਾਂਤਰੀ ਬਾਜ਼ਾਰਾਂ ਵਿੱਚ ਪੈਦਾਵਾਰ ਨੂੰ ਮੁਨਾਫ਼ੇ ਨਾਲ ਵੇਚਿਆ ਜਾ ਸਕੇ।

ਖਪਤਕਾਰ ਖਰੀਦਦਾਰਾਂ ਦੀਆਂ ਤਰਜੀਹਾਂ ਦਾ ਗਿਆਨ ਹਾਸਿਲ ਕਰਦਿਆਂ ਅਤੇ ਫਿਰ ਮੰਡੀ 'ਚ ਉੱਚ ਕੀਮਤਾਂ ਕਮਾਉਣ/ਖੁਦ ਦੀਆਂ ਕੀਮਤਾਂ 'ਤੇ ਵੇਚਣ ਲਈ ਵਿਸ਼ੇਸ਼ ਪੈਦਾਵਾਰ/ਉਤਪਾਦ ਦੇ ਲੋੜੀਂਦੇ ਵਿਲੱਖਣ ਚਰਿੱਤਰਾਂ ਨੂੰ ਇਸਦੀਆਂ ਆਕਰਸ਼ਕ ਮੰਡੀਕਰਨ ਖੂਬੀਆਂ ਵਜੋਂ ਵਿਕਸਤ ਕਰਨ ਵਿੱਚ ਜ਼ਮੀਨੀ ਪੱਧਰ 'ਤੇ ਮਦਦ ਕਰਨ ਲਈ ਅਗਾਂਹਵਧੂ ਕਿਸਾਨ ਸੁਸਾਇਟੀ (PFS) ਦਾ ਸਥਾਨਕ ਮੰਡੀਕਰਨ ਮਾਹਿਰ ਤਾਲਮੇਲ ਰਾਹੀਂ ਪੈਦਾਵਾਰ ਦੀ ਕਦਰ ਵਧਾਈ ਕਰਨ ਵਾਲਾ ਇੱਕ ਸਰਗਰਮ ਕਾਰਕੁਨ ਹੋਵੇਗਾ ਜੋ ਕਿ ਖਪਤਕਾਰਾਂ ਦੀ ਮੰਗ ਦੇ ਅਨੁਸਾਰ ਪੈਦਾਵਾਰ ਨੂੰ ਰੂਪ ਦੇਣ/ਢਾਲਣ 'ਚ ਸਹਾਈ ਹੋਵੇਗਾ।

## 2.10 ਸੰਸਥਾਗਤ ਢਾਂਚਾ ਅਤੇ ਖੇਤੀਬਾੜੀ ਵਿਕਾਸ

ਤਜਵੀਜ਼ਤ ਸਹਿਕਾਰੀ ਸੰਸਥਾਗਤ ਢਾਂਚੇ ਦਾ ਅਜਿਹਾ ਬਹੁ-ਪੜਾਵੀ ਤਾਲਮੇਲ, ਸਬੰਧਤ ਕੁਦਰਤੀ ਪੈਦਾਵਾਰੀ ਇਲਾਕਿਆਂ (NGA) ਵਿੱਚ ਜ਼ਮੀਨੀ ਪੱਧਰ 'ਤੇ ਮਿਆਰੀ ਖੇਤੀ ਪੈਦਾਵਾਰ, ਕਦਰ ਵਧਾਈ ਅਤੇ ਖੁਦ ਕੀਮਤ ਤੈਅ ਕਰਕੇ ਮੰਡੀਕਰਨ ਕਰਨ ਵਾਲਾ ਸਭ ਤੋਂ ਘੱਟ ਖਰਚ ਅਤੇ ਵੱਧ ਮੁਨਾਫ਼ੇ ਵਾਲਾ ਪ੍ਰਬੰਧ ਹੋਵੇਗਾ।

ਭਾਈਚਾਰਕ ਢੰਗ ਅਪਣਾਉਂਦਿਆਂ ਕਿਰਤ ਦੀ ਵੰਡ ਵਿੱਚ ਹਰ ਇੱਕ ਦੀ ਵਿਲੱਖਣ ਸਮਰੱਥਾ ਦੀ ਵਰਤੋਂ

ਕਰਦੇ ਹੋਏ ਸਰਬਪੱਖੀ ਗਰੰਟੀਸ਼ੁਦਾ ਮੱਦਦ ਨਾਲ ਇਹ ਪ੍ਰਬੰਧ ਨਾ ਸਿਰਫ ਲੋੜੀਂਦੇ ਵਿਭਿੰਨ ਮਿਆਰੀ ਉਤਪਾਦ ਮੁਹੱਈਆ ਕਰਾਏਗਾ ਸਗੋਂ ਪੈਦਾ ਕਰਨ ਵਾਲੇ ਅਤੇ ਖਪਤਕਾਰਾਂ ਦੀ ਖੁਸ਼ੀ ਦੇ ਪੱਧਰ ਨੂੰ ਵੀ ਉੱਚਾ ਕਰੇਗਾ। ਇਹ ਉਦਾਨਸੀਨਤਾ ਦੇ ਰੁਝਾਨਾਂ ਨੂੰ ਰੋਕੇਗਾ ਅਤੇ ਬੇਗਾਨਗੀ ਦੀ ਪ੍ਰਕਿਰਿਆ ਨੂੰ ਮੋੜਾ ਪਾਕੇ ਖੇਤੀ ਅਤੇ ਪੇਂਡੂ ਵਿਕਾਸ ਦੀ ਪ੍ਰਕਿਰਿਆ 'ਚ ਬਿਹਤਰ ਯੋਗਦਾਨ ਪਾਏਗਾ।

## 2.11 ਪ੍ਰਬੰਧਕ ਸਭਾ (Governing Body)

ਇਨ੍ਹਾਂ ਖੇਤੀ ਸੈਕਟਰ ਦੀਆਂ ਆਹਲਾ ਸੰਸਥਾਵਾਂ (ਇੰਸਟੀਚਿਊਟਸ ਆਫ਼ ਫਾਰਮ ਸੈਕਟਰ ਐਕਸੇਲੈਂਸ) ਦੇ ਕਾਰਜਾਂ ਦਾ ਕੁਸ਼ਲਤਾ ਨਾਲ ਤਾਲਮੇਲ ਬਨਾਉਣ ਲਈ ਇੱਕ ਗਵਰਨਿੰਗ ਬਾਡੀ ਬਣਾਉਣ ਦਾ ਪ੍ਰਸਤਾਵ ਹੈ। ਪ੍ਰਸਤਾਵਿਤ ਕਮੇਟੀ ਦੀ ਅਗਵਾਈ ਚੇਅਰਮੈਨ ਵਜੋਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ-ਚਾਂਸਲਰ ਕਰਨਗੇ ਅਤੇ ਡਾਇਰੈਕਟਰ ਖੇਤੀਬਾੜੀ ਵਿਭਾਗ ਨੂੰ ਮੈਂਬਰ ਸਕੱਤਰ ਬਣਾਇਆ ਜਾਵੇਗਾ। ਗੁਰੂ ਅੰਗਦ ਦੇਵ ਵੈਟਰਨਰੀ ਐਨੀਮਲ ਸਾਇੰਸ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ-ਚਾਂਸਲਰ, ਡਾਇਰੈਕਟਰ ਬਾਗਬਾਨੀ, ਡਾਇਰੈਕਟਰ ਡੇਅਰੀ ਡਿਵੈਲਪਮੈਂਟ ਇਸ 'ਚ ਮੈਂਬਰ ਹੋਣਗੇ। ਇੱਕ-ਇੱਕ ਮੈਂਬਰ ਸਹਿਕਾਰਤਾ ਵਿਭਾਗ, ਖੇਤੀਬਾੜੀ ਮੰਡੀਕਰਨ ਖੋਜ ਅਤੇ ਚੌਕਸੀ ਸੰਸਥਾ, ਇੰਨੋਵੇਟਿਵ ਖੇਤੀ ਮੰਡੀਕਰਨ ਸੁਸਾਇਟੀ ਅਤੇ ਸਕੱਤਰ ਬਹੁ-ਮੰਤਵੀ ਸਹਿਕਾਰੀ ਸੁਸਾਇਟੀ ਤੋਂ ਹੋਣਗੇ। ਇਸੇ ਤਰ੍ਹਾਂ ਪੰਜ ਮੈਂਬਰ ਸੈਂਟਰ ਆਫ ਐਕਸੇਲੈਂਸ ਦੇ ਅਤੇ ਪੰਜ ਮੈਂਬਰ ਅਗਾਂਹਵਧੂ ਕਿਸਾਨ ਸੁਸਾਇਟੀਆਂ ਤੋਂ ਇਸ ਕਮੇਟੀ ਦੇ ਮੈਂਬਰ ਹੋਣਗੇ। ਸੈਂਟਰ ਆਫ਼ ਐਕਸੇਲੈਂਸ ਅਤੇ ਅਗਾਂਹਵਧੂ ਕਿਸਾਨ ਸੁਸਾਇਟੀਆਂ ਦੇ ਮੈਂਬਰ ਹਰ ਤਿੰਨ ਸਾਲ ਬਾਅਦ ਉਨ੍ਹਾਂ ਦੀਆਂ ਸੰਬੰਧਿਤ ਜਥੇਬੰਦੀਆਂ ਵਿੱਚੋਂ ਬਿਹਤਰ/ਸਮੁੱਚੀ ਨੁਮਾਂਇੰਦਗੀ ਲਈ ਬਦਲੇ ਜਾਣੇ ਚਾਹੀਦੇ ਹਨ। ਇਹ ਗਵਰਨਿੰਗ ਬਾਡੀ ਫਾਰਮ ਸੈਕਟਰ ਐਕਸੇਲੈਂਸ ਦੀਆਂ ਇਨ੍ਹਾਂ ਸੰਸਥਾਵਾਂ ਦੇ ਆਪਣੇ-ਆਪਣੇ ਉਦੇਸ਼ਾਂ ਅਨੁਸਾਰ ਇਨ੍ਹਾਂ ਦੇ ਕੰਮ-ਕਾਜ ਦਾ ਤਾਲਮੇਲ ਕਰੇਗੀ ਤਾਂ ਕਿ ਸੂਬੇ ਦੀ ਖੇਤੀ ਨੂੰ ਸਿਹਤਮੰਦ, ਮੁਨਾਫ਼ੇਯੋਗ ਅਤੇ ਕੌਮਾਂਤਰੀ ਪੱਧਰ 'ਤੇ ਮੁਕਾਬਲੇਯੋਗ ਬਣਾਇਆ ਜਾ ਸਕੇ। ਪਰ ਹਰ ਇੱਕ ਫਾਰਮ ਸੈਕਟਰ ਐਕਸੇਲੈਂਸ ਦੀ ਸੰਸਥਾ ਦੇ ਮੁਖੀ ਉਨ੍ਹਾਂ ਦੀਆਂ ਆਪੋ-ਆਪਣੀਆਂ ਜਥੇਬੰਦੀਆਂ ਦੇ ਉਦੇਸ਼ਿਤ ਕਾਰਜ ਪੂਰੇ ਕਰਨ ਲਈ ਲੋੜੀਂਦਾ ਅਨੁਸ਼ਾਸ਼ਨ ਰੱਖਣ ਲਈ ਜ਼ਿਮੇਵਾਰ ਹੋਣਗੇ।

**ਨੀਤੀ ਸੰਬੰਧੀ ਸਿਫਾਰਿਸ਼ਾਂ**

1. **ਫਾਰਮ ਸੈਕਟਰ ਦੀਆਂ ਆਹਲਾ ਸੰਸਥਾਵਾਂ ਦੀ ਸਥਾਪਤੀ:** ਕੁਦਰਤੀ ਪੈਦਾਵਾਰੀ ਇਲਾਕਿਆਂ ਨੂੰ ਵਿਕਸਿਤ ਕੀਤਾ ਜਾਵੇ ਅਤੇ ਫਾਰਮ ਸੈਕਟਰ ਦੀਆਂ ਆਹਲਾ ਸੰਸਥਾਵਾਂ ਦੀ ਸਥਾਪਤੀ ਸੈਕਸ਼ਨ 2.1.1 ਤੋਂ 2.11 ਤੱਕ ਦਿੱਤੇ ਵਿਸਥਾਰ ਅਨੁਸਾਰ ਕੀਤੀ ਜਾਵੇ।

2. **ਕੀਮਤ ਸਥਿਰਤਾ ਫੰਡ ਦੀ ਸਥਾਪਤੀ**: ਸਾਰੀਆਂ ਫ਼ਸਲਾਂ (ਦੁੱਧ ਅਤੇ ਸ਼ਹਿਦ ਮੱਖੀ ਪਾਲਣ ਉਤਪਾਦਾਂ ਸਮੇਤ) ਜਿਨ੍ਹਾਂ ਦੀ MSP 'ਤੇ ਖਰੀਦ ਅਮਲ 'ਚ ਨਹੀਂ ਲਿਆਈ ਜਾਂਦੀ, ਦੀਆਂ ਕੀਮਤਾਂ ਦੇ ਉਤਰਾਵਾਂ-ਚੜ੍ਹਾਵਾਂ ਤੋਂ ਕਿਸਾਨਾਂ ਨੂੰ ਬਚਾਉਣ ਲਈ ਸੂਬਾ ਸਰਕਾਰ ਵੱਲੋਂ 1000 ਕਰੋੜ ਰੁਪਏ ਨਾਲ ਇੱਕ ਕੀਮਤ ਸਥਿਰਤਾ ਫੰਡ ਸਥਾਪਿਤ ਕਰਨਾ ਚਾਹੀਦਾ ਹੈ, ਜਿਸ ਵਿੱਚ ਕੇਂਦਰ ਸਰਕਾਰ ਵੱਲੋਂ ਬਰਾਬਰ ਦਾ ਹਿੱਸਾ ਪਾਇਆ ਜਾਵੇ। ਜਨਤਕ ਖੇਤਰ ਦੇ ਅਦਾਰੇ ਜਿਵੇਂ ਮਾਰਕਫੈਡ, ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ, ਪੰਜਾਬ ਐਗਰੋ, ਮਿਲਕਫੈਡ ਅਤੇ ਪੰਜਾਬ ਮੰਡੀ ਬੋਰਡ ਨੂੰ ਆਪਣੀ-ਆਪਣੀ ਮੁਹਾਰਤ ਦੇ ਅਧਿਕਾਰ ਖੇਤਰ ਅਨੁਸਾਰ ਸਾਂਝੇ ਤੌਰ 'ਤੇ ਜਾਂ ਇਕੱਲਿਆਂ ਮੰਡੀ 'ਚ ਭਰਮਾਰ ਦੇ ਮੌਕੇ ਦਖਲ ਦੇ ਕੇ ਕੀਮਤਾਂ ਨੂੰ ਸਥਿਰ ਕਰਨਾ ਚਾਹੀਦਾ ਹੈ।

3. **ਕਦਰ ਵਧਾਈ ਅਤੇ ਸਹਿਕਾਰੀ ਅਦਾਰਿਆਂ ਵੱਲੋਂ ਮੰਡੀਕਰਨ**: **ੳ)** ਜਨਤਕ ਖੇਤਰ ਦੇ ਅਦਾਰੇ-ਮਾਰਕਫੈਡ, ਪੰਜਾਬ ਮੰਡੀ ਬੋਰਡ, ਮਿਕਲਫੈਡ (ਵੇਰਕਾ) ਅਤੇ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ (PAIC) ਨੂੰ ਆਪਣੀ ਸਮੂਹਕ ਸ਼ਕਤੀ ਅਤੇ ਮੰਡੀਕਰਨ ਦੀ ਮੁਹਾਰਤ ਨਾਲ ਪੰਜਾਬ ਦੇ ਡੱਬਾਬੰਦ ਕੀਤੇ ਖੇਤੀ ਉਤਪਾਦਾਂ ਦਾ ਸਾਂਝੇ ਤੌਰ 'ਤੇ

ਮੰਡੀਕਰਨ ਕਰਨਾ ਚਾਹੀਦਾ ਹੈ, ਜਿਸ ਲਈ ਆਪਣੇ-ਆਪਣੇ ਖੇਤੀ ਉਤਪਾਦਾਂ ਦੀ ਪਛਾਣ ਕਾਇਮ ਰੱਖਦਿਆਂ ਪਰ ਇੱਕ ਸਾਂਝੇ ਬ੍ਰਾਂਡ 'ਪੰਜਾਬ ਫੂਡਜ਼' ਜਾਂ ਇਸੇ ਤਰ੍ਹਾਂ ਦੇ ਹੋਰ ਬਰਾਂਡ ਹੇਠ ਆਪਣੇ ਸਾਂਝੇ ਵਿਕਰੀ ਕੇਂਦਰਾਂ/ਆਊਟਲੈਟਾਂ ਅਤੇ ਘਰੇਲੂ ਤੇ ਕੌਮਾਂਤਰੀ ਮੰਡੀ 'ਚ ਇੱਕ ਵੱਡੀ ਸ਼ਕਤੀ ਬਣਕੇ ਉੱਭਰਨਾ ਚਾਹੀਦਾ ਹੈ। ਇਸੇ ਤਰ੍ਹਾਂ ਪੌਦਾ ਅਧਾਰਿਤ ਪੌਸ਼ਟਿਕ ਗੁਣਾਂ (Nutraceuticals) ਵਾਲੇ ਸੂਖਮ ਤੇ ਸਿਹਤ ਲਈ ਕੀਮਤੀ ਜੈਵਿਕ ਪਦਾਰਥ (Phytochemicals), ਗਲੂਟਨ (Gluten) ਅਤੇ ਹੋਰ ਕੀਮਤੀ ਪਦਾਰਥ ਕੱਢਕੇ ਇਨ੍ਹਾਂ ਜਨਤਕ ਅਦਾਰਿਆਂ ਵੱਲੋਂ ਮੰਡੀਕਰਨ ਕਰਨਾ ਚਾਹੀਦਾ ਹੈ। ਜਦਕਿ ਇਨ੍ਹਾਂ ਜਥੇਬੰਦੀਆਂ ਨੂੰ ਪੰਜਾਬ ਦੇ ਕਿਸਾਨਾਂ ਦੀ ਸੇਵਾ 'ਚ ਹੋਣ ਦੇ ਉਦੇਸ਼ ਤਹਿਤ ਕੀਤੀ ਕਮਾਈ ਦਾ ਇੱਕ ਵਾਜਬ ਹਿੱਸਾ ਵਾਪਿਸ ਕਿਸਾਨਾਂ ਨੂੰ ਦੇਣਾ ਚਾਹੀਦਾ ਹੈ।

**ਅ)** ਰਾਜ ਦੇ ਅਦਾਰੇ ਜਿਵੇਂ ਮਾਰਕਫੈਡ, ਪੰਜਾਬ ਐਗਰੋ ਅਤੇ ਮਿਲਕਫੈਡ ਨੂੰ ਬਾਸਮਤੀ, ਤੇਲਬੀਜ, ਦਾਲਾਂ, ਸ਼ਹਿਦ ਅਤੇ ਸ਼ਹਿਦ ਮੱਖੀ ਪਾਲਣ ਦੇ ਹੋਰ ਉਤਪਾਦਾਂ ਦੇ ਉਚਿਤ ਮੁੱਲ ਨਾਲ ਵੱਡੇ ਪੱਧਰ 'ਤੇ ਡੱਬਾਬੰਦੀ, ਸਟੋਰੇਜ ਅਤੇ ਮੰਡੀਕਰਨ ਕਾਰਜ ਪੱਕੇ ਤੌਰ 'ਤੇ ਹੱਥ ਲੈ ਕੇ ਅਤੇ ਕੀਤੀ ਕਮਾਈ ਦਾ ਇੱਕ ਹਿੱਸਾ ਕਿਸਾਨਾਂ ਨੂੰ ਦੇ ਕੇ ਉਨ੍ਹਾਂ ਦੀ ਵਿਭਿੰਨਤਾ ਲਿਆਉਣ 'ਚ ਮੱਦਦ ਕਰਨੀ ਚਾਹੀਦੀ ਹੈ। ਨਾਸ਼ਵਾਨ ਪੈਦਾਵਾਰ ਲਈ ਮੰਡੀ 'ਚ ਭਰਮਾਰ ਦੇ ਸਮੇਂ ਮਾਰਕਫੈਡ ਵੱਲੋਂ ਖੁਦ ਜਾਂ ਪੰਜਾਬ ਐਗਰੋ ਨਾਲ ਤਾਲਮੇਲ ਰਾਹੀਂ ਅਗਾਊਂ ਵਿਉਂਤਬੰਦੀ ਕਰਕੇ ਕੀਮਤ ਸਥਿਰਤਾ ਫੰਡ ਨਾਲ ਪੈਦਾਵਾਰ ਦੀ ਤਾਜ਼ਾ ਬਰਾਮਦ, ਸਟੋਰੇਜ, ਜਾਂ ਡੱਬਾਬੰਦੀ ਰਾਹੀਂ ਨਿਕਾਸੀ ਕਰਕੇ ਕੀਮਤਾਂ 'ਚ ਸਥਿਰਤਾ ਲਿਆਉਣੀ ਚਾਹੀਦੀ ਹੈ।

**ੲ)** ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ (PAGREXCO) ਨੂੰ ਲੋੜੀਂਦੇ ਵਿਸ਼ਾ ਮਾਹਿਰਾਂ ਨਾਲ ਮਜ਼ਬੂਤ ਕਰਨਾ ਚਾਹੀਦਾ ਹੈ ਤਾਂ ਕਿ ਖੇਤੀ ਪੈਦਾਵਾਰ ਦੀ ਬਰਾਮਦ ਸਮੁੰਦਰੀ ਜਾਂ ਹਵਾਈ ਰਸਤੇ ਰਾਹੀਂ ਕਰਕੇ ਕਿਸਾਨਾਂ ਦੀ ਆਮਦਨ 'ਚ ਵਾਧਾ ਕੀਤਾ ਜਾ ਸਕੇ।

**ਸ)** ਇਨ੍ਹਾਂ ਜਨਤਕ ਸੰਸਥਾਵਾਂ ਦਾ ਨਿਯਮਿਤ ਮੁਲਾਂਕਣ ਪ੍ਰਬੰਧਕ ਸਭਾ ਦੀ ਭਾਗੀਦਾਰੀ ਨਾਲ ਕੀਤਾ ਜਾਵੇ ਤਾਂ ਕਿ ਉਨ੍ਹਾਂ ਦੀ ਤਰੱਕੀ ਦਾ ਮੁਲਾਂਕਣ ਕੀਤਾ ਜਾ ਸਕੇ।

4. **ਰਾਜ ਖੇਤੀ ਖਰਚੇ ਅਤੇ ਕੀਮਤਾਂ ਕਮਿਸ਼ਨ ਦੀ ਸਥਾਪਿਤੀ (State Agricultural Costs & Prices Commission)**: ਇੱਕ ਰਾਜ ਖੇਤੀ ਖਰਚੇ ਅਤੇ ਕੀਮਤਾਂ ਕਮਿਸ਼ਨ ਸਥਾਪਿਤ ਕਰਨਾ ਚਾਹੀਦਾ ਹੈ ਜੋ ਕਿ ਸਾਰੀਆਂ ਫ਼ਸਲਾਂ, ਡੇਅਰੀ ਉਤਪਾਦ ਅਤੇ ਆਂਡਿਆਂ ਦੇ ਖਰਚੇ ਅਤੇ ਆਮਦਨ ਦੇ ਅਨੁਮਾਨ ਲਾਵੇ ਤਾਂ ਕਿ ਕਿਸਾਨਾਂ ਨੂੰ ਵਾਜਬ ਕੀਮਤਾਂ ਦਿੱਤੀਆਂ ਜਾ ਸਕਣ। ਇਨ੍ਹਾਂ ਅਨੁਮਾਨਾਂ ਦੀ ਵਰਤੋਂ ਮੁਆਵਜਾ/ਰਾਹਤ, ਕਰਜ਼ਾ ਹੱਦਾਂ ਅਤੇ ਹੋਰ ਸੰਬੰਧਿਤ ਮਸਲਿਆਂ ਲਈ ਵੀ ਕੀਤੀ ਜਾ ਸਕਦੀ ਹੈ। ਖੇਤੀ ਸੈਕਟਰ ਦੀ ਬਿਹਤਰੀ ਲਈ ਇਹ ਮਹੱਤਵਪੂਰਨ ਹੈ ਕਿ ਸਮਰਥਨ ਮੁੱਲ 'ਤੇ ਖਰੀਦ ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ। ਰਾਜ ਵਿੱਚ ਫ਼ਸਲੀ ਵਿਭਿੰਨਤਾ ਲਈ ਜਿਨ੍ਹਾਂ ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਤੈਅ ਨਹੀਂ ਕੀਤਾ ਜਾਂਦਾ, ਉਨ੍ਹਾਂ ਦੀਆਂ ਕੀਮਤਾਂ ਮਿੱਥਣ ਲਈ ਇੱਕ ਮੁਕਾਬਲਤਨ ਆਮਦਨ ਪੈਟਰਨ ਵੀ ਧਿਆਨ 'ਚ ਰੱਖਣਾ ਚਾਹੀਦਾ ਹੈ ਤਾਂ ਕਿ ਕਿਸਾਨ ਆਪਣਾ ਫ਼ਸਲੀ ਚੱਕਰ ਕਣਕ-ਝੋਨੇ ਤੋਂ ਦੂਸਰੀਆਂ ਫ਼ਸਲਾਂ ਵੱਲ ਬਦਲ ਸਕਣ।

ਇਸ ਮੋੜ 'ਤੇ ਪੰਜਾਬ ਸਰਕਾਰ ਨੂੰ ਸਾਰੀਆਂ ਫ਼ਸਲਾਂ ਦੀਆਂ ਵਾਜਬ ਕੀਮਤਾਂ (Fair Prices) ਤੈਅ ਕਰਵਾਉਣ ਲਈ ਭਾਰਤ ਸਰਕਾਰ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਘੱਟ ਤੋਂ ਘੱਟ ਸਾਰੀਆਂ ਫ਼ਸਲਾਂ 'ਚ ਘੱਟੋ-ਘੱਟ ਸਮਰਥਨ ਮੁੱਲ ਨੈਸ਼ਨਲ ਕਮਿਸ਼ਨ ਆਨ ਫਾਰਮਰਜ਼ ਦੀਆਂ ਸਿਫਾਰਿਸ਼ਾਂ 'ਤੇ ($C_2$ + 50%) (ਸਵਾਮੀਨਾਥਨ ਰਿਪੋਰਟ) ਤੈਅ ਕੀਤਾ ਜਾਣਾ ਚਾਹੀਦਾ ਹੈ ਜਦਕਿ $C_2$ ਰਮੇਸ਼ ਚੰਦ ਕਮੇਟੀ ਰਿਪੋਰਟ (ਭਾਰਤ ਸਰਕਾਰ, 2015) 'ਤੇ ਅਧਾਰਿਤ ਹੋਣੀ ਚਾਹੀਦੀ ਹੈ, ਜਿਸ ਵਿੱਚ ਹੇਠ ਲਿਖੇ ਹੋਰ ਖਰਚੇ ਜੋੜਨੇ ਚਾਹੀਦੇ ਹਨ (i) ਖੇਤੀ ਕਰਦੇ ਪਰਿਵਾਰ ਦੇ

ਮੁੱਖੀ ਨੂੰ ਹੁਨਰਮੰਦ ਕਾਮੇ ਵਜੋਂ ਮੰਨਿਆ ਜਾਣਾ ਚਾਹੀਦਾ ਹੈ ਨਾ ਕਿ ਦਸਤੀ ਕਾਮੇ ਵਜੋਂ ਜਿਵੇਂ ਕਿ ਪ੍ਰਚਲਿਤ ਹੈ। (ii) ਲੱਗੀ ਹੋਈ ਪੂੰਜੀ ਦੇ ਵਿਆਜ ਦਾ ਲੇਖਾ ਪੂਰੇ ਸੀਜ਼ਨ ਦੇ ਸਮੇਂ ਦਾ ਹੋਣਾ ਚਾਹੀਦਾ ਹੈ ਨਾ ਕਿ ਹੁਣ ਕੀਤੇ ਜਾਂਦੇ ਅੱਧੇ ਸੀਜ਼ਨ ਦੇ ਲੇਖੇ ਦੀ ਰਵਾਇਤ ਅਨੁਸਾਰ। (iii) ਜ਼ਮੀਨ ਦੇ ਠੇਕੇ ਦੀ ਹੱਦ ਬੰਨ੍ਹਣ ਦੀ ਬਜਾਏ ਅਸਲ ਠੇਕੇ ਦਾ ਲੇਖਾ ਹੋਣਾ ਚਾਹੀਦਾ ਹੈ। (iv) ਵਾਢੀ ਉਪਰੰਤ ਦੇ ਖਰਚੇ ਜਿਵੇਂ ਸਾਫ—ਸਫਾਈ, ਗਰੇਡਿੰਗ, ਸੁਕਾਉਣਾ, ਪੈਕਿੰਗ, ਮੰਡੀਕਰਨ ਅਤੇ ਆਵਾਜਾਈ ਖਰਚਿਆਂ ਨੂੰ ਵੀ ਲੇਖੇ ਵਿੱਚ ਮੰਨਿਆ ਜਾਵੇ। ਇਸ ਪੈਮਾਨੇ ਅਨੁਸਾਰ ਕਣਕ ਦਾ 2020-21 ਦਾ ਘੱਟੋ ਘੱਟ ਸਮਰਥਨ ਮੁੱਲ ਭਾਰਤ ਸਰਕਾਰ ਵੱਲੋਂ ਦਿੱਤੇ (1925 ਰੁਪਏ ਪ੍ਰਤੀ ਕੁਇੰਟਲ) ਘੱਟੋ ਘੱਟ ਸਮਰਥਨ ਮੁੱਲ ਤੋਂ 45 ਪ੍ਰਤੀਸ਼ਤ ਵੱਧ (2787 ਰੁਪਏ ਪ੍ਰਤੀ ਕੁਇੰਟਲ) ਬਣਦਾ ਹੈ (ਅਨੁਲੱਗ V)। ਖੇਤੀ ਸੈਕਟਰ ਦੀ ਲੰਬੇ ਸਮੇਂ ਦੀ ਸਥਿਰਤਾ ਅਤੇ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ, ਮੰਡੀਕਰਨ ਬੁਨਿਆਦੀ ਢਾਂਚੇ ਅਤੇ ਰਣਨੀਤੀਆਂ ਨੂੰ ਵਿਕਸਤ ਕਰਨਾ ਮਹੱਤਵਪੂਰਨ ਹੈ ਜੋ ਕਿਸਾਨਾਂ ਨੂੰ ਉਹਨਾਂ ਦੀਆਂ ਸਾਰੀਆਂ ਉਪਜਾਂ ਲਈ ਉਚਿਤ ਅਤੇ ਲਾਭਕਾਰੀ ਮੁੱਲ (FRP) ਪ੍ਰਦਾਨ ਕਰਦੇ ਹਨ।

5. **ਨਾਸ਼ਵਾਨ ਫ਼ਸਲਾਂ ਲਈ ਆਵਾਜਾਈ ਅਤੇ ਸਬਸਿਡੀ ਸਹੂਲਤ**: ਪੈਦਾਵਾਰ ਦੇ ਸਿਖਰ ਸਮੇਂ ਨਾਸ਼ਵਾਨ ਫ਼ਸਲਾਂ ਦੀ ਮੰਡੀ 'ਚ ਭਰਮਾਰ ਤੋਂ ਬਚਣ ਲਈ ਸਰਕਾਰ ਨੂੰ ਖੇਤਾਂ ਤੋਂ ਧੁਰ ਮੰਜ਼ਿਲ ਤੱਕ ਪਹੁੰਚਾਉਣ ਲਈ ਕੋਲਡ ਚੇਨ/ਲਿੰਕਾਂ ਸਮੇਤ ਦੂਰ ਦੀਆਂ ਘਰੇਲੂ ਮੰਡੀਆਂ ਅਤੇ ਬਰਾਮਦ ਲਈ ਸੜਕਾਂ ਤੇ ਰੇਲ ਰਾਹੀਂ ਅੰਦਰੂਨੀ ਢੋਆ ਢੁਆਈ, ਸਮੁੰਦਰੀ ਤੇ ਹਵਾਈ ਮਾਲ ਦੇ ਭਾੜੇ 'ਤੇ ਸਬਸਿਡੀ ਦੇਣੀ ਚਾਹੀਦੀ ਹੈ।

6. **ਪਾਕਿਸਤਾਨ ਅਤੇ ਪੱਛਮੀਂ ਏਸ਼ੀਆਈ ਮੁਲਕਾਂ ਨਾਲ ਵਪਾਰ**: ਭਾਵੇਂ ਭਾਰਤ—ਪਾਕਿਸਤਾਨ ਦਾ ਵਪਾਰ ਕਾਂਡਲਾ ਬੰਦਰਗਾਹ (ਗੁਜਰਾਤ) 'ਤੇ ਕਨੂੰਨੀ ਤੌਰ 'ਤੇ ਚਲਦਾ ਹੈ ਪਰ ਅਟਾਰੀ-ਵਾਹਗਾ ਬਾਰਡਰ ਦੇ ਸੰਦਰਭ 'ਚ ਇਹ ਸੁਵਿਧਾ ਪੰਜਾਬ ਸੂਬੇ ਲਈ ਲਾਗੂ ਨਹੀਂ। ਪੰਜਾਬ ਅਤੇ ਇਸਦੇ ਗੁਆਂਢੀ ਸੂਬਿਆਂ ਜਿਵੇਂ ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਲੱਦਾਖ, ਹਰਿਆਣਾ, ਰਾਜਸਥਾਨ ਦੇ ਕਿਸਾਨ ਭਾਰਤ—ਪਾਕਿਸਤਾਨ ਅਤੇ ਪੱਛਮੀਂ ਏਸ਼ੀਆਈ ਮੁਲਕਾਂ ਦੇ ਦੁਵੱਲੇ ਵਪਾਰ ਤੋਂ ਕਾਫੀ ਲਾਹਾ ਲੈ ਸਕਦੇ ਹਨ ਜੇ ਅਟਾਰੀ—ਵਾਹਗਾ ਬਾਰਡਰ ਖੋਲ ਦਿੱਤਾ ਜਾਵੇ। ਪੰਜਾਬ ਸਰਕਾਰ ਨੂੰ ਭਾਰਤ ਸਰਕਾਰ ਨਾਲ ਇਸ ਵਿਤਕਰੇ ਨੂੰ ਦੂਰ ਕਰਵਾਉਣ ਲਈ ਗੱਲਬਾਤ ਕਰਨੀ ਚਾਹੀਦੀ ਹੈ।

7. **ਲੱਕੜ ਮੰਡੀ**: ਖੇਤੀ-ਜੰਗਲਾਤ ਦੇ ਵਿਕਾਸ ਲਈ ਲੱਕੜ ਮੰਡੀ ਦੀ ਸਖਤ ਲੋੜ ਹੈ। ਇਸ ਮੰਡੀ ਲਈ ਦਸੂਹਾ-ਹੁਸ਼ਿਆਰਪੁਰ ਸੜਕ ਢੁੱਕਵੀਂ ਜਗ੍ਹਾ ਹੋ ਸਕਦੀ ਹੈ। ਸਰਕਾਰ ਨੂੰ ਨਵੀਨਤਮ ਬਨਿਆਦੀ ਢਾਂਚੇ ਵਾਲੀਆਂ 4-5 ਲੱਕੜ ਮੰਡੀਆਂ ਵਿਕਸਤ ਕਰਨੀਆਂ ਚਾਹੀਦੀਆਂ ਹਨ, ਜਿਨ੍ਹਾਂ ਵਿੱਚ ਆਰੇ, ਲੱਕੜ ਸੁਕਾਉਣ ਅਤੇ ਸੀਜ਼ਨਿੰਗ ਦੀ ਸੁਵਿਧਾ ਹੋਵੇ ਤਾਂ ਕਿ ਕਿਸਾਨ ਜਾਂ ਉਨ੍ਹਾਂ ਦੀਆਂ ਜਥੇਬੰਦੀਆਂ ਇਨ੍ਹਾਂ ਦੀ ਵਰਤੋਂ ਨਾਲ ਕਦਰ ਵਧਾਈ ਵਾਲੇ ਉਤਪਾਦਾਂ ਦੀ ਸਿਰਜਣਾ ਕਰ ਸਕਣ।

8. **ਕਿਸਾਨਾਂ ਲਈ ਵਿਕਰੀ ਮੰਡੀ ਦੁਕਾਨਾਂ (Outlet) ਦੀ ਸੁਵਿਧਾ**: **ੳ)** ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਸਥਾਪਿਤ ਕਰਕੇ ਇਨ੍ਹਾਂ ਦੇ ਅਧਿਕਾਰ ਖੇਤਰ 'ਚ ਆਉਂਦੇ ਪਿੰਡਾਂ ਦੀ ਸੇਵਾ 'ਚ ਇਨ੍ਹਾਂ ਦੀ ਖੇਤੀ ਪੈਦਾਵਾਰ ਦੇ ਮੰਡੀਕਰਨ ਦੀ ਸੁਵਿਧਾ ਕੀਤੀ ਜਾਵੇ। ਇਨ੍ਹਾਂ ਸੁਸਾਇਟੀਆਂ ਨੂੰ ਵਿਕਰੀ ਲਈ ਦੁਕਾਨਾਂ ਖੋਲਣੀਆਂ ਚਾਹੀਦੀਆਂ ਹਨ ਅਤੇ ਤਾਜ਼ੀ ਪੈਦਾਵਾਰ ਤੋਂ ਤਿਆਰ ਕੀਤਾ ਗੰਨੇ ਦਾ ਰਸ, ਕਿੰਨੂ ਸੰਤਰੇ ਦਾ ਜੂਸ ਅਤੇ ਹੋਰ ਖੁਰਾਕੀ ਪਦਾਰਥਾਂ ਦੀ ਘਰਾਂ ਤੱਕ ਸਿੱਧੀ ਪਹੁੰਚ ਦੇ ਵਸੀਲੇ ਸਥਾਪਿਤ ਕਰਨੇ ਚਾਹੀਦੇ ਹਨ। ਇਸ ਦੇ ਨਾਲ ਹੀ ਇਨ੍ਹਾਂ ਨੂੰ ਨੇੜੇ ਦੇ ਕਸਬਿਆਂ ਅਤੇ ਸ਼ਹਿਰਾਂ 'ਚ ਵੱਡੇ ਸਟੋਰ ਖੋਲ੍ਹ ਕੇ ਖਾਧ ਪਦਾਰਥਾਂ ਦਾ ਮੰਡੀਕਰਨ ਕਰਨਾ ਚਾਹੀਦਾ ਹੈ।

**ਅ)** ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੂੰ ਜ਼ਿਲ੍ਹਾ ਪੱਧਰ ਅਤੇ ਪੈਦਾਵਾਰ ਦੀ ਸਮਰੱਥਾ ਵਾਲੇ ਇਲਾਕਿਆਂ 'ਚ 'ਕਿਸਾਨ ਹੱਟਾਂ' ਖੋਲਣੀਆਂ ਚਾਹੀਦੀਆਂ ਹਨ ਤਾਂ ਕਿ ਵਿਚੋਲਿਆਂ ਨੂੰ ਘੱਟ ਕਰਕੇ ਕਿਸਾਨਾਂ ਅਤੇ ਖਪਤਕਾਰਾਂ ਦੋਹਾਂ

ਨੂੰ ਮਾਇਕ ਲਾਭ ਦਿੱਤੇ ਜਾ ਸਕਣ। ਇਸੇ ਤਰ੍ਹਾਂ ਸਰਕਾਰ ਨੂੰ ਵੀ ਕਸਬਿਆਂ ਅਤੇ ਸ਼ਹਿਰਾਂ 'ਚ ਕਿਸਾਨਾਂ ਦੇ ਸਮੂਹਾਂ ਨੂੰ ਉਨ੍ਹਾਂ ਦੀ ਪੈਦਾਵਾਰ/ਖਾਧ ਪਦਾਰਥ ਵੇਚਣ ਲਈ ਮੰਡੀ 'ਚ ਫੜਾਂ/ਲੋੜੀਂਦਾ ਮੰਡੀ ਢਾਂਚਾ ਮੁਹੱਈਆ ਕਰਨਾ ਚਾਹੀਦਾ ਹੈ।

9. **ਖੇਤੀ ਮੰਡੀਆਂ ਸੁਧਾਰੋ**: ਸਮੁੱਚੀ ਫ਼ਸਲੀ ਪੈਦਾਵਾਰ ਨੂੰ ਨਵੀਨਤਮ ਤਕਨੀਕਾਂ ਜਿਵੇਂ; CCTV ਕੈਮਰੇ ਅਤੇ ਬਿਜਲੀ ਦੇ ਯੰਤਰਾਂ ਦੀ ਮਦਦ ਨਾਲ ਦਰਜ ਕਰਨਾ ਅਤੇ ਇਸ ਦਾ ਲੇਖਾ ਰੱਖਣਾ ਚਾਹੀਦਾ ਹੈ ਤਾਂ ਕਿ ਮੰਡੀ ਦੀ ਕੁਸ਼ਲਤਾ, ਪਾਰਦਰਸ਼ਤਾ ਅਤੇ ਸਰਕਾਰੀ ਮਾਲੀਏ 'ਚ ਵਾਧਾ ਹੋ ਸਕੇ।

10. **ਜ਼ੀਰਕਪੁਰ/ਮੋਹਾਲੀ ਨੂੰ ਮੰਡੀ ਧੁਰੇ ਵਜੋਂ ਵਿਕਸਿਤ ਕੀਤਾ ਜਾਵੇ**: ਚੰਡੀਗੜ੍ਹ-ਜੈਪੁਰ ਲਾਂਘੇ (ਕੋਰੀਡੋਰ) ਦੇ ਕਾਂਡਲਾ ਬੰਦਰਗਾਹ ਨਾਲ ਸੰਪਰਕ/ਲਿੰਕ ਦੇ ਮੱਦੇਨਜ਼ਰ ਪੰਜਾਬ, ਜੰਮੂ ਕਸ਼ਮੀਰ, ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਹੋਰਾਂ ਦੇ ਫਲ-ਸਬਜ਼ੀਆਂ ਦੇ ਮੰਡੀਕਰਨ ਦੇ ਢੋਆ-ਢੁਆਈ ਦੇ ਖਰਚੇ ਘਟਾਉਣ ਲਈ ਦਿੱਲੀ ਦੇ ਲੰਬੇ ਰੂਟ ਤੋਂ ਬਚਾਅ ਕਰਨ ਖਾਤਰ ਜ਼ੀਰਕਪੁਰ/ਮੋਹਾਲੀ ਮੰਡੀ ਧੁਰਾ ਵਿਕਸਤ ਕਰਨਾ ਚਾਹੀਦਾ ਹੈ। ਇਸ ਨਾਲ ਅਫਗਾਨਿਸਤਾਨ, ਰੂਸ ਅਤੇ ਹੋਰ ਦੇਸ਼ਾਂ ਨੂੰ ਇਰਾਨ ਦੀ ਚਾਬਹਾਰ ਬੰਦਰਗਾਹ ਰਾਹੀਂ ਬਰਾਮਦ ਦੇ ਮੌਕੇ ਖੁੱਲ੍ਹ ਸਕਣਗੇ।

11. **ਨਿਰਪੱਖ ਬੋਲੀ ਯਕੀਨੀ ਬਣਾਈ ਜਾਵੇ**: ਪੰਜਾਬ ਮੰਡੀ ਬੋਰਡ ਨੂੰ ਨਾਸ਼ਵਾਨ ਪੈਦਾਵਾਰ ਦੀ ਮੰਡੀ 'ਚ ਨਿਰਪੱਖ ਬੋਲੀ ਯਕੀਨੀ ਬਣਾਉਣੀ ਚਾਹੀਦੀ ਹੈ। ਤੜਕੇ 4 ਵਜੇ ਬੋਲੀ ਸ਼ੁਰੂ ਕਰਨਾ ਕਿਸਾਨਾਂ ਲਈ ਸੁਵਿਧਾਜਨਕ ਨਹੀਂ ਜਦਕਿ ਸਮੇਂ ਦੀ ਅਸੁਵਿਧਾ ਅਤੇ ਹੋਰ ਚੁਣੌਤੀਆਂ ਦੀ ਵਜ੍ਹਾ ਕਾਰਨ ਉਨ੍ਹਾਂ ਦੀ ਬੋਲੀ ਦੀ ਪ੍ਰਕਿਰਿਆ ਵਿੱਚ ਗੈਰਹਾਜ਼ਰੀ ਹੋ ਜਾਂਦੀ ਹੈ। ਸਾਰੇ ਕਿਸਾਨਾਂ ਦੀ ਪੈਦਾਵਾਰ ਦੀ ਨਿਰਪੱਖ ਬੋਲੀ ਯਕੀਨੀ ਬਨਾਉਣ ਲਈ ਸੂਬੇ ਵਿੱਚ ਵਾਜਬ ਸਮਾਂ ਸੂਚੀ ਲਾਗੂ ਕਰਨ ਦੀ ਲੋੜ ਹੈ।

12. **ਥੋਕ-ਪ੍ਰਚੂਨ ਕੀਮਤਾਂ ਤੈਅ ਕਰਨ ਨੂੰ ਤਰਕਸੰਗਤ ਬਣਾਇਆ ਜਾਵੇ**: ਥੋਕ ਮੰਡੀ (Wholesale Market) 'ਚ ਕਿਸਾਨਾਂ ਦੀ ਪੈਦਾਵਾਰ ਦੀ ਕੀਮਤ ਅਤੇ ਪ੍ਰਚੂਨ ਵਿਕਰੇਤਾਵਾਂ ਵੱਲੋਂ ਖਪਤਕਾਰਾਂ ਲਈ ਤੈਅ ਕੀਤੀ ਵਿਕਰੀ ਕੀਮਤ ਦੇ ਸਬੰਧ ਨੂੰ ਤਰਕਸੰਗਤ ਬਣਾਇਆ ਜਾਵੇ ਤਾਂ ਕਿ ਮੁਦਰਾ ਫੈਲਾਅ ਅਤੇ ਕਿਸਾਨਾਂ ਤੇ ਖਪਤਕਾਰਾਂ, ਦੋਹਾਂ ਦੀ ਲੁੱਟ ਨੂੰ ਰੋਕਿਆ ਜਾ ਸਕੇ।

# 3. ਵਾਤਾਵਰਨ ਅਤੇ ਜਲਵਾਯੂ ਤਬਦੀਲੀ

ਅਤੀਤ ਵਿੱਚ ਵਿਸ਼ਵ ਪੱਧਰ ’ਤੇ ਅਪਣਾਏ ਗਏ ਵਿਕਾਸ ਦੇ ਢੰਗ ਨੇ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਵਿੱਚ ਵੱਡੇ ਪੱਧਰ ’ਤੇ ਯੋਗਦਾਨ ਪਾਇਆ ਹੈ, ਜਿਸ ਨਾਲ ਜਲਵਾਯੂ ਤਬਦੀਲੀ ਹੋਈ ਹੈ। ਇਸ ਵਰਤਾਰੇ ਨੇ ਵਿਸ਼ਵ ਦੇ ਖੇਤੀ ਉਤਪਾਦਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਜਲਵਾਯੂ ਪਰਿਵਰਤਨ ਦੇ ਪ੍ਰਭਾਵ ਨੇ ਖੇਤੀਬਾੜੀ ਲਈ ਬਹੁਤ ਸਾਰੀਆਂ ਮੁਸੀਬਤਾਂ ਪੈਦਾ ਕੀਤੀਆਂ ਹਨ ਜਿਵੇਂ ਕਿ ਤਾਪਮਾਨ ਵਿੱਚ ਵਾਧਾ, ਗਰਮੀ ਦੇ ਦਿਨਾਂ ਵਿੱਚ ਵਾਧਾ, ਸੋਕਾ ਅਤੇ ਅਨਿਯਮਿਤ ਬਾਰਿਸ਼, ਇਨ੍ਹਾਂ ਸਾਰਿਆਂ ਦਾ ਖੇਤੀਬਾੜੀ ਸੈਕਟਰ ’ਤੇ ਮਾੜਾ ਪ੍ਰਭਾਵ ਪੈਂਦਾ ਹੈ। ਹਾਲ ਹੀ ਦੇ ਸਾਲਾਂ ਵਿੱਚ ਪੰਜਾਬ ਦੀ ਖੇਤੀ ਵਿੱਚ ਵੀ ਜਲਵਾਯੂ ਪਰਿਵਰਤਨ ਦਾ ਪ੍ਰਭਾਵ ਦੇਖਣ ਨੂੰ ਮਿਲ ਰਿਹਾ ਹੈ, ਜਿੱਥੇ ਕਣਕ ਅਤੇ ਸਰ੍ਹੋਂ ਦੀਆਂ ਫ਼ਸਲਾਂ ਦੇ ਅੰਤਿਮ ਪੜ੍ਹਾਅ ’ਤੇ ਤਾਪਮਾਨ ਵਿੱਚ ਅਚਾਨਕ ਵਾਧਾ ਹੋਣ ਕਾਰਨ ਝਾੜ ਵਿੱਚ ਗਿਰਾਵਟ ਆਈ ਹੈ। ਝੋਨਾ ਆਧਾਰਿਤ ਘਣੀ ਖੇਤੀ ਨੇ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਕੀਤੀਆਂ ਹਨ ਜਿਵੇਂ ਕਿ ਧਰਤੀ ਹੇਠਲੇ ਪਾਣੀ ਦੀ ਕਮੀ, ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਕਾਰਨ ਹਵਾ ਦਾ ਪ੍ਰਦੂਸ਼ਣ, ਜੈਵ-ਵਿਭਿੰਨਤਾ ਦਾ ਨੁਕਸਾਨ, ਉੱਭਰ ਰਹੇ ਜੈਵਿਕ ਤਣਾਅ, ਡਰੇਨੇਜ ਨਾਲ ਸਬੰਧਤ ਚੁਣੌਤੀਆਂ ਆਦਿ। ਸਿੰਚਾਈ ਲਈ ਜ਼ਮੀਨੀ ਪਾਣੀ ਦੀ ਵਰਤੋਂ ਵਿੱਚ ਵਾਧਾ, ਰਾਜ ਦੇ ਊਰਜਾ ਬਜਟ ’ਤੇ ਬੋਝ ਤੋਂ ਇਲਾਵਾ ਵੱਡੇ ਪੱਧਰ ’ਤੇ ਕਾਰਬਨ ਫੁੱਟਪ੍ਰਿੰਟ ਦਾ ਕਾਰਨ ਵੀ ਬਣਦਾ ਹੈ।

ਪੰਜਾਬ ਦੀ ਖੇਤੀ ’ਤੇ ਜਲਵਾਯੂ ਪਰਿਵਰਤਨ ਦੇ ਮਾੜੇ ਪ੍ਰਭਾਵਾਂ ਨੂੰ ਘੱਟ ਕਰਨ ਲਈ ਰਾਜ ਨੂੰ ਬਿਹਤਰ ਰਣਨੀਤੀਆਂ ਦੀ ਲੋੜ ਹੈ ਅਤੇ ਨਾਲ ਹੀ ਗੰਭੀਰ ਰੂਪ ਨਾਲ ਖਤਮ ਹੋ ਰਹੇ ਕੁਦਰਤੀ ਸਰੋਤਾਂ ਦੀ ਸੰਭਾਲ ਲਈ ਸਰਬਪੱਖੀ ਪਹੁੰਚ ਅਪਣਾਉਣਾ ਜ਼ਰੂਰੀ ਹੈ। ਇੱਕ ਸਿਹਤਮੰਦ ਖੇਤੀਬਾੜੀ ਪਹੁੰਚ ਨੂੰ ਕੁਦਰਤੀ ਸਰੋਤਾਂ ਦੀ ਵਰਤੋਂ ਇਸ ਤਰੀਕੇ ਨਾਲ ਕਰਨੀ ਚਾਹੀਦੀ ਹੈ ਕਿ ਕਿਸਾਨ ਆਪਣੀ ਉਤਪਾਦਕ ਸਮਰੱਥਾ ਨੂੰ ਮੁੜ ਸੁਰਜੀਤ ਕਰ ਸਕਣ ਅਤੇ ਵਾਤਾਵਰਨ ਪ੍ਰਣਾਲੀਆਂ ’ਤੇ ਨੁਕਸਾਨਦੇਹ ਪ੍ਰਭਾਵਾਂ ਨੂੰ ਘੱਟ ਤੋਂ ਘੱਟ ਕਰ ਸਕਣ। ਇਸਦਾ ਮੁੱਖ ਧਿਆਨ ਮਿੱਟੀ ਨੂੰ ਸਿਹਤਮੰਦ ਬਣਾਉਣ, ਇਸਨੂੰ ਰੁੜ੍ਹਨ ਤੋਂ ਰੋਕਣ, ਪਾਣੀ ਦਾ ਸੁਚੱਜਾ ਪ੍ਰਬੰਧਨ, ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਨੂੰ ਘੱਟ ਤੋਂ ਘੱਟ ਕਰਨ, ਜੈਵ-ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਅਤੇ ਖਰਾਬ ਮੌਸਮ ਨਾਲ ਨਜਿੱਠਨ ਲਈ ਅਨੁਕੂਲਤਾ ਵਧਾਉਣ ਉੱਪਰ ਹੋਣਾ ਚਾਹੀਦਾ ਹੈ।

ਰਾਜ ਦੇ ਵਾਤਾਵਰਨ ’ਤੇ ਖੇਤੀਬਾੜੀ ਅਤੇ ਸਹਾਇਕ ਗਤੀਵਿਧੀਆਂ ਦਾ ਡੂੰਘਾ ਪ੍ਰਭਾਵ ਰਿਹਾ ਹੈ। ਇੱਕ ਪਾਸੇ, ਕੁਝ ਮਾੜੇ ਪ੍ਰਭਾਵ ਜਿਵੇਂ ਕਿ ਸਿਖਰ ਵਾਢੀ ਦੇ ਮੌਸਮ ਵਿੱਚ ਹਵਾ ਪ੍ਰਦੂਸ਼ਣ, ਧਰਤੀ ਹੇਠਲੇ ਪਾਣੀ ਦੀ ਕਮੀ, ਭੋਜਨ ਲੜੀ ਵਿੱਚ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ, ਇੱਕੋ ਫ਼ਸਲੀ ਚੱਕਰ ਕਾਰਨ ਜੈਵ-ਵਿਭਿੰਨਤਾ ਦਾ ਨੁਕਸਾਨ, ਅਤੇ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਵਰਗੇ ਕੁਝ ਮਾੜੇ ਪ੍ਰਭਾਵ ਦੇਖੇ ਜਾਂਦੇ ਹਨ। ਇਸ ਦੇ ਉਲਟ, ਵਾਤਾਵਰਨ ’ਤੇ ਖੇਤੀ ਦੇ ਚੰਗੇ ਪ੍ਰਭਾਵ, ਮਾੜੇ ਪ੍ਰਭਾਵਾਂ ਤੋਂ ਕਾਫ਼ੀ ਜ਼ਿਆਦਾ ਹਨ। ਖੇਤੀਬਾੜੀ ਸੈਕਟਰ ਕਾਰਬਨ ਡਾਈਆਕਸਾਈਡ ($CO_2$) ਦੇ ਨਿਕਾਸ ਦੇ ਇੱਕ ਮਹੱਤਵਪੂਰਣ ਸੋਖਕ ਵਜੋਂ ਅਤੇ ਇੱਕ ਪ੍ਰਭਾਵਸ਼ਾਲੀ ਕਾਰਬਨ ਸਿੰਕ ਵਜੋਂ ਕੰਮ ਕਰਦਾ ਹੋਇਆ ਕਾਰਬਨ ਜਜ਼ਬ ਕਰਨ ’ਚ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਇਸ ਤੋਂ ਇਲਾਵਾ, ਇਹ ਹਵਾ, ਮਿੱਟੀ ਅਤੇ ਪਾਣੀ ਦੀ ਗੁਣਵੱਤਾ ਵਿੱਚ ਸਕਾਰਾਤਮਕ ਯੋਗਦਾਨ ਪਾਉਂਦਾ ਹੈ, ਭੋਜਨ ਅਤੇ ਪਸ਼ੂਆਂ ਦੇ ਉਤਪਾਦਨ ਵਿੱਚ ਸਥਿਰਤਾ ਨੂੰ ਵਧਾਉਂਦਾ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਰੋਤ ਅਧਾਰ ਨੂੰ ਸੁਰੱਖਿਅਤ ਰੱਖਦਾ ਹੈ। ਇਹਨਾਂ ਸਕਾਰਾਤਮਕ ਯੋਗਦਾਨਾਂ ਦੇ ਬਾਵਜੂਦ, ਇਹ ਮੰਨਣਾ ਵੀ ਜ਼ਰੂਰੀ ਹੈ ਕਿ ਖੇਤੀਬਾੜੀ ਸੈਕਟਰ ਵਿੱਚ ਸੁਧਾਰ ਲਈ ਕਾਫ਼ੀ ਥਾਂ ਮੌਜੂਦ ਹੈ। ਨਕਾਰਾਤਮਕ ਪ੍ਰਭਾਵਾਂ ਨੂੰ ਘਟਾਉਂਦੇ ਹੋਏ ਵਾਤਾਵਰਨ ’ਤੇ ਇਸਦੇ ਸਕਾਰਾਤਮਕ ਪ੍ਰਭਾਵਾਂ ਨੂੰ ਵਧਾਉਣ ਲਈ ਕਿਸਾਨਾਂ ਅਤੇ ਸਰਕਾਰ ਦੋਵਾਂ ਦੇ ਠੋਸ ਯਤਨਾਂ ਦੀ ਲੋੜ ਹੈ।

## ਨੀਤੀ ਸੰਬੰਧੀ ਸਿਫ਼ਾਰਿਸ਼ਾਂ

1. **ਪ੍ਰਦੂਸ਼ਣ ਜਾਂਚ ਨਿਯਮ**: ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (PPCB) ਨੂੰ ਸਾਫ਼ ਊਰਜਾ ਸਰੋਤਾਂ ਦੀ ਪ੍ਰਭਾਵੀ ਢੰਗ ਨਾਲ ਨਿਗਰਾਨੀ, ਇਨ੍ਹਾਂ ਨੂੰ ਉਤਸ਼ਾਹਿਤ ਅਤੇ ਕਾਰਜਸ਼ੀਲ ਕਰਨਾ ਚਾਹੀਦਾ ਹੈ। ਇਸ ਨੂੰ ਉਦਯੋਗਿਕ ਨਿਕਾਸ ਨਿਯੰਤਰਣ ਨੂੰ ਸੁਧਾਰਨ, ਵਾਹਨਾਂ ਦੇ ਨਿਕਾਸ ਦੇ ਮਿਆਰਾਂ ਨੂੰ ਮਜ਼ਬੂਤ ਕਰਨ, ਰਹਿੰਦ-ਖੂੰਹਦ ਪ੍ਰਬੰਧਨ ਅਤੇ ਮੁੜ ਵਰਤੋਂ ਯੋਗ ਬਣਾਉਣ, ਜੰਗਲਾਂ ਅਤੇ ਹਰਿਆਲੀ ਵਧਾਉਣ ਦੇ ਨਾਲ-ਨਾਲ ਜਲ ਪ੍ਰਦੂਸ਼ਣ ਕੰਟਰੋਲ ਅਤੇ ਹਵਾ ਦੀ ਗੁਣਵੱਤਾ ਦੀ ਨਿਗਰਾਨੀ 'ਤੇ ਕੰਮ ਕਰਨਾ ਚਾਹੀਦਾ ਹੈ।

2. **ਕਾਰਬਨ ਕ੍ਰੈਡਿਟ ਲਾਭ**: ਖੇਤੀ ਜੰਗਲਾਤ, ਬਾਗਬਾਨੀ ਪੌਦੇ ਅਤੇ ਹੋਰ ਫ਼ਸਲਾਂ ਇੱਕ ਵਧੀਆ ਕਾਰਬਨ ਸੋਖਕ ਹਨ। ਚੰਗੇ ਖੇਤੀ ਅਮਲਾਂ (GAP) ਅਤੇ ਪਾਣੀ ਦੀ ਬੱਚਤ ਕਰਨ ਵਾਲੀਆਂ ਤਕਨੀਕਾਂ ਨੂੰ ਲਾਗੂ ਕਰਕੇ, ਕਾਰਬਨ ਕ੍ਰੈਡਿਟ ਲਾਭਾਂ ਨੂੰ ਹੋਰ ਵਧਾਇਆ ਜਾ ਸਕਦਾ ਹੈ। ਸਰਕਾਰ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ ਇੱਕ ਨੋਡਲ ਏਜੰਸੀ ਵਜੋਂ ਨਿਯੁਕਤ ਕਰਨਾ ਚਾਹੀਦਾ ਹੈ, ਤਾਂ ਕਿ ਕਾਰਬਨ ਸੋਖਣ ਵਿੱਚ ਯੋਗਦਾਨ ਪਾਉਣ ਵਾਲੇ ਕਿਸਾਨਾਂ ਨੂੰ ਕਾਰਬਨ ਕ੍ਰੈਡਿਟ ਲਾਭਾਂ ਨਾਲ ਨਿਵਾਜਣਾ ਯਕੀਨੀ ਬਣਾਇਆ ਜਾ ਸਕੇ।

3. **ਸੂਰਜੀ ਪ੍ਰਣਾਲੀ ਨੂੰ ਉਤਸ਼ਾਹਿਤ ਕਰਨਾ**: ਖੇਤੀਬਾੜੀ, ਫੈਕਟਰੀਆਂ ਅਤੇ ਘਰੇਲੂ ਅਤੇ ਦਫ਼ਤਰੀ ਅਦਾਰਿਆਂ ਦੀਆਂ ਊਰਜਾ ਲੋੜਾਂ ਨੂੰ ਪੂਰਾ ਕਰਨ ਲਈ, ਸਾਫ਼ ਹਰੀ ਸੂਰਜੀ ਊਰਜਾ ਪ੍ਰਣਾਲੀਆਂ ਨੂੰ ਵੱਡੇ ਪੱਧਰ 'ਤੇ ਸਮਰਥਨ ਦਿੱਤਾ ਜਾਣਾ ਚਾਹੀਦਾ ਹੈ।

4. **ਟੈਸਟਿੰਗ ਪ੍ਰਯੋਗਸ਼ਾਲਾਵਾਂ ਦੇ ਪੱਧਰ ਨੂੰ ਵਧਾਉਣਾ**: ਰਾਜ ਦੀ ਮਿੱਟੀ ਅਤੇ ਪਾਣੀ ਦੀ ਸਿਹਤ ਦੀ ਮੈਪਿੰਗ ਉੱਪਰ ਕੰਮ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਸਟੀਕਤਾ ਨਾਲ ਉਪਚਾਰਕ ਉਪਾਅ ਕੀਤੇ ਜਾ ਸਕਣ।

   **ੳ)** ਰਾਜ ਵਿੱਚ ਚਲਦੀਆਂ ਫਿਰਦੀਆਂ ਮਿੱਟੀ ਅਤੇ ਪਾਣੀ ਪਰਖ ਪ੍ਰਯੋਗਸ਼ਾਲਾਵਾਂ ਸਥਾਪਿਤ ਕਰਨ ਦੀ ਲੋੜ ਹੈ। ਖੇਤੀਬਾੜੀ ਵਿਭਾਗ ਅਧੀਨ ਚੱਲ ਰਹੀਆਂ ਮਿੱਟੀ, ਪਾਣੀ, ਬੀਜ ਅਤੇ ਰਸਾਇਣਾ (ਕੀਟਨਾਸ਼ਕ/ਖਾਦ) ਦੀ ਪਰਖ ਲਈ ਉੱਚ-ਤਕਨੀਕੀ ਪ੍ਰਯੋਗਸ਼ਾਲਾਵਾਂ ਨੂੰ ਮਜ਼ਬੂਤ ਅਤੇ ਅਪਗ੍ਰੇਡ ਕੀਤਾ ਜਾਣਾ ਚਾਹੀਦਾ ਹੈ। ਕਿਸਾਨਾਂ ਲਈ ਸਾਰੀਆਂ ਟੈਸਟਿੰਗ ਸਹੂਲਤਾਂ ਮਾਮੂਲੀ ਫ਼ੀਸ 'ਤੇ ਉਪਲਬਧ ਹੋਣੀਆਂ ਚਾਹੀਦੀਆਂ ਹਨ।

   **ਅ)** ਰਾਜ ਦੇ ਹਰੇਕ ਕਿਸਾਨ ਲਈ ਮਿੱਟੀ ਸਿਹਤ ਕਾਰਡ ਤਿਆਰ ਕੀਤੇ ਜਾਣ ਤਾਂ ਜੋ ਜੈਵਿਕ ਅਤੇ ਅਜੈਵਿਕ ਖਾਦਾਂ ਦੀ ਸੰਤੁਲਿਤ ਵਰਤੋਂ ਨੂੰ ਯਕੀਨੀ ਬਣਾਇਆ ਜਾ ਸਕੇ। ਹਰੇਕ ਖੇਤ ਦਾ ਮਿੱਟੀ ਸਿਹਤ ਸੂਚਕ ਅੰਕ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀ ਅਧਿਕਾਰਤ ਵੈੱਬਸਾਈਟ 'ਤੇ ਉਪਲਬਧ ਕਰਵਾਇਆ ਜਾਣਾ ਚਾਹੀਦਾ ਹੈ।

5. **ਜਲਵਾਯੂ ਅਨੁਕੂਲ ਜਰਮਪਲਾਜ਼ਮ ਦੀ ਚੋਣ**: ਜਲਵਾਯੂ ਪਰਿਵਰਤਨ ਹੁਣ ਫ਼ਸਲਾਂ ਦੀ ਉਤਪਾਦਕਤਾ ਲਈ ਗੰਭੀਰ ਖ਼ਤਰਾ ਹੈ। ਇਸ ਲਈ, ਜਣਨ ਵਿਗਿਆਨ (Genetics) ਅਤੇ ਜੀਵ ਅਣੂ ਵਿਗਿਆਨ (Genomics) ਦੇ ਨਾਲ-ਨਾਲ ਗੁਣਾਂ ਦੇ ਖਾਕੇ ਤਿਆਰ ਕਰਨਾ (Profiling) ਅਤੇ ਕਿਸਮਾਂ (Germplasm) ਦੀ ਚੋਣ ਰਣਨੀਤੀ ਦੇ ਰੂਪ ਵਿੱਚ ਫ਼ਸਲਾਂ ਦੇ ਨਸਲ ਵਾਧਾ (Breeding) ਪ੍ਰੋਗਰਾਮਾਂ ਨੂੰ ਨਵੀਂ ਦਿਸ਼ਾ ਦੇਣ ਦੀ ਤੁਰੰਤ ਲੋੜ ਹੈ।

6. **ਬਚਾਓ ਵਾਲੇ ਖੇਤੀਬਾੜੀ ਅਮਲ: ੳ)** ਕੁਦਰਤੀ ਅਤੇ ਮੁੜ ਸੁਰਜੀਤੀ ਵਾਲੇ ਖੇਤੀਬਾੜੀ ਅਮਲਾਂ ਨੂੰ ਉਤਸ਼ਾਹਿਤ ਕਰਨ, ਉਤਪਾਦਕਤਾ ਵਿੱਚ ਸੁਧਾਰ ਕਰਨ ਲਈ ਜ਼ਮੀਨ ਦੀ ਬਹਾਲੀ, ਮਿੱਟੀ ਦੀ ਸਿਹਤ, ਪੈਦਾ ਕੀਤੇ ਭੋਜਨ ਦੇ ਪੌਸ਼ਟਿਕ ਪੱਧਰ, ਅਤੇ ਖੇਤੀਬਾੜੀ ਵਿੱਚ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਵਿੱਚ ਕਮੀ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਮੁੱਦੇ ਨੂੰ ਮੁੱਖ ਤੌਰ 'ਤੇ ਖੇਤ ਵਿੱਚ (*in-situ*) ਪ੍ਰਬੰਧਨ ਦੁਆਰਾ ਹੱਲ ਕੀਤਾ ਜਾਣਾ ਚਾਹੀਦਾ ਹੈ।

   **ਅ)** ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਮੌਜੂਦਾ ਫ਼ਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਾਂ

(CRM) ਨੂੰ ਉਨ੍ਹਾਂ ਦੀ ਵੱਧ ਤੋਂ ਵੱਧ ਸਮਰੱਥਾ 'ਤੇ ਚਲਾਇਆ ਜਾਵੇ।

**ੲ)** ਵਾਤਾਵਰਨ ਵਿੱਚ ਅਸੰਤੁਲਨ ਪੈਦਾ ਕਰਨ ਵਾਲੇ ਪੌਦਿਆਂ ਨੂੰ ਲਾਹੇਵੰਦ ਹਰੇ ਪੱਤਿਆਂ (ਕਵਰ) ਵਾਲੇ ਪੌਦਿਆਂ ਨਾਲ ਬਦਲਿਆ ਜਾਣਾ ਚਾਹੀਦਾ ਹੈ। ਇਹ ਸਥਾਨਕ ਬਨਸਪਤੀ ਅਤੇ ਜੀਵ-ਜੰਤੂਆਂ ਦੀ ਵਿਭਿੰਨਤਾ ਨੂੰ ਵਧਾਵੇਗਾ, ਜੋ ਕਿ ਜੈਵਿਕ ਵਿਭਿੰਨਤਾ ਅਤੇ ਲੁਪਤ ਹੋ ਰਹੀਆਂ ਸਥਾਨਕ ਪ੍ਰਜਾਤੀਆਂ ਦੀ ਸੰਭਾਲ ਲਈ ਜ਼ਰੂਰੀ ਹੈ।

**ਸ)** ਵਾਹੀਯੋਗ ਜ਼ਮੀਨਾਂ ਦੀ ਗੈਰ-ਕਾਨੂੰਨੀ ਖੁਦਾਈ ਨੂੰ ਰੋਕਣ ਲਈ ਸਰਕਾਰ ਦੁਆਰਾ ਪ੍ਰਭਾਵੀ ਨਿਗਰਾਨੀ ਦੀ ਤੁਰੰਤ ਲੋੜ ਹੈ।

7. **ਜੰਗਲਾਂ ਅਤੇ ਜਲਗਾਹਾਂ ਅਧੀਨ ਰਕਬੇ ਵਿੱਚ ਵਾਧਾ**: ਪੰਜਾਬ ਵਿੱਚ ਜੰਗਲਾਤ ਅਤੇ ਜਲਗਾਹਾਂ ਦੀ ਸੰਭਾਲ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਲੋੜ ਹੈ। ਇੱਕ ਚੰਗੀ ਤਰ੍ਹਾਂ ਤਾਲਮੇਲ ਵਾਲੀ ਪਹੁੰਚ ਜੋ ਨਵੇਂ ਬੂਟੇ ਲਾਉਣ, ਭਾਈਚਾਰਕ ਭਾਗੀਦਾਰੀ, ਅਤੇ ਸਿਹਤਮੰਦ ਜੰਗਲ ਪ੍ਰਬੰਧਨ ਅਮਲਾਂ ਦਾ ਸੁਮੇਲ ਹੋਵੇ, ਰਾਜ ਵਿੱਚ ਜੰਗਲਾਂ ਦੇ ਵਿਸਥਾਰ ਅਤੇ ਸੁਰੱਖਿਆ ਵਿੱਚ ਯੋਗਦਾਨ ਪਾ ਸਕਦੀ ਹੈ।

8. **ਜਾਗਰੂਕਤਾ ਮੁਹਿੰਮ**: ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਦੀ ਰੋਕਥਾਮ ਦੇ ਨਾਲ-ਨਾਲ ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਲੋੜੀਦੀ ਵਰਤੋਂ ਬਾਰੇ ਇੱਕ ਜਨ-ਜਾਗਰੂਕਤਾ ਮੁਹਿੰਮ ਚਲਾਈ ਜਾਣੀ ਚਾਹੀਦੀ ਹੈ।

# 4. ਜ਼ਮੀਨ

ਪੰਜਾਬ ਰਾਜ ਦਾ ਕੁੱਲ ਭੂਗੋਲਿਕ ਖੇਤਰ 50.3 ਲੱਖ ਹੈਕਟੇਅਰ ਹੈ, ਜਿਸ ਵਿੱਚੋਂ 41.27 ਲੱਖ ਹੈਕਟੇਅਰ (82%) ਖੇਤੀ ਅਧੀਨ ਹੈ। ਪੰਜਾਬ ਦੀ ਫ਼ਸਲ ਦੀ ਘਣਤਾ 189.7 ਫ਼ੀਸਦੀ ਹੈ। ਰਾਜ ਵਿੱਚ ਜੰਗਲਾਂ ਹੇਠ ਰਕਬਾ ਰਾਸ਼ਟਰੀ ਔਸਤ 21.7 ਪ੍ਰਤੀਸ਼ਤ ਦੇ ਮੁਕਾਬਲੇ 4.87 ਪ੍ਰਤੀਸ਼ਤ ਹੈ। ਇਸ ਤੋਂ ਇਲਾਵਾ, ਗੈਰ-ਖੇਤੀ ਮੰਤਵਾਂ ਲਈ ਵਰਤੀ ਜਾ ਰਹੀ ਜ਼ਮੀਨ ਦਾ ਹਿੱਸਾ ਲਗਾਤਾਰ ਵੱਧ ਰਿਹਾ ਹੈ, ਜੋ ਕਿ ਸਾਲ 1990-91 ਵਿੱਚ ਕੁੱਲ ਭੂਗੋਲਿਕ ਖੇਤਰ ਦੇ 6.8 ਫ਼ੀਸਦੀ ਤੋਂ ਵੱਧ ਕੇ ਸਾਲ 2021-22 ਵਿੱਚ 10.2 ਫ਼ੀਸਦੀ ਹੋ ਗਿਆ ਹੈ। ਖੇਤੀ ਉਤਪਾਦਨ ਵਿੱਚ ਜ਼ਮੀਨ ਦੀ ਸਭ ਤੋਂ ਵੱਡੀ ਮਹੱਤਤਾ ਦੇ ਬਾਵਜੂਦ, ਤੇਜ਼ੀ ਨਾਲ ਸ਼ਹਿਰੀਕਰਨ, ਸੜਕੀ ਨਿਰਮਾਣ ਨਾਲ ਅਤੇ ਜ਼ਮੀਨ ਨੂੰ ਹੋਰ ਗੈਰ-ਖੇਤੀ ਮੰਤਵਾਂ ਵਿੱਚ ਤਬਦੀਲ ਕਰਨ ਕਾਰਨ ਖੇਤੀ ਹੇਠਲੀ ਜ਼ਮੀਨ ਦਿਨੋਂ-ਦਿਨ ਘੱਟਦੀ ਜਾ ਰਹੀ ਹੈ। ਰਾਜ ਵਿੱਚ ਕਾਸ਼ਤ ਅਧੀਨ ਖੇਤ ਦਾ ਔਸਤਨ ਆਕਾਰ ਸਾਲ 2010-11 ਵਿੱਚ 3.77 ਹੈਕਟੇਅਰ ਸੀ ਜੋ ਸਾਲ 2015-16 ਵਿੱਚ ਘੱਟ ਕੇ 3.62 ਹੈਕਟੇਅਰ ਰਹਿ ਗਿਆ ਹੈ ਜਿਸ ਵਿੱਚ ਪੀੜ੍ਹੀ ਦਰ ਪੀੜ੍ਹੀ ਲੜੀਵਾਰ ਪਰਿਵਾਰਿਕ ਵੰਡਾਂ ਵੀ ਇੱਕ ਵੱਡਾ ਯੋਗਦਾਨ ਪਾਉਣ ਵਾਲਾ ਕਾਰਕ ਬਣਿਆ ਹੈ। ਇਸ ਤੋਂ ਇਲਾਵਾ, ਮੌਜੂਦਾ ਖੇਤੀ ਤਕਨੀਕਾਂ ਛੋਟੇ ਆਕਾਰ ਦੇ ਖੇਤਾਂ ਲਈ ਅਨੁਕੂਲ ਨਹੀਂ ਹਨ, ਨਤੀਜੇ ਵਜੋਂ ਇਹ ਪੈਮਾਨੇ ਦੀਆਂ ਆਰਥਿਕਤਾਵਾਂ ਨੂੰ ਪ੍ਰਭਾਵਿਤ ਕਰਦੀਆਂ ਹਨ।

ਭਾਵੇਂ, ਪੰਜਾਬ ਵਿੱਚ ਆਪਣੀ ਮਾਲਕੀ ਵਾਲੀ ਜ਼ਮੀਨ ’ਤੇ ਖੇਤੀ ਕਰਨ ਦਾ ਵੱਡਾ ਰੁਝਾਨ ਹੈ, ਫਿਰ ਵੀ ਇੱਥੇ ਜ਼ਮੀਨ ਠੇਕੇ ’ਤੇ ਦੇਣ ਵਾਲੀ ਪ੍ਰਥਾ ਲਗਾਤਾਰ ਜ਼ੋਰ ਫੜ ਰਹੀ ਹੈ। NSSO (ਸਾਲ 2012-13) ਦੇ ਅਨੁਮਾਨਾਂ ਅਨੁਸਾਰ, ਪੰਜਾਬ ਵਿੱਚ 24 ਪ੍ਰਤੀਸ਼ਤ ਤੋਂ ਵੱਧ ਕਾਸ਼ਤ ਵਾਲੀ ਜ਼ਮੀਨ ਠੇਕੇ ਅਧੀਨ ਹੈ। ਇਹ ਮੰਨਿਆ ਜਾਂਦਾ ਹੈ ਕਿ ਲੰਬੇ ਸਮੇਂ ਲਈ ਜ਼ਮੀਨ ਠੇਕੇ ’ਤੇ ਦੇਣ ਦੇ ਇਕਰਾਰਨਾਮੇ ਕਰਨ ਨਾਲ ਜ਼ਮੀਨ ਅਤੇ ਨਿਵੇਸ਼ ਦੀ ਵਰਤੋਂ ਸਰਵੋਤਮ ਹੋਵੇਗੀ। ਇਸ ਸੰਦਰਭ ਵਿੱਚ, ਜ਼ਮੀਨ ਠੇਕੇ ’ਤੇ ਦੇਣ ਦਾ ਕਾਰੋਬਾਰ, ਜ਼ਮੀਨ ਠੇਕੇ ’ਤੇ ਦੇਣ ਸੰਬੰਧੀ ਕਾਨੂੰਨਾਂ ਅਤੇ ਜ਼ਮੀਨ ਨਾਲ ਸਬੰਧਤ ਹੋਰ ਮੁੱਦਿਆਂ ਨੂੰ ਸੰਬੋਧਿਤ ਹੋਣਾ ਜ਼ਰੂਰੀ ਹੈ ਤਾਂ ਜੋ ਖੇਤੀ ਨੂੰ ਯਕੀਨੀ ਤੌਰ ’ਤੇ ਮੁਨਾਫ਼ੇਯੋਗ ਕਿੱਤਾ ਬਣਾਇਆ ਜਾ ਸਕੇ।

ਪੰਜਾਬ ਵਿੱਚ ਜ਼ਮੀਨੀ ਵਿਵਾਦ ਇੱਕ ਵੱਡੀ ਚੁਣੌਤੀ ਹੈ, ਜਿਸ ਦਾ ਪੇਂਡੂ ਸਮਾਜ ਸਾਹਮਣਾ ਕਰ ਰਿਹਾ ਹੈ। ਪੁਰਾਣੇ ਜ਼ਮੀਨੀ ਰਿਕਾਰਡ, ਅਸਪਸ਼ਟ ਮਲਕੀਅਤ ਅਤੇ ਮੌਜੂਦਾ ਜ਼ਮੀਨੀ ਕਾਨੂੰਨਾਂ ਨੇ ਬਹੁਤ ਸਾਰੇ ਵਿਅਕਤੀਆਂ ਨੂੰ ਨਿਆਂ ਦੀ ਭਾਲ ਵਿੱਚ ਅਦਾਲਤੀ ਕੇਸਾਂ ਵੱਲ ਧੱਕ ਦਿੱਤਾ ਹੈ। ਨਤੀਜੇ ਵਜੋਂ, ਇਹ ਭਾਈਚਾਰਕ ਸਾਂਝ, ਰਿਸ਼ਤੇਦਾਰੀ ਸਮਾਜਿਕ ਸਦਭਾਵਨਾ ਅਤੇ ਲੋਕਾਂ ਦੀ ਆਰਥਿਕ ਸਥਿਤੀ ਨੂੰ ਕਮਜ਼ੋਰ ਕਰ ਦਿੰਦਾ ਹੈ। ਇਹਨਾਂ ਚੁਣੌਤੀਆਂ ਨੂੰ ਹੱਲ ਕਰਨ ਲਈ ਇੱਕ ਵਿਆਪਕ ਨੀਤੀਗਤ ਦਖਲਅੰਦਾਜ਼ੀ ਦੀ ਲੋੜ ਹੈ ਜਿਸ ਵਿੱਚ ਕਾਨੂੰਨੀ ਅਤੇ ਸਮਾਜਿਕ ਸੁਧਾਰ, ਭਾਈਚਾਰਕ ਸ਼ਮੂਲੀਅਤ ਅਤੇ ਕੁਝ ਹੋਰ ਪ੍ਰਭਾਵਸ਼ਾਲੀ ਉਪਾਅ ਸ਼ਾਮਿਲ ਹਨ।

**ਨੀਤੀ ਸੰਬੰਧੀ ਸਿਫ਼ਾਰਿਸ਼ਾਂ**

1. **ਜ਼ਮੀਨ ਠੇਕੇ ’ਤੇ ਦੇਣ ਸੰਬੰਧੀ ਕਾਨੂੰਨ ਸੁਧਾਰ**: ਪੰਜਾਬ ਵਿੱਚ, ਜ਼ਮੀਨ ਠੇਕੇ ’ਤੇ ਦੇਣ ਸੰਬੰਧੀ ਕਾਨੂੰਨਾਂ ਨੂੰ ਘੋਖਣ ਦੀ ਲੋੜ ਹੈ। ਮੌਜੂਦਾ ਸਮੇਂ ਵਿੱਚ, ਰਾਜ ਵਿੱਚ ਜ਼ਮੀਨ ਨੂੰ ਜ਼ੁਬਾਨੀ ਸਲਾਨਾ ਅਧਾਰ ’ਤੇ ਠੇਕੇ ਉੱਪਰ ਦਿੱਤਾ ਜਾਂਦਾ ਹੈ ਜਿਸਨੂੰ ਠੇਕਾ ਪ੍ਰਣਾਲੀ ਵਜੋਂ ਜਾਣਿਆ ਜਾਂਦਾ ਹੈ। ਇਸ ਪ੍ਰਣਾਲੀ ਅਧੀਨ, ਅਸਲ ਕਾਸ਼ਤਕਾਰ ਦੇ ਨਾਂ ’ਤੇ ਕੋਈ ਲਿਖਤ ਨਹੀਂ ਹੁੰਦੀ ਕਿਉਂਕਿ ਜ਼ਮੀਨ ਮਾਲਕਾਂ ਨੂੰ ਇਹ ਡਰ ਰਹਿੰਦਾ ਹੈ ਕਿ ਅਜਿਹੀ ਰਜਿਸਟ੍ਰੇਸ਼ਨ ਕਾਸ਼ਤਕਾਰਾਂ ਨੂੰ ਜ਼ਮੀਨ ਤੋਂ ਬੇਦਖ਼ਲ ਨਾ ਕਰਨ ਦੇ ਅਧਿਕਾਰ ਨੂੰ ਸਮਰੱਥ ਬਣਾ ਸਕਦੀ ਹੈ। ਅਜਿਹੀ ਪ੍ਰਥਾ ਮਜ਼ਾਰਾ ਕਾਸ਼ਤਕਾਰਾਂ ਦੇ ਵਿਰੁੱਧ ਭੁਗਤ ਰਹੀ ਹੈ ਕਿਉਂਕਿ ਗੈਰ-ਰਜਿਸਟਰਡ ਮਜ਼ਾਰੇ ਕੁਦਰਤੀ ਆਫ਼ਤਾਂ ਕਾਰਨ ਫ਼ਸਲ ਦੇ ਖਰਾਬ ਹੋਣ ਦੀ ਸਥਿਤੀ ਵਿੱਚ ਖਰਾਬੇ ਦੀ ਭਰਪਾਈ (ਮੁਆਵਜ਼ੇ) ਦਾ ਦਾਅਵਾ ਨਹੀਂ ਕਰ ਸਕਦੇ ਅਤੇ ਫ਼ਸਲ ਬੀਮੇ ਦੀ ਸਹੂਲਤ ਤੋਂ ਵਾਂਝੇ

ਰਹਿ ਜਾਂਦੇ ਹਨ। ਨਾਲ ਹੀ, ਇਹ ਗੈਰ-ਰਜਿਸਟਰਡ ਮਜ਼ਾਰੇ ਸਹਿਕਾਰੀ ਕ੍ਰੈਡਿਟ ਸੁਸਾਇਟੀਆਂ ਦੇ ਪ੍ਰਭਾਵੀ ਮੈਂਬਰ ਨਹੀਂ ਬਣ ਸਕਦੇ ਹਨ, ਜਿਸ ਨਾਲ ਉਹ ਕਰਜ਼ਾ ਲੈਣ ਅਤੇ ਸੁਸਾਇਟੀਆਂ ਤੋਂ ਖੇਤੀ ਨਾਲ ਸਬੰਧਤ ਲਾਗਤ ਵਸਤਾਂ ਖਰੀਦਣ ਦੇ ਯੋਗ ਨਹੀਂ ਹਨ। ਇਸੇ ਤਰ੍ਹਾਂ, ਮਸ਼ੀਨੀਕਰਨ ਅਤੇ ਪ੍ਰਵਾਸ ਕਾਰਨ, ਰਾਜ ਵਿੱਚ ਠੇਕੇ ਦੀ ਉੱਲਟ ਪ੍ਰਣਾਲੀ (Reverse Tenancy) ਚੱਲ ਰਹੀ ਹੈ ਕਿਉਂਕਿ ਛੋਟੇ ਅਤੇ ਸੀਮਾਂਤ ਕਿਸਾਨ ਵੱਡੇ ਕਿਸਾਨਾਂ ਨੂੰ ਜ਼ਮੀਨ ਠੇਕੇ 'ਤੇ ਦਿੰਦੇ ਹਨ। ਇਸੇ ਤਰ੍ਹਾਂ ਗੈਰ-ਨਿਵਾਸੀ ਭਾਰਤੀ (NRI) ਆਪਣੀ ਜ਼ਮੀਨ ਦੂਜੇ ਕਿਸਾਨਾਂ ਨੂੰ ਠੇਕੇ 'ਤੇ ਦਿੰਦੇ ਹਨ। ਕਈ ਵਾਰ, ਜ਼ਮੀਨ ਦੀ ਗੈਰ-ਰਜਿਸਟਰਡ ਠੇਕਾ ਪ੍ਰਣਾਲੀ ਕਾਰਨ ਕਾਸ਼ਤਕਾਰਾਂ ਅਤੇ ਜ਼ਮੀਨ ਮਾਲਕਾਂ ਵਿਚਕਾਰ ਝਗੜੇ ਹੁੰਦੇ ਹਨ। ਇਸ ਲਈ, ਠੇਕੇ 'ਤੇ ਜ਼ਮੀਨ ਲੈਣ ਵਾਲੇ ਅਤੇ ਜ਼ਮੀਨ ਦੇ ਮਾਲਕ ਦੋਵਾਂ ਦੇ ਹਿੱਤਾਂ ਦੀ ਰੱਖਿਆ ਲਈ ਜ਼ਮੀਨ ਠੇਕੇ 'ਤੇ ਦੇਣ ਸੰਬੰਧੀ ਕਾਨੂੰਨਾਂ ਵਿੱਚ ਸੁਧਾਰ ਦੀ ਲੋੜ ਹੈ। ਜਿਵੇਂ ਖੇਤੀਬਾੜੀ ਤੋਂ ਪ੍ਰਾਪਤ ਆਮਦਨ ਨੂੰ ਟੈਕਸ ਵਿੱਚ ਛੋਟ ਦਿੱਤੀ ਜਾਂਦੀ ਹੈ, ਇਸੇ ਤਰ੍ਹਾਂ ਠੇਕੇ 'ਤੇ ਦਿੱਤੀ ਜ਼ਮੀਨ ਤੋਂ ਪ੍ਰਾਪਤ ਲਗਾਨ/ਠੇਕੇ ਦੀ ਆਮਦਨ ਨੂੰ ਵੀ ਆਮਦਨ ਟੈਕਸ ਤੋਂ ਛੋਟ ਦਿੱਤੀ ਜਾਣੀ ਚਾਹੀਦੀ ਹੈ।

2. **ਜ਼ਮੀਨੀ ਰਿਕਾਰਡ**: ਜ਼ਮੀਨੀ ਲੈਣ-ਦੇਣ ਦੀ ਪਾਰਦਰਸ਼ਤਾ ਅਤੇ ਕੁਸ਼ਲਤਾ ਨੂੰ ਯਕੀਨੀ ਬਣਾਉਣ ਅਤੇ ਜ਼ਮੀਨੀ ਵਿਵਾਦਾਂ ਨੂੰ ਟਾਲਣ ਲਈ, ਜ਼ਮੀਨ ਦੀ ਮਾਲਕੀ ਨਾਲ ਸਬੰਧਤ ਅੰਕੜਿਆਂ ਨੂੰ ਸਮਾਂਬੱਧ ਢੰਗ ਨਾਲ ਡਿਜੀਟਾਈਜ਼ ਕਰਨਾ ਅਤੇ ਲਗਾਤਾਰ ਸੋਧਿਆ ਜਾਣਾ ਚਾਹੀਦਾ ਹੈ। ਜ਼ਮੀਨ ਦੀ ਮਾਲਕੀ ਨੂੰ ਆਧਾਰ ਕਾਰਡ ਨਾਲ ਲਿੰਕ ਕਰਕੇ ਮਾਲਕਾਂ ਨੂੰ ਪਾਸਬੁੱਕ ਜਾਰੀ ਕੀਤੀ ਜਾਣੀ ਚਾਹੀਦੀ ਹੈ। ਜ਼ਮੀਨ ਦੀ ਵਿਕਰੀ ਅਤੇ ਖਰੀਦ ਦੇ ਹਰ ਲੈਣ-ਦੇਣ ਨੂੰ ਪਾਸਬੁੱਕ ਵਿੱਚ ਦਰਜ ਅਤੇ ਅਪਡੇਟ ਕੀਤਾ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ, ਕਰਜ਼ਿਆਂ ਅਤੇ ਜ਼ਮੀਨ ਦੀ ਲੀਜ਼/ਗਹਿਣੇ ਨਾਲ ਸਬੰਧਤ ਲੈਣ-ਦੇਣ ਨੂੰ ਪਾਸਬੁੱਕ ਵਿੱਚ ਦਰਜ ਕੀਤਾ ਜਾਣਾ ਚਾਹੀਦਾ ਹੈ।

3. **ਪੰਚਾਇਤੀ ਜ਼ਮੀਨ: ੳ)** ਪਾਰਦਰਸ਼ਤਾ ਲਈ ਅਤੇ ਨਜਾਇਜ਼ ਕਬਜ਼ਿਆਂ ਨੂੰ ਰੋਕਣ ਲਈ, ਪੰਚਾਇਤੀ ਜ਼ਮੀਨ ਦੀ ਸਪਸ਼ਟ ਤੌਰ 'ਤੇ ਸਮਾਂ-ਬੱਧ ਤਰੀਕੇ ਨਾਲ ਪਛਾਣ ਕੀਤੀ ਜਾਣੀ ਚਾਹੀਦੀ ਹੈ ਅਤੇ ਇਸਦੀ ਪਿੰਡ-ਵਾਰ ਜਾਣਕਾਰੀ ਸਰਕਾਰੀ ਵੈਬਸਾਈਟ 'ਤੇ ਪਾਈ ਜਾਣੀ ਚਾਹੀਦੀ ਹੈ।

   **ਅ)** ਹਰੇਕ ਸਹਿਕਾਰੀ ਸੁਸਾਇਟੀ ਨੂੰ ਵੱਖ-ਵੱਖ ਕੇਂਦਰੀ ਸਕੀਮਾਂ ਜਿਵੇਂ ਕਿ ਕੋਲਡ ਸਟੋਰ, ਪੈਟਰੋਲ ਪੰਪ, ਵੇਅਰਹਾਊਸ ਆਦਿ ਦਾ ਲਾਭ ਲੈਣ ਦੇ ਯੋਗ ਬਣਾਉਣ ਲਈ ਇਸ ਨੂੰ ਪੰਚਾਇਤੀ/ਸਰਕਾਰੀ ਜ਼ਮੀਨ ਦੀ ਘੱਟੋ-ਘੱਟ ਇੱਕ ਏਕੜ ਜ਼ਮੀਨ ਦਿੱਤੀ ਜਾਣੀ ਚਾਹੀਦੀ ਹੈ।

4. **ਪੰਜਾਬ ਲੈਂਡ ਰੈਵੇਨਿਊ ਐਕਟ ਵਿੱਚ ਸੁਧਾਰ**: ਪੰਜਾਬ ਲੈਂਡ ਰੈਵੇਨਿਊ ਐਕਟ, 1887 ਨੂੰ ਜ਼ਮੀਨੀ ਵੰਡ ਦੇ ਕੇਸਾਂ ਦੇ ਤੇਜ਼ੀ ਨਾਲ ਨਿਪਟਾਰੇ ਲਈ ਢੁਕਵੇਂ ਢੰਗ ਨਾਲ ਸੋਧੇ ਜਾਣ ਦੀ ਲੋੜ ਹੈ। ਤਕਸੀਮ ਪ੍ਰਕਿਰਿਆ ਨੂੰ ਸਰਲ ਬਣਾਉਣ ਅਤੇ ਵਿਰਾਸਤ ਤੋਂ ਬਾਅਦ ਇੱਕ ਨਿਰਧਾਰਤ ਮਿਆਦ ਦੇ ਅੰਦਰ ਲਾਗੂ ਕਰਨ ਦੀ ਲੋੜ ਹੈ।

5. **ਭੂਮੀ ਪ੍ਰਸ਼ਾਸਨ ਸੁਧਾਰ: ੳ)** ਇੱਥੇ ਆਜ਼ਾਦੀ ਤੋਂ ਪਹਿਲਾਂ ਦੇ ਸਮੇਂ ਦੇ ਪੁਰਾਣੇ ਸਿਰਲੇਖ ਰਜਿਸਟ੍ਰੇਸ਼ਨ ਨਿਯਮ ਲਾਗੂ ਹਨ। ਵਿਕਰੀ-ਖਰੀਦ ਅਤੇ ਤਬਾਦਲੇ ਦੇ ਸਮਝੌਤਿਆਂ ਨੂੰ ਸਰਲ ਭਾਸ਼ਾ ਵਿੱਚ ਦਰਜ ਕੀਤਾ ਜਾਣਾ ਚਾਹੀਦਾ ਹੈ ਅਤੇ ਸਰਕਾਰੀ ਕਰਮਚਾਰੀਆਂ ਨੂੰ ਵਸੀਕਾ ਨਵੀਸ (ਦਸਤਾਵੇਜ਼ ਲੇਖਕ) ਅਤੇ ਵਿਚੋਲਿਆਂ ਦੀ ਥਾਂ ਲੈਣੀ ਚਾਹੀਦੀ ਹੈ। ਅਰਜ਼ੀਆਂ/ਦਸਤਾਵੇਜ਼ਾਂ ਦੀ ਤਿਆਰੀ ਅਤੇ ਹੋਰ ਰਸਮੀ ਕਾਰਵਾਈਆਂ ਸਰਕਾਰੀ ਕਰਮਚਾਰੀਆਂ ਦੁਆਰਾ ਪੂਰੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਭ੍ਰਿਸ਼ਟਾਚਾਰ ਨੂੰ ਰੋਕਣ ਲਈ ਅਤੇ ਲੈਣ-ਦੇਣ ਵਿੱਚ ਪਾਰਦਰਸ਼ਤਾ ਯਕੀਨੀ ਬਣਾਉਣ ਲਈ ਸੁਵਿਧਾ ਕੇਂਦਰ ਜਾਂ ਡਿਜੀਟਲ ਸਹੂਲਤਾਂ ਮੁਹੱਈਆ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਸਾਰੀਆਂ ਸੇਵਾਵਾਂ ਦੀਆਂ ਸਮਾਂ-ਸੀਮਾਵਾਂ ਅਤੇ ਰੇਟ ਦਫ਼ਤਰ ਦੇ ਬਾਹਰ ਪ੍ਰਦਰਸ਼ਿਤ ਕੀਤੇ ਜਾਣੇ ਚਾਹੀਦੇ ਹਨ ਅਤੇ ਗਾਹਕ ਨੂੰ ਉਚਿੱਤ ਰਸੀਦ ਜਾਰੀ ਕੀਤੀ ਜਾਣੀ ਚਾਹੀਦੀ ਹੈ। ਗਾਹਕ ਨੂੰ ਰਜਿਸਟ੍ਰੇਸ਼ਨ ਪ੍ਰਕਿਰਿਆ ਲਈ ਬਿਨਾਂ ਕਿਸੇ ਵਿਚੋਲੇ ਦੇ ਰਜਿਸਟ੍ਰੇਸ਼ਨ ਅਧਿਕਾਰੀ ਦੇ ਸਾਹਮਣੇ ਦਸਤਾਵੇਜ਼ ਜਮ੍ਹਾਂ ਕਰਾਉਣੇ/ ਸੌਂਪਣੇਂ ਚਾਹੀਦੇ ਹਨ।

**ਅ)** ਜ਼ਮੀਨ ਦੇ ਲੈਣ-ਦੇਣ ਦੇ ਮਾਮਲਿਆਂ ਦਾ ਕਾਫੀ ਮਾਤਰਾ ਵਿੱਚ ਹੋਣ ਅਤੇ ਖਾਲੀ ਪ੍ਰਸ਼ਾਸਕੀ ਅਹੁਦਿਆਂ ਕਾਰਨ ਪ੍ਰਸ਼ਾਸਨਿਕ ਕਰਮਚਾਰੀਆਂ ਨੂੰ ਭਾਰੀ ਕੰਮ ਦੇ ਬੋਝ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਸਾਨਾਂ ਦੀ ਸਹੂਲਤ ਲਈ, ਜ਼ਮੀਨ ਦੀ ਮਾਲਕੀ ਦੀਆਂ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ, ਕੰਮ ਦੇ ਬੋਝ ਨੂੰ ਘਟਾਉਣ ਅਤੇ ਲੈਣ-ਦੇਣ ਦੀ ਕੁਸ਼ਲਤਾ ਵਿੱਚ ਸੁਧਾਰ ਕਰਨ ਲਈ, ਖਾਲੀ ਅਸਾਮੀਆਂ, ਖਾਸ ਕਰਕੇ ਪਟਵਾਰੀਆਂ ਦੀਆਂ ਅਸਾਮੀਆਂ ਨੂੰ ਭਰਨਾ ਲਾਜ਼ਮੀ ਹੈ।

6. **ਖੇਤੀਬਾੜੀ ਟਿਊਬਵੈੱਲ ਬਿਜਲੀ ਕੁਨੈਕਸ਼ਨਾਂ ਦਾ ਤਬਾਦਲਾ**: ਟਿਊਬਵੈੱਲ ਬਿਜਲੀ ਕੁਨੈਕਸ਼ਨ ਜ਼ਮੀਨ ਮਾਲਕ ਦੇ ਨਾਂ 'ਤੇ ਰਜਿਸਟਰਡ ਹੁੰਦੇ ਹਨ। ਜ਼ਮੀਨ ਦੀ ਵਿਕਰੀ/ਖਰੀਦ ਅਤੇ ਤਬਾਦਲੇ ਦੇ ਨਾਲ, ਟਿਊਬਵੈੱਲ ਬਿਜਲੀ ਕੁਨੈਕਸ਼ਨਾਂ ਦੀ ਮਾਲਕੀ ਵੀ ਜ਼ਮੀਨ ਦੀ ਮਾਲਕੀ ਅਨੁਸਾਰ ਤਬਦੀਲ ਕੀਤੀ ਜਾਣੀ ਚਾਹੀਦੀ ਹੈ।

7. **ਜ਼ਮੀਨ ਦੀ ਹੱਦਬੰਦੀ**: ਰਿਮੋਟ ਸੈਂਸਿੰਗ ਰਾਹੀਂ ਕੈਡਸਟ੍ਰਲ ਮੈਪਿੰਗ ਵਰਗੀਆਂ ਨਵੀਨਤਮ ਤਕਨੀਕਾਂ ਦੀ ਵਰਤੋਂ ਕਰਕੇ ਰਾਜ ਦੀ ਸਮੁੱਚੀ ਖੇਤੀ ਵਾਲੀ ਜ਼ਮੀਨ ਦੀ ਸਪਸ਼ਟ ਤੌਰ 'ਤੇ ਨਿਸ਼ਾਨਦੇਹੀ ਕੀਤੀ ਜਾਣੀ ਚਾਹੀਦੀ ਹੈ।

8. **ਜਾਣਕਾਰੀ ਦਾ ਪ੍ਰਸਾਰ**: ਭ੍ਰਿਸ਼ਟਾਚਾਰ ਨੂੰ ਰੋਕਣ ਅਤੇ ਲੋਕ-ਜਾਗਰੂਕਤਾ ਵਧਾਉਣ ਲਈ, ਮਾਲ ਵਿਭਾਗ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਨੂੰ ਜ਼ਮੀਨ ਦੇ ਲੈਣ-ਦੇਣ, ਵਿਅਕਤੀਆਂ ਦੇ ਕਾਨੂੰਨੀ ਅਧਿਕਾਰਾਂ, ਹੱਦਬੰਦੀ ਪ੍ਰਕਿਰਿਆਵਾਂ ਅਤੇ ਜ਼ਮੀਨ ਪ੍ਰਸ਼ਾਸਨ ਦੇ ਹੋਰ ਪਹਿਲੂਆਂ ਬਾਰੇ ਜਾਗਰੂਕ ਕਰਨ।

# 5. ਫ਼ਸਲੀ ਖੇਤਰ

ਪੰਜਾਬ ਦੇ ਫ਼ਸਲੀ ਖੇਤਰ ਦੀ ਮਹੱਤਤਾ ਇਸ ਦੇ ਕੌਮੀ ਅੰਨ ਭੰਡਾਰ ਵਿੱਚ ਯੋਗਦਾਨ ਪਾ ਕੇ ਰਾਜਨੀਤਿਕ ਸਥਿਰਤਾ ਦੇ ਨਾਲ-ਨਾਲ ਦੇਸ਼ ਨੂੰ ਸਵੈ-ਨਿਰਭਰ ਬਣਾਉਣ, ਰਾਜ ਦੀ ਆਰਥਿਕਤਾ ਨੂੰ ਉੱਚਾ ਚੁੱਕਣ ਅਤੇ ਲੋਕਾਂ ਨੂੰ ਉਪਜਾਊ ਰੁਜ਼ਗਾਰ ਪ੍ਰਦਾਨ ਕਰਨ ਵਿੱਚ ਹੈ।

ਰਾਜ ਦੀ ਫ਼ਸਲੀ ਵਿਭਿੰਨਤਾ, ਭਾਵੇ ਕਿ ਅਨਾਜ, ਭਾਵ ਕਣਕ-ਝੋਨੇ ਦੇ ਭਾਰੂ ਪੱਖ ਨਾਲ, ਜੋ ਕਿ ਦੇਸ਼ ਨੂੰ ਭੋਜਨ ਮੁਹੱਈਆ ਕਰਨ ਲਈ ਉਤਸ਼ਾਹਿਤ ਕਰਦਾ ਹੈ, ਦੇ ਨਾਲ-ਨਾਲ ਵਾਇਰਸ ਮੁਕਤ ਬੀਜ ਆਲੂ, ਸਿਹਤ ਕੈਪਸੂਲ ਦੇ ਰੂਪ ਵਿੱਚ ਕਿੰਨੂ ਸੰਤਰਾ ਰਾਜ ਦੇ ਮੁੱਖ ਆਕਰਸ਼ਣ ਹਨ।

ਹਾਲਾਂਕਿ, ਘਣੀ ਖੇਤੀ ਮਾਡਲ ਵਾਲੇ ਕਣਕ-ਝੋਨੇ ਦੇ ਇਕਹਿਰੇ ਫ਼ਸਲੀ ਚੱਕਰ ਵਿੱਚ ਝੋਨੇ ਨੇ ਇਥੋਂ ਦੀ ਮਿੱਟੀ ਅਤੇ ਸੂਖਮ ਜੀਵਾਂ, ਭੂਮੀਗਤ ਪਾਣੀ ਦੀ ਸਥਿਤੀ, ਹਵਾ ਦੀ ਗੁਣਵੱਤਾ ਅਤੇ ਜੈਵਿਕ-ਵਿਭਿੰਨਤਾ ਨੂੰ ਵਿਗਾੜਦੇ ਹੋਏ, ਰਾਜ ਦੇ ਵਾਤਾਵਰਨ ਨੂੰ ਮਾੜੇ ਰੁਖ ਪ੍ਰਭਾਵਿਤ ਕੀਤਾ ਹੈ ਜਿਸਨੇ ਸਿਸਟਮ ਨੂੰ ਸਮਾਜ ਲਈ ਨਾ ਨਿਭਾਣਯੋਗ ਅਤੇ ਗੈਰ-ਸਿਹਤਮੰਦ ਬਣਾ ਦਿੱਤਾ ਹੈ। ਰਾਜ ਦੇ ਵਾਤਾਵਰਨ ਨੂੰ ਮੁੜ ਸਥਾਪਿਤ ਕਰਨ ਅਤੇ ਇਸਦੀ ਆਰਥਿਕਤਾ ਨੂੰ ਮਜ਼ਬੂਤ ਕਰਕੇ, ਸਾਰੇ ਹਿੱਸੇਦਾਰਾਂ ਦੇ ਖੁਸ਼ੀ ਸੂਚਕਾਂਕ ਨੂੰ ਬਿਹਤਰ ਬਣਾਉਣ ਲਈ ਤਬਦੀਲੀ ਦੀ ਲੋੜ ਹੈ।

ਇਸ ਪਿਛੋਕੜ ਵਿੱਚ, ਇਸ ਗੱਲ 'ਤੇ ਜ਼ੋਰ ਦੇਣ ਦੀ ਲੋੜ ਹੈ ਕਿ ਪੰਜਾਬ ਦੀਆਂ ਕੁਦਰਤੀ ਉਪਲਬਧੀਆਂ ਵਧੇਰੇ ਤੇਜ਼ ਮੰਡੀ ਮੰਗ ਵਾਲੀਆਂ ਵਿਭਿੰਨ ਫ਼ਸਲਾਂ ਨੂੰ ਆਪਣੇ ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਘੱਟ ਖਰਚੇ ਤੇ ਬਿਹਤਰ ਗੁਣਵੱਤਾ ਨਾਲ ਪੈਦਾ ਕਰਕੇ ਇਨ੍ਹਾਂ ਨੂੰ ਕੌਮਾਂਤਰੀ ਪੱਧਰ 'ਤੇ ਮੁਕਾਬਲੇਯੋਗ ਅਤੇ ਮੁਨਾਫ਼ੇਯੋਗ ਬਨਾਉਣ ਦੇ ਸਮਰੱਥ ਹਨ। ਸੂਬੇ ਦੀਆਂ ਉੱਭਰ ਰਹੀਆਂ ਲੋੜਾਂ ਅਨੁਸਾਰ ਇਸ ਖੇਤਰ ਵਿੱਚ ਵਿਭਿੰਨਤਾ ਨੂੰ ਹੇਠ ਦਿੱਤੇ ਅਨੁਸਾਰ ਲੋੜੀਂਦੀ ਸਹਾਇਤਾ ਨਾਲ ਉਤਸ਼ਾਹਿਤ ਕਰਨ ਲਈ ਸਿਰਫ ਇੱਕ ਕੀਮਤ-ਨੀਤੀ ਦੇ ਧੱਕੇ ਦੀ ਲੋੜ ਹੈ:

## 5.1 ਮਿਆਰੀ ਬੀਜ

ਖੇਤੀਬਾੜੀ ਵਿੱਚ ਬੀਜ ਇੱਕ ਮੁੱਢਲੀ ਲਾਗਤ ਵਸਤੂ ਹੈ। ਖੋਜ ਵਿੱਚ ਨਿਵੇਸ਼ ਦੇ ਪ੍ਰਭਾਵ ਨੂੰ ਤਾਂ ਹੀ ਮਹਿਸੂਸ ਕੀਤਾ ਜਾ ਸਕਦਾ ਹੈ, ਜੇਕਰ ਕਿਸਾਨਾਂ ਦੀ ਉਨ੍ਹਾਂ ਦੇ ਉਤਪਾਦਨ ਖੇਤਰ ਦੇ ਨੇੜੇ, ਵਾਜਬ ਕੀਮਤ 'ਤੇ ਸੁਧਰੀਆਂ ਕਿਸਮਾਂ ਦੇ ਉੱਚ ਗੁਣਵੱਤਾ ਵਾਲੇ ਬੀਜਾਂ ਤੱਕ ਬਿਹਤਰ ਪਹੁੰਚ ਹੋਵੇ। ਕਿਸੇ ਵਿਸ਼ੇਸ਼ ਖੇਤਰ ਲਈ ਸਿਫ਼ਾਰਸ਼ ਕੀਤੀਆਂ ਕਿਸਮਾਂ ਦਾ ਬੀਜ ਆਪਣੀ ਕਿਸਮ ਅਨੁਸਾਰ ਸਹੀ ਹੋਣਾ ਚਾਹੀਦਾ ਹੈ ਅਤੇ ਖੇਤਾਂ ਦੀਆਂ ਹਾਲਤਾਂ ਅਨੁਸਾਰ ਉੱਗਣ ਅਤੇ ਕਾਰਗੁਜ਼ਾਰੀ ਦੇ ਸਮਰੱਥ ਹੋਣਾ ਚਾਹੀਦਾ ਹੈ ਤਾਂ ਕਿ ਇਸ ਦੀ ਸਮਰੱਥਾ ਦੀ ਵੱਧ ਤੋਂ ਵੱਧ ਪ੍ਰਾਪਤੀ ਕੀਤੀ ਜਾ ਸਕੇ। ਪੰਜਾਬ ਦੀ ਕਣਕ, ਝੋਨੇ ਅਤੇ ਆਲੂ ਦੇ ਬੀਜ ਦੀ ਸਾਲਾਨਾ ਲੋੜ ਕ੍ਰਮਵਾਰ 35, 5.7 ਅਤੇ 46 ਲੱਖ ਕੁਇੰਟਲ ਹੈ। ਇਸੇ ਤਰ੍ਹਾਂ, ਸੂਬੇ ਵਿੱਚ 50 ਤੋਂ ਵੱਧ ਫ਼ਸਲਾਂ ਅਤੇ ਸਬਜ਼ੀਆਂ ਦੇ ਬੀਜ ਦੀ ਲੋੜ ਹੈ। ਇਸ ਤੋਂ ਇਲਾਵਾ, ਪ੍ਰਮਾਣਿਤ ਗੁਣਵੱਤਾ ਵਾਲੇ ਬੀਜ ਦੀ ਸਪਲਾਈ ਨੂੰ ਯਕੀਨੀ ਬਣਾ ਕੇ ਦੂਜੇ ਰਾਜਾਂ ਅਤੇ ਦੇਸ਼ਾਂ ਦੀ ਬੀਜ ਦੀ ਮੰਗ ਨੂੰ ਪੂਰਾ ਕਰਨ ਦੀ ਜ਼ਰੂਰਤ ਹੈ, ਜਿਸ ਲਈ ਰਾਜ ਵਿੱਚ ਬੀਜ ਉਦਯੋਗ ਨੂੰ ਉਤਸ਼ਾਹਿਤ ਕਰਨ ਲਈ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ।

### ਨੀਤੀ ਸੰਬੰਧੀ ਸਿਫਾਰਿਸ਼ਾਂ

1. **ਬੀਜ ਧੁਰੇ ਵਿਕਸਿਤ ਕਰਨਾ**: ਸੂਬੇ ਵਿੱਚ ਬੀਜ ਪਿੰਡਾਂ ਦੇ ਸਮੂਹਾਂ (ਕਲੱਸਟਰਾਂ) ਨੂੰ ਵਿਕਸਤ ਕਰਕੇ ਪੰਜਾਬ ਨੂੰ "ਬੀਜ ਧੁਰੇ" ਵਜੋਂ ਵਿਕਸਤ ਕੀਤਾ ਜਾਵੇ। ਇਹ ਸਮੂਹਾਂ ਨੂੰ ਚੁਣੀਆਂ ਹੋਈਆਂ ਫ਼ਸਲਾਂ ਦੇ ਢੁਕਵੇਂ ਵਾਤਾਵਰਨ ਅਨੁਸਾਰ ਬਣਾਇਆ ਜਾ ਸਕਦਾ ਹੈ ਜਿਵੇਂ ਕਿ ਦੁਆਬਾ ਆਲੂ ਲਈ ਢੁੱਕਵਾ ਹੈ; ਲੁਧਿਆਣਾ, ਸੰਗਰੂਰ, ਬਰਨਾਲਾ ਅਤੇ ਮੋਗਾ ਕਣਕ ਅਤੇ ਝੋਨੇ ਲਈ; ਪਟਿਆਲਾ ਅਤੇ ਫਤਹਿਗੜ੍ਹ ਸਾਹਿਬ ਮਟਰ ਲਈ, ਗੁਰਦਾਸਪੁਰ, ਤਰਨਤਾਰਨ ਅਤੇ ਅੰਮ੍ਰਿਤਸਰ ਬਾਸਮਤੀ ਲਈ; ਬਠਿੰਡਾ ਅਤੇ ਮਾਨਸਾ ਪਿਆਜ਼ ਅਤੇ ਲਸਣ ਲਈ; ਗੁਰਦਾਸਪੁਰ ਮੂਲੀ ਲਈ।

2. **ਬੀਜ ਉਤਪਾਦਕਾਂ ਨੂੰ ਸੁਵਿਧਾਵਾਂ ਦੇਣੀਆਂ**: ਹਰੇਕ ਪਿੰਡਾਂ ਦੇ ਸਮੂਹ ਵਿੱਚ ਬੀਜ ਉਤਪਾਦਕ ਸੰਸਥਾਵਾਂ, ਗਰੁੱਪਾਂ ਅਤੇ ਵਿਅਕਤੀਆਂ ਨੂੰ ਗੁਣਵੱਤਾ ਵਾਲੇ ਬੀਜ ਉਤਪਾਦਨ, ਗਰੇਡਿੰਗ, ਭੰਡਾਰਨ, ਮੰਡੀਕਰਨ ਅਤੇ ਪੈਦਾਵਾਰੀ ਪਿਛੋਕੜ (Traceability) ਦੀ ਜਾਣਕਾਰੀ ਦੇ ਢਾਂਚੇ ਦੀ ਸਮੁੱਚੀ ਤਕਨੀਕੀ ਜਾਣਕਾਰੀ ਦੀ ਸਹੂਲਤ ਹੋਵੇ, ਜੋ ਕਿ ਨਾ ਸਿਰਫ ਰਾਜ ਦੀਆਂ ਲੋੜਾਂ ਪੂਰੀਆਂ ਕਰੇ ਸਗੋਂ ਹੋਰ ਰਾਜਾਂ ਅਤੇ ਕੌਮਾਂਤਰੀ ਮੰਡੀਆਂ ਵਿੱਚ ਵੀ ਵਪਾਰ ਦੇ ਮੌਕੇ ਲੱਭ ਸਕੇ।
3. **ਬੀਜ ਐਕਟ ਨੂੰ ਲਾਗੂ ਕਰਨਾ**: ਗੁਣਵੱਤਾ ਵਾਲੇ ਬੀਜ ਦੇ ਉਤਪਾਦਨ ਅਤੇ ਬੀਜ ਦੀ ਵੰਡ ਲਈ ਬੀਜ ਐਕਟ 1966 ਨੂੰ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ।
4. **ਸਿਫਾਰਿਸ਼ ਕੀਤੀਆਂ ਕਿਸਮਾਂ ਨੂੰ ਉਤਸ਼ਾਹਿਤ ਕਰਨਾ**: ਰਾਜ ਵਿੱਚ ਕੁਦਰਤੀ ਸਰੋਤਾਂ ਨੂੰ ਬਚਾਉਣ, ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦੇ ਫੈਲਣ ਨੂੰ ਰੋਕਣ ਲਈ ਸਿਫ਼ਾਰਸ਼ ਕੀਤੀਆਂ ਅਤੇ ਅਨੁਕੂਲ ਕਿਸਮਾਂ ਨੂੰ ਹੀ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

### 5.2 ਕਣਕ ਅਤੇ ਝੋਨਾ

ਦੇਸ਼ ਦੀ ਖੁਰਾਕ ਸੁਰੱਖਿਆ ਬਣਾਈ ਰੱਖਣ ਲਈ ਕਣਕ ਅਤੇ ਝੋਨਾ ਪ੍ਰਮੁੱਖ ਸਥਾਨ ਰੱਖਦਾ ਹੈ। ਪੰਜਾਬ ਵਿੱਚ 35.1 ਲੱਖ ਹੈਕਟੇਅਰ ਕਣਕ ਅਧੀਨ ਰਕਬੇ ਵਿੱਚੋਂ 165.6 ਲੱਖ ਟਨ ਕਣਕ ਦੀ ਪੈਦਾਵਾਰ ਹੁੰਦੀ ਹੈ, ਜਦੋ ਕਿ ਝੋਨਾ 31.6 ਲੱਖ ਹੈਕਟੇਅਰ ਵਿੱਚੋਂ 205.2 ਲੱਖ ਟਨ ਪੈਦਾ ਹੁੰਦਾ ਹੈ (2022-23) (ਅਨੁਲੱਗ VI)। ਸੂਬੇ ਵਿੱਚ ਕਣਕ-ਚੌਲਾਂ ਦੀ ਜੁੜਵੀਂ ਔਸਤ ਪੈਦਾਵਾਰ 11.5 ਟਨ/ਹੈਕਟੇਅਰ ਹੈ। ਸਾਉਣੀ ਦੇ ਸੀਜ਼ਨ ਦੌਰਾਨ, ਕੁੱਲ ਫ਼ਸਲੀ ਰਕਬੇ ਦਾ 75 ਫ਼ੀਸਦੀ ਤੋਂ ਵੱਧ ਹਿੱਸਾ ਝੋਨੇ ਦੀ ਖੇਤੀ ਅਧੀਨ ਹੁੰਦਾ ਹੈ। ਪੰਜਾਬ ਲਗਾਤਾਰ ਕੇਂਦਰੀ ਅਨਾਜ ਭੰਡਾਰ ਵਿੱਚ ਇੱਕ ਵੱਡਾ ਹਿੱਸਾ ਪਾ ਰਿਹਾ ਹੈ ਜਿਵੇਂ 2021-22 ਦੌਰਾਨ ਇਸ ਨੇ 21.2 ਫ਼ੀਸਦੀ ਚਾਵਲ ਅਤੇ 51.3 ਫ਼ੀਸਦੀ ਕਣਕ ਦਾ ਯੋਗਦਾਨ ਪਾਇਆ।

ਕਣਕ-ਝੋਨੇ ਦਾ ਫ਼ਸਲੀ ਚੱਕਰ ਸਥਿਰ ਆਮਦਨ ਨੂੰ ਯਕੀਨੀ ਬਣਾਉਂਦਾ ਹੈ ਅਤੇ ਦੇਸ਼ ਦੀਆਂ ਖੁਰਾਕ ਸੁਰੱਖਿਆ ਲੋੜਾਂ ਪੂਰੀਆਂ ਕਰਦਾ ਹੈ। ਹਾਲਾਂਕਿ, ਇਸ ਫ਼ਸਲੀ ਚੱਕਰ ਵਿੱਚ, ਝੋਨਾ ਬਹੁਤ ਤੇਜ਼ੀ ਨਾਲ ਧਰਤੀ ਹੇਠਲੇ ਪਾਣੀ ਦੇ ਘੱਟਣ ਦਾ ਪ੍ਰਮੁੱਖ ਕਾਰਨ ਬਣ ਰਿਹਾ ਹੈ। ਇਸ ਦੀ ਕਾਸ਼ਤ ਕਾਰਨ ਮਿੱਟੀ, ਹਵਾ ਅਤੇ ਜੈਵ ਵਿਭਿੰਨਤਾ ਵਰਗੇ ਕੁਦਰਤੀ ਸਰੋਤ ਵੀ ਮਾੜੇ ਰੁਖ ਪ੍ਰਭਾਵਿਤ ਹੋ ਰਹੇ ਹਨ।

**ਨੀਤੀ ਸੰਬੰਧੀ ਸਿਫਾਰਿਸ਼ਾਂ**

1. **ਵਿਸ਼ੇਸ ਗੁਣਾਂ ਵਾਲੀਆਂ ਕਿਸਮਾਂ ’ਤੇ ਧਿਆਨ ਦੇਣਾ**: ਕਣਕ ਵਿੱਚ ਵਿਸ਼ੇਸ਼ ਖਪਤਕਾਰਾਂ ਨਾਲ ਸੰਬੰਧਿਤ ਮੰਡੀਆਂ ਲਈ ਵਿਸ਼ੇਸ ਗੁਣਾਂ ਵਾਲੀਆਂ ਅਤੇ ਪੌਸ਼ਟਿਕ (Nutraceutically Rich) ਕਿਸਮਾਂ ਜਿਵੇਂ ਕਿ PBW 1 ਚਪਾਤੀ, PBW RS-1, WHD 943, ਵਿਕਸਤ ਕੀਤੀਆਂ ਗਈਆਂ ਹਨ। ਕਣਕ ਦੇ ਵੱਧ ਮੁੱਲ ਵਾਲੇ ਉਤਪਾਦਾਂ ਦੀ ਪ੍ਰੋਸੈਸਿੰਗ ਨੂੰ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਰਾਹੀਂ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।
2. **ਬਾਇਓ-ਫੋਰਟੀਫਾਈਡ ਕਣਕ ਨਾਲ ਪੋਸ਼ਣ ਨੂੰ ਵਧਾਉਣਾ**: ਲਘੂ ਪੌਸ਼ਟਿਕ ਤੱਤਾਂ ਦੀ ਘਾਟ ਨੂੰ ਪੂਰਾ ਕਰਨ ਲਈ ਜਨਤਕ ਵੰਡ ਪ੍ਰਣਾਲੀ ਅਤੇ ਮਿਡ-ਡੇ-ਮੀਲ ਰਾਹੀ ਬਾਇਓਫੋਰਟੀਫਾਈਡ ਕਣਕ ਦੀਆਂ ਕਿਸਮਾਂ PBW 1-ਜ਼ਿੰਕ (Zn) ਅਤੇ PBW ਜ਼ਿੰਕ (Zn)-2 ਨੂੰ ਸਬਸਿਡੀ ਦੇ ਕੇ ਉਤਸ਼ਾਹਿਤ ਕੀਤਾ ਜਾਵੇ। ਇਸੇ ਤਰ੍ਹਾਂ ਰਜਿਸਟੈਂਟ ਸਟਾਰਚ ਵਾਲੀ ਕਿਸਮ PBW RS-1 ਨੂੰ ਰਾਸ਼ਟਰੀ ਪੱਧਰ ’ਤੇ ਸ਼ੂਗਰ ਦੇ ਮਰੀਜ਼ਾਂ ਦੀ ਮੰਗ ਨੂੰ ਪੂਰਾ ਕਰਨ ਲਈ ਉਤਸ਼ਾਹਿਤ ਕਰਨ ਅਤੇ ਮੰਡੀਕਰਨ ਵਿੱਚ ਸਹਾਇਤਾ ਕਰਨ ਦੀ ਲੋੜ ਹੈ।
3. **ਜੈਵਿਕ ਖੇਤੀ ਨਾਲ ਕਣਕ ਦਾ ਉਤਪਾਦਨ, ਕਦਰ ਵਧਾਈ ਅਤੇ ਮੰਡੀਕਰਨ**: ਖਪਤਕਾਰਾਂ ਵੱਲੋਂ ਸੁਰੱਖਿਅਤ ਅਤੇ ਸਿਹਤਮੰਦ ਭੋਜਨ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਜੈਵਿਕ ਕਣਕ ਵਾਲੇ ਹਿੱਸੇ ਦੇ ਉਤਪਾਦਨ ਵੱਲ ਧਿਆਨ

ਦੇਣ ਦੀ ਲੋੜ ਹੈ। ਕਣਕ ਦੇ ਵਿਸ਼ੇਸ਼ ਗੁਣਾਂ ਵਾਲੇ ਅਤੇ ਜੈਵਿਕ ਉਤਪਾਦਾਂ ਦੇ ਜੋੜ ਮੇਲ ਨਾਲ ਮੰਡੀ ਵਿੱਚ ਵੱਧ ਮੁਨਾਫ਼ਾ ਕਮਾਇਆ ਜਾ ਸਕਦਾ ਹੈ ਜਿਸ ਨੂੰ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਰਾਹੀਂ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

4. **ਵਿਗਿਆਨੀਆਂ ਅਤੇ ਸਾਰੇ ਸੰਬੰਧਿਤ ਹਿੱਸੇਦਾਰਾਂ ਵਿਚਕਾਰ ਤਾਲਮੇਲ**: ਜਨਤਕ ਖੇਤੀਬਾੜੀ ਯੂਨੀਵਰਸਿਟੀਆਂ ਅਤੇ ਜ਼ਮੀਨੀ ਪੱਧਰ ਦੀਆਂ ਕਿਸਾਨ ਜਥੇਬੰਦੀਆਂ ਦਰਮਿਆਨ ਤਾਲਮੇਲ ਰੱਖਦੇ ਹੋਏ, ਕਣਕ ਦੇ ਅਨਾਜ ਦੀ ਗੁਣਵੱਤਾ ਨਾਲ ਸੰਬੰਧਿਤ ਨਸਲ ਸੁਧਾਰ, ਪ੍ਰੋਸੈਸਿੰਗ ਅਤੇ ਮੰਡੀਕਰਨ ਵਿੱਚ ਖੋਜ ਕਰਨ ਦੀ ਲੋੜ ਹੈ।
5. **ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਵਿੱਚ ਭੰਡਾਰਨ**: ਪਿੰਡ ਪੱਧਰ 'ਤੇ ਸਾਈਲੋਜ਼/ਕੋਕੂਨਾਂ ਵਿੱਚ ਕਣਕ ਦੇ ਭੰਡਾਰਨ ਲਈ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਦਾ ਵਿਕਾਸ ਕਰਨਾ ਚਾਹੀਦਾ ਹੈ। ਜੇਕਰ ਕਣਕ ਦੀ ਵਾਢੀ ਤੋਂ ਬਾਅਦ ਦਾਣਿਆਂ ਨੂੰ ਦੋ ਜਾਂ ਦੋ ਤੋਂ ਜ਼ਿਆਦਾ ਮਹੀਨਿਆਂ ਤੱਕ ਸਾਂਭਿਆ ਜਾਵੇ ਤਾਂ ਵਾਢੀ ਦੇ ਸਮੇਂ ਮੰਡੀਆਂ ਵਿੱਚ ਭਰਮਾਰ ਤੋਂ ਬਚਕੇ ਫ਼ਸਲ ਦਾ ਵੱਧ ਮੁੱਲ ਮਿਲੇਗਾ।
6. **ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਨੂੰ ਉਤਸ਼ਾਹਿਤ ਕਰੋ**: ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਪੀ ਆਰ 126 ਨੂੰ ਬੋਨਸ ਕੀਮਤ 'ਤੇ ਖਰੀਦ ਕੇ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਪੰਜਾਬ 'ਚ ਜਿਆਦਾ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਕਾਸ਼ਤ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦੇਣੀ ਚਾਹੀਦੀ ਹੈ।
7. **ਪਾਣੀ ਦੀ ਕੁਸ਼ਲ ਵਰਤੋਂ ਕਰਨ ਵਾਲੀਆਂ ਤਕਨੀਕਾਂ ਨੂੰ ਉਤਸ਼ਾਹਿਤ ਕਰਨਾ**: ਝੋਨੇ ਦੀ ਬਿਹਤਰ ਗੁਣਵੱਤਾ ਅਤੇ ਝਾੜ, ਕੱਦੂ ਕਰਨ ਵਾਲੇ ਸਿਸਟਮ ਨਾਲੋਂ 30-40 ਫ਼ੀਸਦੀ ਘੱਟ ਪਾਣੀ ਵਰਤ ਕੇ ਵੱਖ-ਵੱਖ ਪਾਣੀ ਬਚਾਉਣ ਵਾਲੀਆਂ ਤਕਨੀਕਾਂ ਜਿਵੇਂ ਬਿਨਾ ਕੱਦੂ ਕੀਤਿਆਂ ਬਿਜਾਈ ਉਪਰੰਤ ਵਕਫ਼ੇ ਨਾਲ ਪਾਣੀ ਲਾਉਣਾ ਤੇ ਸੁੱਕਾ ਛੱਡਣਾ, ਤੁਪਕਾ ਸਿੰਚਾਈ ਸਿਸਟਮ ਅਤੇ ਹੋਰ ਢੰਗਾਂ ਰਾਹੀਂ ਪ੍ਰਾਪਤ ਕੀਤੇ ਜਾ ਸਕਦੇ ਹਨ। ਇਹ ਮਿੱਟੀ ਦੀ ਸਿਹਤ ਵਿੱਚ ਸੁਧਾਰ ਕਰਦਾ ਹੈ, ਜ਼ਮੀਨ 'ਚ ਪਾਣੀ ਰਿਸਣ (Percolation) 'ਚ ਵਾਧਾ ਕਰਦਾ ਹੈ ਅਤੇ ਮੀਥੇਨ ਗੈਸ ਦੀ ਨਿਕਾਸੀ ਨੂੰ ਘਟਾਉਂਦਾ ਹੈ। ਇਸ ਲਈ ਇਨ੍ਹਾਂ ਨਵੀਆਂ ਤਕਨੀਕਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਖੋਜ ਤੇ ਪ੍ਰਸਾਰ ਇਨ੍ਹਾਂ ਬਦਲਵੇਂ ਢੰਗਾਂ ਵੱਲ ਕੇਂਦਰਿਤ ਕਰਨੇ ਚਾਹੀਦੇ ਹਨ ਜਦਕਿ ਕੱਦੂ ਕਰਨ ਨੂੰ ਨਿਰਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਪੜ੍ਹਾਅਵਾਰ ਤਰੀਕੇ ਨਾਲ ਇਸ 'ਤੇ ਰੋਕ ਲਗਾ ਦੇਣੀ ਚਾਹੀਦੀ ਹੈ।
8. **ਪਾਣੀ ਸੰਭਾਲ ਐਕਟ ਨੂੰ ਲਾਗੂ ਕਰਨਾ**: ਸਰਕਾਰ ਨੂੰ ਪੰਜਾਬ ਪ੍ਰੀਜ਼ਰਵੇਸ਼ਨ ਆਫ਼ ਸਬਸੋਆਇਲ ਵਾਟਰ ਐਕਟ, 2009 ਦੀ ਪਾਲਣਾ ਯਕੀਨੀ ਬਣਾਉਣੀ ਚਾਹੀਦੀ ਹੈ ਅਤੇ ਝੋਨੇ ਦੀ ਅਗੇਤੀ ਲੁਆਈ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।
9. **ਪੰਚਾਇਤੀ ਜ਼ਮੀਨ 'ਤੇ ਝੋਨੇ ਦੀ ਕਾਸ਼ਤ ਨੂੰ ਰੋਕਣਾ**: ਠੇਕੇ ਉੱਪਰ ਦਿੱਤੀਆਂ ਪੰਚਾਇਤੀ ਜ਼ਮੀਨਾਂ ਉੱਪਰ ਝੋਨੇ ਦੀ ਕਾਸ਼ਤ ਕਰਨਾ ਵਰਜਿਤ ਹੋਣਾ ਚਾਹੀਦਾ ਹੈ।
10. **ਪਰਾਲੀ ਸੰਭਾਲਣ ਵਾਲੀਆਂ ਤਕਨੀਕਾਂ ਨੂੰ ਉਤਸ਼ਾਹਿਤ ਕਰਨਾ**: ਝੋਨੇ ਦੀ ਪਰਾਲੀ ਨੂੰ ਵਾਤਾਵਰਨ ਪੱਖੀ ਢੰਗ ਨਾਲ ਸੰਭਾਲਣ ਲਈ ਕਈ ਤਕਨੀਕਾਂ ਵਿਕਸਤ ਕੀਤੀਆਂ ਗਈਆਂ ਹਨ, ਜਿਨ੍ਹਾਂ ਨੂੰ ਉਤਸ਼ਾਹਿਤ ਕਰਨ ਲਈ ਵਿੱਤੀ ਸਹਾਇਤਾ ਦੇਣੀ ਚਾਹੀਦੀ ਹੈ।

### 5.3 ਖੇਤੀ ਵਿਭਿੰਨਤਾ

ਆਰਥਿਕ ਅਤੇ ਵਾਤਾਵਰਨ ਦੋਹਾਂ ਦ੍ਰਿਸ਼ਟੀਕੋਣਾਂ ਤੋਂ ਫ਼ਸਲੀ ਵਿਭਿੰਨਤਾ ਜ਼ਰੂਰੀ ਹੈ। ਇਸ ਲਈ, ਸਰਕਾਰ ਨੂੰ ਕੁਦਰਤੀ ਉਪਲਬਧੀਆਂ ਨਾਲ ਸੁਮੇਲ ਕਰਦਿਆਂ ਅਤੇ ਮੰਡੀ ਦੀ ਮੰਗ ਦੇ ਅਧਾਰ 'ਤੇ ਇਲਾਕਾ ਵਿਸ਼ੇਸ਼ ਫ਼ਸਲੀ ਪੈਦਾਵਾਰੀ ਯੋਜਨਾਵਾਂ (ASCPP) ਤਿਆਰ ਕਰਨ 'ਚ ਮੱਦਦਗਾਰ ਹੋਣਾ ਚਾਹੀਦਾ ਹੈ। ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਵੱਖ-ਵੱਖ ਵਿਭਾਗਾਂ ਵੱਲੋਂ ਕੀਤੇ ਨਿਵੇਸ਼ ਅਤੇ ਯਤਨ, ਵਿਭਿੰਨਤਾ ਦੇ ਨਿਸ਼ਾਨਿਆਂ ਦੇ ਅਨੁਸਾਰੀ

ਹੋਣ। ਖੇਤੀ ਵਿਭਿੰਨਤਾ ਦੇ ਯਤਨਾਂ ਨੂੰ ਸਫਲ ਬਣਾਉਣ ਲਈ ਝੋਨੇ ਤੋਂ ਇਲਾਵਾ ਹੋਰ ਫ਼ਸਲਾਂ ਵੱਲ ਤੁਰੰਤ ਧਿਆਨ ਦੇਣ ਦੀ ਲੋੜ ਹੈ। ਵਿਕਲਪਕ ਫ਼ਸਲਾਂ ਦੀ ਉਪਜ ਸਮਰੱਥਾ ਅਤੇ ਵਿਸ਼ੇਸ਼ ਖੇਤਰ (Niche Area) ਨੂੰ ਧਿਆਨ ਵਿੱਚ ਰੱਖਦੇ ਹੋਏ, ਇਲਾਕਾ ਵਿਸ਼ੇਸ਼ ਫ਼ਸਲੀ ਪੈਦਾਵਾਰੀ ਯੋਜਨਾਵਾਂ (ASCPP) ਅਨੁਸਾਰ ਵਿਭਿੰਨ ਫ਼ਸਲਾਂ ਦੀ ਬਲਾਕ-ਵਾਰ ਯੋਜਨਾਬੰਦੀ ਦੀ ਲੋੜ ਹੈ। ਕਿਸਾਨਾ ਦਾ ਆਰਥਿਕ ਪੱਧਰ ਉੱਚਾ ਚੁੱਕਣ ਲਈ ਉਨ੍ਹਾਂ ਨੂੰ ਖੇਤੀ ਦੀ ਮੁੱਖ ਧਾਰਾ ਤੋਂ ਹਟ ਕੇ ਬਾਗਬਾਨੀ, ਮਧੂ ਮੱਖੀ ਪਾਲਣ, ਮੱਛੀ ਪਾਲਣ, ਖੁੰਬਾਂ ਦੀ ਕਾਸ਼ਤ ਆਦਿ ਦੁਆਰਾ ਵਿਭਿੰਨਤਾ ਲਿਆਉਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ, ਜਿਸ ਲਈ ਇਹਨਾਂ ਵਿਕਲਪਾਂ ਨੂੰ ਮੁਨਾਫ਼ੇਯੋਗ ਬਣਾਉਣਾ ਚਾਹੀਦਾ ਹੈ। ਇਸ ਕੰਮ ਨੂੰ ਫ਼ਸਲ ਵਿਸ਼ੇਸ਼ ਕਿਸਾਨ ਸੁਸਾਇਟੀਆਂ/ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਬਣਾਕੇ ਪ੍ਰਫੁੱਲਤ ਕੀਤਾ ਜਾਣਾ ਚਾਹੀਦਾ ਹੈ।

### 5.3.1 ਬਾਸਮਤੀ

ਬਾਸਮਤੀ, ਵਿਭਿੰਨਤਾ ਯੋਜਨਾ, ਖਾਸ ਕਰਕੇ ਦੇਸ਼ ਦੇ ਉੱਤਰੀ ਰਾਜਾਂ ਵਿੱਚ, ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ। ਹਾਲਾਂਕਿ, ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਲਈ ਸਖ਼ਤ ਮਾਪਦੰਡਾਂ ਕਾਰਨ ਬਾਸਮਤੀ ਦੀ ਬਰਾਮਦ ਚੁਣੌਤੀਪੂਰਨ ਹੁੰਦੀ ਜਾ ਰਹੀ ਹੈ। ਇਸ ਲਈ, ਇਸ ਫ਼ਸਲ ਨੂੰ ਉਤਸ਼ਾਹਿਤ ਕਰਨ ਲਈ, ਯੂਰਪੀਅਨ ਯੂਨੀਅਨ ਅਤੇ ਹੋਰ ਦਰਾਮਦ ਕਰਨ ਵਾਲੇ ਦੇਸ਼ਾਂ ਦੁਆਰਾ ਨਿਰਧਾਰਤ ਕੀਟਨਾਸ਼ਕਾਂ ਦੀ ਘੱਟੋ-ਘੱਟ ਰਹਿੰਦ-ਖੂੰਹਦ ਦੇ ਮਾਪਦੰਡਾਂ ਨੂੰ ਪੂਰਾ ਕਰਨ ਲਈ ਪ੍ਰਸਾਰ ਖੇਤਰ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਸਿਫ਼ਾਰਸ਼ ਕੀਤਿਆਂ ਉਪਾਵਾਂ ਨੂੰ ਲਾਗੂ ਕਰਨਾ ਰਾਜ ਵਿੱਚ ਬਾਸਮਤੀ ਦੀ ਕਾਸ਼ਤ ਅਤੇ ਬਰਾਮਦ ਵਿੱਚ ਵਾਧੇ ਲਈ ਸਹਿਯੋਗੀ ਹੋਵੇਗਾ।

**ਨੀਤੀ ਸੰਬੰਧੀ ਸਿਫ਼ਾਰਿਸ਼ਾਂ**

1. **ਸੈਂਟਰ ਆਫ ਐਕਸੇਲੈਂਸ ਅਤੇ ਅਗਾਂਹਵਧੂ ਕਿਸਾਨ ਸੁਸਾਇਟੀ ਸਥਾਪਿਤ ਕਰਨਾ: ੳ)** ਨਵੀਨਤਮ ਤਕਨੀਕਾਂ ਦੇ ਪ੍ਰਦਰਸ਼ਨ ਕਰਨ, ਸਿਖਲਾਈ ਦੇਣ ਅਤੇ ਹਿੱਸੇਦਾਰਾਂ ਨਾਲ ਭਾਗੀਦਾਰੀ ਖੋਜ ਲਈ ਇਸਦੇ ਕੁਦਰਤੀ ਪੈਦਾਵਾਰੀ ਇਲਾਕੇ ਜ਼ਿਲ੍ਹਾ ਗੁਰਦਾਸਪੁਰ ਵਿਖੇ ਬਾਸਮਤੀ ਲਈ ਸੈਂਟਰ ਆਫ ਐਕਸੇਲੈਂਸ ਦੀ ਸਥਾਪਨਾ ਕਰਨੀ ਚਾਹੀਦੀ ਹੈ।

   **ਅ)** ਸੈਂਟਰ ਆਫ ਐਕਸੇਲੈਂਸ (ਬਾਸਮਤੀ) ਦੇ ਨਾਲ ਇੱਕ ਰਜਿਸਟਰਡ ਖੁਦਮੁਖਤਿਆਰ ਸੰਸਥਾ ਵਜੋਂ ਅਗਾਂਹਵਧੂ ਕਿਸਾਨ ਸੁਸਾਇਟੀ (ਬਾਸਮਤੀ) ਬਣਾਈ ਜਾਵੇ, ਜੋ ਕਿ ਇਸ ਦੀ ਮਿਆਰੀ ਪੈਦਾਵਾਰ, ਕਦਰ ਵਧਾਈ, ਡੱਬਾਬੰਦੀ, ਸਾਂਭ-ਸੰਭਾਲ ਅਤੇ ਮੰਡੀਕਰਨ ਨੂੰ ਉਤਸ਼ਾਹਿਤ ਕਰੇ। ਇਸਨੂੰ ਖੇਤੀ ਸੈਕਟਰ ਦੀਆਂ ਆਹਲਾ ਸੰਸਥਾਵਾਂ (Institutes of Farm Sector Excellence) ਨਾਲ ਤਾਲਮੇਲ ਕਰਕੇ ਬਾਸਮਤੀ ਉਤਪਾਦਕਾਂ ਦੀ ਅਗਵਾਈ 'ਚ ਮਦਦ ਕਰਨੀ ਚਾਹੀਦੀ ਹੈ।

2. **ਚੰਗੇ ਖੇਤੀ ਅਮਲਾਂ ਨੂੰ ਅਪਣਾਉਣਾ**: ਬਾਸਮਤੀ ਚਾਵਲ ਦੇ ਉਤਪਾਦਨ ਨੂੰ ਚੰਗੇ ਖੇਤੀ ਅਮਲਾਂ (GAP) ਜਾਂ ਜੈਵਿਕ ਖੇਤੀ ਵੱਲ ਮੋੜਾ ਦੇਣ ਦੀ ਲੋੜ ਹੈ। ਨਵੀਂ ਰਾਸ਼ਟਰੀ ਨਿਰਯਾਤ ਨੀਤੀ ਦੇ ਅਨੁਸਾਰ, ਜੈਵਿਕ ਉਤਪਾਦ 'ਤੇ ਘੱਟੋ-ਘੱਟ ਨਿਰਯਾਤ ਮੁੱਲ, ਕੋਟਾ ਕੈਪਿੰਗ ਆਦਿ ਪਾਬੰਦੀਆਂ ਨਹੀਂ ਲੱਗਦੀਆਂ। ਉੱਚ ਮੁੱਲ, ਭਾੜੇ ਦੀ ਲਾਗਤ ਨੂੰ ਪੂਰਾ ਕਰ ਸਕਦਾ ਹੈ ਅਤੇ ਦੋ ਫ਼ਸਲ ਪ੍ਰਣਾਲੀ ਬੁਨਿਆਦੀ ਢਾਂਚੇ ਅਤੇ ਹੋਰ ਸਹੂਲਤਾਂ ਦੀ ਵਰਤੋਂ ਨੂੰ ਅਨੁਕੂਲ ਬਣਾਉਂਦੀ ਹੈ। ਉਪਜ ਨੂੰ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਦੇ ਮੁੱਦਿਆਂ ਦਾ ਵੀ ਸਾਹਮਣਾ ਨਹੀਂ ਕਰਨਾ ਪਵੇਗਾ। ਇਸ ਕੰਮ ਲਈ ਜੈਵਿਕ ਪ੍ਰਮਾਣਿਕਤਾ ਅਤੇ ਪੈਦਾਵਾਰੀ ਪਹਿਚਾਣ ਪ੍ਰਣਾਲੀ (Traceability mechanism) ਦੀ ਸਥਾਪਨਾ ਇੱਕ ਪਹਿਲੀ ਸ਼ਰਤ ਹੈ। ਜੈਵਿਕ ਬਾਸਮਤੀ ਨੂੰ ਜੈਵਿਕ ਕਣਕ (ਤਰਜੀਹੀ ਤੌਰ 'ਤੇ ਵਿਸ਼ੇਸ਼ ਗੁਣਾਂ ਵਾਲੀ) ਦੇ ਫ਼ਸਲੀ ਚੱਕਰ ਨਾਲ ਬਦਲ ਕੇ ਬੀਜਿਆ ਜਾ ਸਕਦਾ ਹੈ ਕਿਉਂਕਿ ਸਥਾਨਕ ਜੈਵਿਕ ਕਣਕ ਦੀ ਬਹੁਤ ਮੰਗ ਹੈ।

3. **ਘਰੇਲੂ ਬਜ਼ਾਰ ਦੀ ਖੋਜ-ਭਾਲ ਕਰਨਾ**: ਵੱਧ ਰਹੇ ਮੱਧ-ਸ਼੍ਰੇਣੀ ਦੇ ਹਿੱਸੇ ਵਿੱਚ ਖਪਤਕਾਰਾਂ ਦੇ ਅਧਾਰ ਨੂੰ ਵਧਾਉਣ ਦੇ ਮਕਸਦ ਨਾਲ ਘਰੇਲੂ ਬਾਜ਼ਾਰ ਦੀ ਖੋਜ-ਭਾਲ ਕਰਨ ਦੀ ਜ਼ਰੂਰਤ ਹੈ। ਬਾਸਮਤੀ ਦੀ ਫ਼ਸਲ ਹੇਠ ਵੱਧ ਰਕਬੇ ਨੂੰ

ਕਾਇਮ ਰੱਖਣ ਲਈ ਦੇਸ਼ ਦੇ ਉੱਤਰ-ਪੱਛਮੀ ਹਿੱਸੇ ਦੇ ਲੋਕਾਂ ਦੁਆਰਾ ਨਿਯਮਤ ਵਰਤੋਂ ਲਈ ਇੱਕ ਉੱਚ ਗੁਣਵੱਤਾ ਅਤੇ ਕਿਫਾਇਤੀ ਬ੍ਰਾਂਡ ਦੀ ਸਿਰਜਣਾ ਕਰਨ ਦੀ ਲੋੜ ਹੈ।

4. **ਕੀਮਤ ਸਥਿਰਤਾ ਫੰਡ**: ਬਾਸਮਤੀ ਫ਼ਸਲ ਦੇ ਕੀਮਤ ਸੰਕਟ ਦੀ ਸਥਿਤੀ ਵਿੱਚ ਮਾਰਕਫੈੱਡ ਨੂੰ ਕੀਮਤ ਸਥਿਰਤਾ ਫੰਡ ਰਾਹੀਂ ਦਖਲ ਦੇਣਾ ਚਾਹੀਦਾ ਹੈ।

5. **ਗੁਣਵੱਤਾ ਨਿਯੰਤਰਣ ਪ੍ਰਯੋਗਸ਼ਾਲਾ ਨੂੰ ਮਜ਼ਬੂਤ ਬਣਾਉਣਾ**: ਵਿਦੇਸ਼ੀ ਬਜ਼ਾਰਾਂ ਦੇ ਮਾਪਦੰਡਾਂ ਨੂੰ ਪੂਰਾ ਕਰਨ ਲਈ ਪੀਏਯੂ, ਲੁਧਿਆਣਾ ਵਿੱਚ ਪੰਜਾਬ ਹੌਰਟੀਕਲਚਰਲ ਪੋਸਟ-ਹਾਰਵੈਸਟ ਟੈਕਨੋਲੋਜੀ ਸੈਂਟਰ (PHPTC), ਦੀ ਗੁਣਵੱਤਾ ਨਿਯੰਤਰਣ ਪ੍ਰਯੋਗਸ਼ਾਲਾ (QCL) ਨੂੰ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਦੇ ਹੇਠਲੇ ਪੱਧਰ (ਜਿਵੇਂ ਕਿ ਆਯਾਤ ਕਰਨ ਵਾਲੇ ਦੇਸ਼ ਦੇ ਨਿਯਮਾਂ ਦੁਆਰਾ ਨਿਰਧਾਰਤ ਕੀਤੇ ਗਏ ਹਨ) ਦਾ ਪਤਾ ਲਗਾਉਣ ਦੀ ਸਮਰੱਥਾ ਨਾਲ ਮਜ਼ਬੂਤ ਕਰਨ ਦੀ ਲੋੜ ਹੈ।

6. **ਉੱਚ ਗੁਣਵੱਤਾ ਵਾਲਾ ਬੀਜ ਉਪਲਬਧ ਕਰਾਉਣਾ**: ਰਾਜ ਵਿੱਚ ਸਿਫ਼ਾਰਸ਼ ਕੀਤੀਆਂ ਕਿਸਮਾਂ (ਜਿਵੇਂ ਕਿ ਪੂਸਾ ਬਾਸਮਤੀ 1121, ਪੂਸਾ ਬਾਸਮਤੀ 1509, ਪੰਜਾਬ ਬਾਸਮਤੀ-7) ਆਦਿ ਦੇ ਚੰਗੀ ਕੁਆਲਿਟੀ ਅਤੇ ਰੋਗ ਮੁਕਤ ਬੀਜ ਉਪਲਬਧ ਕਰਵਾਏ ਜਾਣ।

7. **ਖਰੀਦ ਯਕੀਨੀ ਬਣਾਉਣਾ**: ਨਿਰਧਾਰਤ ਮੰਡੀਆਂ ਵਿੱਚ ਮੁਨਾਫ਼ੇਯੋਗ ਕੀਮਤ (ਝੋਨੇ ਨਾਲੋਂ ਵੱਧ ਕੁੱਲ ਆਮਦਨ ਵਾਲੀ) ’ਤੇ ਬਾਸਮਤੀ ਦੀ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਇਆ ਜਾਵੇ।

### 5.3.2 ਕਪਾਹ

ਦੱਖਣ-ਪੱਛਮੀ ਜ਼ਿਲ੍ਹਿਆਂ ਵਿੱਚ ਸਥਾਨਕ ਕਾਸ਼ਤ ਵਜੋਂ ਪੰਜਾਬ ਵਿੱਚ ਸਾਉਣੀ ਦੇ ਸੀਜ਼ਨ ਦੌਰਾਨ ਝੋਨੇ ਤੋਂ ਬਾਅਦ ਕਪਾਹ ਦੂਜੀ ਸਭ ਤੋਂ ਮਹੱਤਵਪੂਰਨ ਫ਼ਸਲ ਹੈ। ਇਸ ਦਾ ਰਕਬਾ ਜ਼ਿਆਦਾਤਰ ਸਾਲਾਂ ਦੌਰਾਨ 4 ਤੋਂ 6 ਲੱਖ ਹੈਕਟਰ ਸੀ, ਜੋ ਕਿ ਸਾਲ 1988-89 ਦੌਰਾਨ ਅਧਿਕਤਮ 7.58 ਲੱਖ ਹੈਕਟਰ ਸੀ। ਹਾਲਾਂਕਿ, ਹਾਲ ਹੀ ਵਿੱਚ, ਕਪਾਹ ਹੇਠ ਰਕਬੇ ਵਿੱਚ ਭਾਰੀ ਗਿਰਾਵਟ ਆਈ ਹੈ ਕਿਉਂਕਿ 2022-23 ਦੌਰਾਨ ਕਪਾਹ ਹੇਠ ਰਕਬਾ ਸਿਰਫ 2.4 ਲੱਖ ਹੈਕਟੇਅਰ ਸੀ (ਅਨੁਲੱਗ VI)। ਇਹ ਗਿਰਾਵਟ ਮੁੱਖ ਤੌਰ ’ਤੇ ਫ਼ਸਲ ਦੇ ਆਲੇ-ਦੁਆਲੇ ਕੱਦੂ ਵਾਲੇ ਝੋਨੇ ਦੇ ਖੇਤਰ ਦੀ ਭਰਮਾਰ ਕਾਰਨ ਵਧੀ ਹੋਈ ਨਮੀ ਨਾਲ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਪ੍ਰਤੀ ਫ਼ਸਲ ਦੀ ਕਮਜ਼ੋਰੀ ਵੱਧਣ ਕਾਰਨ, ਮਾੜੀ ਕੁਆਲਟੀ ਦੇ ਬੀਜ ਅਤੇ ਲਾਗਤ ਵਸਤਾਂ ਅਤੇ ਪੈਦਾਵਾਰ ਦੀ ਕੀਮਤ ਦੇ ਉਤਰਾਅ-ਚੜ੍ਹਾਅ ਕਾਰਨ ਮੰਨੀ ਜਾਂਦੀ ਹੈ। ਇਸ ਤੋਂ ਇਲਾਵਾ, ਨਹਿਰੀ ਪਾਣੀ/ਬਿਜਲੀ ਸਪਲਾਈ ਦੀਆਂ ਅਨਿਸ਼ਚਿਤਤਾਵਾਂ ਅਤੇ ਉੱਚ ਮਜ਼ਦੂਰੀ ਲਾਗਤ ਨੇ ਵੀ ਫ਼ਸਲ ਦੇ ਰਕਬੇ ਅਤੇ ਇਸਦੀ ਨਿਭਣਯੋਗਤਾ ਨੂੰ ਘਟਾਇਆ ਹੈ।

#### ਨੀਤੀ ਸੰਬੰਧੀ ਸਿਫ਼ਾਰਿਸ਼ਾਂ

1. **ਸੈਂਟਰ ਆਫ ਐਕਸੇਲੈਂਸ ਅਤੇ ਅਗਾਂਹਵਧੂ ਕਿਸਾਨ ਸੁਸਾਇਟੀ ਸਥਾਪਿਤ ਕਰਨਾ: ੳ)** ਨਵੀਨਤਮ ਤਕਨੀਕਾਂ ਦੇ ਪ੍ਰਦਰਸ਼ਨ ਕਰਨ, ਸਿਖਲਾਈ ਦੇਣ ਅਤੇ ਹਿੱਸੇਦਾਰਾਂ ਨਾਲ ਭਾਗੀਦਾਰੀ ਖੋਜ ਲਈ ਇਸਦੇ ਕੁਦਰਤੀ ਪੈਦਾਵਾਰੀ ਇਲਾਕੇ ਮਾਲਵਾ ਖੇਤਰ ਵਿੱਚ ਕਪਾਹ ਲਈ ਸੈਂਟਰ ਆਫ ਐਕਸੇਲੈਂਸ ਦੀ ਸਥਾਪਨਾ ਕਰਨੀ ਚਾਹੀਦੀ ਹੈ।

   **ਅ)** ਸੈਂਟਰ ਆਫ ਐਕਸੇਲੈਂਸ (ਕਪਾਹ) ਦੇ ਨਾਲ ਇੱਕ ਰਜਿਸਟਰਡ ਖੁਦਮੁਖਤਿਆਰ ਸੰਸਥਾ ਵਜੋਂ ਅਗਾਂਹਵਧੂ ਕਿਸਾਨ ਸੁਸਾਇਟੀ (ਕਪਾਹ) ਬਣਾਈ ਜਾਵੇ, ਜੋ ਕਿ ਇਸ ਦੀ ਮਿਆਰੀ ਪੈਦਾਵਾਰ, ਕਦਰ ਵਧਾਈ, ਉਤਪਾਦ ਨਿਰਮਾਣ, ਸਾਂਭ-ਸੰਭਾਲ ਅਤੇ ਮੰਡੀਕਰਨ ਨੂੰ ਉਤਸ਼ਾਹਿਤ ਕਰੇ। ਇਸਨੂੰ ਖੇਤੀ ਸੈਕਟਰ ਦੀਆਂ ਆਹਲਾ ਸੰਸਥਾਵਾਂ (Institutes of Farm Sector Excellence) ਨਾਲ ਤਾਲਮੇਲ ਕਰਕੇ ਕਪਾਹ ਉਤਪਾਦਕਾਂ ਦੀ ਅਗਵਾਈ ’ਚ ਮਦਦ ਕਰਨੀ ਚਾਹੀਦੀ ਹੈ।

2. **ਸਮੇਂ ਸਿਰ ਨਹਿਰੀ ਪਾਣੀ ਦੀ ਸਪਲਾਈ**: ਕਪਾਹ ਪੱਟੀ ਵਿੱਚ, 15 ਮਈ ਤੋਂ ਪਹਿਲਾਂ ਸਮੇਂ ਸਿਰ ਬਿਜਾਈ ਲਈ, ਅੱਧ-ਅਪ੍ਰੈਲ ਤੋਂ ਨਹਿਰੀ ਪਾਣੀ ਦੀ ਉਪਲਬਧਤਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

3. **ਕਪਾਹ ਦੇ ਖੇਤਰਾਂ ਵਿੱਚ ਝੋਨਾ ਘਟਾਇਆ ਜਾਵੇ**: ਦੱਖਣ-ਪੱਛਮੀ ਜ਼ਿਲ੍ਹਿਆਂ ਦੇ ਪਰਿਭਾਸ਼ਿਤ ਕਪਾਹ ਖਿੱਤਿਆਂ ਵਿੱਚ ਝੋਨੇ ਦੀ ਕਾਸ਼ਤ ਨੂੰ ਘਟਾਉਣਾ ਚਾਹੀਦਾ ਹੈ ਅਤੇ ਕਪਾਹ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇੱਕ ਫ਼ਸਲ ਹੇਠ ਵੱਡਾ ਰਕਬਾ ਰੱਖਣ ਵਾਲਾ ਬਲਾਕ ਕਪਾਹ ਵਿੱਚ ਬਿਹਤਰ ਕਾਰਗੁਜ਼ਾਰੀ ਅਤੇ ਕੀਟ ਪ੍ਰਬੰਧਨ ਲਈ ਢੁਕਵੇਂ ਵਾਤਾਵਰਨ ਵਿਕਸਿਤ ਕਰੇਗਾ। ਇੱਕੋ ਬਲਾਕ ਵਿੱਚ ਝੋਨੇ ਅਤੇ ਕਪਾਹ ਦੀ ਬਿਜਾਈ ਨਾਲ ਨਮੀ ਵਿੱਚ ਵਾਧਾ ਹੁੰਦਾ ਹੈ ਜਿਸ ਨਾਲ ਕਪਾਹ ਦੇ ਕੀੜੇ ਅਤੇ ਬਿਮਾਰੀਆਂ ਦੇ ਵਾਧੇ ਲਈ ਢੁੱਕਵੀਂਆਂ ਹਾਲਤਾਂ ਬਣਦੀਆਂ ਹਨ।

4. **ਸੂਖਮ-ਸਿੰਚਾਈ ਨੂੰ ਉਤਸ਼ਾਹਿਤ ਕਰਨਾ**: ਆਪੋ-ਆਪਣੇ ਖੇਤਾਂ ਵਿੱਚ ਸੋਲਰ ਪੰਪਾਂ ਅਤੇ ਪਾਣੀ ਦੇ ਭੰਡਾਰਨ ਢਾਂਚੇ ਦੇ ਨਾਲ ਕਪਾਹ-ਕਣਕ ਦੇ ਫ਼ਸਲੀ ਚੱਕਰ ਲਈ ਸੂਖਮ (Micro) ਸਿੰਚਾਈ ਨੂੰ ਉਤਸ਼ਾਹਿਤ ਅਤੇ ਸਮਰਥਨ ਕਰਨ ਦੀ ਜ਼ਰੂਰਤ ਹੈ।

5. **ਮਿਆਰੀ ਦਰਜੇ ਦੇ ਬੀਜ ਦੀ ਉਪਲਬਧਤਾ**: ਕਿਸਾਨਾਂ ਨੂੰ ਰਿਆਇਤੀ ਕੀਮਤ ’ਤੇ ਸਿਫ਼ਾਰਸ਼ ਕੀਤੀਆਂ ਕਿਸਮਾਂ ਦਾ ਮਿਆਰੀ ਬੀਜ ਮੁਹੱਈਆ ਕਰਵਾਉਣਾ ਚਾਹੀਦਾ ਹੈ।

6. **ਪ੍ਰਸਾਰ ਸੇਵਾਵਾਂ ਪ੍ਰਦਾਨ ਕਰਨਾ**: ਨਰਮਾ ਪੱਟੀ ਵਿੱਚ ਅਗੇਤੀ ਯੋਜਨਾਬੰਦੀ ਤਹਿਤ ਜ਼ਮੀਨ ਤਿਆਰ ਕਰਨ, ਮਿਆਰੀ ਲਾਗਤ ਵਸਤਾਂ, ਨਰਮਾ ਚੁਗਾਈ, ਚੰਗੀ ਪੈਦਾਵਾਰ ਅਤੇ ਕੁਸ਼ਲ ਮੰਡੀਕਰਨ ਤੱਕ ਦੀ ਜਾਣਕਾਰੀ ਲਈ ਵਿਆਪਕ ਪ੍ਰਸਾਰ ਸੇਵਾਵਾਂ ਪ੍ਰਦਾਨ ਕਰਨ ਦੀ ਲੋੜ ਹੈ।

7. **ਕੀਮਤ ਸਥਿਰਤਾ ਨੂੰ ਯਕੀਨੀ ਬਣਾਉਣਾ**: ਕੀਮਤਾਂ ਦੀ ਗਿਰਾਵਟ ਦੀ ਸਥਿਤੀ ਵਿੱਚ ਕਿਸਾਨਾਂ ਨੂੰ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਲਈ ਅਤੇ ਕਪਾਹ ਦੀ ਵਾਜਬ ਕੀਮਤ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਅਤੇ ਕਾਟਨ ਕਾਰਪੋਰੇਸ਼ਨ ਆਫ਼ ਇੰਡੀਆ ਦੁਆਰਾ ਮੰਡੀ ਵਿੱਚ ਦਖਲਅੰਦਾਜ਼ੀ ਦੀ ਲੋੜ ਹੈ।

8. **ਕਪਾਹ ਦੀ ਖੋਜ ਵਿੱਚ ਮਜ਼ਬੂਤੀ**: ਨਰਮੇ ਦੀ ਫ਼ਸਲ ਦੀ ਉਤਪਾਦਕਤਾ ਅਤੇ ਨਿਭਣਯੋਗਤਾ ਨੂੰ ਵਧਾਉਣ, ਅਤੇ ਕੀਟਨਾਸ਼ਕਾਂ ਦੀ ਵਰਤੋਂ ਨੂੰ ਘਟਾਉਣ ਵਾਸਤੇ ਅਮਰੀਕਨ ਸੁੰਡੀ, ਗੁਲਾਬੀ ਸੁੰਡੀ, ਚਿੱਟੀ ਮੱਖੀ ਅਤੇ ਵਿਸ਼ਾਣੂ ਰੋਗਾਂ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਤਿਆਰ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾਂ ਕਪਾਹ ਦੀ ਫ਼ਸਲ ਵਿੱਚ ਮਜ਼ਦੂਰ ਸ਼ਕਤੀ ਘੱਟ ਕਰਨ ਲਈ ਮਸ਼ੀਨੀ ਚੁਗਾਈ ਲਈ ਢੁੱਕਵੀਆਂ ਕਿਸਮਾਂ ਨੂੰ ਵਿਕਸਤ ਕਰਨਾ ਚਾਹੀਦਾ ਹੈ।

### 5.3.3 ਮੱਕੀ

ਮੱਕੀ ਦੀ ਫ਼ਸਲ ਸਾਉਣੀ ਰੁੱਤ ਦੌਰਾਨ ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਰੂਪਨਗਰ ਅਤੇ ਪਠਾਨਕੋਟ ਜਿਲ੍ਹਿਆਂ ਵਿੱਚ ਜ਼ਿਆਦਾ ਬੀਜੀ ਜਾਂਦੀ ਹੈ, ਜਦੋਂ ਕਿ ਬਸੰਤ ਰੁੱਤ ਵਿੱਚ ਇਸ ਹੇਠ ਰਕਬਾ ਮੁੱਖ ਤੌਰ ’ਤੇ ਜਲੰਧਰ, ਕਪੂਰਥਲਾ, ਲੁਧਿਆਣਾ, ਮੋਗਾ, ਸ਼ਹੀਦ ਭਗਤ ਸਿੰਘ ਨਗਰ ਅਤੇ ਹੁਸ਼ਿਆਰਪੁਰ ਜਿਲ੍ਹਿਆਂ ਵਿੱਚ ਹੈ। ਮੌਜੂਦਾ ਸਮੇਂ ਦੌਰਾਨ ਬਸੰਤ ਰੁੱਤ ਵਿੱਚ ਵੱਧ ਝਾੜ ਕਾਰਨ ਮੱਕੀ ਦੀ ਕਾਸ਼ਤ 2.0 ਲੱਖ ਹੈਕਟਰ ਤੋਂ ਜ਼ਿਆਦਾ ਰਕਬੇ ਹੇਠ ਹੋ ਰਹੀ ਹੈ। 1975-76 ਦੌਰਾਨ ਸਾਉਣੀ ਰੁੱਤ ਦੀ ਮੱਕੀ 5.77 ਲੱਖ ਹੈਕਟਰ ਰਕਬੇ ਵਿੱਚ ਬੀਜੀ ਜਾਂਦੀ ਸੀ, ਜੋ ਕਿ ਝੋਨੇ (5.67 ਲੱਖ ਹੈਕਟਰ) ਅਤੇ ਕਪਾਹ (5.80 ਲੱਖ ਹੈਕਟਰ) ਹੇਠ ਰਕਬੇ ਦੇ ਬਰਾਬਰ ਸੀ। ਪੰਜਾਬ ਵਿੱਚ ਫੀਡ, ਸਟਾਰਚ ਅਤੇ ਹੋਰ ਪ੍ਰੋਸੈਸਿੰਗ ਉਦਯੋਗਾਂ ਦੁਆਰਾ ਵਰਤੀ ਜਾਂਦੀ ਮੱਕੀ ਨੂੰ ਪੈਦਾ ਕਰਨ ਲਈ ਮੱਕੀ ਹੇਠ ਲਗਪਗ 5.0 ਲੱਖ ਹੈਕਟਰ ਰਕਬੇ ਦੀ ਲੋੜ ਹੈ, ਪਰ ਇਸ ਸਮੇਂ ਇਹ ਜਿਆਦਾਤਰ ਦੂਜੇ ਰਾਜਾਂ, ਪ੍ਰਮੁੱਖ ਤੌਰ ’ਤੇ ਬਿਹਾਰ, ਤੋਂ ਆ ਰਹੀ ਹੈ। ਇਸ ਲਈ, ਉਤਪਾਦਨ ਦੀ ਲਾਗਤ ਨੂੰ ਘਟਾ ਕੇ ਅਤੇ ਝਾੜ ਨੂੰ ਵਧਾ ਕੇ ਇਸ ਦੀ ਮੁਕਾਬਲੇ ਦੀ ਸਮਰੱਥਾ ਦਾ ਲਾਭ ਉਠਾਇਆ ਜਾ ਸਕਦਾ ਹੈ। ਚਾਰੇ, ਸਾਇਲੇਜ, ਸਵੀਟ-ਕੌਰਨ, ਬੇਬੀ-ਕੌਰਨ, ਪੌਪ-ਕੌਰਨ ਅਤੇ

ਈਥਾਨੌਲ ਦੇ ਉਤਪਾਦਨ ਦੇ ਰੂਪ ਵਿੱਚ ਵੀ ਇਸਦੀ ਸੰਭਾਵਨਾ ਨੂੰ ਘੋਖ ਲਿਆ ਜਾਣਾ ਚਾਹੀਦਾ ਹੈ।

**ਨੀਤੀ ਸੰਬੰਧੀ ਸਿਫ਼ਾਰਿਸ਼ਾਂ**

1. **ਸੈਂਟਰ ਆਫ ਐਕਸੇਲੈਂਸ ਅਤੇ ਅਗਾਂਹਵਧੂ ਕਿਸਾਨ ਸੁਸਾਇਟੀ ਸਥਾਪਿਤ ਕਰਨਾ: ੳ)** ਨਵੀਨਤਮ ਤਕਨੀਕਾਂ ਦੇ ਪ੍ਰਦਰਸ਼ਨ ਕਰਨ, ਸਿਖਲਾਈ ਦੇਣ ਅਤੇ ਹਿੱਸੇਦਾਰਾਂ ਨਾਲ ਭਾਗੀਦਾਰੀ ਖੋਜ ਲਈ ਇਸਦੇ ਕੁਦਰਤੀ ਪੈਦਾਵਾਰੀ ਇਲਾਕੇ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਮੱਕੀ ਲਈ ਸੈਂਟਰ ਆਫ ਐਕਸੇਲੈਂਸ (ਮੱਕੀ) ਦੀ ਸਥਾਪਨਾ ਕਰਨੀ ਚਾਹੀਦੀ ਹੈ।

   **ਅ)** ਸੈਂਟਰ ਆਫ ਐਕਸੇਲੈਂਸ (ਮੱਕੀ) ਦੇ ਨਾਲ ਇੱਕ ਰਜਿਸਟਰਡ ਖੁਦਮੁਖਤਿਆਰ ਸੰਸਥਾ ਵਜੋਂ ਅਗਾਂਹਵਧੂ ਕਿਸਾਨ ਸੁਸਾਇਟੀ (ਮੱਕੀ) ਬਣਾਈ ਜਾਵੇ, ਜੋ ਕਿ ਇਸ ਦੀ ਮਿਆਰੀ ਪੈਦਾਵਾਰ, ਕਦਰ ਵਧਾਈ, ਡੱਬਾਬੰਦੀ, ਸਾਂਭ-ਸੰਭਾਲ ਅਤੇ ਮੰਡੀਕਰਨ ਨੂੰ ਉਤਸ਼ਾਹਿਤ ਕਰੇ। ਇਸਨੂੰ ਖੇਤੀ ਸੈਕਟਰ ਦੀਆਂ ਆਹਲਾ ਸੰਸਥਾਵਾਂ (Insittutes of Farm Sector Excellence) ਨਾਲ ਤਾਲਮੇਲ ਕਰਕੇ ਮੱਕੀ ਉਤਪਾਦਕਾਂ ਦੀ ਅਗਵਾਈ 'ਚ ਮਦਦ ਕਰਨੀ ਚਾਹੀਦੀ ਹੈ।

2. **ਮੱਕੀ ਦੀ ਕਾਸ਼ਤ ਨੂੰ ਪ੍ਰੋਤਸਾਹਿਤ ਕਰਨਾ**: ਝੋਨੇ ਤੋਂ ਤਬਦੀਲ ਕੀਤੇ ਗਏ ਖੇਤਰ ਵਿੱਚ ਮੱਕੀ ਦੇ ਉਤਪਾਦਨ ਨੂੰ ਲਾਹੇਵੰਦ ਬਨਾਉਣ ਲਈ ਢੰਗ-ਤਰੀਕੇ ਕੱਢਣ ਦੀ ਲੋੜ ਹੈ। ਭਾਵੇਂ ਪਾਣੀ ਦੀ ਬੱਚਤ ਮੁੱਖ ਉਦੇਸ਼ ਹੈ, ਜਿਸ ਵਿੱਚ ਬਿਜਲੀ ਸਬਸਿਡੀ ਨੂੰ ਵੀ ਗਿਣਿਆ ਜਾ ਸਕਦਾ ਹੈ। ਧਰਤੀ ਹੇਠਲੇ ਪਾਣੀ ਦੀ ਤੇਜ਼ੀ ਨਾਲ ਕਮੀ ਨਾਲ ਜੂਝਦੇ ਰਵਾਇਤੀ ਮੱਕੀ ਪੈਦਾ ਕਰਨ ਵਾਲੇ ਬਲਾਕਾਂ ਨੂੰ ਮੱਕੀ ਅਧੀਨ ਰਕਬੇ ਦੇ ਵਿਸਥਾਰ ਲਈ ਨਿਸ਼ਾਨਾ ਬਣਾਇਆ ਜਾਣਾ ਚਾਹੀਦਾ ਹੈ।

3. **ਮੱਕੀ ਦੀ ਸਪਲਾਈ ਚੇਨ ਨੂੰ ਮਜ਼ਬੂਤ ਕਰਨਾ**: ਮੱਕੀ ਦੇ ਖੇਤੀ-ਉਦਯੋਗਾਂ ਨੂੰ ਉਹਨਾਂ ਦੀ ਲਾਗਤ-ਸਮੱਗਰੀ ਪੰਜਾਬ ਤੋਂ ਹੀ ਪ੍ਰਾਪਤ ਕਰਨ ਲਈ ਸਹੂਲਤਾਂ ਦੇਣ ਅਤੇ ਉਤਸ਼ਾਹਿਤ ਕਰਨ ਦੀ ਲੋੜ ਹੈ। ਵਰਤਮਾਨ ਸਮੇਂ ਵਿੱਚ, ਪਸ਼ੂ ਅਤੇ ਪੋਲਟਰੀ ਫੀਡ, ਸਟਾਰਚ ਅਤੇ ਪ੍ਰੋਸੈਸਿਡ ਭੋਜਨ ਦੇ ਉਤਪਾਦਨ ਲਈ ਜਿਆਦਾਤਰ ਮੱਕੀ ਬਿਹਾਰ, ਮਹਾਰਾਸ਼ਟਰ, ਕਰਨਾਟਕ, ਗੁਜਰਾਤ ਅਤੇ ਰਾਜਸਥਾਨ ਤੋਂ ਰਾਜ ਵਿੱਚ ਲਿਆਂਦੀ ਜਾ ਰਹੀ ਹੈ। ਜਦੋਂ ਕਿ, ਸਥਾਨਕ ਉਪਜ ਵਿੱਚ ਦਾਣਿਆਂ ਦੀ ਨਮੀ ਨਿੱਜੀ ਖਰੀਦ ਏਜੰਸੀਆਂ ਲਈ ਇੱਕ ਵੱਡਾ ਮੁੱਦਾ ਹੈ। ਇਸ ਦੇ ਲਈ, ਮੰਡੀ ਚੈਨਲਾਂ/ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਵਿੱਚ ਢੁਕਵੇਂ ਪੱਧਰ ਦੇ ਮੱਕੀ ਡਰਾਇਰ ਸਥਾਪਿਤ ਕਰਨ ਦੀ ਲੋੜ ਹੈ ਤਾਂ ਜੋ ਅਨਾਜ ਨੂੰ ਕਿਰਾਏ ਦੀਆਂ ਸੇਵਾਵਾਂ ਰਾਹੀਂ ਸੁਕਾਇਆ ਜਾ ਸਕੇ।

4. **ਮੱਕੀ ਦੀ ਪਸ਼ੂ ਖੁਰਾਕ ਵਿੱਚ ਵਰਤੋਂ**: ਕਿਸੇ ਹੋਰ ਅਨਾਜ ਦੀ ਬਜਾਏ ਫੀਡ ਦੀ ਨਿਰਮਾਣ ਪ੍ਰਕਿਰਿਆ ਵਿੱਚ ਪੌਸ਼ਟਿਕ ਤੌਰ 'ਤੇ ਬਿਹਤਰ ਮੱਕੀ ਦੇ ਅਨਾਜ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਫੀਡ ਦੀ ਗੁਣਵੱਤਾ ਲਈ ਨਿਯਮਾਂ ਨੂੰ ਲਾਗੂ ਕਰਨ ਦੀ ਲੋੜ ਹੈ।

5. **ਮੱਕੀ ਤੇ ਪ੍ਰੋਸੈਸਿੰਗ ਯੂਨਿਟਾਂ ਦਾ ਨਵੀਨੀਕਰਨ**: ਰਾਜ ਵਿੱਚ ਆਧੁਨਿਕ ਮੱਕੀ ਪ੍ਰੋਸੈਸਿੰਗ ਯੂਨਿਟਾਂ ਨੂੰ ਲਗਾਉਣ ਦੀ ਲੋੜ ਹੈ। ਫਗਵਾੜਾ ਵਿਖੇ ਸਥਾਪਿਤ ਕੀਤੇ ਜਾ ਰਹੇ ਮੈਗਾ ਫੂਡ ਪਾਰਕ (ਜਿਸ ਵਿੱਚ 600 ਟਨ ਪ੍ਰਤੀ ਦਿਨ ਮੱਕੀ ਦੀ ਸਾਂਭ-ਸੰਭਾਲ, ਪ੍ਰੋਸੈਸਿੰਗ ਦੀ ਸਮਰੱਥਾ ਹੋਵੇਗੀ) ਨੂੰ ਇਸਦੀ ਵਿਹਾਰਿਕਤਾ (Viability) ਦੇ ਸਬੰਧ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਕੇ ਇਸ ਦੇ ਆਸ-ਪਾਸ ਦੇ ਖੇਤਰ ਤੋਂ ਮੱਕੀ ਦੀ ਖਰੀਦ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

6. **ਮੱਕੀ ਦੀਆਂ ਵੱਖ-ਵੱਖ ਵੰਨਗੀਆਂ ਨੂੰ ਉਤਸ਼ਾਹਿਤ ਕਰਨਾ**: ਮੱਕੀ ਦੀਆਂ ਵੱਖ-ਵੱਖ ਵੰਨਗੀਆਂ ਜਿਵੇਂ ਕਿ ਬੇਬੀ-ਕੌਰਨ, ਸਵੀਟ-ਕੌਰਨ ਅਤੇ ਪੌਪਕੌਰਨ ਹੇਠਲੇ ਰਕਬੇ ਨੂੰ ਪ੍ਰੋਸੈਸਿੰਗ ਯੂਨਿਟਾਂ, ਕੋਲਡ ਚੇਨ ਸਹੂਲਤਾਂ ਵਿਕਸਤ ਕਰਕੇ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਬਾਜ਼ਾਰਾਂ ਨਾਲ ਸੰਬੰਧ ਵਿਕਸਤ ਕਰਕੇ ਵਧਾਇਆ ਜਾ ਸਕਦਾ ਹੈ।

7. **ਮਸ਼ੀਨਰੀ ’ਤੇ ਸਬਸਿਡੀ**: ਮੱਕੀ ਲਈ ਮਸ਼ੀਨਰੀ, ਜਿਵੇਂ ਕਿ ਬੀਜ ਦੇ ਸਹੀ ਜੰਮ (Germination) ਅਤੇ ਪੌਦਿਆਂ ਦੀ ਅਨੁਕੂਲਤਮ ਗਿਣਤੀ ਰੱਖਣ ਲਈ ਬੈਡ ਪਲਾਂਟਰ/ਨਿਊਮੈਟਿਕ ਪਲਾਂਟਰ, ਨਦੀਨ ਕਾਬੂ ਕਰਨ ਲਈ ਪਾਵਰ ਸਪ੍ਰੇਅਰ ਅਤੇ ਅਨਾਜ ਦੀ ਸ਼ੈਲਿੰਗ ਲਈ ਡੀਹਸਕਰ-ਕਮ-ਸ਼ੈਲਰ (Dehusker-cum-Sheller) ਵਗੈਰਾ ’ਤੇ ਸਬਸਿਡੀ ਦੇਣ ਅਤੇ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਰਾਹੀਂ ਕਿਰਾਏ ’ਤੇ ਦੇਣ ਦੀ ਲੋੜ ਹੈ।

8. **ਤੁਪਕਾ ਸਿੰਚਾਈ ਨੂੰ ਉਤਸ਼ਾਹਿਤ ਕਰਨਾ**: ਮੱਕੀ ਦੀ ਆਮ ਕਾਸ਼ਤ ਲਈ ਤੁਪਕਾ ਸਿੰਚਾਈ ਨੂੰ ਉਤਸ਼ਾਹਿਤ ਕੀਤਾ ਜਾਵੇ ਅਤੇ ਇਸ ਨੂੰ ਬਸੰਤ ਰੁੱਤ ਦੀ ਮੱਕੀ ਲਈ ਲਾਜ਼ਮੀ ਬਣਾਇਆ ਜਾਵੇ।

9. **ਬਸੰਤ ਰੁੱਤ ਦੀ ਮੱਕੀ ਦੀ ਅਗੇਤੀ ਵਾਢੀ**: ਅਨਾਜ ਅਤੇ ਸਾਇਲੇਜ ਬਣਾਉਣ ਲਈ ਪੈਦਾ ਕੀਤੀ ਜਾਣ ਵਾਲੀ ਬਸੰਤ ਰੁੱਤ ਦੀ ਮੱਕੀ ਦੀ ਵਾਢੀ ਰੈਗੂਲੇਟਰੀ ਪ੍ਰਬੰਧ ਨਾਲ ਅਪ੍ਰੈਲ ਦੇ ਅੰਤ ਤੱਕ ਹੋ ਜਾਣੀ ਚਾਹੀਦੀ ਹੈ ਜਿਸ ਨਾਲ ਪਾਣੀ ਵੀ ਬਚੇਗਾ ਅਤੇ ਆਰਮੀਵਾਰਮ ਕੀੜੇ ਦੇ ਚੱਕਰ ਨੂੰ ਵੀ ਤੋੜਿਆ ਜਾ ਸਕੇਗਾ।

10. **ਮੰਡੀਕਰਨ ਅਤੇ ਪ੍ਰੋਸੈਸਿੰਗ ਦਾ ਢਾਂਚਾ ਸਥਾਪਿਤ ਕਰਨਾ**: ਜ਼ਿਲ੍ਹਾ ਹੁਸ਼ਿਆਰਪੁਰ ਦੇ ਪੰਜ ਬਲਾਕਾਂ ਵਿੱਚ ਮੱਕੀ ਦੀ ਕਾਸ਼ਤ ਵੱਡੇ ਪੱਧਰ ’ਤੇ ਹੁੰਦੀ ਹੈ, ਇਨ੍ਹਾਂ ਬਲਾਕਾਂ ਨੂੰ ਇੱਕ ਜ਼ੋਨ ਮੰਨਿਆ ਜਾਵੇ। ਜਿੱਥੇ ਸਰਕਾਰ ਨੂੰ ਸਥਾਨਕ ਪੱਧਰ ’ਤੇ ਮੱਕੀ ਦੇ ਮੰਡੀਕਰਨ ਅਤੇ ਸੁਕਾਉਣ ਵਾਲੀਆਂ ਸਹੂਲਤਾਂ, ਫੂਡ ਪ੍ਰੋਸੈਸਿੰਗ ਪਲਾਂਟ, ਅਤੇ ਈਥਾਨੌਲ ਪਲਾਂਟ ਸਥਾਪਿਤ ਕਰਨੇ ਚਾਹੀਦੇ ਹਨ। ਮੱਕੀ ਦੇ ਪੂਰੇ ਅਨਾਜ ਤੋਂ ਈਥਾਨੌਲ ਉਤਪਾਦਨ ਦੀ ਵੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਵਰਤਮਾਨ ਵਿੱਚ ਇਹ ਸਿਰਫ਼ ਕੱਟੇ-ਟੁੱਟੇ ਹੋਏ ਦਾਣਿਆਂ ਤੋ ਹੀ ਬਣਾਇਆ ਜਾ ਸਕਦਾ ਹੈ।

### 5.3.4 ਗੰਨਾ

ਗੰਨਾ ਇੱਕ ਅਜਿਹੀ ਵਿਲੱਖਣ ਖੇਤੀ-ਉਦਯੋਗਿਕ ਫ਼ਸਲ ਹੈ ਜਿਸਦੀ ਸੌ ਫ਼ੀਸਦੀ ਪੈਦਾਵਾਰ ਡੱਬਾਬੰਦ ਹੋਣ ਯੋਗ ਹੈ ਤੇ ਇਸ ਤਰ੍ਹਾਂ ਇਹ ਕਦਰ ਦੇ ਵਾਧੇ ਨਾਲ ਕਮਾਈ ਰਾਹੀਂ ਰਾਜ ਦੀ ਪੇਂਡੂ ਆਰਥਿਕਤਾ ਨੂੰ ਬਲ ਬਖਸ਼ਣ ਦੀ ਸਮਰੱਥਾ ਰੱਖਦੀ ਹੈ। ਇੱਕ ਸਖਤਜਾਨ ਫ਼ਸਲ ਹੋਣ ਨਾਤੇ ਅਤੇ ਖਰਾਬ ਮੌਸਮ ਬਰਦਾਸ਼ਤ ਕਰਨ ਦੀ ਸਮਰੱਥਾ ਕਾਰਨ ਇਹ ਵੱਧ ਰਹੀ ਆਲਮੀ ਤਪਸ਼ ਨਾਲ ਹੋ ਰਹੀਆਂ ਮੌਸਮੀ ਖਰਾਬੀਆਂ ਜਿਵੇਂ ਐਲ ਨੀਨੋ (El Nino), ਲਾ ਨੀਨਾ (La Nina) ਅਤੇ ਬਿਜਲੀ ਤੇ ਨਹਿਰੀ ਪਾਣੀ ਦੀਆਂ ਅਨਿਸ਼ਚਤਤਾਵਾਂ ਦੇ ਸੰਦਰਭ ਵਿੱਚ ਇਹ ਘੱਟ ਖਤਰੇ ਵਾਲੀ ਹੈ।

ਖੇਤੀ ਵਿੱਚ ਇਸ ਮਿੱਠੀ ਫ਼ਸਲ ਦੀ ਕਦਰ ਵਧਾਈ ਲਈ ਬਹੁਤ ਸਾਰੇ ਵਿਕਲਪ ਹਨ ਜਿਵੇਂ ਇਸਦਾ ਸਿਹਤ ਲਈ ਗੁਣਕਾਰੀ ਤਾਜ਼ਾ ਜੂਸ, ਗੁੜ-ਸ਼ੱਕਰ, ਵੱਖ-ਵੱਖ ਕਿਸਮ ਦੀ ਖੰਡ ਅਤੇ ਇਸਦੀ ਬਚੀ ਹੋਈ ਸਮੱਗਰੀ ਤੋਂ ਬਿਜਲੀ, ਐਥਾਨੌਲ ਜਾਂ ਸ਼ਰਾਬ, ਜੈਵਿਕ-ਕੰਪਰੈਸਡ ਕੁਦਰਤੀ ਗੈਸ (bio-CNG), ਖੁਰਾਕੀ ਤੱਤਾਂ ਲਈ ਕੰਪੋਸਟ ਅਤੇ ਮਲਚ ਪਦਾਰਥ ਆਦਿ ਜੋ ਕਿ ਇੱਕ ਕੀਮਤੀ ਵਿਭਿੰਨਤਾ ਵਾਲੀ ਫ਼ਸਲ ਵਜੋਂ ਇਸਦੀ ਵੱਧ ਆਮਦਨ ਪ੍ਰਾਪਤ ਕਰਨ ਦੀ ਸਮਰੱਥਾ ਦਾ ਇਜ਼ਹਾਰ ਕਰਦੇ ਹਨ। ਇਸ ਤੋਂ ਇਲਾਵਾ, ਇਸ ਦੇ ਕੁਦਰਤੀ ਪੈਦਾਵਾਰੀ ਇਲਾਕਿਆਂ ’ਚੋਂ ਇਸਦੀ 80-150 ਟਨ/ਹੈਕਟੇਅਰ ਝਾੜ ਦੀ ਸਮਰੱਥਾ ਇਸਨੂੰ ਇੱਕ ਵੱਡੀ ਕਾਰਬਨ ਦੀ ਖਪਤ ਵਾਲੀ ਫ਼ਸਲ ਵਜੋਂ ਉਭਾਰਦੀ ਹੈ ਜਿਸ ਤੋਂ ਕਿਸਾਨਾਂ ਦੀ ਮੁਨਾਫ਼ਾਕਾਰੀ ਵਧਾਉਣ ਲਈ ਕਾਰਬਨ ਕਰੈਡਿਟਾਂ ਰਾਹੀਂ ਕਮਾਈ ਕੀਤੀ ਜਾ ਸਕਦੀ ਹੈ।

ਇਸਦੇ ਨਾਲ ਹੀ, ਪ੍ਰਤੀ ਏਕੜ ਪਾਣੀ ਵਰਤਣ ਦੀ ਕੁਸ਼ਲਤਾ ਪੱਖੋਂ, ਗੰਨੇ ਦੀ ਫ਼ਸਲ ਪਾਣੀ ਬਚਾਊ ਤਕਨੀਕਾਂ ਦੀ ਮਦਦ ਨਾਲ ਜਿਵੇਂ ਤੁਪਕਾ ਸਿੰਚਾਈ, ਖਾਲੀਆਂ (Trench), ਬੈਡ ਅਤੇ ਮਲਚ ਦੇ ਢੰਗਾਂ ਰਾਹੀਂ ਜਮੀਨ ’ਚ ਪਾਣੀ ਜੀਰਨ ਦੇ ਫਾਇਦਿਆਂ ਨਾਲ ਕਣਕ-ਝੋਨੇ ਦਾ ਬਿਹਤਰ ਬਦਲ ਹੈ। ਗੰਨਾ ਸਿਰਫ 9000 ਘਣ ਮੀਟਰ/ਹੈਕ. ਪਾਣੀ ਲੈਂਦਾ ਹੈ ਜਦਕਿ ਕਣਕ-ਝੋਨਾ ਰਲਕੇ ਦੋਵੇਂ ਮੁਕਾਬਲਤਨ 19750 ਘਣ ਮੀਟਰ/ਹੈਕ. ਪਾਣੀ ਲੈਂਦੇ ਹਨ।

ਪਰ ਬਾਵਜੂਦ ਇਸਦੇ ਲਈ ਢੁਕਵੇਂ ਖੇਤੀ ਜਲਵਾਯੂ ਦੇ ਅਤੇ ਵਾਤਾਵਰਨ ਦੇ ਫਾਇਦਿਆਂ ਸਮੇਤ ਪੇਂਡੂ ਆਰਥਿਕਤਾ ਨੂੰ ਬਿਹਤਰ ਬਣਾਉਣ ’ਚ ਇਸਦੀ ਮਹੱਤਤਾ ਦੇ, ਪਿਛਲੇ ਢਾਈ ਦਹਾਕਿਆਂ ’ਚ ਗੰਨੇ ਹੇਠ ਰਕਬਾ ਬਹੁਤ

ਤੇਜੀ ਨਾਲ ਘਟਿਆ ਹੈ। ਸੂਬੇ ਦੇ ਗੰਨਾ ਉਦਯੋਗ ਨੂੰ ਮੁੜ ਸੁਰਜੀਤ ਕਰਨ ਖਾਤਰ ਸੁਧਾਰ ਲਈ ਉਪਾਅ ਕਰਨ ਹਿਤ ਇਸਦੇ ਰਕਬੇ ਅਤੇ ਪੈਦਾਵਾਰ ਘੱਟਣ ਦੇ ਕਾਰਨਾਂ ਨੂੰ ਸਮਝਣ ਦੀ ਲੋੜ ਹੈ।

ਉਦਾਰੀਕਰਨ ਦੇ ਦੌਰ ’ਚ ਰਾਜ ਸਰਕਾਰ ਵੱਲੋਂ ਖੇਤੀਬਾੜੀ ਵਿਭਾਗ ਦੀ ਗੰਨਾ ਵਿਕਾਸ ਸਕੀਮ ਸਾਲ 1993 ਵਿੱਚ ਤੋੜਦੇ ਹੋਏ ਕਿਸਾਨਾਂ ਨੂੰ ਦਿੱਤੀ ਜਾਂਦੀ ਇੱਕ ਅਸਰਦਾਰ ਪ੍ਰਸਾਰ ਸਲਾਹਕਾਰੀ ਸੇਵਾ ਵਾਪਸ ਲੈ ਲਈ ਗਈ ਅਤੇ ਖੰਡ ਮਿੱਲਾਂ ਵਿੱਚ ਨਿੱਜੀ ਹਿੱਤਾਂ ਵੱਲੋਂ ਲੁੱਟ ਕਰਨ ਦੇ ਝੁਕਾਅ ਰੋਕਣ ਵਾਲਾ ਨਿਯੰਤਰਣ ਕਮਜ਼ੋਰ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਗੰਨਾ ਖੋਜ ਕੇਂਦਰ ਜਲੰਧਰ, ਜੋ ਕਿ ਸਾਲ 1934 ਵਿੱਚ ਗੰਨਾ ਖੋਜ ਕੇਂਦਰ ਰਿਸਾਲੇਵਾਲਾ (ਹੁਣ ਪਾਕਿਸਤਾਨ ਵਿੱਚ) ਦੇ ਸਬ-ਸਟੇਸ਼ਨ ਵਜੋਂ ਸਥਾਪਿਤ ਕੀਤਾ ਗਿਆ ਸੀ ਅਤੇ ਸਾਲ 1947 ਵਿੱਚ ਗੰਨਾ ਖੋਜ ਕੇਂਦਰ ਵਜੋਂ ਅਪਗਰੇਡ ਕੀਤਾ ਗਿਆ ਸੀ, ਨੂੰ ਲਾਢੋਵਾਲ (ਲੁਧਿਆਣਾ) ਵਿਖੇ ਸਾਲ 2002 ਵਿੱਚ ਤਬਦੀਲ ਕਰ ਦਿੱਤਾ ਗਿਆ ਜੋ ਕਿ ਇਸ ਦਾ ਕੁਦਰਤੀ ਪੈਦਾਵਾਰੀ ਇਲਾਕਾ ਨਹੀਂ ਸੀ, ਜਿਸ ਨਾਲ ਗੰਨਾ ਖੋਜ ਬੁਰੀ ਤਰ੍ਹਾਂ ਪ੍ਰਭਾਵਤ ਹੋਈ। ਕਮਜ਼ੋਰ ਕੀਤੀ ਗਈ ਖੋਜ, ਤਕਨੀਕੀ ਜਾਣਕਾਰੀ ਦੇਣ ਵਾਲੀਆਂ ਪ੍ਰਸਾਰ ਸੇਵਾਵਾਂ ਅਤੇ ਪ੍ਰਬੰਧਨ (ਨਿਯੰਤਰਣ) ਕਾਰਨ ਗੰਨੇ ਹੇਠ ਰਕਬਾ ਅਤੇ ਪੈਦਾਵਾਰ ਘੱਟ ਗਏ ਜਿਸ ਨੇ ਬਹੁਤ ਜਿਆਦਾ ਪਾਣੀ ਲੈਣ ਵਾਲੇ ਝੋਨੇ ਲਈ ਰਾਹ ਪੱਧਰਾ ਕਰ ਦਿੱਤਾ ਅਤੇ ਸਿੱਟੇ ਵਜੋਂ ਗੰਨੇ ਦੀ ਕਮੀ ਕਾਰਨ ਖੰਡ ਮਿੱਲਾਂ ਨਿਭਣਯੋਗ ਨਹੀਂ ਰਹੀਆਂ। ਨਤੀਜੇ ਵਜੋਂ, ਰਾਜ ਵਿੱਚ 22 ਖੰਡ ਮਿੱਲਾਂ ’ਚੋਂ 6 ਮਿੱਲਾਂ ਕਿਸਾਨਾਂ ਨੂੰ ਬਣਦਾ ਭੁਗਤਾਨ ਨਾ ਕਰਨਯੋਗ ਹੋਣ ਕਾਰਨ ਬੰਦ ਹੋ ਗਈਆਂ। ਬਾਅਦ ਵਿੱਚ ਸਾਲ 2012 ਵਿੱਚ ਗੰਨਾ ਖੋਜ ਕੇਂਦਰ ਨੂੰ ਇਸਦੇ ਕੁਦਰਤੀ ਪੈਦਾਵਾਰੀ ਇਲਾਕੇ ਕਪੂਰਥਲਾ ਵਿਖੇ ਇੱਕ ਖੇਤਰੀ ਖੋਜ ਕੇਂਦਰ ਵਜੋਂ ਤਬਦੀਲ ਕਰ ਦਿੱਤਾ ਗਿਆ ਪਰ ਲੋੜੀਂਦੇ ਬੱਜਟ ਅਤੇ ਵਿਗਿਆਨੀਆਂ ਦੀ ਪੂਰੀ ਗਿਣਤੀ ਤੋਂ ਬਿਨਾਂ।

**ਟੇਬਲ 5.1: ਪੰਜਾਬ ਵਿੱਚ ਗੰਨਾ ਉਤਪਾਦਨ ਅਤੇ ਖੰਡ ਮਿੱਲਾਂ**

| ਸਾਲ | ਰਕਬਾ (ਲੱਖ ਹੈਕ.) | ਪੈਦਾਵਾਰ (ਲੱਖ ਟਨ) | ਗੰਨਾ ਮਿੱਲਾਂ (ਗਿਣਤੀ) | ਗੰਨੇ ਦੀ ਪਿੜਾਈ (ਲੱਖ ਟਨ) | ਵਿਸ਼ੇਸ਼ ਕਥਨ |
|---|---|---|---|---|---|
| 1996-97 | 1.73 | 94.84 | 22 | 69.21 | ਸੰਨ 1993 ਵਿੱਚ ਪ੍ਰਸਾਰ ਸਕੀਮ ਬੰਦ ਕਰ ਦਿੱਤੀ ਗਈ ਸੀ। |
| 2005-06 | 0.85 | 52.41 | 19 | 36.76 | ਸੰਨ 2002 ਵਿੱਚ ਗੰਨਾ ਖੋਜ ਕੇਂਦਰ ਜਲੰਧਰ ਸ਼ਿਫਟ ਕਰ ਦਿੱਤਾ ਗਿਆ। |
| 2009-10 | 0.61 | 40.56 | 15 | 21.12 | ਖੋਜ, ਪ੍ਰਸਾਰ ਅਤੇ ਨਿਯੰਤਰਣ ਨੂੰ ਕਮਜ਼ੋਰ ਕਰਨ ਸਦਕਾ ਗੰਨੇ ਦਾ ਰਕਬਾ, ਪੈਦਾਵਾਰ ਅਤੇ ਪਿੜਾਈ (Crushing) ਘੱਟ ਗਈ। |
| 2020-21 | 0.89 | 74.87 | 16 | 60.66 | - |

ਸਰੋਤ: ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ

ਅਜਿਹੀਆਂ ਪ੍ਰਸਥਿਤੀਆਂ ਵਿੱਚ 58800 ਟਨ ਪ੍ਰਤੀ ਦਿਨ ਦੀ ਸਮਰੱਥਾ ਨਾਲ ਚੱਲ ਰਹੀਆਂ ਮੌਜੂਦਾ 16 ਖੰਡ ਮਿੱਲਾਂ, ਗੰਨੇ ਹੇਠ 90000 ਹੈਕਟੇਅਰ ਰਕਬੇ ਨਾਲ, ਸਿਰਫ਼ 100-110 ਦਿਨ ਹੀ ਚੱਲ ਸਕਦੀਆਂ ਹਨ ਜਦਕਿ ਆਰਥਿਕ ਤੌਰ ’ਤੇ ਨਿਭਣਯੋਗ ਬਣਾਉਣ ਲਈ ਇਨ੍ਹਾਂ ਮਿੱਲਾਂ ਨੂੰ 180 ਦਿਨ ਚਲਾਉਣ ਦੀ ਲੋੜ ਹੈ। ਇਨ੍ਹਾਂ ਹਾਲਤਾਂ ਵਿੱਚ ਖੰਡ ਮਿੱਲਾਂ ਵੱਲੋਂ ਕਿਸਾਨਾਂ ਨੂੰ ਸਮੇਂ ਸਿਰ ਭੁਗਤਾਨ ਕਰਨ ਦਾ ਮਸਲਾ ਰਾਜ ਸਰਕਾਰ ਅਤੇ ਮਾਲਕਾਂ ਲਈ ਸਿਰ-ਦਰਦੀ ਬਣਿਆ ਰਹੇਗਾ ਜੋ ਕਿ ਕਿਸਾਨਾਂ ਦੀਆਂ ਦੁੱਖ ਤਕਲੀਫ਼ਾਂ ਅਤੇ ਉਨ੍ਹਾਂ ਦਾ ਰੋਸ ਵਧਾਵੇਗਾ।

ਹਾਲਾਂਕਿ, ਗੰਨੇ ਦੀ ਪੈਦਾਵਾਰ ਲਈ ਵਿਕਸਤ ਹੋ ਚੁੱਕੀਆਂ ਤਕਨਾਲੋਜੀਆਂ, ਪਾਣੀ ਬਚਾਊ ਤਕਨੀਕਾਂ ਅਤੇ ਇਸਦੀ ਬਚੀ ਸਮਗਰੀ (By Products) ਵਰਤਣ ਦੇ ਢੰਗ ਤਰੀਕਿਆਂ ਦੇ ਸੰਦਰਭ ’ਚ ਪੇਂਡੂ ਆਰਥਿਕਤਾ ਨੂੰ ਬਲ

ਬਖਸ਼ਣ ਅਤੇ ਝੋਨੇ ਦੀ ਪੈਦਾਵਾਰ ਵਾਲੇ ਇਲਾਕਿਆਂ ਵਿੱਚ ਇਸ ਹੇਠੋਂ ਰਕਬਾ ਕੱਢਣ ਦੇ ਨਾਲ-ਨਾਲ ਪੰਜਾਬ ਇੱਕ ਮਜ਼ਬੂਤ ਖੰਡ ਉਦਯੋਗ ਵਿਕਸਤ ਕਰਨ ਦੇ ਸਮਰੱਥ ਹੈ।

**ਨੀਤੀ ਸੰਬੰਧੀ ਸਿਫਾਰਿਸ਼ਾਂ**

1. **ਸੈਂਟਰ ਆਫ ਐਕਸੇਲੈਂਸ ਅਤੇ ਅਗਾਂਹਵਧੂ ਕਿਸਾਨ ਸੁਸਾਇਟੀ ਸਥਾਪਿਤ ਕਰਨਾ**: **ੳ)** ਨਵੀਨਤਮ ਤਕਨੀਕਾਂ ਦੇ ਪ੍ਰਦਰਸ਼ਨ ਕਰਨ, ਸਿਖਲਾਈ ਦੇਣ ਅਤੇ ਹਿੱਸੇਦਾਰਾਂ ਨਾਲ ਭਾਗੀਦਾਰੀ ਖੋਜ ਲਈ ਗੰਨੇ ਦੇ ਕੁਦਰਤੀ ਪੈਦਾਵਾਰੀ ਇਲਾਕੇ ਭੋਗਪੁਰ, ਜਲੰਧਰ ਵਿਖੇ ਇੱਕ ਸੈਂਟਰ ਆਫ ਐਕਸੇਲੈਂਸ (ਗੰਨਾ) ਸਥਾਪਿਤ ਕਰਨਾ ਚਾਹੀਦਾ ਹੈ।

   **ਅ)** ਸੈਂਟਰ ਆਫ ਐਕਸੇਲੈਂਸ (ਗੰਨਾ) ਦੇ ਨਾਲ ਇੱਕ ਰਜਿਸਟਰਡ ਖੁਦਮੁਖਤਿਆਰ ਸੰਸਥਾ ਵਜੋਂ ਅਗਾਂਹਵਧੂ ਕਿਸਾਨ ਸੁਸਾਇਟੀ (ਗੰਨਾ) ਬਣਾਈ ਜਾਵੇ, ਜੋ ਕਿ ਇਸ ਦੀ ਮਿਆਰੀ ਪੈਦਾਵਾਰ, ਕਦਰ ਵਧਾਈ, ਡੱਬਾਬੰਦੀ, ਸਾਂਭ-ਸੰਭਾਲ ਅਤੇ ਮੰਡੀਕਰਨ ਨੂੰ ਉਤਸ਼ਾਹਿਤ ਕਰੇ। ਇਸਨੂੰ ਖੇਤੀ ਸੈਕਟਰ ਦੀਆਂ ਆਹਲਾ ਸੰਸਥਾਵਾਂ (Insitiutes of Farm Sector Excellence) ਨਾਲ ਤਾਲਮੇਲ ਕਰਕੇ ਗੰਨਾ ਉਤਪਾਦਕਾਂ ਦੀ ਅਗਵਾਈ ’ਚ ਮਦਦ ਕਰਨੀ ਚਾਹੀਦੀ ਹੈ।

2. **ਸਮਾਂ-ਬੱਧ ਅਦਾਇਗੀ**: ਗੰਨਾ ਮਿੱਲ ਅੰਦਰ ਜੁਖਾਈ ਅਤੇ ਲੁਹਾਈ (Delivery) ਉਪਰੰਤ ਕਿਸਾਨ ਪੇਮੈਂਟ ਦਾ ਹੱਕਦਾਰ ਹੈ ਜੋ ਕਿ ਉਸੇ ਦਿਨ ਆਨਲਾਈਨ ਭੁਗਤਾਨ ਰਾਹੀਂ ਉਸਨੂੰ ਮਿਲਣੀ ਚਾਹੀਦੀ ਹੈ। ਗੰਨੇ ਦੀ ਅਦਾਇਗੀ ਲੇਟ ਹੋਣ ਦੀ ਸੂਰਤ ਵਿੱਚ ਕਿਸਾਨ ਨੂੰ ਸਮਰੱਥ ਅਧਿਕਾਰੀ ਦੇ ਫੈਸਲੇ ਅਨੁਸਾਰ ਵਿਆਜ ਅਤੇ ਹਰਜਾਨਾ ਸਮੇਤ ਅਦਾਇਗੀ ਦੇਣੀ ਚਾਹੀਦੀ ਹੈ।

3. **ਵਿਆਪਕ ਪ੍ਰਸਾਰ ਪਹੁੰਚ ਅਤੇ ਨਿਯਮਬੱਧ ਪ੍ਰਬੰਧਨ**: ਖੇਤੀਬਾੜੀ ਮਹਿਕਮੇਂ ਵੱਲੋਂ ਪੰਜਾਬ ਦੀ ਗੰਨਾ ਵਿਕਾਸ ਸਕੀਮ, ਜੋਂ 1990ਵਿਆਂ ਵਿੱਚ ਬੰਦ ਕੀਤੀ ਗਈ ਸੀ, ਨੂੰ ਤੁਰੰਤ ਦੋਬਾਰਾ ਸ਼ੁਰੂ ਕੀਤਾ ਜਾਵੇ। ਇਸ ਨਾਲ ਨਵੀਨਤਮ ਪੈਦਾਵਾਰੀ ਤਕਨਾਲੋਜੀਆਂ ਅਤੇ ਪਾਣੀ ਬਚਾਊ ਤਕਨੀਕਾਂ ਨੂੰ ਕਿਸਾਨਾਂ ਦੇ ਖੇਤਾਂ ’ਚ ਜ਼ਮੀਨੀ ਪੱਧਰ ’ਤੇ ਲਾਗੂ ਕਰਨ, ਪੀ.ਏ.ਯੂ ਲੁਧਿਆਣਾ ਅਤੇ ਸੰਬੰਧਿਤਾਂ ਦੀ ਸ਼ਮੂਲੀਅਤ ਨਾਲ ਗੰਨੇ ਦੀ ਖੋਜ ਅਤੇ ਕਿਸਾਨਾਂ ਦੀ ਲੁੱਟ ਰੋਕਣ ਲਈ ਸੁਚੱਜਾ ਪ੍ਰਬੰਧ ਚਲਾਉਣ ’ਚ ਮਦਦ ਮਿਲੇਗੀ।

4. **ਕੌਮਾਂਤਰੀ ਪੱਧਰ ’ਤੇ ਮੁਕਾਬਲੇ ਲਈ ਖੋਜ ਨੂੰ ਮਜ਼ਬੂਤ ਕਰਨਾ**: ਕਪੂਰਥਲਾ ਵਿਖੇ ਖੇਤਰੀ ਖੋਜ ਕੇਂਦਰ (ਪੀ. ਏ.ਯੂ) ਨੂੰ ਗੰਨਾ ਖੋਜ ਕੇਂਦਰ ਵਜੋਂ ਮਜਬੂਤ ਕੀਤਾ ਜਾਵੇ ਜਿੱਥੇ ਕਿ ਜੈਵਿਕ-ਕੰਟਰੋਲ, ਟਿਸ਼ੂ ਕਲਚਰ ਲੈਬੋਰਟਰੀ ਅਤੇ ਫ਼ਸਲ ਦੀਆ ਅੰਦਰੂਨੀ ਪ੍ਰਕਿਰਿਆਵਾਂ ਦੇ ਨਮੂਨਿਆਂ ਦੀ ਅਧਿਐਨ (Crop Physiology-modelling Studies), ਲੋੜੀਂਦੇ ਵਿਗਿਆਨੀਆਂ ਅਤੇ ਸਹਾਇਕ ਸਟਾਫ ਨਾਲ ਬੱਜਟ ਮੁੱਹਈਆ ਕਰਵਾਇਆ ਜਾਵੇ। ਇਸ ਨਾਲ ਪੰਜਾਬ ਦਾ ਗੰਨਾ ਉਦਯੋਗ ਕੌਮਾਂਤਰੀ ਪੱਧਰ ’ਤੇ ਮੁਕਾਬਲਾ ਕਰ ਸਕੇਗਾ।

5. **ਸਹਿਕਾਰੀ ਖੰਡ ਮਿੱਲਾਂ ਦੀ ਮਜ਼ਬੂਤੀ, ਆਧੁਨੀਕਰਨ ਅਤੇ ਮੁੜ ਸੁਰਜੀਤ ਕਰਨਾ**:

   **ੳ)** ਸਹਿਕਾਰੀ ਖੰਡ ਮਿੱਲਾਂ ਨੂੰ ਮਜ਼ਬੂਤ ਕਰਨ ਲਈ ਹੇਠ ਲਿਖੇ ਉਪਰਾਲੇ ਕੀਤੇ ਜਾਣ:

   i. ਪੀੜਨ ਦੀ ਸਮਰੱਥਾ ਵਧਾਓ (ਅਨੁਲੱਗ VII) ਤਾਂ ਕਿ ਪੈਮਾਨੇ ਦੀ ਆਰਥਿਕਤਾ ਦਾ ਲਾਭ ਲਿਆ ਜਾ ਸਕੇ

   ii. ਬਚੀ ਸਮਗਰੀ ਦੀ ਵਰਤੋਂ ਅਤੇ ਕਦਰ ਵਧਾਈ ਦੇ ਯੂਨਿਟ ਮਿੱਲਾਂ ’ਚ ਲਾਏ ਜਾਣ:

      **a.** ਇਥਾਨੋਲ ਪੈਦਾਵਾਰ ਜਾਂ ENA (Extra Neutral Alcohol) ਲਈ ਡਿਸਟਿਲਰੀਆਂ ਲਗਾਈਆਂ ਜਾਣ

      **b.** ਬਿਜਲੀ ਪੈਦਾ ਕੀਤੀ ਜਾਵੇ

      **c.** ਜੈਵਿਕ-ਕੰਪਰੈਸਡ ਕੁਦਰਤੀ ਗੈਸ ਪੈਦਾ ਕੀਤੀ ਜਾਵੇ

   iii. ਲੋੜੀਂਦੇ ਤਕਨੀਕੀ ਸਟਾਫ ਦੀਆਂ ਨਵੀਆਂ ਅਸਾਮੀਆਂ ਪੈਦਾ ਕਰਕੇ ਇਨ੍ਹਾਂ ਨੂੰ ਭਰਤੀ ਕੀਤਾ ਜਾਵੇ।

**ਅ)** ਪੁਰਾਣੀਆਂ ਪਈਆਂ ਖੰਡ ਮਿੱਲਾਂ ਦਾ ਨਵੀਂ ਮਸ਼ੀਨਰੀ ਨਾਲ ਆਧੁਨੀਕੀਕਰਨ ਕੀਤਾ ਜਾਵੇ ਤਾਂ ਕਿ ਇਨ੍ਹਾਂ ਨੂੰ ਕੁਸ਼ਲ ਬਣਾਕੇ ਕੌਮਾਂਤਰੀ ਪੱਧਰ 'ਤੇ ਮੁਕਾਬਲੇਯੋਗ ਬਣਾਇਆ ਜਾ ਸਕੇ।

**ੲ)** ਬੰਦ ਪਈਆਂ ਖੰਡ ਮਿੱਲਾਂ ਨੂੰ ਦੋਬਾਰਾ ਚਾਲੂ ਕਰਕੇ ਗੰਨੇ ਹੇਠ ਰਕਬਾ ਵਧਾਇਆ ਜਾਵੇ ਤੇ ਝੋਨੇ ਹੇਠੋਂ ਰਕਬਾ ਕੱਢਿਆ ਜਾਵੇ ਅਤੇ ਪੇਂਡੂ ਆਰਥਿਕਤਾ ਨੂੰ ਮਜਬੂਤ ਕੀਤਾ ਜਾਵੇ।

**ਸ)** ਸੰਗਰੂਰ ਜਿਲ੍ਹੇ ਵਿੱਚ ਇੱਕ ਨਵਾਂ ਖੰਡ ਮਿੱਲ ਕੰਪਲੈਕਸ ਸਥਾਪਿਤ ਕੀਤਾ ਜਾਵੇ। ਇਹ ਕੰਪਲੈਕਸ ਅਤਿ ਆਧੁਨਿਕ ਤਕਨਾਲੋਜੀ ਨਾਲ ਲੈਸ ਹੋਣਾ ਚਾਹੀਦਾ ਹੈ ਅਤੇ 7000 ਟਨ ਪ੍ਰਤੀ ਦਿਨ ਪਿੜਾਈ ਸਮਰੱਥਾ ਦਾ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਇਸ ਕੰਪਲੈਕਸ ਨੂੰ ਇਲਾਕੇ ਵਿੱਚ ਗੰਨੇ ਦੀ ਖੇਤੀ ਨੂੰ ਉਤਸ਼ਾਹਿਤ ਕਰਕੇ ਝੋਨੇ ਦੀ ਥਾਂ ਲੈਣ ਲਈ ਇਥਾਨੌਲ ਉਤਪਾਦਨ, ਅਲਕੋਹਲ/ਸ਼ਰਾਬ ਅਤੇ ਗੰਨੇ ਦੀ ਪ੍ਰੋਸੈਸਿੰਗ ਨਾਲ ਸੰਬੰਧਿਤ ਹੋਰ ਗਤੀਵਿਧੀਆਂ ਕਰਨੀਆਂ ਚਾਹੀਦੀਆਂ ਹਨ।

6. **ਪੱਕੇ ਵਿਸ਼ਾ ਮਾਹਿਰਾਂ ਦੀ ਭਰਤੀ ਕਰਨਾ**: ਖੰਡ ਮਿੱਲਾਂ ਨੂੰ ਕੁਸ਼ਲਤਾ ਨਾਲ ਚਲਾਉਣ ਲਈ ਅਲੱਗ-ਅਲੱਗ ਵਿਸ਼ਿਆਂ ਦੇ ਮਾਹਿਰਾਂ ਅਤੇ ਸਹਾਇਕ ਸਟਾਫ ਨੂੰ ਪੱਕੇ ਤੌਰ 'ਤੇ ਭਰਤੀ ਕੀਤਾ ਜਾਵੇ। ਮਾਹਿਰ ਸਟਾਫ ਦੀ ਗਿਣਤੀ ਨੂੰ ਬਰਕਰਾਰ ਰੱਖਿਆ ਜਾਵੇ ਅਤੇ ਬਣਦੀ ਤਨਖਾਹ ਅਤੇ ਰੁਤਬਾ ਦਿੱਤਾ ਜਾਵੇ। ਕਿਸੇ ਵੀ ਕੁਤਾਹੀ ਲਈ ਸੰਬੰਧਿਤ ਅਧਿਕਾਰੀ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇ।

7. **ਸਿੰਚਾਈ ਲਈ ਮਦਦ: ੳ)** ਮਾਹਿਰਾਂ ਦੀ ਸਲਾਹ ਅਨੁਸਾਰ, ਖਾਸ ਕਰ ਫ਼ਸਲ ਦੇ ਮੁੱਖ ਵਾਧੇ ਸਮੇਂ ਦੌਰਾਨ ਅਤੇ ਵਿਸ਼ੇਸ਼ ਲੋੜਾਂ ਸਮੇਂ ਫ਼ਸਲ ਦੀ ਮੰਗ ਅਤੇ ਲੋੜ ਅਨੁਸਾਰ ਸਿੰਚਾਈ ਲਈ ਬਿਜਲੀ ਅਤੇ ਨਹਿਰੀ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਇਆ ਜਾਵੇ।

   **ਅ)** ਸਰਗਰਮੀ ਨਾਲ ਖੋਜ ਅਤੇ ਵਿਕਾਸ ਨਾਲ, ਅਤੇ ਪ੍ਰਸਾਰ ਰਾਹੀਂ ਤਕਨੀਕੀ ਜਾਣਕਾਰੀ ਕੇਂਦਰਿਤ ਕਰਕੇ ਗੰਨੇ ਨੂੰ ਪਾਣੀ ਦੀ ਵਰਤੋਂ 'ਚ ਸਭ ਤੋਂ ਕੁਸ਼ਲ ਫ਼ਸਲ ਬਣਾਇਆ ਜਾਵੇ। ਜਿਸ ਲਈ, ਮਾਹਿਰਾਂ ਦੀ ਸਲਾਹ ਨਾਲ, ਤੁਪਕਾ ਸਿੰਚਾਈ ਸਿਸਟਮ (ਜ਼ਮੀਨ ਹੇਠਾਂ), ਖਾਲੀਆਂ ਅਤੇ ਬੈਡ 'ਤੇ ਲੁਆਈ, ਜੈਵਿਕ ਮਲਚ ਅਤੇ ਹੋਰ ਢੰਗ ਤਰੀਕੇ ਅਪਣਾਏ ਜਾ ਸਕਦੇ ਹਨ।

8. **ਗੰਨੇ ਦੀ ਕਾਸ਼ਤ ਦਾ ਮਸ਼ੀਨੀਕਰਨ:** ਗੰਨੇ ਦੀ ਫ਼ਸਲ 'ਚ ਬਹੁਤ ਜਿਆਦਾ ਮਜ਼ਦੂਰਾਂ ਦੀ ਲੋੜ ਹੁੰਦੀ ਹੈ। ਪਰ ਹੁਨਰਮੰਦ ਕਾਮਿਆਂ ਦੀ ਘਾਟ ਅਤੇ ਸਮੇਂ 'ਤੇ ਕਾਮਿਆਂ ਦੇ ਨਾ ਮਿਲਣ ਕਾਰਨ ਗੰਨੇ ਦੀ ਪੈਦਾਵਾਰ ਅਤੇ ਵਾਢੀ ਦੇ ਕਾਰਜਾਂ ਵਿੱਚ ਦੇਰੀ ਹੋ ਜਾਂਦੀ ਹੈ ਅਤੇ ਇਹ ਕੰਮ ਲੋੜੀਂਦੀ ਕੁਸ਼ਲਤਾ ਨਾਲ ਨੇਪਰੇ ਨਹੀਂ ਚਾੜ੍ਹੇ ਜਾ ਸਕਦੇ। ਇਹ ਕੰਮ-ਕਾਜ ਦੀ ਗੁਣਵੱਤਾ ਨੂੰ ਪ੍ਰਭਾਵਤ ਕਰਦਾ ਹੈ ਅਤੇ ਲਾਗਤ ਖਰਚਿਆਂ ਵਿੱਚ ਵਾਧਾ ਕਰਦਾ ਹੈ। ਅਜੋਕਾ ਤਕਨੀਕੀ ਵਿਕਾਸ ਬਹੁਤ ਕੁਸ਼ਲਤਾ ਵਾਲੀਆਂ ਅਤੇ ਦਰੁਸਤ ਢੁੱਕਵੀਆਂ ਮਸ਼ੀਨਾਂ ਤੇ ਉਪਕਰਨ ਪੇਸ਼ ਕਰ ਰਿਹਾ ਹੈ। ਇਨ੍ਹਾਂ ਤੱਥਾਂ ਦੀ ਰੋਸ਼ਨੀ 'ਚ ਗੰਨੇ ਦੀ ਪੈਦਾਵਾਰ ਅਤੇ ਵਾਢੀ ਦੇ ਕਾਰਜਾਂ ਦਾ ਪੂਰੀ ਤਰ੍ਹਾਂ ਮਸ਼ੀਨੀਕਰਨ ਹੋਣਾ ਚਾਹੀਦਾ ਹੈ। ਲੋੜੀਂਦੇ ਉਪਕਰਨ (ਅਨੁਲੱਗ VIII) ਅਗਾਂਹਵਧੂ ਕਿਸਾਨ ਸੁਸਾਇਟੀਆਂ/ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਨੂੰ ਇੱਕ ਵਾਰ ਦੀ ਗਰਾਂਟ-ਇਨ-ਏਡ ਵਜੋਂ ਮਦਦ ਰਾਹੀਂ ਮੁਹੱਈਆ ਕਰਨੇ ਚਾਹੀਦੇ ਹਨ।

9. **ਗੁੜ ਉਤਪਾਦਨ ਨੂੰ ਉਤਸ਼ਾਹਿਤ ਕਰਨਾ: ੳ)** ਇਹ ਧਿਆਨ 'ਚ ਆਇਆ ਹੈ ਕਿ ਗੰਨੇ ਦੀ ਪ੍ਰੋਸੈਸਿੰਗ ਕਰਨ ਵਾਲੇ, ਖਾਸ ਕਰ ਸੜਕਾਂ ਦੇ ਨਾਲ-ਨਾਲ ਜ਼ਿਆਦਾਤਰ ਗੰਨਾ ਪੀੜਣ/ਪ੍ਰੋਸੈਸ ਕਰਨ ਵਾਲੇ, ਬਹੁਤ ਮਾੜੀ ਕੁਆਲਿਟੀ ਅਤੇ ਮਿਲਾਵਟ ਵਾਲਾ ਗੁੜ ਤੇ ਸ਼ੱਕਰ ਬਣਾਕੇ ਵੇਚਦੇ ਹਨ। ਵੱਧ ਆਮਦਨ ਲਈ ਇਹ ਪ੍ਰੋਸੈਸਰ ਨਾ ਸਿਰਫ਼ ਅਣਭੋਲ ਖਪਤਕਾਰਾਂ ਨੂੰ ਲੁੱਟਦੇ ਹਨ ਸਗੋਂ ਉਨ੍ਹਾਂ ਦੀ ਸਿਹਤ ਨਾਲ ਖਿਲਵਾੜ ਕਰਦੇ ਹਨ। ਇਨ੍ਹਾਂ ਦੇ ਸਸਤੇ ਉਤਪਾਦ ਇਮਾਨਦਾਰ ਅਤੇ ਜਾਇਜ਼ ਪ੍ਰੋਸੈਸਰਾਂ ਦੇ ਕਾਰੋਬਾਰ ਨੂੰ ਮਾੜੇ ਰੂਪ ਵਿੱਚ ਪ੍ਰਭਾਵਿਤ ਕਰਦੇ ਹਨ। ਇਸ ਲਈ ਅਜਿਹੇ ਮਾੜੇ ਅਮਲਾਂ ਨੂੰ ਰੋਕਣ ਅਤੇ ਗੁੜ-ਸ਼ੱਕਰ ਪੈਦਾਵਾਰ ਦੀ ਗੁਣਵੱਤਾ ਯਕੀਨੀ ਬਣਾਉਣ ਲਈ ਪੀ.ਏ.ਯੂ ਤੋਂ ਟਰੇਨਿੰਗ

ਅਤੇ ਉਦਮੀ ਪ੍ਰੋਸੈਸਰਾਂ ਦੀ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ, ਗੁੜ-ਸ਼ੱਕਰ ਬਣਾਉਣ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ, ਰਜਿਸਟਰੇਸ਼ਨ ਲਾਜ਼ਮੀ ਹੋਣੀ ਚਾਹੀਦੀ ਹੈ।

**ਅ)** ਗੁੜ-ਸ਼ੱਕਰ ਵਿੱਚ ਮਿਲਾਵਟ ਦੇ ਅਮਲਾਂ ਨੂੰ ਰੋਕਣ ਲਈ ਰਾਜ ਵਿੱਚ ਇਸਦੀ ਗੁਣਵੱਤਾ ਦੀ ਜਾਂਚ ਕਰਨ ਦੀ ਲੋੜ ਹੈ। ਇਸ ਮਕਸਦ ਲਈ ਲਗਾਤਾਰ ਨਮੂਨੇ ਭਰਕੇ ਟੈਸਟ ਕਰਨੇ ਅਤੇ ਇਸਨੂੰ ਬਣਾਉਣ ਵਾਲੇ ਸੋਮਿਆਂ ਦੀ ਪਛਾਣ (Traceability) ਜ਼ਰੂਰੀ ਹੈ ਤਾਂ ਕਿ ਲੋਕਲ ਤੇ ਕੌਮੀ ਭੋਜਨ ਸੁਰੱਖਿਆ ਕਾਨੂੰਨ ਦੀ ਪਾਲਣਾ ਯਕੀਨੀ ਬਣਾਈ ਜਾ ਸਕੇ।

**ੲ)** ਗੁੜ-ਸ਼ੱਕਰ ਬਣਾਉਣ ਵਾਲੇ ਕੁਸ਼ਲ ਉਪਕਰਨ/ਸਾਜ਼ੋ-ਸਮਾਨ ਸਬਸਿਡੀ 'ਤੇ ਮੁਹੱਈਆ ਕਰਾਉਣੇ ਚਾਹੀਦੇ ਹਨ ਤਾਂ ਕਿ ਪੇਂਡੂ ਇਲਾਕਿਆਂ ਵਿੱਚ ਕਦਰ ਵਧਾਈ/ਘਰੇਲੂ ਉਦਯੋਗਾਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਇਸਨੂੰ ਘਰੇਲੂ ਮੰਡੀਆਂ ਅਤੇ ਬਾਹਰ ਦੀਆਂ ਮੰਡੀਆਂ ਵਿੱਚ ਨਿਰਯਾਤ ਕਰਕੇ ਵੱਧ ਕਮਾਈ ਕੀਤੀ ਜਾ ਸਕੇ।

10. **ਪੈਦਾਵਾਰ ਲਈ ਇਕਰਾਰਨਾਮਾ**: ਖੰਡ ਮਿੱਲਾਂ ਵੱਲੋਂ ਕਿਸਾਨਾਂ ਦੇ ਗੰਨੇ ਦੀ ਪੈਦਾਵਾਰ ਦੀ ਖ਼ਰੀਦ ਦਾ ਇਕਰਾਰ ਸਮੇਂ ਸਿਰ ਅਤੇ ਪਾਰਦਰਸ਼ਤਾ ਨਾਲ ਹੋਣਾ ਚਾਹੀਦਾ ਹੈ।

11. **ਸਹਿਕਾਰੀ ਖੰਡ ਮਿੱਲਾਂ ਦਾ ਸੁਚੱਜਾ ਪ੍ਰਬੰਧਨ: ੳ)** ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਗੰਨਾ ਮਿੱਲਾਂ ਦੇ ਪ੍ਰਬੰਧਨ ਵਾਲਾ ਨਿਰਦੇਸ਼ਕਾਂ ਦਾ ਬੋਰਡ (Board of Directors) ਮਿੱਲ ਨੂੰ ਗੰਨਾ ਸਪਲਾਈ ਕਰਨ ਵਾਲੇ ਅਸਲ ਨੁਮਾਇੰਦਿਆਂ ਦਾ ਹੋਵੇ ਜੋ ਬਿਨਾਂ ਸਿਆਸੀ ਪ੍ਰਭਾਵ ਤੋਂ ਚੁਣੇ ਗਏ ਹੋਣ ਅਤੇ ਸਹਿਕਾਰੀ ਅਦਾਰਿਆਂ ਵਿੱਚ ਜਮਹੂਰੀ ਅਸੂਲਾਂ ਨੂੰ ਉਤਸ਼ਾਹਿਤ ਕਰਨ ਹਿਤ ਇਸ ਚੁਣੇ ਹੋਏ ਬੋਰਡ ਦੀ ਸਰਕਾਰ ਵੱਲੋਂ ਨਾਮਜ਼ਦ ਕੀਤੇ ਅਧਿਕਾਰੀਆਂ 'ਤੇ ਸਰਬਉੱਚਤਾ ਬਰਕਰਾਰ ਰਹੇ।

**ਅ)** ਮੈਨੇਜਮੈਂਟ ਨੂੰ ਨਿਰਵਿਘਨ ਮਿੱਲਾਂ ਚਲਾਉਣ ਦੇ ਯੋਗ ਬਣਾਉਣ ਲਈ ਪ੍ਰਬੰਧਕੀ/ਤਕਨੀਕੀ ਸਟਾਫ਼ ਦੀਆਂ ਥੋੜੇ-ਥੋੜੇ ਵਕਫੇ ਪਿੱਛੋਂ ਬੇਵਜਾਹ ਬਦਲੀਆਂ ਨਹੀਂ ਹੋਣੀਆਂ ਚਾਹੀਦੀਆਂ।

**ੲ)** ਤਕਨੀਕੀ/ਕੰਮ ਕਰਦੇ ਹੋਰ ਸਟਾਫ਼ ਦੀ ਕੁਸ਼ਲਤਾ 'ਚ ਬਿਹਤਰੀ ਲਿਆਉਣ ਲਈ ਉਨ੍ਹਾਂ ਦਾ ਗਿਆਨ ਤੇ ਹੁਨਰ ਲਗਾਤਾਰ ਸਿਖਲਾਈ ਰਾਹੀਂ ਸਮੇਂ ਦੇ ਹਾਣ ਦਾ ਬਣਾਉਣਾ ਚਾਹੀਦਾ ਹੈ।

### 5.3.5 ਦਾਲਾਂ: ਮੂੰਗ, ਮਾਂਹ, ਅਰਹਰ, ਛੋਲੇ ਅਤੇ ਹੋਰ

ਦਾਲਾਂ ਰਵਾਇਤੀ ਉੱਚ ਕੀਮਤੀ ਭੋਜਨ, ਭਰਪੂਰ ਪ੍ਰੋਟੀਨ ਸਰੋਤ ਅਤੇ ਅਨਾਜ ਦੁਆਰਾ ਪ੍ਰਦਾਨ ਕੀਤੀ ਖੁਰਾਕ ਸੁਰੱਖਿਆ ਲਈ ਮਹੱਤਵਪੂਰਨ ਪੋਸ਼ਣ ਸੁਰੱਖਿਆ ਪੂਰਕ ਹਨ। ਇਹ ਇੱਕ ਚੰਗੀ ਤਰ੍ਹਾਂ ਸਥਾਪਿਤ ਤੱਥ ਹੈ ਕਿ ਦਾਲਾਂ ਦੀ ਫ਼ਸਲ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ (40-60 ਕਿਲੋ ਨਾਈਟ੍ਰੋਜਨ ਪ੍ਰਤੀ ਹੈਕਟੇਅਰ ਹਵਾ 'ਚੋਂ ਜੜ੍ਹਾਂ 'ਚ ਜੋੜਕੇ) ਸੁਧਾਰ ਕਰਦੀ ਹੈ, ਅਤੇ ਪਾਣੀ ਵਰਗੇ ਕੁਦਰਤੀ ਸਰੋਤਾਂ ਦੀ ਬੱਚਤ ਕਰਦੀ ਹੈ। ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ ਦੇ ਅਨੁਸਾਰ, ਇੱਕ ਸ਼ਾਕਾਹਾਰੀ ਦੁਆਰਾ ਰੋਜ਼ਾਨਾ ਸੇਵਨ ਲਈ 52 ਗ੍ਰਾਮ ਦਾਲਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਪੰਜਾਬ ਵਿੱਚ ਦਾਲਾਂ ਦੀ ਖੁਰਾਕ ਦੀ ਲੋੜ 5 ਲੱਖ ਟਨ ਪ੍ਰਤੀ ਸਾਲ ਤੋਂ ਵੱਧ ਹੈ। ਕਿਸਾਨਾਂ ਦੇ ਖੇਤਾਂ ਵਿੱਚ ਦਾਲਾਂ ਦੀ ਫ਼ਸਲ ਦੇ ਮੌਜੂਦਾ ਉਤਪਾਦਕਤਾ ਪੱਧਰ (ਲਗਪਗ 1.0 ਟਨ/ਹੈਕਟਰ) ਦੇ ਮੱਦੇਨਜ਼ਰ, ਰਾਜ ਦੀ ਲੋੜ ਨੂੰ ਪੂਰਾ ਕਰਨ ਲਈ 5 ਲੱਖ ਹੈਕਟਰ ਰਕਬੇ ਨੂੰ ਦਾਲਾਂ ਅਧੀਨ ਲਿਆਂਦਾ ਜਾ ਸਕਦਾ ਹੈ। ਹਾਲਾਂਕਿ, ਘੱਟ ਝਾੜ, ਕੀਮਤਾਂ ਦੀ ਅਸਥਿਰਤਾ ਅਤੇ ਯਕੀਨੀ ਮੰਡੀਕਰਨ ਦੀ ਘਾਟ ਕਾਰਨ ਦਾਲਾਂ ਝੋਨੇ ਦੇ ਮੁਕਾਬਲੇ ਕਮਜ਼ੋਰ ਬਦਲ ਹਨ।

**ਨੀਤੀ ਸੰਬੰਧੀ ਸਿਫ਼ਾਰਿਸ਼ਾਂ**

1. **ਸੈਂਟਰ ਆਫ ਐਕਸੇਲੈਂਸ ਅਤੇ ਅਗਾਂਹਵਧੂ ਕਿਸਾਨ ਸੁਸਾਇਟੀ ਸਥਾਪਿਤ ਕਰਨਾ: ੳ)** ਨਵੀਨਤਮ ਤਕਨੀਕਾਂ ਦੇ ਪ੍ਰਦਰਸ਼ਨ ਕਰਨ, ਸਿਖਲਾਈ ਦੇਣ ਅਤੇ ਹਿੱਸੇਦਾਰਾਂ ਨਾਲ ਭਾਗੀਦਾਰੀ ਖੋਜ ਲਈ ਦਾਲਾਂ ਦੇ ਕੁਦਰਤੀ ਪੈਦਾਵਾਰੀ

ਇਲਾਕੇ ਮਾਲਵਾ ਖੇਤਰ ਵਿੱਚ ਇੱਕ ਸੈਂਟਰ ਆਫ ਐਕਸੇਲੈਂਸ (ਦਾਲਾਂ) ਸਥਾਪਿਤ ਕਰਨਾ ਚਾਹੀਦਾ ਹੈ।

**ਅ)** ਸੈਂਟਰ ਆਫ ਐਕਸੇਲੈਂਸ (ਦਾਲਾਂ) ਦੇ ਨਾਲ ਇੱਕ ਰਜਿਸਟਰਡ ਖੁਦਮੁਖਤਿਆਰ ਸੰਸਥਾ ਵਜੋਂ ਅਗਾਂਹਵਧੂ ਕਿਸਾਨ ਸੁਸਾਇਟੀ (ਦਾਲਾਂ) ਬਣਾਈ ਜਾਵੇ, ਜੋ ਕਿ ਇਸ ਦੀ ਮਿਆਰੀ ਪੈਦਾਵਾਰ, ਕਦਰ ਵਧਾਈ, ਡੱਬਾਬੰਦੀ, ਸਾਂਭ-ਸੰਭਾਲ ਅਤੇ ਮੰਡੀਕਰਨ ਨੂੰ ਉਤਸ਼ਾਹਿਤ ਕਰੇ। ਇਸਨੂੰ ਖੇਤੀ ਸੈਕਟਰ ਦੀਆਂ ਆਹਲਾ ਸੰਸਥਾਵਾਂ (Institutes of Farm Sector Excellence) ਨਾਲ ਤਾਲਮੇਲ ਕਰਕੇ ਦਾਲਾਂ ਉਤਪਾਦਕਾਂ ਦੀ ਅਗਵਾਈ 'ਚ ਮਦਦ ਕਰਨੀ ਚਾਹੀਦੀ ਹੈ।

2. **ਵੱਧ ਝਾੜ ਵਾਲੀਆਂ ਕਿਸਮਾਂ ਵਿਕਸਿਤ ਕਰਨਾ**: ਥੋੜੇ ਸਮੇਂ ਵਿੱਚ ਪੱਕਣ, ਕੀੜੇ-ਮਕੌੜੇ ਤੇ ਬਿਮਾਰੀਆਂ ਦਾ ਟਾਕਰਾ ਕਰਨ ਵਾਲੀਆਂ ਅਤੇ ਜਿਆਦਾ ਝਾੜ ਦੇਣ ਵਾਲੀਆਂ ਦਾਲਾਂ ਦੀਆਂ ਕਿਸਮਾਂ ਵਿਕਸਿਤ ਕਰਨ ਦੀ ਲੋੜ ਹੈ।
3. **ਘੱਟੋ-ਘੱਟ ਸਮਰਥਨ ਮੁੱਲ**: ਘੱਟੋ-ਘੱਟ ਸਮਰਥਨ ਮੁੱਲ ਨੂੰ ਅਤੇ ਦਾਲਾਂ ਦੀ ਖਰੀਦ ਨੂੰ ਮੁਕਾਬਲੇ ਵਾਲੀਆਂ ਕੀਮਤਾਂ 'ਤੇ ਯਕੀਨੀ ਬਣਾਇਆ ਜਾਵੇ।
4. **ਪੈਦਾਵਾਰੀ ਇਲਾਕਿਆਂ ਨੂੰ ਉਤਸ਼ਾਹਿਤ ਕਰਨਾ**: ਸਬੰਧਤ ਪੈਦਾਵਾਰੀ ਇਲਾਕਿਆਂ ਵਿੱਚ ਅਤੇ ਜ਼ਮੀਨੀ ਪਾਣੀ ਦੀ ਤੇਜ਼ੀ ਨਾਲ ਗਿਰਾਵਟ ਦਿਖਾਉਣ ਵਾਲੇ ਖੇਤਰਾਂ ਵਿੱਚ ਦਾਲਾਂ ਦੀ ਕਾਸ਼ਤ ਨੂੰ ਮਿਆਰੀ ਬੀਜ, ਹੋਰ ਲਾਗਤ ਵਸਤਾਂ ਅਤੇ ਮਸ਼ੀਨਰੀ, ਸਬਸਿਡੀ 'ਤੇ ਮੁਹੱਈਆ ਕਰਕੇ ਉਤਸ਼ਾਹਿਤ ਕੀਤਾ ਜਾਵੇ। ਜੈਵਿਕ ਪੈਦਾਵਾਰ ਕਦਰ ਵਧਾ ਸਕਦੀ ਹੈ ਅਤੇ ਦਾਲਾਂ ਨੂੰ ਬਾਜ਼ਾਰ ਵਿੱਚ ਵਧੇਰੇ ਮੁਕਾਬਲੇਯੋਗ ਬਣਾ ਸਕਦੀ ਹੈ।
5. **ਲਾਹੇਵੰਦ ਫ਼ਸਲੀ ਚੱਕਰ ਵਿੱਚ ਪੈਦਾ ਕਰਨਾ**: ਮੌਕੇ 'ਤੇ ਵੱਧ ਝਾੜ ਲੈਣ ਅਤੇ ਦਾਲਾਂ ਆਧਾਰਿਤ ਫ਼ਸਲੀ ਚੱਕਰਾਂ ਦੀ ਮੁਕਾਬਲੇਬਾਜ਼ੀ ਵਿੱਚ ਸੁਧਾਰ ਕਰਨ ਲਈ ਦਾਲਾਂ ਨੂੰ ਵੱਧ ਝਾੜ ਦੇਣ ਵਾਲੇ ਫ਼ਸਲੀ ਚੱਕਰਾਂ ਵਿੱਚ (ਹਲਕੀਆਂ ਜ਼ਮੀਨਾਂ ਉੱਪਰ ਬੀਜੀਆਂ ਜਾਣ ਦੀ ਬਜਾਏ) ਬੀਜਿਆ ਜਾਵੇ।
6. **ਛੋਲਿਆਂ ਦੀ ਕਾਸ਼ਤ ਉਤਸ਼ਾਹਿਤ ਕਰਨਾ**: ਛੋਲਿਆਂ ਦੀ ਕਾਸ਼ਤ ਨੂੰ ਹਰੇ ਛੋਲੀਏ ਦੇ ਤੌਰ 'ਤੇ, ਇਸ ਦੀ ਕਟਾਈ ਅਤੇ ਕਢਾਈ ਮਸ਼ੀਨ ਨਾਲ ਕਰਕੇ, ਸੀਤ ਠੰਡਾ (Frozen) ਕਰਕੇ ਵੇਚਣ (ਮਟਰਾ ਦੀ ਤਰ੍ਹਾਂ) ਨਾਲ ਦੂਰ-ਦੁਰਾਡੇ ਦੀਆਂ ਮੰਡੀਆਂ ਵਿੱਚੋਂ ਲਾਭ ਲਿਆ ਜਾ ਸਕਦਾ ਹੈ।
7. **ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਨੂੰ ਉਤਸ਼ਾਹਿਤ ਕਰਨਾ**: ਪਿੰਡ ਪੱਧਰ 'ਤੇ ਪ੍ਰਾਇਮਰੀ ਪ੍ਰੋਸੈਸਿੰਗ (ਸਫਾਈ, ਗਰੇਡਿੰਗ ਅਤੇ ਪੈਕੇਜਿੰਗ), ਸਟੋਰੇਜ ਅਤੇ ਪ੍ਰਚੂਨ ਵਿਕਰੀ ਨੂੰ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਦੁਆਰਾ ਉਤਸ਼ਾਹਿਤ ਕਰਨਾ ਚਾਹੀਦਾ ਹੈ। ਰਾਜ ਅਤੇ ਰਾਸ਼ਟਰੀ ਪੱਧਰ ਦੇ ਬਾਜ਼ਾਰਾਂ ਦੀ ਭਾਲ ਕਰਕੇ ਸਾਰੇ ਭਾਰਤ ਵਿੱਚ ਮੌਜੂਦਗੀ ਬਣਾਉਣ ਲਈ ਸਹਿਕਾਰੀ ਸੰਸਥਾਵਾਂ ਦਾ ਸਮਰਥਨ ਕੀਤਾ ਜਾਣਾ ਚਾਹੀਦਾ ਹੈ।

### 5.3.6 ਤੇਲ ਬੀਜ: ਸਰ੍ਹੋਂ, ਮੂੰਗਫਲੀ, ਸੂਰਜਮੁਖੀ

ਭਾਰਤ ਮੰਗ-ਸਪਲਾਈ ਦੇ ਪਾੜੇ ਨੂੰ ਪੂਰਾ ਕਰਨ ਲਈ ਭਾਰੀ ਪੈਸਾ ਖਰਚ ਕਰਕੇ ਲਗਪਗ 16.47 ਮਿਲੀਅਨ ਟਨ ਖਾਣ ਵਾਲੇ ਤੇਲ (2022-23) ਦੀ ਦਰਾਮਦ ਕਰ ਰਿਹਾ ਹੈ। ਬੇਸ਼ਕ, ਖਾਣ ਵਾਲੇ ਤੇਲਾਂ ਦੀ ਮੰਗ ਦਿਨ ਪ੍ਰਤੀ ਦਿਨ ਵੱਧ ਰਹੀ ਹੈ ਪਰ ਸਰਕਾਰ ਵੱਲੋਂ ਰਿਆਇਤਾਂ ਦੀ ਘਾਟ ਅਤੇ ਖਰੀਦ ਨਾ ਕਰਨ ਕਰਕੇ ਤੇਲ ਬੀਜਾਂ ਹੇਠੋਂ ਰਕਬਾ ਘੱਟ ਰਿਹਾ ਹੈ। ਤੇਲ ਬੀਜ ਘੱਟ ਲਾਗਤ, ਥੋੜਾ ਪਾਣੀ ਅਤੇ ਮੰਡੀ ਵਿੱਚ ਮੰਗ ਹੋਣ ਦੇ ਬਾਵਜੂਦ ਵੀ, ਸਮਰਥਨ ਮੁੱਲ ਨਾ ਹੋਣ ਕਾਰਨ ਕਣਕ ਦਾ ਮੁਕਾਬਲਾ ਨਹੀਂ ਕਰ ਪਾ ਰਹੇ।

ਰਾਜ ਵਿੱਚ ਸਰ੍ਹੋਂ, ਮੂੰਗਫਲੀ, ਸੂਰਜਮੁਖੀ ਅਤੇ ਅਲਸੀ ਵਰਗੀਆਂ ਫ਼ਸਲਾਂ ਉਗਾਈਆਂ ਜਾਂਦੀਆਂ ਹਨ ਅਤੇ ਇਹ ਰਾਜ ਦੇ ਵੱਖ-ਵੱਖ ਫ਼ਸਲੀ ਚੱਕਰਾਂ ਲਈ ਢੁੱਕਵੀਆਂ ਵੀ ਹਨ। ਤੇਲ ਬੀਜਾਂ ਦੇ ਕੁੱਲ ਰਕਬੇ ਵਿੱਚੋਂ ਸਰ੍ਹੋਂ ਹੇਠ ਇੱਕ-ਤਿਹਾਈ ਕਾਸ਼ਤ ਹੁੰਦੀ ਹੈ। ਮੂੰਗਫਲੀ, ਸੂਰਜਮੁਖੀ ਅਤੇ ਅਲਸੀ ਦਾ ਤੇਲ ਵੀ ਉੱਚ-ਗੁਣਵੱਤਾ ਵਾਲਾ ਹੈ।

ਸੂਰਜਮੁਖੀ ਦਾ ਇੱਕ ਸਮੇਂ 1990 ਦੇ ਦਹਾਕੇ ਦੌਰਾਨ ਰਕਬਾ 1.0 ਲੱਖ ਹੈਕਟੇਅਰ ਤੋਂ ਉਪਰ ਹੁੰਦਾ ਸੀ,

ਪਰ ਸਾਲ 2021-22 ਦੌਰਾਨ ਰਾਜ ਵਿੱਚ ਇਹ ਰਕਬਾ ਘੱਟ ਕੇ 1300 ਹੈਕਟੇਅਰ ਰਹਿ ਗਿਆ ਹੈ। ਇਸੇ ਤਰ੍ਹਾਂ, ਸਾਲ 1971 ਦੌਰਾਨ 1.74 ਲੱਖ ਹੈਕਟੇਅਰ ਰਕਬੇ ਵਾਲੀ ਮੂੰਗਫਲੀ ਦੀ ਕਾਸ਼ਤ ਸਾਲ 2023 ਵਿੱਚ ਸਿਰਫ਼ 1700 ਹੈਕਟੇਅਰ 'ਤੇ ਕੀਤੀ ਜਾ ਰਹੀ ਹੈ (ਅਨੁਲੱਗ VI)। ਰਾਜ ਵਿੱਚ ਸਰਦੀਆਂ ਦੇ ਮੌਸਮ ਤੋਂ ਪਹਿਲਾਂ ਸਤੰਬਰ-ਅਕਤੂਬਰ ਵਿੱਚ ਕੱਢੀ ਗਈ ਸਾਉਣੀ ਦੀ ਮੂੰਗਫਲੀ ਨੂੰ ਅਫਲਾਟੋਕਸਿਨ ਮੁਕਤ ਉਤਪਾਦਨ ਦਾ ਭੂਗੋਲਿਕ ਫਾਇਦਾ ਹੈ। ਇਸ ਲਈ, ਇਸ ਵਿਸ਼ੇਸ਼ਤਾ ਨੂੰ ਇੱਕ ਮੰਡੀਕਰਨ ਲਾਭ ਵਿੱਚ ਬਦਲਣਾ ਸੰਭਵ ਹੈ। ਤੇਲ ਤੋਂ ਇਲਾਵਾ, ਮੂੰਗਫਲੀ ਦੇ ਦਾਣੇ ਵੱਡੇ ਪੱਧਰ 'ਤੇ ਸਨੈਕਸ ਅਤੇ ਕਨਫੈਕਸ਼ਨਰੀ ਦੇ ਉਦਯੋਗ ਵਿੱਚ ਵਰਤੇ ਜਾਂਦੇ ਹਨ।

**ਨੀਤੀ ਸੰਬੰਧੀ ਸਿਫਾਰਿਸ਼ਾਂ**

1. **ਸੈਂਟਰ ਆਫ ਐਕਸੇਲੈਂਸ ਅਤੇ ਅਗਾਂਹਵਧੂ ਕਿਸਾਨ ਸੁਸਾਇਟੀ ਸਥਾਪਿਤ ਕਰਨਾ: ੳ)** ਨਵੀਨਤਮ ਤਕਨੀਕਾਂ ਦੇ ਪ੍ਰਦਰਸ਼ਨ ਕਰਨ, ਸਿਖਲਾਈ ਦੇਣ ਅਤੇ ਹਿੱਸੇਦਾਰਾਂ ਦੀ ਸ਼ਮੂਲੀਅਤ ਨਾਲ ਭਾਗੀਦਾਰੀ ਖੋਜ ਲਈ ਤੇਲ ਬੀਜਾਂ ਦੇ ਕੁਦਰਤੀ ਪੈਦਾਵਾਰੀ ਇਲਾਕੇ ਮਾਲਵਾ ਖੇਤਰ ਵਿੱਚ ਤੇਲ ਬੀਜਾਂ ਲਈ ਸੈਂਟਰ ਆਫ ਐਕਸੇਲੈਂਸ ਦੀ ਸਥਾਪਨਾ ਕਰਨੀ ਚਾਹੀਦੀ ਹੈ।

   **ਅ)** ਉਪਰੋਕਤ ਸੈਂਟਰ ਆਫ ਐਕਸੇਲੈਂਸ (ਤੇਲ ਬੀਜ) ਦੇ ਨਾਲ ਇੱਕ ਰਜਿਸਟਰਡ ਖੁਦਮੁਖਤਿਆਰ ਸੰਸਥਾ ਵਜੋਂ ਅਗਾਂਹਵਧੂ ਕਿਸਾਨ ਸੁਸਾਇਟੀ (ਤੇਲ ਬੀਜ) ਬਣਾਈ ਜਾਵੇ, ਜੋ ਕਿ ਇਸ ਦੀ ਮਿਆਰੀ ਪੈਦਾਵਾਰ, ਕਦਰ ਵਧਾਈ, ਡੱਬਾਬੰਦੀ, ਸਾਂਭ-ਸੰਭਾਲ ਅਤੇ ਮੰਡੀਕਰਨ ਨੂੰ ਉਤਸ਼ਾਹਿਤ ਕਰੇ। ਇਸਨੂੰ ਖੇਤੀ ਸੈਕਟਰ ਦੀਆਂ ਆਹਲਾ ਸੰਸਥਾਵਾਂ (Institutes of Farm Sector Excellence) ਨਾਲ ਤਾਲਮੇਲ ਕਰਕੇ ਤੇਲ ਬੀਜ ਉਤਪਾਦਕਾਂ ਦੀ ਅਗਵਾਈ 'ਚ ਮਦਦ ਕਰਨੀ ਚਾਹੀਦੀ ਹੈ।

2. **ਕੱਚੀ ਘਾਣੀ ਸਰੋਂ ਦੇ ਤੇਲ ਕੱਢਣ ਨੂੰ ਉਤਸ਼ਾਹਿਤ ਕਰਨਾ**: ਖਪਤਕਾਰਾਂ ਦੀ ਉੱਚ ਤਰਜੀਹ ਦੇ ਕਾਰਨ ਕੱਚੀ ਘਾਣੀ ਸਰੋਂ ਦੇ ਤੇਲ ਕੱਢਣ ਲਈ ਛੋਟੇ ਪੈਮਾਨੇ ਦੇ ਕੋਹਲੂ ਸਥਾਪਿਤ ਕਰਨ ਲਈ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਦਾ ਸਮਰਥਨ ਕੀਤਾ ਜਾਣਾ ਚਾਹੀਦਾ ਹੈ। ਸਾਲਵੈਂਟ ਐਕਸਟਰੈਕਸ਼ਨ ਯੂਨਿਟਾਂ ਰਾਹੀਂ ਕੱਢੇ ਗਏ ਤੇਲ ਨਾਲ ਕੁਦਰਤੀ ਸੁਗੰਧ ਅਤੇ ਐਂਟੀਆਕਸੀਡੈਂਟਾਂ ਦਾ ਨੁਕਸਾਨ ਹੁੰਦਾ ਹੈ ਅਤੇ ਨਾਲ ਹੀ ਇਸ ਵਿੱਚ ਵਰਤੇ ਜਾਂਦੇ ਰਸਾਇਣਾਂ ਦੇ ਖਤਰਨਾਕ ਪ੍ਰਭਾਵ ਵੀ ਹੁੰਦੇ ਹਨ।

3. **ਘਰੇਲੂ ਖਪਤ ਲਈ ਮੂੰਗਫਲੀ ਨੂੰ ਉਤਸ਼ਾਹਿਤ ਕਰਨਾ**: ਰਾਜ ਵਿੱਚ ਮੂੰਗਫਲੀ ਦੀ ਅਨੁਮਾਨਿਤ ਮੰਗ 4.5 ਟਨ ਪ੍ਰਤੀ ਦਿਨ ਹੈ, ਜਿਸਨੂੰ ਮੂੰਗਫਲੀ ਦੇ ਹੇਠ ਰਕਬੇ ਨੂੰ ਵਧਾਕੇ ਪੂਰਾ ਕੀਤਾ ਜਾ ਸਕਦਾ ਹੈ। ਰਾਜ ਦੇ ਮੌਜੂਦਾ ਅਤੇ ਪੈਦਾਵਾਰੀ ਖੇਤਰਾਂ ਵਿੱਚ ਰਕਬਾ ਵਧਾਉਣ ਲਈ ਸਥਾਨਕ ਅਤੇ ਗੁਆਂਢੀ ਰਾਜ ਦੇ ਬਾਜ਼ਾਰਾਂ 'ਚ ਸਪਲਾਈ ਦੀ ਘੋਖ ਕੀਤੀ ਜਾਣੀ ਚਾਹੀਦੀ ਹੈ।

4. **ਵਿਭਿੰਨਤਾ ਵਾਸਤੇ ਫ਼ਸਲੀ ਚੱਕਰ ਨੂੰ ਉਤਸ਼ਾਹਿਤ ਕਰਨਾ**: ਸਰ੍ਹੋਂ-ਕਪਾਹ ਅਤੇ ਮੱਕੀ-ਆਲੂ-ਮੂੰਗਫਲੀ/ਸੂਰਜਮੁਖੀ ਫ਼ਸਲੀ ਚੱਕਰ, ਜੋ ਕਿ ਫ਼ਸਲੀ ਵਿਭਿੰਨਤਾ ਲਈ ਅਨੁਕੂਲ ਹੈ, ਸੰਪੂਰਨ ਤੌਰ 'ਤੇ ਉਤਸ਼ਾਹਿਤ ਕਰਨਾ ਚਾਹੀਦਾ ਹੈ।

5. **ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਰਾਹੀਂ ਮਸ਼ੀਨਰੀ ਪ੍ਰਦਾਨ ਕਰਨਾ**: ਤੇਲ ਬੀਜ ਫ਼ਸਲਾਂ ਦੀ ਆਰਥਿਕ ਲਾਹੇਵੰਦੀ, ਖਰਚੇ ਘਟਾਉਣ ਅਤੇ ਇਨ੍ਹਾਂ ਦੇ ਸਮਾਂਬੱਧ ਕਾਰਜਾਂ ਦੇ ਸੰਚਾਲਨ ਲਈ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਰਾਹੀਂ ਕਿਰਾਏ 'ਤੇ ਕੰਮ ਦੀ ਵਿਧੀ ਤਹਿਤ ਢੁੱਕਵੀਂ ਖੇਤੀ ਮਸ਼ੀਨਰੀ ਦੀ ਉਪਲਬਧਤਾ ਨੂੰ ਯਕੀਨੀ ਬਨਾਉਣ ਦੀ ਲੋੜ ਹੈ।

6. **ਕਨਫੈਕਸ਼ਨਰੀ ਮੂੰਗਫਲੀ ਨੂੰ ਉਤਸ਼ਾਹਿਤ ਕਰਨਾ**: ਮੰਡੀ ਦੇ ਰੁਝਾਨਾਂ ਨੂੰ ਵਰਤਣ ਲਈ ਮੂੰਗਫਲੀ ਦੀਆਂ ਕਨਫੈਕਸ਼ਨਰੀ ਵੰਨਗੀ ਦੀਆਂ ਕਿਸਮਾਂ 'ਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

### 5.3.7 ਬਾਜਰੇ ਅਤੇ ਹੋਰ ਫ਼ਸਲਾਂ

ਖੁਰਾਕ ਅਤੇ ਖੇਤੀਬਾੜੀ ਸੰਗਠਨ (FAO) ਨੇ ਸਿਹਤਮੰਦ ਭੋਜਨ ਵਜੋਂ ਬਾਜਰੇ ਦੀ ਮਹੱਤਤਾ ਦੇ ਕਾਰਨ 2023 ਨੂੰ 'ਬਾਜਰੇ ਦਾ ਅੰਤਰਰਾਸ਼ਟਰੀ ਸਾਲ' ਘੋਸ਼ਿਤ ਕੀਤਾ ਹੈ। ਇਹ ਛੋਟੇ ਬੀਜਾਂ ਵਾਲੇ ਅਨਾਜ ਪ੍ਰੋਟੀਨ, ਵਿਟਾਮਿਨ, ਲੋਹਾ, ਖਣਿਜ ਅਤੇ ਫਾਈਬਰ ਨਾਲ ਭਰਪੂਰ ਹੁੰਦੇ ਹਨ। ਭਾਰਤ ਵਿੱਚ, ਕੁਟਕੀ (ਛੋਟਾ ਬਾਜਰਾ), ਸਵਾਂਕ (ਬਾਰਨਯਾਰਡ ਮਿਲਟ), ਕੰਗਨੀ (ਫੌਕਸਟੇਲ/ਇਟਾਲੀਅਨ ਮਿਲਟ), ਕੋਧਰਾ (ਕੁਡੋ ਮਿਲਟ), ਚਰ੍ਹੀ (ਜਵਾਰ), ਬਾਜਰਾ (ਪਰਲ ਬਾਜਰਾ), ਰਾਗੀ (ਫਿੰਗਰ ਮਿਲਟ), ਬਾਰੀ (ਪ੍ਰੋਸੋ ਜਾਂ ਆਮ ਬਾਜਰਾ), ਆਮ ਤੌਰ 'ਤੇ ਉਗਾਈਆਂ ਜਾਂਦੀਆਂ ਹਨ। ਪੰਜਾਬ ਵਿੱਚ ਇਹ ਫ਼ਸਲਾਂ ਬਾਜਰੇ ਦੇ ਭਾਰੂ ਪੱਖ ਨਾਲ ਹਰੀ ਕ੍ਰਾਂਤੀ ਯੁੱਗ ਤੋਂ ਪਹਿਲਾਂ ਆਮ ਉਗਾਈਆਂ ਜਾਂਦੀਆਂ ਸਨ। ਗਰਮੀਆਂ ਅਤੇ ਸਾਉਣੀ ਦੇ ਮੌਸਮ ਦੌਰਾਨ ਉਗਾਈਆਂ ਜਾਣ ਵਾਲੀਆਂ ਇਹ ਛੋਟੀ ਮਿਆਦ ਦੀਆਂ ਫ਼ਸਲਾਂ ਨਮੀ ਅਤੇ ਤਾਪਮਾਨ ਵਿੱਚ ਉਤਾਰ-ਚੜ੍ਹਾਅ ਦਾ ਸਾਹਮਣਾ ਕਰ ਸਕਦੀਆਂ ਹਨ। ਪੰਜਾਬ ਦੇ ਮੌਸਮੀ ਹਾਲਾਤਾਂ ਵਿੱਚ ਬਹੁਤ ਸਾਰੇ ਚਿਕਿਤਸਕ ਗੁਣਾਂ ਵਾਲੇ (ਮੈਡੀਸਨਲ) ਅਤੇ ਖੁਸ਼ਬੂਦਾਰ ਪੌਦੇ ਉਪਲਬਧ ਹਨ ਪਰ ਇਨ੍ਹਾਂ ਵਿੱਚੋਂ ਹਲਦੀ, ਮੈਂਥਾ, ਸੈਲਰੀ, ਮੇਥੀ, ਸੌਂਫ, ਸੋਏ, ਧਨੀਆ, ਕੁਆਰ ਗੰਦਲ, ਲੈਮਨ ਗ੍ਰਾਸ, ਸਿਟਰੋਨੇਲਾ, ਤੁਲਸੀ, ਕੜੀ ਪੱਤਾ, ਮੋਰਿੰਗਾ, ਦੇਸੀ ਗੁਲਾਬ ਦੀ ਵਪਾਰਕ ਪੱਧਰ 'ਤੇ ਕਾਸ਼ਤ ਕੀਤੀ ਜਾ ਸਕਦੀ ਹੈ।

**ਨੀਤੀ ਸੰਬੰਧੀ ਸਿਫਾਰਿਸ਼ਾਂ**

1. **ਵੱਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਿਤ ਕਰਨਾ**: ਰਾਜ ਵਿੱਚ ਕਾਸ਼ਤ ਲਈ ਵਪਾਰਕ ਮਹੱਤਵ ਵਾਲੇ ਬਾਜਰੇ, ਚਿਕਿਤਸਕ ਅਤੇ ਖੁਸ਼ਬੂਦਾਰ ਪੌਦਿਆਂ ਦੀਆਂ ਵੱਧ ਝਾੜ ਵਾਲੀਆਂ ਅਤੇ ਵਧੀਆ ਗੁਣਵੱਤਾ ਵਾਲੀਆਂ ਕਿਸਮਾਂ ਵਿਕਸਿਤ ਕਰਨੀਆਂ ਚਾਹੀਦੀਆਂ ਹਨ।
2. **ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਵਿੱਚ ਕਦਰ ਵਧਾਈ ਲਈ ਪ੍ਰੋਸੈਸਿੰਗ ਯੂਨਿਟ**: ਕਦਰ ਵਧਾਈ ਉਤਪਾਦਾਂ ਦੀ ਪੈਦਾਵਾਰ ਲਈ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਵਿਖੇ ਛੋਟੇ ਪੱਧਰ ਦੀਆਂ ਪ੍ਰੋਸੈਸਿੰਗ ਇਕਾਈਆਂ ਸਥਾਪਿਤ ਕੀਤੀਆਂ ਜਾਣ।
3. **ਗੁਆਰੇ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨਾ**: ਰਾਜ ਦੇ ਦੱਖਣ-ਪੱਛਮੀ ਜ਼ਿਲ੍ਹਿਆਂ ਦੇ ਪਾਣੀ ਦੀ ਘਾਟ ਵਾਲੇ ਖੇਤਰਾਂ ਵਿੱਚ ਗੁਆਰੇ ਦੀ ਕਾਸ਼ਤ ਨੂੰ ਉਤਸ਼ਾਹਿਤ ਕੀਤਾ ਜਾਵੇ।
4. **ਰੇਸ਼ੇਦਾਰ ਫ਼ਸਲ ਵਜੋਂ ਹੈਂਪ/ਭੰਗ ਦੀ ਕਾਸ਼ਤ**: ਪੰਜਾਬ ਵਿੱਚ ਸਾਉਣੀ ਦੇ ਮੌਸਮ ਲਈ ਰੇਸ਼ੇਦਾਰ ਫ਼ਸਲ ਵਜੋਂ ਹੈਂਪ (Hemp) / ਭੰਗ ਦੀ ਕਾਸ਼ਤ ਦੀ ਜਾਂਚ ਪੜਤਾਲ ਕੀਤੀ ਜਾਣੀ ਚਾਹੀਦੀ ਹੈ।
5. **ਚਿਕਿਤਸਕ ਖਸਖਸ ਦੀ ਖੇਤੀ ਦੀ ਪੜਚੋਲ**: ਰਾਜ ਵਿੱਚ ਚਿਕਿਤਸਕ ਵਰਤੋਂ ਲਈ ਖਸਖਸ ਦੀ ਕਾਸ਼ਤ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਰਾਜ ਸਰਕਾਰ ਖਸਖਸ ਦੀ ਖੇਤੀ ਲਈ ਇਜਾਜ਼ਤ ਦੇਣ ਲਈ ਕੇਂਦਰ ਸਰਕਾਰ ਨਾਲ ਗੱਲਬਾਤ ਕਰ ਸਕਦੀ ਹੈ।
6. **ਹਰੀ ਖਾਦ ਵਾਲੀਆਂ ਫ਼ਸਲਾਂ ਨੂੰ ਉਤਸ਼ਾਹਿਤ ਕਰਨਾ**: ਮਿੱਟੀ ਦੀ ਸਿਹਤ ਵਿੱਚ ਸੁਧਾਰ ਲਿਆਉਣ ਲਈ ਹਰੀ ਖਾਦ ਵਾਲੀਆ ਫ਼ਸਲਾਂ ਦੀ ਖੇਤੀ ਸਮੇਂ ਦੀ ਲੋੜ ਹੈ, ਜਿਸ ਨੂੰ ਸਬਸਿਡੀ ਦਰ 'ਤੇ ਬੀਜ ਮੁਹੱਈਆ ਕਰਵਾ ਕੇ ਉਤਸ਼ਾਹਿਤ ਕੀਤਾ ਜਾ ਸਕਦਾ ਹੈ।

### 5.4 ਬਾਗਬਾਨੀ ਸੈਕਟਰ

ਪੰਜਾਬ, ਆਪਣੀਆਂ ਉਪਲਬਧੀਆਂ ਨਾਲ, ਸੋਨੇ ਵਰਗੀ ਬਾਗਬਾਨੀ ਫ਼ਸਲਾਂ ਦੀ ਉਪਜ ਰਾਹੀਂ 2-5 ਗੁਣਾ ਮੁਨਾਫ਼ਾ ਵਧਾਉਣ ਦੀ ਵਿਸ਼ਾਲ ਸਮਰੱਥਾ ਸਮੋਈ ਬੈਠਾ ਹੈ ਜਿਸਨੂੰ ਕਿ ਅਨੁਸ਼ਾਸ਼ਨ ਅਤੇ ਕੁਸ਼ਲਤਾ ਦੇ ਵਿਸ਼ਵ-ਵਿਆਪੀ ਮਾਪਦੰਡ ਅਪਣਾ ਕੇ ਪੰਜਾਬ ਦੀਆਂ ਹਾਲਤਾਂ ਅਨੁਸਾਰ ਕੌਮਾਂਤਰੀ ਖੋਜ ਪ੍ਰਾਪਤੀਆਂ ਨੂੰ ਢਾਲਦੇ ਹੋਏ ਕੁਦਰਤੀ ਢੰਗ

ਤਰੀਕਿਆਂ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ। ਰਾਜ ਵਿੱਚ ਅਜਿਹੇ ਬਾਹਰਮੁਖੀ ਮੌਕੇ, ਇਜਾਰੇਦਾਰੀ ਪ੍ਰਵਿਰਤੀਆਂ ਨੂੰ ਮਾਤ ਪਾਉਣ ਲਈ ਇੱਕ ਸਹਿਕਾਰੀ ਢਾਂਚੇ ਦੇ ਨਾਲ ਸੰਸਥਾਗਤ ਦਖਲਅੰਦਾਜੀ ਦੀ ਲਾਜ਼ਮੀ ਲੋੜ ਨੂੰ ਦਰਸਾਉਂਦੇ ਹਨ। ਇਸ ਸੰਦਰਭ ਵਿੱਚ, ਪੰਜਾਬ ਵਿੱਚ ਸਰਵਵਿਆਪੀ ਵਿਕਾਸ ਦੇ ਇੰਜਣ ਵਜੋਂ ਇੱਕ ਜੀਵੰਤ ਪੇਂਡੂ ਆਰਥਿਕਤਾ ਵਿਕਸਤ ਕਰਨ ਲਈ ਇਨ੍ਹਾਂ ਫ਼ਸਲਾਂ ’ਤੇ ਪੜਚੋਲ ਕਰਨ ਅਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ।

ਆਪਣੇ ਵਿਭਿੰਨ ਸਿਹਤਮੰਦ ਬਦਲਾਂ ਦੇ ਨਾਲ ਬਾਗਬਾਨੀ- ਫਲਾਂ, ਸਬਜ਼ੀਆਂ, ਫੁੱਲ, ਮਸਾਲੇ ਅਤੇ ਸੁਗੰਧ ਵਾਲੀਆਂ ਫ਼ਸਲਾਂ, ਖੁੰਬਾਂ, ਮਧੂ ਮੱਖੀ ਪਾਲਣ ਅਤੇ ਰੇਸ਼ਮ ਦੀ ਖੇਤੀ, ਖੇਤੀਬਾੜੀ ਖੇਤਰ ਦਾ ਇੱਕ ਉੱਚ ਕੀਮਤੀ ਤਾਜ ਹੈ, ਜਿਸ ਵਿੱਚ ਵਿਟਾਮਿਨ, ਖਣਿਜ, ਨਿਊਟਰਾਸਿਊਟੀਕਲ, ਐਂਟੀਆਕਸੀਡੈਂਟ ਅਤੇ ਫਾਈਬਰ ਨਾਲ ਭਰਪੂਰ ਅਜਿਹੇ ਭੋਜਨਾਂ ਦਾ ਭੰਡਾਰ ਹੈ ਜੋ ਜੈਵਿਕ ਭੋਜਨ ਲੜੀ ਵਿੱਚ ਉਚੇਰੀ ਥਾਂ ਰੱਖਦੇ ਹਨ। ਇਸਦੀ ਵਿਸ਼ਾਲ ਆਮਦਨ ਪੈਦਾ ਕਰਨ ਦੀ ਸੰਭਾਵਨਾ ਦਾ ਅੰਦਾਜ਼ਾ, ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਮੌਜੂਦਾ ਸਮੇਂ ਵਿੱਚ ਬਹੁਤ ਸਾਰੀਆਂ ਪੈਦਾਵਾਰੀ ਅਤੇ ਮੰਡੀ ਦੇ ਮਾਹੌਲ ਦੀਆਂ ਅਨਿਸ਼ਚਿਤਾਵਾਂ ਦੇ ਬਾਵਜੂਦ ਵੀ, ਇਹ ਕੁੱਲ ਫ਼ਸਲੀ ਰਕਬੇ ਦੇ ਸਿਰਫ 5.61 ਫ਼ੀਸਦੀ ਰਕਬੇ ਤੋਂ ਰਾਜ ਦੇ ਖੇਤੀਬਾੜੀ ਕੁੱਲ ਘਰੇਲੂ ਉਤਪਾਦ (GDP) ਵਿੱਚ 15 ਫ਼ੀਸਦੀ ਦਾ ਯੋਗਦਾਨ ਪਾ ਰਿਹਾ ਹੈ, ਜਦਕਿ ਪਾਣੀ ਬਚਾਓ ਤਕਨੀਕਾਂ ਦੇ ਨਾਲ ਬਹੁਤ ਜਿਆਦਾ ਪਾਣੀ ਦੀ ਬੱਚਤ ਕਰ ਰਿਹਾ ਹੈ।

ਬਾਗਬਾਨੀ ਦੇ ਕਈ ਵਿਲੱਖਣ ਚੰਗੇ ਅਤੇ ਖ਼ਤਰਿਆਂ ਵਾਲੇ ਪਹਿਲੂ ਹਨ ਜਿਨ੍ਹਾਂ ਨੂੰ ਪ੍ਰਭਾਵਸ਼ਾਲੀ ਨੀਤੀ ਰਾਹੀਂ ਸੰਬੋਧਿਤ ਹੋਣ ਦੀ ਲੋੜ ਹੈ ਤਾਂ ਜੋ ਬਾਗਵਾਨੀ ਦੀ ਉੱਚ ਕੀਮਤੀ ਅਤੇ ਸਿਹਤ ਲਈ ਬਿਹਤਰ ਪੈਦਾਵਾਰ ਨੂੰ ਉਤਸ਼ਾਹਿਤ ਕਰਕੇ ਰਾਜ ਲਈ ਨੁਕਸਾਨਦੇਹ ਦੋ-ਫ਼ਸਲੀ ਆਰਥਿਕਤਾ ਨੂੰ ਘਟਾ ਕੇ ਨਜਿੱਠਿਆ ਜਾ ਸਕੇ। ਇਸ ਖੇਤਰ ਦੀਆਂ ਰਾਜ ਵਿੱਚ ਮੁਨਾਫ਼ਾਕਾਰੀ, ਉਪਜਾਊ ਰੁਜ਼ਗਾਰ ਅਤੇ ਵਾਤਾਵਰਨ ਪੱਖੀ ਵਿਭਿੰਨਤਾ ਦੇ ਵਧਾਰੇ ਲਈ ਵੱਡਾ ਯੋਗਦਾਨ ਪਾਉਣ ਦੀਆਂ ਵਿਸ਼ਾਲ ਸੰਭਾਵਨਾਵਾਂ ਮੌਜੂਦ ਹਨ।

**ਬਾਗਬਾਨੀ ਫ਼ਸਲਾਂ/ ਬਦਲਾਂ ਦੀ ਸਮਰੱਥਾ**

i. ਉਚ-ਕੀਮਤੀ, ਵਧੇਰੇ ਝਾੜ ਅਤੇ 2-5 ਗੁਣਾ ਵੱਧ ਮੁਨਾਫ਼ੇ ਵਾਲੀਆਂ ਫ਼ਸਲਾਂ

ii. ਕਦਰ ਵਧਾਈ/ਡੱਬਾਬੰਦੀ ਰਾਹੀਂ ਉਚੀਆਂ ਕੀਮਤਾਂ ਪ੍ਰਾਪਤ ਕਰਨ ਦੀ ਸਮਰੱਥਾ

iii. ਜਿਆਦਾ ਰੁਜ਼ਗਾਰ ਪੈਦਾ ਕਰਨ ਵਾਲੀਆਂ ਫ਼ਸਲਾਂ (ਬਾਗਬਾਨੀ ਵਿੱਚ 500 ਕੰਮ ਦੇ ਦਿਨ/ਹੈਕਟੇਅਰ ਜਦਕਿ ਰਵਾਇਤੀ ਫ਼ਸਲਾਂ ਵਿੱਚ 200 ਕੰਮ ਦੇ ਦਿਨ/ਹੈਕਟੇਅਰ)

iv. ਪਾਣੀ ਬਚਾਓ ਤਕਨੀਕਾਂ ਦੇ ਨਾਲ ਲਗਪਗ 30 ਪ੍ਰਤੀਸ਼ਤ ਪਾਣੀ ਦੀ ਬੱਚਤ

v. ਵੱਧ ਪੌਸ਼ਟਿਕ/ਦਵਾਈਆਂ ਵਾਲੇ ਗੁਣ (ਵਧੇਰੇ ਵਿਟਾਮਿਨ, ਖਣਿਜ ਅਤੇ ਐਂਟੀਔਕਸੀਡੈਂਟ ਆਦਿ)

vi. ਪੇਂਡੂ ਪੰਜਾਬ ਲਈ ਮਨੋਰੰਜਕ ਸੰਭਾਵਨਾਵਾਂ ਵਾਲਾ ਹਰਾ-ਭਰਾ ਸੁਹਜਾਤਮਕ ਦ੍ਰਿਸ਼।

vii. ਕਾਰਬਨ ਨੂੰ ਵਧੇਰੇ ਜਜ਼ਬ ਕਰਨ ਵਾਲੀਆਂ ਫ਼ਸਲਾਂ ਵਜੋਂ ਬਾਗ।

**ਖਤਰੇ ਅਤੇ ਰੁਕਾਵਟਾਂ**

**1. ਵਧੇਰੇ ਜ਼ੋਖ਼ਮ ਵਾਲੀਆਂ (Risky) ਫ਼ਸਲਾਂ**

**ੳ)** ਸੰਵੇਦਨਸ਼ੀਲ/ਨਾਸ਼ਵਾਨ ਹੋਣ ਦਾ ਸੁਭਾਅ

i. ਮੌਸਮੀ ਦਬਾਅ ਦਾ ਵਧੇਰੇ ਅਸਰ ਕਬੂਲਣ ਵਾਲੀਆਂ ਫ਼ਸਲਾਂ

ii. ਘੱਟ ਸ਼ੈਲਫ ਲਾਈਫ ਹੋਣ ਨਾਲ ਜ਼ਿਆਦਾ ਨੁਕਸਾਨ/ਬਰਬਾਦੀ ਹੁੰਦੀ ਹੈ

iii. ਸਟੋਰ ਕਰਨ ’ਤੇ ਵੱਧ ਖਰਚੇ ਹੁੰਦੇ ਹਨ

iv. ਵਧੇਰੇ ਪ੍ਰਬੰਧਨ ਲੋੜਾਂ ਵਾਲੀਆਂ ਫ਼ਸਲਾਂ

**ਅ)** ਮੰਡੀ ਕੀਮਤਾਂ ਦੇ ਉਤਰਾਅ-ਚੜ੍ਹਾਅ ਦੀਆਂ ਵੱਧ ਸੰਭਾਵਨਾਵਾਂ

i. ਉਚਿੱਤ ਕੀਮਤ ਦੀ ਗਾਰੰਟੀ ਨਹੀਂ ਹੈ, ਕਿਉਂਕਿ ਕੀਮਤ ਵਿਚੋਲਿਆਂ ਦੇ ਹੱਥਾਂ ਵਿੱਚ ਹੈ

ii. ਕੋਈ ਘੱਟੋ-ਘੱਟ ਸਮਰਥਨ ਮੁੱਲ ਨਹੀਂ ਅਤੇ ਕੋਈ ਕੀਮਤ ਸਥਿਰਤਾ ਫੰਡ ਨਹੀਂ

2. **ਗੈਰ-ਰਵਾਇਤੀ ਫ਼ਸਲਾਂ**: ਬਾਗਬਾਨੀ ਫ਼ਸਲਾਂ ਗੈਰ-ਰਵਾਇਤੀ ਫ਼ਸਲਾਂ ਹਨ। ਇਸ ਲਈ ਕਿਸਾਨ ਅਕਸਰ ਤਕਨੀਕੀ ਗਿਆਨ ਲੈਣ ਲਈ ਨਿਰਭਰ ਹੁੰਦੇ ਹਨ, ਜੋ ਕਿ ਲਗਾਤਾਰ ਤਕਨੀਕੀ ਛਤਰੀ ਉਪਲਬਧ ਨਾ ਹੋਣ ਕਾਰਨ ਨਹੀਂ ਮਿਲਦਾ।

3. **ਵਧੇਰੇ ਪੂੰਜੀ ਲੋੜਾਂ ਵਾਲੀਆਂ ਫ਼ਸਲਾਂ**: ਬਾਗਬਾਨੀ ਫ਼ਸਲਾਂ ਨੂੰ ਪੈਦਾ ਕਰਨ ਲਈ ਵਧੇਰੇ ਪੂੰਜੀ ਦੀ ਲੋੜ ਹੁੰਦੀ ਹੈ, ਇਸ ਲਈ, ਖਾਸਕਰ ਛੋਟੇ ਕਿਸਾਨਾਂ ਨੂੰ ਇਹਨਾਂ ਫ਼ਸਲਾਂ ਦੀ ਕਾਸ਼ਤ ਲਈ ਵਿੱਤੀ ਸਹਾਇਤਾ ਦੀ ਲੋੜ ਹੁੰਦੀ ਹੈ।

4. **ਬਾਗਾਂ ਦੀ ਫਲ ਪੈਦਾ ਕਰਨ ਲਈ ਲੰਮੀ ਮਿਆਦ**: ਸਾਲਾਂ ਦੀ ਉਡੀਕ ਤੋਂ ਬਾਅਦ ਫਲ ਆਉਂਦਾ/ਆਮਦਨੀ ਸ਼ੁਰੂ ਹੁੰਦੀ ਹੈ।

**ਨੀਤੀ ਸੰਬੰਧੀ ਸਿਫ਼ਾਰਿਸ਼ਾਂ**

**A. ਪੈਦਾਵਾਰ ਨਾਲ ਸਬੰਧਤ**

1. **ਤਕਨੀਕੀ ਸਲਾਹ**: **ੳ)** ਕਿਸਾਨਾਂ ਨੂੰ ਤਕਨੀਕੀ ਸੇਵਾਵਾਂ ਦੀ ਛਤਰੀ ਪ੍ਰਦਾਨ ਕਰਨ ਲਈ ਉੱਭਰ ਰਹੀਆਂ ਲੋੜਾਂ ਮੁਤਾਬਿਕ ਸਹਾਇਕ ਸਟਾਫ ਅਤੇ ਆਵਾਜਾਈ ਦੇ ਸਾਧਨਾਂ ਸਮੇਤ ਵਿਸ਼ਾ ਮਾਹਿਰਾਂ ਨੂੰ ਫੀਲਡ ਵਿੱਚ ਤਾਇਨਾਤ ਕੀਤਾ ਜਾਵੇ।

**ਅ)** ਵਿਭਿੰਨਤਾ ਵਾਲੀਆਂ ਮੁੱਖ ਫ਼ਸਲਾਂ ਦੇ ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਸੈਂਟਰ ਆਫ ਐਕਸੇਲੈਂਸ ਅਤੇ ਸਰਕਾਰੀ ਫਾਰਮ ਯੂਨਿਟਾਂ ਵਿੱਚ ਪ੍ਰਦਰਸ਼ਨੀ ਯੂਨਿਟਾਂ ਦੀ ਸਥਾਪਨਾ ਕੀਤੀ ਜਾਵੇ।

**ੲ)** ਕਿਸਾਨਾਂ ਨੂੰ ਸਮੇਂ ਸਿਰ ਸਲਾਹ ਯਕੀਨੀ ਬਣਾਉਣ ਲਈ ਮਾਹਿਰ ਸਟਾਫ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਈਆਂ ਜਾਂਦੀਆਂ ਗੈਰ-ਤਕਨੀਕੀ ਅਤੇ ਵਾਧੂ ਡਿਊਟੀਆਂ ਤੋਂ ਛੋਟ ਦਿੱਤੀ ਜਾਵੇ।

2. **ਖੋਜ ਨੂੰ ਮਜ਼ਬੂਤ ਕਰਨਾ**: ਘੱਟ ਖਰਚੇ ਨਾਲ ਕੁਆਲਟੀ ਪੈਦਾਵਾਰ ’ਚ ਪੰਜਾਬ ਨੂੰ ਅਗਵਾਨੂ ਸੂਬਾ ਬਨਾਉਣ ਲਈ ਉੱਭਰ ਰਹੀਆਂ ਖੇਤਾਂ ਦੀਆਂ ਅਤੇ ਕੌਮਾਂਤਰੀ ਮੰਡੀ ਦੀਆਂ ਲੋੜਾਂ ਅਨੁਸਾਰ ਪੀ.ਏ.ਯੂ. ’ਚ ਖੋਜ ਨੂੰ ਮਜ਼ਬੂਤ ਕੀਤਾ ਜਾਵੇ।

3. **ਸੰਬੰਧਿਤ ਵਿਭਾਗਾਂ ਵਿੱਚ ਕੁਆਲਟੀ ਕੰਟਰੋਲ ਨੂੰ ਮਜ਼ਬੂਤ ਕਰਨਾ**: ਸੰਬੰਧਿਤ ਵਿਭਾਗਾਂ ਦੇ ਕੁਆਲਟੀ ਕੰਟਰੋਲ ਯੂਨਿਟਾਂ ਨੂੰ ਕਿਸੇ ਵੀ ਦਖਲਅੰਦਾਜ਼ੀ ਤੋਂ ਬਚਾਉਂਦੇ ਹੋਏ ਅਤੇ ਕਿਸੇ ਵੀ ਅਣਗਹਿਲੀ ਲਈ ਜਵਾਬਦੇਹ ਬਣਾਉਂਦੇ ਹੋਏ, ਭਰੋਸੇਯੋਗ ਸਥਾਈ ਕਾਨੂੰਨੀ ਸਹਾਇਤਾ ਨਾਲ ਵਿਸ਼ੇਸ਼ ਕੁਆਲਟੀ ਕੰਟਰੋਲ ਕਾਰਜਾਂ ਨੂੰ ਲਾਗੂ ਕਰਨ ਦੀਆਂ ਸ਼ਕਤੀਆਂ ਦਿੱਤੀਆਂ ਜਾਣ।

4. **ਨਹਿਰੀ ਪਾਣੀ ਅਤੇ ਬਿਜਲੀ ਸਪਲਾਈ ਲਈ ਸਿੰਚਾਈ ਸਮਾਂ ਸੂਚੀ ਕਮੇਟੀ ਦੀ ਸਥਾਪਨਾ**: **ੳ)** ਵਿੱਤ ਕਮਿਸ਼ਨਰ ਵਿਕਾਸ (FCD) ਦੀ ਅਗਵਾਈ ਹੇਠ ਇੱਕ ਰਾਜ ਪੱਧਰੀ ਸਿੰਚਾਈ ਸਮਾਂ ਸੂਚੀ ਕਮੇਟੀ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ। ਸੰਬੰਧਿਤ ਵਿਭਾਗਾਂ ਦੇ ਨੁਮਾਇੰਦਿਆਂ ਜਿਵੇਂ ਕਿ ਖੇਤੀਬਾੜੀ, ਬਾਗਬਾਨੀ, ਸਿੰਚਾਈ ਅਤੇ ਬਿਜਲੀ, ਭੂਮੀ ਸੰਭਾਲ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ, ਪੰਜਾਬ ਵਾਟਰ ਰੈਗੂਲੇਸ਼ਨ ਅਤੇ ਡਿਵੈਲਪਮੈਂਟ ਅਥਾਰਟੀ, ਦੇ ਨਾਲ-ਨਾਲ ਕਿਸਾਨ ਨੁਮਾਇੰਦਿਆਂ ਨੂੰ ਇਸ ਕਮੇਟੀ ਵਿੱਚ ਸ਼ਾਮਿਲ ਕਰਨਾ ਚਾਹੀਦਾ ਹੈ। ਇਹ ਕਮੇਟੀ ਫ਼ਸਲਾਂ ਦੀਆਂ ਵਿਸ਼ੇਸ਼ ਲੋੜਾਂ ਅਨੁਸਾਰ ਨਹਿਰੀ ਪਾਣੀ ਅਤੇ ਬਿਜਲੀ ਸਪਲਾਈ ਦੇ ਤਾਲਮੇਲ ਲਈ ਅਗਾਊਂ ਯੋਜਨਾ ਬਣਾਉਣ ਵਿੱਚ

ਮਦਦ ਕਰ ਸਕਦੀ ਹੈ ਤਾਂ ਜੋ ਮਿਆਰੀ ਪੈਦਾਵਾਰ ਲਈ ਫ਼ਸਲਾਂ ਦੇ ਸਾਰੇ ਮਹੱਤਵਪੂਰਨ ਪੜਾਵਾਂ ਨੂੰ ਕਵਰ ਕੀਤਾ ਜਾ ਸਕੇ।

**ਅ)** ਨਹਿਰਾਂ ਦੀ ਸਫਾਈ ਦੇ ਸਮੇਂ ਨੂੰ ਇਸ ਤਰੀਕੇ ਨਾਲ ਯੋਜਨਾਬੱਧ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਇਹ ਬਾਗਬਾਨੀ ਫ਼ਸਲਾਂ ਨੂੰ ਨੁਕਸਾਨ ਨਾ ਪਹੁੰਚਾਵੇ।

**ੲ)** ਜ਼ਿਲ੍ਹਾ ਪ੍ਰਸ਼ਾਸਨ ਨੂੰ ਪਾਣੀ ਦੀ ਵਰਤੋਂ ਕਰਨ ਵਾਲੀਆਂ ਸਭਾਵਾਂ ਦੇ ਤਾਲਮੇਲ ਨਾਲ ਸੰਬੰਧਿਤ ਵਿਭਾਗਾਂ ਦੁਆਰਾ ਬਣਾਈਆਂ ਗਈਆਂ ਸਿੰਚਾਈ ਯੋਜਨਾਵਾਂ ਨੂੰ ਅੰਤਿਮ ਰੂਪ ਦੇ ਕੇ ਲਾਗੂ ਕਰਨ 'ਤੇ ਧਿਆਨ ਦੇਣਾ ਚਾਹੀਦਾ ਹੈ, ਅਤੇ ਹਰੇਕ ਨੂੰ ਉਨ੍ਹਾਂ ਦੇ ਨਿਰਧਾਰਤ ਕੰਮਾਂ/ਜ਼ਿੰਮੇਵਾਰੀਆਂ ਲਈ ਜਵਾਬਦੇਹ ਬਣਾਉਣਾ ਚਾਹੀਦਾ ਹੈ।

5. **ਕੁਦਰਤੀ ਆਫ਼ਤਾਂ: ੳ)** ਮੌਸਮ ਦੀ ਦਰੁਸਤ ਭਵਿੱਖਬਾਣੀ ਦੀ ਮਦਦ ਨਾਲ ਕੁਦਰਤੀ ਆਫ਼ਤਾਂ ਨਾਲ ਹੋਣ ਵਾਲੇ ਨੁਕਸਾਨ ਤੋਂ ਬਚਾਅ ਕਰਨ ਲਈ ਮਾਹਿਰਾਂ ਦੀ ਸਲਾਹ ਨਾਲ ਮੌਸਮ ਦੀਆਂ ਅਨਿਸ਼ਚਿਤਤਾਵਾਂ ਦਾ ਪ੍ਰਬੰਧ ਕਰਨਾ।

   **ਅ)** ਫ਼ਸਲ ਬੀਮਾ ਫੰਡ ਬਣਾਇਆ ਜਾਣਾ ਚਾਹੀਦਾ ਹੈ ਅਤੇ ਇਸ ਦੇ ਵਿਆਜ ਦੀ ਵਰਤੋਂ ਕੁਦਰਤੀ ਆਫਤਾਂ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਕੀਤੀ ਜਾਣੀ ਚਾਹੀਦੀ ਹੈ।

6. **ਸੂਰਜੀ-ਊਰਜਾ ਸਹਾਇਕ ਤੁਪਕਾ ਸਿੰਚਾਈ ਪ੍ਰਣਾਲੀਆਂ**: ਬਾਗਬਾਨੀ ਫ਼ਸਲਾਂ ਵਿੱਚ ਲਾਗਤ ਘਟਾਉਣ, ਗੁਣਵੱਤਾ ਵਿੱਚ ਸੁਧਾਰ ਕਰਨ, ਫ਼ਸਲਾਂ ਦੀ ਪੈਦਾਵਾਰ ਵਧਾਉਣ, ਪਾਣੀ ਦੀ ਸੰਭਾਲ, ਊਰਜਾ ਕੁਸ਼ਲਤਾ ਵਧਾਉਣ ਅਤੇ ਕਾਰਬਨ ਨਿਕਾਸ ਨੂੰ ਘਟਾਉਣ ਲਈ ਸੂਰਜੀ-ਊਰਜਾ ਸਹਾਇਕ ਤੁਪਕਾ ਸਿੰਚਾਈ ਪ੍ਰਣਾਲੀਆਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

## B. ਕਟਾਈ/ਤੁੜਾਈ ਤੋਂ ਬਾਅਦ ਦਾ ਪ੍ਰਬੰਧ

1. **ਕੋਲਡ ਚੇਨ**: ਸੂਰਜੀ ਊਰਜਾ-ਗਰਿੱਡ ਸਮਰਪਿਤ ਕੋਲਡ ਚੇਨ, ਪ੍ਰੀ-ਕੂਲਿੰਗ ਅਤੇ ਫਲ ਪਕਾਉਣ ਵਾਲੇ ਚੈਂਬਰ ਦੀਆਂ ਸੁਵਿਧਾਵਾਂ ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਫ਼ਸਲ-ਵਿਸ਼ੇਸ਼ ਕਿਸਾਨ ਸੁਸਾਇਟੀਆਂ ਵਿਖੇ ਸਹਿਕਾਰੀ ਢੰਗ ਨਾਲ ਸਥਾਪਿਤ ਕਰਨੇ ਚਾਹੀਦੇ ਹਨ ਅਤੇ ਥੋੜੀ ਉਪਜ ਨੂੰ ਸੰਭਾਲਣ ਲਈ ਵਿਅਕਤੀਗਤ ਕਿਸਾਨਾਂ ਲਈ 'ਆਨ ਫਾਰਮ' ਕੋਲਡ ਰੂਮ ਮੁਹੱਈਆ ਕਰਵਾਏ ਜਾਣੇ ਚਾਹੀਦੇ ਹਨ। ਇਸ ਨਾਲ ਤੁੜਾਈ ਦੇ ਸਿਖਰ ਸਮੇਂ ਹੋਣ ਵਾਲੀ ਫ਼ਸਲ ਦੀ ਬਹੁਤਾਤ ਤੋਂ ਬਚ ਕੇ ਜਿਆਦਾ ਮੁਨਾਫ਼ਾ ਕਮਾਇਆ ਜਾ ਸਕਦਾ ਹੈ।
2. **ਰੀਫਰ ਗੱਡੀਆਂ ਨਾਲ ਟ੍ਰਾਂਸਪੋਰਟ**: ਬਾਗਬਾਨੀ ਪੈਦਾਵਾਰ ਦੀ ਤੁੜਈ ਤੋਂ ਬਾਅਦ ਲੰਮੇਂ ਸਮੇਂ ਦੀ ਸੰਭਾਲ ਨੂੰ (ਸ਼ੈਲਫ ਲਾਈਫ) ਵਧਾਉਣ ਲਈ ਸਹਿਕਾਰੀ/ਕਿਸਾਨ ਸੁਸਾਇਟੀਆਂ ਨੂੰ ਰੀਫਰ ਗੱਡੀਆਂ ਦੀ ਸਹੂਲਤ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ, ਜੋ ਕਿ ਕਿਸਾਨਾਂ ਦੁਆਰਾ ਕਿਰਾਏ 'ਤੇ ਲਈਆਂ ਜਾ ਸਕਣ।
3. **ਕਦਰ ਵਧਾਈ ਅਤੇ ਪ੍ਰੋਸੈਸਿੰਗ**: ਫ਼ਸਲਾਂ ਦੀ ਕਦਰ ਵਧਾਈ ਉਪਰੰਤ ਇਸ ਦੇ ਲਾਭ ਕਿਸਾਨਾਂ ਤੱਕ ਪਹੁੰਚਾਉਣ ਲਈ ਨਵੀਨਤਮ ਕੌਮਾਂਤਰੀ ਤਕਨੀਕਾਂ/ਪ੍ਰੋਸੈਸਿੰਗ ਲਈ ਮਸ਼ੀਨਰੀ ਉਪਕਰਨ, ਸਬੰਧਤ ਫ਼ਸਲਾਂ ਦੇ ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਸਹਿਕਾਰੀ ਢੰਗ ਰਾਹੀਂ ਪੇਸ਼ੇਵਰਾਨਾ ਤਰੀਕੇ ਨਾਲ ਚਲਾਉਣੇ ਚਾਹੀਦੇ ਹਨ। ਅਜਿਹੀਆਂ ਬਹੁ-ਮੰਤਵੀ ਪ੍ਰੋਸੈਸਿੰਗ ਸੁਵਿਧਾਵਾਂ ਨੂੰ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ/ਅਗਾਂਹਵਧੂ ਕਿਸਾਨ ਸੁਸਾਇਟੀਆਂ ਨੂੰ ਮੁਹੱਈਆ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਅਜਿਹੀਆਂ ਸੁਵਿਧਾਵਾਂ ਨੂੰ ਸੂਰਜੀ ਊਰਜਾ ਦੀ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ ਅਤੇ ਵਾਤਾਵਰਨ-ਅਨੁਕੂਲ ਤਰੀਕੇ ਨਾਲ ਚਲਾਉਣਾ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ। ਅਜਿਹੀ ਵਿਉਂਤਬੰਦੀ ਬਾਗਬਾਨੀ ਦੀ ਵੱਖ-ਵੱਖ ਕਿਸਮ ਦੀ ਪੈਦਾਵਾਰ ਦੀ ਮੰਡੀ 'ਚ ਭਰਮਾਰ ਦੇ ਸਮੇਂ ਬਹੁਤ ਸਾਰੀਆਂ ਅਨਿਸ਼ਚਤਤਾਵਾਂ ਨਾਲ ਨਜਿੱਠੇਗੀ ਅਤੇ ਨਾਲ ਹੀ ਕਾਫੀ ਉੱਚੇ ਮੁਨਾਫ਼ਿਆਂ ਨਾਲ ਪੰਜਾਬ ਦੀ ਪੇਂਡੂ ਆਰਥਿਕਤਾ ਨੂੰ ਬਲ ਬਖਸ਼ੇਗੀ।

## C. ਮੰਡੀਕਰਨ

1. **ਕੀਮਤ ਵਿੱਚ ਉਤਰਾਅ-ਚੜ੍ਹਾਅ**: **ੳ)** ਕੀਮਤਾਂ ਵਿੱਚ ਉਤਰਾਅ-ਚੜ੍ਹਾਅ ਨੂੰ ਰੋਕਣ ਲਈ ਮੰਗ ਅਤੇ ਸਪਲਾਈ ਵਿੱਚ ਸੰਤੁਲਨ ਬਣਾ ਕੇ ਰੱਖਣ ਦੀ ਲੋੜ ਹੈ। ਇਸ ਲਈ ਇੱਕ ਮਾਹਿਰ ਸੰਸਥਾਂ ਵਜੋਂ ਖੇਤੀ ਮੰਡੀ ਖੋਜ ਅਤੇ ਚੌਕਸੀ ਸੰਸਥਾ (AMRII) ਦੀ ਸਥਾਪਨਾ ਕਰਨ ਦੀ ਜ਼ਰੂਰਤ ਹੈ, ਜਿਹੜੀ ਕਿ ਪੈਦਾਵਾਰ ਦੀ ਅਗਾਊਂ ਯੋਜਨਾਬੰਦੀ ਲਈ ਇਹ ਸਲਾਹ ਦੇਵੇ ਕਿ ਕੀ ਪੈਦਾ ਕਰਨਾ ਚਾਹੀਦਾ ਹੈ, ਕਿੰਨਾ ਪੈਦਾ ਕਰਨਾ ਹੈ ਅਤੇ ਕਿਸ ਮੰਡੀ ਲਈ ਪੈਦਾ ਕਰਨਾ ਹੈ, ਤਾਂ ਕਿ ਮੰਡੀ ਦੀ ਮੰਗ ਅਨੁਸਾਰ ਇੱਕ ਸੰਤੁਲਨ 'ਚ ਸਪਲਾਈ ਯਕੀਨੀ ਬਣਾਈ ਜਾ ਸਕੇ।

   **ਅ)** ਮੰਡੀ ਵਿੱਚ ਸਹੀ ਮੁੱਲ ਦੀ ਖੋਜ ਲਈ, ਪੰਜਾਬ ਮੰਡੀ ਬੋਰਡ ਨੂੰ ਮੰਡੀ ਵਿੱਚ ਨਿਰਪੱਖ ਮੁਕਾਬਲੇ ਵਾਲੀ ਬੋਲੀ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

   **ੲ)** ਜੇਕਰ ਮੰਡੀ ਵਿੱਚ ਕਿਸੇ ਫ਼ਸਲ ਦੀ ਕੀਮਤ ਘੱਟੋ-ਘੱਟ ਨਿਸ਼ਚਿਤ ਮੁੱਲ ਤੋਂ ਹੇਠਾਂ ਆਉਂਦੀ ਹੈ, ਤਾਂ ਇਸ ਉਦੇਸ਼ ਲਈ ਬਣਾਏ ਗਏ ਮੁੱਲ ਸਥਿਰਤਾ ਫੰਡ ਨੂੰ ਇਸ ਪਾੜੇ ਦੀ ਭਰਪਾਈ ਕਰਨ ਲਈ ਵਰਤਿਆ ਜਾਣਾ ਚਾਹੀਦਾ ਹੈ।

   **ਸ)** ਵਿਚੋਲੇ ਦੁਆਰਾ ਖਪਤਕਾਰਾਂ ਦੀ ਲੁੱਟ ਨੂੰ ਰੋਕਣ ਲਈ, ਵਿਕਰੇਤਾ ਕਿਸਾਨਾਂ ਦੀ ਉਪਜ ਦੀ ਕੀਮਤ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਵਾਜਬ ਵੱਧ ਤੋਂ ਵੱਧ ਕੀਮਤ ਸੀਮਾ ਨਿਰਧਾਰਤ ਕੀਤੀ ਜਾਣੀ ਚਾਹੀਦੀ ਹੈ।

2. **ਭੁਗਤਾਨ ਸੰਬੰਧੀ ਚਿੰਤਾਵਾਂ**: ਪੰਜਾਬ ਮੰਡੀ ਬੋਰਡ ਨੂੰ ਭੁਗਤਾਨ ਸੰਬੰਧੀ ਚਿੰਤਾਵਾਂ ਦਾ ਹੱਲ ਕਰਨਾ ਚਾਹੀਦਾ ਹੈ ਅਤੇ ਵੇਚਣ ਵਾਲੇ ਕਿਸਾਨਾਂ ਨੂੰ ਵਿਕਰੀ ਤੋਂ ਹੋਣ ਵਾਲੀ ਰਕਮ ਦੀ ਵਸੂਲੀ ਯਕੀਨੀ ਬਣਾਉਣੀ ਚਾਹੀਦੀ ਹੈ। ਰਾਜ ਸਰਕਾਰ ਨੂੰ ਦੂਰ ਦੁਰਾਡੇ ਦੀਆਂ ਮੰਡੀਆਂ ਵਿੱਚ ਕਿਸਾਨਾਂ ਦੀ ਵਿਕਰੀ ਦੀ ਕਮਾਈ ਦੀ ਵਸੂਲੀ ਨੂੰ ਯਕੀਨੀ ਬਣਾਉਣ ਲਈ ਭਾਰਤ ਸਰਕਾਰ ਦੇ ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ ਨਾਲ ਰਾਬਤਾ ਕਾਇਮ ਕਰਨਾ ਚਾਹੀਦਾ ਹੈ।

### 5.4.1 ਬਾਗਬਾਨੀ ਫਾਰਮ ਅਤੇ ਨਰਸਰੀਆਂ

ਬਾਗਬਾਨੀ ਫਾਰਮ ਅਤੇ ਨਰਸਰੀਆਂ, ਜਨਤਕ ਅਤੇ ਨਿੱਜੀ ਦੋਵੇਂ, ਉਤਪਾਦਨ ਦੀ ਗੁਣਵੱਤਾ ਨੂੰ ਵਧਾਉਣ ਅਤੇ ਰਾਜ ਦੇ ਬਾਗਬਾਨੀ ਖੇਤਰ ਵਿੱਚ ਪੈਦਾਵਾਰ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਕਿਸਾਨਾਂ ਨੂੰ ਮਿਆਰੀ ਬੂਟਿਆਂ ਦੀ ਸਪਲਾਈ ਕਾਇਮ ਰੱਖਣ ਅਤੇ ਯਕੀਨੀ ਬਣਾਉਣ ਲਈ ਨਰਸਰੀਆਂ ਦੀ ਰਜਿਸਟ੍ਰੇਸ਼ਨ ਅਤੇ ਨਿਯਮਤ ਸੰਚਾਲਨ ਬਹੁਤ ਮਹੱਤਵਪੂਰਨ ਹੈ।

**ਨੀਤੀ ਸੰਬੰਧੀ ਸਿਫ਼ਾਰਸ਼ਾਂ**

1. **ਪ੍ਰਦਰਸ਼ਨੀ ਕੇਂਦਰ ਸਥਾਪਿਤ ਕਰਨਾ**: ਸਰਕਾਰੀ ਫਾਰਮ ਅਤੇ ਨਰਸਰੀਆਂ ਨੂੰ ਵਿਸ਼ਾ ਮਾਹਿਰਾਂ ਦੁਆਰਾ ਹੁਨਰਮੰਦ ਅਤੇ ਅਰਧ-ਹੁਨਰਮੰਦ ਤਕਨੀਕੀ ਸਹਾਇਕਾਂ ਦੀ ਮਦਦ ਨਾਲ ਉੱਚ ਦਰਜੇ ਦੇ ਪ੍ਰਦਰਸ਼ਨੀ ਕੇਂਦਰਾ ਵੱਜੋਂ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਫਾਰਮਾਂ ਨੂੰ ਸੰਬੰਧਿਤ ਇਲਾਕੇ ਦੀ ਜਲਵਾਯੂ ਨਾਲ ਸੰਬੰਧਿਤ ਨਵੀਨਤਮ, ਪਰ ਸਭ ਤੋਂ ਢੁੱਕਵੀਆਂ, ਘੱਟ ਲਾਗਤ ਵਾਲੀਆਂ, ਪਾਣੀ ਦੀ ਬੱਚਤ ਵਾਲੀਆਂ ਅਤੇ ਵਾਤਾਵਰਨ ਪ੍ਰਤੀ ਅਨੁਕੂਲ ਤਕਨੀਕਾਂ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ। ਇਨ੍ਹਾਂ ਖੇਤੀ ਕੇਂਦਰਾਂ ਨੂੰ ਕਿਸਾਨਾਂ ਦੇ ਖੇਤਾਂ ਦੇ ਹੱਦ-ਬੰਨਿਆਂ ਦੀ ਲਾਹੇਵੰਦ ਦਿੱਖ ਬਣਾਉਣ ਅਤੇ ਆਮਦਨ 'ਚ ਵਾਧਾ ਕਰਨ ਵਾਲੀਆਂ ਉਪਜਾਊ ਜੈਵਿਕ-ਵਾੜ ਤਕਨੀਕਾਂ ਨੂੰ ਵੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ।
2. **ਪੰਜਾਬ ਫਰੂਟ ਨਰਸਰੀਆਂ ਐਕਟ ਲਾਗੂ ਕਰਨਾ**: ਮਿਆਰੀ ਨਰਸਰੀ ਪੌਦਿਆਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਪੰਜਾਬ ਫਰੂਟ ਨਰਸਰੀਆਂ (ਸੋਧ) ਐਕਟ, 2021 ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਲੋੜ ਹੈ।
3. **ਬਾਗਬਾਨੀ ਨਰਸਰੀਆਂ ਲਈ ਲਾਜ਼ਮੀ ਰਜਿਸਟ੍ਰੇਸ਼ਨ**: ਰਾਜ ਵਿੱਚ ਪੌਦਿਆਂ ਦੀਆਂ ਸਾਰੀਆਂ ਸਰਕਾਰੀ ਅਤੇ ਨਿੱਜੀ ਨਰਸਰੀਆਂ ਪੰਜਾਬ ਬਾਗਬਾਨੀ ਵਿਭਾਗ ਅਧੀਨ ਰਜਿਸਟਰਡ/ਲਾਈਸੈਂਸਸ਼ੁਦਾ ਹੋਣੀਆਂ ਚਾਹੀਦੀਆਂ ਹਨ ਅਤੇ ਰਾਜ

ਵਿੱਚ ਪ੍ਰਮਾਣਿਤ ਬਾਗਬਾਨੀ ਪੌਦਿਆਂ ਦੀ ਵਿਕਰੀ ਲਈ ਇਹ ਸਭ ਨਰਸਰੀਆਂ ਰਾਸ਼ਟਰੀ ਬਾਗਬਾਨੀ ਬੋਰਡ ਦੁਆਰਾ ਮਾਨਤਾ ਪ੍ਰਾਪਤ ਹੋਣੀਆਂ ਚਾਹੀਦੀਆਂ ਹਨ।

### 5.4.2 ਫਲ

ਲਗਪਗ ਇੱਕ ਲੱਖ ਹੈਕਟੇਅਰ ਰਕਬੇ ਵਾਲਾ ਪੰਜਾਬ ਦਾ ਫਲ ਸੱਭਿਆਚਾਰ, ਪਿਛਲੇ ਦਹਾਕੇ ਦੌਰਾਨ 36 ਪ੍ਰਤੀਸ਼ਤ ਰਕਬੇ ਦੇ ਵਧਾਰੇ ਵਾਲੇ ਤੇਜ਼ ਵੇਗ ਨਾਲ ਫੈਲ ਰਿਹਾ ਹੈ; ਬਾਵਜੂਦ ਜ਼ਿਕਰ ਕੀਤੇ ਜੋਖਮਾਂ, ਰੁਕਾਵਟਾਂ ਅਤੇ ਵੱਡੀਆਂ ਅਨਿਸ਼ਚਿਤਤਾਵਾਂ ਦੇ, ਜਿਨ੍ਹਾਂ ਨੇ ਇਸ ਦੀਆਂ ਵਿਸ਼ਾਲ ਸੰਭਾਵਨਾਵਾਂ ਨੂੰ ਰੋਕ ਦਿੱਤਾ ਹੈ।

### I. ਨਿੰਬੂ ਜਾਤੀ ਦਾ ਫਲ – ਕਿੰਨੂ

ਇੱਕ ਸੁਨਹਿਰੀ ਫਲ ਵਜੋਂ ਕਿੰਨੂ ਸੰਤਰਾ, ਜਿਸ ਨੂੰ 1959 ਵਿੱਚ ਕੈਲੇਫੋਰਨੀਆਂ ਤੋਂ ਲਿਆਂਦਾ ਗਿਆ, ਨੇ ਪੰਜਾਬ ਦੀ ਫ਼ਸਲੀ ਧਰਾਤਲ ਨੂੰ ਅਮੀਰ ਬਣਾਉਂਦਿਆਂ, ਆਪਣੇ ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਵਿਭਿੰਨਤਾ ਦਾ ਪਸਾਰਾ ਕੀਤਾ ਜੋ ਕਿ ਇਸਦੀ ਉਤਪਾਦਕਤਾ, ਖੁਰਾਕੀ ਤੱਤਾਂ ਨਾਲ ਭਰਪੂਰ ਤਾਜ਼ਾ ਮਿਆਰੀ ਜੂਸ, ਲੰਬਾ ਸਮਾਂ ਸਟੋਰ ਕਰਨ ਦੀ ਸਮਰੱਥਾ ਅਤੇ ਹੋਰ ਮੰਡੀ ਸੰਬੰਧਿਤ ਗੁਣਾਂ ਸਦਕਾ ਸੂਬੇ ਦੇ ਕੁੱਲ ਫਲਾਂ ਦੇ ਰਕਬੇ ਦਾ 48 ਫ਼ੀਸਦੀ ਰਕਬਾ ਮੱਲ ਚੁੱਕਾ ਹੈ। ਇਸਦੀ ਉਤਪਾਦਕਤਾ ਦੀ ਸਮਰੱਥਾ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ 2001 ਵਿੱਚ ਰਾਜ ਵਿੱਚ ਇਸਦਾ ਔਸਤ ਝਾੜ 15 ਟਨ/ ਹੈਕਟੇਅਰ ਸੀ ਅਤੇ ਇਸ ਫਲ ਨੇ ਕਿਸਾਨਾਂ ਦੇ ਖੇਤਾਂ ਵਿੱਚ 132.25 ਟਨ ਪ੍ਰਤੀ ਹੈਕਟੇਅਰ ਦਾ ਵੱਧ ਤੋਂ ਵੱਧ ਝਾੜ ਹਾਸਲ ਕਰਕੇ ਇੱਕ ਵਿਸ਼ਵ ਰਿਕਾਰਡ ਬਣਾਇਆ। ਇਹ ਝਾੜ ਕਿੰਨੂ ਦੇ ਕੁਦਰਤੀ ਪੈਦਾਵਾਰੀ ਇਲਾਕੇ ਅਬੋਹਰ ਵਿੱਚ ਬਾਗਬਾਨੀ ਵਿਭਾਗ ਦੇ ਮਾਹਿਰਾਂ ਦੁਆਰਾ ਪ੍ਰਸਾਰ ਸੇਵਾਵਾਂ ਕੇਂਦਰਿਤ ਕਰਨ ਨਾਲ ਹੀ ਸੰਭਵ ਹੋ ਸਕਿਆ, ਜਿਸ ਨਾਲ ਮਾਹਿਰਾਂ ਦੀ ਰਾਇ ਦੀ ਮਹੱਤਤਾ ਦਾ ਵੀ ਇਜ਼ਹਾਰ ਹੋਇਆ ਹੈ।

ਕਿੰਨੂ ਲਿਮੋਨਿਨ ਗਲੂਕੋਸਾਈਡ ਨਾਲ ਭਰਪੂਰ ਹੁੰਦਾ ਹੈ ਜਿਸ ਵਿੱਚ ਬਹੁਤ ਜ਼ਿਆਦਾ ਕਮਾਈ ਦੀ ਸਮਰੱਥਾ ਹੈ। ਅਮਰੀਕਾ ਦੇ ਖੇਤੀਬਾੜੀ ਵਿਭਾਗ (USDA) ਦੀਆਂ 2015 ਵਿੱਚ ਹੋਈਆਂ ਖੋਜਾਂ ਨੇ ਖੁਲਾਸਾ ਕੀਤਾ ਕਿ ਲਿਮੋਨਿਨ ਗਲੂਕੋਸਾਈਡ ਦੀ ਖਪਤ ਜਿਗਰ ਦੇ ਕੈਂਸਰ, ਸ਼ੂਗਰ, ਗੈਰ-ਅਲਕੋਹਲਿਕ ਫੈਟੀ ਲਿਵਰ ਰੋਗ (NAFLD), ਕਾਰਡੀਓਵੈਸਕੁਲਰ ਬਿਮਾਰੀ ਅਤੇ ਗੰਭੀਰ ਗੁਰਦੇ ਦੀ ਬਿਮਾਰੀ ਦੀ ਰੋਕਥਾਮ ਅਤੇ ਇਲਾਜ ਵਿੱਚ ਲਾਭਦਾਇਕ ਹੈ (Kelly, Darshan S. et al, 2015)। ਇਸ ਦਿਲ ਖਿੱਚਵੇਂ ਸੁਨਹਿਰੀ ਫਲ ਦੇ ਅਜਿਹੇ ਚਿਕਿਤਸਕ, ਪੌਸ਼ਟਿਕ ਅਤੇ ਲੰਬੀ ਸ਼ੈਲਫ-ਲਾਈਫ ਵਾਲੇ ਫਾਇਦਿਆਂ ਦੇ ਨਾਲ, ਹੇਠ ਦਿੱਤੇ ਨੀਤੀ ਅਮਲਾਂ ਦੀ ਧੱਕ, ਕਿਸਾਨਾਂ ਦੇ ਮੁਨਾਫ਼ੇ ਵਧਾਉਣ ਅਤੇ ਸਿੱਟੇ ਵਜੋਂ ਵਿਭਿੰਨਤਾ ਲਈ ਇਸ ਫਲ ਹੇਠ ਰਕਬੇ ਦੇ ਵਾਧੇ ਦੀ ਵਿਸ਼ਾਲ ਸਮਰੱਥਾ ਦਾ ਇਜ਼ਹਾਰ ਕਰਦੀ ਹੈ।

**ਨੀਤੀ ਸੰਬੰਧੀ ਸਿਫ਼ਾਰਿਸ਼ਾਂ**

**A. ਪੈਦਾਵਾਰ ਨਾਲ ਸਬੰਧਤ**

1. **ਪ੍ਰਸਾਰ ਸੇਵਾਵਾਂ ਨੂੰ ਮਜ਼ਬੂਤ ਕਰਨਾ**: ਸਾਰੀਆਂ ਖਾਲੀ ਅਸਾਮੀਆਂ ਨੂੰ ਭਰ ਕੇ ਅਤੇ ਵਧੇ ਹੋਏ ਰਕਬੇ ਨੂੰ ਪ੍ਰਸਾਰ ਹੇਠ ਲਿਆਉਣ ਲਈ ਨਵੀਆਂ ਅਸਾਮੀਆਂ ਸਿਰਜ ਕੇ ਖੇਤਾਂ ਵਿੱਚ ਕਿਸਾਨਾਂ ਨੂੰ ਲਗਾਤਰ ਤਕਨੀਕੀ ਸਲਾਹ ਦੇਣ ਲਈ ਆਵਾਜਾਈ ਸਹੂਲਤ ਦੀ ਸਹਾਇਤਾ ਨਾਲ ਪ੍ਰਭਾਵੀ ਪ੍ਰਸਾਰ ਪ੍ਰਣਾਲੀ ਨੂੰ ਯਕੀਨੀ ਬਣਾਓ।
2. **ਵੰਸ਼ ਚੋਣ ਰਾਹੀਂ ਸਿਹਤਮੰਦ ਪੌਦੇ ਤਿਆਰ ਕਰਨਾ**: ਜਾਣੀ-ਪਛਾਣੀ ਵੰਸ਼ ਦੇ ਜਿਣਸੀ ਮਾਂ-ਪੌਦਿਆਂ ਤੋਂ ਪੈਦਾ ਹੋਏ ਰੋਗ ਮੁਕਤ ਸਿਹਤਮੰਦ ਪੌਦਿਆਂ ਦੀ ਉਪਲਬਧਤਾ ਨੂੰ ਯਕੀਨੀ ਬਣਾਓ।
3. **ਨਹਿਰੀ ਪਾਣੀ ਅਤੇ ਬਿਜਲੀ ਸਪਲਾਈ ਦਾ ਸੰਤੁਲਨ ਬਣਾਉਣਾ**: ਇਸ ਸੰਵੇਦਨਸ਼ੀਲ ਫ਼ਸਲ ਦੀਆਂ ਮਹੱਤਵਪੂਰਨ ਵਿਕਾਸ ਲੋੜਾਂ ਅਨੁਸਾਰ ਨਹਿਰੀ ਪਾਣੀ/ਬਿਜਲੀ ਸਪਲਾਈ ਦਾ ਸੁਮੇਲ ਕਰਨਾ ਅਤੇ ਯਕੀਨੀ ਬਣਾਉਣਾ ਤਾਂ ਜੋ ਲੋੜ

ਅਨੁਸਾਰ ਮਿੱਟੀ ਦੀ ਨਮੀ ਦੀ ਸਥਿਤੀ ਨੂੰ ਬਣਾਈ ਰੱਖਿਆ ਜਾ ਸਕੇ।

4. **ਕੁਸ਼ਲ ਸਿੰਚਾਈ ਸਿਸਟਮ ਨੂੰ ਉਤਸ਼ਾਹਿਤ ਕਰਨਾ**: ਫਲਾਂ ਦੀ ਗੁਣਵੱਤਾ ਵਿੱਚ ਸੁਧਾਰ, ਮਜ਼ਦੂਰੀ ਅਤੇ ਪਾਣੀ ਦੀ ਬੱਚਤ ਅਤੇ ਕੁਆਲਟੀ ਪੈਦਾਵਾਰ ਵਾਲੇ ਕਾਰਕਾਂ ਦੀ ਅਨਿਸ਼ਚਿਤਤਾ ਨੂੰ ਘਟਾਉਣ ਲਈ ਸੂਰਜੀ ਊਰਜਾ ਸਮਰਥਿਤ ਸੂਖਮ ਸਿੰਚਾਈ ਤਕਨੀਕਾਂ ਅਤੇ ਪਾਣੀ ਭੰਡਾਰਨ ਟੈਂਕਾਂ ਨੂੰ ਉਤਸ਼ਾਹਿਤ ਕੀਤਾ ਜਾਵੇ।

**B. ਫ਼ਲ ਦੀ ਤੁੜਾਈ ਤੋਂ ਬਾਅਦ ਪ੍ਰਬੰਧਨ ਨਾਲ ਸਬੰਧਤ**

1. **ਕਿੰਨੂ ਦੀ ਕਦਰ ਵਧਾਈ ਦੇ ਬੁਨਿਆਦੀ ਢਾਂਚੇ ਨੂੰ ਅੱਪਗ੍ਰੇਡ ਕਰਨਾ: ੳ)** ਕਿੰਨੂ ਦੀ ਕਦਰ ਵਧਾਈ ਅਤੇ ਦੂਰ-ਦੁਰਾਡੇ ਮੰਡੀਕਰਨ ਲਈ, ਪੰਜ ਸਿਟਰਸ ਅਸਟੇਟਾਂ ਵਿੱਚ ਗ੍ਰੇਡਿੰਗ ਅਤੇ ਵੈਕਸਿੰਗ ਸਹੂਲਤਾਂ ਦੇ ਪੁਰਾਣੇ ਮਾਡਲਾਂ ਨੂੰ ਸਮੇਤ ਪੈਕਿੰਗ ਲਾਈਨਾਂ ਦੇ, 5 ਟਨ/ਘੰਟਾ ਸਮਰੱਥਾ ਦੇ ਨਵੀਨਤਮ ਕੁਸ਼ਲ ਮਾਡਲਾਂ ਨਾਲ ਅਪਗ੍ਰੇਡ ਕੀਤਾ ਜਾਣਾ ਚਾਹੀਦਾ ਹੈ।

   **ਅ)** ਵਿਅਕਤੀਗਤ ਕਿਸਾਨਾਂ ਦੁਆਰਾ ਆਨ-ਫਾਰਮ ਗਰੇਡਿੰਗ, ਵੈਕਸਿੰਗ ਅਤੇ ਪੈਕਿੰਗ ਲਈ 2 ਟਨ/ਘੰਟਾ ਸਮਰੱਥਾ ਵਾਲੇ ਸਮਰੱਥ ਮਾਡਲਾਂ ਨੂੰ ਸਬਸਿਡੀ ’ਤੇ ਉਤਸ਼ਾਹਿਤ ਕੀਤਾ ਜਾਵੇ ਤਾਂ ਜੋ ਵਧੇਰੇ ਪੈਦਾਵਾਰ ਦੇ ਭਰ ਪੈਣ ਸਮੇਂ ਆਮਦ ਨੂੰ ਦੂਰ ਦੇ ਇਲਾਕੇ ਵਿੱਚ ਮੰਡੀਕਰਨ ਕਰਕੇ ਘਟਾਇਆ ਜਾ ਸਕੇ ਅਤੇ ਵਧੇਰੇ ਮੁਨਾਫ਼ਾ ਕਮਾਇਆ ਜਾ ਸਕੇ।

2. **ਸੂਰਜੀ ਊਰਜਾ ਸਮਰਥਿਤ ਕੋਲਡ ਸਟੋਰੇਜ ਨੂੰ ਉਤਸ਼ਾਹਿਤ ਕਰਨਾ: ੳ)** ਕਿੰਨੂ ਦੀ 60-ਦਿਨਾਂ ਦੀ ਲੰਬੀ ਭੰਡਾਰਨ ਸਮਰੱਥਾ ਦੀ ਸਹੀ ਵਰਤੋਂ ਕਰਨ ਲਈ ਪੰਜ ਸਿਟਰਸ ਅਸਟੇਟਾਂ ਵਿੱਚ ਤਾਪਮਾਨ ਅਤੇ ਵਾਤਾਵਰਨ ਨਮੀ ਦੇ ਨਿਯੰਤਰਣ ਵਾਲੇ ਵੱਖਰੇ ਚੈਂਬਰਾਂ ਦੇ ਨਾਲ 1000 ਟਨ ਸਮਰੱਥਾ ਵਾਲੇ ਸੂਰਜੀ ਊਰਜਾ ਸਮਰਥਿਤ ਕੋਲਡ ਸਟੋਰ ਸਥਾਪਿਤ ਕਰਨ ਦੀ ਜ਼ਰੂਰਤ ਹੈ। ਇਹ ਮਾਡਲ ਸਥਾਨਕ ਬਾਜ਼ਾਰਾਂ ਵਿੱਚ ਤੇਜ਼ ਮੰਗ ਦੇ ਸਮੇਂ ਵਿੱਚ ਸੁਸਾਇਟੀ/ਕਿਸਾਨ ਮੈਂਬਰਾਂ ਦੇ ਉਤਪਾਦਾਂ ਨੂੰ ਵੇਚ ਕੇ ਆਮਦਨ ਵਧਾਉਣ ਦੇ ਤਰੀਕੇ ਨੂੰ ਪ੍ਰਦਰਸ਼ਿਤ ਕਰਨ ਵਿੱਚ ਸਹਾਇਤਾ ਕਰਨਗੇ।

   **ਅ)** ਵਿਅਕਤੀਗਤ ਕਿਸਾਨਾਂ ਲਈ 10 ਤੋਂ 100 ਟਨ ਦੀ ਸਮਰੱਥਾ ਵਾਲੇ ਆਨ-ਫਾਰਮ ਸੂਰਜੀ ਊਰਜਾ ਸਮਰਥਿਤ ਕੋਲਡ ਸਟੋਰਾਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

**C. ਮੰਡੀਕਰਨ ਨਾਲ ਸਬੰਧਤ**

1. **ਵਿਸ਼ੇਸ਼ ਰੇਲ ਕੋਚਾਂ ਰਾਹੀਂ ਕਿੰਨੂ ਦੀ ਆਵਾਜਾਈ ਦੀ ਸਹੂਲਤ**: ਭਾਰਤ ਦੀਆਂ ਮੁਨਾਫ਼ੇ ਵਾਲੀਆਂ ਦੂਰ-ਦੁਰਾਡੇ ਦੀਆਂ ਮੰਡੀਆਂ ਵਿੱਚ ਦੋ ਮਹੀਨਿਆਂ (ਜਨਵਰੀ-ਫਰਵਰੀ) ਦੌਰਾਨ 10 ਲੱਖ ਟਨ ਕਿੰਨੂ ਦੇ ਮੰਡੀਕਰਨ ਕਰਨ ਲਈ, ਪੰਜਾਬ ਦੇ ਪੈਦਾਵਾਰੀ ਕੇਂਦਰਾਂ ਤੋਂ ਰਿਆਇਤੀ ਭਾੜੇ ਦੇ ਨਾਲ ਵਿਸ਼ੇਸ਼ ਰੇਲ ਕੋਚ/ਰੀਫਰ ਬੋਗੀਆਂ ਨੂੰ ਯਾਤਰੀ/ਮਾਲ ਗੱਡੀਆਂ ਨਾਲ ਜੋੜਿਆ ਜਾਣਾ ਚਾਹੀਦਾ ਹੈ।

2. **ਕਿੰਨੂ ਨਿਰਯਾਤ ਲਈ ਆਵਾਜਾਈ ਦੇ ਖਰਚੇ ਘਟਾਓ**: ਇੱਕ ਭੂਮੀ-ਬੰਦ ਰਾਜ ਹੋਣ ਦੇ ਨਾਤੇ, ਪੰਜਾਬ ਬੰਦਰਗਾਹਾਂ ਤੋਂ ਬਹੁਤ ਦੂਰ ਹੈ ਅਤੇ ਆਵਾਜਾਈ ਦੇ ਜਿਆਦਾ ਖਰਚਿਆਂ ਕਾਰਨ ਪਾਕਿਸਤਾਨ ਨਾਲ ਮੁਕਾਬਲਾ ਕਰਨਾ ਮੁਸ਼ਕਲ ਹੋ ਜਾਂਦਾ ਹੈ। ਇਸ ਲਈ ਕਿੰਨੂ ਦੀ ਵਿਸ਼ਾਲ ਨਿਰਯਾਤ ਸਮਰੱਥਾ ਦਾ ਲਾਹਾ ਲੈਣ ਲਈ, ਅੰਦਰੂਨੀ ਰੀਫਰ ਗੱਡੀਆਂ ਦੀ ਢੋਆ-ਢੁਆਈ ਅਤੇ ਸਮੁੰਦਰੀ ਭਾੜੇ ’ਤੇ ਸਬਸਿਡੀ ਦੇਣ ਦੀ ਲੋੜ ਹੈ।

3. **ਟੈਲੀਵਿਜਨ ਮੁਹਿੰਮਾਂ ਰਾਹੀਂ ਕਿੰਨੂ ਦਾ ਪ੍ਰਚਾਰ ਕਰਨਾ**: **ੳ)** ਕਿਨੂੰ ਦੇ ਚਿਕਿਤਸਕ ਅਤੇ ਪੌਸ਼ਟਿਕ ਲਾਭਾਂ ਨੂੰ ਇੱਕ ਕੁਦਰਤੀ ਸਿਹਤ-ਗੁਣਾਂ ਦੀ ਗੁਠਲੀ ਵਜੋਂ ਪ੍ਰਦਰਸ਼ਤ ਕਰਨ ਲਈ ਉਨ੍ਹਾਂ ਸੰਬੰਧਿਤ ਸੂਬਿਆਂ ਅਤੇ ਦੇਸ਼ਾਂ ਦੀਆਂ ਜ਼ੁਬਾਨਾਂ ’ਚ, ਇਸਦੇ ਧੁਆਂਧਾਰ ਸਿਹਤ ਜਾਗਰੂਕਤਾ ਟੀ ਵੀ ਇਤਸ਼ਹਾਰਾਂ ਨੂੰ ਯਕੀਨੀ ਬਣਾਇਆ ਜਾਵੇ, ਜਿੱਥੇ ਇਸਦਾ ਮੰਡੀਕਰਨ ਕੀਤਾ ਜਾਣਾ ਹੈ। ਇਹ ਖਪਤਕਾਰਾਂ ਅਤੇ ਸਾਰੇ ਹਿੱਸੇਦਾਰਾਂ ਦੇ ਲਾਭ ਲਈ ਇਸ ਦਿਲ ਖਿੱਚਵੇਂ ਫਲ ਦੀ ਤਿੱਖੀ ਮੰਗ ਪੈਦਾ ਕਰੇਗਾ ਤੇ ਨਾਲ ਹੀ ਇਸਦੀ ਪ੍ਰਤੀ ਵਿਅਕਤੀ ਖਪਤ ਨੂੰ ਵਧਾਕੇ ਇਸਦੇ ਵਧੇ ਹੋਏ ਮੁਨਾਫ਼ੇ ਦੇ ਅਸਰਾਂ

ਨਾਲ ਇਸਦੇ ਰਕਬੇ ਦੇ ਵਾਧੇ ਅਤੇ ਵਿਭਿੰਨਤਾ 'ਚ ਯੋਗਦਾਨ ਪਾਏਗਾ।

**ਅ)** ਇਸ ਨੂੰ ਲੋੜੀਂਦੇ ਬੁਨਿਆਦੀ ਢਾਂਚੇ ਅਤੇ ਭਰੋਸੇਯੋਗ ਖਰੀਦਦਾਰਾਂ ਨਾਲ ਸੰਬੰਧ ਜੋੜਦਿਆਂ ਦੂਰ-ਦੁਰਾਡੇ ਦੇ ਮੰਡੀਕਰਨ ਅਤੇ ਨਿਰਯਾਤ ਦੀ ਸਹੂਲਤ ਦੁਆਰਾ ਸਮਰਥਨ ਕੀਤਾ ਜਾਣਾ ਚਾਹੀਦਾ ਹੈ।

**ੲ)** ਕਿੰਨੂ ਨੂੰ ਮਿਡ-ਡੇਅ ਮੀਲ ਪ੍ਰੋਗਰਾਮ ਵਿੱਚ ਸ਼ਾਮਿਲ ਕਰਕੇ ਇੱਕ ਸਿਹਤਮੰਦ ਪੌਸ਼ਟਿਕ ਭੋਜਨ ਵਜੋਂ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

### D. ਪ੍ਰੋਸੈਸਿੰਗ ਸੰਬੰਧਿਤ

1. **ਤਾਜ਼ੇ ਕਿੰਨੂ ਦੇ ਜੂਸ ਨੂੰ ਉਤਸ਼ਾਹਿਤ ਕਰਨਾ**: ਕਿੰਨੂ ਦਾ ਤਾਜ਼ਾ ਜੂਸ, ਜੋ ਕਿ ਖਣਿਜਾਂ, ਵਿਟਾਮਿਨਾਂ, ਕੈਰੋਟੀਨ ਅਤੇ ਸਿਹਤਮੰਦ ਲਿਮੋਨਿਨ ਗਲੂਕੋਸਾਈਡ ਨਾਲ ਭਰਪੂਰ ਸ਼ੂਗਰ-ਐਸਿਡ ਮਿਸ਼ਰਣ ਯੁਕਤ ਹੈ, ਨੂੰ ਉਪਲਬਧ ਉਪਕਰਨਾਂ ਦੀ ਮਦਦ ਨਾਲ ਕੱਢਿਆ ਜਾਣਾ ਚਾਹੀਦਾ ਹੈ, ਜੋ ਕਿ ਕੁੜੱਤਣ ਤੋਂ ਬਚਣ ਲਈ ਇਸ ਦੇ ਬੀਜ ਅਤੇ ਛਿਲਕੇ ਨੂੰ ਨਾਲ ਨਹੀਂ ਪੀਸਦੇ। ਰਾਜ ਦੇ ਸਾਰੇ ਪਿੰਡਾਂ ਅਤੇ ਸ਼ਹਿਰੀ ਕੇਂਦਰਾਂ ਵਿੱਚ ਹੋਰ ਮੌਸਮੀ ਤਾਜ਼ੇ ਫਲਾਂ ਦੇ ਜੂਸ ਅਤੇ ਸਬਜ਼ੀਆਂ ਦੇ ਸੂਪ ਦੇ ਨਾਲ ਇਸ ਦੇ ਸਿੱਧੇ ਮੰਡੀਕਰਨ ਨੂੰ ਜੂਸ/ਸੂਪ ਦੁਕਾਨਾਂ ਖੋਲ੍ਹ ਕੇ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।
2. **ਕਿੰਨੂ ਦੀ ਰਹਿੰਦ-ਖੂੰਹਦ ਤੋਂ ਉਪ-ਉਤਪਾਦ ਤਿਆਰ ਕਰਨਾ**: ਜੂਸ ਕੱਢਣ ਤੋਂ ਬਾਅਦ ਬਚੇ ਹੋਏ ਛਿਲਕੇ, ਗੁੱਦੇ ਅਤੇ ਬੀਜਾਂ ਨੂੰ ਕਾਸਮੈਟਿਕ, ਫਲੇਵਰਿੰਗ, ਫਾਰਮਾ ਅਤੇ ਹੋਰ ਉਪ-ਉਤਪਾਦ ਬਣਾਉਣ ਲਈ ਪ੍ਰੋਸੈਸ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਕਿੰਨੂ ਫਲਾਂ ਦੇ ਰਹਿੰਦ-ਖੂੰਹਦ ਤੋਂ ਕਮਾਈ ਕੀਤੀ ਜਾ ਸਕੇ।
3. **ਲਿਮੋਨਿਨ ਗਲੂਕੋਸਾਈਡ ਦੇ ਔਸ਼ਧੀ ਗੁਣਾਂ ਦੀ ਵਰਤੋਂ**: ਭਰਪੂਰ ਚਿਕਿਤਸਕ ਗੁਣਾਂ ਵਾਲਾ 'ਲਿਮੋਨਿਨ ਗਲੂਕੋਸਾਈਡ' ਗਲੋਬਲ ਮੰਡੀ ਵਿੱਚ ਇੱਕ ਬਹੁਤ ਉੱਚ ਕੀਮਤ ਵਾਲਾ ਉਤਪਾਦ ਹੈ ਅਤੇ ਇਸਨੂੰ ਕਿੰਨੂ ਦੇ ਜੂਸ ਵਿੱਚੋਂ ਕੱਢਿਆ ਜਾਣਾ ਚਾਹੀਦਾ ਹੈ।
4. **ਉੱਚ-ਮੁੱਲ ਵਾਲੇ ਕਿੰਨੂ-ਅਧਾਰਿਤ ਸ਼ਰਾਬ ਉਤਪਾਦਾਂ ਦੀ ਪੈਦਾਵਾਰ**: ਹਾਲ ਵਿੱਚ ਕਿੰਨੂ ਤੋਂ ਇੱਕ ਉੱਚ ਮੁੱਲ ਵਾਲੇ ਸ਼ਰਾਬ ਉਤਪਾਦ (GIN) ਨੂੰ ਬਣਾਉਣ ਲਈ ਪ੍ਰੋਸੈਸ ਕੀਤਾ ਗਿਆ ਹੈ ਅਤੇ ਚੰਗੀ ਸਫਲਤਾ ਨਾਲ ਮੰਡੀਕਰਨ ਵੀ ਕੀਤਾ ਗਿਆ ਹੈ।

ਇਸ ਸੰਬੰਧ ਵਿੱਚ ਹੁਸ਼ਿਆਰਪੁਰ ਅਤੇ ਅਬੋਹਰ ਵਿਖੇ ਪੰਜਾਬ ਐਗਰੋ ਦੀਆਂ ਦੋ ਬਹੁ-ਮੰਤਵੀ ਪ੍ਰੋਸੈਸਿੰਗ ਸੁਵਿਧਾਵਾਂ ਵਿੱਚ ਨਵੀਨਤਮ ਕੁਸ਼ਲ ਨਿੰਬੂ ਜਾਤੀ ਵਿਸ਼ੇਸ਼ ਉਪਕਰਣਾਂ ਨੂੰ ਜੋੜਿਆ ਜਾਣਾ ਚਾਹੀਦਾ ਹੈ। ਇਹ ਸੁਵਿਧਾਵਾਂ ਕਿੰਨੂ ਦੇ ਜੂਸ, ਛਿਲਕੇ, ਗੁੱਦਾ, ਬੀਜ ਅਤੇ ਸਿਹਤਮੰਦ ਤੱਤ 'ਲਿਮੋਨਿਨ ਗਲੂਕੋਸਾਈਡ' ਦੀ ਉਪਰੋਕਤ ਪ੍ਰੋਸੈਸਿੰਗ ਸਮਰੱਥਾ ਦੀ ਵਰਤੋਂ ਕਰਨਗੀਆਂ। ਇਹ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਕਮਾਏ ਗਏ ਮੁੱਲ ਦਾ ਇੱਕ ਹਿੱਸਾ ਕਿਸਾਨਾਂ ਤੱਕ ਪਹੁੰਚਣਾ ਚਾਹੀਦਾ ਹੈ ਤਾਂ ਜੋ ਉਹਨਾਂ ਦੇ ਮੁਨਾਫ਼ੇ ਨੂੰ ਵਧਾਇਆ ਜਾ ਸਕੇ ਅਤੇ ਨਤੀਜੇ ਵਜੋਂ ਰਕਬੇ ਦੇ ਵਿਸਥਾਰ ਨਾਲ ਵਿਭਿੰਨਤਾ ਵਿੱਚ ਵਾਧਾ ਹੋ ਸਕੇ।

### II. ਨਾਸ਼ਪਤੀ

ਨਾਸ਼ਪਤੀ ਦਾ ਫਲ ਮਿੱਟੀ ਅਤੇ ਜਲਵਾਯੂ ਦੀ ਵਿਸ਼ਾਲ ਅਨੁਕੂਲਤਾ ਦੇ ਕਾਰਨ ਪੰਜਾਬ ਦੇ ਨੀਮ-ਗਰਮ ਜਲਵਾਯੂ ਵਾਲੇ ਖੇਤਰ ਵਿੱਚ 4692 ਹੈਕਟੇਅਰ ਰਕਬੇ ਨਾਲ ਰਾਜ ਦੇ ਚੌਥੇ ਸਭ ਤੋਂ ਮਹੱਤਵਪੂਰਨ ਫਲ ਵਜੋਂ ਉੱਭਰਿਆ ਹੈ ਜਿਸਦੀ ਉਤਪਾਦਿਕਤਾ 23.5 ਮੀਟ੍ਰਿਕ ਟਨ/ ਹੈਕਟੇਅਰ ਹੈ ਅਤੇ ਉਤਪਾਦਨ 110236 ਮੀਟ੍ਰਿਕ ਟਨ ਹੈ (ਅਨੁਲੱਗ IX)। ਨਾਸ਼ਪਤੀ ਦੇ ਬੂਟੇ ਤੇ ਫਲ ਦਾ ਸਖ਼ਤਜਾਨ ਹੋਣਾ, ਲਗਾਤਰ ਹਰ ਸਾਲ ਫਲ ਲੱਗਣਾ, ਜਿਆਦਾ ਝਾੜ, ਸੌਖੀ ਪ੍ਰੋਸੈਸਿੰਗ ਅਤੇ ਲੰਬੀ ਭੰਡਾਰਨ ਸ਼ਕਤੀ ਤੇ ਸ਼ੈਲਫ ਲਾਈਫ ਕਾਰਨ ਇਸਦੇ ਰਕਬੇ ਦੇ ਵਿਸਥਾਰ ਅਤੇ ਮੰਡੀਕਰਨ ਵਿੱਚ ਮਦਦ ਮਿਲੀ ਹੈ। ਇਸਦੇ ਰੁੱਖਾਂ ਦੀ ਉਮਰ ਅੱਧੀ ਸਦੀ ਤੋਂ ਵੱਧ ਲੰਮੀ ਹੋਣ ਕਾਰਨ, ਇਸ ਵਿੱਚ ਅਗਲੀ

ਪੀੜ੍ਹੀ ਨੂੰ ਵੀ ਅਮੀਰ ਬਣਾਉਣ ਦੀ ਸਮਰੱਥਾ ਹੈ। ਭਾਵੇਂ ਕਿ ਨਾਸ਼ਪਾਤੀ ਦੀਆਂ 'ਪੱਥਰ ਨਾਖ' ਅਤੇ 'ਪੰਜਾਬ ਨਾਖ' ਕਿਸਮਾਂ ਦੀ ਵਪਾਰਕ ਸਮਰੱਥਾ ਹੈ, ਪਰ ਪ੍ਰਭਾਵੀ ਪ੍ਰਸਾਰ ਸੇਵਾਵਾਂ ਦੀ ਘਾਟ ਕਾਰਨ, ਇਹਨਾਂ ਕਿਸਮਾਂ ਹੇਠ ਰਕਬਾ ਹੌਲੀ ਰਫ਼ਤਾਰ ਨਾਲ ਵੱਧ ਰਿਹਾ ਹੈ। ਇਸਦੇ ਕੁਦਰਤੀ ਪੈਦਾਵਾਰੀ ਇਲਾਕੇ ਅੰਮ੍ਰਿਤਸਰ-ਤਰਨਤਾਰਨ ਦੇ ਖੇਤਰ ਵਿੱਚ ਬਣੇ 'ਨਾਸ਼ਪਾਤੀ ਅਸਟੇਟ' ਨੇ ਇਸ ਦੇ ਫਲ ਹੇਠ ਰਕਬੇ ਦੇ ਵਿਸਥਾਰ ਅਤੇ ਗੁਣਵੱਤਾ ਵਾਲੇ ਉਤਪਾਦਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

**ਨੀਤੀ ਸੰਬੰਧੀ ਸਿਫ਼ਾਰਿਸ਼ਾਂ**

1. **ਕੋਲਡ ਸਟੋਰ ਦੀਆਂ ਸਹੂਲਤਾਂ ਪ੍ਰਦਾਨ ਕਰਨਾ: ੳ)** ਨਾਸ਼ਪਾਤੀ ਦੇ ਫਲ ਦੀ ਤੁੜਾਈ ਜੁਲਾਈ ਵਿੱਚ ਕੀਤੀ ਜਾਂਦੀ ਹੈ, ਜਦੋਂ ਕਿ ਪੱਛਮੀ ਬੰਗਾਲ, ਬਿਹਾਰ, ਆਸਾਮ ਆਦਿ ਦੇ ਦੂਰ-ਦੁਰਾਡੇ ਬਾਜ਼ਾਰਾਂ ਵਿੱਚ ਇਸ ਫਲ ਦੀ ਮੁੱਖ ਮੰਗ ਅਕਤੂਬਰ ਮਹੀਨੇ ਵਿਚਲੇ ਦੁਰਗਾ ਪੂਜਾ ਦੇ ਤਿਉਹਾਰ ਦੌਰਾਨ ਹੁੰਦੀ ਹੈ। ਕਿਉਂਕਿ ਫਲਾਂ ਨੂੰ ਕੋਲਡ ਸਟੋਰ ਵਿੱਚ 3 ਮਹੀਨਿਆਂ ਤੱਕ ਸੁਰੱਖਿਅਤ ਢੰਗ ਨਾਲ ਭੰਡਾਰਨ ਕੀਤਾ ਜਾ ਸਕਦਾ ਹੈ, ਇਸ ਲਈ ਨਾਸ਼ਪਤੀ ਅਸਟੇਟ, ਅੰਮ੍ਰਿਤਸਰ ਵਿਖੇ ਇਸ ਦੇ ਕਿਸਾਨ ਮੈਂਬਰਾਂ ਲਈ ਸੂਰਜੀ ਊਰਜਾ ਨਾਲ ਚੱਲਣ ਵਾਲਾ ਵੱਖ-ਵੱਖ ਚੈਂਬਰਾਂ ਵਾਲਾ 1000 ਮੀਟ੍ਰਿਕ ਟਨ ਸਮਰੱਥਾ ਦਾ ਕੋਲਡ ਸਟੋਰ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ।

   **ਅ)** ਤੁੜਾਈ ਤੋਂ ਬਾਅਦ ਹੋਣ ਵਾਲੇ ਨੁਕਸਾਨ ਨੂੰ ਰੋਕਣ ਅਤੇ ਮੰਡੀਕਰਨ ਦੀ ਮਿਆਦ ਵਧਾਉਣ ਲਈ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ (MPCS) ਲਈ ਅਤੇ ਵਿਅਕਤੀਗਤ ਕਿਸਾਨਾਂ ਲਈ 100 ਮੀਟ੍ਰਿਕ ਟਨ ਤੱਕ ਦੀ ਸਮਰੱਥਾ ਵਾਲੇ ਆਨ-ਫਾਰਮ ਕੋਲਡ ਸਟੋਰਾਂ ਦਾ ਨਿਰਮਾਣ ਕੀਤਾ ਜਾਣਾ ਚਾਹੀਦਾ ਹੈ। ਪੇਂਡੂ ਕੋਲਡ ਚੇਨ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਭਾਰਤ ਸਰਕਾਰ ਦੀ ਮਿਲ ਰਹੀ 35 ਪ੍ਰਤੀਸ਼ਤ ਸਬਸਿਡੀ ਨੂੰ ਰਾਜ ਵੱਲੋਂ ਬਰਾਬਰ ਹਿੱਸੇ ਦੀ ਸਬਸਿਡੀ ਦੇ ਕੇ ਨਾਲ ਜੋੜਿਆ ਜਾਣਾ ਚਾਹੀਦਾ ਹੈ। ਇਸ ਦੇ ਨਤੀਜੇ ਵਜੋਂ ਉਤਪਾਦਕਾਂ ਦੇ ਮੁਨਾਫ਼ੇ ਵਿੱਚ ਵਾਧਾ ਹੋਵੇਗਾ ਅਤੇ ਨਾਸ਼ਪਤੀ ਅਧੀਨ ਰਕਬਾ ਵਧੇਗਾ।

2. **ਨਾਸ਼ਪਾਤੀ ਦੀ ਕਾਸ਼ਤ ਦਾ ਮਸ਼ੀਨੀਕਰਨ**: ਨਾਸ਼ਪਾਤੀ ਦੇ ਬਾਗਾਂ ਲਈ ਲੋੜੀਂਦੀ ਨਵੀਨਤਮ ਮਸ਼ੀਨਰੀ/ਉਪਕਰਨਾਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਕਿਰਾਏ 'ਤੇ ਵਰਤਣ ਲਈ ਉਪਰੋਕਤ ਖੇਤਰ ਦੀਆਂ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਜਿਸ ਨਾਲ ਖੇਤੀ ਲਾਗਤਾਂ ਨੂੰ ਘਟਾਇਆ ਜਾ ਸਕਦਾ ਹੈ।

3. **ਕਦਰ ਵਧਾਈ ਲਈ ਪ੍ਰੋਸੈਸਿੰਗ**: ਨਾਸ਼ਪਾਤੀ ਦੀ ਪੇਸਟ ਅਤੇ ਹੋਰ ਉਤਪਾਦ ਜਿਹਨਾਂ ਦੀ ਬਹੁਤ ਜ਼ਿਆਦਾ ਮੰਗ ਹੈ, ਨੂੰ ਪੰਜਾਬ ਐਗਰੋ (PAIC) ਅਤੇ ਮਾਰਕਫੈੱਡ ਦੁਆਰਾ ਨਾਸ਼ਪਤੀ ਦੀ ਪ੍ਰੋਸੈਸਿੰਗ ਨਾਲ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।

4. **ਤੁਪਕਾ ਸਿੰਚਾਈ ਨੂੰ ਉਤਸ਼ਾਹਿਤ ਕਰਨਾ**: ਨਾਸ਼ਪਾਤੀ ਵਿੱਚ ਤੁਪਕਾ ਸਿੰਚਾਈ ਪ੍ਰਣਾਲੀ ਦੇ ਨਾਲ ਮਜ਼ਦੂਰੀ ਖਰਚਿਆਂ ਦੀ ਬੱਚਤ, ਘੱਟ ਸਪਰੇਆਂ ਅਤੇ ਫਲਾਂ ਦੀ ਗੁਣਵੱਤਾ ਵਿੱਚ ਸੁਧਾਰ ਦੇ ਨਾਲ 30-40 ਪ੍ਰਤੀਸ਼ਤ ਪਾਣੀ ਦੀ ਬੱਚਤ ਹੁੰਦੀ ਹੈ। ਇਸਦੀ ਕੁਸ਼ਲਤਾ ਵਧਾਉਣ ਅਤੇ ਵਾਤਾਵਰਨ ਨੂੰ ਬਿਹਤਰ ਬਣਾਉਣ ਲਈ ਸਮਰਪਿਤ ਸਬਸਿਡੀ ਦੇ ਨਾਲ ਗਰਿੱਡ-ਲਿੰਕਡ ਸੋਲਰ ਸਿਸਟਮ ਨਾਲ ਜੋੜ ਕੇ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

5. **ਭਾੜੇ 'ਤੇ ਸਬਸਿਡੀ ਦੇਣਾ: ੳ)** ਪੰਜਾਬ ਦੀ ਇੱਕ ਲੱਖ ਮੀਟ੍ਰਿਕ ਟਨ ਨਾਸ਼ਪਤੀ ਦੀ ਪੈਦਾਵਾਰ ਦਾ ਨਿਰਯਾਤ ਕਰਨਾ ਇੱਕ ਜ਼ਰੂਰਤ ਹੈ, ਤਾਂ ਜੋ ਛੋਟੇ ਅਤੇ ਸੀਮਾਂਤ ਕਿਸਾਨ ਸਥਾਨਕ ਪੱਧਰ 'ਤੇ ਫਲਾਂ ਨੂੰ ਬਿਨਾਂ ਕਿਸੇ ਬਹੁਤਾਂਤ ਦੀ ਸਥਿਤੀ ਦਾ ਸਾਹਮਣਾ ਕੀਤੇ ਵਾਜਬ ਕੀਮਤ 'ਤੇ ਵੇਚ ਸਕਣ। ਤੇਲ ਉਪਰ ਵਾਰ-ਵਾਰ ਹੋਣ ਵਾਲੇ ਟੈਕਸਾਂ ਦੇ ਵਾਧੇ ਨੇ ਦੂਰ ਦੀਆਂ ਮੰਡੀਆਂ ਤੱਕ ਪਹੁੰਚ ਕਰਨ ਲਈ ਆਵਾਜਾਈ ਦੇ ਖਰਚੇ ਵਧਾ ਦਿੱਤੇ ਹਨ। ਇਸ ਲਈ ਪੰਜਾਬ ਤੋਂ ਦਿੱਲੀ

ਦੀ ਮੰਡੀ ਅਤੇ ਹੋਰ ਦੂਰ-ਦੁਰਾਡੇ ਦੀਆਂ ਮੰਡੀਆਂ ਵਿੱਚ ਨਾਸ਼ਪਾਤੀ ਦੀ ਬਰਾਮਦ ਕਰਨ ਲਈ ਭਾੜੇ 'ਤੇ 25 ਫ਼ੀਸਦੀ ਸਬਸਿਡੀ ਦਿੱਤੀ ਜਾਵੇ ਅਤੇ ਦੂਰ-ਦੁਰਾਡੇ ਦੀ ਮੰਡੀ ਦੀ ਸੀਮਾ ਹੱਦ 500 ਕਿਲੋਮੀਟਰ ਦੀ ਬਜਾਏ 250 ਕਿਲੋਮੀਟਰ ਕੀਤੀ ਜਾਵੇ।

**ਅ)** ਆਵਾਜਾਈ ਦੀ ਲਾਗਤ ਨੂੰ ਘਟਾਉਣ ਲਈ ਸਬਸਿਡੀ ਵਾਲੇ ਭਾੜੇ ਨਾਲ ਅੰਮ੍ਰਿਤਸਰ ਤੋਂ ਪੱਛਮੀ ਬੰਗਾਲ ਜਾਣ ਵਾਲੀਆਂ ਯਾਤਰੀ/ਮਾਲ ਰੇਲਗੱਡੀਆਂ ਨਾਲ ਵਿਸ਼ੇਸ਼ ਕੋਚ/ਰੀਫਰ ਬੋਗੀਆਂ ਨੂੰ ਜੋੜਿਆ ਜਾਵੇ।

6. **ਫਲ ਲੱਗਣ ਤੋਂ ਪਹਿਲਾਂ ਵਿੱਤੀ ਸਹਾਇਤਾ**: ਨਾਸ਼ਪਾਤੀ ਦੇ ਰੁੱਖ ਵਿੱਚ ਲੰਬੇ ਸਮੇਂ ਤੱਕ ਫਲ ਨਾ ਲੱਗਣ ਕਾਰਨ (5-6 ਸਾਲ) ਇਸਦੀ ਪੈਦਾਵਾਰ ਦੇ ਸਮੇਂ ਤੋਂ ਪਹਿਲਾਂ ਫਿਲਰ ਪਲਾਂਟੇਸ਼ਨ ਲਈ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ।

7. **ਨਰਸਰੀਆਂ ਦਾ ਸੁਧਾਰ**: ਪੀਏਯੂ/ਪੰਜਾਬ ਸਰਕਾਰ ਦੀਆਂ ਨਰਸਰੀਆਂ ਨੂੰ ਸੁਧਾਰ ਕੇ ਬਿਹਤਰ ਬਨਾਉਣਾ ਚਾਹੀਦਾ ਹੈ ਅਤੇ ਫਲ ਲੱਗਣ ਦੇ ਲੰਬੇ ਸਮੇਂ (ਜੁਵੇਨਾਇਲ ਪੀਰੀਅਡ) ਨੂੰ ਘਟਾਉਣ ਲਈ ਕਿਸਾਨਾਂ ਨੂੰ 2 ਸਾਲ ਪੁਰਾਣੇ ਪੌਦੇ ਸਪਲਾਈ ਕਰਨ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਣੇ ਚਾਹੀਦੇ ਹਨ।

### III. ਲੀਚੀ

ਪੰਜਾਬ ਵਿੱਚ ਲੀਚੀ ਦੀ ਕਾਸ਼ਤ 3775 ਹੈਕਟਰ ਰਕਬੇ 'ਤੇ ਕੀਤੀ ਜਾਂਦੀ ਹੈ। ਲੀਚੀ ਦੇ ਝਾੜ ਦੇ ਮਾਮਲੇ ਵਿੱਚ ਪੰਜਾਬ ਪੂਰੇ ਭਾਰਤ ਵਿੱਚੋਂ ਮੋਹਰੀ ਸੂਬਾ ਹੈ ਅਤੇ 2022-23 ਵਿੱਚ ਇਸਦੀ ਉਤਪਾਦਕਤਾ 16.5 ਮੈਟ੍ਰਿਕ ਟਨ/ਹੈਕਟੇਅਰ 'ਤੇ ਪਹੁੰਚ ਗਈ ਸੀ, ਜਿਸ ਤੋਂ ਬਾਅਦ ਝਾਰਖੰਡ ਦੂਸਰੇ ਨੰਬਰ 'ਤੇ ਆਉਂਦਾ ਹੈ ਜਿੱਥੇ ਉਤਪਾਦਕਤਾ 15.7 ਮੈਟ੍ਰਿਕ ਟਨ/ਹੈਕਟੇਅਰ ਹੈ, ਜਦੋ ਕਿ ਰਾਸ਼ਟਰੀ ਔਸਤ ਉਤਪਾਦਕਤਾ 7.4 ਮੈਟ੍ਰਿਕ ਟਨ/ਹੈਕਟੇਅਰ ਹੈ (ਅਨੁਲੱਗ IX) । ਲੀਚੀ ਦੀ ਵਪਾਰਕ ਕਾਸ਼ਤ ਖੇਤੀਬਾੜੀ-ਜਲਵਾਯੂ ਦੇ ਇੱਕ ਤੰਗ ਘੇਰੇ ਤੱਕ ਸੀਮਤ ਹੋਣ ਕਰਕੇ, ਲੀਚੀ ਦੀ ਖੇਤੀ ਨੇ ਰਾਵੀ-ਬਿਆਸ ਦਰਿਆਵਾਂ ਦੇ ਨੇੜੇ ਪਠਾਨਕੋਟ, ਗੁਰਦਾਸਪੁਰ ਅਤੇ ਹੁਸ਼ਿਆਰਪੁਰ ਦੇ ਉਪਜਾਊ ਉੱਚ-ਨਮੀ ਵਾਲੇ ਹਰਿਆਲੀ ਭਰਪੂਰ ਇਲਾਕਿਆਂ ਵਿੱਚ ਬਿਹਤਰੀਨ ਕੁਆਲਟੀ ਅਤੇ ਚਮਕਦਾਰ ਲਾਲ ਰੰਗ ਵਾਲੇ ਦਿਲ ਖਿੱਚਵੇਂ ਫਲਾਂ ਨੂੰ ਪੈਦਾ ਕਰਕੇ ਵੱਡੀ ਸਫਲਤਾ ਪ੍ਰਾਪਤ ਕੀਤੀ ਹੈ।

ਪਠਾਨਕੋਟ ਵਿੱਚ ਲੀਚੀ ਦੇ ਕੁਦਰਤੀ ਪੈਦਾਵਾਰੀ ਇਲਾਕੇ ਵਿੱਚ ਲੀਚੀ ਅਸਟੇਟ ਦੀ ਸਥਾਪਨਾ ਨਾਲ ਇਸਦੀ ਘੱਟ ਸ਼ੈਲਫ ਲਾਈਫ ਅਤੇ ਜਲਦੀ ਖਰਾਬ ਹੋਣ ਯੋਗ ਹੋਣ ਦੇ ਬਾਵਜੂਦ ਇਸਦੀ ਉਤਪਾਦਕਤਾ, ਕੁਆਲਟੀ ਪੈਦਾਵਾਰ ਅਤੇ ਲੀਚੀ ਹੇਠਲੇ ਰਕਬੇ ਦੇ ਵਿਸਥਾਰ ਵਿੱਚ ਵਾਧਾ ਹੋਇਆ। ਪੰਜਾਬ ਦੀ ਲੀਚੀ ਦੀ ਮਹਾਨਗਰਾਂ ਅਤੇ ਦੁਬਈ ਦੇ ਬਾਜ਼ਾਰਾਂ ਵਿੱਚ ਜ਼ੋਰਦਾਰ ਮੰਗ ਹੈ। ਪੰਜਾਬ ਦੀ ਲੀਚੀ ਦੀ ਇੱਕ ਹੋਰ ਸਕਾਰਾਤਮਕ ਵਿਸ਼ੇਸ਼ਤਾ ਇਹ ਹੈ ਕਿ ਇਹ ਅੱਧ ਜੂਨ ਤੋਂ ਪੱਕਣ ਲੱਗਦੀ ਹੈ, ਜਦੋਂ ਦੇਸ਼ ਦੇ ਦੂਜੇ ਹਿੱਸਿਆਂ ਤੋਂ ਪੈਦਾਵਾਰ ਪਹਿਲਾਂ ਹੀ ਖਤਮ ਹੋ ਜਾਂਦੀ ਹੈ।

#### ਨੀਤੀ ਸੰਬੰਧੀ ਸਿਫ਼ਾਰਿਸ਼ਾਂ

1. **ਤਕਨੀਕੀ ਸਹਾਇਤਾ ਪ੍ਰਦਾਨ ਕਰਨਾ**: ਬਜ਼ਾਰ ਵਿੱਚ ਲਾਹੇਵੰਦ ਮੁੱਲ ਪ੍ਰਾਪਤ ਕਰਨ ਲਈ ਲੀਚੀ ਫਲ ਦੇ ਨੱਟ-ਬੋਰਰ ਅਤੇ ਫਲ ਦੇ ਫ਼ਟਣ ਦੀਆਂ ਸਮੱਸਿਆਵਾਂ ਤੋਂ ਮੁਕਤ ਗੁਣਵੱਤਾ ਭਰਪੂਰ ਫਲ ਦਾ ਉਤਪਾਦਨ ਹੋਣਾ ਇੱਕ ਪਹਿਲੀ ਸ਼ਰਤ ਹੈ। ਅਜਿਹੀ ਉਪਜ ਨੂੰ ਯਕੀਨੀ ਬਣਾਉਣ ਲਈ, ਮਾਹਿਰਾਂ/ਬਾਗਬਾਨੀ ਵਿਕਾਸ ਅਫ਼ਸਰਾਂ ਅਤੇ ਸਹਾਇਕ ਸਟਾਫ ਦੀਆਂ ਸਾਰੀਆਂ ਖਾਲੀ ਅਸਾਮੀਆਂ ਨੂੰ ਭਰ ਕੇ ਲਗਾਤਾਰ ਤਕਨੀਕੀ ਗਿਆਨ ਮੁਹੱਈਆ ਕੀਤਾ ਜਾਣਾ ਚਾਹੀਦਾ ਹੈ।

2. **ਕੋਲਡ ਚੇਨ ਨੂੰ ਯਕੀਨੀ ਬਣਾਉਣਾ ਅਤੇ ਭਾੜੇ 'ਤੇ ਸਬਸਿਡੀ ਦੇਣਾ**: ਮੁੰਬਈ ਅਤੇ ਦੁਬਈ ਵਰਗੇ ਉੱਚ ਖਰੀਦ ਸ਼ਕਤੀ ਵਾਲੇ ਸ਼ਹਿਰਾਂ ਦੇ ਬਾਜ਼ਾਰਾਂ ਵਿੱਚ ਚੰਗੀ ਗੁਣਵੱਤਾ ਵਾਲੀ ਲੀਚੀ ਦੀ ਬਹੁਤ ਮੰਗ ਹੈ, ਪਰ ਇਸਦੇ ਜਲਦੀ ਖਰਾਬ

ਹੋਣ ਕਾਰਨ ਅਤੇ ਘੱਟ ਸ਼ੈਲਫ ਲਾਈਫ ਕਾਰਨ, ਬਾਗਾਂ ਤੋਂ ਅੰਮ੍ਰਿਤਸਰ ਹਵਾਈ ਅੱਡੇ ਤੱਕ ਕੋਲਡ ਚੇਨ ਸਹਾਇਤਾ ਦੀ ਲੋੜ ਹੁੰਦੀ ਹੈ। ਨਾਲ ਹੀ, ਉੱਚ ਹਵਾਈ ਭਾੜੇ ਦੀਆਂ ਦਰਾਂ ਨੂੰ ਸਾਵਾਂ ਕਰਨ ਦੀ ਜ਼ਰੂਰਤ ਹੈ। ਇਸ ਸੰਬੰਧ ਵਿੱਚ, ਇੱਕ ਪੈਕ ਹਾਊਸ ਦੇ ਨਾਲ ਤਾਪਮਾਨ ਅਤੇ ਨਮੀ ਨਿਯੰਤਰਣ ਵਾਲੇ ਵੱਖਰੇ ਚੈਂਬਰਾਂ ਵਾਲੀਆਂ ਦੋ ਰੀਫਰ ਵੈਨਾਂ ਅਤੇ 500 ਟਨ ਸਮਰੱਥਾ ਵਾਲੇ ਕੋਲਡ ਸਟੋਰ ਦੀ ਸਥਾਪਨਾ ਲੀਚੀ ਅਸਟੇਟ ਪਠਾਨਕੋਟ ਵਿੱਚ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ ਲੀਚੀ ਦੇ ਕਿਸਾਨਾਂ ਨੂੰ ਹਵਾਈ ਭਾੜੇ 'ਤੇ 20 ਫ਼ੀਸਦੀ ਸਬਸਿਡੀ ਦਿੱਤੀ ਜਾਣੀ ਚਾਹੀਦੀ ਹੈ।

3. **ਫਲ ਲੱਗਣ ਤੋਂ ਪਹਿਲਾਂ ਵਿੱਤੀ ਸਹਾਇਤਾ**: ਲੀਚੀ ਲੰਬੇ ਸਮੇਂ ਬਾਅਦ ਫਲ ਲੱਗਣ ਕਾਰਨ (5-6 ਸਾਲ) ਇਸਦੀ ਪੈਦਾਵਾਰ ਦੇ ਸਮੇਂ ਤੋਂ ਪਹਿਲਾਂ ਫਿਲਰ ਪਲਾਂਟੇਸ਼ਨ ਲਈ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ।

4. **ਗੁਣਵੱਤਾ ਵਾਲੀ ਪੌਦ ਸਮੱਗਰੀ**: ਕੰਟੇਨਰਾਈਜ਼ਡ 2 ਸਾਲ ਪੁਰਾਣੇ ਨਰਸਰੀ ਪੌਦੇ ਉਪਲਬਧ ਕਰਵਾਏ ਜਾਣੇ ਚਾਹੀਦੇ ਹਨ (ਜਿਹਨਾਂ ਦੀ ਉਪਲਬਧਤਾ ਦੀ ਹੁਣ ਘਾਟ ਹੈ) ਅਤੇ ਕਿਸਾਨਾਂ ਨੂੰ ਇਸਦੇ ਫਲ ਲੱਗਣ ਦੇ ਲੰਬੇ ਸਮੇਂ (ਜੁਵਿਨਾਈਲ ਪੀਰੀਅਡ) ਨੂੰ ਘਟਾਉਣ ਲਈ ਸਪਲਾਈ ਕੀਤਾ ਜਾਣਾ ਚਾਹੀਦਾ ਹੈ।

## IV. ਅਮਰੂਦ

ਕਿੰਨੂ-ਸੰਤਰੇ ਤੋਂ ਬਾਅਦ ਅਮਰੂਦ ਪੰਜਾਬ ਦੀ ਸਭ ਤੋਂ ਵੱਧ ਮਹੱਤਵਪੂਰਨ ਫਲਾਂ ਦੀ ਫ਼ਸਲ ਹੈ। ਕੁਦਰਤੀ ਤੌਰ 'ਤੇ ਸਖ਼ਤਜਾਨ ਫ਼ਸਲ ਹੋਣ ਕਾਰਨ ਇਸ ਦੀ ਕਾਸ਼ਤ ਵੱਖ-ਵੱਖ ਮਿੱਟੀ ਅਤੇ ਮੌਸਮੀ ਸਥਿਤੀਆਂ ਅਨੁਸਾਰ ਕੀਤੀ ਜਾ ਸਕਦੀ ਹੈ ਅਤੇ ਇਸ ਲਈ, ਇਸ ਦੀ ਕਾਸ਼ਤ ਪੂਰੇ ਰਾਜ ਵਿੱਚ ਕੀਤੀ ਜਾਂਦੀ ਹੈ। ਇਹ ਖਾਰੇਪਣ ਅਤੇ ਅਸਥਾਈ ਖੜ੍ਹੇ ਪਾਣੀ ਦੀਆਂ ਹਾਲਤਾਂ ਦੇ ਨਾਲ-ਨਾਲ ਸੋਕੇ ਦੀਆਂ ਸਥਿਤੀਆਂ ਲਈ ਵੀ ਮੁਕਾਬਲਤਨ ਸਹਿਣਸ਼ੀਲ ਫ਼ਸਲ ਹੈ। ਵਰਤਮਾਨ ਵਿੱਚ, ਅਮਰੂਦ ਦਾ 12769 ਹੈਕਟੇਅਰ ਰਕਬਾ ਹੈ, ਜਿਸਦਾ ਸਾਲਾਨਾ ਉਤਪਾਦਨ 292872 ਮੈਟ੍ਰਿਕ ਟਨ ਅਤੇ ਉਤਪਾਦਕਤਾ 22 ਟਨ/ਹੈਕਟੇਅਰ ਹੈ (ਅਨੁਲੱਗ IX)।

ਪੰਜਾਬ ਵਿੱਚ ਅਮਰੂਦ ਹੇਠ ਰਕਬਾ ਇਸਦੀ ਜਲਦ ਫਾਲੂ ਹੋਣ (2-3 ਸਾਲ), ਦੋਹਰੀ ਫ਼ਸਲ (ਬਰਸਾਤ ਅਤੇ ਸਰਦੀਆਂ) ਲਈ ਯੋਗ, ਸੰਘਣੇ ਬਾਗ ਲਾਉਣ ਲਈ ਢੁੱਕਵਾਂ ਅਤੇ ਲੰਬੇ ਸਮੇਂ ਤੱਕ ਫਲ ਨਾ ਦੇਣ ਵਾਲੇ ਫਲਾਂ ਦੀਆਂ ਫ਼ਸਲਾਂ (ਅੰਬ, ਲੀਚੀ, ਆਦਿ) ਵਿੱਚ ਲਗਾਏ ਜਾ ਸਕਣ ਅਤੇ ਵਧੀਆ ਪ੍ਰੋਸੈਸਿੰਗ ਸਮਰੱਥਾ ਕਾਰਨ ਤੇਜ਼ੀ ਨਾਲ ਵੱਧ ਰਿਹਾ ਹੈ। ਪੀਏਯੂ, ਲੁਧਿਆਣਾ ਵਿਖੇ ਰੰਗਦਾਰ ਛਿਲਕੇ (ਖਾਣ ਦੇ ਉਦੇਸ਼ਾਂ ਲਈ) ਅਤੇ ਰੰਗਦਾਰ ਗੁੱਦੇ (ਪ੍ਰੋਸੈਸਿੰਗ ਲਈ) ਵਾਲੀਆਂ ਸ਼ਾਨਦਾਰ ਕਿਸਮਾਂ ਵਿਕਸਿਤ ਕੀਤੀਆਂ ਗਈਆਂ ਹਨ। ਪੰਜਾਬ ਸਰਕਾਰ ਨੇ ਰਾਜ ਵਿੱਚ ਅਮਰੂਦ ਦੀ ਖੇਤੀ ਨੂੰ ਹੁਲਾਰਾ ਦੇਣ ਲਈ ਪਟਿਆਲਾ ਵਿਖੇ ਅਮਰੂਦ ਅਸਟੇਟ ਦੀ ਸਥਾਪਨਾ ਕੀਤੀ ਹੈ।

### ਨੀਤੀ ਸੰਬੰਧੀ ਸਿਫ਼ਾਰਿਸ਼ਾਂ

1. **ਪ੍ਰੋਸੈਸਿੰਗ ਯੂਨਿਟ ਸਥਾਪਿਤ ਕਰਨਾ:** ਅਮਰੂਦ ਦੇ ਪ੍ਰੋਸੈਸਿਡ ਉਤਪਾਦਾਂ ਜਿਵੇਂ ਕਿ ਜੂਸ, ਜੈਮ, ਜੈਲੀ, ਬਰਫੀ (ਪਨੀਰ ਬਾਰ), ਰਸ, ਪੀਣ ਲਈ ਤਿਆਰ ਉਤਪਾਦਾਂ, ਸੁਕੈਅਸ਼ ਅਤੇ ਪਾਊਡਰ ਤਿਆਰ ਕਰਨ ਨਾਲ ਚੰਗੇ ਮੰਡੀਕਰਨ ਦੀ ਬਹੁਤ ਸੰਭਾਵਨਾ ਹੈ। ਅਮਰੂਦ ਦੀ ਪ੍ਰੋਸੈਸਿੰਗ ਨੂੰ ਪੰਜਾਬ ਐਗਰੋ ਇੰਡਸਟਰੀ ਕਾਰਪੋਰੇਸ਼ਨ ਰਾਹੀਂ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।

2. **ਜੈਵਿਕ ਉਤਪਾਦਨ 'ਤੇ ਖੋਜ:** ਅਮਰੂਦ ਵਿੱਚ ਵਾਤਾਵਰਨ-ਅਨੁਕੂਲ ਤਕਨੀਕਾਂ ਨੂੰ ਉਤਸ਼ਾਹਿਤ ਕਰਨ ਲਈ ਫ਼ਲ ਦੀ ਮੱਖੀ ਤੋਂ ਮੁਕਤ ਅਤੇ ਕੀਟਨਾਸ਼ਕਾਂ ਦੇ ਰਹਿੰਦ-ਖੂੰਹਦ ਮੁਕਤ ਫ਼ਲਾਂ ਦੇ ਉਤਪਾਦਨ ਲਈ ਖਾਦਾਂ/ਕੀਟਨਾਸ਼ਕਾਂ ਦੀ ਘੱਟ ਵਰਤੋਂ ਦੀ ਲੋੜ ਵਾਲੇ ਏਕੀਕ੍ਰਿਤ ਪੌਸ਼ਟਿਕ ਤੱਤ ਪ੍ਰਬੰਧਨ (INM) ਅਤੇ ਏਕੀਕ੍ਰਿਤ ਕੀਟ ਪ੍ਰਬੰਧਨ (IPM) ਮਾਡਲ ਵਿਕਸਿਤ ਕਰਨ ਦੀ ਜ਼ਰੂਰਤ ਹੈ।

### V. ਆੜੂ ਅਤੇ ਅਲੂਚਾ

ਆੜੂ ਅਤੇ ਅਲੂਚਾ ਠੰਡੇ ਮੌਸਮ ਦੀਆਂ ਫ਼ਸਲਾਂ ਹਨ ਪਰ ਇਹਨਾਂ ਦੀਆਂ ਘੱਟ ਠੰਡ ਲੈਣ ਵਾਲੀਆਂ ਕਿਸਮਾਂ ਨੂੰ ਅਰਧ-ਗਰਮ ਮੌਸਮ ਵਿੱਚ ਵੀ ਸਫਲਤਾਪੂਰਵਕ ਉਗਾਇਆ ਜਾ ਸਕਦਾ ਹੈ। ਵੱਧ ਝਾੜ ਦੇਣ, ਲਗਾਤਾਰ ਫ਼ਲ ਦੇਣ, ਛੇਤੀ ਫਲ ਲੱਗਣ (ਤੀਜੇ ਸਾਲ ਤੋਂ), ਜਲਦੀ ਪੱਕਣ (ਅਪ੍ਰੈਲ ਦੇ ਤੀਜੇ ਹਫ਼ਤੇ ਤੋਂ ਅੱਧ ਮਈ) ਵਰਗੇ ਬਹੁਤ ਸਾਰੇ ਫ਼ਾਇਦਿਆਂ ਕਾਰਨ ਪਿਛਲੇ ਕੁਝ ਸਾਲਾਂ ਦੌਰਾਨ ਆੜੂ ਅਤੇ ਅਲੂਚਾ ਦੀ ਘੱਟ ਠੰਡ ਲੈਣ ਵਾਲੀਆਂ ਕਿਸਮਾਂ ਦੀ ਕਾਸ਼ਤ ਨੇ ਪੰਜਾਬ ਵਿੱਚ ਮਹੱਤਵਪੂਰਨ ਥਾਂ ਹਾਸਲ ਕੀਤੀ ਹੈ। ਜਲਦੀ ਪੱਕਣ ਕਾਰਨ, ਉਤਪਾਦਕਾਂ ਨੂੰ ਆੜੂ ਅਤੇ ਅਲੂਚੇ ਦੇ ਪੱਕਣ ਸਮੇਂ ਮੰਡੀ ਵਿੱਚ ਹੋਰ ਤਾਜ਼ੇ ਫਲਾਂ ਦੀ ਉਪਲਬਧਤਾ ਨਾ ਹੋਣ ਕਾਰਨ ਲਾਹੇਵੰਦ ਭਾਅ ਮਿਲਦੇ ਹਨ। ਇਨ੍ਹਾਂ ਫਲਾਂ ਨੂੰ ਨਾਸ਼ਪਾਤੀ, ਲੀਚੀ ਅਤੇ ਅੰਬ ਦੇ ਬਾਗਾਂ ਵਰਗੀਆਂ ਫ਼ਸਲਾਂ ਵਿੱਚ ਭਰਨ ਵਾਲੇ (ਫਿੱਲਰ) ਬੂਟਿਆਂ ਵਜੋਂ ਵੀ ਲਾਇਆ ਜਾ ਸਕਦਾ ਹੈ।

ਬਾਕੀ ਫ਼ਸਲਾਂ ਦੇ ਮੁਕਾਬਲਤਨ, ਆੜੂ ਅਤੇ ਅਲੂਚਾ ਦੀਆਂ ਫ਼ਸਲਾਂ ਦੇ ਫੁੱਲ ਆਉਣ ਤੋਂ ਤੁੜਾਈ ਤੱਕ ਦੇ ਘੱਟ ਸਮੇਂ (80-120 ਦਿਨ ਕਾਰਨ), ਖਾਸ ਕਰਕੇ ਕਿੰਨੂ ਸੰਤਰੇ (270-300 ਦਿਨ) ਦੇ ਮੁਕਾਬਲੇ, ਇਨ੍ਹਾਂ ਫ਼ਸਲਾਂ ਵਿੱਚ ਪੈਦਾਵਾਰੀ ਲਾਗਤ ਘੱਟ ਹੁੰਦੀ ਹੈ, ਜੋ ਇਹਨਾਂ ਫ਼ਸਲਾਂ ਨੂੰ ਬਹੁਤ ਸਾਰੇ ਕਿਸਾਨਾਂ ਲਈ ਪਸੰਦ ਦੀ ਫ਼ਸਲ ਬਣਾਉਂਦੀ ਹੈ।

#### ਨੀਤੀ ਸੰਬੰਧੀ ਸਿਫ਼ਾਰਿਸ਼ਾਂ

1. **ਜਰਮਪਲਾਜ਼ਮ ਦਾ ਆਯਾਤ**: ਇਹਨਾਂ ਫ਼ਲਾਂ ਦੀਆਂ ਫ਼ਸਲਾਂ ਦੇ ਨਾਲ ਰਕਬੇ ਵਿੱਚ ਵਿਭਿੰਨਤਾ ਲਿਆਉਣ ਲਈ ਘੱਟ ਠੰਡ ਲੈਣ ਵਾਲੀਆਂ ਕਿਸਮਾਂ (ਵੱਡੇ ਆਕਾਰ ਵਾਲੇ ਫਲਾਂ, ਲਾਲ ਰੰਗ ਅਤੇ ਬਿਹਤਰ ਸ਼ੈਲਫ ਲਾਈਫ ਵਾਲੇ) ਅਤੇ ਰੂਟਸਟੌਕਸ (ਨੇਮਾਟੋਡ, ਸੇਮ ਅਤੇ ਦੁਬਾਰਾ ਲਗਾਉਣ ਦੀਆਂ ਸਮੱਸਿਆਵਾਂ ਦਾ ਟਾਕਰਾ ਕਰਨ ਵਾਲੇ) ਦੀ ਤੁਰੰਤ ਆਯਾਤ ਕਰਨ ਦੀ ਲੋੜ ਹੈ।
2. **ਪ੍ਰੋਸੈਸਿੰਗ ਯੂਨਿਟ ਸਥਾਪਿਤ ਕਰਨਾ**: ਆੜੂ ਅਤੇ ਅਲੂਚਾ ਦੇ ਪ੍ਰੋਸੈਸਡ ਉਤਪਾਦਾਂ ਦੀ ਬਹੁਤ ਮੰਗ ਹੈ। ਇਸ ਲਈ ਪੰਜਾਬ ਐਗਰੋ ਦੁਆਰਾ ਆੜੂ ਅਤੇ ਅਲੂਚੇ ਦੀ ਪ੍ਰੋਸੈਸਿੰਗ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਕੋਲਡ ਚੇਨ ਸੁਵਿਧਾ ਦਾ ਵਿਕਾਸ ਫਲਾਂ ਦੇ ਦੂਰ-ਦੁਰਾਡੇ ਮੰਡੀਕਰਨ ਵਿੱਚ ਮਦਦ ਕਰੇਗਾ।
3. **ਰੋਗ ਮੁਕਤ ਪੌਦੇ ਲਗਾਉਣ ਦੀ ਸਮੱਗਰੀ**: ਆੜੂ/ਅਲੂਚੇ ਦੇ ਪੌਦਿਆਂ ਦਾ ਜੀਵਨ ਕਾਲ ਬਹੁਤ ਛੋਟਾ ਹੁੰਦਾ ਹੈ। ਨਿਮਾਟੋਡ ਮੁਕਤ ਨਰਸਰੀ ਪੌਦਿਆਂ ਦੇ ਉਤਪਾਦਨ ਲਈ ਰਾਜ ਸਰਕਾਰ ਅਤੇ ਪੀ.ਏ.ਯੂ. ਦੀਆਂ ਨਰਸਰੀਆਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਮਿੱਟੀ ਤੋਂ ਪੈਦਾ ਹੋਣ ਵਾਲੇ ਰੋਗਾਣੂਆਂ ਅਤੇ ਬਿਮਾਰੀਆਂ, ਖਾਸ ਤੌਰ 'ਤੇ ਨੇਮਾਟੋਡ ਦਾ ਰੋਗ ਸੰਚਾਰ ਰੋਕਣ ਲਈ ਨਰਸਰੀ ਪੌਦਿਆਂ ਦੀ ਅੰਤਰ-ਰਾਜੀ ਆਵਾਜਾਈ 'ਤੇ ਪਾਬੰਦੀ ਲਾਉਣੀ ਚਾਹੀਦੀ ਹੈ।

### 5.4.3 ਸਬਜ਼ੀਆਂ

### I. ਆਲੂ

ਆਲੂ ਮੁੱਖ ਭੋਜਨ ਅਤੇ ਇੱਕ ਸਬਜ਼ੀ ਵਜੋਂ ਦੁਨੀਆਂ ਦੀ ਸਭ ਤੋਂ ਹਰਮਨ ਪਿਆਰੀ, ਗੈਰ-ਅਨਾਜ ਵਾਲੀ ਫ਼ਸਲ ਹੈ। ਭਾਰਤ 2.2 ਮਿਲੀਅਨ ਹੈਕਟੇਅਰ ਰਕਬੇ ਅਤੇ 53.38 ਮਿਲੀਅਨ ਮੈਟ੍ਰਿਕ ਟਨ ਪੈਦਾਵਾਰ ਨਾਲ ਦੁਨੀਆ ਵਿੱਚ ਆਲੂ ਦੀ ਪੈਦਾਵਾਰ ਕਰਨ ਵਾਲਾ ਚੀਨ ਤੋਂ ਬਾਅਦ ਦੂਜਾ ਸਭ ਤੋਂ ਵੱਡਾ ਅਜਿਹਾ ਦੇਸ਼ ਹੈ ਜੋ ਮਿਆਰੀ ਆਲੂ ਬੀਜ ਦੀ ਇੱਕ ਵੱਡੀ ਮੰਡੀ ਵਜੋਂ ਉੱਭਰ ਰਿਹਾ ਹੈ। ਥੁੜ ਚਿਰੀ ਫ਼ਸਲ ਅਤੇ ਕਾਸ਼ਤ ਵਿੱਚ ਲਚਕ ਦੇ ਕੀਮਤੀ ਗੁਣਾਂ ਕਾਰਨ ਇਹ ਘਣੀ ਖੇਤੀ ਦੇ ਫ਼ਸਲੀ ਚੱਕਰ ਵਿੱਚ ਚੰਗੀ ਤਰ੍ਹਾਂ ਫਿੱਟ ਬੈਠਦੀ ਹੋਈ ਕਿਸਾਨਾਂ ਨੂੰ ਵਧੇਰੀ ਆਮਦਨ ਦਿੰਦੀ ਹੈ। ਪੰਜਾਬ ਵਿੱਚ ਆਲੂ ਦੀ ਕਾਸ਼ਤ 1.15 ਲੱਖ ਹੈਕਟੇਅਰ ਰਕਬੇ 'ਤੇ ਕਰਕੇ 31.75 ਲੱਖ ਮੈਟ੍ਰਿਕ ਟਨ ਪੈਦਾਵਾਰ ਲਈ

ਜਾਂਦੀ ਹੈ ਅਤੇ ਇਸ ਦਾ 60 ਪ੍ਰਤੀਸ਼ਤ ਹਿੱਸਾ ਬੀਜ, 38 ਪ੍ਰਤੀਸ਼ਤ ਖਾਣ ਲਈ ਅਤੇ 2 ਪ੍ਰਤੀਸ਼ਤ ਪ੍ਰੋਸੈਸਿੰਗ ਲਈ ਵਰਤਿਆ ਜਾਂਦਾ ਹੈ।

ਹਾਲਾਂਕਿ ਪੰਜਾਬ ਵਿੱਚ ਅਕਤੂਬਰ ਤੋਂ ਦਸੰਬਰ ਤੱਕ ਤੇਲੇ ਦੀ ਆਮਦ ਨਾ ਹੋਣ ਦੇ ਨਾਲ-ਨਾਲ ਢੁੱਕਵੀਂ ਆਬੋ-ਹਵਾ ਦੇ ਵਿਲੱਖਣ ਫਾਇਦਿਆਂ ਨਾਲ ਬੀਜ ਆਲੂ ਤੋਂ ਵੱਧ ਆਮਦਨ ਪ੍ਰਾਪਤ ਕਰਨ ਲਈ ਲਾਹਾ ਇਸਦੀ ਮੌਜੂਦਾ ਗੈਰ-ਰਸਮੀ ਬੀਜ ਆਲੂ ਦੀ ਪੈਦਾਵਾਰ ਨੂੰ 'ਆਲੂ ਦੀ ਪ੍ਰਮਾਣਿਤ ਮਿਆਰੀ ਬੀਜ ਦੀ ਪੈਦਾਵਾਰ' ਵਿੱਚ ਬਦਲ ਕੇ ਇਸਦੀ ਪੈਦਾਵਾਰੀ ਪਛਾਣ (Traceability) ਬਣਾਉਂਦਿਆਂ ਲੈਣਾ ਚਾਹੀਦਾ ਹੈ।

ਆਲੂ ਦੇ ਕੁਦਰਤੀ ਪੈਦਾਵਾਰੀ ਇਲਾਕੇ ਜਲੰਧਰ ਵਿਖੇ ਨੀਦਰਲੈਂਡ ਦੇ ਸਹਿਯੋਗ ਨਾਲ ਇੱਕ ਸੈਂਟਰ ਆਫ ਐਕਸੇਲੈਂਸ (ਆਲੂ) ਸਥਾਪਿਤ ਕਰਕੇ, ਇਹ ਸੰਭਵ ਹੋ ਸਕਿਆ ਹੈ। ਜਿੱਥੇ ਟਿਸ਼ੂ ਕਲਚਰ ਅਤੇ ਹਵਾ ਵਿੱਚ ਖੇਤੀ (Aeropoincs) ਕਰਨ ਦੀਆਂ ਸੁਵਿਧਾਵਾਂ, ਕੇਂਦਰੀ ਆਲੂ ਖੋਜ ਸੰਸਥਾ (CPRI), ਸ਼ਿਮਲਾ ਦੀ ਮਦਦ ਨਾਲ ਤਿਆਰ ਕੀਤੀਆਂ ਗਈਆਂ ਅਤੇ ਸਿੱਟੇ ਵਜੋਂ ਵਿਸ਼ਾਣੂ ਰਹਿਤ ਪ੍ਰਮਾਣਿਤ ਬੀਜ ਆਲੂ ਪੁਰਾਣੇ ਸਿਸਟਮ ਨਾਲੋਂ ਘੱਟੋ-ਘੱਟ 10 ਗੁਣਾ ਵੱਧ ਤੇਜ਼ੀ ਨਾਲ ਪੈਦਾ ਕੀਤਾ ਜਾਂਦਾ ਹੈ।

ਵੱਖ-ਵੱਖ ਸਮੇ 'ਤੇ ਵੱਖ-ਵੱਖ ਸੂਬਿਆਂ ਦੀ ਬੀਜ ਅਤੇ ਖਾਣ ਵਾਸਤੇ ਆਲੂ ਦੀ ਮੰਗ ਦੇ ਮੱਦੇ ਨਜ਼ਰ, ਰਾਜ ਦੀ 31.56 ਲੱਖ ਮੈਟ੍ਰਿਕ ਟਨ ਪੈਦਾਵਾਰ ਸਾਹਵੇਂ 23.50 ਲੱਖ ਮੈਟ੍ਰਿਕ ਟਨ ਦੀ ਲੋੜੀਂਦੀ ਕੋਲਡ ਸਟੋਰ ਦੀ ਸਮਰੱਥਾ ਪਹਿਲਾਂ ਹੀ ਸਥਾਪਿਤ ਕੀਤੀ ਜਾ ਚੁੱਕੀ ਹੈ। ਅਜਿਹੀ ਸਟੋਰੇਜ ਸੁਵਿਧਾ ਨੂੰ, ਨਾਮਜ਼ਦ ਕੀਤੀ ਸੰਸਥਾ ਵੱਲੋਂ, ਕੀਮਤਾਂ ਸਥਿਰ ਕਰਨ ਵਾਲੇ ਫੰਡ ਦੀ ਮਦਦ ਨਾਲ, ਫ਼ਸਲ ਦੇ ਮੰਡੀ ਵਿੱਚ ਭਰਮਾਰ ਸਮੇਂ ਜਾਂ ਵਾਧੂ ਪੈਦਾਵਾਰ ਹੋਣ ਦੀ ਸੂਰਤ ਵਿੱਚ, ਬਾਗਵਾਨੀ ਵਿਭਾਗ ਕੋਲੋਂ ਕੋਲਡ ਸਟੋਰਾਂ ਦਾ ਪਹਿਲੋਂ ਵਾਪਸ ਲਿਆ ਕੰਟਰੋਲ ਬਹਾਲ ਕਰਕੇ ਵਰਤਿਆ ਜਾ ਸਕਦਾ ਹੈ।

**ਨੀਤੀ ਸੰਬੰਧੀ ਸਿਫਾਰਿਸ਼ਾਂ**

1. **ਗੁਣਵੱਤਾ ਭਰਪੂਰ ਬੀਜ ਆਲੂ ਉਤਪਾਦਨ ਅਤੇ ਸਪਲਾਈ ਵਿੱਚ ਸੁਧਾਰ: ੳ)** ਪੰਜਾਬ ਰਾਜ ਬੀਜ ਪ੍ਰਮਾਣਨ ਸੰਸਥਾ (PSSCA) ਅਤੇ ਬਾਗਬਾਨੀ ਵਿਭਾਗ ਦੀਆਂ ਪ੍ਰਸਾਰ ਗਤੀਵਿਧੀਆਂ ਨੂੰ ਮਜ਼ਬੂਤ ਕਰਨਾ:

   i. ਟਿਸ਼ੂ ਕਲਚਰ ਅਧਾਰਿਤ ਐਰੋਪੋਨਿਕਸ ਅਤੇ ਨੈੱਟ ਹਾਊਸ ਤਕਨੀਕਾਂ ਰਾਹੀਂ ਵਿਸ਼ਾਣੂ ਰੋਗ ਰਹਿਤ 'ਆਲੂ ਦੇ ਪ੍ਰਮਾਣਿਤ' ਮਿਆਰੀ ਬੀਜ ਦੀ ਪੈਦਾਵਾਰ ਨੂੰ ਯਕੀਨੀ ਬਨਾਉਣ ਲਈ।

   ii. ਬਲਾਕ-ਚੇਨ ਟਰੇਸੇਬਿਲਟੀ ਅਧਾਰਿਤ ਸਰਟੀਫਿਕੇਸ਼ਨ ਨੂੰ ਯਕੀਨੀ ਬਣਾ ਕੇ ਘਰੇਲੂ ਅਤੇ ਅੰਤਰਰਾਸ਼ਟਰੀ ਖਰੀਦਦਾਰਾਂ ਨੂੰ ਪਾਰਦਰਸ਼ਤਾ ਨਾਲ ਅਜਿਹੇ ਬੀਜ ਦੀ ਸਪਲਾਈ ਕਰਨ ਲਈ ਜੋ ਇਸ ਦੀ ਗੁਣਵੱਤਾ ਅਤੇ ਸਰੋਤ ਬਾਰੇ ਹਿੱਸੇਦਾਰਾਂ ਦਾ ਵਿਸ਼ਵਾਸ਼ ਜਿੱਤ ਸਕੇ।

   iii. ਆਲੂ ਦੇ ਬੀਜ ਦੀ ਬਾਰਕੋਡ ਰਾਹੀਂ ਜਾਣਕਾਰੀ ਅਤੇ ਜਗ੍ਹਾ ਨੂੰ ਟਰੈਕ ਕਰਨ ਲਈ ਜੀਉ-ਟੈਗਿੰਗ ਸਕੈਨਰ ਦੀ ਵਰਤੋਂ ਯਕੀਨੀ ਬਨਾਉਣ ਲਈ।

   **ਅ)** ਪੰਜਾਬ ਵਿੱਚ ਨਿਰਧਾਰਿਤ ਅਥਾਰਟੀ ਦੁਆਰਾ ਕੁਆਰਨਟੀਨ (Quarantine) ਮਹੱਤਤਾ ਵਾਲੀਆਂ ਬਿਮਾਰੀਆਂ ਤੋਂ ਮੁਕਤ ਇਲਾਕਿਆਂ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਗੁਣਵੱਤਾ ਵਾਲੇ ਆਲੂ ਦੇ ਬੀਜ ਉਤਪਾਦਨ ਨੂੰ ਯਕੀਨੀ ਬਣਾਇਆ ਜਾ ਸਕੇ।

2. **ਆਲੂ ਪੈਦਾਵਾਰ ਦਾ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਰਾਹੀਂ ਮਸ਼ੀਨੀਕਰਨ**: ਆਲੂ ਦਾ ਉਤਪਾਦਨ, ਪੁਟਾਈ (ਕੰਬਾਈਨ ਹਾਰਵੈਸਟਰ ਨਾਲ) ਅਤੇ ਸਾਂਭ-ਸੰਭਾਲ ਸੁਚੱਜੇ ਢੰਗ ਤੇ ਕੁਸ਼ਲਤਾ ਨਾਲ ਅਤੇ ਨੁਕਸਾਨ ਘਟਾਉਂਦੇ ਹੋਏ ਨਵੀਨਤਮ ਮਿਆਰੀ ਮਸ਼ੀਨਰੀ ਉਪਕਰਨਾ ਰਾਹੀਂ ਕਰਨੀ ਚਾਹੀਦੀ ਹੈ। ਇਸ ਲਈ ਆਲੂ ਦੇ ਪੈਦਾਵਾਰੀ ਇਲਾਕਿਆਂ

ਵਿੱਚ ਆਲੂ ਦੀ ਨੋਡਲ ਟੀਮ ਅਤੇ ਪੀ.ਏ.ਯੂ. ਲੁਧਿਆਣਾ ਦੇ ਮਸ਼ੀਨਰੀ ਮਾਹਿਰਾਂ ਦੇ ਤਾਲਮੇਲ ਨਾਲ, ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ (MPCS) ਅਤੇ ਅਗਾਂਹਵਧੂ ਕਿਸਾਨ ਸੁਸਾਇਟੀਆਂ (PFS) ਨੂੰ ਇੱਕ ਵਾਰ ਗਰਾਂਟ-ਇਨ-ਏਡ ਦਿੱਤੀ ਜਾਵੇ।

3. **ਕੋਲਡ ਸਟੋਰ ਪ੍ਰਬੰਧਨ ਨੂੰ ਬਿਹਤਰ ਢੰਗ ਨਾਲ ਨਿਯਮਤ ਕਰਨ ਲਈ ਨਿਗਰਾਨੀ: ੳ)** ਪੰਜਾਬ ਦੇ ਕੋਲਡ ਸਟੋਰਾਂ ਵਿੱਚ ਰੱਖੀ ਜਾਂਦੀ ਪੈਦਾਵਾਰ, ਇਸ ਦੀ ਆਮਦ ਅਤੇ ਬਹਾਅ (ਆਉਣ-ਜਾਣ) ਸਬੰਧੀ ਜਾਣਕਾਰੀ ਅਤੇ ਤਾਪਮਾਨ ਤੇ ਨਮੀਂ ਦੀ ਸਥਿਤੀ ਦੀ ਨਜ਼ਦੀਕੀ ਰੇਖ-ਦੇਖ ਲਈ ਬਾਗਵਾਨੀ ਵਿਭਾਗ ਪੰਜਾਬ ਨੂੰ ਨਿਯਮਤ ਪ੍ਰਬੰਧਨ ਦੀਆਂ ਜ਼ਿੰਮੇਵਾਰ ਤਾਕਤਾਂ ਦਿੱਤੀਆਂ ਜਾਣ। ਪ੍ਰਮਾਣਿਤ ਬੀਜ ਆਲੂ, ਖਾਣ ਵਾਲੇ ਆਲੂ ਅਤੇ ਹੋਰ ਚੀਜ਼ਾਂ ਲਈ ਅਜਿਹੇ ਮਾਪਦੰਡ ਅਤਿ ਜ਼ਰੂਰੀ ਹਨ ਤਾਂ ਜੋ ਬਿਮਾਰੀ ਦੇ ਫੈਲਣ ਅਤੇ ਬੀਜ ਆਲੂ ਨਾਲ ਖਾਣ ਵਾਲੇ ਆਲੂ ਦੇ ਵੱਖ-ਵੱਖ ਪੜਾਵਾਂ ਅਤੇ ਗੁਣਾਂ ਦੀ ਮਿਲਾਵਟ ਨਾਲ ਸੰਬੰਧਿਤ ਗਲਤ ਕਾਰਵਾਈਆਂ ਨੂੰ ਰੋਕਿਆ ਜਾ ਸਕੇ ਕਿਉਂਕਿ ਇਹ ਆਲੂ ਉਦਯੋਗ ਦੇ ਵਿਕਾਸ ਨੂੰ ਮਾੜੇ ਰੁੱਖ ਪ੍ਰਭਾਵਿਤ ਕਰਦਾ ਹੈ।

   **ਅ)** ਪ੍ਰਮਾਣਿਤ ਬੀਜ ਆਲੂ ਨੂੰ ਸਟੋਰ ਕਰਨ ਲਈ, ਇਸ ਵਿੱਚ ਕਿਸੇ ਕਿਸਮ ਦੀ ਮਿਲਾਵਟ ਅਤੇ ਬਿਮਾਰੀ ਦੇ ਫੈਲਾਅ ਨੂੰ ਰੋਕਣ ਲਈ ਵੱਖਰੇ ਕੋਲਡ ਸਟੋਰ/ਚੈਂਬਰਾਂ ਨੂੰ ਨਿਸ਼ਾਨਬੱਧ ਕਰਨਾ ਚਾਹੀਦਾ ਹੈ।

   **ੲ)** ਪੰਜਾਬ ਦੇ ਮੌਜੂਦਾ ਕੋਲਡ ਸਟੋਰਾਂ ਨੂੰ ਬਿਹਤਰ ਬਣਾਉਣ ਲਈ ਰਣਨੀਤਿਕ ਪਹਿਲਕਦਮੀ ਦੀ ਲੋੜ ਹੈ ਤਾਂ ਕਿ ਇਹਨਾਂ ਨੂੰ ਘੱਟ ਖਰਚ ਤੇ ਬਿਜਲੀ ਨਾਲ ਵੱਧ ਕੁਸ਼ਲ, ਕੌਮਾਂਤਰੀ ਪੱਧਰ 'ਤੇ ਮੁਕਾਬਲੇ ਯੋਗ ਅਤੇ ਵੱਖ-ਵੱਖ ਕਿਸਮ ਦੇ ਆਲੂ ਸਟੋਰ ਕਰਨ ਲਈ ਢੁੱਕਵਾਂ ਬਣਾਇਆ ਜਾ ਸਕੇ।

4. **ਨਿਰਯਾਤ ਉਤਸ਼ਾਹਿਤ ਕਰਨਾ**: ਯੂਰਪੀਅਨ ਯੂਨੀਅਨ, ਪੱਛਮੀ ਏਸ਼ੀਆ ਤੇ ਭਾਰਤ ਦੇ ਹੋਰ ਰਾਜਾਂ ਨੂੰ ਰਾਸ਼ਨ ਅਤੇ ਬੀਜ ਵਾਲੇ ਆਲੂ ਦੇ ਨਿਰਯਾਤ ਨੂੰ ਉਤਸ਼ਾਹਿਤ ਕਰਨ ਲਈ ਪੈਦਾਵਾਰ ਸਮੇਂ ਅਤੇ ਇੱਥੋਂ ਤੱਕ ਕਿ ਪੰਜਾਬ ਦੇ ਬਾਰਡਰਾਂ ਤੋਂ ਆਮਦ ਸਮੇਂ ਬਰਾਊਨ ਰੋਟ, ਰਿੰਗ ਰੋਟ, ਗੋਲਡਨ ਨਿਮਾਟੋਡ ਆਦਿ ਤੋਂ ਰੋਗ ਰਹਿਤ ਰੱਖਣ ਲਈ ਸਖ਼ਤ ਉਪਰਾਲਿਆਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਖੇਤੀ ਮੰਡੀ ਖੋਜ ਅਤੇ ਚੌਕਸੀ ਸੰਸਥਾ (AMRII) ਦੇ ਮਾਹਿਰਾਂ ਵੱਲੋਂ ਵੱਖ-ਵੱਖ ਕਿਸਮ ਦੀ ਖੇਤੀ ਪੈਦਾਵਾਰ ਦੀ ਮੰਡੀ ਮੰਗ ਅਤੇ ਸਪਲਾਈ ਦੀ ਸਥਿਤੀ ਦਾ ਅਧਿਐਨ ਕਰਕੇ ਅੰਦਾਜ਼ੇ ਲਾਉਣ ਹਿੱਤ ਪੰਜਾਬ ਰਾਜ ਦੇ ਬਾਰਡਰਾਂ 'ਤੇ ਖੇਤੀ ਪੈਦਾਵਾਰ ਦੀ ਆਮਦ ਅਤੇ ਬਹਾਅ ਦੇ ਵੇਰਵੇ ਜਾਨਣ ਲਈ ਸਖ਼ਤ ਕੰਟਰੋਲ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ।

5. **ਪਾਣੀ ਦੀ ਸਪਲਾਈ ਨੂੰ ਨਿਯਮਤ ਕਰਨਾ**: **ੳ)** ਕਿਉਂਕਿ ਆਲੂ ਨੂੰ ਵਧੇਰੇ ਸਮਾਂ-ਬੱਧ ਸਿੰਚਾਈ ਦੀ ਲੋੜ ਹੁੰਦੀ ਹੈ, ਇਸ ਲਈ ਸੰਬੰਧਿਤ ਵਿਸ਼ਾ ਮਾਹਿਰਾਂ ਅਤੇ ਆਲੂ ਉਤਪਾਦਕਾਂ ਦੇ ਨੁਮਾਇੰਦਿਆਂ ਨਾਲ ਸਲਾਹ ਮਸ਼ਵਰਾ ਕਰਕੇ ਫ਼ਸਲ ਦੇ ਵਿਕਾਸ ਦੇ ਮਹੱਤਵਪੂਰਨ ਪੜ੍ਹਾਅ ਦੀਆਂ ਲੋੜਾਂ ਅਨੁਸਾਰ ਦਰੁਸਤ ਸਮੇਂ 'ਤੇ ਨਹਿਰੀ ਪਾਣੀ ਅਤੇ ਬਿਜਲੀ ਸਪਲਾਈ ਦੇ ਕਾਰਜਕ੍ਰਮ ਨੂੰ ਜ਼ਿਲਾ ਪੈਦਾਵਾਰੀ ਕਮੇਟੀਆਂ ਦੀ ਮੀਟਿੰਗ ਵਿੱਚ ਪ੍ਰਸ਼ਾਸਨਕ ਫੈਸਲੇ ਰਾਹੀਂ ਲਾਗੂ ਕਰਨਾ ਚਾਹੀਦਾ ਹੈ।

   **ਅ)** ਪਾਣੀ ਅਤੇ ਖਾਦ ਦੀ ਕੁਸ਼ਲ ਵਰਤੋਂ ਤਕਨੀਕ ਵਜੋਂ ਤੁਪਕਾ ਪ੍ਰਣਾਲੀ ਰਾਹੀਂ ਪਾਣੀ-ਖਾਦ ਦੇਣ ਨੂੰ ਸਬਸਿਡੀ ਦੀ ਸਹਾਇਤਾ ਨਾਲ ਉਤਸ਼ਾਹਿਤ ਕਰਨਾ ਚਾਹੀਦਾ ਹੈ ਜੋ ਕਿ ਇਨ੍ਹਾਂ ਲਾਗਤ ਵਸਤਾਂ ਦੀ 30 ਪ੍ਰਤੀਸ਼ਤ ਬੱਚਤ ਕਰਦੀ ਹੈ ਅਤੇ ਵੱਧ ਝਾੜ ਨਾਲ ਆਲੂ ਦੀ ਕੁਆਲਟੀ ਬਿਹਤਰ ਕਰਦੀ ਹੈ।

6. **ਖੋਜ ਨੂੰ ਮਜਬੂਤ ਕਰਨਾ**: ਪੀ.ਏ.ਯੂ. ਵੱਲੋਂ ਆਲੂ 'ਤੇ ਆਪਣੀ ਖੋਜ ਮਜ਼ਬੂਤ ਕਰਦਿਆਂ ਅਜਿਹੀਆਂ ਕਿਸਮਾਂ ਵਿਕਸਿਤ ਕਰਨੀਆਂ ਚਾਹੀਦੀਆਂ ਹਨ ਜੋ ਪ੍ਰੋਸੈਸਿੰਗ ਦੇ ਯੋਗ ਹੋਣ, ਗਰਮੀ ਅਤੇ ਕੋਰੇ ਦਾ ਟਾਕਰਾ ਕਰ ਸਕਣ, ਘੱਟ ਸਮੇਂ ਵਿੱਚ ਤਿਆਰ ਹੋਣ ਅਤੇ ਵੱਖ-ਵੱਖ ਕੀੜੇ-ਮਕੌੜੇ ਤੇ ਬਿਮਾਰੀਆਂ ਦਾ ਵਿਰੋਧ ਕਰਨ ਦੀ ਸ਼ਕਤੀ ਰੱਖਦੀਆਂ ਹੋਣ ਤਾਂ ਕਿ ਕੌਮੀ ਅਤੇ ਕੌਮਾਂਤਰੀ ਮੰਡੀਆਂ ਦੀ ਮੰਗ 'ਤੇ ਪੂਰਾ ਉੱਤਰਿਆ ਜਾ ਸਕੇ। ਆਲੂ ਦਾ ਜਰਮਪਲਾਜ਼ਮ ਅਧਾਰ

ਮਜ਼ਬੂਤ ਕਰਨ ਲਈ ਕੌਮੀ ਅਤੇ ਕੌਮਾਂਤਰੀ ਜਥੇਬੰਦੀਆਂ ਜਿਵੇਂ ਕਿ ਕੌਮਾਂਤਰੀ ਆਲੂ ਕੇਂਦਰ (CIP) ਨਾਲ ਸੰਬੰਧ ਮਜ਼ਬੂਤ ਕਰਨ ਦੀ ਲੋੜ ਹੈ। ਆਲੂ ਦਾ ਝਾੜ ਅਤੇ ਗੁਣਵੱਤਾ ਵਿੱਚ ਬਿਹਤਰੀ ਲਈ ਪੈਦਾਵਾਰ, ਪੌਦ ਸੁਰੱਖਿਆ ਅਤੇ ਸਾਂਭ-ਸੰਭਾਲ ਸਬੰਧੀ ਤਜਰਬਿਆਂ 'ਤੇ ਵੀ ਧਿਆਨ ਦੇਣਾ ਚਾਹੀਦਾ ਹੈ। ਬਾਹਰਲੇ ਮੁਲਕਾਂ ਦੀਆਂ ਜਿਹੜੀਆਂ ਕਿਸਮਾਂ ਆਪਣੇ ਖਿੱਤੇ ਲਈ ਢੁੱਕਵੀਆਂ ਹੋਣ, ਉਹਨਾਂ ਦੀ ਪੈਦਾਵਾਰ ਕਰਨ ਲਈ ਟਿਸ਼ੂ ਕਲਚਰ ਅਧਾਰਿਤ ਆਲੂ ਬੀਜ ਐਕਟ, 2020 ਵਿੱਚ ਸੋਧ ਕੀਤੀ ਜਾ ਸਕਦੀ ਹੈ।

7. **ਕੁਦਰਤੀ ਪੈਦਾਵਾਰੀ ਇਲਾਕਿਆਂ ਨੂੰ ਉਤਸ਼ਾਹਿਤ ਕਰਨਾ**: ਲੰਮੇ ਸਮੇਂ ਦੇ ਤਜਰਬਿਆਂ ਨਾਲ ਬਾਗਵਾਨੀ ਵਿਭਾਗ ਪੰਜਾਬ ਵੱਲੋਂ ਰਾਜ ਵਿੱਚ ਬੀਜ ਆਲੂ ਉਤਪਾਦਨ, ਪ੍ਰੋਸੈਸਿੰਗ ਅਤੇ ਰਾਸ਼ਨ ਵਾਲਾ ਆਲੂ ਪੈਦਾ ਕਰਨ ਲਈ ਕੁਦਰਤੀ ਪੈਦਾਵਾਰੀ ਇਲਾਕਿਆਂ ਦੀ ਪਛਾਣ ਕਰ ਲਈ ਗਈ ਹੈ। ਇਹਨਾਂ ਸੰਬੰਧਿਤ ਇਲਾਕਿਆਂ ਵਿੱਚ ਵੱਖ-ਵੱਖ ਮਕਸਦਾਂ ਵਾਲੀ ਆਲੂ ਦੀ ਬਿਹਤਰੀਨ ਪੈਦਾਵਾਰ ਕਰਨ ਲਈ ਘੱਟ ਖਰਚੇ ਵਾਲੇ ਕੁਦਰਤੀ ਸਰੋਤਾਂ ਦਾ ਲਾਹਾ ਲੈਣ ਲਈ ਇਹਨਾਂ ਨੂੰ ਢੁੱਕਵੀਆਂ ਸਹੂਲਤਾਂ ਦੇ ਕੇ ਉਤਸ਼ਾਹਿਤ ਕਰਨਾ ਚਾਹੀਦਾ ਹੈ।

8. **ਕੀਮਤ ਸਥਿਰਤਾ ਫੰਡ**: ਆਲੂ ਦੀਆਂ ਕੀਮਤਾਂ ਮੰਡੀ ਵਿੱਚ ਮੁੜ-ਮੁੜ ਕੇ ਚੱਕਰਵਤੀ ਢੰਗ ਨਾਲ ਡਿੱਗਣ ਤੋਂ ਰੋਕਣ ਲਈ, ਹੋਰਨਾਂ ਤਰੀਕਿਆਂ ਦੇ ਨਾਲ-ਨਾਲ, ਤੁਰੰਤ ਕੀਮਤਾਂ ਸਥਿਰ ਕਰਨ ਦੇ ਢੰਗ ਵਜੋਂ ਇੱਕ ਕੀਮਤ ਸਥਿਰਤਾ ਫੰਡ (PSF) ਸਥਾਪਿਤ ਕਰਨਾ ਚਾਹੀਦਾ ਹੈ। ਪੰਜਾਬ ਵਿੱਚ ਕੋਲਡ ਸਟੋਰ ਵਿੱਚ ਆਲੂ ਰੱਖਣ ਲਈ ਕਾਫੀ ਜਗ੍ਹਾ ਹੋਣ ਅਤੇ ਆਲੂ ਲੰਮਾ ਸਮਾਂ ਸਟੋਰ ਕਰਨ ਦੀ ਸਮਰੱਥਾ ਦਾ ਲਾਹਾ ਲੈਣ ਲਈ ਨਾਮਜ਼ਦ ਸੰਸਥਾਵਾ- ਮਾਰਕਫੈਡ/ਮੰਡੀ ਬੋਰਡ ਨੂੰ ਕੀਮਤ ਸਥਿਰਤਾ ਫੰਡ (PSF) ਨਾਲ ਕੀਮਤਾਂ ਸਥਿਰ ਕਰਨ ਲਈ ਦਖ਼ਲ ਦੇਣਾ ਚਾਹੀਦਾ ਹੈ। ਅਜਿਹੇ ਹਾਲਾਤ ਵਿੱਚ ਪੈਦਾਵਾਰ ਦੀ ਨਵੇਂ ਢੰਗ ਤਰੀਕਿਆਂ ਅਤੇ ਕੁਸ਼ਲਤਾ ਨਾਲ ਨਿਪਟਾਰੇ ਲਈ ਮੰਡੀ ਰਾਬਤੇ ਨਾਲ ਅਗਾਊ ਵਿਉਂਤਬੰਦੀ ਕਰਨੀ ਚਾਹੀਦੀ ਹੈ।

9. **ਅਗਾਂਹਵਧੂ ਕਿਸਾਨ ਸੁਸਾਇਟੀ (ਆਲੂ)**: ਕਿਸਾਨਾਂ ਨੂੰ ਸਾਂਝੇ ਤੌਰ 'ਤੇ ਆਪਣੀ ਬਿਹਤਰੀ ਲਈ ਯੋਗਦਾਨ ਪਾਉਣ ਹਿੱਤ, ਉਹਨਾਂ ਦਾ ਸਸ਼ਕਤੀਕਰਨ ਕਰਨ ਲਈ ਇੱਕ ਅਗਾਂਹਵਧੂ ਕਿਸਾਨ ਸੁਸਾਇਟੀ (ਆਲੂ) ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ, ਜਿਸ ਨੂੰ ਖੁਦ ਮੁਖਤਿਆਰ ਸੰਸਥਾ ਵਜੋਂ ਰਜਿਸਟਰ ਕਰਕੇ ਮੈਂਬਰ ਕਿਸਾਨਾਂ ਦੀ ਆਲੂ ਦੀ ਮਿਆਰੀ ਪੈਦਾਵਾਰ, ਉਤਪਾਦਕਤਾ, ਪ੍ਰੋਸੈਸਿੰਗ ਅਤੇ ਮੰਡੀਕਰਨ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਚਲਾਇਆ ਜਾਵੇ। ਇਸ ਨਾਲ ਉਹ ਸੈਂਟਰ ਆਫ ਐਕਸੇਲੈਂਸ (ਆਲੂ), ਖੇਤੀ ਮੰਡੀ ਖੋਜ ਅਤੇ ਚੌਕਸੀ ਸੰਸਥਾ (AMRII), ਇੰਨੋਵੇਟਿਵ ਖੇਤੀ ਮੰਡੀਕਰਨ ਸੁਸਾਇਟੀ (IAMS), ਜੋ ਕਿ ਸਾਰੀਆਂ ਵਿਭਿੰਨਤਾ ਵਾਲੀਆਂ ਫ਼ਸਲਾਂ ਦੀਆਂ ਅਗਾਂਹਵਧੂ ਕਿਸਾਨ ਸੁਸਾਇਟੀਆਂ ਦੀ ਮੰਡੀਕਰਨ ਲਈ ਉੱਚ ਸੰਸਥਾ ਹੈ, ਦੇ ਤਾਲਮੇਲ ਰਾਹੀਂ ਆਪਣੀ ਮੁਨਾਫ਼ਾਕਾਰੀ ਵਧਾ ਸਕਣਗੇ। ਅਗਾਂਹਵਧੂ ਕਿਸਾਨ ਸੁਸਾਇਟੀ (ਆਲੂ) ਨੂੰ ਜਲੰਧਰ ਜ਼ਿਲ੍ਹੇ ਵਿੱਚ ਸੈਂਟਰ ਆਫ ਐਕਸੇਲੈਂਸ (ਆਲੂ) ਵਿਖੇ ਇਸ ਦੇ ਮਕਸਦ ਪੂਰੇ ਕਰਨ ਲਈ ਦੋ ਏਕੜ ਜ਼ਮੀਨ ਸੰਬੰਧਿਤ ਗਤੀਵਿਧੀਆਂ ਲਈ ਦਿੱਤੀ ਜਾਣੀ ਚਾਹੀਦੀ ਹੈ।

### II. ਮਟਰ

ਪੰਜਾਬ ਵਿੱਚ ਮਟਰ, ਆਲੂਆਂ ਤੋਂ ਬਾਅਦ ਦੂਜੀ ਸਭ ਤੋਂ ਮਹੱਤਵਪੂਰਨ ਫ਼ਸਲ ਹੈ, ਜਿਸ ਦੇ ਰਕਬੇ ਵਿੱਚ ਸਾਲ 2013-14 ਤੋਂ 2022-23 ਦਰਮਿਆਨ ਦੁੱਗਣੇ ਤੋਂ ਵੀ ਜਿਆਦਾ (20 ਤੋਂ 45 ਹਜ਼ਾਰ ਹੈਕਟੇਅਰ) ਦਾ ਵਾਧਾ ਹੋਇਆ ਹੈ। ਮਟਰ ਅਤੇ ਝੋਨੇ ਦੀਆਂ ਥੋੜੇ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਦੇ ਸੁਮੇਲ ਨੇ ਕਿਸਾਨਾਂ ਨੂੰ ਇੱਕ ਸਾਲ ਵਿੱਚ ਤਿੰਨ ਫ਼ਸਲਾਂ (ਝੋਨਾ-ਮਟਰ-ਕਣਕ/ਗਰਮ ਰੁੱਤ ਦੀ ਸਬਜੀ/ਹੋਰ ਫ਼ਸਲਾਂ) ਉਗਾਉਣ ਲਈ ਪ੍ਰੇਰਿਤ ਕੀਤਾ ਹੈ। ਸੀਤ ਠੰਡੇ (Frozen) ਸਟੋਰ ਕੀਤੇ ਹੋਏ ਮਟਰ, ਵਿਸ਼ਵ ਪੱਧਰ 'ਤੇ ਕੁੱਲ ਸੀਤ ਠੰਡੀਆਂ ਭੰਡਾਰ ਹੋਈਆਂ ਸਬਜ਼ੀਆਂ ਦਾ ਤਿੰਨ-ਚੌਥਾਈ ਹਿੱਸਾ ਹਨ। ਪੰਜਾਬ ਵਿੱਚ ਵੀ ਫਰੋਜ਼ਨ ਮਟਰ, ਪੈਗਰੋ ਫੂਡਜ਼ ਲਿਮਿਟਡ ਅਤੇ CN ਫਰੋਜ਼ਨ ਦੇ ਉਤਪਾਦਨ ਯੂਨਿਟਾਂ ਦੀ ਸਥਾਪਨਾ ਨਾਲ, ਪੈਰ ਪਸਾਰ ਰਹੇ ਹਨ। ਮਟਰਾਂ ਦੀ ਤੁੜਾਈ ਦਾ ਸਮਾਂ ਦਸੰਬਰ ਤੋਂ ਮਾਰਚ

ਮਹੀਨੇ ਦਰਮਿਆਨ ਹੁੰਦਾ ਹੈ ਜਿਸਦੇ ਕੁੱਲ ਰਕਬੇ ਵਿੱਚੋਂ 80 ਫ਼ੀਸਦੀ ਹਿੱਸੇ 'ਤੇ ਜ਼ਿਆਦਾ ਆਮਦਨ ਹੋਣ ਕਾਰਨ ਅਗੇਤੇ ਮਟਰ ਦੀ ਕਾਸ਼ਤ ਹੁੰਦੀ ਹੈ। ਫਲੀਆਂ ਦੀ ਹੱਥੀਂ-ਤੁੜਾਈ ਦਾ ਖਰਚਾ ਜਿਆਦਾ ਹੋਣ ਅਤੇ ਮੁੱਖ ਸੀਜਨ ਸਮੇਂ ਭਾਅ ਘੱਟਣ ਕਾਰਨ ਕਈ ਵਾਰ ਮਟਰਾਂ ਦੀ ਫ਼ਸਲ ਜ਼ਿਆਦਾ ਫਾਇਦੇਮੰਦ ਨਹੀਂ ਰਹਿੰਦੀ।

**ਨੀਤੀ ਸੰਬੰਧੀ ਸਿਫਾਰਿਸ਼ਾਂ**

1. **ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਪ੍ਰੋਸੈਸਿੰਗ ਦਾ ਵਿਸਥਾਰ**: ਰਾਜ ਵਿੱਚ, ਖਾਸ ਤੌਰ 'ਤੇ ਮਟਰ ਦੇ ਕੁਦਰਤੀ ਪੈਦਾਵਾਰੀ ਇਲਾਕਿਆਂ (ਅੰਮ੍ਰਿਤਸਰ ਅਤੇ ਹੁਸ਼ਿਆਰਪੁਰ) ਵਿੱਚ ਨਵੀਨਤਮ ਬੁਨਿਆਦੀ ਢਾਂਚੇ ਨਾਲ ਹੋਰ ਪ੍ਰੋਸੈਸਿੰਗ ਯੂਨਿਟ ਸਥਾਪਿਤ ਕੀਤੇ ਜਾਣ।
2. **ਮਟਰਾਂ ਦੀ ਤੁੜਾਈ ਅਤੇ ਕਿਸਮਾਂ ਲਈ ਖੋਜ ਨੂੰ ਮਜ਼ਬੂਤ ਕਰਨਾ**: ਪੰਜਾਬ ਵਿੱਚ ਹੀ ਮਟਰਾਂ ਦੀਆਂ ਫਲੀਆਂ ਦੀ ਤੁੜਾਈ ਅਤੇ ਦਾਣੇ ਕੱਢਣ ਵਾਲੀ ਕਿਫਾਇਤੀ ਮਸ਼ੀਨ ਅਤੇ ਮੇਲ ਖਾਂਦੀਆਂ ਇੱਕੋਂ ਸਮੇਂ ਤੁੜਾਈ ਦੇ ਯੋਗ ਮਟਰ ਦੀਆਂ ਕਿਸਮਾਂ ਦੇ ਵਿਕਾਸ ਲਈ ਖੋਜ ਨੂੰ ਮਜ਼ਬੂਤ ਕਰਨ ਦੀ ਲੋੜ ਹੈ।
3. **ਮਟਰ ਉਤਪਾਦਕਾਂ ਦੀ ਸੁਸਾਇਟੀ**: ਮਟਰਾਂ ਦੇ ਮਸ਼ੀਨੀਕਰਨ, ਇਕੱਤਰੀਕਰਨ, ਪ੍ਰੋਸੈਸਿੰਗ ਅਤੇ ਮੰਡੀਕਰਨ ਨੂੰ ਮਜ਼ਬੂਤ ਕਰਨ ਲਈ ਮਟਰ ਪੈਦਾ ਕਰਨ ਵਾਲੇ ਇਲਾਕਿਆਂ/ਮਟਰ ਅਸਟੇਟ ਵਿੱਚ ਮਟਰ ਉਤਪਾਦਕਾਂ ਦੀ ਸੁਸਾਇਟੀ ਬਣਾਉਣ ਦੀ ਲੋੜ ਹੈ।

III. **ਪਿਆਜ਼ ਅਤੇ ਲਸਣ**

ਪਿਆਜ਼ ਅਤੇ ਲਸਣ ਦੀਆਂ ਫ਼ਸਲਾਂ ਸਥਾਨਕ ਅਤੇ ਵਿਦੇਸ਼ੀ ਬਜ਼ਾਰਾਂ ਵਿੱਚ ਵੱਧ ਮੰਗ ਕਾਰਨ ਮਹੱਤਵਪੂਰਨ ਹਨ। ਇਹਨਾਂ ਫ਼ਸਲਾਂ ਨੂੰ ਤਾਜ਼ੀ ਵਰਤੋਂ ਤੋਂ ਇਲਾਵਾ, ਪੇਸਟ, ਫਲੇਕਸ, ਪਾਊਡਰ, ਤੇਲ, ਸਿਰਕਾ, ਚਟਣੀ ਅਤੇ ਅਚਾਰ ਆਦਿ ਦੇ ਰੂਪ ਵਿੱਚ ਵੀ ਪ੍ਰੋਸੈਸ ਕੀਤਾ ਜਾ ਸਕਦਾ ਹੈ। ਪੰਜਾਬ ਵਿੱਚ ਉਪਜਾਊ ਮਿੱਟੀ, ਯਕੀਨੀ ਸਿੰਚਾਈ ਅਤੇ ਭੂਗੋਲਿਕ ਸਥਿਤੀ ਕਾਰਨ ਪਿਆਜ਼ (23.3 ਟਨ/ ਹੈਕਟੇਅਰ) ਅਤੇ ਲਸਣ (11 ਟਨ/ ਹੈਕਟੇਅਰ) ਦਾ ਵੱਧ ਝਾੜ ਲਿਆ ਜਾ ਸਕਦਾ ਹੈ (2022-23)। ਹਾਲਾਂਕਿ, ਪਿਆਜ਼ ਨੇ ਰਾਜ ਵਿੱਚ ਪਿਛਲੇ ਦਹਾਕੇ ਦੌਰਾਨ ਉਤਪਾਦਨ ਵਿੱਚ ਵੱਡਾ ਵਾਧਾ (35%) ਦਿਖਾਇਆ ਹੈ (1.83 ਤੋਂ 2.46 ਲੱਖ ਟਨ), ਪਰ ਫਿਰ ਵੀ ਪੰਜਾਬ ਅਤੇ ਆਸ ਪਾਸ ਦੇ ਸੂਬਿਆਂ ਦੀਆਂ ਲੋੜਾਂ ਦੇ 70 ਪ੍ਰਤੀਸ਼ਤ ਤੋਂ ਵੱਧ ਘਾਟੇ (25 ਲੱਖ ਟਨ) ਨੂੰ ਪੂਰਾ ਕਰਨ ਦੀ ਜ਼ਰੂਰਤ ਹੈ। ਇਸੇ ਤਰ੍ਹਾਂ, ਇਸ ਸਮੇਂ ਦੌਰਾਨ ਲਸਣ ਹੇਠ ਕੁੱਲ ਰਕਬੇ ਅਤੇ ਉਤਪਾਦਨ ਵਿੱਚ ਵੀ 60 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਇਹਨਾਂ ਦੋਵੇਂ ਫ਼ਸਲਾਂ ਵਿੱਚ ਮਜਦੂਰੀ ਦੇ ਵੱਧ ਖਰਚੇ ਅਤੇ ਭੰਡਾਰਨ ਲਈ ਸਹੂਲਤਾਂ ਦੀ ਘਾਟ ਕਾਰਨ ਪੰਜਾਬ ਵਿੱਚ ਇਹਨਾਂ ਫ਼ਸਲਾਂ ਹੇਠ ਰਕਬਾ ਸੀਮਤ ਹੈ।

**ਨੀਤੀ ਦੀਆਂ ਸਿਫਾਰਿਸ਼ਾਂ**

1. **ਭੰਡਾਰਨ ਅਤੇ ਪ੍ਰੋਸੈਸਿੰਗ ਸੁਵਿਧਾਵਾਂ ਨੂੰ ਮਜ਼ਬੂਤ ਕਰਨਾ**: ਪਿਆਜ਼ ਅਤੇ ਲਸਣ ਦੀ ਪੈਦਾਵਾਰ ਤੋਂ ਬਾਅਦ ਦੇ ਨੁਕਸਾਨ ਨੂੰ ਰੋਕਣ ਲਈ ਢੁੱਕਵੇਂ ਕੰਟਰੋਲ ਵਾਲੇ ਕੋਲਡ ਸਟੋਰਾਂ ਦੇ ਨਾਲ-ਨਾਲ ਗਾਮਾ ਇਰੇਡੀਏਸ਼ਨ ਦੀਆਂ ਸੁਵਿਧਾਵਾਂ (ਪੁੰਗਰਨ ਤੋਂ ਰੋਕਣ ਵਾਸਤੇ) ਵਿਕਸਿਤ ਕਰਨੀਆਂ ਚਾਹੀਦੀਆਂ ਹਨ। ਆਲੂਆਂ ਦੇ ਮੌਜੂਦਾ ਕੋਲਡ ਸਟੋਰਾਂ ਵਿੱਚ ਨਮੀ ਅਤੇ ਤਾਪਮਾਨ ਨੂੰ ਘਟਾ ਕੇ ਕੋਲਡ ਚੈਂਬਰਾਂ ਨੂੰ ਦਰੁਸਤ ਬਣਾਉਣ ਦੀ ਸੰਭਾਵਨਾ ਹੈ।
2. **ਮੰਡੀਆਂ ਤੱਕ ਪਹੁੰਚ ਦਾ ਵਿਸਥਾਰ**: ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਆਦਿ ਰਾਜਾਂ ਦੀਆਂ, ਜਿੱਥੋਂ ਦੀਆਂ ਭੂਗੋਲਿਕ ਸਥਿਤੀਆਂ ਪਿਆਜ਼ ਅਤੇ ਲਸਣ ਦੀ ਪੈਦਾਵਾਰ ਲਈ ਅਨੁਕੂਲ ਨਹੀਂ ਹਨ, ਮੰਡੀਆਂ ਤੱਕ ਪਹੁੰਚ ਬਣਾਉਣ ਲਈ ਸਹੀ ਪ੍ਰਣਾਲੀ ਬਣਾਉਣ ਦੀ ਲੋੜ ਹੈ।

3. **ਖੇਤੀ ਮਸ਼ੀਨੀਕਰਨ**: ਪਿਆਜ਼ ਅਤੇ ਲਸਣ ਦੀ ਕਾਸ਼ਤ ਉੱਤੇ ਲੱਗਣ ਵਾਲੀ ਲਾਗਤ ਨੂੰ ਘੱਟ ਕਰਨ ਲਈ ਖੇਤੀ ਮਸ਼ੀਨੀਕਰਨ ਦੀ ਸਹਾਇਤਾ ਦੀ ਲੋੜ ਹੈ।
4. **ਮਾਰਕਫੈੱਡ ਅਤੇ ਪੰਜਾਬ ਐਗਰੋ ਦੁਆਰਾ ਪ੍ਰੋਸੈਸਿੰਗ**: ਮਾਰਕਫੈੱਡ ਅਤੇ ਪੰਜਾਬ ਐਗਰੋ ਨੂੰ ਪਿਆਜ਼ ਅਤੇ ਲਸਣ ਦੇ ਪ੍ਰੋਸੈਸਿਡ ਅਤੇ ਫਰੋਜਨ ਉਤਪਾਦਾਂ ਨੂੰ ਵਿਕਸਿਤ ਕਰਨਾ ਚਾਹੀਦਾ ਹੈ।
5. **ਪੰਜਾਬ ਨੂੰ ਲਸਣ ਦੇ ਬੀਜ ਦੇ ਕੇਂਦਰ ਵਜੋਂ ਉਤਸ਼ਾਹਿਤ ਕਰਨਾ**: ਪੰਜਾਬ ਨੂੰ ਲਸਣ ਦੇ ਬੀਜ ਲਈ ਰਾਸ਼ਟਰੀ ਕੇਂਦਰ (ਬੀਜ ਵਾਲੇ ਆਲੂ ਦੀ ਤਰਜ ’ਤੇ) ਵਜੋਂ ਵਿਕਸਤ ਕਰਨ ਲਈ ਪੈਦਾਵਾਰ ਵਾਲੇ ਇਲਾਕਿਆਂ ਦੀ ਨਿਸ਼ਾਨਦੇਹੀ ਦੇ ਨਾਲ-ਨਾਲ ਬੀਜ ਪ੍ਰਮਾਣਿਕਿਤਾ ਅਤੇ ਟਰੇਸੇਬਿਲਟੀ ਪ੍ਰਣਾਲੀ ਅਪਣਾ ਕੇ ਉਤਸ਼ਾਹਿਤ ਕਰਨ ਦੀ ਲੋੜ ਹੈ।
6. **ਪ੍ਰੋਸੈਸਿੰਗ ਵਾਲੀਆਂ ਕਿਸਮਾਂ ’ਤੇ ਖੋਜ ਦੀ ਲੋੜ**: ਪ੍ਰੋਸੈਸਿੰਗ ਅਤੇ ਵਿਦੇਸ਼ੀ ਮੰਡੀਆਂ ਲਈ ਢੁੱਕਵੀਆਂ ਕਿਸਮਾਂ ਉੱਤੇ ਖੋਜ ਨੂੰ ਮਜਬੂਤ ਕਰਨ ਦੀ ਜ਼ਰੂਰਤ ਹੈ।

## IV. ਮਿਰਚ

ਮਿਰਚ ਨੂੰ ਪਾਊਡਰ, ਪੇਸਟ, ਆਚਾਰ, ਚਟਣੀ, ਸੂਪ ਆਦਿ ਵਜੋਂ ਪ੍ਰੋਸੈਸ ਕੀਤਾ ਜਾ ਸਕਦਾ ਹੈ। ਮਿਰਚਾਂ ਤੋਂ ਕੈਪਸਾਇਸਿਨ (ਕੁੜੱਤਣ) ਅਤੇ ਓਲਿਉਰੇਜ਼ਨ (ਤੇਲ) ਦਾ ਅਰਕ ਵੀ ਤਿਆਰ ਕੀਤਾ ਜਾ ਸਕਦਾ ਹੈ। ਇਹ ਪਦਾਰਥ ਨਾ ਕੇਵਲ ਅੰਤਰਰਾਸ਼ਟਰੀ ਮੰਡੀ ਵਿੱਚ ਵਧੇਰੇ ਮੁਨਾਫ਼ਾ ਹਾਸਲ ਕਰਦੇ ਹਨ, ਬਲਕਿ ਇਹਨਾਂ ਦੀ ਨਿਰਯਾਤ ਵੀ ਤਾਜ਼ੀ ਪੈਦਾਵਾਰ ਨਾਲੋਂ ਸੌਖੀ ਹੁੰਦੀ ਹੈ। ਪੰਜਾਬ ਵਿੱਚ ਜਿਆਦਾਤਰ ਹਰੀ ਮਿਰਚ ਦੀ ਹੀ ਵਿਕਰੀ ਹੁੰਦੀ ਹੈ, ਪਰ ਪਿਛਲੇ ਕੁਝ ਸਮੇਂ ਤੋਂ ਲਾਲ ਮਿਰਚਾਂ ਦੀ ਪ੍ਰੋਸੈਸਿੰਗ ਅਤੇ ਸੁੱਕਾ ਪਾਊਡਰ ਬਣਾਉਣ ਲਈ ਮੰਗ ਵੱਧ ਰਹੀ ਹੈ। ਮਿਰਚਾਂ ਦੀ ਕਾਸ਼ਤ ਲਈ ਮਜ਼ਦੂਰਾਂ ਦੀ ਬਹੁਤ ਲੋੜ ਪੈਂਦੀ ਹੈ, ਲਾਲ ਮਿਰਚ ਦੀਆਂ ਜਿੱਥੇ 6-7 ਤੁੜਾਈਆਂ ਹੁੰਦੀਆਂ ਹਨ, ਉੱਥੇ ਹਰੀ ਮਿਰਚ ਦੀ ਤੁੜਾਈ ਲਈ ਮਜ਼ਦੂਰਾਂ ਦੀ ਲੋੜ ਹੋਰ ਵੀ ਜ਼ਿਆਦਾ ਹੁੰਦੀ ਹੈ।

### ਨੀਤੀ ਸੰਬੰਧੀ ਸਿਫਾਰਿਸ਼ਾਂ

1. **ਮਿਰਚ ਉਦਪਾਦਕ ਸੁਸਾਇਟੀਆਂ ਬਣਾਉਣਾ**: ਮਿਰਚ ਉਤਪਾਦਨ ਦੇ ਕੁਦਰਤੀ ਪੈਦਾਵਾਰੀ ਇਲਾਕਿਆਂ ਜਿਵੇਂ ਕਿ ਫਿਰੋਜਪੁਰ ਜ਼ਿਲ੍ਹੇ ਵਿੱਚ ਸੁੱਕੀ ਮਿਰਚ, ਫਾਜਿਲਕਾ ਅਤੇ ਹੁਸ਼ਿਆਰਪੁਰ ਵਿੱਚ ਲਾਲ ਮਿਰਚ ਅਤੇ ਸੰਗਰੂਰ ਤੇ ਪਟਿਆਲਾ ਵਿੱਚ ਹਰੀ ਮਿਰਚ ਦੀ ਕਾਸ਼ਤ, ਭੰਡਾਰਨ ਅਤੇ ਮੰਡੀ ਦੀ ਮੰਗ ਮੁਤਾਬਿਕ ਸਪਲਾਈ ਲਈ ਮਿਰਚ ਦੇ ਕਾਸ਼ਤਕਾਰਾਂ ਦੀਆਂ ਸੁਸਾਇਟੀਆਂ ਵਿਕਸਿਤ ਕੀਤੀਆਂ ਜਾਣ।
2. **ਮਿਰਚ ਉਤਪਾਦਕ ਸੁਸਾਇਟੀਆਂ ਲਈ ਕੋਲਡ ਸਟੋਰ ਬਣਾਉਣੇ**: ਮਿਰਚ ਉਤਪਾਦਕ ਸੁਸਾਇਟੀਆਂ ਨੂੰ ਤਾਜ਼ੀ ਹਰੀ ਅਤੇ ਸੁੱਕੀ ਮਿਰਚ ਦੀ ਸਪਲਾਈ ਦੀ ਮੰਗ ਨੂੰ ਪੂਰਾ ਕਰਨ ਲਈ ਕੋਲਡ ਸਟੋਰ ਬਣਾਉਣ ਲਈ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ, ਤਾਂ ਕਿ ਤਾਜ਼ੀ ਮਿਰਚ ਅਤੇ ਪ੍ਰੋਸੈਸਿੰਗ ਉਦਯੋਗਾਂ ਦੀ ਅਸਥਿਰ ਮੰਗ ਨੂੰ ਪੂਰਾ ਕੀਤਾ ਜਾ ਸਕੇ।
3. **ਅਨਾਜ ਮੰਡੀਆਂ ਦੀ ਮਿਰਚ ਨੂੰ ਸੁਕਾਉਣ ਲਈ ਵਰਤੋਂ**: ਕਿਸਾਨਾਂ ਨੂੰ ਮਿਰਚਾਂ ਦੀ ਤੁੜਾਈ ਦੇ ਸਮੇਂ (ਮਈ ਤੋਂ ਅਗਸਤ) ਦੌਰਾਨ ਪੱਕੀਆਂ ਹੋਈਆ ਲਾਲ ਮਿਰਚਾਂ ਨੂੰ ਸੁਕਾਉਣ ਲਈ ਅਨਾਜ ਮੰਡੀ ਦੇ ਯਾਰਡ (ਵਿਹੜੇ) ਅਤੇ ਸ਼ੈਡਾਂ ਦੀ ਵਰਤੋਂ ਦੀ ਆਗਿਆ ਦੇਣੀ ਚਾਹੀਦੀ ਹੈ।

## V. ਫੁੱਲ ਗੋਭੀ ਅਤੇ ਬੰਦ ਗੋਭੀ

ਆਲੂ ਅਤੇ ਮਟਰਾਂ ਤੋਂ ਬਾਅਦ ਫੁੱਲ ਗੋਭੀ ਅਤੇ ਬੰਦ ਗੋਭੀ ਪੰਜਾਬ ਦੀਆਂ ਸਭ ਤੋਂ ਵੱਧ ਮਹੱਤਵਪੂਰਨ ਸਬਜ਼ੀਆਂ ਦੀਆਂ ਫ਼ਸਲਾਂ ਹਨ। ਇਨ੍ਹਾਂ ਦੀ ਕਾਸ਼ਤ 34000 ਹੈਕਟੇਅਰ ਤੋਂ ਵੱਧ ਰਕਬੇ ’ਤੇ ਕੀਤੀ ਜਾਂਦੀ ਹੈ (2022-23)। ਅਰਧ-ਗਰਮ (ਸਬ-ਟਰੋਪਿਕਲ) ਮੌਸਮ ਅਤੇ ਸਰਦ ਰੁੱਤ ਦੇ ਠੰਡੇ ਤਾਪਮਾਨ ਕਾਰਨ, ਇਨ੍ਹਾਂ ਫ਼ਸਲਾਂ ਦੀਆਂ

ਵੱਖ-ਵੱਖ ਤਾਪਮਾਨ ਸਹਿਣ ਕਰਨ ਵਾਲੀਆਂ ਕਿਸਮਾਂ ਦੀ ਕਾਸ਼ਤ ਲੰਮੇਂ ਸਮੇਂ (6 ਮਹੀਨੇ ਤੋਂ ਜਿਆਦਾ) ਤੱਕ ਕੀਤੀ ਜਾ ਸਕਦੀ ਹੈ। ਮੁੱਖ ਫ਼ਸਲ ਦੀ ਤੁੜਾਈ ਦੇ ਸਮੇਂ ਜਿਆਦਾ ਪੈਦਾਵਾਰ ਹੋਣ ਕਾਰਨ ਇਹਨਾਂ ਫ਼ਸਲਾਂ ਦੀ ਮੰਡੀ ਵਿੱਚ ਕੀਮਤ ਘੱਟ ਜਾਂਦੀ ਹੈ, ਪਰ ਇਹ ਸਮਾਂ ਧਰਤੀ ਦੇ ਉਤਰੀ ਹਿੱਸੇ ਵਾਲੇ ਦੇਸ਼ਾਂ ਵਿੱਚ ਬਰਫ਼ਬਾਰੀ ਹੋਣ ਕਾਰਨ ਨਿਰਯਾਤ ਦੇ ਮੌਕੇ ਪੈਦਾ ਕਰਦਾ ਹੈ।

**ਨੀਤੀ ਸੰਬੰਧੀ ਸਿਫਾਰਿਸ਼**

1. **ਪ੍ਰੋਸੈਸਿੰਗ ਇਕਾਈਆਂ ਨੂੰ ਮਜ਼ਬੂਤ ਕਰਨਾ**: ਉਤਪਾਦਨ ਦੀ ਮੌਸਮੀ ਭਰਮਾਰ ਨੂੰ ਘੱਟ ਕਰਨ ਅਤੇ ਨਾਲ ਦੀ ਨਾਲ ਘਰੇਲੂ ਅਤੇ ਵਿਦੇਸ਼ੀ ਮੰਡੀਆਂ ਤੱਕ ਫ਼ਸਲ ਭੇਜਣ ਲਈ, ਫੁੱਲ ਗੋਭੀ ਅਤੇ ਬੰਦ ਗੋਭੀ ਦੇ ਸੁੱਕੇ ਅਤੇ ਸੀਤ-ਠੰਡੇ ਉਤਪਾਦਾਂ ਦੇ ਪ੍ਰੋਸੈਸਿੰਗ ਯੂਨਿਟਾਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ।

**VI. ਟਮਾਟਰ**

ਟਮਾਟਰ ਨੂੰ ਤਾਜ਼ੇ ਅਤੇ ਪ੍ਰੋਸੈਸਿਡ ਰੂਪ ਜਿਵੇਂ ਸੂਪ, ਚਟਨੀ, ਪੇਸਟ ਆਦਿ ਰੂਪ ਵਿੱਚ ਵਰਤਿਆਂ ਜਾਂਦਾ ਹੈ, ਜਿਸ ਨਾਲ ਨਾ ਸਿਰਫ਼ ਕਦਰ ਵਧਾਈ ਹੁੰਦੀ ਹੈ, ਸਗੋਂ ਗਰਮੀਆਂ ਵਿੱਚ ਫ਼ਸਲ ਦੇ ਉਤਪਾਦਨ ਦੀ ਬਹੁਤਾਤ ਤੋਂ ਵੀ ਬਚਿਆ ਜਾਂਦਾ ਹੈ। ਟਮਾਟਰ ਨੂੰ ਖੁੱਲੇ ਖੇਤ ਵਿੱਚ ਅਤੇ ਸੁੱਰਖਿਅਤ (Protected) ਖੇਤੀ ਦੋਵੇਂ ਵਿਧੀਆਂ ਨਾਲ ਕਾਸ਼ਤ ਕੀਤਾ ਜਾ ਸਕਦਾ ਹੈ। ਹਾਲਾਂਕਿ, ਪੰਜਾਬ ਦੀਆਂ ਸਥਿਤੀਆਂ ਵਿੱਚ, ਵਾਢੀ ਦਾ ਛੋਟਾ ਸਮਾਂ-ਕਾਲ ਪ੍ਰੋਸੈਸਿੰਗ ਉਦਯੋਗ ਦੀ ਸਥਿਰਤਾ ਦਾ ਸਮਰਥਨ ਨਹੀਂ ਕਰਦਾ। ਟਮਾਟਰ ਦੀ ਫ਼ਸਲ ਜਿਆਦਾ ਮਜ਼ਦੂਰੀ ਲੋੜਾਂ, ਛੇਤੀ ਖਰਾਬ ਹੋਣ ਦੇ ਨਾਲ-ਨਾਲ ਸਾਉਣੀ/ਬਰਸਾਤਾਂ ਦੇ ਮੌਸਮ ਦੌਰਾਨ ਚਿੱਟੀ ਮੱਖੀ ਰਾਹੀਂ ਫੈਲਣ ਵਾਲੇ ਵਿਸ਼ਾਣੂ ਰੋਗ ਤੋਂ ਵੀ ਬਹੁਤ ਪ੍ਰਭਾਵਿਤ ਹੁੰਦੀ ਹੈ ।

**ਨੀਤੀ ਸੰਬੰਧੀ ਸਿਫਾਰਿਸ਼**

1. **ਟਮਾਟਰ ਦੀਆਂ ਰੋਗ ਰਹਿਤ ਕਿਸਮਾਂ ’ਤੇ ਖੋਜ ਨੂੰ ਵਧਾਉਣਾ**: ਟਮਾਟਰ ਦੀ ਉਪਲਬਧਤਾ ਦਾ ਸਮਾਂ ਵਧਾਉਣ ਲਈ ਵਿਸ਼ਾਣੂ ਰੋਗ, ਅਗੇਤੇ ਅਤੇ ਪਿਛੇਤੇ ਝੁਲਸਰੋਗ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ, ਜਿਹਨਾਂ ਦੀ ਕਾਸ਼ਤ ਨੀਵੀਂਆਂ ਸੁਰੰਗਾ/ਸੁਰੱਖਿਅਤ ਖੇਤੀ ਪ੍ਰਣਾਲੀ ਰਾਹੀਂ ਕੀਤੀ ਜਾ ਸਕਦੀ ਹੋਵੇ, ਦੀ ਖੋਜ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਪ੍ਰੋਸੈਸਿੰਗ ਇਕਾਈਆਂ ਦੀ ਨਿਭਣਯੋਗਤਾ ਵਿੱਚ ਸੁਧਾਰ ਕਰਨ ਲਈ, TSS ਅਤੇ ਲਾਈਕੋਪੀਨ ਦੀ ਜ਼ਿਆਦਾ ਮਾਤਰਾ ਵਾਲੀਆਂ ਕਿਸਮਾਂ ਦੀ ਖੋਜ ਉੱਤੇ ਵੀ ਜੋਰ ਦੇਣ ਦੀ ਲੋੜ ਹੈ।

**VII. ਖਰਬੂਜਾ ਅਤੇ ਤਰਬੂਜ**

ਖਰਬੂਜੇ ਅਤੇ ਤਰਬੂਜ ਦੀਆਂ ਫ਼ਸਲਾਂ, ਝੋਨਾ/ਮੱਕੀ-ਆਲੂ-ਖਰਬੂਜਾ/ਤਰਬੂਜ ਅਧਾਰਿਤ ਘਣੇ ਫ਼ਸਲੀ ਚੱਕਰ ਲਈ ਅਨੁਕੂਲ ਹਨ ਅਤੇ ਕਾਸ਼ਤਕਾਰਾਂ ਦੀ ਆਮਦਨ ਵਿੱਚ ਵੀ ਵਾਧਾ ਕਰਦੇ ਹਨ। ਪਰ ਜਲਦੀ ਖਰਾਬ ਹੋਣ ਕਾਰਨ ਅਤੇ ਮੁੱਖ ਮੌਸਮ ਦੌਰਾਨ ਫ਼ਸਲੀ ਭਰਮਾਰ ਹੋਣ ਕਾਰਨ ਕੀਮਤਾਂ ’ਤੇ ਨਾਕਰਾਤਮਕ ਪ੍ਰਭਾਵ ਪੈਂਦਾ ਹੈ।

**ਨੀਤੀ ਸੰਬੰਧੀ ਸਿਫਾਰਿਸ਼ਾਂ**

1. **ਕੁਦਰਤੀ ਪੈਦਾਵਾਰੀ ਇਲਾਕਿਆਂ ਦੀਆਂ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਵਿੱਚ ਸਹੂਲਤਾਂ ਵਧਾਉਣਾ**: ਦੇਸ਼ ਦੇ ਉੱਤਰੀ-ਪਹਾੜੀ, ਕੇਂਦਰੀ ਅਤੇ ਦੱਖਣੀ ਰਾਜਾਂ ਵਿੱਚ ਖਰਬੂਜੇ ਅਤੇ ਤਰਬੂਜ ਦੀ ਫ਼ਸਲ ਭੇਜਣ ਲਈ, ਕੁਦਰਤੀ ਪੈਦਾਵਾਰੀ ਇਲਾਕਿਆਂ ਦੀਆਂ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਵਿੱਚ ਫ਼ਸਲ ਨੂੰ ਇੱਕਠੀ ਕਰਨ, ਭੰਡਾਰਨ ਅਤੇ ਢੋਆ-ਢੁਆਈ ਦੀਆਂ ਸਹੂਲਤਾਂ ਦਾ ਵਿਕਾਸ ਕਰਨਾ ਚਾਹੀਦਾ ਹੈ।
2. **ਖਰਬੂਜੇ ਅਤੇ ਬੀਜ ਰਹਿਤ ਤਰਬੂਜ ਦੀਆਂ ਨਵੀਆਂ ਕਿਸਮਾਂ ਵਿਕਸਿਤ ਕਰਨਾ**: ਖਰਬੂਜੇ ਅਤੇ ਬੀਜ ਰਹਿਤ

ਤਰਬੂਜ ਦੀਆਂ ਨਵੀਆਂ ਕਿਸਮਾਂ ਜਿਹਨਾਂ 'ਤੇ ਹੁਣ ਤੱਕ ਘੱਟ ਖੋਜ ਹੋਈ ਹੈ, ਜਿਵੇਂ ਕਿ 'ਸ਼ਾਰਦਾ', 'ਹਨੀ ਡਿਊ' ਅਤੇ ਨੈਟ ਵਾਲੀਆਂ ਕਿਸਮਾਂ ਨੂੰ ਵਿਕਸਿਤ ਕਰਨ ਲਈ ਖੋਜ ਨੂੰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ।

### VIII. ਗਾਜਰ

ਪੰਜਾਬ ਦੀ ਭੁਗੋਲਿਕ ਸਥਿਤੀ ਗਾਜਰਾਂ ਦੀਆਂ ਏਸ਼ੀਆਈ ਅਤੇ ਯੂਰੋਪੀਅਨ ਦੋਵੇਂ ਤਰ੍ਹਾਂ ਦੀਆਂ ਕਿਸਮਾਂ ਦੀ ਕਾਸ਼ਤ ਲਈ ਢੁੱਕਵੀ ਹੈ। ਗਾਜਰ ਥੋੜੇ ਸਮੇਂ ਵਿੱਚ ਤਿਆਰ ਹੋਣ ਵਾਲੀ ਅਤੇ ਲੰਮੇ ਸਮੇਂ ਲਈ ਭੰਡਾਰ ਹੋ ਸਕਣ ਵਾਲੀ ਫ਼ਸਲ ਹੈ। ਗਾਜਰ ਦੇ ਜੂਸ, ਪੌਸ਼ਟਿਕ ਵਿਸ਼ੇਸ਼ਤਾਵਾਂ, ਤਾਜੀ ਅਤੇ ਫਰੋਜਨ ਤੌਰ 'ਤੇ ਵਰਤੀ ਜਾ ਸਕਣ ਵਾਲੀ ਸਮਰੱਥਾ ਨੂੰ ਵਰਤਣ ਦੀ ਲੋੜ ਹੈ। ਗਾਜਰ ਫ਼ਸਲ ਅਧੀਨ ਰਕਬੇ ਨੂੰ ਵੀ ਵਧਾਇਆ ਜਾ ਸਕਦਾ ਹੈ ਕਿਉਂਕਿ ਇਸਦੀ ਬਿਜਾਈ, ਪੁਟਾਈ, ਧੁਆਈ ਅਤੇ ਸਫਾਈ ਲਈ ਮਸ਼ੀਨਾਂ ਉਪਲਬਧ ਹਨ, ਜਿਹਨਾਂ ਨਾਲ ਕਾਸ਼ਤ ਅਤੇ ਪੁਟਾਈ ਤੋਂ ਬਾਅਦ ਦੀ ਸਾਂਭ-ਸੰਭਾਲ ਦੀ ਲਾਗਤ ਨੂੰ ਘੱਟ ਕੀਤਾ ਜਾ ਸਕਦਾ ਹੈ।

#### ਨੀਤੀ ਸੰਬੰਧੀ ਸਿਫਾਰਿਸ਼

1. **ਕੋਲਡ ਸਟੋਰ, ਪ੍ਰੋਸੈਸਿੰਗ ਅਤੇ ਮੰਡੀਕਰਨ ਦੀਆਂ ਸਹੂਲਤਾਂ**: ਤਾਜੀ ਗਾਜਰ ਨੂੰ ਭੰਡਾਰ ਕਰਨ ਲਈ ਕੋਲਡ ਸਟੋਰ (1-2° ਸੈਲਸੀਅਸ, 85-95% ਹਵਾ ਦੀ ਨਮੀਂ) ਸਥਾਪਿਤ ਕਰਨ ਦੀ ਲੋੜ ਹੈ ਤਾਂ ਜੋ ਘਾਟ ਦੇ ਸਮੇਂ ਸਮੁੱਚੇ ਭਾਰਤ ਵਿੱਚ ਗਾਜਰ ਉਪਲਬਧ ਕਰਵਾਈ ਜਾ ਸਕੇ। ਇਸ ਤੋ ਇਲਾਵਾ ਜੂਸ, ਫਰੋਜਨ ਅਤੇ ਤਾਜ਼ੇ ਕੱਟੇ ਹੋਏ ਗਾਜਰ ਦੇ ਲਈ ਪ੍ਰੋਸੈਸਿੰਗ ਯੂਨਿਟਾਂ ਨੂੰ ਵੀ ਸਥਾਪਿਤ ਕਰਨ ਦੀ ਲੋੜ ਹੈ ।

### IX. ਹਲਦੀ

ਹਲਦੀ ਨੂੰ ਕੀੜੇ-ਮਕੌੜਿਆਂ ਦਾ ਘੱਟ ਹਮਲਾ ਹੁੰਦਾ ਹੈ, ਇਸ ਲਈ ਪੰਜਾਬ ਦੀਆਂ ਹਾਲਾਤਾਂ ਵਿੱਚ ਇਸਦੀ ਜੈਵਿਕ ਖੇਤੀ ਦੀ ਚੰਗੀ ਗੁੰਜਾਇਸ਼ ਹੈ। ਹਲਦੀ ਵਿੱਚ ਮੌਜੂਦ ਪੌਸ਼ਟਿਕ ਤੱਤਾਂ ਕਾਰਨ ਇਸ ਦੀ ਕਦਰ ਵਧਾਈ ਕਰਕੇ ਪ੍ਰੋਸੈਸਿੰਗ ਉਦਯੋਗ ਵਿੱਚ ਵਰਤਿਆ ਜਾ ਸਕਦਾ ਹੈ ਅਤੇ ਵਧੇਰੇ ਰੋਜਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਦੇ ਹਨ। ਪਰ ਕਾਸ਼ਤ ਦਾ ਲੰਬਾ ਸਮਾਂ (215-240 ਦਿਨ), ਜਿਆਦਾ ਬੀਜ ਦਰ (6-8 ਕੁਇੰਟਲ/ਏਕੜ), ਮਸ਼ੀਨੀਕਰਨ ਦੀ ਘਾਟ ਅਤੇ ਕੀਮਤਾਂ ਵਿੱਚ ਉਤਰਾਅ-ਚੜ੍ਹਾਅ ਹਲਦੀ ਅਧੀਨ ਰਕਬੇ ਦੇ ਵਿਸਥਾਰ ਨੂੰ ਰੋਕਦੇ ਹਨ।

#### ਨੀਤੀ ਸੰਬੰਧੀ ਸਿਫਾਰਿਸ਼ਾਂ

1. **ਨਵੀਆਂ ਕਿਸਮਾਂ ਦਾ ਵਿਕਾਸ**: ਫ਼ਸਲੀ ਚੱਕਰ ਵਿੱਚ ਬਿਹਤਰ ਢੰਗ ਨਾਲ ਫਿੱਟ ਹੋਣ ਲਈ ਜਿਆਦਾ ਕਰਕਿਊਮਿਨ ਮਾਤਰਾ ਅਤੇ ਅਗੇਤੀਆਂ ਪੱਕਣ ਵਾਲੀਆਂ ਕਿਸਮਾਂ ਦੀ ਸ਼ੁਰੂਆਤ/ਖੋਜ 'ਤੇ ਜੋਰ ਦੇਣ ਦੀ ਲੋੜ ਹੈ।
2. **ਹਲਦੀ ਦੀ ਉਤਪਾਦਕਤਾ, ਪ੍ਰੋਸੈਸਿੰਗ ਅਤੇ ਮੰਡੀਕਰਨ ਨੂੰ ਬਹੁ-ਮੰਤਵੀ ਸੁਸਾਇਟੀਆਂ ਨਾਲ ਉਤਸ਼ਾਹਿਤ ਕਰਨਾ**: ਬਹੁ-ਮੰਤਵੀ ਸੁਸਾਇਟੀਆਂ ਦੇ ਸਹਿਯੋਗ ਨਾਲ ਹਲਦੀ ਦੇ ਉਤਪਾਦਨ, ਇਕੱਤਰੀਕਰਨ, ਪ੍ਰੋਸੈਸਿੰਗ ਅਤੇ ਮੰਡੀਕਰਨ ਨੂੰ ਮਜਬੂਤ ਕਰਨ ਦੀ ਲੋੜ ਹੈ ।

### X. ਭਿੰਡੀ, ਕਰੇਲਾ, ਮਗਜ਼ ਕੱਦੂ ਅਤੇ ਹੋਰ ਕੱਦੂ ਜਾਤੀ ਦੀਆਂ ਫ਼ਸਲਾਂ

ਸੂਬੇ ਵਿੱਚ ਗਰਮੀਆਂ ਅਤੇ ਬਰਸਾਤਾਂ ਦੇ ਮੌਸਮ ਦੌਰਾਨ ਭਿੰਡੀ, ਕਰੇਲਾ, ਤੋਰੀ, ਪੇਠਾ ਅਤੇ ਕੱਦੂ ਜਾਤੀ ਦੀਆਂ ਹੋਰ ਫ਼ਸਲਾਂ ਹੇਠ ਕਾਫੀ ਰਕਬਾ ਹੁੰਦਾ ਹੈ। ਇਹ ਫ਼ਸਲਾਂ ਆਸਾਨੀ ਨਾਲ ਉਗਾਈਆਂ ਜਾ ਸਕਦੀਆਂ ਹਨ ਅਤੇ ਵਧੇਰੇ ਝਾੜ ਦਿੰਦੀਆਂ ਹਨ, ਪਰ ਇਹ ਜਲਦੀ ਖਰਾਬ ਹੋ ਜਾਂਦੀਆਂ ਹਨ ਅਤੇ ਵਿਸ਼ਾਣੂ ਰੋਗ ਦਾ ਖਤਰਾ ਵੀ ਰੱਖਦੀਆਂ ਹਨ। ਭਿੰਡੀ ਅਤੇ ਕਰੇਲੇ ਨੂੰ ਨਾ ਸਿਰਫ਼ ਸਥਾਨਿਕ ਲੋਕਾਂ ਦੁਆਰਾ ਖਾਧਾ ਜਾਂਦਾ ਹੈ, ਬਲਕਿ ਯੂਰਪੀਅਨ ਅਤੇ ਉਤਰੀ-ਅਮਰੀਕੀ ਦੇਸ਼ਾਂ ਵਿੱਚ ਰਹਿੰਦੇ ਪ੍ਰਵਾਸੀ ਭਾਰਤੀਆਂ ਵਿੱਚ ਵੀ ਇਹਨਾਂ ਦੀ ਮੰਗ ਹੈ। ਇਸ ਲਈ ਇਨ੍ਹਾਂ ਦੇਸ਼ਾ ਵਿੱਚ ਇਨ੍ਹਾਂ ਫ਼ਸਲਾਂ ਦੇ ਨਿਰਯਾਤ ਦੀ ਬਹੁਤ ਸੰਭਾਵਨਾ ਹੈ।

ਮਗਜ਼ ਕੱਦੂ ਦੇਸ਼ ਵਿੱਚ ਕੱਦੂ ਜਾਤੀ ਦੀ ਇੱਕ ਨਵੀ ਫ਼ਸਲ ਹੈ। ਇਸਦਾ ਬੀਜ ਛਿਲਕਾ ਰਹਿਤ ਹੁੰਦਾ ਹੈ ਅਤੇ ਸਨੈਕਸ, ਤੇਲ ਅਤੇ ਬੇਕਰੀ ਉਦਯੋਗ ਵਿੱਚ ਸਿੱਧੇ ਹੀ ਵਰਤਿਆ ਜਾਂਦਾ ਹੈ। ਇਹ ਓਮੇਗਾ-6 ਫੈਟੀ ਐਸਿਡ (32%) ਅਤੇ ਤੇਲ (28%) ਦਾ ਭਰਪੂਰ ਸਰੋਤ ਹੈ। ਇਸ ਸਮੇਂ ਮਗਜ਼ ਕੱਦੂ ਦੇ ਬੀਜ ਦਾ ਚੀਨ ਅਤੇ ਅਮਰੀਕਾ ਤੋਂ ਆਯਾਤ ਕੀਤਾ ਜਾ ਰਿਹਾ ਹੈ ਜੋ ਕਿ ਕਾਫੀ ਸ਼ਹਿਰਾਂ ਵਿੱਚ ਉਪਲਬਧ ਹੈ। 'ਪੀ.ਏ.ਯੂ. ਮਗਜ ਕੱਦੂ-1', ਕੱਦੂ ਦੀ ਪਹਿਲੀ ਛਿਲਕਾ-ਰਹਿਤ ਬੀਜ ਵਾਲੀ ਕਿਸਮ, ਨੂੰ ਪੀ.ਏ.ਯੂ. ਦੁਆਰਾ ਵਿਕਸਤ ਅਤੇ ਜਾਰੀ ਕੀਤਾ ਗਿਆ ਹੈ। ਜਿਆਦਾ ਮੁੱਲ ਵਾਲੀ ਅਤੇ ਘੱਟ ਖਲਾਰ (Low Volume) ਵਾਲੀ ਫ਼ਸਲ ਹੋਣ ਕਾਰਨ, ਮਗਜ ਕੱਦੂ ਫ਼ਸਲੀ ਵਿਭਿੰਨਤਾ ਲਈ ਬਹੁਤ ਅਨੁਕੂਲ ਹੈ, ਜਿਸ ਦੀ ਘਰੇਲੂ ਅਤੇ ਵਿਦੇਸ਼ੀ ਮੰਡੀਆਂ ਵਿੱਚ ਵੀ ਕਾਫੀ ਸਮਰੱਥਾ ਹੈ।

**ਨੀਤੀ ਸੰਬੰਧੀ ਸਿਫਾਰਿਸ਼ਾਂ**

1. **ਵੱਧ ਝਾੜ ਅਤੇ ਕੀੜੇ-ਮਕੌੜਿਆਂ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਉੱਪਰ ਖੋਜ**: ਇਹਨਾਂ ਸਬਜ਼ੀਆਂ ਵਿੱਚ ਵੱਧ ਝਾੜ ਦੇਣ ਵਾਲੀਆਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਨੂੰ ਘੱਟ ਕਰਨ ਲਈ ਕੀੜੇ-ਮਕੌੜਿਆਂ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਵਿਕਸਿਤ ਕਰਨ ਲਈ ਖੋਜ ਨੂੰ ਹੋਰ ਮਜਬੂਤ ਕੀਤਾ ਜਾਵੇ।
2. **ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਰਾਹੀਂ ਸਹੂਲਤਾਂ ਦੇਣ ਦੀ ਲੋੜ**: ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਦੇ ਸਮਰਥਨ ਨਾਲ ਇਹਨਾਂ ਸਬਜੀਆਂ ਦੀ ਗੁਣਵੱਤਾ, ਉਤਪਾਦਨ, ਇਕੱਤਰੀਕਰਨ, ਪ੍ਰੋਸੈਸਿੰਗ ਅਤੇ ਮੰਡੀਕਰਨ ਨੂੰ ਮਜਬੂਤ ਕੀਤਾ ਜਾਵੇ।
3. **ਕੋਲਡ ਚੇਨ ਦੀ ਸੁਵਿਧਾ**: ਯੂਰਪੀਅਨ ਦੇਸ਼ਾਂ ਨੂੰ ਨਿਰਯਾਤ ਕਰਨ ਲਈ ਕੋਲਡ ਚੇਨ ਸੁਵਿਧਾਵਾਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।
4. **ਆਲੂ ਉਗਾਉਣ ਵਾਲੇ ਖੇਤਰਾਂ ਵਿੱਚ ਫ਼ਸਲੀ ਚੱਕਰ**: ਆਲੂ ਉਗਾਉਣ ਵਾਲੇ ਖੇਤਰਾਂ ਵਿੱਚ ਮਗਜ਼ ਕੱਦੂ-ਝੋਨਾ/ ਮੱਕੀ/ਮੂੰਗੀ-ਆਲੂ/ਮਟਰ ਦੇ ਫ਼ਸਲੀ ਚੱਕਰ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ ।

## XI. ਫਲ, ਸਬਜੀਆਂ ਦੀ ਪੌਸ਼ਟਿਕ ਅਤੇ ਰੋਗਨਾਸ਼ਕ ਜੜੀ-ਬੂਟੀਆਂ (ਹਰਬਲ) ਦੀ ਘਰ-ਬਗੀਚੀ

ਘਰ-ਬਗੀਚੀ ਵਿੱਚ ਵਿਟਾਮਿਨ, ਖਣਿਜ, ਐਂਟੀ ਔਕਸੀਡੈਂਟ ਅਤੇ ਫਾਈਬਰ ਨਾਲ ਭਰਪੂਰ ਜੈਵਿਕ, ਤਾਜ਼ੇ ਫਲ ਅਤੇ ਸਬਜ਼ੀਆਂ, ਨਾ ਸਿਰਫ ਗੁਣਵੱਤਾ ਭਰਪੂਰ ਜੀਵਨ ਲਈ ਪ੍ਰਤੀਰੋਧਕ ਪ੍ਰਣਾਲੀ (Immune System) ਨੂੰ ਮਜ਼ਬੂਤ ਕਰਨ ਲਈ ਪੋਸ਼ਣ ਅਤੇ ਚਿਕਿਤਸਕ ਸਹਾਇਤਾ ਪ੍ਰਦਾਨ ਕਰਦੇ ਹਨ, ਬਲਕਿ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਕੁਦਰਤ ਅਤੇ ਜੀਵ-ਵਿਭਿੰਨਤਾ ਨਾਲ ਜੋੜਨ ਦਾ ਵਧੀਆ ਤਰੀਕਾ ਵੀ ਹੈ। ਫਲ, ਸਬਜ਼ੀ ਅਤੇ ਹਰਬਲ ਘਰ-ਬਗੀਚੀ ਦਾ ਪਾਲਣ-ਪੋਸ਼ਣ ਪਰਿਵਾਰ ਨੂੰ ਰੋਜ਼ਾਨਾ ਦੀ ਇੱਕਲਤਾ ਵਾਲੀ ਜੀਵਨ-ਸ਼ੈਲੀ ਤੋਂ ਨਿਜਾਤ ਦਿੰਦਾ ਹੈ। ਘਰੇਲੂ ਬਗੀਚੀ ਨਾਲ ਪਰਿਵਾਰ ਦਾ ਖਰਚਾ ਘਟਦਾ ਹੈ, ਅਤੇ ਨਾਲ-ਨਾਲ ਬਜ਼ਾਰ ਜਾਣ ਨਾਲ ਜੁੜੇ ਕਾਰਬਨ ਨਿਕਾਸ ਨੂੰ ਵੀ ਘਟਾਉਂਦਾ ਹੈ। ਘਰ-ਬਗੀਚੀ ਵਿੱਚ ਫਲ, ਸਬਜ਼ੀਆਂ ਅਤੇ ਹਰਬਲ ਪੌਦਿਆਂ ਦੀ ਕਾਸ਼ਤ ਬਾਰੇ ਬਾਗਬਾਨੀ ਵਿਭਾਗ ਪੰਜਾਬ ਅਤੇ ਪੀ.ਏ.ਯੂ. ਦੁਆਰਾ ਕਿਤਾਬਚੇ ਤਿਆਰ ਕੀਤੇ ਗਏ ਹਨ, ਜਿਹਨਾਂ ਦਾ ਪ੍ਰਚਾਰ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਪਿੰਡਾਂ ਅਤੇ ਸ਼ਹਿਰਾਂ ਵਿੱਚ ਵਸਦੇ ਲੋਕ ਘਰ-ਬਗੀਚੀ ਦੇ ਫਾਇਦਿਆਂ ਬਾਰੇ ਜਾਣ ਕੇ ਬਹੁਪੱਖੀ ਲਾਭ ਉਠਾ ਸਕਣ।

**ਨੀਤੀ ਸੰਬੰਧੀ ਸਿਫਾਰਿਸ਼ਾਂ**

1. **ਪੌਸ਼ਟਿਕ ਬਗੀਚਿਆਂ ਬਾਰੇ ਜਾਗਰੂਕਤਾ ਪੈਦਾ ਕਰਨਾ:** ਬਾਗਬਾਨੀ ਦੇ ਪ੍ਰਸਾਰ ਮਾਹਿਰਾਂ ਦੇ ਨਾਲ-ਨਾਲ, ਪੰਜਾਬ ਸਕੂਲ ਸਿੱਖਿਆ ਬੋਰਡ, ਪੰਚਾਇਤਾਂ ਅਤੇ ਬਾਗਵਾਨੀ ਵਿਭਾਗ ਦੁਆਰਾ ਲੋਕਾਂ ਵਿੱਚ ਪੌਸ਼ਟਿਕ ਬਗੀਚੀ ਦੇ ਸਿਹਤ ਸੰਬੰਧੀ ਫਾਇਦਿਆਂ ਬਾਰੇ ਜਾਗਰੁਕਤਾ ਪੈਦਾ ਕਰਨੀ ਚਾਹੀਦੀ ਹੈ। ਇਨ੍ਹਾਂ ਸਮੂਹ ਵਿਭਾਗਾਂ ਦੁਆਰਾ ਸਕੂਲਾਂ ਵਿੱਚ ਮਿਲਕੇ ਘਰ-ਬਗੀਚੀ ਬਣਾ ਕੇ ਬੱਚਿਆਂ ਨੂੰ ਪੌਸ਼ਟਿਕ ਸਬਜ਼ੀਆਂ (ਆਲੂ, ਸ਼ਕਰਕੰਦੀ ਆਦਿ) ਅਤੇ ਫਲਾਂ ਦੀ ਖਪਤ

ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਮਿਡ-ਡੇ ਮੀਲ ਰਾਹੀ ਸੰਤੁਲਿਤ ਭੋਜਨ ਦਿੱਤਾ ਜਾਣਾ ਚਾਹੀਦਾ ਹੈ।

2. **ਸ਼ਹਿਰੀ ਖੇਤੀਬਾੜੀ ਨੂੰ ਉਤਸ਼ਾਹਿਤ ਕਰਨਾ**: ਸ਼ਹਿਰੀ ਖੇਤਰਾਂ ਵਿੱਚ ਪੌਸ਼ਟਿਕ ਤੱਤ ਭਰਪੂਰ ਖੇਤੀ ਨੂੰ ਘਰੇਲੂ/ਛੱਤਾਂ ਉੱਪਰ ਘਰ ਬਗੀਚੀ ਦੁਆਰਾ ਉਤਸ਼ਾਹਿਤ ਕਰਨਾ ਚਾਹੀਦਾ ਹੈ।

3. **ਬਾਇਓਫੋਰਟੀਫਾਈਡ ਕਿਸਮਾਂ ਲਈ ਖੋਜ**: ਘਰੇਲੂ ਬਗੀਚੀ ਵਿੱਚ ਲਗਾਈਆਂ ਜਾ ਸਕਣ ਵਾਲੀਆਂ ਪੌਸ਼ਟਿਕ ਤੱਤਾ ਨਾਲ ਭਰਪੂਰ ਬਾਇਓਫੋਰਟੀਫਾਈਡ ਕਿਸਮਾਂ ਲਈ ਖੋਜ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

### 5.4.4 ਫੁੱਲਾਂ ਦੀ ਖੇਤੀ

ਫੁੱਲਾਂ ਦੀ ਖੇਤੀ, ਜਿਸ ਵਿੱਚ ਫੁੱਲ ਅਤੇ ਸਜਾਵਟੀ ਪੌਦੇ ਉਗਾਉਣਾ ਸ਼ਾਮਿਲ ਹੈ, ਵਿੱਚ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਨ ਦੀ ਸਮਰੱਥਾ ਹੈ। ਰਾਜ ਦੀਆਂ ਖੇਤੀਬਾੜੀ-ਜਲਵਾਯੂ ਸਥਿਤੀਆਂ, ਖੁੱਲੀ ਅਤੇ ਸੁਰੱਖਿਅਤ ਖੇਤੀ ਦੋਹਾਂ ਲਈ, ਗੁਣਵੱਤਾ ਵਾਲੇ ਬੀਜ ਉਤਪਾਦਨ ਅਤੇ ਘਰੇਲੂ ਅਤੇ ਅੰਤਰਰਾਸ਼ਟਰੀ ਬਾਜ਼ਾਰਾਂ ਲਈ ਕਈ ਤਰ੍ਹਾਂ ਦੀਆਂ ਫੁੱਲਾਂ ਦੀਆਂ ਫ਼ਸਲਾਂ ਉਗਾਉਣ ਲਈ ਬਹੁਤ ਢੁੱਕਵੀਆਂ ਹਨ। ਸਾਰੇ ਤਿਉਹਾਰਾਂ ਅਤੇ ਵਿਆਹਾਂ ਵਾਲੇ ਸੀਜਨ ਦੌਰਾਨ ਜ਼ਿਆਦਾਤਰ ਮੰਡੀਆਂ ਵਿੱਚ ਫੁੱਲਾਂ ਦੀ ਬਹੁਤ ਮੰਗ ਹੁੰਦੀ ਹੈ। ਸ਼ਹਿਰੀਕਰਨ ਨੇ ਵੀ ਸਜਾਵਟੀ ਅਤੇ ਲੈਂਡਸਕੇਪ ਪੌਦਿਆਂ ਦੀ ਸੂਬੇ ਵਿੱਚ ਮੰਗ ਨੂੰ ਵਧਾਇਆ ਹੈ, ਜਿਸਨੂੰ ਬਾਹਰਲੇ ਸੂਬਿਆਂ ਤੋਂ ਪੌਦਿਆਂ ਦੀ ਦਰਾਮਦ ਰਾਹੀਂ ਪੂਰਾ ਕੀਤਾ ਜਾ ਰਿਹਾ ਹੈ।

#### ਨੀਤੀ ਸੰਬੰਧੀ ਸਿਫਾਰਿਸ਼ਾਂ

1. **ਬੀਜ ਨਿਰੀਖਣ ਸੁਵਿਧਾਵਾਂ ਵਿੱਚ ਵਾਧਾ**: ਪੰਜਾਬ ਵਿੱਚੋਂ ਫੁੱਲਾਂ ਦੇ ਬੀਜ ਨਿਰਯਾਤ ਕਰਨ ਲਈ ਸਭ ਤੋਂ ਮੁੱਢਲੀ ਜ਼ਰੂਰਤ ਬੀਜਾਂ ਦੀ ਸ਼ੁੱਧਤਾ ਅਤੇ ਪੁੰਗਰਨ ਸੰਬੰਧੀ ਨਿਰੀਖਣ ਕਰਨਾ ਹੈ। ਅਜਿਹੀ ਸੁਵਿਧਾ ਪੰਜਾਬ ਵਿੱਚ ਉਪਲਬਧ ਨਹੀਂ ਹੈ, ਇਸ ਲਈ ਖੇਤੀਬਾੜੀ ਮਹਿਕਮੇ ਦੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚ ਸਥਿਤ ਬੀਜ ਪ੍ਰੀਖਣ ਪ੍ਰਯੋਗਸ਼ਾਲਾ ਨੂੰ ਅੰਤਰਰਾਸ਼ਟਰੀ ਬੀਜ ਪ੍ਰੀਖਣ ਸੰਗਠਨ ਦੇ ਨਿਯਮਾਂ ਦੇ ਅਧਾਰ 'ਤੇ ਫੁੱਲਾਂ ਦੇ ਬੀਜਾਂ ਦੀ ਸ਼ੁੱਧਤਾ ਅਤੇ ਪੁੰਗਰਨ ਸਮਰੱਥਾ ਪਰਖਣ ਲਈ ਤਿਆਰ ਕੀਤਾ ਜਾਣਾ ਚਾਹੀਦਾ ਹੈ।

2. **ਮਿਆਰੀ ਪੌਦ ਸਮੱਗਰੀ ਦਾ ਆਯਾਤ**: ਉੱਚ ਮੁੱਲ ਵਾਲੀਆਂ ਫੁੱਲਾਂ ਦੀਆਂ ਫ਼ਸਲਾਂ ਹੇਠ ਰਕਬਾ ਵਧਾਉਣ ਲਈ ਜ਼ਾਈਗੌਫਾਈਟਸ (ਗੰਢੇਦਾਰ) ਫ਼ਸਲਾਂ ਦੀ ਬਿਮਾਰੀ ਰਹਿਤ ਮਿਆਰੀ ਪੌਦ ਸਮੱਗਰੀ ਦਾ ਆਯਾਤ ਕਰਨਾ ਚਾਹੀਦਾ ਹੈ।

3. **ਫੁੱਲਾਂ ਦੀਆਂ ਮੰਡੀਆਂ ਦੇ ਬੁਨਿਆਦੀ ਢਾਂਚੇ ਵਿੱਚ ਵਾਧਾ**: ਫੁੱਲ ਲਗਾਉਣ ਵਾਲੇ ਖੇਤਰਾਂ ਵਿੱਚ ਕੋਲਡ ਚੇਨ ਸਟੋਰਾਂ ਦੀ ਸੁਵਿਧਾ ਵਾਲੀ ਨਿਯਮਿਤ ਮੰਡੀ ਦਾ ਬੁਨਿਆਦੀ ਢਾਂਚਾ ਹੋਣਾ ਚਾਹੀਦਾ ਹੈ। ਕੱਟੇ ਹੋਏ ਫੁੱਲਾਂ ਨੂੰ ਨਜ਼ਦੀਕੀ ਮੰਡੀਆਂ ਤੱਕ ਲਿਜਾਣ ਲਈ ਰੀਫਰ ਵੈਨਾਂ ਦੀਆਂ ਆਵਾਜਾਈ ਸਹੂਲਤਾਂ ਜ਼ਰੂਰੀ ਹਨ।

4. **ਫੁੱਲਾਂ ਦੀ ਪੈਦਾਵਾਰ ਲਈ ਮਾਡਲ**: ਸੂਬੇ ਵਿੱਚ ਫੁੱਲਾਂ ਦੇ ਉਤਪਾਦਨ ਲਈ ਸਹਿਕਾਰੀ ਫੁੱਲ ਉਤਪਾਦਨ ਦੇ ਖੇਤੀਬਾੜੀ ਮਾਡਲ ਬਣਾ ਕੇ ਫਲੋਰੀਕਲਚਰ ਦੇ ਸੈਂਟਰ ਆਫ ਐਕਸੇਲੈਂਸ ਨਾਲ ਜੋੜੇ ਜਾਣੇ ਚਾਹੀਦੇ ਹਨ।

   **ੳ)** ਫੁੱਲਾਂ ਵਾਲੀਆਂ ਫ਼ਸਲਾਂ ਵਿੱਚ ਬਿਜਾਈ ਤੋਂ ਤੁੜਾਈ ਤੱਕ ਮਸ਼ੀਨੀਕਰਨ ਨੂੰ ਮਿਆਰੀ ਬਣਾਉਣ ਦੀ ਲੋੜ ਹੈ।

   **ਅ)** ਰਾਜ ਵਿੱਚ ਫੁੱਲਾਂ ਦੇ ਬੀਜ ਦੀ ਪ੍ਰੋਸੈਸਿੰਗ ਅਤੇ ਭੰਡਾਰਨ ਦੇ ਬੁਨਿਆਦੀ ਢਾਂਚੇ ਨੂੰ ਉਤਸ਼ਾਹਿਤ ਕਰੋ।

5. **ਸਜਾਵਟੀ ਪੌਦਿਆਂ ਦੀਆਂ ਨਰਸਰੀਆਂ ਨੂੰ ਬਿਹਤਰ ਬਣਾਉਣਾ**: ਸਜਾਵਟੀ ਪੌਦੇ, ਫੁੱਲਾਂ, ਗੰਢਾਂ ਵਾਲੇ ਪੌਦੇ ਅਤੇ ਸਜਾਵਟੀ ਪੱਤੇਦਾਰ ਪੌਦਿਆਂ ਦੀ ਬਿਮਾਰੀ ਰਹਿਤ ਮਿਆਰੀ ਪੌਦ ਸਮੱਗਰੀ ਦੇ ਉਤਪਾਦਨ ਕਰਨ ਲਈ ਅਤਿ-ਆਧੁਨਿਕ ਨਰਸਰੀ ਇਕਾਈਆਂ ਨੂੰ ਸਥਾਪਿਤ ਕਰਨ ਅਤੇ ਨਵੀਨੀਕਰਨ ਉਪਰ ਜੋਰ ਦੇਣ ਦੀ ਲੋੜ ਹੈ।

6. **ਫੁੱਲਾਂ ਵਾਲੀਆਂ ਫ਼ਸਲਾਂ ਵਿੱਚ ਕਦਰ ਵਧਾਈ**: ਮੰਡੀਆਂ ਵਿੱਚ ਬਹੁਤਾਤ 'ਚ ਪੈਦਾਵਾਰ ਅਤੇ ਤੁੜਾਈ ਤੋਂ ਬਾਅਦ ਹੋਣ ਵਾਲੇ ਨੁਕਸਾਨ ਨੂੰ ਘਟਾਉਣ ਲਈ ਫੁੱਲਾਂ ਵਾਲੀਆਂ ਫ਼ਸਲਾਂ ਨੂੰ ਸੁਕਾਉਣ, ਫੁੱਲਾਂ ਤੋਂ ਕੱਢੇ ਜਾਣ ਵਾਲੇ ਰੰਗ, ਤੇਲ ਅਤੇ ਪੀਣ ਵਾਲੇ ਪਦਾਰਥਾਂ ਦੇ ਉਤਪਾਦਨ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

### 5.4.5 ਬਾਗਬਾਨੀ ਫ਼ਸਲਾਂ ਦੀ ਸੁਰੱਖਿਅਤ ਖੇਤੀ

ਸੁਰੱਖਿਅਤ ਖੇਤੀ (Protected Farming), ਆਮ ਤੌਰ 'ਤੇ ਖੁੱਲ੍ਹੇ ਖੇਤਾਂ ਵਿੱਚ ਕੀਤੀ ਜਾਣ ਵਾਲੀ ਕਾਸ਼ਤ ਨਾਲੋਂ 3 ਤੋਂ 4 ਗੁਣਾ ਝਾੜ ਅਤੇ ਮੁਨਾਫ਼ੇ ਵਿੱਚ ਵਾਧਾ ਪ੍ਰਦਾਨ ਕਰਦੀ ਹੈ ਅਤੇ ਪੇਂਡੂ ਨੌਜਵਾਨਾਂ ਲਈ ਖੇਤੀਬਾੜੀ ਖੇਤਰ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕਰਦੀ ਹੈ। ਸੁਰੱਖਿਅਤ ਖੇਤੀ ਸਿੱਧਾ ਖੇਤ ਤੋਂ ਗਾਹਕਾਂ ਤੱਕ ਖੇਤੀ ਉਤਪਾਦਾਂ ਦੀ ਪਹੁੰਚ ਲਈ ਸਪਲਾਈ ਚੇਨ ਨੂੰ ਛੋਟਾ ਕਰਨ ਅਤੇ ਅਨੁਕੂਲ ਬਣਾਉਣ ਦਾ ਇੱਕ ਅਹਿਮ ਮੌਕਾ ਪੇਸ਼ ਕਰਦੀ ਹੈ। ਇਹ ਬਾਗਬਾਨੀ ਫ਼ਸਲਾਂ ਨੂੰ ਵਪਾਰਕ ਢੰਗ ਨਾਲ ਕਾਸ਼ਤ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ। ਇਹ ਫ਼ਸਲਾਂ ਦੇ ਉਤਪਾਦਨ ਵਿੱਚ ਕੀਟਨਾਸ਼ਕਾਂ ਦੀ ਵਰਤੋਂ ਨੂੰ ਘੱਟ ਤੋਂ ਘੱਟ ਕਰਕੇ ਸਬਜ਼ੀਆਂ, ਫਲਾਂ ਅਤੇ ਫੁੱਲਾਂ ਦੀਆਂ ਫ਼ਸਲਾਂ ਦੇ ਸਾਲ ਭਰ ਅਤੇ ਬੇਮੌਸਮੀ ਪੈਦਾਵਾਰ ਦੇ ਨਾਲ ਉੱਚ ਮੁੱਲ, ਗੁਣਵੱਤਾ ਵਾਲੇ ਬਾਗਬਾਨੀ ਉਤਪਾਦਾਂ ਨੂੰ ਉਤਸ਼ਾਹਿਤ ਕਰਨ ਦੀ ਪੇਸ਼ਕਸ਼ ਕਰਦੀ ਹੈ।

#### ਨੀਤੀ ਸੰਬੰਧੀ ਸਿਫਾਰਿਸ਼ਾਂ

1. **ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਦੁਆਰਾ ਉਤਸ਼ਾਹਿਤ ਕਰਨਾ**: ਕਿਸਾਨਾਂ ਅਤੇ ਪੇਂਡੂ ਲੋਕਾਂ ਨੂੰ ਸੁਰੱਖਿਅਤ ਖੇਤੀ ਦਾ ਲਾਭ ਦੇਣ ਲਈ ਇਸਨੂੰ ਪੰਜਾਬ ਦੀਆਂ ਸਾਰੀਆਂ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਦੇ ਅਧਿਕਾਰਤ ਏਰੀਏ ਵਿੱਚ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।
2. **ਸੁਰੱਖਿਅਤ ਖੇਤੀ ਅਧੀਨ ਸਬਜ਼ੀਆਂ ਦੇ ਬੀਜ ਉਤਪਾਦਨ ਨੂੰ ਵਧਾਉਣਾ**: ਸੁਰੱਖਿਅਤ ਖੇਤੀ ਅਧੀਨ ਸਬਜ਼ੀਆਂ ਦੇ ਬੀਜ ਉਤਪਾਦਨ ਅਤੇ ਰੋਗ ਰਹਿਤ ਨਰਸਰੀ ਪੌਦਿਆਂ ਦੇ ਉਤਪਾਦਨ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਣਾ ਚਾਹੀਦਾ ਹੈ। ਗੁਣਵੱਤਾ ਭਰਪੂਰ ਉਤਪਾਦਨ ਲਈ ਸੁਰੱਖਿਅਤ ਖੇਤੀ ਵਿੱਚ ਸਿਹਤਮੰਦ, ਇਕਸਾਰ, ਰੋਗ ਰਹਿਤ, ਬਿਹਤਰ ਜੰਮਣ ਪ੍ਰਤੀਸ਼ਤਤਾ ਵਾਲੀ ਅਤੇ ਸਖਤ ਪੌਦ ਨਰਸਰੀ ਦਾ ਪ੍ਰਸਾਰ ਕੀਤਾ ਜਾਣਾ ਚਾਹੀਦਾ ਹੈ।
3. **ਪੋਲੀਥੀਨ ਸ਼ੀਟ ਅਤੇ ਲਾਗਤਾਂ ਲਈ ਸਬਸਿਡੀ ਦਾ ਪ੍ਰਬੰਧ**: ਕਾਸ਼ਤ ਦੀ ਲਾਗਤ ਨੂੰ ਘਟਾਉਣ ਲਈ, ਪੋਲੀਹਾਊਸ ਲਗਾਉਣ ਦੇ 4 ਸਾਲ ਬਾਅਦ ਪੋਲੀਥੀਨ ਦੀ ਸ਼ੀਟ ਨੂੰ ਬਦਲਣ ਲਈ ਲਗਪਗ 50 ਪ੍ਰਤੀਸ਼ਤ ਸਬਸਿਡੀ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਇਸੇ ਤਰ੍ਹਾਂ ਸੁਰੱਖਿਅਤ ਖੇਤੀ ਲਈ ਲੋੜੀਂਦੇ ਸਮਾਨ ਜਿਵੇਂ ਕਿ ਬੀਜ, ਪੌਦ ਸਮੱਗਰੀ, ਪਾਣੀ ਵਿੱਚ ਘੁਲ ਸਕਣ ਵਾਲੀਆਂ ਖਾਦਾਂ ਉੱਪਰ ਸਬਸਿਡੀ ਦਿੱਤੀ ਜਾਣੀ ਚਾਹੀਦੀ ਹੈ।

### 5.4.6 ਮਧੂ ਮੱਖੀ ਪਾਲਣ

ਮਧੂ ਮੱਖੀ ਪਾਲਣ, ਇੱਕ ਚੰਗਾ ਵਾਤਾਵਰਨ ਪੱਖੀ ਕਿੱਤਾ ਹੈ ਜਿਸ ਨਾਲ ਬੇਜ਼ਮੀਨੇ, ਖੇਤ ਮਜ਼ਦੂਰ ਅਤੇ ਛੋਟੇ ਕਿਸਾਨ ਸਹੀ ਸਿਖਲਾਈ ਅਤੇ ਘੱਟੋ-ਘੱਟ ਨਿਵੇਸ਼ ਨਾਲ ਚੰਗਾ ਮੁਨਾਫ਼ਾ ਕਮਾ ਸਕਦੇ ਹਨ। ਪੰਜਾਬ ਰਾਜ ਭਾਰਤ ਦੇ ਕੁਲ-ਰਕਬੇ ਦਾ ਸਿਰਫ 1.5 ਪ੍ਰਤੀਸ਼ਤ ਹੋਣ ਦੇ ਬਾਵਜੂਦ ਦੇਸ਼ ਦੇ ਸ਼ਹਿਦ ਉਤਪਾਦਨ ਵਿੱਚ 13.9 ਫ਼ੀਸਦੀ ਯੋਗਦਾਨ ਪਾ ਰਿਹਾ ਹੈ ਅਤੇ ਨਾਲ ਹੀ ਇਟਾਲੀਅਨ ਮੱਖੀਆਂ ਦੀਆਂ ਕਲੋਨੀਆਂ ਅਤੇ ਮਧੂ ਮੱਖੀ ਪਾਲਣ ਸੰਬੰਧੀ ਸਾਜੋ-ਸਮਾਨੀ ਉਪਕਰਨ ਭਾਰਤ ਦੇ ਦੂਜੇ ਸੂਬਿਆਂ ਨੂੰ ਸਪਲਾਈ ਕਰ ਰਿਹਾ ਹੈ। ਪੰਜਾਬ ਭਾਰਤ ਦੇ ਮਧੂ ਮੱਖੀ ਪਾਲਣ ਦੇ ਵਪਾਰ ਦੇ ਧੁਰੇ ਵਜੋਂ ਉਭਰਿਆ ਹੈ। ਸਾਲ 2022-23 ਦੌਰਾਨ ਪੰਜਾਬ ਦੇ 4428 ਮਧੂ ਮੱਖੀ ਪਾਲਕਾਂ ਵੱਲੋਂ 18,500 ਮੀਟ੍ਰਿਕ ਟਨ ਸ਼ਹਿਦ ਦਾ ਉਤਪਾਦਨ ਕੀਤਾ ਗਿਆ। ਰਾਜ ਨੇ ਸਾਲ 2022-23 ਦੌਰਾਨ 30 ਦੇਸ਼ਾਂ ਨੂੰ ਸ਼ਹਿਦ ਦਾ ਨਿਰਯਾਤ ਵੀ ਕੀਤਾ।

ਮਧੂ ਮੱਖੀ ਪਾਲਣ ਇੱਕ ਲਾਹੇਵੰਦ ਖੇਤੀ ਅਧਾਰਿਤ ਕਿੱਤਾ ਹੈ ਹਾਲਾਂਕਿ ਖੇਤੀ ਵਿੱਚ ਵਿਭਿੰਨਤਾ ਨੂੰ ਅਪਣਾ ਕੇ ਇਸ ਨੂੰ ਹੋਰ ਹੁਲਾਰਾ ਦਿੱਤਾ ਜਾ ਸਕਦਾ ਹੈ, ਜਿਸ ਸਦਕਾ ਕਿਸਾਨਾਂ ਦੀ ਆਮਦਨ ਨੂੰ ਹੋਰ ਵੀ ਵਧਾਏ ਜਾ ਸਕਣ ਦੀ ਗੁੰਜਾਇਸ਼ ਹੈ। ਸ਼ਹਿਦ ਤੋਂ ਇਲਾਵਾ ਹੋਰ ਉਤਪਾਦਾਂ ਜਿਵੇਂ ਕਿ ਪਰਾਗ, ਪ੍ਰੋਪੋਲਿਸ, ਰਾਇਲ ਜੈਲੀ ਅਤੇ ਮਧੂ ਮੱਖੀ ਦੇ ਜ਼ਹਿਰ ਦੇ ਉਤਪਾਦਨ ਨਾਲ ਮਧੂ ਮੱਖੀ ਪਾਲਣ ਨਾਲ ਸਬੰਧਤ ਕਿੱਤਿਆਂ ਅਤੇ ਰੁਜ਼ਗਾਰ ਦੇ ਕਈ ਹੋਰ ਰਸਤੇ ਪੈਦਾ ਹੋ ਸਕਦੇ ਹਨ। ਕਿਉਂਕਿ ਬਹੁਤ ਸਾਰੀਆਂ ਫ਼ਸਲਾਂ ਦਾ ਪਰਾਗਣ ਕਰਕੇ ਸ਼ਹਿਦ ਮੱਖੀਆਂ ਫਲ/ਬੀਜ ਉਤਪਾਦਨ ਵਧਾਉਂਦੀਆਂ ਹਨ ਇਸ ਲਈ ਮਧੂ ਮੱਖੀਆਂ ਦੇ ਛੱਤਿਆਂ/ਬਕਸਿਆਂ ਨੂੰ ਫ਼ਸਲਾਂ ਦੇ ਪਰਾਗਣ ਲਈ ਕਿਰਾਏ 'ਤੇ ਦੇ ਕੇ ਵੀ ਮਧੂ ਮੱਖੀ ਪਾਲਣ ਤੋਂ ਆਮਦਨ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਵਧੀਆ ਗੁਣਵੱਤਾ ਵਾਲੀਆਂ ਰਾਣੀ ਮੱਖੀਆਂ ਤਿਆਰ ਕਰਕੇ ਵੇਚਣ ਨਾਲ ਵੀ ਆਮਦਨ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਇਸ ਲਈ ਮਧੂ ਮੱਖੀ ਪਾਲਣ ਨੂੰ ਵੱਡੇ ਪੱਧਰ 'ਤੇ ਅਪਣਾਉਣ ਅਤੇ ਵਿਭਿੰਨਤਾ ਨੂੰ ਤੇਜੀ ਨਾਲ ਵਿਕਸਤ ਕਰਨ ਦੀ ਜ਼ਰੂਰਤ ਹੈ ਤਾਂ ਜੋ ਵਧੇਰੇ ਮੁਨਾਫ਼ੇ ਨੂੰ ਯਕੀਨੀ ਬਣਾਇਆ ਜਾ ਸਕੇ।

**ਨੀਤੀ ਸੰਬੰਧੀ ਸਿਫਾਰਿਸ਼ਾਂ**

1. **ਸੈਂਟਰ ਆਫ ਐਕਸੇਲੈਂਸ ਦੀ ਸਥਾਪਨਾ: ੳ)** ਜਿਲ੍ਹਾ ਹੁਸ਼ਿਆਰਪੁਰ ਦੇ ਖਨੌੜਾ ਵਿਖੇ ਮਧੂ ਮੱਖੀ ਪਾਲਣ ਦਾ ਸੈਂਟਰ ਆਫ ਐਕਸੇਲੈਂਸ ਸਥਾਪਿਤ ਕੀਤਾ ਜਾਵੇ ਤਾਂ ਜੋ

   i. ਨਵੀਨਤਮ ਮਧੂ ਮੱਖੀ ਪਾਲਣ ਤਕਨੀਕਾਂ ਦੀਆਂ ਪਰਦਰਸ਼ਨੀਆਂ ਲਾਈਆਂ ਜਾਣ

   ii. ਲਾਹੇਵੰਦ ਮਧੂ ਮੱਖੀ ਪਾਲਣ ਕਿੱਤਾ ਸ਼ੁਰੂ ਕਰਨ ਲਈ ਸਿਖਲਾਈ ਦੀ ਸਹੂਲਤ ਦਿੱਤੀ ਜਾਵੇ

   iii. ਪੀ.ਏ.ਯੂ. ਅਤੇ ਅਗਾਂਹਵਧੂ ਮੱਖੀ ਪਾਲਕਾਂ ਨਾਲ ਮਿਲ ਕੇ ਭਾਗੀਦਾਰੀ ਵਾਲੀ ਖੋਜ ਕੀਤੀ ਜਾਵੇ

   iv. ਉੱਚ-ਗੁਣਵੱਤਾ ਵਾਲੀਆਂ ਰਾਣੀ ਮੱਖੀਆਂ ਨੂੰ ਪਾਲਣਾ ਅਤੇ ਸਪਲਾਈ ਕਰਨਾ

   v. ਮਧੂ ਮੱਖੀ ਪਾਲਣ ਨੂੰ ਇੱਕ ਲਾਭਕਾਰੀ ਪੇਸ਼ਾ ਬਣਾਉਣ ਵਿੱਚ ਰਾਜ ਦੀ ਅਗਵਾਈ ਕਰੇ

   **ਅ)** ਉਪਰੋਕਤ ਸੈਂਟਰ ਆਫ ਐਕਸੇਲੈਂਸ (ਮਧੂ ਮੱਖੀ ਪਾਲਣ) ਦੇ ਨਾਲ ਇੱਕ ਰਜਿਸਟਰਡ ਖੁਦਮੁਖਤਿਆਰ ਸੰਸਥਾ ਵਜੋਂ ਅਗਾਂਹਵਧੂ ਕਿਸਾਨ ਸੁਸਾਇਟੀ (ਮਧੂ-ਮੱਖੀ ਪਾਲਣ) ਬਣਾਈ ਜਾਵੇ, ਜੋ ਕਿ ਇਸ ਦੀ ਮਿਆਰੀ ਪੈਦਾਵਾਰ, ਕਦਰ ਵਧਾਈ, ਡੱਬਾਬੰਦੀ, ਸਾਂਭ-ਸੰਭਾਲ ਅਤੇ ਮੰਡੀਕਰਨ ਨੂੰ ਉਤਸ਼ਾਹਿਤ ਕਰੇ। ਇਸਨੂੰ ਖੇਤੀ ਸੈਕਟਰ ਦੀਆਂ ਆਹਲਾ ਸੰਸਥਾਵਾਂ (Institutes of Farm Sector Excellence) ਨਾਲ ਤਾਲਮੇਲ ਕਰਕੇ ਮਧੂ ਮੱਖੀ ਪਾਲਕਾਂ ਦੀ ਅਗਵਾਈ 'ਚ ਮਦਦ ਕਰਨੀ ਚਾਹੀਦੀ ਹੈ।

2. **ਪ੍ਰੋਸੈਸਿੰਗ ਅਤੇ ਮੰਡੀਕਰਨ**: ਸ਼ਹਿਦ ਅਤੇ ਛੱਤੇ ਤੋਂ ਪੈਦਾ ਹੋਰ ਉਤਪਾਦ ਜਿਵੇਂ ਕਿ ਪੋਲਨ, ਪ੍ਰੋਪੋਲਸ, ਮੋਮ, ਰਾਇਲ ਜੈਲੀ, ਮੱਖੀ ਜ਼ਹਿਰ ਆਦਿ ਦੀ ਪ੍ਰੋਸੈਸਿੰਗ ਅਤੇ ਮੰਡੀਕਰਨ ਮਾਰਕਫੈਡ ਨੂੰ ਸੌਂਪੀ ਜਾਣੀ ਚਾਹੀਦੀ ਹੈ ਤਾਂ ਜੋ ਨਿੱਜੀ ਵਪਾਰੀਆਂ ਦੁਆਰਾ ਮਧੂ ਮੱਖੀ ਪਾਲਕਾਂ ਦੇ ਸ਼ੋਸ਼ਣ ਨੂੰ ਰੋਕਿਆ ਜਾ ਸਕੇ ਅਤੇ ਮਧੂ ਮੱਖੀ ਪਾਲਕਾਂ ਨੂੰ ਉਨ੍ਹਾਂ ਦੇ ਮੁਨਾਫ਼ੇ ਨੂੰ ਵਧਾਉਣ ਲਈ ਕਮਾਈ ਗਈ ਕੀਮਤ ਦਾ ਇੱਕ ਉਚਿਤ ਹਿੱਸਾ ਵੰਡਿਆ ਜਾ ਸਕੇ। ਵੇਰਕਾ ਵਰਗੇ ਸਰਕਾਰੀ ਅਦਾਰਿਆਂ ਦੇ ਉਤਪਾਦਾਂ (ਮਿੱਠਾ ਦੁੱਧ, ਮਿੱਠੀ ਲੱਸੀ, ਖੀਰ, ਆਈਸ ਕਰੀਮ, ਆਦਿ) ਵਿੱਚ ਖੰਡ ਦੀ ਥਾਂ ਸਿਹਤਵਰਧਕ ਭੋਜਨ ਪਦਾਰਥ ਵਜੋਂ ਸ਼ਹਿਦ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

3. **ਸ਼ਹਿਦ ਗੁਣਵੱਤਾ ਜਾਂਚ ਪ੍ਰਯੋਗਸ਼ਾਲਾ ਨੂੰ ਮਜਬੂਤ ਕਰਨਾ**: ਪੰਜਾਬ ਹਾਰਟੀਕਲਚਰਲ ਪੋਸਟ-ਹਾਰਵੈਸਟ ਤਕਨਾਲੋਜੀ ਸੈਂਟਰ (PHPTC), ਪੀ.ਏ.ਯੂ. ਦੀ ਗੁਣਵੱਤਾ ਜਾਂਚ ਪ੍ਰਯੋਗਸ਼ਾਲਾ ਵਿੱਚ ਨਿਊਕਲੀਅਰ ਮੈਗਨੈਟਿਕ ਰੈਜ਼ੋਨੈਂਸ (NMR) ਅਤੇ ਹੋਰ ਨਵੀਨਤਮ ਜਾਂਚ ਸਹੂਲਤਾਂ ਦੇ ਕੇ ਮਜਬੂਤ ਕੀਤਾ ਜਾਵੇ ਤਾਂ ਜੋ ਸ਼ਹਿਦ ਅਤੇ ਸ਼ਹਿਦ ਨਾਲ ਸੰਬੰਧਿਤ ਉਤਪਾਦਾਂ ਦੀ ਮਿਲਾਵਟ ਨੂੰ ਜਾਂਚਣ ਅਤੇ ਰੋਕਣ ਵਿੱਚ ਮਦਦ ਮਿਲ ਸਕੇ।

4. **ਰਜਿਸਟ੍ਰੇਸ਼ਨ ਅਤੇ ਟ੍ਰੇਸਬਿਲਟੀ**: ਗੁਣਵੱਤਾ ਵਾਲੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਮਧੂ ਮੱਖੀ ਪਾਲਕਾਂ ਅਤੇ ਉਨ੍ਹਾਂ ਦੀਆਂ ਕਲੋਨੀਆਂ ਦੀ ਰਜਿਸਟ੍ਰੇਸ਼ਨ ਲਾਜ਼ਮੀ ਕੀਤੀ ਜਾਣੀ ਚਾਹੀਦੀ ਹੈ। ਜੀਓ-ਟੈਗਡ ਸਕੈਨਰ ਰਾਹੀਂ ਸ਼ਹਿਦ ਅਤੇ ਸ਼ਹਿਦ ਨਾਲ ਸੰਬੰਧਿਤ ਉਤਪਾਦਾਂ ਦੀ ਟ੍ਰੇਸਬਿਲਟੀ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਤਾਂ ਜੋ ਬਾਰਕੋਡਡ ਮਧੂਮੱਖੀਆਂ ਦੇ ਛੱਤਿਆਂ ਦੇ ਵੇਰਵੇ ਅਤੇ ਸਥਾਨ ਨੂੰ ਆਸਾਨੀ ਨਾਲ ਟਰੈਕ ਕੀਤਾ ਜਾ ਸਕੇ। ਇਸੇ ਤਰ੍ਹਾਂ ਸ਼ਹਿਦ ਅਤੇ ਛੱਤਿਆਂ ਨਾਲ ਸੰਬੰਧਿਤ ਉਤਪਾਦਾਂ ਦੇ ਹਰੇਕ ਵਪਾਰੀ ਦੀ ਵਿਕਰੀ-ਖਰੀਦ ਟ੍ਰੇਸਬਿਲਟੀ ਨੂੰ ਯਕੀਨੀ ਬਣਾਇਆ ਜਾਵੇ ਅਤੇ ਮਿਲਾਵਟਖੋਰੀ ਅਤੇ ਬੇਨਿਯਮੀਆਂ ਨੂੰ ਰੋਕਣ ਲਈ ਉਨ੍ਹਾਂ ਦੇ ਖਾਤਿਆਂ ਦੀ ਜਾਂਚ ਕੀਤੀ ਜਾਵੇ।

5. **ਨੋਡਲ ਅਫ਼ਸਰਾਂ ਦੀ ਨਿਯੁਕਤੀ**: ਮਧੂ ਮੱਖੀ ਦੇ ਸੈਂਟਰ ਆਫ਼ ਐਕਸੇਲੈਂਸ ਨਾਲ ਤਾਲਮੇਲ ਕਰਕੇ ਮਧੂ ਮੱਖੀ ਪਾਲਣ ਨਾਲ ਸੰਬੰਧਿਤ ਮੁਸ਼ਕਲਾਂ ਦੇ ਹੱਲ ਲਈ ਜ਼ਿਲ੍ਹਾ ਪੱਧਰ 'ਤੇ ਸ਼ਹਿਦ ਮੱਖੀ ਮਾਹਿਰ ਨੋਡਲ ਅਫ਼ਸਰਾਂ ਦੀ ਨਿਯੁਕਤੀ ਕੀਤੀ ਜਾਣੀ ਚਾਹੀਦੀ ਹੈ।

6. **ਸ਼ਹਿਦ ਮੱਖੀਆਂ ਲਈ ਫੁੱਲਾਂ ਦੀ ਉਪਲਬਧਤਾ**: ਫ਼ਸਲਾਂ ਦੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਕੇ ਮਧੂ ਮੱਖੀਆਂ ਲਈ ਉਪਯੋਗੀ ਫੁੱਲਾਂ ਵਾਲੀਆਂ ਫ਼ਸਲਾਂ ਜਿਆਦਾ ਬੀਜੀਆਂ ਜਾਣ ਅਤੇ ਸਰਕਾਰੀ ਜ਼ਮੀਨਾਂ 'ਤੇ ਮਧੂ ਮੱਖੀਆਂ ਲਈ ਫੁੱਲਾਂ ਵਾਲੇ ਬੂਟੇ ਅਤੇ ਦਰੱਖਤ ਲਾਏ ਜਾਣ। ਫ਼ਸਲਾਂ ਦੀਆਂ ਨਵੀਆਂ ਕਿਸਮਾਂ ਵਿਕਸਤ ਕਰਨ ਵੇਲੇ ਉਨ੍ਹਾਂ ਤੋਂ ਮਧੂ ਮੱਖੀਆਂ ਨੂੰ ਉਪਲਬਧ ਹੋਣ ਵਾਲੇ ਨੈਕਟਰ ਅਤੇ ਪੋਲਨ ਦੀ ਪਰਖ ਵੀ ਹੋਣੀ ਚਾਹੀਦੀ ਹੈ।

7. **ਜਾਗਰੂਕਤਾ ਮੁਹਿੰਮ**: ਸ਼ਹਿਦ ਦੀ ਖਪਤ ਵਧਾਉਣ ਅਤੇ ਜੰਮੇ ਹੋਏ ਸ਼ਹਿਦ ਦੀ ਸਵੀਕਾਰਤਾ ਨੂੰ ਵਧਾਉਣ ਲਈ ਇੱਕ ਜਨ ਜਾਗਰੂਕਤਾ ਮੁਹਿੰਮ ਤਿੱਖੇ ਢੰਗ ਨਾਲ ਚਲਾਈ ਜਾਣੀ ਚਾਹੀਦੀ ਹੈ।

### 5.4.7 ਖੁੰਬਾਂ ਦੀ ਕਾਸ਼ਤ

ਖੁੰਬਾਂ ਦੀ ਕਾਸ਼ਤ, ਇੱਕ ਲਘੂ, ਕਿਰਤ ਪ੍ਰਮੁੱਖੀ, ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ 'ਤੇ ਕੀਤੇ ਜਾਣ ਵਾਲਾ ਕਿੱਤਾ ਹੈ ਜੋ ਵਿੱਤੀ, ਪੋਸ਼ਟਿਕ ਅਤੇ ਵਾਤਾਵਰਨ ਪੱਖੀ ਲਾਭ ਪ੍ਰਦਾਨ ਕਰਨ ਦੇ ਨਾਲ-ਨਾਲ ਛੁਪੀ ਹੋਈ ਬੇਰੁਜ਼ਗਾਰੀ, ਖਾਸ ਕਰਕੇ ਔਰਤਾਂ ਦੀ ਬੇਰੁਜ਼ਗਾਰੀ, ਨਾਲ ਨਜਿੱਠਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਪੰਜਾਬ ਖੁੰਬਾਂ ਦੀ ਪੈਦਾਵਾਰ ਵਿੱਚ ਸਮੁੱਚੇ ਭਾਰਤ ਵਿੱਚ ਇੱਕ ਮੋਹਰੀ ਸੂਬਾ ਹੈ ਜੋ ਦੇਸ਼ ਵਿੱਚ ਲਗਪਗ 6.5 ਪ੍ਰਤੀਸ਼ਤ ਖੁੰਬਾਂ ਦੀ ਪੈਦਾਵਾਰ ਕਰਦਾ ਹੈ। ਅਕਤੂਬਰ-ਮਾਰਚ ਦੇ ਸਮੇਂ ਦੌਰਾਨ, ਹੱਥੀ ਮਿਹਨਤ ਅਤੇ ਮਜ਼ਦੂਰਾਂ, ਕੰਪੋਸਟ ਸਮੱਗਰੀ ਦੀ ਆਸਾਨ ਉਪਲਬਧਤਾ ਅਤੇ ਨਿਰਯਾਤ ਸੰਭਾਵਨਾਵਾਂ, ਰਾਜ ਵਿੱਚ ਖੁੰਬਾਂ ਦੀ ਕਾਸ਼ਤ ਕਰਨ ਦੀਆਂ ਮਹੱਤਵਪੂਰਨ ਸ਼ਕਤੀਆਂ ਹਨ। ਉੱਚ-ਗੁਣਵੱਤਾ ਵਾਲੇ ਖੁੰਬਾਂ ਦੇ ਬੀਜ (ਸਪਾਨ) ਦੀ ਘਾਟ, ਇੱਕ ਬੇਲਗਾਮ ਮੰਡੀਕਰਨ ਢਾਂਚਾ, ਪ੍ਰੀ-ਕੂਲਿੰਗ ਸਟੋਰੇਜ ਦੀ ਘਾਟ, ਕੈਨਿੰਗ, ਮੰਡੀਕਰਨ ਦੇ ਬੁਨਿਆਦੀ-ਢਾਂਚੇ ਅਤੇ ਕੱਚੇ ਮਾਲ ਦੀ ਆਵਾਜਾਈ ਦੇ ਵਧੇਰੇ ਖਰਚੇ ਆਦਿ ਇਸ ਕਿੱਤੇ ਦੀਆਂ ਮੁੱਖ ਚੁਣੌਤੀਆਂ ਹਨ।

#### ਨੀਤੀ ਸੰਬਧੀ ਸਿਫ਼ਾਰਿਸ਼ਾਂ

1. **ਵਿਧਾਨ**: ਸੂਬੇ ਦੇ ਬਾਗਬਾਨੀ ਵਿਭਾਗ ਅਤੇ ਪੀਏਯੂ ਨੂੰ ਖੁੰਬਾਂ ਦੇ ਬੀਜ (Spawn) ਦੀ ਪੈਦਾਵਾਰ ਨੂੰ ਨਿਯਮਤ ਕਰਨ ਦੀ ਸਾਂਝੀ ਚੁਣੌਤੀ ਨਾਲ ਨਜਿੱਠਣ ਲਈ, ਬੀਜ ਐਕਟ 1966, ਜਾਂ ਕਿਸੇ ਹੋਰ ਉਚਿਤ ਕਾਨੂੰਨ ਅਧੀਨ ਲਿਆਉਣ ਲਈ ਕੇਂਦਰ ਨਾਲ ਤਾਲਮੇਲ ਕਰਨ ਦੀ ਲੋੜ ਹੈ।

2. **ਖੁੰਬਾਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨਾ: ੳ)** ਖੇਤੀ ਕਿੱਤੇ ਲਈ ਉਪਲਬਧ ਬਿਜਲੀ ਸਬਸਿਡੀ ਵਾਲੇ ਢਾਂਚੇ ਨੂੰ ਖੁੰਬ ਸੈਕਟਰ ਲਈ ਵੀ ਲਾਗੂ ਕੀਤਾ ਜਾਣਾ ਚਾਹੀਦਾ ਹੈ।

   **ਅ)** ਬਾਗਬਾਨੀ ਵਿਭਾਗ ਵਿੱਚ ਮਨੁੱਖੀ ਸ਼ਕਤੀ ਢਾਂਚੇ ਨੂੰ ਖੁੰਬਾਂ ਦੀ ਕਾਸ਼ਤ ਅਤੇ ਮਧੂ ਮੱਖੀ ਪਾਲਣ ਦੇ ਸਹਾਇਕ ਕਿੱਤਿਆਂ ਵੱਲ ਤਬਦੀਲ ਕਰਨ ਦੀ ਲੋੜ ਹੈ। ਵੱਖਰੇ ਤੌਰ 'ਤੇ ਬਣਾਈਆਂ ਗਈਆਂ ਅਸਾਮੀਆਂ ਲਈ ਸੰਬੰਧਿਤ ਯੋਗਤਾ ਅਤੇ ਮੁਹਾਰਤ ਦਾ ਇੱਕ ਵਿਲੱਖਣ ਸੁਮੇਲ ਹੋਣਾ ਚਾਹੀਦਾ ਹੈ।

**ੲ)** ਵਧੇਰੇ ਧਿਆਨ ਕੇਂਦਰਿਤ ਕਰਨ ਲਈ, ਖੁੰਬਾਂ ਦੀ ਕਾਸ਼ਤ ਨੂੰ ਇੱਕ ਸੰਭਾਵੀ 'ਖੇਤ ਤੋ ਬਾਹਰ' (*ex-situ*) ਝੋਨੇ ਦੀ ਪਰਾਲੀ ਪ੍ਰਬੰਧਨ ਤਕਨਾਲੋਜੀ ਵਜੋਂ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ। ਇਸ ਉਪਰਾਲੇ ਦੇ ਤਹਿਤ ਕੱਚੇ ਮਾਲ ਦੀ ਢੋਆ-ਢੁਆਈ ਦੇ ਖਰਚਿਆਂ ਦੀ ਪੂਰਤੀ ਲਈ ਢੁਕਵੇਂ ਲਾਭ ਦਿੱਤੇ ਜਾ ਸਕਦੇ ਹਨ।

3. **ਮੰਡੀਕਰਨ ਅਤੇ ਸਿਖਲਾਈ: ੳ)** ਖੁੰਬਾਂ ਦੀ ਜਲਦੀ ਖਰਾਬ ਹੋਣ ਦੀ ਪ੍ਰਕਿਰਤੀ ਲਾਭਕਾਰੀ ਮੰਡੀਕਰਨ ਦੇ ਰਾਹ ਵਿੱਚ ਰੁਕਾਵਟ ਬਣ ਜਾਂਦੀ ਹੈ ਅਤੇ ਖੁੰਬਾਂ ਦੀ ਬਹੁਤਾਤ ਸਮੇਂ ਵਿੱਚ ਘੱਟ ਕੀਮਤ 'ਤੇ ਵਿਕਰੀ ਦਾ ਕਾਰਨ ਬਣਦੀ ਹੈ। ਪੰਜਾਬ ਨੂੰ ਇਸ ਚੁਣੌਤੀ ਦੇ ਪ੍ਰਬੰਧਨ ਲਈ ਢੁਕਵੀਂ ਗਿਣਤੀ ਵਿੱਚ ਕੈਨਿੰਗ ਇਕਾਈਆਂ ਅਤੇ ਸਾਝੇਂ ਕੋਲਡ ਸਟੋਰ ਢਾਂਚੇ ਦੀ ਸਥਾਪਨਾ ਕਰਨੀ ਚਾਹੀਦੀ ਹੈ।

   **ਅ)** ਬਟਨ ਮਸ਼ਰੂਮ ਰਾਜ ਦੇ ਕੁੱਲ ਮਸ਼ਰੂਮ ਉਤਪਾਦਨ ਵਿੱਚ ਪ੍ਰਮੁੱਖ ਹਿੱਸਾ (ਲਗਪਗ 85%) ਰੱਖਦੇ ਹਨ। ਖੁੰਬਾਂ ਦੇ ਉਤਪਾਦਨ ਨੂੰ ਢੀਂਗਰੀ ਅਤੇ ਹੋਰ ਕਿਸਮਾਂ ਵੱਲ ਵਿਭਿੰਨਤਾ ਪ੍ਰਦਾਨ ਕਰਨ ਲਈ ਸਿਖਲਾਈ, ਨਿਪੁੰਨਤਾ, ਤੁੜਾਈ ਅਤੇ ਮੰਡੀਕਰਨ ਸਹੂਲਤਾਂ ਲਈ ਢੁਕਵੇਂ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।

### 5.4.8 ਰੇਸ਼ਮ ਕੀਟ ਪਾਲਣ

ਪੰਜਾਬ ਰੇਸ਼ਮ ਦਾ ਉਤਪਾਦਨ ਕਰਨ ਵਾਲਾ ਇੱਕ ਛੋਟਾ ਗੈਰ-ਰਵਾਇਤੀ ਪ੍ਰਦੇਸ਼ ਹੈ। ਇੱਥੇ ਬਸੰਤ ਰੁੱਤ (ਮਾਰਚ-ਅਪ੍ਰੈਲ) ਦਾ ਪੌਣ-ਪਾਣੀ ਅਨੁਕੂਲ ਹੋਣ ਕਰਕੇ ਇਸ ਰੁੱਤ ਵਿੱਚ ਰੇਸ਼ਮ ਕੀਟ ਦੀ ਪਾਲਣਾ ਕੀਤੀ ਜਾਂਦੀ ਹੈ, ਜਿਸ ਨਾਲ ਇਸ ਰੁੱਤ ਦੌਰਾਨ ਰੇਸ਼ਮ ਕੀਟ ਦੇ ਕੋਇਆਂ ਦੀ 70 ਪ੍ਰਤੀਸ਼ਤ ਤੋਂ ਜ਼ਿਆਦਾ ਪੈਦਾਵਾਰ ਹੁੰਦੀ ਹੈ ਜਿਸ ਤੋਂ ਸਲਾਨਾ ਲਗਪਗ 30,000 ਕਿੱਲੋ ਰੇਸ਼ਮ ਦੇ ਧਾਗੇ ਦੀਆਂ ਰੀਲਾਂ ਬਣਾਉਣ ਵਾਲੇ ਕੋਇਆਂ ਦੀ ਪੈਦਾਵਾਰ ਕੀਤੀ ਜਾਂਦੀ ਹੈ ਅਤੇ ਲਗਪਗ 4000 ਕਿਲੋ ਕੱਚਾ ਰੇਸ਼ਮ ਤਿਆਰ ਕੀਤਾ ਜਾਂਦਾ ਹੈ। ਰੇਸ਼ਮ ਕੀਟ ਪਾਲਣ ਇੱਕ ਘੱਟ ਲਾਗਤ ਅਤੇ ਜ਼ਿਆਦਾ ਮੁਨਾਫ਼ੇ ਵਾਲਾ ਕਿੱਤਾ ਹੋਣ ਕਰਕੇ ਪੰਜਾਬ ਦੇ ਨੀਮ ਪਹਾੜੀ ਇਲਾਕਿਆਂ ਵਿੱਚ ਰਹਿੰਦੇ ਛੋਟੇ ਕਿਸਾਨਾਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਨੂੰ ਰੁਜ਼ਗਾਰ ਦਿੰਦਾ ਹੈ। ਰਾਜ ਵਿੱਚ ਰੇਸ਼ਮ ਉਤਪਾਦਨ ਨੂੰ ਉਤਸ਼ਾਹਿਤ ਕਰਨ ਲਈ ਵੱਡੀਆਂ ਚੁਣੌਤੀਆਂ ਵਿੱਚ ਬਿਹਤਰ ਤਕਨਾਲੋਜੀਆਂ ਦਾ ਨਾਕਾਫੀ ਪ੍ਰਸਾਰ, ਪ੍ਰੋਤਸਾਹਨਾਂ ਅਤੇ ਤਕਨੀਕੀ ਹੁਨਰ ਦੀ ਘਾਟ ਅਤੇ ਸ਼ਹਿਤੂਤ ਰੁੱਖਾਂ ਦੇ ਫਾਰਮ ਅਤੇ ਗੁਣਵੱਤਾ ਵਾਲੇ ਜਰਮਪਲਾਜ਼ਮ ਦੀ ਘਾਟ ਸ਼ਾਮਿਲ ਹਨ।

#### ਨੀਤੀ ਸੰਬੰਧੀ ਸਿਫਾਰਿਸ਼ਾਂ

1. **ਕਦਰ ਵਧਾਈ ਲਈ ਇੱਕ ਰੀਲਿੰਗ ਯੂਨਿਟ ਸਥਾਪਿਤ ਕਰੋ**: ਕਕੋਏ (ਕੋਕੂਨ) ਨੂੰ ਲੰਬੇ ਸਮੇਂ ਲਈ ਸਟੋਰ ਨਹੀਂ ਕੀਤਾ ਜਾ ਸਕਦਾ ਹੈ ਜਿਸ ਨਾਲ ਉਤਪਾਦਕਾਂ ਨੂੰ ਭਰਮਾਰ ਦੇ ਸਮੇਂ ਘੱਟ ਕੀਮਤਾਂ 'ਤੇ ਆਪਣੀ ਉਪਜ ਨੂੰ ਵੇਚਣਾ ਪੈਂਦਾ ਹੈ। ਰੀਲਿੰਗ ਤੋਂ ਬਾਅਦ ਇਸਦੀ ਸਟੋਰੇਜ ਸਮਰੱਥਾ ਦੁੱਗਣੀ ਤੋਂ ਵੱਧ ਬੱਚਤ ਪ੍ਰਾਪਤ ਕਰਨ ਲਈ ਵੱਧ ਜਾਂਦੀ ਹੈ। ਇਸ ਲਈ ਰਾਜ ਦੇ ਬਾਗਬਾਨੀ ਵਿਭਾਗ ਦੁਆਰਾ ਪਠਾਨਕੋਟ ਜ਼ਿਲ੍ਹੇ ਵਿੱਚ ਇਸ ਦੇ ਉਤਪਾਦਨ ਖੇਤਰ ਵਿੱਚ ਕਸਟਮ-ਹਾਇਰ ਦੇ ਅਧਾਰ 'ਤੇ ਚਲਾਉਣ ਲਈ ਇੱਕ ਰੀਲਿੰਗ ਯੂਨਿਟ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ।
2. **ਸ਼ਹਿਤੂਤ ਦੀਆਂ ਸੋਧੀਆਂ ਹੋਈਆਂ ਹਾਈਬ੍ਰਿਡ ਕਿਸਮਾਂ ਪੇਸ਼ ਕਰਨਾ**: ਸ਼ਹਿਤੂਤ ਦੀਆਂ ਉੱਚ-ਪੱਧਰੀ ਕਿਸਮਾਂ ਦਾ ਅਧਿਐਨ ਕਰਕੇ ਉਹਨਾਂ ਨੂੰ ਰੇਸ਼ਮ ਦੀ ਵਪਾਰਕ ਪੱਧਰ 'ਤੇ ਜ਼ਿਆਦਾ ਪੈਦਾਵਾਰ ਕਰਨ ਲਈ ਸਿਫਾਰਿਸ਼ ਅਧੀਨ ਲਿਆਉਣਾ ਚਾਹੀਦਾ ਹੈ। ਇਸੇ ਤਰ੍ਹਾਂ ਰੇਸ਼ਮੀ ਕੀੜੇ ਦੀ ਪਾਲਣਾ ਲਈ ਸ਼ਹਿਤੂਤ ਦੇ ਜਰਮਪਲਾਜ਼ਮ ਦੀ ਸੰਭਾਲ ਲਈ ਬਾਗਾਂ (Hedge Gardens) ਦਾ ਨਿਰਮਾਣ ਹੋਣਾ ਚਾਹੀਦਾ ਹੈ।
3. **ਜਾਣਕਾਰੀ/ਸੂਚਨਾਂ ਦਾ ਪ੍ਰਸਾਰ ਕਰਨਾ:** ਪ੍ਰਸਾਰ ਗਤੀਵਿਧੀਆਂ ਨੂੰ ਮੁੱਖ ਤੌਰ 'ਤੇ ਕੇਂਦਰੀ ਰੇਸ਼ਮ ਬੋਰਡ ਦੁਆਰਾ ਚਲਾਈਆਂ ਜਾ ਰਹੀਆਂ ਵੱਖ-ਵੱਖ ਫੰਡਾਂ ਦੀਆਂ ਸਕੀਮਾਂ ਬਾਰੇ ਜਾਗਰੂਕਤਾ ਨੂੰ ਨਿਸ਼ਾਨਾ ਬਣਾਉਣਾ ਚਾਹੀਦਾ ਹੈ।

### 5.4.9 ਦਵਾਈਆਂ, ਸੁਗੰਧੀ ਅਤੇ ਮਸਾਲੇ ਵਾਲੀਆਂ ਫ਼ਸਲਾਂ

ਪੰਜਾਬ ਦੀ ਖੇਤੀ ਵਿੱਚ ਦਵਾਈਆਂ, ਸੁਗੰਧੀ ਅਤੇ ਮਸਾਲੇ ਵਾਲੀਆਂ ਫ਼ਸਲਾਂ ਮਹੱਤਵਪੂਰਨ ਮੌਕੇ ਪ੍ਰਦਾਨ ਕਰ ਸਕਦੀਆਂ ਹਨ। ਇਨ੍ਹਾਂ ਫ਼ਸਲਾਂ ਦੇ ਪ੍ਰੋਸੈਸ ਕੀਤੇ ਉਤਪਾਦ ਕੀਮਤੀ ਮੁਨਾਫ਼ੇਯੋਗ ਸਰੋਤਾਂ ਵਜੋਂ ਕੰਮ ਆ ਸਕਦੇ ਹਨ। ਪ੍ਰੋਸੈਸਡ ਉਤਪਾਦ ਜਿਵੇਂ ਕਿ ਜੜੀ-ਬੂਟੀਆਂ ਦੀਆਂ ਦਵਾਈਆਂ, ਅਰਕ, ਜ਼ਰੂਰੀ ਤੇਲ ਅਤੇ ਕਾਸਮੈਟਿਕਸ ਰਾਜ ਵਿੱਚ ਛੋਟੇ ਪੱਧਰ ਦੇ ਖੇਤੀਬਾੜੀ-ਪ੍ਰੋਸੈਸਿੰਗ ਉਦਯੋਗਾਂ ਨੂੰ ਵਿਕਸਤ ਕਰਨ ਲਈ ਕਾਫ਼ੀ ਮੌਕੇ ਪੈਦਾ ਕਰ ਸਕਦੇ ਹਨ। ਕੰਢੀ ਖੇਤਰ ਦਵਾਈਆਂ, ਸੁਗੰਧੀ ਅਤੇ ਮਸਾਲਿਆਂ ਵਾਲੀਆਂ ਫ਼ਸਲਾਂ ਦੀ ਕਾਸ਼ਤ ਲਈ ਕਈ ਕਾਰਨਾਂ ਜਿਵੇਂ ਇਸ ਖੇਤਰ ਵਿੱਚ ਖੇਤੀਬਾੜੀ ਰਸਾਇਣਾਂ ਦੀ ਘੱਟ ਵਰਤੋਂ, ਅਣਵਾਹੀ ਜ਼ਮੀਨ (Wasteland) ਦੀ ਉਪਲਬਧਤਾ, ਜੰਗਲੀ ਅਤੇ ਅਵਾਰਾ ਜਾਨਵਰਾਂ ਦੁਆਰਾ ਫ਼ਸਲਾਂ ਦਾ ਨੁਕਸਾਨ, ਹੋਰ ਫ਼ਸਲਾਂ ਦੀ ਘੱਟ ਉਤਪਾਦਕਤਾ, ਜੰਗਲਾਂ ਅਤੇ ਖੇਤੀ ਜੰਗਲਾਤ ਅਧੀਨ ਵੱਧ ਰਕਬਾ ਆਦਿ ਕਰਕੇ ਸਭ ਤੋਂ ਢੁੱਕਵਾਂ ਹੈ।

**ਨੀਤੀ ਸੰਬੰਧੀ ਸਿਫ਼ਾਰਿਸ਼ਾਂ**

**1. ਖੋਜ ਅਤੇ ਵਿਕਾਸ ਨੂੰ ਮਜਬੂਤ ਕਰਨਾ**

**ੳ)** ਦਵਾਈਆਂ ਅਤੇ ਖੁਸ਼ਬੂਦਾਰ ਪੌਦਿਆਂ ਦੀਆਂ ਪੰਜਾਬ ਲਈ, ਖਾਸ ਤੌਰ ’ਤੇ ਕੰਢੀ ਖੇਤਰ ਵਿੱਚ, ਢੁਕਵੀਆਂ ਕਿਸਮਾਂ ਦੀ ਪਰਖ ਲਈ ਵਿਸ਼ੇਸ਼ ਖੋਜ ਅਤੇ ਵਿਕਾਸ ਕਾਰਜ ਕਰਨ ਦੀ ਲੋੜ ਹੈ।

**ਅ)** ਕੰਢੀ ਖੇਤਰ ਲਈ ਵਿਸ਼ੇਸ਼ ਤੌਰ ’ਤੇ ਦਵਾਈਆਂ ਅਤੇ ਸੁਗੰਧੀ ਵਾਲੇ ਪੌਦਿਆਂ ਦੇ ਵਾਧੇ/ਪ੍ਰਸਾਰ ਅਤੇ ਕਾਸ਼ਤ ਦੇ ਅਮਲਾਂ ਨੂੰ ਸੋਧਣ ਲਈ ਖੋਜ ਦੀ ਲੋੜ ਹੈ।

**ੲ)** ਦਵਾਈਆਂ, ਖੁਸ਼ਬੂਦਾਰ ਪੌਦੇ ਅਤੇ ਮਸਾਲੇ ਵਾਲੀਆਂ ਫ਼ਸਲਾਂ ਜਿਵੇਂ ਅਦਰਕ, ਹਲਦੀ, ਮਲੱਠੀ, ਅਸ਼ਵਗੰਧਾ, ਸਰਪਗੰਧਾ, ਤੁਲਸੀ, ਐਲੋਵੇਰਾ, ਸਦਾਬਹਾਰ, ਬ੍ਰਹਮੀ, ਕਾਲਮੇਘ, ਕਲਿਹਾਰੀ, ਪਿੱਪਲੀ, ਲੈਮਨ ਘਾਹ, ਕੜ੍ਹੀ ਪੱਤਾ ਆਦਿ ਦੀ ਕੰਢੀ ਖੇਤਰ ਵਿੱਚ ਕਾਸ਼ਤ ਕਰਨ ਦੀਆਂ ਸੰਭਾਵਨਾਵਾਂ ਹਨ। ਇਸ ਦੇ ਨਾਲ ਹੀ ਅਰਜਨ, ਬਹੇੜਾ, ਹਰੜ, ਸੁਹਜੰਣਾ, ਆਂਵਲਾ, ਜਾਮੁਨ, ਬਿਲ, ਨਿੰਮ, ਰੀਠਾ ਆਦਿ ਔਸ਼ਧੀ ਵਾਲੇ ਦਰਖ਼ਤਾਂ ਦੀ ਕਾਸ਼ਤ ਦੀ ਵੀ ਚੰਗੀ ਸੰਭਾਵਨਾ ਹੈ।

**2. ਕਾਸ਼ਤ ਨੂੰ ਉਤਸ਼ਾਹਿਤ ਕਰਨਾ**

**ੳ)** ਢੁੱਕਵੀਆਂ ਦਵਾਈਆਂ, ਸੁਗੰਧੀ ਅਤੇ ਮਸਾਲੇ ਵਾਲੀਆਂ ਫ਼ਸਲਾਂ ਦੀ ਕਾਸ਼ਤ ਨੂੰ ਪ੍ਰਚਲਿਤ ਖੇਤੀ-ਜੰਗਲਾਤ ਪ੍ਰਣਾਲੀਆਂ ਜਿਵੇਂ ਕਿ ਐਗਰੀ-ਸਿਲਵੀਕਲਚਰ (ਫ਼ਸਲਾਂ ਅਤੇ ਵਣ), ਐਗਰੀ-ਸਿਲਵੀ-ਬਾਗਬਾਨੀ, ਐਗਰੀ-ਬਾਗਬਾਨੀ, ਸਿਲਵੀ-ਪਾਸਟੋਰਲ (ਵਣ ਅਤੇ ਚਾਰਾ), ਆਦਿ ਵਿੱਚ ਉਤਸ਼ਾਹਿਤ ਕੀਤਾ ਜਾ ਸਕਦਾ ਹੈ (ਪੋਪਲਰ, ਸਫੇਦਾ, ਡੇਕ, ਅਤੇ ਹੋਰ ਵਣ ਆਧਾਰਿਤ ਖੇਤੀ-ਜੰਗਲਾਤ ਪ੍ਰਣਾਲੀ)।

**ਅ)** ਢੁੱਕਵੀਆਂ ਦਵਾਈਆਂ ਅਤੇ ਸੁਗੰਧੀ ਵਾਲੀਆਂ ਫ਼ਸਲਾਂ ਦੇ ਸੁਧਰੇ ਬੀਜ/ਪਨੀਰੀ ਜਾਂ ਵਧੀਆ ਗੁਣਵੱਤਾ ਵਾਲੀ ਪਨੀਰੀ ਦੀ ਉਪਲਬਧਤਾ ਸਭ ਤੋਂ ਮਹੱਤਵਪੂਰਨ ਪਹਿਲੂ ਹੈ। ਇਸ ਉਦੇਸ਼ ਲਈ ਸਰਕਾਰ ਦੁਆਰਾ ਪ੍ਰਮਾਣਿਤ ਹਾਈ-ਟੈਕ ਨਰਸਰੀਆਂ ਵਿਕਸਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

**ੲ)** ਸੰਬੰਧਿਤ ਖੇਤਰਾਂ ਵਿੱਚ ਦਵਾਈਆਂ ਅਤੇ ਸੁਗੰਧੀ ਪੌਦਿਆਂ ਦੀ ਕਾਸ਼ਤ, ਪ੍ਰੋਸੈਸਿੰਗ ਅਤੇ ਕਦਰ ਵਧਾਈ ਦੇ ਸੰਬੰਧ ਵਿੱਚ, ਖੇਤੀ ਮਾਹਿਰਾਂ ਦੇ ਸਹਿਯੋਗ ਨਾਲ, ਸਿਖਲਾਈ ਕੋਰਸ ਅਤੇ ਤਕਨੀਕਾਂ ਦਾ ਪਸਾਰ ਕਰਨ ਲਈ ਉਪਰਾਲੇ ਦੀ ਜ਼ਰੂਰਤ ਹੈ।

### 3. ਬੁਨਿਆਦੀ ਢਾਂਚਾ ਅਤੇ ਸਹੂਲਤਾਂ

**ੳ)** ਕਦਰ ਵਧਾਈ ਅਤੇ ਸੁਵਿਧਾਜਨਕ ਮੰਡੀਕਰਨ ਲਈ, ਦਵਾਈਆਂ ਅਤੇ ਸੁਗੰਧੀ ਪੌਦਿਆਂ ਦੀ ਪ੍ਰੋਸੈਸਿੰਗ ਲਈ ਸੁਵਿਧਾਵਾਂ ਦੀ ਸਥਾਪਤੀ, ਜਿਵੇਂ ਕਿ ਛਾਂਟੀ, ਗਰੇਡਿੰਗ, ਸੁਕਾਉਣਾ, ਭੰਡਾਰਣ, ਤੇਲ ਕੱਢਣ ਵਾਲੇ ਕਾਰਖਾਨੇ (ਡਿਸਟਿਲੇਸ਼ਨ ਯੂਨਿਟਾਂ) ਅਤੇ ਆਵਾਜਾਈ ਦੇ ਸਾਧਨਾਂ ਆਦਿ ਨੂੰ ਪਿੰਡਾਂ ਦੇ ਗਰੁੱਪ ਬਣਾਕੇ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ (MPCS) ਰਾਹੀਂ ਵਿਕਸਤ ਕੀਤਾ ਜਾ ਸਕਦਾ ਹੈ।

**ਅ)** ਇੰਨੋਵੇਟਿਵ ਖੇਤੀ ਮੰਡੀਕਰਨ ਸੁਸਾਇਟੀ (IAMS) ਦੀ ਮਦਦ ਨਾਲ ਉਤਪਾਦਕਾਂ ਅਤੇ ਖਰੀਦਦਾਰਾਂ ਦੇ ਅਸਰਦਾਇਕ ਮੰਡੀਕਰਨ ਸੰਬੰਧ ਸਥਾਪਿਤ ਕਰਨ ਦੀ ਲੋੜ ਹੈ ਜੋ ਤਰਹੀਜੀ ਤੌਰ ’ਤੇ ਕਾਰਗਰ ਅਗਾਊਂ-ਖਰੀਦ ਪ੍ਰਬੰਧਾਂ ਵਾਲੇ ਹੋਣ। ਦਵਾਈਆਂ, ਸੁਗੰਧੀ ਅਤੇ ਮਸਾਲੇ ਵਾਲੀਆਂ ਫ਼ਸਲਾਂ ਦੀ ਕਾਸ਼ਤ ਅਤੇ ਮੰਡੀਕਰਨ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਹੱਲ ਕਰਨ ਲਈ ਇੱਕ ਸੰਯੁਕਤ-ਮੁੱਲ ਪ੍ਰਣਾਲੀ ਨੂੰ ਵਿਕਸਿਤ ਕਰਨ ਅਤੇ ਸੁਵਿਧਾਜਨਕ ਬਨਾਉਣ ਦੀ ਲੋੜ ਹੈ।

### 4. ਵਿੱਤੀ ਅਤੇ ਪ੍ਰਸ਼ਾਸਨਿਕ ਸਹਾਇਤਾ

**ੳ)** ਕਦਰ ਵਧਾਈ, ਬ੍ਰਾਂਡਿੰਗ ਅਤੇ ਮੰਡੀਕਰਨ ਲਈ ਟੈਕਸ ਛੋਟ ਦੁਆਰਾ ਦਵਾਈਆਂ, ਸੁਗੰਧੀ ਅਤੇ ਮਸਾਲੇ ਵਾਲੀਆਂ ਫ਼ਸਲਾਂ ਅਧਾਰਿਤ ਉੱਦਮਤਾ ਨੂੰ ਆਸਾਨ ਬਣਾਉਣ ਦੀ ਲੋੜ ਹੈ।

**ਅ)** ਕਿਸਾਨਾਂ ਲਈ ਫ਼ਸਲਾਂ ਦਾ ਨੁਕਸਾਨ ਜਾਂ ਕੁਦਰਤੀ ਆਫਤਾਂ ਦੀ ਮਾਰ ਆਦਿ ਨਾਲ ਹੋਏ ਨੁਕਸਾਨ ਲਈ ਯੋਗ ਮੁਆਵਜ਼ੇ ਦੀ ਸ਼ੁਰੂਆਤ ਕਰਨ ਦੀ ਲੋੜ ਹੈ।

**ੲ)** ਸੰਬੰਧਿਤ ਖੇਤਰਾਂ ਵਿੱਚ ਦਵਾਈਆਂ, ਸੁਗੰਧੀ ਅਤੇ ਮਸਾਲੇ ਵਾਲੀਆਂ ਫ਼ਸਲਾਂ ਦੇ ਵੱਖ-ਵੱਖ ਪਹਿਲੂਆਂ ਦੀ ਜਾਣਕਾਰੀ ਅਤੇ ਸਮੱਸਿਆਵਾਂ ਦੇ ਸਬੰਧ ਵਿੱਚ ਅਤੇ ਸਾਰੇ ਹਿੱਸੇਦਾਰਾਂ ਦੀ ਸਹੂਲਤ ਲਈ ਇੱਕ ਨੋਡਲ ਅਧਿਕਾਰੀ ਦੀ ਨਿਯੁਕਤੀ ਕੀਤੀ ਜਾਣੀ ਚਾਹੀਦੀ ਹੈ।

## 5.5 ਖੇਤੀ-ਜੰਗਲਾਤ

ਖੇਤੀ ਵਿਭਿੰਨਤਾ, ਕੁਦਰਤੀ ਸਰੋਤਾਂ ਦੀ ਸੁਰੱਖਿਆ, ਜਲਵਾਯੂ ਤਬਦੀਲੀ ਦੀ ਗਤੀ ਨੂੰ ਘਟਾਉਣ, ਖੇਤੀ-ਜੰਗਲਾਤ (Agroforestry) ਦੁਆਰਾ ਪ੍ਰਦਾਨ ਕੀਤੇ ਗਏ ਆਮਦਨ ਦੇ ਕਈ ਰਸਤੇ, ਲੱਕੜ ਦੀ ਵੱਧਦੀ ਮੰਗ ਨੂੰ ਪੂਰਾ ਕਰਨ, ਅਤੇ ਜੰਗਲਾਂ ਹੇਠ ਰਕਬਾ ਲਿਆਉਣ ਦੀ ਘੱਟ ਸਫਲਤਾ ਖੇਤੀਬਾੜੀ ਦੀਆਂ ਚੁਣੌਤੀਆਂ ਨਾਲ ਨਜਿੱਠਣ ਵਿੱਚ ਖੇਤੀ-ਜੰਗਲਾਤ ਦੀ ਭੂਮਿਕਾ ਨੂੰ ਦਰਸਾਉਂਦੀ ਹੈ। ਪੰਜਾਬ ਵਿੱਚ ਪਾਪਲਰ ਅਧਾਰਿਤ ਵਣ-ਖੇਤੀ ਮਾਡਲ ਦੀ ਸਫਲਤਾ, ਉੱਨਤ ਕਿਸਮਾਂ, ਵਧੀਆ ਪੈਦਾਵਾਰ ਅਤੇ ਕੁਦਰਤੀ ਪੈਦਾਵਾਰੀ ਇਲਾਕਿਆਂ ਕਾਰਨ ਖੇਤੀ-ਜੰਗਲਾਤ ਬਦਲ ਦੇ ਤੌਰ ’ਤੇ ਉਭਰਿਆ ਹੈ। ਗੈਰ-ਜਥੇਬੰਦ ਅਤੇ ਬੇਕਾਬੂ ਖੁੱਲ੍ਹੀ ਮੰਡੀ ਢਾਂਚਾ, ਇੱਕ ਸੀਮਤ ਲੱਕੜ ਉਦਯੋਗ, ਟੈਕਸਾਂ ਅਤੇ ਪ੍ਰੋਤਸਾਹਨ ਵਿੱਚ ਪੱਖਪਾਤ, ਅਤੇ ਭਾਈਚਾਰਕ ਸ਼ਮੂਲੀਅਤ ਦੀ ਕਮੀ ਆਦਿ ਇਸ ਕਿੱਤੇ ਦੀਆਂ ਮੁੱਖ ਮੁਸ਼ਕਲਾਂ ਹਨ।

### ਨੀਤੀ ਸੰਬੰਧੀ ਸਿਫ਼ਾਰਿਸ਼ਾਂ

1. **ਲੱਕੜ ਮੰਡੀਆਂ ਦੀ ਸਥਾਪਨਾ**: ਸੂਬੇ ਦੇ ਵੱਖ-ਵੱਖ ਖੇਤਰਾਂ ਵਿੱਚ ਜੰਗਲਾਤ-ਖੇਤੀ ਦੀ ਉਤਪਾਦਨ ਮਾਤਰਾ ਮੁਤਾਬਕ ਚਾਰ-ਪੰਜ ਆਧੁਨਿਕ ਲੱਕੜ ਮੰਡੀਆਂ ਸਥਾਪਿਤ ਕਰਨ ਦੀ ਲੋੜ ਹੈ। ਲੱਕੜ ਉਦਯੋਗ ਖੇਤਰ ਦੇ ਨੇੜੇ ਦਸੂਹਾ ਹੁਸ਼ਿਆਰਪੁਰ ਰੋਡ, ਇਸ ਮੰਡੀ ਲਈ ਇੱਕ ਢੁਕਵੀਂ ਜਗ੍ਹਾ ਹੈ। ਲੁਧਿਆਣਾ ਵਿੱਚ ਹੰਬੜਾਂ ਰੋਡ ਨੇੜੇ ਮੰਡੀ ਦੀ ਜ਼ਮੀਨ ਨਵੀਂ ਮੰਡੀ ਦੀ ਸਥਾਪਨਾ ਲਈ ਵਰਤੀ ਜਾ ਸਕਦੀ ਹੈ। ਸੂਬੇ ਦੇ ਹੋਰ ਹਿੱਸਿਆਂ ਵਿੱਚ ਵੀ ਅਜਿਹੀਆਂ ਨਵੀਆਂ ਲੱਕੜ ਮੰਡੀਆਂ ਸਥਾਪਿਤ ਕਰਨ ਦੀ ਲੋੜ ਹੈ।

2. **ਖੇਤੀ-ਜੰਗਲਾਤ ਮਾਡਲ**: ਖੇਤੀ-ਜੰਗਲਾਤ ਮਾਡਲਾਂ ਹੇਠ ਹਲਦੀ, ਪਿਆਜ਼, ਆਲੂ, ਗੇਂਦੇ ਦੇ ਫੁੱਲਾਂ ਦੀ ਅੰਤਰ-ਫ਼ਸਲੀ ਖੇਤੀ ਅਤੇ ਬਾਗਾਂ ਦੁਆਲੇ ਪੌਦੇ ਲਾਉਣ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਹਨਾਂ ਮਾਡਲਾਂ ਦੀਆਂ ਰਾਜ ਵਿੱਚ ਬਹੁਤ ਆਰਥਿਕ ਸੰਭਾਵਨਾਵਾਂ ਹਨ।

3. **ਸੂਰਜੀ ਟਿਊਬਵੈਲ ਨਾਲ ਚੱਲਣ ਵਾਲੀ ਸੂਖਮ ਸਿੰਚਾਈ ਪ੍ਰਣਾਲੀ**: ਪਾਪਲਰ ਅਧਾਰਿਤ ਰਵਾਇਤੀ ਫ਼ਸਲੀ ਪ੍ਰਣਾਲੀਆਂ ਦੀ ਪੈਦਾਵਾਰ ਨੂੰ ਸੂਖਮ ਸਿੰਚਾਈ ਤਕਨੀਕਾਂ ਨਾਲ ਵਧਾਇਆ ਜਾ ਸਕਦਾ ਹੈ। ਪਾਪਲਰ ਅਤੇ ਰਵਾਇਤੀ ਫ਼ਸਲੀ ਪ੍ਰਣਾਲੀ ਲਈ ਸਿੰਚਾਈ ਦੀਆਂ ਲੋੜਾਂ ਦੇ ਸਮੇਂ ਵਿਚਕਾਰ ਮੇਲ ਨਾ ਹੋਣ ਕਰਕੇ, ਉਤਪਾਦਕਾਂ ਨੂੰ ਸੂਰਜੀ ਟਿਊਬਵੈਲ ਨਾਲ ਚੱਲਣ ਵਾਲੀ ਸੂਖਮ ਸਿੰਚਾਈ ਲਗਾਉਣ ਲਈ ਢੁਕਵੀਆਂ ਸਹੂਲਤਾਂ ਦੇਣ ਦੀ ਲੋੜ ਹੈ।

4. **ਸੜਕਾਂ ਦੇ ਕੰਢੇ ਅਤੇ ਖੇਤਾਂ ਦੁਆਲੇ ਪੌਦੇ ਲਗਾਉਣਾ**: ਸੜਕ ਦੇ ਕਿਨਾਰੇ ਅਤੇ ਖੇਤਾਂ ਦੇ ਆਲੇ-ਦੁਆਲੇ ਪੌਦੇ ਲਗਾਉਣ ਨਾਲ ਲੱਕੜ ਦੀ ਪੈਦਾਵਾਰ ਤੋਂ ਹੋਈ ਕਮਾਈ ਦਾ ਕੁਝ ਹਿੱਸਾ ਨਾਲ ਲੱਗਦੇ ਕਿਸਾਨਾਂ ਨੂੰ ਦਿੱਤਾ ਜਾ ਸਕਦਾ ਹੈ ਤਾਂ ਜੋ ਸੜਕ ਕਿਨਾਰੇ ਪੌਦੇ ਲਗਾਉਣ ਵਿੱਚ ਭਾਈਚਾਰਕ ਭਾਗੀਦਾਰੀ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਰਵਾਇਤੀ ਰੁੱਖ (ਟਾਹਲੀ, ਅੰਬ, ਨਿੰਮ, ਜਾਮੁਨ, ਸ਼ਹਿਤੂਤ, ਤੁਣ ਆਦਿ) ਸੜਕ ਦੇ ਕਿਨਾਰੇ ਲਗਾਏ ਜਾਣ ਲਈ ਢੁਕਵੇਂ ਰੁੱਖ ਹਨ।

5. **ਖੇਤੀ-ਜੰਗਲਾਤ ਨਾਲ ਕੁਦਰਤੀ ਸੈਰ-ਸਪਾਟਾ ਅਤੇ ਵਿਰਾਸਤ**: ਸੂਬੇ ਦੇ ਕੰਢੀ ਖੇਤਰਾਂ ਵਿੱਚ, ਖੇਤੀ-ਜੰਗਲਾਤ ਅਧਾਰਿਤ ਕੁਦਰਤੀ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਮੌਜੂਦਾ ਰੱਖਾਂ/ਬੀੜਾਂ ਨੂੰ ਰਾਜ ਦੀ ਸੱਭਿਆਚਾਰਕ ਵਿਰਾਸਤ ਵਜੋਂ ਸੁਰੱਖਿਅਤ ਅਤੇ ਉਤਸ਼ਾਹਿਤ ਕਰਨ ਦੀ ਲੋੜ ਹੈ।

6. **ਬਾਗਬਾਨੀ ਨਾਲ ਸਬੰਧ**: ਖੇਤੀ-ਜੰਗਲਾਤ ਨੂੰ ਬਾਗਬਾਨੀ ਅਧੀਨ ਲਿਆਉਣਾ ਚਾਹੀਦਾ ਹੈ ਤਾਂ ਜੋ ਕਿਸਾਨਾਂ ਨੂੰ ਤੁਪਕਾ ਸਿੰਚਾਈ, ਵਾੜ, ਬਲਾਕ ਪਲਾਂਟੇਸ਼ਨ ਆਦਿ ਦੀਆਂ ਸਮਾਨ ਸਹੂਲਤਾਂ ਦਾ ਲਾਭ ਲੈਣ ਦੇ ਯੋਗ ਬਣਾਇਆ ਜਾ ਸਕੇ। ਮਸ਼ੀਨਰੀ ਨਾਲ ਫ਼ਸਲਾਂ ਦੀ ਸੁਰੱਖਿਆ, ਛਾਂਟੀ, ਕਟਾਈ ਅਤੇ ਵਾਢੀ ਦੇ ਕੰਮਾਂ ਨੂੰ ਸਮਰੱਥ ਬਣਾਉਣ ਲਈ ਕਿਸਾਨਾਂ ਨੂੰ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਜਾਂ ਬਾਗਬਾਨੀ ਅਸਟੇਟ ਦੁਆਰਾ ਸੰਚਾਲਤ, ਕਿਰਾਏ 'ਤੇ ਦੇਣ ਲਈ ਉਪਕਰਨ/ਮਸ਼ੀਨਰੀ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ।

7. **ਖੇਤੀ-ਜੰਗਲਾਤ ਨੂੰ ਸਰਕਾਰ ਦਾ ਸਮਰਥਨ: ੳ)** ਟੈਕਸ ਰਾਹਤ ਵਿੱਚ ਬਰਾਬਰਤਾ ਲਿਆਉਣ ਲਈ ਖੇਤੀ-ਜੰਗਲਾਤ ਤੋਂ ਪੈਦਾ ਹੋਈ ਲੱਕੜ ਨੂੰ ਖੇਤੀਬਾੜੀ ਉਪਜ ਵਜੋਂ ਐਲਾਨਿਆ ਜਾਣਾ ਚਾਹੀਦਾ ਹੈ।

   **ਅ)** ਤੇਜ਼ੀ ਨਾਲ ਵੱਧ ਰਹੀਆਂ ਕਿਸਮਾਂ/ਕਲੋਨਾਂ, ਲਾਹੇਵੰਦ ਖੇਤੀ-ਜੰਗਲਾਤ ਮਾਡਲਾਂ, ਸਿਲਵੀਕਲਚਰਲ ਸਰੋਤਾਂ, ਕੀੜਿਆਂ ਅਤੇ ਹੋਰ ਬੀਮਾਰੀਆਂ ਦੇ ਪ੍ਰਬੰਧਨ ਆਦਿ ਲਈ ਪੀਏਯੂ ਨੂੰ ਸਟੇਟ ਕੰਪਨਸੇਟਰੀ ਏਫੋਰੈਸਟੇਸ਼ਨ ਮੈਨਜਮੈਂਟ ਅਤੇ ਪਲਾਨਿੰਗ ਫੰਡ (CAMPA) ਤੋਂ ਵਿੱਤੀ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ।

   **ੲ)** ਰਾਜ ਵਿੱਚ ਕੁਝ ਲੱਕੜ-ਅਧਾਰਿਤ ਉਦਯੋਗ ਜਿਵੇਂ ਕਾਗਜ਼ ਅਤੇ ਪਲਪ ਸੈਕਟਰ, ਬਾਇਓਮਾਸ ਤੋਂ ਬਿਜਲੀ ਬਣਾਉਣ ਅਤੇ ਜੰਗਲੀ ਰਹਿੰਦ-ਖੂੰਹਦ ਤੋਂ ਬ੍ਰਿਕੇਟ ਆਦਿ ਨੂੰ ਸਥਾਪਿਤ ਕਰਨ ਦੀ ਲੋੜ ਹੈ।

8. **ਬਾਂਸ ਦੀ ਕਾਸ਼ਤ ਨੂੰ ਉਤਸ਼ਾਹਿਤ ਕਰੋ**: ਨਵੀਨਤਮ ਖੋਜਾਂ ਦੇ ਮੱਦੇਨਜ਼ਰ, ਬਾਂਸ ਦੇ ਬੂਟਿਆਂ ਨੂੰ ਉਤਪਾਦਨ ਦੀ ਘੱਟ ਲਾਗਤ, ਲੰਮੀ ਉਮਰ, ਕਦਰ ਵਧਾਈ ਅਤੇ ਇਸ ਦੇ ਕੁਦਰਤੀ ਪੈਦਾਵਾਰੀ ਇਲਾਕਿਆਂ - ਸ਼ਿਵਾਲਿਕ ਦੀ ਤਲਹਟੀ/ਕੰਡੀ ਖੇਤਰ ਵਿੱਚ ਇੱਕ ਬਹੁਤ ਹੀ ਲਾਭਦਾਇਕ ਉੱਦਮ ਦੇ ਮੱਦੇਨਜ਼ਰ ਉਤਸ਼ਾਹਿਤ ਕਰਨ ਦੀ ਲੋੜ ਹੈ। ਪੰਜਾਬ ਦੇ ਅਜਿਹੇ ਖੇਤਰਾਂ ਨੂੰ ਰਾਸ਼ਟਰੀ ਬਾਂਸ ਮਿਸ਼ਨ ਨਾਲ ਜੋੜਿਆ ਜਾਣਾ ਚਾਹੀਦਾ ਹੈ ਤਾਂ ਜੋ ਵੱਧ ਮੁਨਾਫ਼ੇ ਅਤੇ ਰੁਜ਼ਗਾਰ ਸਿਰਜਣ ਦੀ ਸਮਰੱਥਾ ਦਾ ਲਾਹਾ ਲਿਆ ਜਾ ਸਕੇ।

**5.6 ਏਕੀਕ੍ਰਿਤ ਖੇਤੀ ਅਤੇ ਜੁੜਵੀਂ ਆਮਦਨ ਸਹਾਇਤਾ (**Integrated Farming and Integrative Income Support**)**

3.5 ਲੱਖ ਛੋਟੀਆਂ ਅਤੇ ਸੀਮਾਂਤ ਖੇਤੀ ਪੈਦਾਵਾਰੀ ਇਕਾਈਆਂ ਤੋਂ ਵੱਧ ਮੁਨਾਫ਼ੇ ਨੂੰ ਯਕੀਨੀ ਬਣਾਉਣ ਅਤੇ ਪੇਂਡੂ ਖੇਤਰ ਵਿੱਚ ਆਰਥਿਕਤਾ ਦੇ ਹੋਰ ਖੇਤਰਾਂ ਵਿੱਚੋਂ ਜੁੜਵੀਂ ਆਮਦਨ ਵਾਲੇ ਰੁਜ਼ਗਾਰ ਦੇ ਥੋੜ-ਚਿਰੇ ਮੌਕੇ (ਪਾਰਟ ਟਾਈਮ ਇੰਪਲਾਏਮੈਂਟ) ਉਪਲਬਧ ਕਰਨ ਲਈ ਪੀ.ਏ.ਯੂ. ਵਿੱਚ ਏਕੀਕ੍ਰਿਤ ਖੇਤੀ ਅਤੇ ਜੁੜਵੀਂ ਆਮਦਨ ਸਹਾਇਤਾ ਲਈ ਸੈਂਟਰ ਆਫ ਐਕਸੇਲੈਂਸ ਸਥਾਪਿਤ ਕਰਨ ਦੀ ਲੋੜ ਹੈ। ਇਹ ਲਾਗਤ ਖਰਚਿਆਂ ਨੂੰ ਘਟਾਉਣ ਲਈ ਏਕੀਕ੍ਰਿਤ ਖੇਤੀ ਪ੍ਰਣਾਲੀ ਦੇ ਵੱਖ-ਵੱਖ ਹਿੱਸਿਆਂ ਦੀ ਆਪਣੀ-ਆਪਣੀ ਸਮਰੱਥਾ ਅਨੁਸਾਰ ਇੱਕ ਪੈਦਾਵਾਰੀ ਪ੍ਰਣਾਲੀ ਦੀ ਰਹਿੰਦ-ਖੂਹੰਦ ਦੀ ਵਰਤੋਂ ਦੂਸਰੀ ਪੈਦਾਵਾਰੀ ਪ੍ਰਣਾਲੀ 'ਚ ਕਰਨ ਅਤੇ ਆਪਸੀ ਫਾਇਦੇਮੰਦ ਮਿਸ਼ਰਤ ਫ਼ਸਲਾਂ ਦਾ ਜੋੜਮੇਲ ਬਣਾਉਣ ਦਾ ਕਾਰਜ ਕਰੇਗਾ। ਇਸ ਤੋਂ ਇਲਾਵਾ, ਇਹ ਕਿਸਾਨ ਪਰਿਵਾਰਾਂ ਦੀ ਜੁੜਵੀਂ ਆਮਦਨ ਬਣਾਉਣ ਲਈ ਉਨ੍ਹਾਂ ਨੂੰ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਦੇ ਅਧਿਕਾਰਤ ਇਲਾਕੇ ਵਿੱਚ ਆਰਥਿਕਤਾ ਦੇ ਹੋਰ ਖੇਤਰਾਂ ਵਿੱਚ ਇਹਨਾਂ ਕਿਸਾਨ ਪਰਿਵਾਰਾਂ ਦੇ ਕੁਝ ਮੈਂਬਰਾਂ ਨੂੰ ਰੁਜ਼ਗਾਰ ਪ੍ਰਦਾਨ ਕਰੇਗਾ। ਏਕੀਕ੍ਰਿਤ ਖੇਤੀ ਅਤੇ ਜੁੜਵੀਂ ਆਮਦਨ ਸਹਾਇਤਾ ਲਈ ਇੱਕ ਖੁਦਮੁਖਤਿਆਰ ਰਜਿਸਟਰਡ ਸੰਸਥਾ ਵਜੋਂ ਸੈਂਟਰ ਆਫ਼ ਐਕਸੇਲੈਂਸ ਦੇ ਨਾਲ ਇੱਕ ਅਗਾਂਹਵਧੂ ਕਿਸਾਨ ਸੁਸਾਇਟੀ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ। ਅਗਾਂਹਵਧੂ ਕਿਸਾਨ ਸੁਸਾਇਟੀ ਰਾਜ ਦੇ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਸਹਿਯੋਗ ਅਤੇ ਤਕਨੀਕੀ ਜਾਣਕਾਰੀ ਵਧਾਉਣ ਲਈ ਕੰਮ ਕਰੇਗੀ।

# 6. ਜੈਵਿਕ ਖੇਤੀ

ਮਨੁੱਖੀ ਸਰੀਰ ਨੂੰ, ਜਿਵੇਂ ਇਸ ਦੀ ਕੁਦਰਤ ਵੱਲੋਂ ਉਤਪਤੀ ਹੋਈ, ਵੱਖ-ਵੱਖ ਆਬੋ-ਹਵਾ ਵਾਲੇ ਇਲਾਕਿਆਂ 'ਚ ਪੈਦਾ ਹੋਏ, ਸੰਤੁਲਿਤ ਅਤੇ ਵਿਭਿੰਨ ਤਾਜਾ ਭੋਜਨ ਪਦਾਰਥਾਂ ਦੀ ਲੋੜ ਹੁੰਦੀ ਹੈ। ਇਸ ਦੇ ਮਹੱਤਵਪੂਰਨ ਅੰਗ- ਦਿਮਾਗ, ਜਿਗਰ, ਦਿਲ, ਗੁਰਦੇ, ਜਣਨ ਅੰਗ, ਹੋਰ ਹਿੱਸੇ ਅਤੇ ਸਮੁੱਚਾ ਸਰੀਰ- ਅਜਿਹੇ ਭੋਜਨ-ਪਦਾਰਥਾਂ ਨਾਲ ਹੀ ਤੰਦਰੁਸਤ ਅਤੇ ਚੁਸਤ-ਫੁਰਤ ਰਹਿ ਕੇ ਆਪਸੀ ਤਾਲਮੇਲ ਦੇ ਕਾਰਜ ਨਿਭਾਉਂਦਾ ਹੈ ਅਤੇ ਕੁਦਰਤ ਦੀਆਂ ਬਖਸ਼ਿਸ਼ਾਂ ਦਾ ਆਨੰਦ ਮਾਣਦਾ ਹੈ। ਐਪਰ ਜਦ ਰਸਾਇਣਾਂ, ਕੀੜੇਮਾਰ ਜ਼ਹਿਰਾਂ ਅਤੇ ਹੋਰ ਜ਼ਹਿਰੀਲੇ ਪਦਾਰਥਾਂ ਵਾਲੇ ਅਸੰਤੁਲਿਤ ਭੋਜਨ ਦਾ ਸੇਵਨ ਹੁੰਦਾ ਹੈ ਤਾਂ ਸਰੀਰ ਠੀਕ ਢੰਗ ਨਾਲ ਕੰਮ ਨਹੀਂ ਕਰਦਾ। ਇਥੋਂ ਤੱਕ ਕਿ ਇਨ੍ਹਾਂ ਪਦਾਰਥਾਂ ਦੀ ਇੱਕ ਬਹੁਤ ਛੋਟੀ ਮਿਕਦਾਰ ਵੀ ਮਹੱਤਵਪੂਰਨ ਅੰਗਾਂ, ਸਰੀਰ ਦੀ ਰੋਗ ਸੁਰੱਖਿਆ ਪ੍ਰਣਾਲੀ (Immune System) ਅਤੇ ਅਖੀਰ ਮਨੁੱਖੀ ਸਿਹਤ ਅਤੇ ਜੀਵਨ ਸ਼ਕਤੀ ਨੂੰ ਮਾੜੇ ਰੁੱਖ ਪ੍ਰਭਾਵਿਤ ਕਰ ਸਕਦੀ ਹੈ।

ਇਨ੍ਹਾਂ ਲੋੜਾਂ ਦੇ ਅਨੁਸਾਰ ਸਾਨੂੰ ਆਪਣੇ ਵੱਡ-ਵਡੇਰਿਆਂ ਦੀਆਂ ਰਿਵਾਇਤੀ ਸਿਆਣਪਾਂ ਨੂੰ ਮੁੜ-ਘੋਖਣ ਦੀ ਜ਼ਰੂਰਤ ਹੈ, ਜਿਹੜੇ ਕਿ 1960ਵਿਆਂ ਤੱਕ ਮੁੱਖ ਤੌਰ 'ਤੇ ਜੈਵਿਕ ਖੇਤੀ ਕਰਦੇ ਰਹੇ। ਉਹ ਸਿਸਟਮ ਫ਼ਸਲੀ ਚੱਕਰ, ਹਰੀ ਖਾਦ, ਦੇਸੀ ਖਾਦਾਂ, ਆਪਸੀ ਫਾਇਦੇ ਵਾਲੀਆਂ ਮਿਸ਼ਰਤ ਫ਼ਸਲਾਂ, ਖੇਤਾਂ 'ਚ ਬੀਜਾਂ ਦੀ ਚੋਣ, ਜੈਵਿਕ ਕੀਟ ਪ੍ਰਬੰਧ, ਵੱਧ ਖੁਰਾਕੀ ਤੱਤ ਲੈਣ ਵਾਲੀ ਫ਼ਸਲ ਉਪਰੰਤ ਖੇਤ ਖਾਲੀ ਰੱਖਣ ਅਤੇ ਲੋੜ ਅਨੁਸਾਰ ਪਾਣੀ ਲਾਉਣ ਜਾਂ ਇਸ ਲਈ ਬਾਰਿਸ਼ 'ਤੇ ਨਿਰਭਰਤਾ ਉਪਰ ਟੇਕ ਰੱਖਦਾ ਸੀ। ਇਹ ਕੁਦਰਤ-ਪੱਖੀ ਵੀ ਸੀ ਅਤੇ ਮਨੁੱਖ ਲਈ ਦੋਸਤਾਨਾ ਵੀ। ਸਿੱਟੇ ਵਜੋਂ ਪੈਦਾਵਾਰ ਸਿਹਤਮੰਦ ਸੀ ਅਤੇ ਲੋਕ ਵੀ ਸਿਹਤਮੰਦ ਸਨ।

ਪਰ ਭਾਰਤ ਦੀਆਂ ਖੁਰਾਕੀ ਲੋੜਾਂ ਅਤੇ ਆਪਣੇ ਦੇਸ਼ 'ਚ ਪੈਦਾਵਾਰ ਕਰ ਸਕਣ ਦੀ ਨਾਕਾਮੀ ਕਾਰਨ ਖੁੱਸ ਰਹੇ ਮਾਣ-ਸਨਮਾਨ ਦੇ ਦਬਾਅ ਹੇਠ ਦੇਸ਼ ਦੇ ਇੱਕ ਬਹੁਤ ਛੋਟੇ ਹਿੱਸੇ -ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਸੂਬਿਆਂ - ਨੂੰ ਹਰੇ ਇਨਕਲਾਬ ਦੇ ਘਣੀ ਖੇਤੀ ਮਾਡਲ ਹੇਠ ਲਿਆਂਦਾ ਗਿਆ। ਇਨ੍ਹਾਂ ਸੂਬਿਆਂ ਨੇ ਫ਼ਸਲੀ ਝਾੜ ਅਤੇ ਪੈਦਾਵਾਰ ਵਿੱਚ ਬੇਮਿਸਾਲ ਪ੍ਰਾਪਤੀਆਂ ਕਰਕੇ ਆਖਿਰ ਦੇਸ਼ ਲਈ ਖੁਰਾਕ 'ਚ ਆਤਮ ਨਿਰਭਰਤਾ ਅਤੇ ਸਿਆਸੀ ਸਥਿਰਤਾ ਦੀ ਪ੍ਰਾਪਤੀ ਕੀਤੀ।

ਪਰ ਜਲਦ ਹੀ ਇਸ ਸਿਸਟਮ ਦੀ ਅੰਦਰੂਨੀ ਧੱਕ ਨੇ ਜ਼ਮੀਨ ਨੂੰ ਖੁਰਾਕੀ ਤੱਤਾਂ ਤੋਂ ਸੱਖਣੇ ਕਰਦੇ ਹੋਏ ਰਸਾਇਣਾਂ ਦੀ ਵਰਤੋਂ ਵਧਾ ਦਿੱਤੀ, ਜਿਸ ਨੇ ਜ਼ਿੰਦਾ ਮਿੱਟੀ ਅਤੇ ਇਸਦੇ ਸੂਖਮ ਜੀਵਾਂ ਦੀ ਉਤਪਾਦਕ ਸ਼ਕਤੀ, ਵਾਤਾਵਰਨ ਅਤੇ ਪੈਦਾਵਾਰ ਦੀ ਗੁਣਵੱਤਾ ਨੂੰ ਖੁਰਾਕੀ ਤੱਤਾਂ ਦੇ ਸੰਤੁਲਨ ਅਤੇ ਘਾਤਕ ਰਸਾਇਣਾਂ ਦੇ ਪੱਖ ਤੋਂ ਮਾੜੇ ਰੁਖ ਪ੍ਰਭਾਵਿਤ ਕੀਤਾ। ਇਸ ਤੋਂ ਵੀ ਅਗਾਂਹ ਲਾਗਤ ਵਸਤਾਂ ਦੀਆਂ ਵਧੀਆਂ ਕੀਮਤਾਂ ਅਤੇ ਮੰਡੀ ਜਾਣ ਵਾਲੀ ਵਾਧੂ ਪੈਦਾਵਾਰ ਦੀ ਲੁੱਟ ਕਾਰਨ ਪਹਿਲੇ ਦਹਾਕੇ ਦੌਰਾਨ ਸ਼ੁਰੂ 'ਚ ਵਧੀ ਕਿਸਾਨਾਂ ਦੀ ਆਮਦਨ ਘੱਟਣੀ ਸ਼ੁਰੂ ਹੋ ਗਈ ਅਤੇ ਅਖੀਰ ਇਸ ਦਾ ਅਸਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ੇ, ਦੁੱਖ ਤਕਲੀਫਾਂ ਅਤੇ ਆਤਮ ਹੱਤਿਆਵਾਂ 'ਚ ਨਿਕਲਿਆ।

ਇਸ ਬਦਲਾਅ ਨੇ ਸਿਹਤਮੰਦ ਰਹਿਣ-ਸਹਿਣ ਦੀਆਂ ਨੀਹਾਂ ਨੂੰ ਹਿਲਾਕੇ ਰੱਖ ਦਿੱਤਾ ਅਤੇ ਹਰੇਕ ਨੂੰ ਪੁਰਾਣੀ ਰਵਾਇਤੀ ਸੂਝ-ਬੂਝ "ਤੁਹਾਡਾ ਭੋਜਨ ਹੀ ਤੁਹਾਡੀ ਦਵਾਈ ਹੈ ਅਤੇ ਦਵਾਈ ਤੁਹਾਡਾ ਭੋਜਨ ਹੀ ਹੈ" ਨੂੰ ਅਪਣਾਉਣ ਦੀ ਬਜਾਏ ਫਾਰਮਾ ਦਵਾਈਆਂ (Pharmaceutical Medicines) ਅਤੇ ਸਪਲੀਮੈਂਟਾਂ 'ਤੇ ਨਿਰਭਰ ਬਣਾ ਕੇ ਰੱਖ ਦਿੱਤਾ। ਸੁਆਰਥੀ ਹਿੱਤਾਂ ਦੀ ਧੱਕ ਨਾਲ ਗਤੀਸ਼ੀਲ ਇਸ ਪ੍ਰਣਾਲੀ ਦੀ ਅਜਿਹੀ ਹੀ ਹੋਣੀ ਤੇ ਕੌੜੇ ਤਜਰਬੇ ਸਨ ਜਿਨ੍ਹਾਂ ਨੇ ਸਮੁੱਚੇ ਸਮਾਜ ਲਈ ਘਾਤਕ ਨਤੀਜੇ ਕੱਢੇ।

ਇਸ ਬਾਹਰਮੁਖੀ ਸਥਿਤੀ ਦੇ ਸੰਦਰਭ ਵਿੱਚ ਇਹ ਗੱਲ ਵੀ ਕਾਬਿਲੇ ਤਾਰੀਫ ਹੈ ਕਿ ਵਿਗਿਆਨ ਦੀਆਂ

ਉਪਲਬਧੀਆਂ ਨੇ ਕਾਫੀ ਸਮਾਂ ਪਹਿਲਾਂ ਸਾਨੂੰ ਮਿਆਰੀ ਪੈਦਾਵਾਰ ਦੇ ਕੁਦਰਤੀ ਸਰੋਤਾਂ ਨੂੰ ਵਧੇਰੇ ਕੁਸ਼ਲਤਾ ਨਾਲ ਵਰਤਣ ਦੇ ਯੋਗ ਬਣਾ ਦਿੱਤਾ ਸੀ। ਅਜਿਹੀ ਕਾਬਲੀਅਤ ਸਾਨੂੰ ਘਾਤਕ ਰਸਾਇਣਾਂ ਦੀ ਵਰਤੋਂ ਕੀਤੇ ਬਿਨਾਂ ਇਨ੍ਹਾਂ ਦੇ ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਮੌਜੂਦਾ ਫ਼ਸਲਾਂ/ਜਾਨਵਰਾਂ ਦੀਆਂ ਵਿਭਿੰਨ ਪ੍ਰਜਾਤੀਆਂ ਦੀ ਬਿਹਤਰ ਗੁਣਵੱਤਾ ਅਤੇ ਵੱਧ ਝਾੜ ਦੀ ਸਮਰੱਥਾ ਪ੍ਰਾਪਤ ਕਰਨ ਦੇ ਯੋਗ ਬਣਾ ਦਿੰਦੀ ਹੈ। ਇਸ ਤੋਂ ਇਲਾਵਾ ਹਾਲ ਹੀ ਵਿੱਚ ਹੋਈਆਂ ਖੋਜਾਂ ਨੇ ਇਹ ਪਹਿਲਾਂ ਹੀ ਸਾਬਤ ਕਰ ਦਿੱਤਾ ਹੈ ਕਿ ਜਦ ਸਾਰੇ ਲੋੜੀਂਦੇ ਖੁਰਾਕੀ ਤੱਤ ਜੈਵਿਕ ਢੰਗਾਂ ਰਾਹੀਂ ਪੂਰੇ ਕਰ ਦਿੱਤੇ ਜਾਣ ਤਾਂ ਫ਼ਸਲ ਦਾ ਝਾੜ ਰਸਾਇਣਿਕ ਖਾਦਾਂ ਦੀ ਵਰਤੋਂ ਰਾਹੀਂ ਪ੍ਰਾਪਤ ਝਾੜ ਦੇ ਬਰਾਬਰ ਆਉਂਦਾ ਹੈ ਜਦਕਿ ਪੈਦਾਵਾਰ ਦੀ ਗੁਣਵੱਤਾ ਅਤੇ ਮਿੱਟੀ ਦੀ ਸਿਹਤ ਬਿਹਤਰ ਹੁੰਦੀ ਹੈ। ਜੈਵਿਕ ਪੈਦਾਵਾਰ ਦੇ ਖੇਤਰ ’ਚ ਖੋਜ ਅਤੇ ਵਿਕਾਸ ’ਤੇ ਵਧੇਰੇ ਜੋਰ ਦੇ ਕੇ ਮੌਜੂਦਾ ਪ੍ਰਾਪਤੀਆਂ ਵਿੱਚ ਹੋਰ ਵਾਧਾ ਕੀਤਾ ਜਾ ਸਕਦਾ ਹੈ।

ਜ਼ਿੰਦਗੀ ਵਿੱਚ ਮਨੁੱਖੀ ਸਿਹਤ ਦੀ ਆਰਥਿਕਤਾ ਅਤੇ ਹੋਰ ਪਦਾਰਥਕ ਵਸਤਾਂ ਸਾਹਵੇਂ, ਇੱਕ ਪਹਿਲ ਪ੍ਰਥਮ ਲੋੜ ਵਜੋਂ ਮਹੱਤਤਾ, ਹਰ ਇੱਕ ਦੀ ਸਮਝ ਦਾ ਹਿੱਸਾ ਬਣਨੀ ਚਾਹੀਦੀ ਹੈ । ਇਹ ਇਸ ਲਈ ਕਿਉਂਕਿ ਹਰ ਕੋਈ ਆਪਣੇ ਆਪੇ ਅਤੇ ਕੁਦਰਤ ਦੀਆਂ ਬਖਸ਼ਿਸ਼ਾਂ ਦੀ ਪਛਾਣ-ਪ੍ਰਾਪਤੀ ਅਤੇ ਉਨ੍ਹਾਂ ਦਾ ਆਨੰਦ-ਅਹਿਸਾਸ ਸਿਰਫ਼ ਅਤੇ ਸਿਰਫ਼ ਮਨੁੱਖੀ ਸਰੀਰ ਦੇ ਸਿਹਤਮੰਦ ਅਤੇ ਕੁਸ਼ਲ ਸੰਵੇਦਨਾ ਵਾਲੇ ਅਤੇ ਅਹਿਮ ਅੰਗਾਂ (Sensory and Vital Organs) ਰਾਹੀਂ ਹੀ ਕਰ ਸਕਦਾ ਹੈ। ਇਹ ਜੈਵਿਕ ਪੈਦਾਵਾਰ ਹੀ ਹੈ ਜੋ ਮਨੁੱਖ ਨੂੰ ਸਿਹਤਮੰਦ ਅਤੇ ਮਜ਼ਬੂਤ ਬਣਾਉਣ ਲਈ ਸਰੀਰ ਦੀਆਂ ਵਿਟਾਮਿਨ, ਖਣਿਜ ਪਦਾਰਥ, ਐਂਟੀ-ਆਕਸੀਡੈਂਟ, ਫਾਈਬਰ ਆਦਿ ਦੇ ਸਭ ਜਾਣੇ ਜਾਂਦੇ ਅਤੇ ਨਾ ਜਾਣੇ ਜਾਂਦੇ ਖੁਰਾਕੀ ਤੱਤਾਂ ਤੇ ਔਸ਼ਧੀ ਗੁਣਾ ਵਜੋਂ ਲੋੜਾਂ ਨੂੰ ਪੂਰਾ ਕਰਦੀ ਹੈ।

ਵਿਸ਼ਵ ਪੱਧਰ ’ਤੇ ਵੱਧ ਰਹੀ ਸਿਹਤ ਜਾਗਰੂਕਤਾ ਦੇ ਨਾਲ, ਜੈਵਿਕ ਪੈਦਾਵਾਰ ਨਾ ਸਿਰਫ਼ ਖਪਤਕਾਰਾਂ ਦੀ ਸਿਹਤਮੰਦ ਭੋਜਨ ਲਈ ਵੱਧਦੀ ਮੰਗ ਕਾਰਨ ਸਾਡੀ ਲੋੜ ਹੈ, ਸਗੋਂ ਇੱਕ ਚੰਗਾ ਮੁਨਾਫ਼ੇ ਵਾਲਾ ਵਪਾਰਕ ਮੌਕਾ ਵੀ ਹੈ ਜੇਕਰ ਅਸੀਂ ਇਸ ਨਾਲ ਪੇਸ਼ੇਵਰਾਨਾ ਢੰਗ ਨਾਲ ਨਜਿੱਠਦੇ ਹਾਂ। ਹੁਣ ਤਾਂ ਇਹ ਨੇਕ ਲੋਕਾਂ ਦਾ ਵਪਾਰ ਬਣ ਰਿਹਾ ਹੈ।

ਰਸਾਇਣਾਂ ਸਹਾਰੇ ਚਲਾਏ ਜਾ ਰਹੇ ਮੌਜੂਦਾ ਘਣੀ ਖੇਤੀ ਮਾਡਲ ਦੇ ਉਲਟ ਜੈਵਿਕ ਖੇਤੀ, ਸੰਤੁਲਿਤ ਮਿਆਰੀ ਪੈਦਾਵਾਰ ਕਰਨ ਲਈ ਇੱਕ ਅਜਿਹੀ ਪਹੁੰਚ ਤੇ ਪੈਦਾਵਾਰੀ ਪ੍ਰਬੰਧ ਦਾ ਸਿਸਟਮ ਹੈ ਜੋ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਜੈਵਿਕ ਵਿਭਿੰਨਤਾ ’ਚ ਸੁਧਾਰ ਕਰਦਾ ਹੈ। ਇਹ ਸਿਹਤਮੰਦ ਵਾਤਾਵਰਨ ਨੂੰ ਪਹਿਲ ਦਿੰਦਾ ਹੈ ਜੋ ਸਬੰਧਿਤ ਫ਼ਸਲਾਂ ਦੇ ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਇਨ੍ਹਾਂ ਦੀ ਵੱਧ ਝਾੜ ਦੀ ਸਮਰੱਥਾ ਨੂੰ ਪ੍ਰਾਪਤ ਕਰਨ ਦੇ ਯੋਗ ਬਣਾਉਂਦਾ ਹੈ।

ਇਸ ਤੋਂ ਇਲਾਵਾ, ਭਾਰਤ ਦੇ ਹੋਰ ਰਾਜਾਂ ਵਿੱਚ ਅਨਾਜ ਉਤਪਾਦਨ ਦੇ ਕੇਂਦਰ ਵੱਧਣ ਨਾਲ ਹਰੇ ਇਨਕਲਾਬ ਦੇ ਖੇਤਰਾਂ ਵਿੱਚ ਰਸਾਇਣਾਂ ਦੀ ਮਦਦ ਨਾਲ ਤਿਆਰ ਹੋਈ ਪੈਦਾਵਾਰ ਕਿਸਾਨਾਂ ਲਈ ਇੱਕ ਵਾਜਬ ਮੁੱਲ ਹਾਸਲ ਕਰਨ ’ਚ ਮੁਸ਼ਕਿਲਾਂ ਖੜੀਆਂ ਕਰ ਰਹੀ ਹੈ। ਵੱਧ ਝਾੜ ਅਤੇ ਮਾੜੇ ਮਿਆਰ ਦੀ ਪੈਦਾਵਾਰ ਕਾਰਨ ਕਿਸਾਨ ਆਪਣੀ ਆਮਦਨ, ਮੰਡੀ ’ਚ ਇੱਜ਼ਤ ਅਤੇ ਸਿਹਤ ਗੁਆ ਦਿੰਦੇ ਹਨ। ਇਸ ਤੋਂ ਅਗਾਂਹ ਦੂਰ ਪਿਛੋਕੜ ਦੇ ਸਮਿਆਂ ਨਾਲੋਂ ਹੁਣ ਭਾਰਤ ਸਰਕਾਰ ਦੇ ਅਨਾਜ ਖਰੀਦਣ ਸਬੰਧੀ ਫੈਸਲੇ ਹੋਰ ਵੀ ਅਨਿਸ਼ਚਿਤ ਹੋ ਗਏ ਹਨ।

ਇਸ ਪਿਛੋਕੜ ਨੂੰ ਧਿਆਨ ’ਚ ਰੱਖਦਿਆਂ, ਜੈਵਿਕ ਖੇਤੀ ਨੂੰ -ਮਨੁੱਖੀ ਸਿਹਤ ਲਈ ਵੱਧ ਮੁਨਾਫ਼ੇ ਵਾਲੇ ਇੱਕ ਚੰਗੇ ਵਪਾਰ ਵਜੋਂ ਅਤੇ ਇੱਕ ਸਿਹਤਮੰਦ ਵਾਤਾਵਰਨ ਲਈ- ਉਤਸ਼ਾਹਿਤ ਕਰਨਾ ਸੱਭਿਅਕ ਸਮਾਜ ਅਤੇ ਰਾਜ ਕਰਨ ਵਾਲਿਆਂ ਲਈ ਇੱਕ ਇਤਿਹਾਸਿਕ ਮੌਕਾ ਅਤੇ ਪਵਿੱਤਰ ਕਾਰਜ ਬਣ ਕੇ ਉਭਰਿਆ ਹੈ।

**ਨੀਤੀ ਸਬੰਧੀ ਸਿਫਾਰਿਸ਼ਾਂ**

1. **ਜੈਵਿਕ ਖੇਤੀ ਲਈ ਸੈਂਟਰ ਆਫ ਐਕਸੇਲੈਂਸ ਦੀ ਸਥਾਪਤੀ: ੳ)** ਇੱਕ ਕੇਂਦਰੀ ਸਥਾਨ ’ਤੇ, ਤਰਜੀਹੀ ਤੌਰ ’ਤੇ ਲੁਧਿਆਣਾ ਵਿੱਚ ਇੱਕ ਉੱਚ ਕੋਟੀ ਦਾ ਜੈਵਿਕ ਖੇਤੀ ਦਾ ਆਹਲਾ ਸੈਂਟਰ (ਸੈਂਟਰ ਆਫ ਐਕਸੇਲੈਂਸ) ਸਥਾਪਿਤ

ਕਰਕੇ ਇਸ ਨੂੰ ਭਾਗੀਦਾਰੀ ਦੀ ਖੋਜ (ਪੀਏਯੂ, ਸੰਬੰਧਿਤ ਲਾਈਨ ਵਿਭਾਗ ਅਤੇ ਅਗਾਂਹਵਧੂ ਕਿਸਾਨ), ਪ੍ਰਦਰਸ਼ਨੀਆਂ ਅਤੇ ਵੱਖ-ਵੱਖ ਫ਼ਸਲਾਂ ਦੇ ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਮੁਨਾਫ਼ੇ ਵਾਲੀ ਜੈਵਿਕ ਖੇਤੀ ਦੀ ਕਿਸਾਨਾਂ ਅਤੇ ਹੋਰ ਸੰਬੰਧਿਤਾਂ ਨੂੰ ਟ੍ਰੇਨਿੰਗ ਦੇਣ ਲਈ ਪੰਜਾਬ ਦੇ ਬਾਕੀ ਸਾਰੇ ਆਹਲਾ ਕੇਂਦਰਾਂ (ਸੈਂਟਰ ਆਫ ਐਕਸੇਲੈਂਸ) ਨਾਲ ਜੋੜਿਆ ਜਾਣਾ ਚਾਹੀਦਾ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਹੇਠ ਇਹ ਕੇਂਦਰ ਸੰਬੰਧਿਤ ਅਦਾਰਿਆਂ ਨਾਲ ਤਾਲਮੇਲ ਕਰਕੇ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਲਈ, ਇਸ ਪ੍ਰੋਗਰਾਮ ਨੂੰ ਇਕਸਾਰਤਾ ਨਾਲ ਲਾਗੂ ਕਰਾਏਗਾ।

**ਅ)** ਇੱਕ ਅਗਾਂਹਵਧੂ ਕਿਸਾਨ ਸੁਸਾਇਟੀ (ਜੈਵਿਕ ਖੇਤੀ) ਦਾ ਗਠਨ ਕੀਤਾ ਜਾਣਾ ਚਾਹੀਦਾ ਹੈ, ਜਿਸ ਦਾ ਉਦੇਸ਼ ਜੈਵਿਕ ਪੈਦਾਵਾਰ, ਇਸਦੀ ਡੱਬਾਬੰਦੀ, ਸਟੋਰੇਜ ਅਤੇ ਮੈਂਬਰ ਕਿਸਾਨਾਂ ਦੀ ਪੈਦਾਵਾਰ ਤੇ ਉਤਪਾਦਾਂ ਦਾ ਮੰਡੀਕਰਨ ਕਰਨਾ ਹੋਵੇਗਾ ਤਾਂ ਕਿ ਪ੍ਰਸਤਾਵਿਤ ਖੇਤੀ ਮੰਡੀਕਰਨ ਖੋਜ ਅਤੇ ਚੌਕਸੀ ਸੰਸਥਾ (AMRII), ਅਤੇ ਇੰਨੋਵੇਟਿਵ ਖੇਤੀ ਮੰਡੀਕਰਨ ਸੁਸਾਇਟੀ (IAMS) ਨਾਲ ਤਾਲਮੇਲ ਕਰਕੇ ਉਹਨਾਂ ਦੀ ਮੁਨਾਫ਼ਾਕਾਰੀ ਵਧਾਈ ਜਾਵੇ। ਇਹ ਸੈਂਟਰ ਆਫ ਐਕਸੇਲੈਂਸ ਨਾਲ ਨਵੀਨਤਮ ਤਕਨੀਕਾਂ ਲਈ ਨੇੜਲਾ ਰਾਬਤਾ ਰੱਖੇਗੀ ਅਤੇ ਇੱਕ ਸਮੂਹਿਕ ਨਿਗਰਾਨ ਵਜੋਂ ਇਹ ਯਕੀਨੀ ਬਣਾਏਗੀ ਕਿ ਕਿਸਾਨਾਂ ਤੇ ਬਾਕੀ ਸਬੰਧਤਾਂ ਦੇ ਭਲੇ ਲਈ ਖੋਜ ਅਤੇ ਪ੍ਰਸਾਰ ਕੇਂਦਰਾਂ ਦੀਆਂ ਕੋਸ਼ਿਸ਼ਾਂ ਦਾ ਲੋੜੀਂਦੀ ਦਿਸ਼ਾ ਵਿੱਚ ਕੁਸ਼ਲਤਾ ਨਾਲ ਪਾਲਣ ਕੀਤਾ ਜਾ ਰਿਹਾ ਹੈ।

2. **ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਜੈਵਿਕ ਪੈਦਾਵਾਰ ਸਬੰਧੀ ਖੋਜ ਤੇ ਵਿਕਾਸ ਦੀ ਮਜ਼ਬੂਤੀ:** ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਫ਼ਸਲਾਂ/ਬਦਲਾਂ ਦੀ ਜੈਵਿਕ ਪੈਦਾਵਾਰ ਦੀਆਂ ਵੱਖ-ਵੱਖ ਰੁਕਾਵਟਾਂ ਦੂਰ ਕਰਨ ਲਈ ਮੁੱਢੋਂ ਅਖੀਰ ਤੱਕ ਪਹੁੰਚ ਅਪਣਾਉਂਦਿਆਂ ਖੋਜ ਤੇ ਵਿਕਾਸ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਇਹ ਕੁਝ ਜੈਵਿਕ ਸਮੱਗਰੀ ਤੇ ਖੁਰਾਕੀ ਤੱਤਾਂ ਦੀ ਸਪਲਾਈ, ਕੀਟ ਪ੍ਰਬੰਧ ਦੇ ਬਦਲਾਂ ਆਦਿ ਅਤੇ ਕਦਰ ਵਧਾਈ ਤੇ ਸਟੋਰੇਜ ਸਿਸਟਮ ਲਈ ਫ਼ਸਲ ਵਿਸ਼ੇਸ਼ ਨਿਯਮਤ ਹਦਾਇਤਾਂ (ਪ੍ਰੋਟੋਕੋਲ) ਵਿਕਸਿਤ ਕਰਕੇ ਕੀਤਾ ਜਾ ਸਕਦਾ ਹੈ।

3. **ਕਿਸਾਨਾਂ ਦੀ ਸ਼ੁਰੂਆਤੀ ਮਦਦ:** ਕਿਸਾਨਾਂ ਨੂੰ ਰਸਾਇਣਿਕ ਤੋਂ ਜੈਵਿਕ ਪੈਦਾਵਾਰੀ ਪ੍ਰਣਾਲੀ ਵੱਲ ਤਬਦੀਲੀ ਦੇ ਸਮੇਂ ਦੌਰਾਨ ਜਦ ਤੱਕ ਉਹਨਾਂ ਦੀ ਮੁਨਾਫ਼ਾਕਾਰੀ ਯਕੀਨੀ ਨਾ ਹੋ ਜਾਏ, ਇੱਕ ਸ਼ੁਰੂਆਤੀ ਮਦਦ ਦੇ ਕੇ, ਖੁਰਾਕੀ ਵਸਤਾਂ ਦੀ ਮਿਆਰੀ ਪੈਦਾਵਾਰ ਅਤੇ ਵਾਤਾਵਰਨ ਨੂੰ ਸਿਹਤਮੰਦ ਬਣਾਉਣ ਦੀ ਸਮਾਜ ਦੀ ਸੇਵਾ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

4. **ਜੈਵਿਕ ਸਰਟੀਫੀਕੇਸ਼ਨ:** ਖਪਤਕਾਰਾਂ ਵਿੱਚ ਜੈਵਿਕ ਪੈਦਾਵਾਰ ਦੀ ਗੁਣਵੱਤਾ ਦਾ ਭਰੋਸਾ ਪੈਦਾ ਕਰਨ ਲਈ ਇੱਕ ਅਸਰਦਾਇਕ ਮੰਡੀਕਰਨ ਸਾਧਨ ਵਜੋਂ ਤੀਜੀ ਧਿਰ ਵੱਲੋਂ ਜੈਵਿਕ ਸਰਟੀਫੀਕੇਸ਼ਨ (Third Party Organic Certification) ਨੂੰ ਯਕੀਨੀ ਬਣਾਇਆ ਜਾਵੇ। ਇਸ ਨੂੰ ਤੇਜ਼ੀ ਨਾਲ ਉੱਭਰ ਰਹੇ ਘਰੇਲੂ ਬਾਜ਼ਾਰਾਂ ਅਤੇ ਖਾਸ ਕਰਕੇ ਨਿਰਯਾਤ ਲਈ ਭਰੋਸੇਯੋਗਤਾ ਵਾਸਤੇ ਜੀਓ ਟੈਗਿੰਗ ਸਕੈਨਰ ਦੁਆਰਾ ਵਸਤ-ਪਹਿਚਾਣ ਅਤੇ ਪਾਰਦਰਸ਼ਤਾ ਰਾਹੀਂ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।

5. **ਸਹਿਕਾਰੀ ਅਦਾਰਿਆਂ ਰਾਹੀਂ ਜੈਵਿਕ ਪੈਦਾਵਾਰ ਦੀ ਡੱਬਾਬੰਦੀ ਅਤੇ ਮੰਡੀਕਰਨ:** ਮਾਰਕਫੈੱਡ/ਵੇਰਕਾ/ਪੰਜਾਬ ਐਗਰੋ ਵਰਗੀਆਂ ਜਨਤਕ ਸਹਿਕਾਰੀ ਖੇਤਰ ਦੀਆਂ ਸੰਸਥਾਵਾਂ ਨੂੰ ਉਨ੍ਹਾਂ ਦੇ ਅਧਿਕਾਰ ਖੇਤਰ ਅਨੁਸਾਰ ਘਰੇਲੂ ਅਤੇ ਵਿਸ਼ਵ ਪੱਧਰ 'ਤੇ ਨਿਰਧਾਰਿਤ ਨਿਰਯਾਤ ਲਈ ਬਾਜ਼ਾਰਾਂ ਵਿੱਚ ਜੈਵਿਕ ਉਤਪਾਦਾਂ ਦੇ ਮੰਡੀਕਰਨ ਲਈ ਉਨ੍ਹਾਂ ਦੀ ਪ੍ਰੋਸੈਸਿੰਗ, ਭੰਡਾਰਨ ਅਤੇ ਬ੍ਰਾਂਡਿੰਗ ਦੇ ਕੰਮ ਦੀਆਂ ਜ਼ਿੰਮੇਵਾਰੀਆਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਇਹ ਬਹੁਤ ਜ਼ਰੂਰੀ ਹੈ ਕਿ ਮੁੱਖ ਹਿੱਸੇਦਾਰਾਂ -ਕਿਸਾਨਾਂ ਜਾਂ ਕਿਸਾਨਾਂ ਦੀਆਂ ਸੁਸਾਇਟੀਆਂ ਨੂੰ ਕਮਾਈ ਦਾ ਵਾਜਬ ਹਿੱਸਾ ਵੰਡਿਆ ਜਾਵੇ।

6. **ਨੋਡਲ ਅਫ਼ਸਰਾਂ ਦੀ ਨਿਯੁਕਤੀ ਕਰਨਾ:** ਹਰ ਜ਼ਿਲ੍ਹੇ ਵਿੱਚ ਇੱਕ ਖੇਤੀਬਾੜੀ/ਬਾਗਬਾਨੀ ਵਿਕਾਸ ਅਫ਼ਸਰ (ਜੈਵਿਕ ਖੇਤੀ) ਬਤੌਰ ਨੋਡਲ ਅਫ਼ਸਰ ਹੋਣਾ ਚਾਹੀਦਾ ਹੈ। ਇਸ ਵਿਸ਼ੇ 'ਤੇ ਧਿਆਨ ਕੇਂਦਰਿਤ ਕਰਦਿਆਂ ਨੋਡਲ ਅਫ਼ਸਰ,

ਸੈਂਟਰ ਆਫ਼ ਐਕਸੇਲੈਂਸ (ਜੈਵਿਕ ਖੇਤੀ) ਨਾਲ ਤਾਲਮੇਲ ਰੱਖੇਗਾ ਤਾਂ ਜੋ ਕਿਸਾਨਾਂ ਦੀ ਹਰ ਪੱਖੋਂ ਮਦਦ ਕਰਨ ਲਈ ਸੰਬੰਧਿਤ ਨਵੀਨਤਮ ਤਕਨੀਕਾਂ ਅਤੇ ਹੋਰ ਹਦਾਇਤਾਂ ਪ੍ਰਾਪਤ ਕਰ ਕੇ ਜੈਵਿਕ ਖੇਤੀ ਨੂੰ ਇੱਕ ਲਾਹੇਵੰਦ ਉੱਦਮ ਬਣਾਇਆ ਜਾ ਸਕੇ।

7. **ਜੈਵਿਕ ਉਤਪਾਦਾਂ ਦੇ ਹੱਟ (ਆਰਗੈਨਿਕ ਆਊਟਲੈਟਸ) ਦੀ ਸਥਾਪਨਾ:** ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਵੱਖੋ-ਵੱਖ ਜੈਵਿਕ ਉਤਪਾਦਾਂ ਦੀ ਮੁਲਾਂਕਣ ਕੀਤੀ ਮਾਤਰਾ ਦੇ ਅਧਾਰ 'ਤੇ ਜ਼ਿਲ੍ਹਾ ਪੱਧਰ ਜਾਂ ਬਲਾਕ ਪੱਧਰ 'ਤੇ, ਜੇਕਰ ਇਹ ਜੈਵਿਕ ਪੈਦਾਵਾਰ ਦੀ ਸਮਰੱਥਾ ਵਾਲਾ ਇਲਾਕਾ ਬਣਦਾ ਹੈ ਤਾਂ ਜੈਵਿਕ ਆਊਟਲੈਟਸ/ਹੱਟਾਂ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ ਜੋ ਕਿ ਸੂਰਜੀ ਊਰਜਾ ਵਾਲੇ ਛੋਟੇ ਸਟੋਰੇਜ/ਕੋਲਡ ਰੂਮ ਨਾਲ ਲੈਸ ਹੋਣ। ਇਸੇ ਤਰ੍ਹਾਂ, ਵੱਖ-ਵੱਖ ਸਥਾਨਕ ਜੈਵਿਕ ਪੈਦਾਵਾਰ ਨੂੰ ਪਿੰਡ-ਸਮੂਹਾਂ ਵਿੱਚ ਪ੍ਰਸਤਾਵਿਤ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਵਿੱਚ ਤਾਜਾ ਜਾਂ ਕਦਰ ਵਧਾਈ/ਪ੍ਰੋਸੈਸ ਕਰਕੇ ਵੇਚਿਆ ਜਾਵੇ।

# 7. ਪਸ਼ੂਧਨ ਖੇਤਰ

ਪਸ਼ੂਧਨ ਮਨੁੱਖੀ ਸਮਾਜ ਦਾ ਅਨਿੱਖੜਵਾਂ ਅੰਗ ਹੋਣ ਦੇ ਨਾਤੇ, ਮਨੁੱਖੀ ਸਭਿਅਤਾ ਦੀ ਸਮਾਜਿਕ ਅਤੇ ਆਰਥਿਕ ਤੰਦਰੁਸਤੀ ਨਾਲ ਅਟੁੱਟ ਤੌਰ 'ਤੇ ਜੁੜਿਆ ਹੋਇਆ ਹੈ। ਪਸ਼ੂਧਨ, ਮਨੁੱਖ ਦੀਆਂ ਬਹੁਪੱਖੀ ਜ਼ਰੂਰਤਾਂ ਪੂਰੀਆਂ ਕਰਦਾ ਹੈ, ਜਿਵੇਂ ਕਿ ਪੋਸ਼ਣ, ਸੁਰੱਖਿਆ, ਮਨੋਰੰਜਨ, ਸਾਥ, ਆਵਾਜਾਈ ਦਾ ਸਾਧਨ, ਰੇਸ਼ਾ ਆਦਿ। ਭਾਵੇਂ ਕਿ 'ਜਨਤਾ ਦੁਆਰਾ ਉਤਪਾਦਨ' ਦੀ ਥਾਂ 'ਕੁਝ ਲੋਕਾਂ ਦੁਆਰਾ ਵੱਡੇ ਪੱਧਰ 'ਤੇ ਉਤਪਾਦਨ' ਵੱਲ ਵਡੇਰੀ ਤਬਦੀਲੀ ਚੱਲ ਰਹੀ ਹੈ ਜਿੱਥੇ ਪੰਜਾਬ ਮੋਹਰੀ ਹੈ, ਪਰ ਪੰਜਾਬ ਵਿੱਚ ਅਜੇ ਦੁੱਧ ਦੇ ਉਤਪਾਦਨ ਦਾ ਦੋ-ਤਿਹਾਈ ਹਿੱਸਾ ਛੋਟੇ ਅਤੇ ਦਰਮਿਆਨੇ ਕਿਸਾਨਾਂ ਵੱਲੋ ਪੈਦਾ ਕੀਤਾ ਜਾਂਦਾ ਹੈ। ਪਸ਼ੂਧਨ ਖੇਤਰ ਮੰਗ 'ਤੇ ਨਿਰਭਰ ਕਰਦਾ ਹੈ, ਜਿਸ ਵਿੱਚ ਡੇਅਰੀ, ਆਂਡੇ ਅਤੇ ਮੀਟ ਪ੍ਰਮੁੱਖ ਹਨ।

ਵੀਹਵੀਂ ਪਸ਼ੂਧਨ ਗਣਨਾ, 2019, ਅਨੁਸਾਰ ਪੰਜਾਬ ਕੋਲ ਭਾਰਤ ਦੇ ਕੁੱਲ ਪਸ਼ੂਧਨ ਦਾ 1.3 ਫ਼ੀਸਦੀ ਹਿੱਸਾ ਹੈ। ਪੰਜਾਬ ਰਾਜ ਵਿੱਚ 70.50 ਲੱਖ ਪਸ਼ੂ ਹਨ, ਜਿਨ੍ਹਾਂ ਵਿੱਚ 40.16 ਲੱਖ (56.9%) ਮੱਝਾਂ, 25.31 ਲੱਖ (35.9%) ਗਾਵਾਂ, 3.48 ਲੱਖ (4.9%) ਬੱਕਰੀਆਂ, 0.85 ਲੱਖ (1.2%) ਭੇਡਾਂ ਅਤੇ 0.53 ਲੱਖ (0.7%) ਸੂਰ ਸ਼ਾਮਿਲ ਹਨ। ਇਸ ਤੋਂ ਇਲਾਵਾ 14243 ਘੋੜੇ ਅਤੇ ਪੋਨੀਆਂ, 1644 ਖੱਚਰ, 471 ਗਧੇ ਅਤੇ 170 ਊਠ ਹਨ। ਪੰਜਾਬ ਵਿੱਚ ਕੁੱਲ 176.50 ਲੱਖ ਮੁਰਗੀਆਂ ਹਨ, ਜਿਹਨਾਂ ਨੇ ਸਾਲ 2021-22 ਦੌਰਾਨ 6.26 ਬਿਲੀਅਨ ਆਂਡਿਆਂ ਦੀ ਪੈਦਾਵਾਰ ਕੀਤੀ (ਅਨੁਲਗ X)। ਸਾਲ 2012-13 ਤੋਂ 2021-22 ਤੱਕ, ਪਸ਼ੂਧਨ ਖੇਤਰ ਵਿੱਚ 5.76 ਫ਼ੀਸਦੀ ਮਿਸ਼ਰਤ ਸਾਲਾਨਾ ਵਿਕਾਸ ਦਰ ਨਾਲ ਵਾਧਾ ਹੋਇਆ ਹੈ ਜੋ ਕਿ ਇਸੇ ਮਿਆਦ ਦੇ ਫ਼ਸਲੀ ਖੇਤਰ ਦੇ ਵਿਕਾਸ ਦਰ (0.36%) ਨਾਲੋ ਕਈ ਗੁਣਾ ਵੱਧ ਹੈ। ਸਾਲ 2011-12 ਵਿੱਚ ਖੇਤੀਬਾੜੀ ਦੇ ਕੁੱਲ ਰਾਜ ਮੁੱਲ ਵਾਧੇ (GSVA) ਵਿੱਚ ਪਸ਼ੂਧਨ ਦਾ ਹਿੱਸਾ 26.03 ਫ਼ੀਸਦੀ ਸੀ ਜੋ 2022-23 ਵਿੱਚ ਵੱਧ ਕੇ 39.90 ਫ਼ੀਸਦੀ ਹੋ ਗਿਆ, ਇਹ ਪਸ਼ੂਧਨ ਖੇਤਰ ਦਾ ਰਾਜ ਦੇ ਪੇਂਡੂ ਖੇਤਰ ਦੀ ਖੇਤੀ ਆਮਦਨ ਵਧਾਉਣ ਅਤੇ ਰੁਜ਼ਗਾਰ ਪੈਦਾ ਕਰਨ ਦੀ ਸਮਰੱਥਾ ਨੂੰ ਦਰਸਾਉਂਦਾ ਹੈ। ਰਾਜ ਵਿੱਚ ਪਸ਼ੂਆਂ ਤੋਂ ਹੋਣ ਵਾਲੀ ਆਮਦਨ ਵਿੱਚ ਦੁੱਧ ਸਭ ਤੋਂ ਵੱਡਾ ਆਮਦਨ ਦਾ ਸਰੋਤ ਹੈ। ਪੰਜਾਬ ਆਪਣੇ ਦੁੱਧ ਦੇ ਉਤਪਾਦਨ (14.30 ਮੀਟ੍ਰਿਕ ਟਨ) ਵਾਲਾ ਦੇਸ਼ ਦਾ ਛੇਵਾਂ ਵੱਡਾ ਉਤਪਾਦਕ ਹੈ, ਜਿਸਦੀ ਪ੍ਰਤੀ ਵਿਅਕਤੀ ਦੁੱਧ ਦੀ ਉਪਲਬਧਤਾ (1271 ਗ੍ਰਾਮ/ਦਿਨ) ਸਭ ਤੋਂ ਵੱਧ ਹੈ। ਦੇਸ਼ ਵਿੱਚ ਆਂਡੇ ਦੇ ਉਤਪਾਦਨ ਵਿੱਚ ਪੰਜਾਬ ਦਾ ਹਿੱਸਾ 4.68 ਫ਼ੀਸਦੀ ਹੈ ਅਤੇ ਪ੍ਰਤੀ ਵਿਅਕਤੀ 200 ਆਂਡੇ ਪ੍ਰਤੀ ਸਾਲ ਦੀ ਉਪਲਬਧਤਾ ਦੇ ਨਾਲ ਦੇਸ਼ ਵਿੱਚ ਅੱਠਵੇਂ ਸਥਾਨ 'ਤੇ ਹੈ। ਰਾਜ ਵਿੱਚ ਪ੍ਰਤੀ ਵਿਅਕਤੀ ਮੀਟ ਦੀ ਉਪਲਬਧਤਾ 7.51 ਕਿਲੋਗ੍ਰਾਮ ਪ੍ਰਤੀ ਸਾਲ ਹੈ, ਜਦੋਂ ਕਿ ਦੇਸ਼ ਵਿੱਚ ਇਹ 6.82 ਕਿਲੋਗ੍ਰਾਮ ਹੈ। ਸਾਲ 2007-08 ਤੋਂ 2021-22 ਤੱਕ ਪੰਜਾਬ ਵਿੱਚ ਦੁੱਧ, ਆਂਡੇ, ਮੀਟ ਅਤੇ ਉੱਨ ਦੀ ਪੈਦਾਵਾਰ ਵਿੱਚ ਕ੍ਰਮਵਾਰ 51.6 ਫ਼ੀਸਦੀ, 60 ਫ਼ੀਸਦੀ, 109 ਫ਼ੀਸਦੀ ਅਤੇ 3.2 ਫ਼ੀਸਦੀ ਦਾ ਵਾਧਾ ਹੋਇਆ ਹੈ।

ਪੰਜਾਬ ਰਾਜ ਕਿਸੇ ਪਾਸਿਓਂ ਸਮੁੰਦਰ ਨਾਲ ਨਹੀਂ ਲੱਗਦਾ, ਫਿਰ ਵੀ ਮੱਛੀ ਪਾਲਣ ਦਾ ਕਿੱਤਾ ਕਿਸਾਨਾਂ ਦੀ ਆਮਦਨ ਅਤੇ ਰੁਜ਼ਗਾਰ ਵਧਾਉਣ ਲਈ ਇੱਕ ਆਸ਼ਾਜਨਕ ਕਿੱਤਾ ਸਾਬਤ ਹੋ ਰਿਹਾ ਹੈ। ਸਾਲ 2021-22 ਦੌਰਾਨ ਪੰਜਾਬ ਵਿੱਚ ਕੁੱਲ ਮੱਛੀ ਉਤਪਾਦਨ 1.90 ਲੱਖ ਟਨ ਰਿਹਾ, ਜਿਸ ਵਿੱਚੋਂ 1.47 ਲੱਖ ਟਨ (77.36%) ਸੰਗਠਿਤ ਮੱਛੀ ਪਾਲਣ ਖੇਤਰ ਵਿੱਚੋਂ ਆਇਆ, ਜਿਸ ਵਿੱਚ 43,690 ਏਕੜ ਰਕਬੇ ਵਿੱਚ ਫੈਲੇ 12,356 ਤਲਾਬ ਸ਼ਾਮਿਲ ਹਨ, ਇਹਨਾਂ ਵਿੱਚ 9566 (77.41%) ਪਿੰਡਾਂ ਦੇ ਛੱਪੜ ਹਨ। ਸਾਲ 2022-23 ਦੇ ਇੱਕ ਅਗੇਤਰੀ ਅਨੁਮਾਨ ਅਨੁਸਾਰ ਸਮੁੱਚੀ ਖੇਤੀਬਾੜੀ ਅਤੇ ਸਹਾਇਕ ਗਤੀਵਿਧੀਆਂ ਦੇ ਕੁੱਲ ਰਾਜ ਮੁੱਲ ਜੋੜ (GSVA) ਵਿੱਚ ਮੱਛੀ ਪਾਲਣ ਦਾ ਯੋਗਦਾਨ 1.47 ਫ਼ੀਸਦੀ ਹੈ।

ਪਸ਼ੂਧਨ ਖੇਤਰ ਨਾ ਸਿਰਫ ਖੇਤੀਬਾੜੀ ਵਿਭਿੰਨਤਾ ਦਾ ਵੱਡੇ ਪੱਧਰ 'ਤੇ ਸਮਰਥਨ ਕਰਦਾ ਹੈ, ਬਲਕਿ ਇਹ ਫ਼ਸਲਾਂ ਦੀ ਰਹਿੰਦ-ਖੂੰਹਦ, ਐਗਰੋ-ਪ੍ਰੋਸੈਸਿੰਗ ਰਹਿੰਦ-ਖੂੰਹਦ ਅਤੇ ਘੱਟ ਲਾਗਤ ਵਾਲੇ ਅਨਾਜ ਨੂੰ ਦੁੱਧ, ਮੀਟ ਅਤੇ ਆਂਡੇ ਵਰਗੇ ਕੀਮਤੀ ਉੱਚ ਗੁਣਵੱਤਾ ਵਾਲੇ ਪੌਸ਼ਟਿਕ ਭੋਜਨਾਂ ਵਿੱਚ ਬਦਲ ਕੇ ਫ਼ਸਲੀ ਖੇਤਰ ਦੇ ਉਤਪਾਦਨ ਵਿੱਚ ਵੀ ਮੁੱਲ ਜੋੜਦਾ ਹੈ। ਕਿਸਾਨਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਦਰਮਿਆਨ ਪਸ਼ੂਧਨ ਦੀ ਬਰਾਬਰ ਵੰਡ, ਪਸ਼ੂਧਨ ਖੇਤਰ ਨੂੰ ਗਰੀਬ-ਪੱਖੀ, ਪੇਂਡੂ ਰੋਜ਼ਗਾਰ ਪੈਦਾ ਕਰਨ ਵਾਲਾ ਅਤੇ ਮਹਿਲਾ ਸਸ਼ਕਤੀਕਰਨ ਦਾ ਇੱਕ ਸਾਧਨ ਬਣਾਉਂਦੀ ਹੈ।

ਅਜੋਕੇ ਸਮੇਂ ਵਿੱਚ ਪਸ਼ੂ ਅਤੇ ਮੱਛੀ ਪਾਲਣ ਖੇਤੀਬਾੜੀ ਦੇ ਸਹਾਇਕ ਕਿੱਤੇ ਨਾ ਰਹਿ ਕੇ ਮੁੱਖ ਖੇਤੀ ਕਿੱਤੇ ਦੇ ਦਰਜੇ ਤੱਕ ਪਹੁੰਚ ਗਏ ਹਨ। ਹੁਣ ਪਸ਼ੂ ਪਾਲਕ ਕਿਸਾਨ ਮੁੱਖ ਤੌਰ 'ਤੇ ਖੇਤੀਬਾੜੀ ਸਿਰਫ਼ ਆਪਣੇ ਪਸ਼ੂ-ਪਾਲਣ ਦੇ ਧੰਦੇ ਲਈ ਹੀ ਕਰਦੇ ਹਨ ਨਾ ਕਿ ਪਹਿਲਾਂ ਦੀ ਤਰ੍ਹਾਂ ਇਸਦੇ ਉਲਟ। ਪਸ਼ੂ ਪਾਲਕਾਂ ਦਾ ਸਮਾਜਿਕ-ਆਰਥਿਕ ਰੁਤਬਾ ਵਧਾਉਣ ਲਈ ਅਤੇ ਪਸ਼ੂਧਨ ਖੇਤਰ ਨੂੰ ਹੋਰ ਉੱਚਾ ਚੁੱਕਣ ਲਈ ਇੱਕ ਅਗਾਂਹਵਧੂ ਨੀਤੀ ਜਿਸ ਵਿੱਚ ਬਜਟ, ਪ੍ਰਬੰਧਕੀ, ਵਿਦਿਅਕ, ਖੋਜ, ਪ੍ਰਸਾਰ, ਪੈਦਾਵਾਰ ਅਤੇ ਮੰਡੀਕਰਨ ਸੁਧਾਰ ਆਦਿ ਹੋਣ, ਨੂੰ ਵਿਕਸਿਤ ਅਤੇ ਲਾਗੂ ਕਰਨਾ ਚਾਹੀਦਾ ਹੈ।

## 7.1 ਪਸ਼ੂਧਨ ਖੇਤਰ ਲਈ ਨੀਤੀ ਸੰਬੰਧੀ ਸਿਫਾਰਿਸ਼ਾਂ

**ਵਿਸ਼ੇਸ ਧਿਆਨਯੋਗ ਨੁਕਤੇ**
- ਸਮਾਨ ਬਜਟ ਦੀ ਵੰਡ
- ਪਸ਼ੂ ਪਾਲਣ ਦਾ ਕੰਮ ਆਸਾਨ ਕਰਨਾ
- ਭਰੋਸੇਯੋਗ ਡਾਟਾ ਉਪਜ
- ਪਸ਼ੂ-ਧਨ ਅਧਾਰਿਤ ਏਕੀਕ੍ਰਿਤ ਖੇਤੀ ਨੂੰ ਉਤਸ਼ਾਹਿਤ ਕਰਨਾ

1. **ਪਸ਼ੂਧਨ ਖੇਤਰ ਲਈ ਬਜਟ ਨਿਰਧਾਰਨ**: ਰਾਜ ਦੇ ਖੇਤੀਬਾੜੀ ਦੇ ਕੁੱਲ ਰਾਜ ਮੁੱਲ ਵਾਧੇ (GSVA) ਵਿੱਚ ਪਸ਼ੂਧਨ ਦਾ ਹਿੱਸਾ ਸਾਲ 2022-23 ਵਿੱਚ 39.90 ਫ਼ੀਸਦੀ ਹੈ, ਜਦੋਂ ਕਿ ਇਸ ਖੇਤਰ ਲਈ ਬਜਟ ਹਿੱਸਾ, ਖੇਤੀਬਾੜੀ ਲਈ ਕੁੱਲ ਹਿੱਸੇ ਦਾ ਕੇਵਲ 4.43 ਫ਼ੀਸਦੀ (603.4 ਕਰੋੜ ਰੁਪਏ, 2023-24) ਹੈ। ਇਹ ਰਾਜ ਦੇ ਕੁੱਲ ਬਜਟ (196462.28 ਕਰੋੜ ਰੁਪਏ) ਦਾ 0.31 ਫ਼ੀਸਦੀ ਬਣਦਾ ਹੈ ਜਦਕਿ ਇਹ ਇਕੱਲਾ ਖੇਤਰ ਕੁੱਲ ਰਾਜ ਮੁੱਲ ਵਾਧੇ (GSVA) ਵਿੱਚ 10.33 ਫ਼ੀਸਦੀ ਯੋਗਦਾਨ ਪਾਉਂਦਾ ਹੈ। ਇਹ ਸਪਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਪਸ਼ੂ ਪਾਲਣ ਅਤੇ ਮੱਛੀ ਪਾਲਣ ਖੇਤਰ, ਇਸ ਖੇਤਰ ਨੂੰ ਸਮਾਨ ਬਜਟ ਦਿੱਤੇ ਬਿਨਾ ਵੀ ਸਵੈ-ਸੰਚਾਲਿਤ ਹੈ। ਇਹ ਖੇਤਰ ਕਈ ਲਾਭਾਂ ਤੋਂ ਅਤੇ ਕਈ ਬਿਪਤਾਵਾਂ ਸਬੰਧੀ ਮੁਆਵਜ਼ੇ ਤੋਂ ਵੀ ਵਾਂਝਾ ਹੈ ਜੋ ਫ਼ਸਲੀ ਖੇਤਰ ਲਈ ਉਪਲਬਧ ਹਨ। ਜੇ ਉੱਚਿਤ ਬਜਟ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ ਤਾਂ ਇਹ ਖੇਤਰ ਆਪਣੀ ਵਿਕਾਸ ਦੀ ਗਤੀ ਨੂੰ ਤੇਜ਼ ਕਰੇਗਾ ਅਤੇ ਰਾਜ ਦੀ ਆਰਥਿਕਤਾ, ਕਿਸਾਨਾਂ ਦੀ ਆਮਦਨ ਅਤੇ ਸਮਾਜ ਦੀ ਭਲਾਈ ਵਿੱਚ ਯੋਗਦਾਨ ਹੋਰ ਵਧਾਏਗਾ। ਅਜਿਹਾ ਉਨ੍ਹਾਂ ਰਾਜਾਂ ਵਿੱਚ ਦੇਖਣ ਨੂੰ ਮਿਲਿਆ ਹੈ, ਜਿੱਥੇ ਹਾਲ ਹੀ ਵਿੱਚ ਉੱਚਿਤ ਬਜਟ ਸਹਾਇਤਾ ਪ੍ਰਦਾਨ ਕੀਤੀ ਗਈ ਸੀ। ਇਸ ਲਈ ਪਸ਼ੂਧਨ ਖੇਤਰ ਦੇ ਵਿਕਾਸ ਨੂੰ ਤੇਜ਼ ਕਰਨ ਲਈ ਬਜਟ ਦੇ ਹਿੱਸੇ ਵਿੱਚ ਵਾਧਾ ਕੀਤਾ ਜਾਣਾ ਚਾਹੀਦਾ ਹੈ। ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਨੂੰ ਲੋੜੀਂਦਾ ਬਜਟ, ਪਸ਼ੂ ਪਾਲਣ ਵਿਭਾਗ ਦੁਆਰਾ ਮਿਲਣ ਦੀ ਬਜਾਏ ਸਿੱਧਾ ਵਿੱਤ ਵਿਭਾਗ ਤੋਂ ਮਿਲਣਾ ਚਾਹੀਦਾ ਹੈ।

2. **ਹੋਰ ਸਹੂਲਤਾਂ ਦੇਣ ਦੇ ਨਾਲ-ਨਾਲ ਪਸ਼ੂਧਨ ਖੇਤਰ ਵਿੱਚ ਕਾਰੋਬਾਰ ਕਰਨ ਨੂੰ ਸੁਖਾਲਾ ਕਰਨਾ**: ਪਸ਼ੂਧਨ ਖੇਤਰ ਨੂੰ ਸਰਕਾਰੀ ਨੀਤੀਆਂ ਵਿੱਚ, ਨਾ ਤਾਂ ਖੇਤੀ ਮੰਨਿਆ ਜਾਂਦਾ ਹੈ ਅਤੇ ਨਾ ਹੀ ਉਦਯੋਗ, ਇਸ ਤਰ੍ਹਾਂ ਪਸ਼ੂ ਪਾਲਕਾਂ ਨੂੰ ਰਿਆਇਤਾਂ ਤੋਂ ਵਾਂਝਾ ਰੱਖਿਆ ਜਾਂਦਾ ਹੈ ਜੋ ਇਹਨਾਂ ਦੋ ਖੇਤਰਾਂ ਲਈ ਉਪਬਲਧ ਹਨ। ਸਗੋਂ ਪਸ਼ੂ ਪਾਲਕ, ਖੇਤੀਬਾੜੀ ਅਤੇ ਉਦਯੋਗਾਂ ਦੇ ਮੁਕਾਬਲੇ, ਉੱਚ-ਬਿਜਲੀ ਦਰਾਂ, ਬੈਂਕ ਦੇ ਵਿਆਜ ਆਦਿ ਲਈ ਉੱਚੀਆਂ ਦਰਾਂ ਦਾ ਭੁਗਤਾਨ ਕਰਕੇ ਵੀ ਸਬਸਿਡੀਆਂ ਅਤੇ ਮੁਆਵਜ਼ੇ ਤੋਂ ਵਾਂਝੇ ਰਹਿ ਜਾਂਦੇ ਹਨ। ਇਹ ਪਸ਼ੂ ਧਨ ਦੇ ਖੇਤਰ ਦੀ ਵਿਸ਼ਾਲ ਵਿਕਾਸ ਸੰਭਾਵਨਾ ਨੂੰ ਰੋਕਦਾ ਹੈ ਜਿਹੜੀ ਕਿ ਵੱਖ-ਵੱਖ ਪੱਧਰਾਂ 'ਤੇ ਨਿਵੇਸ਼ ਨੂੰ ਆਕਰਸ਼ਿਤ ਕਰਕੇ ਕੀਤਾ ਜਾ ਸਕਦਾ ਹੈ।

ਸਰਕਾਰ ਨੂੰ ਖੇਤੀਬਾੜੀ ਅਤੇ ਉਦਯੋਗ ਦੀ ਤਰਜ਼ 'ਤੇ, ਪਸ਼ੂਧਨ ਨੂੰ 'ਵਿਸ਼ੇਸ਼ ਖੇਤਰ' ਐਲਾਨਣਾ ਚਾਹੀਦਾ ਹੈ ਤਾਂ ਕਿ ਜ਼ਮੀਨ ਦੀ ਵਰਤੋਂ ਵਿੱਚ ਤਬਦੀਲੀ (CLU), ਬੈਂਕ ਕਰਜ਼ਾ, ਬਿਜਲੀ ਕੁਨੈਕਸ਼ਨ ਅਤੇ ਯੂਨਿਟ ਦਰ, ਪ੍ਰਦੂਸ਼ਣ ਕੰਟਰੋਲ ਪ੍ਰਮਾਣਿਕਤਾ ਆਦਿ ਦੇ ਸਬੰਧ ਵਿੱਚ ਅਨੁਕੂਲ ਅਤੇ ਸਹਾਇਕ ਨੀਤੀਆਂ ਬਣਾਈਆਂ ਜਾ ਸਕਣ। ਵਪਾਰਕ ਡੇਅਰੀ ਫਾਰਮਾਂ 'ਤੇ ਲਗਾਈਆਂ ਜਾਣ ਵਾਲੀਆਂ ਬਿਜਲੀ ਦਰਾਂ ਨੂੰ ਖੇਤੀ ਦਰਾਂ ਦੇ ਬਰਾਬਰ ਕੀਤਾ ਜਾਵੇ। ਬਿਜਲੀ 'ਤੇ ਸਬਸਿਡੀ ਦੀ ਵਰਤੋਂ ਸੂਰਜੀ ਊਰਜਾ ਉਤਪਾਦਨ ਲਈ ਕੀਤੀ ਜਾਣੀ ਚਾਹੀਦੀ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਦਿਸ਼ਾ-ਨਿਰਦੇਸ਼ ਪਸ਼ੂ ਧਨ ਫਾਰਮਾਂ ਵਿੱਚ ਵੱਡੇ ਪੱਧਰ 'ਤੇ ਨਿਵੇਸ਼ ਲਈ ਅੜਚਨ ਬਣ ਜਾਂਦੇ ਹਨ। ਇੱਕ ਨਿਸ਼ਚਿਤ ਪੈਮਾਨੇ ਤੱਕ ਦੇ ਪਸ਼ੂ ਫਾਰਮਾਂ (ਉਦਾਹਰਣ ਲਈ 20 ਮੱਝਾਂ/ਗਾਵਾਂ, 100 ਬੱਕਰੀਆਂ/ਸੂਰ, 5000 ਮੁਰਗੀਆਂ) ਨੂੰ ਵਿੱਤੀ ਲਾਭ ਪ੍ਰਦਾਨ ਕਰਨ ਲਈ ਇਹਨਾਂ ਨੂੰ ਗੈਰ-ਵਪਾਰਕ ਖੇਤੀਬਾੜੀ ਗਤੀਵਿਧੀਆਂ ਵਿੱਚ ਵਿਚਾਰਿਆ ਜਾਣਾ ਚਾਹੀਦਾ ਹੈ। ਇਹਨਾਂ ਰੁਕਾਵਟਾਂ ਨੂੰ ਟਰੇਸੇਬਿਲਟੀ ਨਾਲ ਸੁਵਿਧਾ ਸੈਂਟਰਾਂ ਦੀ ਤਰ੍ਹਾਂ ਇੱਕੋ ਥਾਂ 'ਤੇ (Single-window) ਸਹਾਇਤਾ ਪ੍ਰਦਾਨ ਕਰਕੇ ਦੂਰ ਕੀਤਾ ਜਾ ਸਕਦਾ ਹੈ।

ਪਸ਼ੂਧਨ ਕਿੱਤੇ ਦੀ ਸਥਾਪਨਾ, ਵਿਸਥਾਰ ਅਤੇ ਕਾਰਜਸ਼ੀਲ ਪੂੰਜੀ ਦੀਆਂ ਲੋੜਾਂ ਲਈ ਕਾਰਗੁਜ਼ਾਰੀ ਅਧਾਰਿਤ, ਜ਼ਮਾਨਤ ਮੁਕਤ ਅਤੇ ਘੱਟ ਵਿਆਜ ਵਾਲੀ ਕਰਜ਼ਾ ਸਹੂਲਤ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਪਸ਼ੂਧਨ ਅਤੇ ਮੱਛੀ ਪਾਲਣ ਉੱਦਮ ਦੀ ਕਰਜ਼ਾ ਸੀਮਾਂ ਤੈਅ ਕਰਨ ਲਈ ਪਸ਼ੂਧਨ ਅਤੇ ਖੇਤ ਉਪਕਰਨਾਂ ਨੂੰ ਜ਼ਮਾਨਤ ਵਜੋਂ ਮੰਨਿਆ ਜਾਣਾ ਚਾਹੀਦਾ ਹੈ। ਕਈ ਛੋਟੇ ਪਸ਼ੂ ਉਦਯੋਗ ਜਿਵੇਂ ਕਿ ਰਿਵਾਇਤੀ/ਬੈਕਯਾਰਡ ਪੋਲਟਰੀ, ਬੱਕਰੀ ਪਾਲਣ, ਸੂਰ ਪਾਲਣ ਅਤੇ ਡੇਅਰੀ ਫ਼ਾਰਮਿੰਗ ਆਦਿ ਗ਼ਰੀਬੀ ਦੇ ਖਾਤਮੇ ਲਈ ਸੰਭਾਵਿਤ ਤੌਰ 'ਤੇ ਅਨੁਕੂਲ ਕਿੱਤੇ ਹਨ, ਇਸ ਲਈ ਬੇਜ਼ਮੀਨੇ ਕਿਸਾਨਾਂ ਨੂੰ ਰੋਜ਼ਗਾਰ ਦੇਣ ਅਤੇ ਆਮਦਨ ਵਧਾਉਣ ਲਈ, ਅਜਿਹੇ ਪੋਲਟਰੀ/ਪਸ਼ੂ ਮੁਹੱਈਆ ਕਰਵਾਉਣ ਲਈ, ਸਬਸਿਡੀ ਨਾਲ ਜੁੜੀ ਵਿਸ਼ੇਸ਼ ਸਕੀਮ ਹੋਣੀ ਚਾਹੀਦੀ ਹੈ।

3. **ਪਸ਼ੂਧਨ ਅਧਾਰਿਤ ਏਕੀਕ੍ਰਿਤ ਖੇਤੀ ਪ੍ਰਣਾਲੀਆਂ**: ਏਕੀਕ੍ਰਿਤ ਖੇਤੀ ਪ੍ਰਣਾਲੀਆਂ (IFS) ਇੱਕ ਉਤਪਾਦਨ ਪ੍ਰਣਾਲੀ ਦੀ ਰਹਿੰਦ-ਖੂੰਹਦ ਦੀ ਕਿਸੇ ਹੋਰ ਉਤਪਾਦਨ ਪ੍ਰਣਾਲੀ ਵਿੱਚ ਵਰਤੋਂ ਨੂੰ ਯਕੀਨੀ ਬਣਾਉਂਦੀਆਂ ਹਨ ਤਾਂ ਜੋ ਲਾਗਤਾਂ ਨੂੰ ਘਟਾਇਆ ਜਾ ਸਕੇ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕੀਤਾ ਜਾ ਸਕੇ ਅਤੇ ਨਾਲ ਹੀ ਵਾਤਾਵਰਨ ਪ੍ਰਦੂਸ਼ਣ ਨੂੰ ਵੀ ਰੋਕਿਆ ਜਾ ਸਕੇ। ਉਦਾਹਰਣ ਵਜੋਂ ਡੇਅਰੀ, ਮੁਰਗੀ ਪਾਲਣ, ਸੂਰ ਪਾਲਣ, ਬੱਕਰੀ ਪਾਲਣ, ਮੱਛੀ ਪਾਲਣ, ਬਾਗਬਾਨੀ, ਖੇਤੀ-ਜੰਗਲਾਤ, ਵਰਮੀਕੰਪੋਸਟਿੰਗ ਆਦਿ ਵੱਖ-ਵੱਖ ਏਕੀਕ੍ਰਿਤ ਖੇਤੀ ਮਾਡਲਾਂ ਅਧੀਨ ਏਕੀਕ੍ਰਿਤ ਖੇਤੀ ਲਈ ਯੋਗ ਹਨ, ਜਿਵੇਂ ਕਿ ਫ਼ਸਲ-ਡੇਅਰੀ-ਵਰਮੀਕੰਪੋਸਟਿੰਗ, ਸੂਰ/ਪੋਲਟਰੀ/ ਬੱਕਰੀ/ ਡੇਅਰੀ-ਮੱਛੀ ਪਾਲਣ-ਫ਼ਸਲ/ਬਾਗਬਾਨੀ/ਖੇਤੀ-ਜੰਗਲਾਤ, ਰਿਵਾਇਤੀ (ਬੈਕਯਾਰਡ) ਪੋਲਟਰੀ/ਭੇਡਾਂ-ਬਾਗਬਾਨੀ ਆਦਿ ਅਨੁਕੂਲ ਖੇਤੀ ਮਾਡਲ ਹਨ।

ਪਸ਼ੂ ਫ਼ੀਡ ਉਦਯੋਗ ਮੱਕੀ, ਬਾਜਰਾ, ਸਰ੍ਹੋਂ ਦੀ ਖਲ਼, ਮੂੰਗਫ਼ਲੀ ਦੀ ਖਲ਼, ਵੜੇਵਿਆਂ ਦੀ ਚੂਰੀ, ਘੁਲਣਸ਼ੀਲ ਪਦਾਰਥਾਂ ਵਾਲਾ ਸੁੱਕਾ ਡਿਸਟਿਲਰਜ਼ ਅਨਾਜ (DDGS) ਆਦਿ ਦੀ ਵਰਤੋਂ ਕਰਨ ਵਾਲਾ ਇੱਕ ਵੱਡਾ ਉਦਯੋਗ ਹੈ। ਇਸ ਲਈ ਪੋਲਟਰੀ/ਪਸ਼ੂਧਨ/ਮੱਛੀ ਪਾਲਣ ਦੇ ਵਿਕਾਸ ਨਾਲ, ਮੱਕੀ, ਬਾਜਰਾ, ਸਰ੍ਹੋਂ, ਅਤੇ ਵੜੇਵੇਂ ਆਦਿ ਦੇ ਉਤਪਾਦਨ ਵਿੱਚ ਵਾਧਾ ਹੋਵੇਗਾ ਅਤੇ ਨਾਲ ਹੀ ਇਨ੍ਹਾਂ ਫ਼ਸਲਾਂ ਹੇਠਲੇ ਰਕਬੇ ਵਿੱਚ ਵਾਧਾ ਹੋਵੇਗਾ ਜੋ ਫ਼ਸਲੀ ਵਿਭਿੰਨਤਾ ਨੂੰ ਹੱਲਾਸ਼ੇਰੀ ਦੇਵੇਗਾ।

ਵੱਖ-ਵੱਖ ਪਸ਼ੂਧਨ ਆਧਾਰਿਤ ਏਕੀਕ੍ਰਿਤ ਖੇਤੀ ਮਾਡਲਾਂ ਦੇ ਪ੍ਰਦਰਸ਼ਨ ਅਤੇ ਸਿਖਲਾਈ ਨੂੰ ਖੇਤਰੀ ਅਧਾਰ 'ਤੇ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਕਿਸਾਨਾਂ ਨੂੰ ਮੁਨਾਫ਼ਾ ਅਤੇ ਪੂੰਜੀ ਪ੍ਰਵਾਹ ਦੇ ਤੁਲਨਾਤਮਕ ਵਿਸ਼ਲੇਸ਼ਣ ਦੇ ਨਾਲ ਤਰਕਪੂਰਨ ਵਿਕਲਪਾਂ ਦੀ ਚੋਣ ਕਰਨ ਲਈ ਆਕਰਸ਼ਿਤ ਕੀਤਾ ਜਾ ਸਕੇ।

4. **ਜਾਨਵਰਾਂ ਦੀ ਪਛਾਣ ਅਤੇ ਰਜਿਸਟ੍ਰੇਸ਼ਨ ਨਾਲ ਡਾਟਾ ਤਿਆਰ ਕਰਨਾ**: ਪਸ਼ੂ ਧਨ ਬਾਰੇ ਭਰੋਸੇਯੋਗ ਅੰਕੜੇ ਪੈਦਾ ਕਰਨ ਲਈ ਪਸ਼ੂ ਪਛਾਣ-ਰਜਿਸਟ੍ਰੇਸ਼ਨ ਪ੍ਰਣਾਲੀ ਨੂੰ ਲਾਜ਼ਮੀ ਤੌਰ 'ਤੇ ਲਾਗੂ ਕਰਨਾ ਸਭ ਤੋਂ ਜ਼ਰੂਰੀ ਹੈ। ਇਸ ਨਾਲ ਨੀਤੀ ਨਿਰਮਾਣ, ਪਸ਼ੂਆਂ ਦੀ ਪਹਿਚਾਣ ਦੀ ਸਮਰੱਥਾ, ਉਚ ਕੋਟੀ ਦੇ ਜਾਨਵਰਾਂ ਦੀ ਪਛਾਣ, ਬਿਮਾਰੀਆਂ ਬਾਰੇ ਸੁਚੇਤ ਕਰਨ ਦੀ ਸਮਰੱਥਾ, ਬਿਉਰਾ ਤਿਆਰ ਕਰਨ, ਅਸਲ ਸਮੇਂ 'ਤੇ ਸੂਚਨਾ (Real Time Reporting), ਰਿਕਾਰਡ ਕਾਇਮ ਰੱਖਣ, ਸਬਸਿਡੀਆਂ ਦੀ ਪ੍ਰਾਪਤੀ, ਬੀਮਾ ਆਦਿ ਵਿੱਚ ਸਹਾਇਤਾ ਮਿਲੇਗੀ। ਇਸ ਤਰ੍ਹਾਂ ਸਰਕਾਰੀ ਯੋਜਨਾਵਾਂ ਦਾ ਲਾਭ ਅਸਾਨੀ ਨਾਲ ਵੰਡਿਆ ਜਾ ਸਕਦਾ ਹੈ ਅਤੇ ਕਿਸਾਨ ਲਾਭਪਾਤਰੀਆਂ ਦੀ ਪਛਾਣ ਕੀਤੀ ਜਾ ਸਕਦੀ ਹੈ, ਜਿਸ ਨਾਲ ਧੋਖਾਧੜੀ ਦੀਆਂ ਗਤੀਵਿਧੀਆਂ ਵੀ ਘੱਟ ਹੋਣਗੀਆਂ।

ਜਲ ਸਰੋਤਾਂ (ਪਾਲਣ ਅਤੇ ਪਕੜਨਾ), ਮਛੇਰਿਆਂ (ਮੱਛੀ ਪਾਲਕਾਂ/ਮੱਛੀ ਕਾਮਿਆਂ), ਮੱਛੀ-ਪਾਲਣ ਇਕਾਈਆਂ ਦੀ ਸਮਾਜਿਕ-ਆਰਥਿਕ ਕਾਰਗੁਜ਼ਾਰੀ, ਪ੍ਰਭਾਵ ਮੁਲਾਂਕਣ, ਮੰਡੀਕਰਨ, ਮੱਛੀ ਦੀ ਗੁਣਵੱਤਾ ਆਦਿ ਲਈ ਟਾਈਮਲਾਈਨ/ਸਮੇਂ 'ਤੇ ਸੂਚਨਾ ਬਿਓਰਾ ਤਿਆਰ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਮੱਛੀ ਪਾਲਣ ਖੇਤਰ ਦੇ ਚਿਰ ਸਥਾਈ ਵਿਕਾਸ ਲਈ ਪ੍ਰਭਾਵਸ਼ਾਲੀ ਯੋਜਨਾਵਾਂ ਤਿਆਰ ਕੀਤੀਆਂ ਜਾ ਸਕਣ।

ਭਰੋਸੇਯੋਗ ਡਾਟਾਬੇਸ ਬਣਾਉਣ ਲਈ ਜੀਓ-ਟੈਗਿੰਗ, ਰਿਮੋਟ ਸੈਂਸਿੰਗ ਅਤੇ ਮਸ਼ੀਨੀ ਬੁੱਧੀਮਤਾ (AI) ਵਰਗੀਆਂ ਸੈਟੇਲਾਈਟ ਐਪਲੀਕੇਸ਼ਨਾਂ ਨਾਲ ਡਿਜੀਟਲ ਡਾਟਾ ਰਿਕਾਰਡਿੰਗ ਦੀ ਵਰਤੋਂ ਮਹੱਤਵਪੂਰਨ ਹੋਵੇਗੀ।

5. **ਭਵਿੱਖਵਾਦੀ, ਮਸ਼ੀਨੀ ਅਤੇ ਵਾਤਾਵਰਨ ਸੁਹਿਰਦ ਪਸ਼ੂ ਪਾਲਣ ਨੂੰ ਉਤਸ਼ਾਹਿਤ ਕਰਨਾ**: ਕਾਮਿਆਂ ਦੀ ਉਪਲਬਧਤਾ ਅਤੇ ਲਾਗਤ, ਪ੍ਰਦੂਸ਼ਣ ਮੁਕਤ ਪਸ਼ੂ ਪਾਲਣ ਅਤੇ ਕਿੱਤੇ ਦੀ ਆਮਦਨ ਪੈਦਾ ਕਰਨ ਦੀ ਯੋਗਤਾ, ਪਸ਼ੂਧਨ ਦੇ ਵਿਕਾਸ ਲਈ ਸੂਬੇ ਲਈ ਪ੍ਰਮੁੱਖ ਮਸਲੇ ਹਨ। ਮਜ਼ਦੂਰੀ ਦੀ ਬੱਚਤ ਲਈ, ਪੰਜਾਬ ਵਿੱਚ, ਘੱਟ ਲਾਗਤ ਵਾਲੀ ਮਸ਼ੀਨਰੀ ਦੇ ਵਿਕਾਸ ਦੇ ਨਾਲ ਮਸ਼ੀਨੀ ਕਾਰਜਾਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਦਾ ਖੇਤੀਬਾੜੀ ਸੰਬੰਧੀ ਮਸ਼ੀਨਾਂ ਬਣਾਉਣ ਵਿੱਚ ਚੰਗਾ ਅਧਾਰ ਹੈ ਜਿਸ ਦਾ ਲਾਭ ਪਸ਼ੂ ਪਾਲਣ ਸੰਬੰਧੀ ਮਸ਼ੀਨਰੀ ਬਣਾਉਣ ਲਈ ਲਿਆ ਜਾ ਸਕਦਾ ਹੈ। ਭਵਿੱਖ ਦੀ ਲੋੜ ਦੇ ਅਨੁਕੂਲ ਮਸ਼ੀਨੀ ਬੁੱਧੀਮਤਾ (AI) ਅਧਾਰਿਤ ਉਪਕਰਨ ਪੰਜਾਬ ਵਿੱਚ ਵਿਕਸਤ ਕੀਤੇ ਜਾਣੇ ਚਾਹੀਦੇ ਹਨ।

6. **ਪੰਜਾਬ ਦੇ ਪਸ਼ੂਧਨ ਉਤਪਾਦਾਂ ਦੀ ਬ੍ਰਾਂਡਿੰਗ ਅਤੇ ਮੰਡੀਕਰਨ**: ਕਿਸਾਨਾਂ ਵਿੱਚ ਪਸ਼ੂਆਂ ਨਾਲ ਸੰਬੰਧਿਤ ਖਾਸ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਅਤੇ ਲੋਕਾਂ ਨੂੰ ਸੁਰੱਖਿਅਤ, ਭਰੋਸੇਯੋਗ ਅਤੇ ਪੌਸ਼ਟਿਕ ਭੋਜਨ ਪ੍ਰਦਾਨ ਕਰਨ ਲਈ 'ਪਰਿਵਾਰਕ ਖੇਤੀ ਕਰਨ ਵਾਲੇ ਕਿਸਾਨ' ਦੀ ਧਾਰਨਾ ਨੂੰ ਪੇਸ਼ ਕਰਨ ਅਤੇ ਮਜ਼ਬੂਤ ਕਰਨ ਦੀ ਜ਼ਰੂਰਤ ਹੈ। ਉਤਪਾਦਕਾਂ ਦੇ ਖਪਤਕਾਰਾਂ ਨਾਲ ਸਿੱਧੇ ਤਾਲਮੇਲ ਲਈ ਖੇਤੀ ਮੰਡੀ ਖੋਜ ਅਤੇ ਚੌਕਸੀ ਸੰਸਥਾ (AMRII)/ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ (MPCS)/ਆਨਲਾਈਨ ਪਲੇਟਫ਼ਾਰਮ ਦੀ ਸਥਾਪਨਾ ਕਰਨ ਦੀ ਜ਼ਰੂਰਤ ਹੈ ਅਤੇ ਇਸ ਦੇ ਨਾਲ-ਨਾਲ ਉਤਪਾਦਕ ਨੂੰ ਵਿਆਪਕ ਪੱਧਰ 'ਤੇ ਆਪਣੇ ਉਤਪਾਦਾਂ ਦੀ ਪੈਦਾਵਾਰ, ਭੰਡਾਰਨ, ਪ੍ਰੋਸੈਸਿੰਗ ਅਤੇ ਆਵਾਜਾਈ ਲਈ ਲੋੜੀਂਦੇ ਗਿਆਨ ਅਤੇ ਸਹਾਇਤਾ ਨਾਲ ਸਮਰੱਥ ਬਣਾਉਣਾ ਚਾਹੀਦਾ ਹੈ।

ਪੰਜਾਬ ਦੇ ਪਸ਼ੂਧਨ ਉਤਪਾਦਾਂ ਦੀ ਬ੍ਰਾਂਡ ਵੈਲਿਊ ਪੈਦਾ ਕਰਨ ਲਈ ਰਣਨੀਤੀਆਂ ਵਿਕਸਤ ਕਰਨ ਅਤੇ ਮੁਹਿੰਮਾਂ ਸ਼ੁਰੂ ਕਰਨ ਅਤੇ ਉਤਸ਼ਾਹਿਤ ਕਰਨ ਦੀ ਤੁਰੰਤ ਲੋੜ ਹੈ। ਮੱਝਾਂ ਦੇ ਦੁੱਧ ਅਤੇ ਇਸ ਦੇ ਕੀਮਤੀ ਉਤਪਾਦਾਂ ਜਿਵੇਂ ਮੋਜ਼ਰੇਲਾ ਪਨੀਰ, ਘਿਓ, ਦਹੀ, ਲੱਸੀ, ਖੋਆ, ਦੇਸੀ ਮਠਿਆਈਆਂ, ਕੁਲਫੀ ਆਦਿ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇ। ਵੱਖ-ਵੱਖ ਪਸ਼ੂਆਂ ਜਿਵੇਂ ਬੱਕਰੀ, ਮੱਝ ਦੇ ਦੁੱਧ ਨੂੰ ਵੱਖ-ਵੱਖ ਇਕੱਠਾ ਕਰਨਾ ਅਤੇ ਪ੍ਰੋਸੈਸਿੰਗ ਕਰਨਾ ਅਤੇ ਉਨ੍ਹਾਂ ਦੇ ਉੱਚ ਮੁੱਲ ਵਾਧੇ ਵਾਲੇ ਉਤਪਾਦਾਂ ਜਿਵੇਂ ਕਿ ਪਨੀਰ ਨੂੰ ਵੀ ਵਿਸ਼ੇਸ਼ ਤੌਰ 'ਤੇ ਲੇਬਲ ਕੀਤਾ ਜਾਣਾ ਚਾਹੀਦਾ ਹੈ ਅਤੇ ਮੰਡੀਕਰਨ ਕਰਨਾ ਚਾਹੀਦਾ ਹੈ। ਦੁੱਧ ਉਤਪਾਦਨ ਤੋਂ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਲਈ ਪ੍ਰਾਇਮਰੀ ਉਤਪਾਦਕਾਂ ਦੀ ਦੁੱਧ ਦੀ ਕਦਰ ਵਧਾਈ ਦੀ ਸਮਰੱਥਾ ਨੂੰ ਵਧਾਉਣ ਦੀ ਸਖ਼ਤ ਲੋੜ ਹੈ।

ਮਿਲਾਵਟਖੋਰੀ ਨੂੰ ਘਟਾਉਣ ਲਈ ਅਤੇ ਪੰਜਾਬ ਦੀ ਉਪਜ ’ਤੇ ਖਪਤਕਾਰਾਂ ਦਾ ਭਰੋਸਾ ਸਥਾਪਿਤ ਕਰਨ ਲਈ ਦੁੱਧ, ਮੀਟ ਅਤੇ ਉਨ੍ਹਾਂ ਦੇ ਪਦਾਰਥਾਂ ਦੇ ਸਖ਼ਤ ਕੁਆਲਿਟੀ ਨਿਰੀਖਣ ਨੂੰ ਯਕੀਨੀ ਬਣਾਇਆ ਜਾਵੇ। ਮਿਲਕਫੈਡ ਨਾਲ ਜੁੜੇ ਦੁੱਧ ਇਕੱਠਾ ਕਰਨ ਵਾਲੇ ਕੇਂਦਰਾਂ ਨੂੰ ਰਸਾਇਣਾਂ ਦੀ ਰਹਿੰਦ-ਖੂਹਦ ਅਤੇ ਮਿਲਾਵਟਾਂ ਦੀ ਪਰਖ ਲਈ ਸਮੇਂ-ਸਮੇਂ ’ਤੇ ਰੈਂਡਮ (Random) ਜਾਂਚ ਟੈਸਟ ਕਰਨੇ ਚਾਹੀਦੇ ਹਨ।

ਬੱਕਰੀ ਪਾਲਕਾਂ ਦੀ ਆਮਦਨ ਵਧਾਉਣ ਲਈ ਅਤੇ ਖਪਤਕਾਰਾਂ ਨੂੰ ਕੁਆਲਿਟੀ ਉਤਪਾਦਾਂ ਦੀ ਸਪਲਾਈ ਯਕੀਨੀ ਬਣਾਉਣ ਲਈ ਬੱਕਰੀ ਦੇ ਦੁੱਧ ਅਤੇ ਮੀਟ ਦੀ ਪ੍ਰੋਸੈਸਿੰਗ ਅਤੇ ਕਦਰ ਵਧਾਈ ਦੀ ਬਹੁਤ ਜ਼ਿਆਦਾ ਗੁੰਜਾਇਸ਼ ਅਤੇ ਲੋੜ ਹੈ। ਬੱਕਰੀ ਦੇ ਦੁੱਧ ਨੂੰ ਬੋਤਲਾਂ ਵਿੱਚ ਪਾ ਕੇ ਖਪਤਕਾਰਾਂ ਨੂੰ ਵੇਚਿਆ ਜਾ ਸਕਦਾ ਹੈ। ਬੱਕਰੀ ਦੇ ਦੁੱਧ ਦਾ ਪਨੀਰ ਬਣਾਉਣਾ ਲਾਭਦਾਇਕ ਕਿੱਤਿਆਂ ਵਿੱਚੋਂ ਇੱਕ ਹੈ, ਜਿਸ ’ਤੇ ਧਿਆਨ ਕੇਂਦਰਿਤ ਕੀਤਾ ਜਾਣਾ ਚਾਹੀਦਾ ਹੈ। ਬੱਕਰਾ/ਬੱਕਰੀ ਦਾ ਮੀਟ ਮੰਡੀਕਰਨ ਯੋਗ ਆਕਾਰ ਵਿੱਚ, ਅਚਾਰ ਬਣਾ ਕੇ ਅਤੇ ਹੋਰ ਇਮਲਸ਼ਨ-ਅਧਾਰਿਤ (Emulsion-based) ਉਤਪਾਦ ਬਣਾਉਣ ਤੋਂ ਬਾਅਦ ਵੇਚਿਆ ਜਾ ਸਕਦਾ ਹੈ।

ਮੁਰਗੀਆਂ ਦੇ ਮੀਟ ਦੇ ਪ੍ਰੋਸੈਸਿੰਗ ਉਦਯੋਗ ਨੂੰ ਲੋੜੀਂਦੇ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਕੇ ਅਤੇ ਟੈਕਸ ਨੂੰ ਤਰਕਸੰਗਤ ਬਣਾ ਕੇ ਮੁੜ-ਸੁਰਜੀਤ ਕਰਨ ਦੀ ਲੋੜ ਹੈ। ਆਪਣੇ ਪ੍ਰੋਸੈਸਿੰਗ ਪਲਾਂਟ ਸਥਾਪਿਤ ਕਰਨ ਵਿੱਚ ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਨੂੰ ਉਚਿਤ ਪ੍ਰੋਤਸਾਹਨ ਅਤੇ ਸਹਾਇਤਾ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਆਸਾਨ ਢੋ-ਢੁਆਈ ਅਤੇ ਲੰਮੇ ਸਮੇਂ ਤੱਕ ਭੰਡਾਰਨ ਲਈ ਆਂਡਿਆਂ ਤੋਂ ਆਂਡਿਆਂ ਦੇ ਪਾਊਡਰ ਦੀ ਪ੍ਰੋਸੈਸਿੰਗ ਨੂੰ ਆਂਡਿਆਂ ਦੀ ਕਦਰ ਵਧਾਈ ਲਈ ਇੱਕ ਜੀਵੰਤ ਸਰੋਤ ਵਜੋਂ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

ਵਰਤਮਾਨ ਵਿੱਚ, ਉੱਤਰ-ਪੂਰਬੀ ਰਾਜ ਪੰਜਾਬ ਦੇ ਜੀਵਤ ਸੂਰਾਂ ਦੇ ਮੰਡੀਕਰਨ ਦਾ ਕੇਂਦਰ ਹਨ ਜੋ ਆਪਣੇ ਗੁਣਵੱਤਾ ਵਾਲੇ ਮੀਟ ਲਈ ਮਸ਼ਹੂਰ ਹਨ। ਭਾਵੇਂ ਕਿ ਲੰਬੀ ਦੂਰੀ ਦੇ ਆਵਾਜਾਈ ਦੇ ਖਰਚੇ, ਤਣਾਅ, ਮੌਤ ਦਰ, ਅਤੇ ਭਾਰ ਘਟਣ ਦੇ ਮੁੱਦੇ ਉਨ੍ਹਾਂ ਦੇ ਮੰਡੀਕਰਨ ਵਿੱਚ ਰੁਕਾਵਟਾਂ ਪਾਉਂਦੇ ਹਨ। ਢੁਕਵੇਂ ਸਥਾਨਾਂ ’ਤੇ 100-150 ਸੂਰਾਂ ਨੂੰ ਪ੍ਰਤੀ ਦਿਨ ਝਟਕਾਉਣ ਦੀ ਸਮਰੱਥਾ ਵਾਲੇ ਤਿੰਨ ਬੁੱਚੜਖਾਨੇ ਅਤੇ ਪ੍ਰੋਸੈਸਿੰਗ ਪਲਾਂਟਾਂ ਦੀ ਸਥਾਪਨਾ ਨਾਲ ਰਾਜ ਨੂੰ ਸੂਰ ਪ੍ਰੋਸੈਸਿੰਗ ਦਾ ਕੇਂਦਰ ਬਣਾਇਆ ਜਾ ਸਕਦਾ ਹੈ।

ਹੁਣ ਤੱਕ ਇਸ ਖੇਤਰ (ਪੰਜਾਬ, ਹਰਿਆਣਾ ਅਤੇ ਰਾਜਸਥਾਨ) ਵਿੱਚ ਕੋਈ ਝੀਂਗਾ ਮੱਛੀ ਦਾ ਪ੍ਰੀ-ਪ੍ਰੋਸੈਸਿੰਗ/ਪ੍ਰੋਸੈਸਿੰਗ ਪਲਾਂਟ ਉਪਲਬਧ ਨਹੀਂ ਹੈ। ਇਸ ਲਈ ਇਸ ਖੇਤਰ ਵਿੱਚ ਢੁਕਵੀਂ ਕੋਲਡ ਸਟੋਰੇਜ ਸੁਵਿਧਾ ਵਾਲਾ ਇੱਕ ਪ੍ਰੀ-ਪ੍ਰੋਸੈਸਿੰਗ/ਪ੍ਰੋਸੈਸਿੰਗ ਪਲਾਂਟ ਸਥਾਪਿਤ ਕਰਨ ਦੀ ਜ਼ਰੂਰਤ ਹੈ ਤਾਂ ਜੋ ਹਾਰਵੈਸਟਿੰਗ ਤੋਂ ਬਾਅਦ ਦੇ ਨੁਕਸਾਨ ਨੂੰ ਘੱਟ ਕੀਤਾ ਜਾ ਸਕੇ, ਝੀਂਗਾ ਮੱਛੀ ਪਾਲਕਾਂ ਦੇ ਮੁਨਾਫ਼ੇ ਨੂੰ ਸੁਰੱਖਿਅਤ ਕੀਤਾ ਜਾ ਸਕੇ ਅਤੇ ਵਧੇਰੇ ਆਮਦਨ ਪੈਦਾ ਕਰਨ ਲਈ ਸਿੱਧੇ ਨਿਰਯਾਤ ਦੇ ਮੌਕੇ ਵਧਾਏ ਜਾ ਸਕਣ।

ਉਹ ਪਸ਼ੂ ਪਾਲਕ ਜੋ ਦੁੱਧ, ਆਂਡੇ ਜਾਂ ਮੀਟ ਦਾ ਉਤਪਾਦਨ ਰਾਸ਼ਟਰੀ/ਅੰਤਰਰਾਸ਼ਟਰੀ ਮਾਪਦੰਡਾਂ ਦੇ ਅਨੁਸਾਰ ਟਰੇਸੇਬਿਲਿਟੀ ਨਾਲ ਕਰ ਰਹੇ ਹਨ, ਉਨ੍ਹਾਂ ਨੂੰ ਆਪਣੇ ਉਤਪਾਦ ਦੇ ਨਿਰਯਾਤ ਲਈ ਸਮਰਥਨ ਦਿੱਤਾ ਜਾਣਾ ਚਾਹੀਦਾ ਹੈ।

7. **ਪਸ਼ੂ ਸਿਹਤ ਪ੍ਰਬੰਧਨ**: ਸਿਹਤਮੰਦ ਪਸ਼ੂ ਹੀ ਸਿਹਤਮੰਦ ਉਤਪਾਦ ਪੈਦਾ ਕਰ ਸਕਦੇ ਹਨ, ਇਸ ਕਰਕੇ ਉਨ੍ਹਾਂ ਲਈ ਚੰਗੀ ਕੁਆਲਿਟੀ ਦੀ ਖੁਰਾਕ ਅਤੇ ਚਾਰੇ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਬਿਮਾਰੀਆਂ ਦੀ ਰੋਕਥਾਮ ’ਤੇ ਵਿਸ਼ੇਸ਼ ਜ਼ੋਰ ਦੇਣਾ ਚਾਹੀਦਾ ਹੈ। ਰੋਗ ਬਚਾਓ ਟੀਕਾਕਰਨ ਪ੍ਰੋਗਰਾਮ, ਸਰਗਰਮ ਰੋਗ ਟੈਸਟਿੰਗ, ਜ਼ਿਲ੍ਹਾ ਪੱਧਰ ’ਤੇ ਬਿਮਾਰੀ ਰੋਕੂ ਪ੍ਰਬੰਧਾਂ ਲਈ ਤੁਰੰਤ ਹਰਕਤ ਵਿੱਚ ਆਉਣ ਵਾਲੀਆਂ ਟੀਮਾਂ (ਰੈਪਿਡ ਰਿਸਪਾਂਸ ਟੀਮਾਂ) ਸਥਾਪਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਛੂਤ ਦੀਆਂ ਬਿਮਾਰੀਆਂ ਕਾਰਨ ਮਰਨ ਵਾਲੇ ਪਸ਼ੂਆਂ ਨੂੰ ਦਫ਼ਨਾਉਣ ਜਾਂ ਸਾੜਨ ਦੇ ਢੁੱਕਵੇਂ ਪ੍ਰਬੰਧ ਹੋਣੇ ਚਾਹੀਦੇ ਹਨ ਅਤੇ ਮਰੇ ਪਸ਼ੂਆਂ ਦੇ ਮਾਲਕਾਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।

ਹੋਮੀਓਪੈਥੀ, ਏਥਨੋ-ਵੈਟਨਰੀ (ਦੇਸੀ ਇਲਾਜ) ਅਤੇ ਹਰਬਲ ਦਵਾਈਆਂ ਵਰਗੀਆਂ ਬਦਲਵੀਆਂ ਪ੍ਰਣਾਲੀਆਂ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਪਸ਼ੂਧਨ ਖੇਤਰ ਵਿੱਚ ਐਂਟੀਮਾਈਕ੍ਰੋਬੀਅਲ ਦਵਾਈਆਂ ਦੀ ਵਰਤੋਂ ਅਤੇ ਪਸ਼ੂਆਂ ਦੇ ਉਤਪਾਦਾਂ ਵਿੱਚ ਉਨ੍ਹਾਂ ਦੀ ਰਹਿੰਦ-ਖੂੰਹਦ ਨੂੰ ਘੱਟ ਕੀਤਾ ਜਾ ਸਕੇ, ਜਿਸ ਨਾਲ ਐਂਟੀਮਾਈਕ੍ਰੋਬੀਅਲ ਪ੍ਰਤੀਰੋਧ ਪੈਦਾ ਹੋ ਰਿਹਾ ਹੈ। ਪੰਜਾਬ ਵਿੱਚ ਸਰਹੱਦ ਪਾਰ ਬਿਮਾਰੀਆਂ ਦੇ ਦਾਖਲੇ ਨੂੰ ਰੋਕਣ ਲਈ ਸੂਬੇ ਵਿੱਚ ਸਰਹੱਦ ਪਾਰੋਂ ਪਸ਼ੂਆਂ ਦੇ ਦਾਖਲੇ ਨੂੰ ਨਿਯੰਤਰਿਤ ਕੀਤਾ ਜਾਣਾ ਚਾਹੀਦਾ ਹੈ।

ਸੂਬੇ ਵਿੱਚ ਸੂਰ ਅਤੇ ਬੱਕਰੀ ਸਿਹਤ ਸੇਵਾਵਾਂ ਨੂੰ ਪ੍ਰਭਾਵਸ਼ਾਲੀ ਕਰਨ ਲਈ ਵੈਟਨਰੀ ਡਾਕਟਰਾਂ ਦੇ ਸਮਰੱਥਾ ਨਿਰਮਾਣ ਬਣਾਉਣ ਦੀ ਲੋੜ ਹੈ। ਬਲਾਕ ਅਤੇ ਜ਼ਿਲ੍ਹਾ ਪੱਧਰ ’ਤੇ ਪਰਖ/ਡਾਇਗਨੋਸਟਿਕ ਲੈਬਾਰਟਰੀ ਸਹੂਲਤਾਂ ਸਥਾਪਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਲੋੜੀਂਦੇ ਉਪਕਰਨਾਂ, ਸਪਲਾਈਆਂ ਅਤੇ ਸਿਖਿਅਤ ਮਨੁੱਖੀ ਸ਼ਕਤੀ ਦੀ ਸਹਾਇਤਾ ਨਾਲ ਬਿਮਾਰੀ ਦੀ ਜਲਦੀ ਪਛਾਣ ਲਈ ਮਜ਼ਬੂਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਸਿਵਲ ਵੈਟਨਰੀ ਹਸਪਤਾਲ ਪੱਧਰ ’ਤੇ ਵੀ ਮੁੱਢਲੀ ਜਾਂਚ ਪਰਖ ਸਹੂਲਤ ਉਪਲਬਧ ਕਰਵਾਈ ਜਾਵੇ। ਬਲਾਕ ਪੱਧਰ ਦੇ ਹਸਪਤਾਲਾਂ ਵਿੱਚ ਅਲਟਰਾਸਾਊਂਡ ਦੀਆਂ ਸਹੂਲਤਾਂ ਉਪਲਬਧ ਕਰਵਾਈਆਂ ਜਾਣ ਜਿਸ ਨਾਲ ਪ੍ਰਜਨਣ ਰੋਗਾਂ ਸਮੇਤ ਅੰਦਰੂਨੀ ਵਿਕਾਰਾਂ ਦੀ ਤੇਜ਼ੀ ਨਾਲ ਅਤੇ ਸਹੀ ਪਰਖ ਕੀਤੀ ਜਾ ਸਕੇ। ਪਸ਼ੂ ਦੇ ਕੋਲ ਹੀ ਜਾਂਚ ਦੇ ਤਰੀਕਿਆਂ ਦਾ ਸਮਰਥਨ ਕੀਤਾ ਜਾਣਾ ਚਾਹੀਦਾ ਹੈ ਅਤੇ ਯੋਗ ਪਾਏ ਜਾਣ ’ਤੇ ਇਹਨਾਂ ਦੀ ਵੱਡੇ ਪੱਧਰ ’ਤੇ ਉਤਪਾਦਨ ਨੂੰ ਆਊਟਸੋਰਸ ਰਾਹੀਂ ਪੂਰਾ ਕੀਤਾ ਜਾ ਸਕਦਾ ਹੈ। ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਵਿਖੇ ਰਾਜ ਪੱਧਰੀ ਰੈਫ਼ਰਲ ਲੈਬਾਰਟਰੀ (ਰੋਗ ਪਰਖਸ਼ਾਲਾ) ਨੂੰ ਲੋੜੀਂਦੇ ਬਜਟ ਨਾਲ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ।

ਕੋਲਡ ਚੇਨ ਦੀ ਪੂਰੀ ਸਾਂਭ-ਸੰਭਾਲ ਲਈ ਵੈਕਸੀਨ ਦੀ ਸਟੋਰੇਜ, ਸਪਲਾਈ ਅਤੇ ਟੀਕਾਕਰਨ ਸਹੂਲਤਾਂ ਨੂੰ ਅਪਗ੍ਰੇਡ ਕੀਤਾ ਜਾਣਾ ਚਾਹੀਦਾ ਹੈ ਅਤੇ 100 ਪ੍ਰਤੀਸ਼ਤ ਪਸ਼ੂਆਂ ਦੀ ਵੈਕਸੀਨ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਪੂਰੀ ਕਵਰੇਜ ਲਈ ਤੀਜੀ ਧਿਰ (Third Party) ਦੀ ਸ਼ਮੂਲੀਅਤ ਨੂੰ ਵੀ ਵਿਚਾਰਿਆ ਜਾਣਾ ਚਾਹੀਦਾ ਹੈ। ਨਵੀਆਂ ਅਤੇ ਉੱਭਰ ਰਹੀਆਂ ਬਿਮਾਰੀਆਂ, ਜਿਵੇਂ ਕਿ ਲੰਪੀ ਸਕਿਨ ਡੀਸੀਜ਼ ਅਤੇ ਅਫ਼ਰੀਕਨ ਸਵਾਈਨ ਫੀਵਰ ਦੇ ਵਿਰੁੱਧ ਜਲਦੀ ਨਤੀਜੇ ਲਈ ਵੈਕਸੀਨ ਦੇ ਵਿਕਾਸ ’ਤੇ ਤੇਜ਼ੀ ਨਾਲ ਖੋਜ ਨੂੰ ਪੂਰੀ ਤਰ੍ਹਾਂ ਸਮਰਥਨ ਦਿੱਤਾ ਜਾਣਾ ਚਾਹੀਦਾ ਹੈ। ਪੰਜਾਬ ਵੈਟਨਰੀ ਵੈਕਸੀਨ ਇੰਸਟੀਚਿਊਟ, ਲੁਧਿਆਣਾ ਦੀਆਂ ਅਪਗ੍ਰੇਡ ਕੀਤੀਆਂ ਸਹੂਲਤਾਂ ਨੂੰ ਸੂਬੇ ਦੇ ਪਸ਼ੂਆਂ ਲਈ ਲੋੜੀਂਦੀਆਂ ਵਿਸ਼ਾਣੂ ਅਤੇ ਕਿਟਾਣੂ ਵੈਕਸੀਨਾਂ ਦੇ ਉਤਪਾਦਨ ਲਈ ਬਿਨਾਂ ਕਿਸੇ ਦੇਰੀ ਦੇ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ। ਰਾਜ ਦੇ ਪਸ਼ੂ ਪਾਲਣ ਵਿਭਾਗ ਨੂੰ ਸੂਰ, ਭੇਡ ਅਤੇ ਬੱਕਰੀ ਲਈ ਸੰਪੂਰਨ ਟੀਕਾਕਰਨ ਕਵਰੇਜ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ, ਜੋ ਕਿ ਆਮ ਕਰਕੇ ਗਰੀਬ ਕਿਸਾਨਾਂ ਦੁਆਰਾ ਪਾਲ਼ੇ ਜਾਂਦੇ ਹਨ।

8. **ਸਹਿਕਾਰੀ ਸੰਸਥਾਵਾਂ/ਸਵੈ-ਸਹਾਇਤਾ ਗਰੁੱਪਾਂ/ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਦਾ ਵਿਕਾਸ ਅਤੇ ਮਜ਼ਬੂਤੀ**: ਵਧੇਰੇ ਮਾਤਰਾ ’ਤੇ ਅਧਾਰਿਤ, ਸਮੂਹ ਅਧਾਰਿਤ ਪਹੁੰਚ (Group Based Approach) ਲਾਗਤ ਵਸਤਾਂ ਦੀ ਸਸਤੀ ਖਰੀਦ ਨੂੰ ਅਤੇ ਉਪਜ ਨੂੰ ਬਿਹਤਰ ਸੌਦੇਬਾਜ਼ੀ ਸ਼ਕਤੀ ਦੇ ਨਾਲ ਵਧੇਰੇ ਲਾਭਕਾਰੀ ਪੱਧਰ ’ਤੇ ਮੰਡੀਕਰਨ ਕਰਨ ਨੂੰ ਯਕੀਨੀ ਬਣਾਉਂਦੀ ਹੈ। ਇਹ ਸਬੰਧਤ ਧਿਰਾਂ ਦੀਆਂ ਸਾਂਝੀਆਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਉਨ੍ਹਾਂ ਦੇ ਹਿਤਾਂ ਦੀ ਰਾਖੀ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਵਰਤਮਾਨ ’ਚ, ਡੇਅਰੀ ਅਤੇ ਪੋਲਟਰੀ ਨੂੰ ਛੱਡ ਕੇ ਇਹ ਸਹਿਕਾਰੀ ਸੰਸਥਾਵਾਂ ਜਾਂ ਸਮੂਹ ਅਧਾਰਿਤ ਕਾਰਜ ਪਸ਼ੂਧਨ ਖੇਤਰ ਵਿੱਚ ਜ਼ਿਆਦਾ ਪ੍ਰਚੱਲਿਤ ਨਹੀਂ ਹਨ। ਇਸ ਲਈ, ਪਸ਼ੂ ਅਤੇ ਮੱਛੀ ਪਾਲਣ ਖੇਤਰ ਵਿੱਚ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ, ਕਿਸਾਨ ਦੀ ਅਗਵਾਈ ਵਾਲੇ ਸਹਿਕਾਰੀ ਜਾਂ ਸਵੈ-ਸਹਾਇਤਾ ਗਰੁੱਪਾਂ ਨੂੰ ਗਰੁੱਪ ਅਧਾਰਿਤ ਵਿੱਤੀ ਰਿਆਇਤਾਂ, ਬੁਨਿਆਦੀ ਢਾਂਚਾ ਨਿਰਮਾਣ, ਫ਼ੀਡ ਅਤੇ ਚਾਰਾ, ਪ੍ਰੋਸੈਸਿੰਗ ਅਤੇ ਮੁੱਲ ਵਾਧਾ, ਮੰਡੀਕਰਨ ਅਤੇ ਬ੍ਰਾਂਡਿੰਗ ਵਰਗੀਆਂ ਗਤਿਵਿਧਿਆਂ ਵਿੱਚ ਸ਼ੁਰੂਆਤੀ

ਨਿਪੁੰਨਤਾ ਰਾਹੀਂ ਵਿਕਸਤ ਅਤੇ ਉਤਸ਼ਾਹਿਤ ਕਰਨ ਦੀ ਲੋੜ ਹੈ। ਇਹਨਾਂ ਸਮੂਹਾਂ ਨੂੰ ਲਗਾਤਾਰ ਵਿੱਤੀ ਸਹਾਇਤਾ, ਉਪਕਰਣਾਂ ਦੇ ਬੁਨਿਆਦੀ ਢਾਂਚੇ ਅਤੇ ਸੂਰਜੀ ਊਰਜਾ ਦੀ ਵਰਤੋਂ ਲਈ ਸਮੇਂ ਸਿਰ ਸਬਸਿਡੀ ਜਾਰੀ ਕਰਨ ਰਾਹੀਂ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ।

9. **ਨੌਜਵਾਨਾਂ ਨੂੰ ਪਸ਼ੂ ਪਾਲਣ ਕਿੱਤਿਆਂ ਵੱਲ ਆਕਰਸ਼ਿਤ ਕਰਨਾ ਅਤੇ ਸਮਰੱਥਾ ਨਿਰਮਾਣ ਕਰਨਾ**: ਹੁਨਰ ਦੀ ਕਮੀ ਅਤੇ ਵਿੱਤੀ ਸਹਾਇਤਾ ਦੀ ਘਾਟ ਨੇ ਪਸ਼ੂਧਨ ਅਤੇ ਮੱਛੀ ਉਦਯੋਗ ਦੇ ਲੋੜੀਂਦੇ ਵਿਕਾਸ ਨੂੰ ਰੋਕ ਦਿੱਤਾ ਹੈ। ਨਤੀਜੇ ਵਜੋਂ, ਪਸ਼ੂ/ਮੱਛੀ ਪਾਲਕ ਮੁੱਲ ਲੜੀ ਦੇ ਵਧੇਰੇ ਕੁਸ਼ਲਤਾ ਦੇ ਸਾਰੇ ਪੱਧਰਾਂ 'ਤੇ ਹੋ ਰਹੇ ਵਿਕਾਸ ਦੇ ਨਾਲ ਤਾਲਮੇਲ ਰੱਖਣ ਵਿੱਚ ਅਸਫ਼ਲ ਰਹੇ ਹਨ। ਨੌਜਵਾਨਾਂ ਨੂੰ ਮੁੱਖ ਰੱਖਦੇ ਹੋਏ ਸਵੈ-ਰੁਜ਼ਗਾਰ, ਆਤਮ-ਵਿਸ਼ਵਾਸ ਅਤੇ ਬਿਹਤਰ ਸਮਾਜਿਕ-ਆਰਥਿਕ ਸਥਿਤੀ ਪ੍ਰਦਾਨ ਕਰਨ ਵਾਲੀਆਂ ਸਮਰੱਥਾ ਨਿਰਮਾਣ ਅਤੇ ਵਿੱਤੀ ਸਹਾਇਤਾ ਨੀਤੀਆਂ ਲਾਗੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜੋ ਬਦਲੇ ਵਿੱਚ ਨੌਜਵਾਨਾਂ ਦੇ ਪ੍ਰਵਾਸ ਨੂੰ ਰੋਕਣਗੀਆਂ। ਅਕਸਰ ਨੌਜਵਾਨ ਆਧੁਨਿਕ ਤਕਨੀਕਾਂ ਰਾਹੀਂ ਜਾਣਕਾਰੀ ਹਾਸਲ ਕਰਨ, ਫ਼ਾਰਮ ਮਸ਼ੀਨੀਕਰਨ ਅਤੇ ਆਟੋਮੇਸ਼ਨ, ਵਿਗਿਆਨਕ ਖੇਤੀ ਅਮਲਾਂ, ਮੰਡੀਕਰਨ ਕਰਨ ਆਦਿ ਵਿੱਚ ਨਿਪੁੰਨ ਹੁੰਦੇ ਹਨ। ਆਧੁਨਿਕ ਤਕਨੀਕਾਂ ਦੀ ਵਰਤੋਂ ਨਾਲ ਘੱਟ ਤੋਂ ਘੱਟ ਸਮੇਂ ਵਿੱਚ ਸੂਬੇ ਭਰ ਦੇ ਨੌਜਵਾਨਾਂ ਦੀ ਵੱਡੀ ਆਬਾਦੀ ਤੱਕ ਪਹੁੰਚ ਕੀਤੀ ਜਾ ਸਕਦੀ ਹੈ। ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਵਿਖੇ ਇਸ ਖੇਤਰ ਵਿੱਚ ਨਵੇਂ ਕੰਮ ਸ਼ੁਰੂ ਕਰਨ ਵਾਲਿਆਂ ਦੀ ਦੇਖਭਾਲ ਲਈ ਇੱਕ ਪਸ਼ੂਧਨ ਕਾਰੋਬਾਰ ਇਨਕਿਊਬੇਸ਼ਨ ਸੈਂਟਰ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿੱਚ ਉੱਦਮੀਆਂ ਦੇ ਵਿਚਾਰਾਂ ਨੂੰ ਸੰਬੰਧਿਤ ਤਕਨੀਕੀ ਸਹਾਇਤਾ ਨਾਲ ਸਲਾਹ ਦਿੱਤੀ ਜਾਵੇ।

10. **ਪਸ਼ੂ ਰਹਿੰਦ-ਖੂੰਹਦ ਪ੍ਰਬੰਧ ਅਤੇ ਵਾਤਾਵਰਨ ਸੁਹਿਰਦ ਊਰਜਾ (Green Energy):** ਵਪਾਰਕ ਡੇਅਰੀ ਫ਼ਾਰਮ, ਗਊਸ਼ਾਲਾਵਾਂ, ਅਵਾਰਾ ਗਾਵਾਂ ਲਈ ਬਣੇ ਫ਼ਾਰਮ (Cattle Pounds), ਸੂਰ ਫ਼ਾਰਮ, ਪੋਲਟਰੀ ਫ਼ਾਰਮ, ਬੱਕਰੀ ਫ਼ਾਰਮ, ਮੱਛੀ ਫ਼ਾਰਮ ਆਦਿ ਨੂੰ ਰਹਿੰਦ-ਖੂੰਹਦ ਸੰਭਾਲ ਲਈ ਤਕਨੀਕੀ ਸਹਾਇਤਾ ਦੇ ਨਾਲ-ਨਾਲ ਵਿੱਤੀ ਸਹਾਇਤਾ ਵੀ ਦਿੱਤੀ ਜਾਵੇ। ਵੱਡੇ ਫਾਰਮਾਂ/ਗਊਸ਼ਾਲਾਵਾਂ ਅਤੇ ਭਾਈਚਾਰਕ ਅਧਾਰਿਤ ਬਾਇਓਗੈਸ ਪਲਾਂਟਾਂ ਨੂੰ ਲਾਜ਼ਮੀ ਬਣਾਇਆ ਜਾਵੇ ਅਤੇ ਵਿੱਤੀ ਤੌਰ 'ਤੇ ਸਹਿਯੋਗ ਦਿੱਤਾ ਜਾਵੇ। ਪਿੰਡ ਦੇ ਨੌਜਵਾਨਾਂ ਨੂੰ ਵਰਮੀਕੰਪੋਸਟ ਦੇ ਉਤਪਾਦਨ ਲਈ ਕਿੱਤਾ ਮੁਖੀ ਸਿਖਲਾਈ ਦਿੱਤੀ ਜਾਵੇ। ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ (ਮਨਰੇਗਾ) ਸਕੀਮ ਅਧੀਨ ਕਾਮਿਆਂ ਨੂੰ ਭਾਈਚਾਰਕ ਅਧਾਰਿਤ ਬਾਇਓਗੈਸ ਪਲਾਂਟ ਅਤੇ ਵਰਮੀਕੰਪੋਸਟ ਯੂਨਿਟ ਚਲਾਉਣ ਵਿੱਚ ਲਗਾਇਆ ਜਾ ਸਕਦਾ ਹੈ।

ਸੂਰਜੀ ਊਰਜਾ ਇੱਕ ਸਾਫ਼ ਅਤੇ ਸੁਹਿਰਦ ਸਰੋਤ ਹੈ ਜੋ ਕਿ ਬਿਜਲੀ 'ਤੇ ਨਿਰਭਰਤਾ ਨੂੰ ਘਟਾ ਕੇ ਅਤੇ ਸੌਰ ਊਰਜਾ ਦੀ ਵਰਤੋਂ ਨੂੰ ਉਤਸ਼ਾਹਿਤ ਕਰਕੇ ਪਸ਼ੂ-ਅਧਾਰਿਤ ਕਿੱਤੇ ਨੂੰ ਲਾਭ ਪਹੁੰਚਾਉਂਦਾ ਹੈ। ਨਵੇਂ ਅਤੇ ਮੌਜੂਦਾ ਪਸ਼ੂ ਫ਼ਾਰਮਾਂ, ਖਾਸ ਕਰਕੇ ਮੱਛੀ ਫ਼ਾਰਮਾਂ ਨੂੰ ਸੋਲਰ ਪੈਨਲ ਦਿੱਤੇ ਜਾਣ ਤਾਂ ਜੋ ਉਨ੍ਹਾਂ ਦੀ ਬਿਜਲੀ 'ਤੇ ਨਿਰਭਰਤਾ ਘੱਟ ਹੋ ਸਕੇ।

11. **ਪਸ਼ੂਧਨ ਵਿਕਾਸ ਫ਼ੰਡ ਦੀ ਸਿਰਜਣਾ**: ਪੰਜਾਬ ਵਿੱਚ ਪਸ਼ੂਧਨ ਦੇ ਵਿਕਾਸ ਲਈ ਇੱਕ ਫ਼ੰਡ ਸਥਾਪਿਤ ਕੀਤਾ ਜਾਵੇ ਜਿਸ ਤਹਿਤ 10000 ਲੀਟਰ ਤੋਂ ਵੱਧ ਪ੍ਰਤੀ ਦਿਨ ਦੁੱਧ ਦੀ ਪ੍ਰੋਸੈਸਿੰਗ ਕਰਨ ਵਾਲੇ ਅਦਾਰਿਆਂ ਤੋਂ ਪ੍ਰਤੀ ਲਿਟਰ 10 ਪੈਸੇ, ਅਤੇ ਪ੍ਰਤੀ ਦਿਨ 5000 ਜਾਂ ਇਸ ਤੋਂ ਵੱਧ ਮੀਟ ਵਾਲੇ ਪੰਛੀਆਂ ਨੂੰ ਝਟਕਾਉਣ ਵਾਲੇ ਅਦਾਰਿਆਂ ਤੋਂ ਪ੍ਰਤੀ ਪੰਛੀ 10 ਪੈਸੇ, ਅਤੇ ਸੰਗਠਿਤ ਬੁੱਚੜਖਾਨਿਆਂ ਵਿੱਚ ਝਟਕਾਈਆਂ ਗਈਆਂ ਮੱਝਾਂ ਲਈ 100 ਰੁਪਏ ਪ੍ਰਤੀ ਮੱਝ ਸੈੱਸ ਵਸੂਲਿਆ ਜਾਵੇ। ਇਸ ਫ਼ੰਡ ਦੀ ਵਰਤੋਂ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਰਾਹੀਂ ਖੋਜ, ਵਿਕਾਸ, ਪ੍ਰਸਾਰ ਅਤੇ ਸਿਖਲਾਈ ਗਤੀਵਿਧੀਆਂ ਲਈ ਅਤੇ ਬਜ਼ਾਰ ਦੀ ਅਸਥਿਰਤਾ ਅਤੇ ਕੀਮਤ ਸਥਿਰਤਾ ਨਾਲ ਨਜਿੱਠਣ ਲਈ ਕੀਤੀ ਜਾਣੀ ਚਾਹੀਦੀ ਹੈ।

## 7.2 ਡੇਅਰੀ ਕਿੱਤਾ

ਸਾਲ 2015-16 ਦੌਰਾਨ ਸੂਬੇ ਵਿੱਚ 10.77 ਮਿਲੀਅਨ ਟਨ ਦੁੱਧ ਦਾ ਉਤਪਾਦਨ ਹੋਇਆ ਸੀ, ਜਿਸ ਵਿੱਚ, 2021-22 ਦੌਰਾਨ ਵੱਧ ਕੇ 14.07 ਮਿਲੀਅਨ ਟਨ ਹੋਣ ਨਾਲ, 30.64 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਗਿਆ। ਦੁੱਧ ਦੇ ਉਤਪਾਦਨ ਵਿੱਚ ਇਸ ਤੇਜ਼ੀ ਨਾਲ ਵਾਧੇ ਨੇ ਪੰਜਾਬ ਨੂੰ ਪ੍ਰਤੀ ਵਿਅਕਤੀ ਦੁੱਧ ਦੀ ਉਪਲਬਧਤਾ ਵਿੱਚ ਸਿਖਰ 'ਤੇ ਪਹੁੰਚਾਇਆ ਹੈ, ਹਾਲਾਂਕਿ ਇਸ ਸਮੇਂ ਦੌਰਾਨ ਕੋਈ ਵੱਡੀ ਸਰਕਾਰੀ ਸਹਾਇਤਾ/ਸਕੀਮ ਲਾਗੂ ਨਹੀਂ ਕੀਤੀ ਗਈ ਸੀ।

**ਵਿਸ਼ੇਸ ਧਿਆਨਯੋਗ ਨੁਕਤੇ**

- ਕੁਲੀਨ ਡੇਅਰੀ ਜਾਨਵਰਾਂ ਦੇ ਨਾਲ ਪੰਜਾਬ ਨੂੰ 'ਬਰੀਡਰ ਸਟੇਟ' ਵਜੋਂ ਸਥਾਪਿਤ ਕੀਤਾ ਜਾਵੇ
- ਮੱਝ ਨੂੰ ਤਰਜੀਹੀ ਡੇਅਰੀ ਜਾਨਵਰ ਵਜੋਂ ਉਤਸ਼ਾਹਿਤ ਕੀਤਾ ਜਾਵੇ
- ਵਿਗਿਆਨਕ, ਮਸ਼ੀਨੀ ਅਤੇ ਸਟੀਕ ਡੇਅਰੀ ਫ਼ਾਰਮਿੰਗ
- ਜਲਵਾਯੂ ਸਮਾਰਟ ਡੇਅਰੀ
- ਅਵਾਰਾ ਪਸ਼ੂ ਪ੍ਰਬੰਧਨ
- ਡੇਅਰੀ ਉਤਪਾਦਾਂ/ਮੀਟ ਦੀ ਕਦਰ ਵਧਾਈ

**ਨੀਤੀ ਸੰਬੰਧੀ ਸਿਫਾਰਿਸ਼ਾਂ**

1. **ਡੇਅਰੀ ਕਿੱਤੇ ਲਈ 'ਬਰੀਡਰ ਸੂਬੇ' ਵਜੋਂ ਵਿਕਸਤ ਕਰਨਾ:** ਪੰਜਾਬ ਰਾਜ ਨੇ ਮੁਲਕ ਭਰ ਵਿੱਚੋਂ ਮੱਝਾਂ ਦੀਆਂ ਸਭ ਤੋਂ ਵਧੀਆ ਨਸਲਾਂ ਜਿਵੇਂ ਮੁਰ੍ਹਾ ਅਤੇ ਨੀਲੀ-ਰਾਵੀ ਅਤੇ ਗਾਂਵਾਂ ਦੀਆਂ ਹੋਲਸਟਾਈਨ ਫ਼ਰੀਜ਼ੀਅਨ (HF), ਜਰਸੀ, ਸਾਹੀਵਾਲ ਅਤੇ ਦੋਗਲੀਆਂ ਗਊਆਂ ਅਤੇ ਬੱਕਰੀ ਦੀ ਬੀਟਲ ਨਸਲ ਵਰਗੇ ਪਸ਼ੂ ਵਿਕਸਤ ਕੀਤੇ ਹਨ ਤਾਂ ਜੋ ਦੇਸ਼ ਵਿੱਚ ਡੇਅਰੀ ਪਸ਼ੂਆਂ ਦੀਆਂ ਸਾਰੀਆਂ ਸ਼੍ਰੇਣੀਆਂ ਵਿੱਚ ਉਤਪਾਦਕਤਾ ਸਿਰੇ 'ਤੇ ਲਿਜਾਈ ਜਾ ਸਕੇ। ਪੰਜਾਬ ਦੇ ਪਸ਼ੂ ਪਾਲਕਾਂ ਨੇ ਨਿੱਜੀ ਪੱਧਰ 'ਤੇ ਅਤੇ ਅਗਾਂਹਵਧੂ ਕਿਸਾਨ ਜਥੇਬੰਦੀਆਂ ਰਾਹੀਂ, ਵੱਡੇ ਨਿਵੇਸ਼ ਰਾਹੀਂ, ਵਧੀਆ ਨਸਲ ਦੀਆਂ ਮੁਰ੍ਹਾ ਮੱਝਾਂ ਅਤੇ ਵਿਦੇਸ਼ੀ ਗਾਂਵਾਂ ਦੀ ਖਰੀਦ ਕਰਕੇ ਅੱਗੇ ਚੰਗੀਆਂ ਨਸਲਾਂ ਵਿਕਸਤ ਕੀਤੀਆਂ ਹਨ। ਡੇਅਰੀ ਫ਼ਾਰਮ ਲਈ ਆਧੁਨਿਕ ਸ਼ੈੱਡ, ਦੁੱਧ ਚੁਆਈ ਵਾਲੀਆਂ ਮਸ਼ੀਨਾਂ/ਪਾਰਲਰ, TMR ਮਸ਼ੀਨਾਂ (Total Mixed Ration Wagon), ਚਾਰਾ ਕੁਤਰਨ ਦੀਆਂ ਮਸ਼ੀਨਾਂ ਅਤੇ ਵਾਢੀ ਦੀਆਂ ਮਸ਼ੀਨਾਂ ਆਦਿ ਲਈ ਮਿਲਣ ਵਾਲੀ ਸਰਕਾਰੀ ਸਹਾਇਤਾ ਨੇ ਵਪਾਰਕ ਡੇਅਰੀ ਫ਼ਾਰਮਿੰਗ ਨੂੰ ਉਤਸ਼ਾਹਿਤ ਕੀਤਾ ਜਿਸ ਨੂੰ ਅੱਗੇ ਹੋਰ ਮਜ਼ਬੂਤ ਕਰਨ ਦੀ ਲੋੜ ਹੈ ਤਾਂ ਜੋ ਪੰਜਾਬ ਦੀ 'ਬਰੀਡਰ ਸੂਬੇ' ਵਜੋਂ ਸਥਿਤੀ ਨੂੰ ਹੋਰ ਵੀ ਮਜ਼ਬੂਤ ਕੀਤਾ ਜਾ ਸਕੇ। ਇਸ ਮਕਸਦ ਲਈ, ਬਕਾਇਦਾ ਮਹੀਨਾਵਾਰ ਬਲਾਕ ਪੱਧਰੀ ਦੁੱਧ ਦਾ ਰਿਕਾਰਡਿੰਗ ਚੈਂਪੀਅਨਸ਼ਿਪਾਂ ਰਾਹੀਂ, ਪਸ਼ੂ ਪਾਲਕਾਂ ਦੁਆਰਾ ਦੁੱਧ ਰਿਕਾਰਡ ਰੱਖਣ ਨੂੰ ਉਤਸ਼ਾਹਿਤ ਕਰਨ ਰਾਹੀਂ, ਉਮਦਾ ਨਸਲ ਦੇ ਪਸ਼ੂਆਂ ਅਤੇ ਸਾਨ੍ਹਾਂ ਦੀ ਚੋਣ ਰਾਹੀਂ ਬਰੀਡਰ ਸੰਸਥਾਵਾਂ/ਐਸੋਸੀਏਸ਼ਨਾਂ ਨੂੰ ਮਜ਼ਬੂਤ ਕੀਤਾ ਜਾਵੇ। ਸਾਨ੍ਹਾਂ ਦੀ ਚੋਣ ਅਤੇ ਸੰਤਾਨ ਟੈਸਟਿੰਗ ਪ੍ਰੋਗਰਾਮ ਦੀ ਸ਼ੁਰੂਆਤ ਲਈ ਉਹਨਾਂ ਵਪਾਰਕ ਡੇਅਰੀ ਪਸ਼ੂ ਪਾਲਕਾਂ ਨੂੰ ਸ਼ਾਮਿਲ ਕੀਤਾ ਜਾਣਾ ਚਾਹੀਦਾ ਜਿਨ੍ਹਾਂ ਕੋਲ ਮਿਲਕਿੰਗ ਪਾਰਲਰ ਸਾਫ਼ਟਵੇਅਰ ਦੀ ਸਹੂਲਤ ਹੋਵੇ। ਵੱਧ ਦੁੱਧ ਪੈਦਾਵਾਰ ਵਾਲੇ ਪਸ਼ੂਆਂ ਦੀ ਪਛਾਣ ਕੀਤੀ ਜਾਵੇ ਅਤੇ ਉਨ੍ਹਾਂ ਦੇ ਮਾਲਕਾਂ ਨੂੰ ਵੀ ਪ੍ਰੋਤਸਾਹਨ ਦਿੱਤਾ ਜਾਵੇ। ਇਨ-ਵਿਟ੍ਰੋ ਫ਼ਰਟੀਲਾਈਜ਼ੇਸ਼ਨ (IVF), ਭਰੂਣ ਤਬਾਦਲਾ ਵਿਧੀ (ETT) ਵਰਗੀਆਂ ਤਕਨੀਕਾਂ ਦੀ ਵਰਤੋਂ ਰਾਹੀਂ ਇਹਨਾਂ ਉਮਦਾ ਨਸਲ ਦੇ ਪਸ਼ੂਆਂ ਦੇ ਗੁਣਾ ਨੂੰ ਵੱਧ ਤੋਂ ਵੱਧ ਅਗਲੀ ਪੀੜ੍ਹੀ ਦੇ ਪਸ਼ੂਆਂ ਵਿੱਚ ਲਿਜਾਇਆ ਜਾਵੇ। ਪਸ਼ੂ ਪਾਲਣ ਵਿਭਾਗ ਅਤੇ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਵੱਲੋਂ ਬਰੀਡਰ ਐਸੋਸੀਏਸ਼ਨਾਂ ਦੇ ਸਹਿਯੋਗ ਨਾਲ ਹਰਡ ਬੁੱਕ (Herd Book) ਸ਼ੁਰੂ ਕੀਤੀ ਜਾਵੇ। ਸਰਕਾਰ ਨੂੰ ਗਾਂਵਾਂ, ਮੱਝਾਂ ਅਤੇ ਬੱਕਰੀਆਂ ਦੀਆਂ ਵੱਖ-ਵੱਖ ਨਸਲਾਂ ਲਈ ਜੀਨ ਪੱਧਰੀ ਚੋਣ (Genomic Selection) ਨੂੰ ਮਿਆਰੀ ਬਣਾਉਣ ਲਈ ਖੋਜ ਵਿੱਚ ਨਿਵੇਸ਼ ਕਰਨਾ ਚਾਹੀਦਾ ਹੈ ਅਤੇ ਇਸ ਦੇ ਨਾਲ ਹੀ ਇਸ ਦੇ ਵਿਆਪਕ ਉਪਯੋਗ ਲਈ ਹਾਲ ਹੀ ਵਿੱਚ ਵਿਕਸਿਤ ਪੇਰੇਂਟੇਜ ਵੈਰੀਫਿਕੇਸ਼ਨ ਟੈਕਨੋਲੋਜੀ (Parentage Verification Technology) ਦੀ ਵਰਤੋਂ ਕਰਨੀ ਚਾਹੀਦੀ ਹੈ। ਉਮਦਾ ਸਾਨ੍ਹਾਂ ਦੇ ਸੀਮਨ ਦੀ ਉਪਲਬਧਤਾ ਲਈ ਸੀਮਨ ਉਤਪਾਦਨ ਅਤੇ ਮੰਡੀਕਰਨ ਨੂੰ ਨਿਯੰਤਰਣ ਕੀਤਾ ਜਾਣਾ ਚਾਹੀਦਾ ਹੈ।

2. **ਮੱਝਾਂ ਨੂੰ ਤਰਜੀਹੀ ਡੇਅਰੀ ਪਸ਼ੂ ਵਜੋਂ ਉਤਸ਼ਾਹਿਤ ਕਰਨਾ**: ਉਮਦਾ ਨਸਲ ਦੀਆਂ ਮੱਝਾਂ ਭਾਰਤੀ ਉਪ-ਮਹਾਂਦੀਪ ਮੂਲ ਦੀਆਂ ਹਨ ਜੋ ਵਿਦੇਸ਼ੀ ਗਾਵਾਂ ਨਾਲੋਂ ਪ੍ਰਚਲਿਤ ਬਿਮਾਰੀਆਂ ਪ੍ਰਤੀ ਵਧੇਰੇ ਰੋਧਕ ਹਨ, ਉੱਚ ਪੌਸ਼ਟਿਕ ਗੁਣਵੱਤਾ ਵਾਲਾ ਦੁੱਧ ਪੈਦਾ ਕਰਦੀਆਂ ਹਨ ਅਤੇ ਫੰਡਰ ਹੋਣ 'ਤੇ ਵੀ ਚੰਗਾ ਮੁੱਲ ਦੇ ਜਾਂਦੀਆਂ ਹਨ, ਇਸੇ ਕਰਕੇ ਗਲੀਆਂ ਵਿੱਚ ਅਵਾਰਾ ਮੱਝਾਂ ਵਿਖਾਈ ਨਹੀਂ ਦਿੰਦੀਆਂ। ਮੱਝ ਦੇ ਦੁੱਧ ਨੂੰ ਨਾ ਸਿਰਫ ਰਿਵਾਇਤੀ ਮਿਠਾਈਆਂ ਬਣਾਉਣ ਲਈ ਤਰਜੀਹ ਦਿੱਤੀ ਜਾਂਦੀ ਹੈ, ਬਲਕਿ ਮੱਝ ਪਾਲਣ ਨੂੰ ਆਰਥਿਕ ਤੌਰ 'ਤੇ ਲਾਭਕਾਰੀ ਬਣਾਉਣ ਲਈ ਬਿਹਤਰ ਕੀਮਤ ਪ੍ਰਾਪਤੀ ਲਈ ਮੋਜ਼ਰੇਲਾ ਪਨੀਰ ਅਤੇ ਘਿਓ ਵਰਗੇ ਉੱਚ ਮੁੱਲ ਵਾਲੇ ਉਤਪਾਦਾਂ ਨੂੰ ਵੀ ਤਰਜੀਹ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਮੱਝ ਦੇ ਦੁੱਧ ਵਿੱਚ ਠੋਸ ਪਦਾਰਥ ਜ਼ਿਆਦਾ ਹੋਣ ਕਰਕੇ ਇਸ ਦੀ ਢੋਆ-ਢੁਆਈ ਦੀ ਸਮਰੱਥਾ ਗਊ ਦੇ ਦੁੱਧ ਦੀ ਤੁਲਨਾ ਵਿੱਚ 40 ਫ਼ੀਸਦੀ ਵੱਧ ਹੈ। ਪੰਜਾਬ ਮੱਝਾਂ ਦਾ ਮੀਟ ਪੈਦਾ ਕਰਨ ਵਾਲੇ ਮੂਹਰਲੇ ਸੂਬਿਆਂ ਵਿੱਚੋਂ ਇੱਕ ਹੈ, ਜਿਸ ਦੇ ਪੰਜ ਅਤਿ-ਆਧੁਨਿਕ ਬਰਾਮਦ ਅਧਾਰਿਤ ਬੁੱਚੜਖਾਨੇ ਹਨ, ਜਿੱਥੋਂ ਦੱਖਣ-ਪੂਰਬੀ ਏਸ਼ੀਆਈ ਰਾਸ਼ਟਰਾਂ ਦੀ ਐਸੋਸੀਏਸ਼ਨ (ASEAN) ਅਤੇ ਮੱਧ-ਪੂਰਬੀ ਦੇਸ਼ਾਂ ਨੂੰ ਮੀਟ ਬਰਾਮਦ ਹੁੰਦਾ ਹੈ। ਰਾਜ ਨੂੰ ਉਮਰ ਹੰਢਾਅ ਚੁੱਕੇ ਮੱਝਾਂ/ਸਾਨ੍ਹਾਂ ਤੋਂ ਮੀਟ ਪ੍ਰਾਪਤ ਕਰਨ ਵਾਲੇ ਯੂਨਿਟਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ, ਜੋ ਪੇਂਡੂ ਖੇਤਰਾਂ ਵਿੱਚ ਵਧੀਆ ਰੁਜ਼ਗਾਰ ਪੈਦਾ ਕਰ ਸਕਦੇ ਹਨ।

3. **ਵਿਗਿਆਨਕ, ਮਸ਼ੀਨੀ ਅਤੇ ਸਟੀਕ ਡੇਅਰੀ ਫ਼ਾਰਮਿੰਗ**: ਵਾਤਾਵਰਨ ਅਨੁਕੂਲ ਸ਼ੈੱਡਾਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਜੋ ਦੁੱਧ ਉਤਪਾਦਨ ਵਧਾਉਣ ਅਤੇ ਫ਼ਾਰਮ 'ਤੇ ਬਿਮਾਰੀਆਂ ਨੂੰ ਘਟਾਉਣ ਵਿੱਚ ਸਹਾਇਕ ਹੋਣਗੇ। ਕਾਮਿਆਂ ਦੀ ਘਾਟ ਨੂੰ ਦੂਰ ਕਰਨ ਲਈ ਘੱਟ ਲਾਗਤ ਵਾਲੀਆਂ ਮਸ਼ੀਨਾਂ/ਉਪਕਰਣਾਂ ਦੇ ਵਿਕਾਸ ਅਤੇ ਨਿਰਮਾਣ ਰਾਹੀਂ ਛੋਟੇ ਫ਼ਾਰਮਾਂ (20-50 ਪਸ਼ੂ) ਦੇ ਮਸ਼ੀਨੀਕਰਨ ਨੂੰ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ। ਵੱਡੇ ਡੇਅਰੀ/ਸਹਾਇਕ ਮਸ਼ੀਨਰੀ ਦੇ ਵਿਕਾਸ ਅਤੇ ਵਰਤੋਂ ਲਈ ਸਮੂਹ ਅਧਾਰਿਤ ਪਹੁੰਚ ਦਾ ਸਮਰਥਨ ਕੀਤਾ ਜਾਣਾ ਚਾਹੀਦਾ ਹੈ।

    ਪੰਜਾਬ ਨੇ ਡੇਅਰੀ ਫ਼ਾਰਮਿੰਗ ਲਈ ਮਸ਼ੀਨਾਂ ਦੇ ਨਿਰਮਾਣ ਲਈ ਉਦਯੋਗ ਦੇ ਨਾਲ ਵਪਾਰਕ ਡੇਅਰੀ ਫਾਰਮਿੰਗ ਦੀ ਅਗਵਾਈ ਕੀਤੀ ਹੈ। ਸੂਬੇ ਵਿੱਚ ਟੋਟਲ ਮਿਕਸਡ ਰਾਸ਼ਨ ਵੈਗਨ (TMR), ਸਕ੍ਰੈਪਰ, ਬੇਲਰ, ਚਾਰਾ ਹਾਰਵੈਸਟਰ ਆਦਿ ਮਸ਼ੀਨਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਘੱਟ ਲਾਗਤ ਵਾਲੀ ਡੇਅਰੀ ਮਸ਼ੀਨਰੀ ਨੂੰ ਸੀਮਾਂਤ ਅਤੇ ਛੋਟੇ ਕਿਸਾਨਾਂ ਦੀਆਂ ਜਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਪਨਾਉਣ-ਕੇਂਦਰਿਤ ਪਹੁੰਚ ਨਾਲ ਵਿਕਸਤ ਕੀਤਾ ਜਾਣਾ ਚਾਹੀਦਾ ਹੈ। ਅਜਿਹੇ ਉਦਯੋਗਾਂ ਨੂੰ ਆਪਣੇ ਕੰਮਕਾਜ ਨੂੰ ਹੋਰ ਵਧਾ ਕੇ ਡੇਅਰੀ ਮਸ਼ੀਨਰੀ ਦੇ ਨਿਰਯਾਤ ਲਈ ਢੁਕਵੇਂ ਪ੍ਰੋਤਸਾਹਨ ਦੇ ਨਾਲ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

    ਮਸ਼ੀਨੀਕਰਨ ਤੋਂ ਇਲਾਵਾ, ਡੇਅਰੀ ਦਾ ਭਵਿੱਖ ਮਸ਼ੀਨੀ ਬੁੱਧੀਮਤਾ (AI) ਦੀ ਅਗਵਾਈ ਵਾਲੀ ਸਟੀਕ ਫ਼ਾਰਮਿੰਗ ਅਤੇ ਆਟੋਮੇਸ਼ਨ ਅਪਣਾਉਣ 'ਤੇ ਨਿਰਭਰ ਕਰਦਾ ਹੈ। ਜਲਵਾਯੂ ਨਿਯੰਤਰਣ, ਰੋਗਾਂ ਦੀ ਨਿਗਰਾਨੀ, ਪ੍ਰਜਨਣ ਅਤੇ ਸਿਹਤ ਪ੍ਰਬੰਧਨ, ਉਤਪਾਦਕ ਪ੍ਰਦਰਸ਼ਨ ਅਤੇ ਖੁਰਾਕ ਲਈ ਅਜਿਹੀਆਂ ਤਕਨੀਕਾਂ ਅੰਤਰਰਾਸ਼ਟਰੀ ਬਜ਼ਾਰ ਵਿੱਚ ਉਪਲਬਧ ਹਨ ਪਰ ਉੱਚ-ਲਾਗਤ ਦੇ ਕਾਰਨ ਸਥਾਨਕ ਫ਼ਾਰਮਾਂ ਦੁਆਰਾ ਉਨ੍ਹਾਂ ਨੂੰ ਬਹੁਤ ਘੱਟ ਅਪਣਾਇਆ ਗਿਆ ਹੈ। ਇਨ੍ਹਾਂ ਤਕਨੀਕਾਂ ਨੂੰ ਮੁਲਕ ਵਿੱਚ ਵਿਕਸਤ ਕਰਕੇ ਇਨ੍ਹਾਂ ਦੀ ਲਾਗਤ ਨੂੰ ਔਸਤ ਵਪਾਰਕ ਫ਼ਾਰਮਾਂ ਦੀ ਪਹੁੰਚ ਵਿੱਚ ਲਿਆਉਣ ਦੀ ਲੋੜ ਹੈ ਅਤੇ ਇਸ ਤੋਂ ਇਲਾਵਾ ਖਿੰਡੇ ਹੋਏ ਛੋਟੇ ਅਤੇ ਦਰਮਿਆਨੇ ਕਿਸਾਨਾਂ ਦੇ ਵੀ ਯੋਗ ਬਣਾਉਣ ਦੀ ਲੋੜ ਹੈ।

4. **ਵਾਤਾਵਰਨ ਸੁਹਿਰਦ ਡੇਅਰੀ ਫ਼ਾਰਮਿੰਗ**: ਭਾਰਤੀ ਪਸ਼ੂਆਂ ਨੂੰ ਅਕਸਰ ਜ਼ਿਆਦਾ ਗ੍ਰੀਨ-ਹਾਊਸ ਗੈਸਾਂ ਦੇ ਨਿਕਾਸ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਸੂਬੇ ਨੂੰ ਪ੍ਰਤੀ ਕਿੱਲੋ ਦੁੱਧ ਜਾਂ ਦੁੱਧ ਦੇ ਠੋਸ ਪਦਾਰਥ ਪੈਦਾ ਕਰਨ 'ਤੇ ਘੱਟ ਮੀਥੇਨ ਨਿਕਾਸ ਵੱਲ ਧਿਆਨ ਦੇਣਾ ਚਾਹੀਦਾ ਹੈ। ਪ੍ਰਤੀ ਇਕਾਈ ਦੁੱਧ ਉਤਪਾਦਨ ਪਿੱਛੇ ਮੀਥੇਨ ਨਿਕਾਸ ਨੂੰ ਘੱਟ ਕਰਨ ਲਈ, ਕੁਸ਼ਲਤਾ ਨਾਲ ਦੁੱਧ ਪੈਦਾ ਕਰਨ ਲਈ ਨਸਲ ਸੁਧਾਰ, ਸੰਤੁਲਿਤ ਰਾਸ਼ਨ, ਮਲ-ਮੂਤਰ ਪ੍ਰਬੰਧ,

ਫ਼ੀਡ ਐਡੀਟਿਵ ਅਤੇ ਜਲਵਾਯੂ ਅਨੁਕੂਲ ਸ਼ੈੱਡਾਂ ਵਰਗੀਆਂ ਤਕਨੀਕਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ। ਪੰਜਾਬ ਨੂੰ ਵਾਤਾਵਰਨ ਦੀ ਸੰਭਾਲ ਅਤੇ ਦੁੱਧ ਉਤਪਾਦਨ ਦੀ ਕੁਸ਼ਲ ਪ੍ਰਣਾਲੀ ਲਈ ਡੇਅਰੀ ਪਸ਼ੂਆਂ ਦੀ ਗਿਣਤੀ ਘਟਾਉਣ ਲਈ ਵੀ ਯਤਨ ਕਰਨੇ ਚਾਹੀਦੇ ਹਨ। ਵਧੀਆ ਆਰਥਿਕ ਕਾਰਗੁਜ਼ਾਰੀ ਲਈ ਪਰਿਵਾਰਕ ਫਾਰਮਾਂ ਨੂੰ ਘੱਟੋ-ਘੱਟ 10 ਗਾਂਵਾਂ ਜਾਂ ਮੱਝਾਂ ਲਈ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ। ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਹੋਰ ਪਸ਼ੂ ਕਿੱਤਿਆਂ ਜਿਵੇਂ ਕਿ ਬੱਕਰੀ, ਭੇਡਾਂ ਅਤੇ ਰਿਵਾਇਤੀ/ਬੈਕਯਾਰਡ ਪੋਲਟਰੀ ਪਾਲਣ ਵੱਲ ਲਿਜਾਇਆ ਜਾ ਸਕਦਾ ਹੈ।

5. **ਅਵਾਰਾ ਪਸ਼ੂਆਂ ਦਾ ਪ੍ਰਬੰਧ**: ਸੂਬੇ ਵਿੱਚ ਪਸ਼ੂਆਂ ਦੀ ਬਦਲੀ ਹੋਈ ਸਰੰਚਨਾ ਨੂੰ ਧਿਆਨ ਵਿੱਚ ਰੱਖਦੇ ਹੋਏ ਰਾਜ ਦੇ ਅਵਾਰਾ ਪਸ਼ੂਆਂ ਲਈ ਕਾਨੂੰਨ ਵਿੱਚ ਸੋਧ ਕਰਨ ਦੀ ਲੋੜ ਹੈ। ਗਊ ਹੱਤਿਆ ਉੱਪਰ ਰੋਕ ਲਗਾਉਣ ਲਈ ਮੌਜੂਦਾ ਐਕਟ 1956 ਵਿੱਚ ਬਣਾਇਆ ਗਿਆ ਸੀ ਜਦੋਂ ਸਿਰਫ਼ ਦੇਸੀ ਗਾਂਵਾਂ (ਬੋਸ ਇੰਡੀਕਸ) ਪਾਲੀਆਂ ਜਾਂਦੀਆਂ ਸਨ। ਬਾਅਦ ਵਿੱਚ, 1970 ਦੇ ਦਹਾਕੇ ਵਿੱਚ, ਇੱਕ ਹੋਰ ਨਸਲ ਦੀਆਂ ਵਿਦੇਸ਼ੀ ਗਾਂਵਾਂ (ਬੋਸ ਟੌਰਸ) ਲਿਆਂਦੀਆਂ ਗਈਆਂ ਅਤੇ ਇਹਨਾਂ ਤੋਂ ਦੋਗਲੀਆਂ ਕਿਸਮਾਂ ਦੀ ਉੱਤਪਤੀ ਵੀ ਹੋਈ। ਪੰਜਾਬ ਵਿੱਚ ਇਸ ਵੇਲੇ ਜ਼ਿਆਦਾਤਰ ਅਵਾਰਾ ਪਸ਼ੂ ਵਿਦੇਸ਼ੀ ਨਸਲ (ਬੌਸ ਟੌਰਸ) ਦੇ ਹਨ। ਇਸ ਲਈ ਝਟਕਾਉਂਣ ਤੋਂ ਕਾਨੂੰਨੀ ਸੁਰੱਖਿਆ ਸਿਰਫ਼ ਦੇਸੀ ਗਾਂਵਾਂ (ਭਾਵ ਬੋਸ ਇੰਡੀਕਸ) ਨੂੰ ਹੀ ਮਿਲਣੀ ਚਾਹੀਦੀ ਹੈ। ਨੈਸ਼ਨਲ ਹਾਈਵੇ ਅਥਾਰਟੀ/ਟੌਲ ਪਲਾਜ਼ਾ ਦੇ ਅਧਿਕਾਰੀਆਂ ਨੂੰ ਚਾਹੀਦਾ ਹੈ ਕਿ ਉਹ ਸੜਕਾਂ ਨੂੰ ਅਵਾਰਾ ਪਸ਼ੂਆਂ ਤੋਂ ਮੁਕਤ ਕਰਨ ਲਈ ਢੁੱਕਵੀਂ ਵਾੜ ਲਗਾ ਕੇ ਅਤੇ ਟੌਲ ਪਲਾਜ਼ਿਆਂ ਨੇੜੇ ਅਵਾਰਾ ਪਸ਼ੂਆਂ ਦੇ ਆਵਾਸ ਵਿਕਸਤ ਕਰਕੇ ਸੜਕਾਂ ਨੂੰ ਅਵਾਰਾ ਪਸ਼ੂਆਂ ਤੋਂ ਮੁਕਤ ਕਰਨ। ਪ੍ਰਾਈਵੇਟ/NGO ਵੱਲੋਂ ਚਲਾਈਆਂ ਜਾ ਰਹੀਆਂ ਗਊਸ਼ਾਲਾਵਾਂ ਨੂੰ ਸ਼ੁਰੂਆਤੀ ਬਜਟ ਵਿਵਸਥਾਵਾਂ ਨਾਲ ਸਵੈ-ਨਿਰਭਰ ਬਣਾਇਆ ਜਾਵੇ ਤਾਂ ਜੋ ਅਵਾਰਾ ਪਸ਼ੂਆਂ ਨੂੰ ਸੜਕਾਂ ਅਤੇ ਮਨੁੱਖੀ ਰਿਹਾਇਸ਼ਾਂ ਤੋਂ ਹਟਾਇਆ ਜਾ ਸਕੇ। ਪਸ਼ੂ ਮੇਲਿਆਂ ਤੋਂ ਹੋਣ ਵਾਲੇ ਮਾਲੀਏ ਦੀ ਵਰਤੋਂ ਅਵਾਰਾ ਪਸ਼ੂਆਂ ਦੇ ਪ੍ਰਬੰਧ ਲਈ ਵੀ ਕੀਤੀ ਜਾਵੇ। ਅਵਾਰਾ ਪਸ਼ੂਆਂ ਦੇ ਪ੍ਰਬੰਧ ਲਈ ਮਜ਼ਦੂਰਾਂ ਨੂੰ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਐਕਟ (ਮਨਰੇਗਾ) ਸਕੀਮ ਅਧੀਨ ਮਜ਼ਦੂਰਾਂ ਨੂੰ ਕੰਮ ਕਰਨ ਦੀ ਆਗਿਆ ਵੀ ਦਿੱਤੀ ਜਾਵੇ। ਪ੍ਰਜਨਣ ਰੋਗ, ਥਨੈਲਾ ਰੋਗ ਅਤੇ ਹੋਰ ਬਿਮਾਰੀਆਂ ਜੋ ਡੇਅਰੀ ਪਸ਼ੂਆਂ ਨੂੰ ਛੱਡਣ ਦਾ ਕਾਰਨ ਬਣਦੀਆਂ ਹਨ, ਉੱਪਰ ਖੋਜ ਨੂੰ ਹੋਰ ਬਲ ਦੇਣਾ ਚਾਹੀਦਾ ਹੈ। ਇਸ ਵਿੱਚ ਸੈਕਸਡ ਸੀਮਨ ਦੀ ਵਰਤੋਂ, IVF-ETT, ਪ੍ਰੇਰਿਤ ਦੁੱਧ ਚੁੰਘਾਉਣ ਦੀਆਂ ਰਣਨੀਤੀਆਂ, ਰਹਿੰਦ-ਖੂੰਹਦ ਤੋਂ ਲਾਹੇਵੰਦ ਉਤਪਾਦਾਂ ਦੀ ਸਿਰਜਣਾ ਸ਼ਾਮਿਲ ਹੈ। ਇਸ ਤੋਂ ਇਲਾਵਾ, ਫੰਡਰ (ਗੈਰ-ਉਤਪਾਦਕ) ਪਸ਼ੂਆਂ ਦੀ ਘੱਟ ਲਾਗਤ ਵਾਲੀ ਦੇਖਭਾਲ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ।

6. **ਫ਼ੀਡ ਅਤੇ ਚਾਰੇ ਵਿੱਚ ਖੋਜ ਅਤੇ ਵਿਕਾਸ**: ਘੱਟ ਕੀਮਤ ਵਾਲੀ ਖੁਰਾਕ ਲਈ, ਕੁਆਲਟੀ ਚਾਰਾ ਪਹਿਲੀ ਸ਼ਰਤ ਹੈ। ਉੱਚ ਪੌਸ਼ਟਿਕ ਮੁੱਲ ਵਾਲੀਆਂ ਚਾਰੇ ਦੀਆਂ ਕਿਸਮਾਂ ਵਿਕਸਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜਿਹੜੀਆਂ ਆਲਮੀ ਤਪਸ਼ ਦੇ ਮੱਦੇਨਜ਼ਰ ਸਖ਼ਤ ਮੌਸਮ ਸਥਿਤੀ ਦਾ ਸਾਹਮਣਾ ਕਰਨ ਦੇ ਸਮਰੱਥ ਹੋਣ। ਅਜਿਹੇ ਚਾਰੇ ਦੀਆਂ ਕਿਸਮਾਂ ਦੇ ਬੀਜ ਉਤਪਾਦਨ ਨੂੰ ਢੁੱਕਵੇਂ ਪ੍ਰੋਤਸਾਹਨਾਂ ਰਾਹੀਂ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਬਸੰਤ ਰੁੱਤ ਵਾਲੀ ਮੱਕੀ ਨੂੰ ਸਿਰਫ਼ ਡਰਿਪ ਪ੍ਰਣਾਲੀ 'ਤੇ ਕਾਸ਼ਤ ਕਰਨ ਲਈ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ, ਪਾਣੀ ਦੀ ਵਰਤੋਂ ਨੂੰ ਘਟਾਉਣ ਲਈ ਹੋਰ ਚਾਰਿਆਂ ਦੇ ਨਾਲ-ਨਾਲ ਮੱਕੀ ਦੀਆਂ ਛੇਤੀ ਪੱਕਣ ਵਾਲੀਆਂ ਹੋਰ ਕਿਸਮਾਂ ਨੂੰ ਵਿਕਸਿਤ ਕਰਨ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਪੰਚਾਇਤੀ ਜਮੀਨਾਂ ਉੱਪਰ ਝੋਨੇ ਦੀ ਬਿਜਾਈ 'ਤੇ ਪਾਬੰਦੀ ਲਗਾਈ ਜਾਵੇ ਅਤੇ ਇਹਨਾਂ ਨੂੰ ਚਾਰੇ ਦੀ ਖੇਤੀ ਲਈ ਵਰਤਿਆ ਜਾਵੇ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਾਂਝੇ ਤੌਰ 'ਤੇ ਚਾਰੇ ਦੇ ਵਿਕਾਸ ਵਿੱਚ ਖੋਜ ਕਰਨ ਲਈ, ਚਾਰਾ ਖੋਜ ਅਤੇ ਵਿਕਾਸ ਕੇਂਦਰ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ।

7. **ਮਿਲਕਫ਼ੈੱਡ ਦਾ ਪੁਨਰਗਠਨ**: ਮਿਲਕਫ਼ੈੱਡ ਦੇ ਪੁਨਰਗਠਨ ਨਾਲ ਇਸ ਨੂੰ ਉੱਚ ਕਾਰਗੁਜ਼ਾਰੀ ਵਾਲੀ ਸੰਸਥਾ ਬਣਾਉਣ ਲਈ, ਸਰਕਾਰ ਨੂੰ ਇੱਕ ਅਜਿਹੇ ਸਲਾਹਕਾਰ ਦੀ ਨਿਯੁਕਤੀ ਕਰਨੀ ਚਾਹੀਦੀ ਹੈ, ਜਿਸ ਨੇ ਰਾਸ਼ਟਰੀ/ਰਾਜ ਪੱਧਰ

'ਤੇ ਸਹਿਕਾਰੀ ਖੇਤਰ ਵਿੱਚ ਮਿਸਾਲੀ ਅਗਵਾਈ ਦਾ ਪ੍ਰਦਰਸ਼ਨ ਕੀਤਾ ਹੋਵੇ। ਮਿਲਕਫ਼ੈੱਡ ਦੀਆਂ ਜ਼ਿਲ੍ਹਾ ਸਹਿਕਾਰੀ ਦੁੱਧ ਯੂਨੀਅਨਾਂ ਦੇ ਚੇਅਰਮੈਨ ਅਤੇ ਬੋਰਡ ਆਫ਼ ਡਾਇਰੈਕਟਰਜ਼ 'ਦੁੱਧ ਉਤਪਾਦਨ ਵਾਲੇ ਪਸ਼ੂ ਪਾਲਕ' ਹੋਣੇ ਚਾਹੀਦੇ ਹਨ। ਬੋਰਡ ਆਫ਼ ਡਾਇਰੈਕਟਰਜ਼ ਵਿੱਚ 40 ਪ੍ਰਤੀਸ਼ਤ ਮੈਂਬਰ 50 ਪਸ਼ੂਆਂ ਤੋਂ ਵੱਧ ਵਾਲੇ ਡੇਅਰੀ ਉਤਪਾਦਕ ਅਤੇ 60 ਪ੍ਰਤੀਸ਼ਤ ਮੈਂਬਰ ਇਸ ਤੋਂ ਘੱਟ ਪਸ਼ੂਆਂ ਵਾਲੇ ਡੇਅਰੀ ਉਤਪਾਦਕ ਹੋਣ। ਰਾਜ ਦੁੱਧ ਸਹਿਕਾਰੀ ਸੰਸਥਾ ਦੀ ਅਗਵਾਈ ਟੈਕਨੋਕ੍ਰੇਟਸ ਵੱਲੋਂ ਕੀਤੀ ਜਾਣੀ ਚਾਹੀਦੀ ਹੈ, ਜਿਸ ਦੀ ਮਿਆਦ ਤਿੰਨ ਸਾਲ ਹੋਵੇ। ਮਿਲਕਫ਼ੈੱਡ ਨੂੰ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਸਹਿਯੋਗ ਨਾਲ ਉੱਚ ਮੁੱਲ ਵਾਧੇ ਵਾਲੇ ਉਤਪਾਦਾਂ ਦੀ ਪੈਦਾਵਾਰ ਨੂੰ ਵਧਾਉਣ 'ਤੇ ਵੀ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

8. **ਰੈਂਡਰਿੰਗ ਯੂਨਿਟ**: ਮਰੇ ਹੋਏ ਜਾਨਵਰਾਂ ਦਾ ਵੀ ਬਹੁਤ ਵੱਡਾ ਆਰਥਿਕ ਮੁੱਲ ਹੁੰਦਾ ਹੈ, ਬਸ਼ਰਤੇ ਉਹਨਾਂ ਨੂੰ ਜਲਦੀ ਅਤੇ ਵਿਗਿਆਨਕ ਢੰਗ ਨਾਲ ਵਰਤ ਲਿਆ ਜਾਵੇ। ਮਰੇ ਹੋਏ ਜਾਨਵਰਾਂ ਨੂੰ ਤੇਲ, ਜੇਲਾਟੀਨ, ਮਸੂੜੇ (Gums), ਮੀਟ ਅਤੇ ਹੱਡੀਆਂ ਦੀ ਚੂਰੀ, ਅਤੇ ਖਲ/ਚਮੜੀ ਦੇ ਉਤਪਾਦਨ ਆਦਿ ਲਈ ਵਰਤ ਕੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਸਰਕਾਰ ਨੂੰ ਹਰੇਕ ਜ਼ਿਲ੍ਹੇ ਵਿੱਚ ਘੱਟੋ-ਘੱਟ ਇੱਕ ਰੈਂਡਰਿੰਗ ਪਲਾਂਟ ਸਥਾਪਿਤ ਕਰਨਾ ਚਾਹੀਦਾ ਹੈ। ਪਸ਼ੂ ਪਾਲਕਾਂ ਦਾ ਮਰੇ ਹੋਏ ਜਾਨਵਰ ਨੂੰ ਰੈਂਡਰਿੰਗ ਪਲਾਂਟ 'ਤੇ ਲਿਆਉਣ ਲਈ ਪ੍ਰੋਸਥਾਹਨ ਕੀਤਾ ਜਾ ਸਕਦਾ ਹੈ। ਇਸ ਨਾਲ ਮਰੇ ਪਸ਼ੂਆਂ ਨੂੰ ਖੁੱਲ੍ਹੇ ਵਿੱਚ ਸੁੱਟਣ ਵਿੱਚ ਕਮੀ ਆਵੇਗੀ, ਰੋਗ ਪੈਦਾ ਕਰਨ ਵਾਲੇ ਸੂਖਮ ਜੀਵਾਂ ਵਿੱਚ ਕਮੀ ਆਵੇਗੀ ਅਤੇ ਇਸ ਨਾਲ ਬਿਮਾਰੀਆਂ ਫੈਲਣ ਦੀ ਦਰ ਵੀ ਘਟੇਗੀ।

### 7.3 ਮੁਰਗੀ ਪਾਲਣ

ਆਂਡੇ, ਸਮਾਜ ਦੇ ਸਾਰੇ ਵਰਗਾਂ ਲਈ, ਅਸਾਨੀ ਨਾਲ ਉਪਲਬਧ ਅਤੇ ਉਚ ਗੁਣਵੱਤਾ ਵਾਲੇ ਪ੍ਰੋਟੀਨ ਸਰੋਤ ਵਜੋਂ ਕੰਮ ਕਰਦੇ ਹਨ। ਘਰੇਲੂ ਮੁਰਗੀ ਪਾਲਣ ਰੋਜ਼ੀ-ਰੋਟੀ ਦਾ ਸਰੋਤ ਹੈ ਅਤੇ ਪੇਂਡੂ ਲੋਕਾਂ ਵਿੱਚ ਪੋਸ਼ਣ ਸੁਰੱਖਿਆ ਪ੍ਰਦਾਨ ਕਰਦਾ ਹੈ। ਪੰਜਾਬ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਆਂਡਿਆਂ ਦੇ ਉਤਪਾਦਨ ਵਿੱਚ 26.84 ਪ੍ਰਤੀਸ਼ਤ ਦਾ ਚੋਖਾ ਵਾਧਾ ਹੋਇਆ ਹੈ। ਪੰਜਾਬ ਵਿੱਚ ਪ੍ਰਤੀ ਵਿਅਕਤੀ ਆਂਡਿਆਂ ਦੀ ਉਪਲਬਧਤਾ 200 ਆਂਡੇ ਪ੍ਰਤੀ ਸਾਲ ਹੈ ਜੋ ਕਿ ਰਾਸ਼ਟਰੀ ਔਸਤ 95 ਆਂਡੇ ਪ੍ਰਤੀ ਸਾਲ ਤੋਂ ਕਿਤੇ ਵੱਧ ਹੈ। ਪੰਜਾਬ ਵਿੱਚ ਪ੍ਰਤੀ ਵਿਅਕਤੀ ਪੋਲਟਰੀ ਮੀਟ ਦੀ ਉਪਲਬਧਤਾ 4.48 ਕਿੱਲੋ ਪ੍ਰਤੀ ਸਾਲ ਹੈ ਜੋ ਕਿ ਕੌਮੀ ਔਸਤ 3.95 ਕਿੱਲੋ ਪ੍ਰਤੀ ਸਾਲ ਤੋਂ ਵੱਧ ਹੈ।

**ਵਿਸ਼ੇਸ ਧਿਆਨਯੋਗ ਨੁਕਤੇ**

- ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਦੁਆਰਾ ਮੰਡੀਕਰਨ
- ਰਿਵਾਇਤੀ/ਬੈਕਯਾਰਡ ਪੋਲਟਰੀ ਨੂੰ ਉਤਸ਼ਾਹਿਤ ਕਰਨਾ
- ਮਿਡ-ਡੇ-ਮੀਲ ਅਤੇ ਆਂਗਣਵਾੜੀ ਕੇਂਦਰਾਂ ਵਿੱਚ ਆਂਡਿਆਂ ਦੀ ਵਰਤੋਂ
- ਐਂਟੀ-ਬਾਇਟਿਕ ਦੀ ਵਰਤੋਂ ਨੂੰ ਘਟਾਉਣਾ/ ਖ਼ਤਮ ਕਰਨਾ

**ਨੀਤੀ ਸੰਬੰਧੀ ਸਿਫਾਰਿਸ਼ਾਂ**

1. **ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ (MPCS) – ਪੋਲਟਰੀ ਉਤਪਾਦਾਂ ਦੇ ਮੰਡੀਕਰਨ ਦਾ ਮੁੱਖ ਪ੍ਰਤੀਨਿਧ**: ਕੰਟ੍ਰੈਕਟ ਫ਼ਾਰਮਿੰਗ ਕੰਪਨੀਆਂ ਵੱਖ-ਵੱਖ ਤਰੀਕਿਆਂ ਨਾਲ ਪੋਲਟਰੀ ਕਿਸਾਨਾਂ ਦਾ ਸ਼ੋਸ਼ਣ ਕਰਦੀਆਂ ਹਨ। ਇਹ ਕੰਪਨੀਆਂ ਅਕਸਰ ਕੇਂਦਰੀ ਸਰਕਾਰ ਵੱਲੋਂ ਸਥਾਪਿਤ ਕੀਤੇ ਦਿਸ਼ਾ ਨਿਰਦੇਸ਼ਾਂ ਨੂੰ ਛਿੱਕੇ 'ਤੇ ਟੰਗ ਕੇ ਅਤੇ ਚੋਰ ਮੋਰੀਆਂ ਲੱਭ ਕੇ ਕਿਸਾਨਾਂ ਦਾ ਸ਼ੋਸ਼ਣ ਕਰਦੀਆਂ ਹਨ। ਮੌਜੂਦਾ ਕੰਟ੍ਰੈਕਟ ਫ਼ਾਰਮਿੰਗ ਦੇ ਮਾਡਲ ਤੋਂ ਖਹਿੜਾ ਛੁਡਾਉਣਾ ਕਿਸਾਨਾਂ ਲਈ ਲਾਹੇਵੰਦ ਹੋਵੇਗਾ। ਪੋਲਟਰੀ ਉਤਪਾਦਾਂ ਨੂੰ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਦੁਆਰਾ ਮੰਡੀ ਵਿੱਚ ਵੇਚਣਾ ਇੱਕ ਯੋਗ ਬਦਲ ਹੈ ਜਿਸ ਨਾਲ ਕਿਸਾਨਾਂ ਨੂੰ ਇੱਕ ਮਜ਼ਬੂਤ, ਨਿਰਪੱਖ, ਅਤੇ ਲਾਭਕਾਰੀ ਮੰਡੀਕਰਨ ਲਈ ਮੰਚ ਮੁਹੱਈਆ ਕੀਤਾ ਜਾ ਸਕਦਾ ਹੈ। ਕੰਟ੍ਰੈਕਟ ਫ਼ਾਰਮਿੰਗ ਕੰਪਨੀਆਂ ਵੱਲੋਂ ਸ਼ੋਸ਼ਣ ਕਰਨ ਵਾਲੇ ਅਮਲਾਂ ਦੇ ਮੁਕਾਬਲਤਨ ਇਹ ਮਾਡਲ ਕਿਸਾਨਾਂ ਨੂੰ ਵੱਧ ਲਾਭਦਾਇਕ ਹੋਵੇਗਾ।

2. **ਮਿਡ-ਡੇ ਮੀਲ ਸਕੀਮ ਅਤੇ ਆਂਗਨਵਾੜੀ ਸੈਂਟਰਾਂ ਵਿੱਚ ਆਂਡਿਆਂ ਦੀ ਵਰਤੋਂ**: ਆਂਡੇ ਕਿਸੇ ਵੀ ਵਰਜਿਤ ਰੀਤੀ-ਰਿਵਾਜ ਨਾਲ ਜੁੜੇ ਨਹੀਂ ਹਨ, ਇਸ ਲਈ ਮਿਡ-ਡੇ ਮੀਲ ਸਕੀਮ ਅਤੇ ਆਂਗਨਵਾੜੀ ਕੇਂਦਰਾਂ ਰਾਹੀਂ ਇਹਨਾਂ ਨੂੰ ਬੱਚਿਆਂ ਅਤੇ ਗਰਭਵਤੀ ਔਰਤਾਂ ਦੀ ਖੁਰਾਕ ਵਿੱਚ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ ਜਿਵੇਂ ਕਿ ਭਾਰਤ ਦੇ 11 ਰਾਜਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿੱਚ ਕੀਤਾ ਜਾ ਰਿਹਾ ਹੈ। ਖਪਤਕਾਰਾਂ ਲਈ ਪੋਸ਼ਣ ਸੁਰੱਖਿਆ ਵਧਾਉਣ ਤੋਂ ਇਲਾਵਾ, ਇਹ ਆਂਡੇ ਦੀਆਂ ਬਦਲਦੀਆਂ ਕੀਮਤਾਂ ਕਾਰਨ ਮੁਰਗੀ ਪਾਲਕਾਂ ਨੂੰ ਹੋਣ ਵਾਲੇ ਨੁਕਸਾਨ ਨੂੰ ਵੀ ਘੱਟ ਕਰੇਗਾ ਅਤੇ ਮੰਗ ਅਤੇ ਸਪਲਾਈ ਦੀ ਸਥਿਤੀ ਨੂੰ ਸਥਿਰ ਕਰੇਗਾ।

3. **ਰਿਵਾਇਤੀ/ਬੈਕਯਾਰਡ ਪੋਲਟਰੀ ਨੂੰ ਹੱਲਾਸ਼ੇਰੀ ਦੇਣੀ**: ਰਿਵਾਇਤੀ/ਬੈਕਯਾਰਡ ਪੋਲਟਰੀ ਗਰੀਬ, ਬੇਜ਼ਮੀਨੇ ਅਤੇ ਕਿਸਾਨਾਂ ਲਈ ਰੋਜ਼ੀ-ਰੋਟੀ ਅਤੇ ਆਮਦਨ ਦਾ ਇੱਕ ਸਰੋਤ ਹੈ ਅਤੇ ਪਿਛਲੇ ਕੁਝ ਸਾਲਾਂ ਵਿੱਚ ਇਸ ਵਿੱਚ ਬਹੁਤ ਵਾਧਾ ਹੋਇਆ ਹੈ। ਪ੍ਰਜਨਣ ਫ਼ਾਰਮਾਂ ਦੇ ਨਾਲ-ਨਾਲ ਸਰਕਾਰੀ ਅਤੇ ਨਿੱਜੀ ਖੇਤਰ ਵਿੱਚ ਹੈਚਰੀਆਂ ਸਥਾਪਿਤ ਕਰਕੇ ਚੂਚਿਆਂ ਦੀ ਢੁੱਕਵੀਂ ਸਪਲਾਈ ਯਕੀਨੀ ਬਣਾਈ ਜਾਵੇ। ਰਿਵਾਇਤੀ/ਬੈਕਯਾਰਡ ਪੋਲਟਰੀ ਤੋਂ ਨਿੱਕਲੇ ਉਤਪਾਦਾਂ ਦੀ ਮੰਡੀਕਰਨ ਨੂੰ ਵੀ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਇਸ ਨਾਲ ਮੁਰਗੀਆਂ ਦੀਆਂ ਦੇਸੀ ਨਸਲਾਂ ਦੀ ਸੰਭਾਲ ਵਿੱਚ ਵੀ ਮਦਦ ਮਿਲੇਗੀ।

4. **ਪੋਲਟਰੀ ਫ਼ਾਰਮ 'ਤੇ ਮੱਖੀਆਂ ਨੂੰ ਕੰਟਰੋਲ ਕਰਨ ਉੱਪਰ ਖੋਜ**: ਪੋਲਟਰੀ ਖਾਦ, ਗਿੱਲੀ ਫ਼ੀਡ, ਗੰਦਗੀ ਅਤੇ ਵਿਛੌਣੇ ਦੀ ਸਮੱਗਰੀ ਪੋਲਟਰੀ ਫਾਰਮਾਂ ਵਿੱਚ ਮੱਖੀਆਂ ਦੀ ਆਬਾਦੀ ਵਧਾਉਣ ਦੇ ਪ੍ਰਮੁੱਖ ਕਾਰਨ ਹਨ। ਬਹੁਤ ਘੱਟ ਕਿਸਾਨ ਏਕੀਕ੍ਰਤ ਕੀਟ ਪ੍ਰਬੰਧਨ ਪ੍ਰੋਗਰਾਮਾਂ ਦੀ ਪਾਲਣਾ ਕਰ ਰਹੇ ਹਨ। ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਨੂੰ ਇਸ ਮੁੱਦੇ 'ਤੇ ਖੋਜ ਕਰਨ ਲਈ ਫ਼ੰਡ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ। ਪੋਲਟਰੀ ਫਾਰਮਾਂ ਵਿੱਚੋਂ ਨਿਕਲਣ ਵਾਲੀਆਂ ਬਿੱਠਾਂ ਨੂੰ ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ੀਅਮ ਦੇ ਸਰੋਤ ਵਜੋਂ ਵਰਤਣ 'ਤੇ ਵੀ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ।

## 7.4 ਸੂਰ ਪਾਲਣ

**ਵਿਸ਼ੇਸ ਧਿਆਨਯੋਗ ਨੁਕਤੇ**
- ਸੂਰਾਂ ਲਈ ਆਧੁਨਿਕ ਬੁੱਚੜਖਾਨੇ ਅਤੇ ਪ੍ਰੋਸੈਸਿੰਗ ਪਲਾਂਟ ਦੀ ਸਥਾਪਨਾ
- ਸੂਰ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨਾ
- ਸੂਰ ਪਾਲਣ ਦੁਆਰਾ ਰਹਿੰਦ-ਖੂੰਹਦ ਤੋਂ ਮੁਨਾਫ਼ਾ

ਘਰੇਲੂ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸੂਰ ਦੇ ਮੀਟ ਦੀ ਵੱਧ ਰਹੀ ਮੰਗ, ਘੱਟ ਸ਼ੁਰੂਆਤੀ ਨਿਵੇਸ਼, ਉਚ-ਮੁਨਾਫ਼ਾ, ਜ਼ਿਆਦਾ ਬੱਚੇ, ਛੇਤੀ ਪਰਪੱਕਤਾ, ਅਤੇ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਦੇ ਫ਼ਾਸਲੇ ਘੱਟ ਹੋਣ ਕਾਰਨ ਸੂਰ ਪਾਲਣ ਦਾ ਕਿੱਤਾ ਦੇਸ਼ ਭਰ ਵਿੱਚ ਪ੍ਰਫੁੱਲਤ ਹੋ ਰਿਹਾ ਹੈ। ਪੰਜਾਬ ਵਿੱਚ ਭਾਰਤ ਦੀ 9.06 ਮਿਲੀਅਨ ਸੂਰਾਂ ਦੀ ਆਬਾਦੀ ਵਿੱਚੋਂ, ਸਿਰਫ਼ 52961 (0.58%) ਸੂਰ ਹਨ। ਭਾਰਤ ਦੇ ਸੂਰ ਦੇ ਮੀਟ ਦੇ ਉਤਪਾਦਨ ਵਿੱਚ ਪੰਜਾਬ ਦਾ 0.36 ਪ੍ਰਤੀਸ਼ਤ ਯੋਗਦਾਨ ਹੈ। ਚੀਨ ਸੂਰ ਦਾ ਵੱਡਾ ਉਤਪਾਦਕ ਅਤੇ ਖਪਤਕਾਰ ਹੈ, ਜਦੋਂ ਕਿ ਭਾਰਤ ਪ੍ਰੋਸੈਸਿਡ ਮੀਟ ਦੀ ਕੁੱਲ ਮਿਲਾ ਕੇ ਦਰਾਮਦ ਕਰਦਾ ਹੈ।

### ਨੀਤੀ ਸੰਬੰਧੀ ਸਿਫਾਰਿਸ਼ਾਂ

1. **ਸੂਰਾਂ ਲਈ ਆਧੁਨਿਕ ਬੁੱਚੜਖਾਨੇ ਅਤੇ ਪ੍ਰੋਸੈਸਿੰਗ ਪਲਾਂਟ ਦੀ ਸਥਾਪਨਾ**: ਪੰਜਾਬ ਦੇ ਸੂਰ ਮੁੱਖ ਤੌਰ 'ਤੇ ਦੇਸ਼ ਦੇ ਉੱਤਰ-ਪੂਰਬੀ ਖੇਤਰਾਂ ਵਿੱਚ ਵੇਚੇ ਜਾਂਦੇ ਹਨ। ਲੰਬੀ ਦੂਰੀ ਦੀ ਆਵਾਜਾਈ, ਤਣਾਅ, ਮੌਤ, ਅਤੇ ਭਾਰ ਘੱਟਣ ਦੀਆਂ ਸਮੱਸਿਆਵਾਂ ਨਾਲ ਜੁੜੀਆਂ ਲਾਗਤਾਂ ਉਹਨਾਂ ਦੀ ਮੰਡੀਕਰਨ ਵਿੱਚ ਰੁਕਾਵਟ ਪਾਉਂਦੀਆਂ ਹਨ। ਪੰਜਾਬ ਰਾਜ ਭਾਰਤ ਅਤੇ ਦੱਖਣ-ਪੂਰਬੀ ਏਸ਼ੀਆ ਵਿੱਚ ਸੂਰਾਂ ਦੀ ਪ੍ਰੋਸੈਸਿੰਗ ਅਤੇ ਮਾਰਕੀਟਿੰਗ ਲਈ ਇੱਕ ਕੇਂਦਰ ਬਣ ਸਕਦਾ ਹੈ, ਜੇਕਰ 100-150 ਸੂਰਾਂ ਨੂੰ ਪ੍ਰਤੀ ਦਿਨ ਝਟਕਾਉਣ ਦੀ ਸਮਰੱਥਾ ਵਾਲੇ ਕੁੱਲ ਤਿੰਨ ਬੁੱਚੜਖਾਨੇ ਅਤੇ ਪ੍ਰੋਸੈਸਿੰਗ ਪਲਾਂਟਾਂ ਦੀ ਮਾਝੇ, ਮਾਲਵੇ ਅਤੇ ਦੁਆਬੇ ਵਿੱਚ ਸਥਾਪਨਾ ਕੀਤੀ ਜਾਵੇ।

2. **ਬਿਮਾਰੀ ਜਾਂਚ ਲਈ ਆਧੁਨਿਕ ਲੈਬਾਰਟਰੀਆਂ ਅਤੇ ਰਿਪੋਰਟਿੰਗ ਸਿਸਟਮ ਦੀ ਸਥਾਪਨਾ**: ਸੂਰ ਵੱਖ-ਵੱਖ ਬਿਮਾਰੀਆਂ ਪ੍ਰਤੀ ਸੰਵੇਦਨਸ਼ੀਲ ਹੁੰਦੇ ਹਨ, ਜਿਹਨਾਂ ਵਿੱਚ ਜ਼ੂਨੋਟਿਕ ਅਤੇ ਓ. ਆਈ. ਈ. (OIE) ਨੋਟਾਫ਼ਾਈਡ ਬਿਮਾਰੀਆਂ, ਜਿਵੇਂ ਕਿ ਅਫ਼ਰੀਕਨ ਸਵਾਈਨ ਫੀਵਰ ਸ਼ਾਮਿਲ ਹਨ ਜਿਹਨਾਂ ਦੀ ਪਰਖ ਅਤੇ ਰਿਪੋਰਟਿੰਗ ਵਿੱਚ ਦੇਰੀ ਨਾਲ ਅਤੇ ਬਿਮਾਰ ਪਸ਼ੂਆਂ ਦੀ ਛਾਂਟੀ ਦੇਰੀ ਨਾਲ ਕਰਨ ਨਾਲ, ਸੂਰ ਪਾਲਕਾਂ ਨੂੰ ਆਰਥਿਕ ਨੁਕਸਾਨ ਹੁੰਦਾ ਹੈ। ਇਸ ਲਈ ਛੇਤੀ ਪਛਾਣ, ਨਿਯੰਤਰਣ ਅਤੇ ਰੋਕਥਾਮ ਲਈ ਆਧੁਨਿਕ ਰੋਗ ਪਛਾਣ ਪ੍ਰਯੋਗਸ਼ਾਲਾਵਾਂ ਅਤੇ ਸਮਾਂਬੱਧ ਰਿਪੋਰਟਿੰਗ ਪ੍ਰਣਾਲੀਆਂ ਦੀ ਜ਼ਰੂਰਤ ਹੈ। ਸੂਬੇ ਵਿੱਚ ਘੱਟੋ-ਘੱਟ ਚਾਰ ਖੇਤਰੀ ਆਧੁਨਿਕ ਰੋਗ ਜਾਂਚ ਅਤੇ ਰਿਪੋਰਟਿੰਗ ਲੈਬਾਰਟਰੀਆਂ ਸਥਾਪਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜਿਹਨਾਂ ਵਿੱਚ ਇੱਕ ਸੈਂਟਰਲ ਰੈਫ਼ਰਲ ਲੈਬ ਵਜੋਂ ਅਤੇ ਬਾਕੀ ਰਾਜ ਦੇ ਤਿੰਨ ਵੱਖ-ਵੱਖ ਖੇਤਰਾਂ ਵਿੱਚ ਹੋਣ।

3. **ਨਸਲ ਸੁਧਾਰ**: ਪੰਜਾਬ ਦੇ ਸੂਰ ਪਾਲਕਾਂ ਨੂੰ ਬਿਹਤਰ ਉਤਪਾਦਕਤਾ ਲਈ ਲਾਰਜ ਵਾਈਟ ਯਾਰਕਸ਼ਾਇਰ, ਲੈਂਡਰੇਸ, ਹੈਂਪਸ਼ਾਇਰ ਅਤੇ ਡੂਰੋਕ ਵਰਗੀਆਂ ਉਚ-ਗੁਣਵੱਤਾ ਵਾਲੀਆਂ ਨਸਲਾਂ ਪੇਸ਼ ਕਰਨ ’ਤੇ ਜ਼ੋਰ ਦੇਣ ਦੀ ਜ਼ਰੂਰਤ ਹੈ। ਸ਼ਹਿਰੀ ਖਪਤਕਾਰ ਘੱਟ ਫੈਟ ਵਾਲੇ (Lean) ਮੀਟ ਨੂੰ ਪਸੰਦ ਕਰਦੇ ਹਨ, ਇਸ ਲਈ ਨਸਲ ਸੁਧਾਰ ਪ੍ਰੋਗਰਾਮਾਂ ਵਿੱਚ ਅਖੀਰਲੇ ਕਰਾਸ ਵਜੋਂ ਡੂਰੋਕ ਨਸਲ ਦੀ ਵਰਤੋਂ ਨਾਲ ਲੀਨ ਮੀਟ ਵਾਲੇ ਸੂਰਾਂ ਦੇ ਉਤਪਾਦਨ ਨੂੰ ਵਧਾਇਆ ਜਾ ਸਕਦਾ ਹੈ। ਵਿਦੇਸ਼ੀ ਨਸਲਾਂ ਦਾ ਪ੍ਰਜਨਣ ਸਰਕਾਰੀ ਸੂਰ ਫਾਰਮਾਂ ਵਿੱਚ ਕੀਤਾ ਜਾ ਸਕਦਾ ਹੈ ਅਤੇ ਇਹਨਾਂ ਨੂੰ ਦਿਲਚਸਪੀ ਰੱਖਣ ਵਾਲੇ ਸੂਰ ਪਾਲਕਾਂ ਨੂੰ ਸਪਲਾਈ ਕੀਤਾ ਜਾ ਸਕਦਾ ਹੈ। ਰਾਜ ਦੇ ਪਸ਼ੂ ਪਾਲਣ ਵਿਭਾਗ ਨੂੰ ਲਗਾਤਾਰ ਨਸਲ ਸੁਧਾਰ ਲਈ ਪ੍ਰਜਨਣ ਵਾਲੇ ਸੂਰਾਂ ਦੀ ਚੋਣ ਅਤੇ ਮੁਲਾਂਕਣ ਲਈ ਇੱਕ ਪ੍ਰੋਗਰਾਮ ਤਿਆਰ ਕਰਨਾ ਚਾਹੀਦਾ ਹੈ।

4. **ਰਹਿੰਦ-ਖੂੰਹਦ ਤੋਂ ਮੁਨਾਫ਼ਾ**: ਸੂਰ ਪਾਲਣ ਉੱਪਰ ਆਉਂਦੀ ਕੁੱਲ ਲਾਗਤ ਦਾ ਲਗਪਗ 70 ਪ੍ਰਤੀਸ਼ਤ ਹਿੱਸਾ ਫ਼ੀਡ ਉੱਪਰ ਖਰਚ ਕੀਤਾ ਜਾਂਦਾ ਹੈ। ਸੂਰ ਰਹਿੰਦ-ਖੂੰਹਦ ਨੂੰ ਕੁਸ਼ਲਤਾ ਨਾਲ ਪੋਸ਼ਟਿਕ ਮੀਟ ਵਿੱਚ ਬਦਲ ਸਕਦੇ ਹਨ। ਸੂਰਾਂ ਦੇ ਰਾਸ਼ਨ ਨੂੰ ਸਸਤਾ ਕਰਨ ਲਈ ਅਤੇ ਹੋਟਲਾਂ/ਮੈਸਾਂ/ਮੈਰਿਜ ਪੈਲੇਸਾਂ/ਸਬਜ਼ੀ ਮੰਡੀਆਂ ਅਤੇ ਬੀਅਰ ਬਣਾਉਣ ਦੇ ਕਾਰਖਾਨਿਆਂ ਆਦਿ ਦੀ ਰਹਿੰਦ-ਖੂੰਹਦ ਦੀ ਸੁਚੱਜੀ ਵਰਤੋਂ ਲਈ ਇਹਨਾਂ ਨੂੰ ਸੁਕਾ ਕੇ ਸੂਰਾਂ ਦੇ ਰਾਸ਼ਨ ਵਿੱਚ ਸ਼ਾਮਿਲ ਕਰਨਾ ਚਾਹੀਦਾ ਹੈ। ਇਹ ਅਭਿਆਸ ਮਾਹਿਰਾਂ ਦੀ ਨਿਗਰਾਨੀ ਹੇਠ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਲਈ ਮਿਆਰੀ ਓਪਰੇਟਿੰਗ ਵਿਧੀ (SOPs) ਤਿਆਰ ਕੀਤੀ ਜਾਣੀ ਚਾਹੀਦੀ ਹੈ। ਇਹ ਵਸਤਾਂ ਸੁਕਾਉਣ ਦੇ ਉਦਯੋਗ ਨੂੰ ਉਤਸ਼ਾਹਿਤ ਕਰੇਗਾ ਅਤੇ ਵਿਸ਼ਾਲ ਰਹਿੰਦ-ਖੂੰਹਦ ਨਾਲ ਨਿਪਟਣ ਦੀ ਸਮੱਸਿਆ ਨੂੰ ਘਟਾਏਗਾ। ਇਸ ਤੋਂ ਇਲਾਵਾ ਸੂਰਾਂ ਦੇ ਮਲ-ਮੂਤਰ ਨੂੰ ਖਾਦ ਬਣਾਉਣ, ਵਰਮੀ ਕੰਪੋਸਟਿੰਗ, ਮੱਛੀ ਪਾਲਣ ਅਤੇ ਬਾਇਓਗੈਸ ਉਤਪਾਦਨ ਵਰਗੇ ਤਰੀਕਿਆਂ ਰਾਹੀਂ ਵਰਤਿਆ ਜਾ ਸਕਦਾ ਹੈ।

5. **ਸੂਰ ਅਤੇ ਇਸ ਦੇ ਮੀਟ ਸਬੰਧੀ ਤਾਲਮੇਲ ਕਮੇਟੀ ਦੀ ਸਥਾਪਨਾ**: ਪੰਜਾਬ ਵਿੱਚ ਸੂਰ ਦਾ ਮੀਟ ਖਾਣ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਇੱਕ ਰਾਜ ਪੱਧਰੀ ਸੂਰ ਅਤੇ ਸੂਰ ਦੇ ਮੀਟ ਸਬੰਧੀ ਤਾਲਮੇਲ ਕਮੇਟੀ ਕਾਇਮ ਕੀਤੀ ਜਾਵੇ। ਪੰਜਾਬ ਵਿੱਚ ਇਸ ਕਮੇਟੀ ਦੀ ਸਥਾਪਨਾ ਨਾਲ ਇਜ਼ਾਰੇਦਾਰੀ ਨੂੰ ਤੋੜਿਆ ਜਾ ਸਕਦਾ ਹੈ ਅਤੇ ਬਾਜ਼ਾਰ ਵਿੱਚ ਅਸਥਿਰਤਾ ਨੂੰ ਘਟਾਇਆ ਜਾ ਸਕਦਾ ਹੈ, ਜਿਸ ਨਾਲ ਬਿਹਤਰ ਮੁਨਾਫ਼ਾ ਪ੍ਰਾਪਤ ਹੋ ਸਕਦਾ ਹੈ ਅਤੇ ਇਸ ਤਰ੍ਹਾਂ ਇਸ ਖੇਤਰ ਦੀ ਭਲਾਈ ਹੋ ਸਕਦੀ ਹੈ।

6. **ਦੂਜੇ ਸੂਬਿਆਂ ਤੋਂ ਪੰਜਾਬ ਵਿੱਚ ਜੰਗਲੀ ਸੂਰਾਂ ਦੀ ਆਮਦ ’ਤੇ ਸਖਤ ਪਾਬੰਦੀ**: ਜੰਗਲੀ ਸੂਰਾਂ ਦੀ ਰਾਜਸਥਾਨ ਅਤੇ ਮੱਧ ਪ੍ਰਦੇਸ਼ ਤੋਂ ਗੈਰ-ਕਾਨੂੰਨੀ ਤਰੀਕਿਆਂ ਨਾਲ ਪੰਜਾਬ ਦੇ ਸ਼ਹਿਰੀ ਬਾਜ਼ਾਰਾਂ ਵਿੱਚ ਘੱਟ ਕੀਮਤ ’ਤੇ ਵੇਚਣ ਲਈ ਤਸਕਰੀ ਕੀਤੀ ਜਾਂਦੀ ਹੈ। ਇਸ ਨਾਲ ਇੱਕ ਤਾਂ ਫਾਰਮੀ ਮਿਆਰੀ ਸਾਫ ਸੂਰਾਂ ਦਾ ਮੰਡੀਕਰਨ ਘੱਟ ਜਾਂਦਾ ਹੈ ਅਤੇ ਦੂਜਾ ਜੰਗਲੀ ਸੂਰਾਂ ਦੀਆਂ ਛੂਤ ਦੀਆਂ ਬਿਮਾਰੀਆਂ ਹੋਣ ਦਾ ਖਤਰਾ ਵੱਧ ਜਾਂਦਾ ਹੈ। ਰਾਜ ਦੇ ਪਸ਼ੂ ਪਾਲਣ ਵਿਭਾਗ ਨੂੰ ਵਧੇਰੇ ਮਨੁੱਖੀ ਸ਼ਕਤੀ ਅਤੇ ਚੌਕਸੀ ਨਾਲ ਅੰਤਰ-ਰਾਜੀ ਸਰਹੱਦਾਂ ’ਤੇ ਚੈੱਕ ਪੁਆਇੰਟਾਂ ਨੂੰ ਮਜ਼ਬੂਤ ਕਰਨ ਦੀ

ਲੋੜ ਹੈ। ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਵਿਅਕਤੀਆਂ ਨੂੰ ਉਚਿਤ ਜੁਰਮਾਨਾ/ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਰਾਜ ਤੋਂ ਸੂਰਾਂ ਦੀ ਢੋਆ-ਢੁਆਈ ਲਈ ਸਿਹਤ ਸਰਟੀਫੀਕੇਟ ਦਾ ਹੋਣਾ ਲਾਜ਼ਮੀ ਕਰਨਾ ਚਾਹੀਦਾ ਹੈ। ਪੰਜਾਬ ਤੋਂ ਸੂਰ ਦੂਜੇ ਸੂਬਿਆਂ ਨੂੰ ਲਿਜਾਣ ਸਮੇਂ ਲੋੜੀਂਦੇ ਸਿਹਤ ਸਰਟੀਫ਼ਿਕੇਟ ਦੀ ਫ਼ੀਸ ਘਟਾਉਣੀ ਚਾਹੀਦੀ ਹੈ।

7. **ਰਾਸ਼ਟਰੀ ਪਸ਼ੂਧਨ ਮਿਸ਼ਨ ਤਹਿਤ ਸੂਰ ਪਾਲਕਾਂ ਨੂੰ ਉਤਸ਼ਾਹਿਤ ਕਰਨਾ**: ਇਸ ਸਮੇਂ ਰਾਸ਼ਟਰੀ ਪਸ਼ੂਧਨ ਮਿਸ਼ਨ (NLM) ਸਕੀਮ ਅਧੀਨ 50 ਸੂਰੀਆਂ + 5 ਸੂਰ ਅਤੇ 100 ਸੂਰੀਆਂ + 10 ਸੂਰ ਦੇ ਫ਼ਾਰਮਾਂ ਦੀ ਸਥਾਪਨਾ ਲਈ 50 ਪ੍ਰਤੀਸ਼ਤ ਸਬਸਿਡੀ ਦਾ ਪ੍ਰਬੰਧ ਹੈ ਜੋ ਕਿ ਕ੍ਰਮਵਾਰ 15 ਲੱਖ ਰੁਪਏ ਅਤੇ 30 ਲੱਖ ਰੁਪਏ ਬਣਦੀ ਹੈ। 10+1, 20+2 ਅਤੇ 30+3 ਵਾਲੇ ਛੋਟੇ ਯੂਨਿਟਾਂ ਨੂੰ ਵੀ ਇਸ ਸਕੀਮ ਤਹਿਤ ਵਿਚਾਰਿਆ ਜਾਣਾ ਜ਼ਰੂਰੀ ਹੈ। ਚਾਹਵਾਨ ਸੂਰ ਪਾਲਕਾਂ ਦੀ ਵਿੱਤੀ ਸਹਾਇਤਾ ਲਈ ਸੂਬੇ ਨੂੰ ਰਾਜ-ਸਪਾਂਸਰ ਸੂਰ ਵਿਕਾਸ ਯੋਜਨਾ ਵੀ ਤਿਆਰ ਕਰਨੀ ਚਾਹੀਦੀ ਹੈ। ਸੂਰ ਦੇ ਮੀਟ ਦਾ ਉਤਪਾਦਨ ਵਧਾਉਣ ਅਤੇ ਨੌਜਵਾਨਾਂ ਨੂੰ ਸੂਰ ਪਾਲਣ ਵੱਲ ਆਕਰਸ਼ਿਤ ਕਰਨ ਲਈ ਫੈਟਨਿੰਗ ਯੂਨਿਟਾਂ ਦੀ ਯੋਜਨਾ ਵਿਕਸਿਤ ਕਰਕੇ ਲਾਗੂ ਕੀਤੀ ਜਾਣੀ ਚਾਹੀਦੀ ਹੈ।

8. **ਜਨਤਕ ਮੁਹਿਮਾਂ ਰਾਹੀਂ ਸਮਾਜ ਵਿੱਚ ਸੂਰਾਂ ਪ੍ਰਤੀ ਸਮਾਜਿਕ ਵਰਜਿਤਤਾ ਨੂੰ ਘਟਾਉਣ ਸੰਬੰਧੀ**: ਸੱਭਿਆਚਾਰਕ ਅਤੇ ਸਮਾਜਿਕ ਵਰਜਿਤਤਾ ਸੂਬੇ ਅਤੇ ਮੁਲਕ ਵਿੱਚ ਸੂਰ ਪਾਲਣ ਦੇ ਵਿਕਾਸ ਵਿੱਚ ਰੁਕਾਵਟਾਂ ਹਨ। ਹਾਲਾਂਕਿ ਸੂਰ ਸਾਫ਼-ਸੁਥਰੇ ਹੁੰਦੇ ਹਨ, ਪਰ ਰਵਾਇਤੀ ਤਰੀਕੇ ਨਾਲ ਪਾਲੇ ਸੂਰ ਇਸ ਧਾਰਨਾਂ ਨੂੰ ਕਮਜ਼ੋਰ ਕਰਦੇ ਹਨ। ਸੂਰ ਅਤੇ ਸੂਰ ਦੇ ਮੀਟ ਦੀ ਖੱਪਤ ਨੂੰ ਉਤਸ਼ਾਹਿਤ ਕਰਨ ਲਈ ਇੱਕ ਵਿਆਪਕ ਮੁਹਿੰਮ ਅਤੇ ਪ੍ਰਸਾਰ ਪ੍ਰਣਾਲੀ ਦੀ ਲੋੜ ਹੈ।

## 7.5 ਬੱਕਰੀ ਪਾਲਣ

**ਵਿਸ਼ੇਸ ਧਿਆਨਯੋਗ ਨੁਕਤੇ**
- ਵਾਤਾਵਰਨ ਅਨੁਕੂਲ ਬੱਕਰੀ ਪਾਲਣ
- ਖੁਰਲੀ ਪ੍ਰਣਾਲੀ (Stall-Fed) ਅਤੇ ਖੁੱਲੇ ਸ਼ੈਡ ਵਿੱਚ ਪਾਲਣ ਰਾਹੀਂ ਬੱਕਰੀ ਪਾਲਣ ਨੂੰ ਉਤਸ਼ਾਹਿਤ ਕਰਨਾ
- ਭੇਡਾਂ ਪਾਲਣ ਨੂੰ ਮਜ਼ਬੂਤ ਕਰਨਾ

ਬੱਕਰੀ ਸਖ਼ਤ ਜਾਨਵਰਾਂ ’ਚੋ ਇੱਕ ਹੈ ਜਿਸ ਵਿੱਚ ਘੱਟ ਕੁਆਲਟੀ ਵਾਲੇ ਚਾਰੇ ਨੂੰ ਕੀਮਤੀ ਦੁੱਧ ਅਤੇ ਮੀਟ ਵਿੱਚ ਤਬਦੀਲ ਕਰਨ ਦੀ ਯੋਗਤਾ ਹੁੰਦੀ ਹੈ। ਪੰਜਾਬ ਬੀਟਲ ਨਸਲ ਦੀਆਂ ਬੱਕਰੀਆਂ ਲਈ ਪੁਸ਼ਤੈਨੀ ਇਲਾਕਾ ਹੈ ਜਿਸ ਨੂੰ ਕੁਝ ਥਾਵਾਂ ’ਤੇ ਅੰਮ੍ਰਿਤਸਰੀ ਵੀ ਕਿਹਾ ਜਾਂਦਾ ਹੈ। ਦੇਸ਼ ਵਿੱਚ ਬੱਕਰੀਆਂ ਦੀ ਆਬਾਦੀ 148.88 ਮਿਲੀਅਨ ਹੈ ਜਿਸ ਵਿੱਚੋਂ ਸਿਰਫ਼ 0.23 ਫ਼ੀਸਦੀ ਭਾਵ 3.48 ਲੱਖ ਬੱਕਰੀ ਪੰਜਾਬ ਵਿੱਚ ਮੌਜੂਦ ਹੈ। ਪੰਜਾਬ ਵਿੱਚ ਪਹਿਲਾਂ ਬੱਕਰੀ ਪਾਲਣ ਦਾ ਧੰਦਾ ਘਰੇਲੂ ਪੱਧਰ ’ਤੇ ਰੋਜ਼ੀ-ਰੋਟੀ ਨੂੰ ਯਕੀਨੀ ਬਣਾਉਣ ਲਈ ਕੀਤਾ ਜਾਂਦਾ ਸੀ ਪਰ ਇਸ ਵੇਲੇ ਸੂਬੇ ਵਿੱਚ ਬਹੁਤ ਸਾਰੇ ਵਪਾਰਕ ਬੱਕਰੀ ਫ਼ਾਰਮ ਸਥਾਪਿਤ ਕੀਤੇ ਜਾ ਰਹੇ ਹਨ। ਸਾਲ 2021-22 ਵਿੱਚ ਪੰਜਾਬ ਵਿੱਚ ਬੱਕਰੀ ਤੋਂ ਦੁੱਧ ਦੀ ਅਨੁਮਾਨਿਤ ਔਸਤਨ ਪੈਦਾਵਾਰ 1.81 ਲੀਟਰ ਪ੍ਰਤੀ ਦਿਨ ਸੀ, ਜੋ ਦੇਸ਼ ਵਿੱਚ ਸਭ ਤੋਂ ਵੱਧ ਸੀ। ਬੱਕਰੀ ਦਾ ਦੁੱਧ ਇਸ ਦੇ ਚਿਕਿਤਸਕ ਗੁਣਾਂ ਲਈ ਜਾਣਿਆ ਜਾਂਦਾ ਹੈ, ਇਸ ਲਈ, ਕਿਸਾਨਾਂ ਦੇ ਬਿਹਤਰ ਮੁਨਾਫ਼ੇ ਲਈ ਬੱਕਰੀ ਪਾਲਣ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਸਾਲ 2021-22 ਵਿੱਚ ਪੰਜਾਬ ਵਿੱਚ ਬੱਕਰੀ ਦਾ ਮੀਟ ਉਤਪਾਦਨ 5940 ਟਨ ਅਨੁਮਾਨਿਤ ਕੀਤਾ ਗਿਆ। ਜਿੱਥੋਂ ਤੱਕ ਬੱਕਰੀ ਦੇ ਮੀਟ ਦਾ ਸਵਾਲ ਹੈ, ਪੰਜਾਬ ਇੱਕ ਸ਼ੁੱਧ ਦਰਾਮਦਕਾਰ ਸੂਬਾ ਹੈ ਅਤੇ ਮੁੱਖ ਤੌਰ ’ਤੇ ਰਾਜਸਥਾਨ ਤੋਂ ਬੱਕਰੀਆਂ ਮੀਟ ਦੇ ਉਦੇਸ਼ ਲਈ ਪੰਜਾਬ ਵਿੱਚ ਆਯਾਤ ਕੀਤੀਆਂ ਜਾਂਦੀਆਂ ਹਨ। ਪੰਜਾਬ ਦੇ ਕਿਸਾਨ ਰਿਵਾਇਤੀ ਤੌਰ ’ਤੇ ਦੁੱਧ, ਮੀਟ ਅਤੇ ਮਨੋਰੰਜਨ ਦੇ ਉਦੇਸ਼ਾਂ ਲਈ ਆਪਣੇ ਖੇਤਾਂ ਵਿੱਚ ਬੱਕਰੀਆਂ ਰੱਖਦੇ ਹਨ। ਪੰਜਾਬ ਵਿੱਚ ਪਿਛਲੇ ਸਾਲਾਂ ਦੌਰਾਨ ਬੱਕਰੀ ਦੀ ਆਬਾਦੀ ਵਿੱਚ ਕਮੀ ਆਈ ਹੈ, ਹਾਲਾਂਕਿ ਬੱਕਰੀ ਦੇ ਮੀਟ ਦੀ ਮੰਗ ਵਿੱਚ ਲਗਾਤਾਰ ਵਾਧਾ ਹੋਇਆ ਹੈ। ਬੱਕਰੀਆਂ ਨਾਲ ਕੋਈ ਸਮਾਜਿਕ ਵਰਜਿਤਤਾ ਨਹੀਂ ਜੁੜੀ ਹੁੰਦੀ ਅਤੇ ਸਮਾਜ ਦੇ ਹਰ ਵਰਗ ਦੇ ਲੋਕ ਇਹਨਾਂ ਨੂੰ ਰੱਖ ਸਕਦੇ ਹਨ।

## ਨੀਤੀ ਸੰਬੰਧੀ ਸਿਫਾਰਿਸ਼ਾਂ

1. **ਸੂਬੇ ਵਿੱਚ ਵਾਤਾਵਰਨ ਸੁਹਿਰਦ ਵਧੀਆ ਬੱਕਰੀ ਪਾਲਣ ਦਾ ਵਿਸਥਾਰ**: ਪੰਜਾਬ ਰਾਜ ਨੂੰ ਵਧੀਆ ਕਿਸਮ/ਨਸਲ ਦੀਆਂ ਬੱਕਰੀਆਂ ਦੀ ਬਖਸ਼ਿਸ਼ ਹੈ। ਬੱਕਰੀਆਂ ਦੇ ਮੀਟ ਦੀ ਮੰਗ, ਉਤਪਾਦਨ ਨਾਲੋਂ ਕਿਤੇ ਵੱਧ ਹੈ ਇਸ ਲਈ ਇੱਥੇ ਹੋਰ ਰਾਜਾਂ ਤੋਂ ਬੱਕਰੀਆਂ ਵੱਡੀ ਗਿਣਤੀ ਵਿੱਚ ਮੰਗਵਾਈਆਂ ਜਾਂਦੀਆਂ ਹਨ। ਇਹ ਸੂਬੇ ਵਿੱਚ ਬੱਕਰੀ ਪਾਲਣ ਦੇ ਕਿੱਤੇ ਦੇ ਪ੍ਰਸਾਰ ਦੀ ਵੱਧਦੀ ਸੰਭਾਵਨਾ ਨੂੰ ਦਰਸਾਉਂਦਾ ਹੈ। ਪੰਜਾਬ ਵਿੱਚ ਬੱਕਰੀ ਦੀ ਆਬਾਦੀ ਨੂੰ ਪੜਾਅ ਵਾਰ ਤਿੰਨ ਤੋਂ ਪੰਜ ਗੁਣਾ ਤੱਕ ਵਧਾਇਆ ਜਾ ਸਕਦਾ ਹੈ। ਹਰ ਇੱਕ ਪਿੰਡ ਵਿੱਚ ਇੱਕ-ਦੋ ਕਿਸਾਨਾਂ ਤੋਂ ਸ਼ੁਰੂਆਤ ਕਰਕੇ ਉਨ੍ਹਾਂ ਨੂੰ ਬੱਕਰੀ ਪਾਲਣ ਲਈ ਵਿੱਤੀ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ। ਇਸ ਨਾਲ ਸੂਬੇ ਵਿੱਚ ਬੱਕਰੀ ਦੇ ਦੁੱਧ ਅਤੇ ਮੀਟ ਦੀ ਉਪਲਬਧਤਾ ਵਿੱਚ ਵਾਧੇ ਨੂੰ ਯਕੀਨੀ ਬਣਾਇਆ ਜਾ ਸਕੇਗਾ ਅਤੇ ਬੱਕਰੀਆਂ ਦੀ ਆਯਾਤ ਵਿੱਚ ਕਮੀ ਆਵੇਗੀ, ਜਿਸ ਨਾਲ ਰਾਜ ਦੀ ਪੂੰਜੀ ਨੂੰ ਬਾਹਰ ਜਾਣ ਤੋਂ ਬਚਾਇਆ ਜਾ ਸਕਦਾ ਹੈ।

   ਰਿਵਾਇਤੀ ਚਰਾਉਣ ਪ੍ਰਣਾਲੀ ਤੋਂ ਹੌਲੀ-ਹੌਲੀ ਨਿਯੰਤਰਿਤ ਚਰਾਉਣ ਵੱਲ ਅਤੇ ਬਾਅਦ ਵਿੱਚ ਬੱਕਰੀ ਨੂੰ ਖੁਰਲੀ ਪ੍ਰਣਾਲੀ ਅਤੇ ਖੁੱਲੇ ਸ਼ੈਡ ਵਿੱਚ ਪਾਲਣ 'ਤੇ ਰੱਖਣ ਨਾਲ ਬੱਕਰੀ ਪਾਲਣ ਵਿੱਚ ਵਾਧਾ ਹੋਵੇਗਾ। ਬੱਕਰੀਆਂ ਦੇ ਬੁਨਿਆਦੀ ਵਿਵਹਾਰ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼ੈੱਡ ਤਿਆਰ ਕੀਤੇ ਜਾਣੇ ਚਾਹੀਦੇ ਹਨ। ਸਰਕਾਰ ਵੱਲੋਂ ਪਸ਼ੂ ਪਾਲਣ ਵਿਭਾਗ ਰਾਹੀਂ ਵਪਾਰਿਕ ਫ਼ਾਰਮਾਂ ਦਾ ਡਾਟਾਬੇਸ ਤਿਆਰ ਕਰਕੇ ਇਹਨਾਂ ਨੂੰ ਪੂਰੀ ਤਕਨੀਕੀ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ। ਗਾਂਵਾਂ ਅਤੇ ਮੱਝਾਂ ਦੇ ਪ੍ਰਜਨਣ (Modified and Specified Breeding Policy) ਦੀ ਤਰਜ਼ 'ਤੇ ਬੱਕਰੀਆਂ ਦਾ ਵੀ ਚੁਣੇ ਹੋਏ ਬੱਕਰੀ ਫ਼ਾਰਮਾਂ ਵਿੱਚ ਨਸਲ ਸੁਧਾਰ ਪ੍ਰੋਗਰਾਮ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ। ਬੀਟਲ ਬੱਕਰੀ ਦੇ ਉਤਪਾਦਨ ਅਤੇ ਨਸਲ ਸੁਧਾਰ ਲਈ ਕੰਢੀ ਖੇਤਰ ਅਤੇ ਮਾਲਵੇ ਵਿੱਚ ਇੱਕ-ਇੱਕ 'ਐਡਵਾਂਸਡ ਸੈਂਟਰ ਆਫ਼ ਐਕਸੇਲੈਂਸ' ਸਥਾਪਿਤ ਕਰਨ ਦੀ ਲੋੜ ਹੈ ਤਾਂ ਕਿ ਗਰੀਬ ਕਿਸਾਨਾਂ ਲਈ ਆਮਦਨੀ ਦੇ ਵਸੀਲੇ ਮੁਹੱਈਆ ਕਰਵਾਏ ਜਾ ਸਕਣ। ਵਧੀਆ ਪਸ਼ੂਆਂ ਦੀ ਸਾਂਭ-ਸੰਭਾਲ ਕਰਨ ਵਾਲੇ ਕਿਸਾਨਾਂ ਦੀ ਸ਼ਨਾਖਤ ਬਲਾਕ ਪੱਧਰੀ ਚੈਂਪੀਅਨਸ਼ਿਪਾਂ ਰਾਹੀਂ ਕੀਤੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਪ੍ਰੋਤਸਾਹਿਤ ਕੀਤਾ ਜਾਣਾ ਚਾਹੀਦਾ ਹੈ। ਇਹ ਫਾਰਮ ਰਾਜ ਦੀਆਂ ਹੋਰ ਛੋਟੇ ਪੈਮਾਨੇ 'ਤੇ ਖਿੰਡੀਆਂ ਹੋਈਆਂ ਬੱਕਰੀਆਂ ਦੀਆਂ ਇਕਾਈਆਂ ਵਿੱਚ ਨਸਲ ਸੁਧਾਰ ਲਈ ਬੱਕਰੀ ਦੇ ਪ੍ਰਜਨਣ ਕੇਂਦਰਾਂ ਵਜੋਂ ਕੰਮ ਕਰਨਗੇ। ਬੱਕਰੀ ਪਾਲਣ 'ਤੇ ਵਧੀ ਹੋਈ ਪ੍ਰੇਰਣਾ ਨਾਲ ਬੱਕਰੀਆਂ ਦੇ ਸ਼ੁੱਧ ਆਯਾਤ ਵਿੱਚ ਕਮੀ ਦੇ ਨਾਲ ਰਾਜ ਵਿੱਚ ਬੱਕਰੀ ਦੇ ਦੁੱਧ ਅਤੇ ਮੀਟ ਦੀ ਉਪਲਬਧਤਾ ਯਕੀਨੀ ਹੋਵੇਗੀ।

2. **ਰੈਗੂਲੇਟਿਡ ਬੱਕਰੀ ਮੰਡੀਆਂ**: ਸੂਬੇ ਵਿੱਚ ਬੱਕਰੀਆਂ ਦੀਆਂ ਮੰਡੀਆਂ ਮੁੱਖ ਤੌਰ 'ਤੇ ਗੈਰ-ਸੰਗਠਿਤ ਅਤੇ ਖਿੰਡੀਆਂ ਹੋਈਆਂ ਹਨ। ਹੁਣ ਤੱਕ ਅਜਿਹੇ ਬਾਜ਼ਾਰਾਂ ਲਈ ਕੋਈ ਨਿਯਮ ਨਹੀਂ ਹੈ। ਨਿਰਧਾਰਿਤ ਸਖ਼ਤ ਨਿਯਮਾਂ ਦੇ ਨਾਲ ਬੱਕਰੀਆਂ ਦੀ ਖਰੀਦ-ਵੇਚ ਲਈ ਰਾਜ ਵਿੱਚ ਘੱਟੋ-ਘੱਟ ਚਾਰ ਤੋਂ ਪੰਜ ਸਰਕਾਰੀ ਮਾਨਤਾ ਪ੍ਰਾਪਤ ਮੰਡੀਆਂ ਹੋਣੀਆਂ ਚਾਹੀਦੀਆਂ ਹਨ।

3. **ਪੰਜਾਬ ਵਿੱਚ ਭੇਡਾਂ ਪਾਲਣ ਦੇ ਕਿੱਤੇ ਨੂੰ ਮਜ਼ਬੂਤ ਕਰਨਾ**: ਪੰਜਾਬ ਵਿੱਚ ਭੇਡਾਂ ਦੀ ਸੰਖਿਆ ਸਾਲ 2007 ਵਿੱਚ 2.20 ਲੱਖ ਸੀ ਜੋ ਸਾਲ 2019 ਵਿੱਚ ਘੱਟ ਕੇ 0.85 ਲੱਖ ਰਹਿ ਗਈ ਹੈ। ਪੰਜਾਬ ਰਾਜ ਵਿੱਚ ਦੇਸੀ ਭੇਡਾਂ ਦੀਆਂ ਨਸਲਾਂ ਦੀ ਸੰਭਾਲ ਦੇ ਨਾਲ-ਨਾਲ ਭੇਡ ਪਾਲਣ ਦੇ ਖੇਤਰ ਨੂੰ ਉੱਚਾ ਚੁੱਕਣ ਦੀ ਸਖ਼ਤ ਲੋੜ ਹੈ। ਭੇਡਾਂ ਵਿੱਚ ਘੱਟ ਕੁਆਲਿਟੀ ਦੇ ਚਾਰਿਆਂ ਨੂੰ ਖਾ ਕੇ ਵਧੇਰੇ ਭਾਰ ਪ੍ਰਾਪਤ ਕਰਨ ਦੀ ਸਮਰੱਥਾ ਹੁੰਦੀ ਹੈ। ਇਸ ਤੋਂ ਇਲਾਵਾ, ਹੋਰ ਜਾਨਵਰਾਂ ਦੇ ਮੁਕਾਬਲੇ ਭੇਡਾਂ ਅਰਧ-ਖੁਸ਼ਕ ਇਲਾਕਿਆਂ ਵਿੱਚ ਉਪਲਬਧ ਘੱਟ ਗੁਣਵੱਤਾ ਵਾਲੀਆਂ ਕਈ ਤਰ੍ਹਾਂ ਦੀਆਂ ਝਾੜੀਆਂ/ਜੜੀ-ਬੂਟੀਆਂ 'ਤੇ ਵੀ ਵੱਧ-ਫੁੱਲ ਸਕਦੀਆਂ ਹਨ ਕਿਉਂਕਿ ਇਹ ਕਿਸੇ ਵੀ ਹੋਰ ਪਸ਼ੂਆਂ ਦੀਆਂ ਕਿਸਮਾਂ ਦੇ ਮੁਕਾਬਲੇ ਕਈ ਤਰ੍ਹਾਂ ਦੇ ਪੌਦਿਆਂ ਦੀ ਖਪਤ ਕਰ ਸਕਦੀਆਂ ਹਨ। ਇਸ ਤੋਂ ਇਲਾਵਾ, ਭੇਡ ਪਾਲਣ ਖੇਤੀ ਅਧਾਰਿਤ ਆਮਦਨ ਨੂੰ ਪੂਰਕ ਕਰਨ ਵਿੱਚ ਮਦਦ ਕਰ ਸਕਦਾ ਹੈ। ਭੇਡ ਉਤਪਾਦਨ ਵਿੱਚ ਇਜ਼ਾਫੇ ਲਈ ਕਾਜਲੀ ਵਰਗੀਆਂ

ਭੇਡਾਂ ਦੀਆਂ ਸਥਾਨਕ ਨਸਲਾਂ ਦੀ ਵਰਤੋਂ ਕਰਕੇ ਮੀਟ ਉਤਪਾਦਨ ਵਧਾਉਣ ’ਤੇ ਧਿਆਨ ਕੇਂਦਰਿਤ ਕੀਤਾ ਜਾਣਾ ਚਾਹੀਦਾ ਹੈ। ਰਾਜ ਵਿੱਚ ਭੇਡ ਦੇ ਮੀਟ (Mutton) ਦੇ ਉਤਪਾਦਨ ਲਈ ਇੱਕ ਤੀਬਰ ਤੋਂ ਅਰਧ-ਤੀਬਰ ਮਾਡਲ ਵਿਕਸਤ ਕਰਨ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ। ਰਾਜ ਵਿੱਚ ਨਸਲ ਦੇ ਪ੍ਰਚਾਰ ਅਤੇ ਤੀਬਰ ਭੇਡ ਪਾਲਣ ਨੂੰ ਉਤਸ਼ਾਹਿਤ ਕਰਨ ਲਈ ਰੈਂਬੂਲੇਟ (Rambouillet) ਵਰਗੀਆਂ ਵਿਦੇਸ਼ੀ ਭੇਡ ਨਸਲਾਂ ਵਾਲੇ ਮਾਡਲ ਭੇਡ ਫਾਰਮ ਵੀ ਤਿਆਰ ਕੀਤੇ ਜਾ ਸਕਦੇ ਹਨ। ਦੇਸੀ ‘ਕਾਜਲੀ’ ਭੇਡਾਂ ਦੀ ਸਥਾਨਕ ਨਸਲ ਦੀ ਸੰਭਾਲ ਦੇ ਉਪਾਅ ਅਪਣਾਏ ਜਾਣੇ ਚਾਹੀਦੇ ਹਨ।

## 7.6 ਮੱਛੀ ਪਾਲਣ

ਮੱਛੀ ਪਾਲਣ ਨੂੰ ਭਾਰਤ ਵਿੱਚ ‘ਚੜ੍ਹਦੇ ਸੂਰਜ’ ਵਰਗਾ ਖੇਤਰ ਕਿਹਾ ਜਾਂਦਾ ਹੈ, ਜਿਸ ਦਾ ਪੰਜਾਬ ਵਿੱਚ ਕਾਫੀ ਪ੍ਰਭਾਵ ਹੈ। ਪੰਜਾਬ ਵਿੱਚ ਸਾਲ 2017-18 ਦੌਰਾਨ ਮੱਛੀ ਉਤਪਾਦਨ 1.37 ਲੱਖ ਟਨ ਸੀ, ਜੋ ਸਾਲ 2021-22 ਵਿੱਚ ਵੱਧ ਕੇ 1.90 ਲੱਖ ਟਨ ਹੋ ਗਿਆ। ਰਾਜ ਦਾ ਮੱਛੀ ਪਾਲਣ ਖੇਤਰ ਮੁੱਖ ਤੌਰ ’ਤੇ ਤਾਜ਼ੇ ਪਾਣੀ ਦੀ ਕਾਰਪ ਮੱਛੀ ਦੀਆਂ ਕਿਸਮਾਂ ’ਤੇ ਨਿਰਭਰ ਕਰਦਾ ਹੈ। ਅੱਜ ਕੱਲ੍ਹ ਆਰਥਿਕ ਲਾਭ ਲੈਣ ਲਈ ਸੇਮ-ਕੱਲਰ/ ਖਾਰੇ ਪਾਣੀ ਨਾਲ ਪ੍ਰਭਾਵਿਤ ਜ਼ਮੀਨਾਂ ਦੀ ਵਰਤੋਂ ਝੀਂਗਾ ਪਾਲਣ ਲਈ ਵੀ ਕੀਤੀ ਜਾ ਰਹੀ ਹੈ।

**ਵਿਸ਼ੇਸ ਧਿਆਨਯੋਗ ਕੰਮ**
- ਮੌਜੂਦਾ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ
- ਤਾਜ਼ੇ ਪਾਣੀ ਦੀ ਮੱਛੀ ਪਾਲਣ ਦੀ ਖੇਤੀ ਵਿਭਿੰਨਤਾ
- ਤੀਬਰ ਮੱਛੀ ਪਾਲਣ ਤਕਨੀਕਾਂ ਦੀ ਸ਼ੁਰੂਆਤ
- ਝੀਂਗਾ ਦੀ ਖੇਤੀ ਲਈ ਵਿਸ਼ੇਸ਼ ਉਤਸ਼ਾਹ
- ਮੱਛੀ ਮੰਡੀਆਂ ਦਾ ਕੁਸ਼ਲ ਕੰਮ-ਕਾਜ

**ਨੀਤੀ ਸੰਬੰਧੀ ਸਿਫਾਰਿਸ਼ਾਂ**

### ੳ) ਤਾਜ਼ੇ ਪਾਣੀ ਵਿੱਚ ਮੱਛੀ ਪਾਲਣ

1. **ਮੌਜੂਦਾ ਮੱਛੀ ਹੈਚਰੀਜ਼ ਨੂੰ ਮਜ਼ਬੂਤ/ਕੁਸ਼ਲ ਕਾਰਗੁਜਾਰ ਕਰਨਾ**: ਪੰਜਾਬ ਨੇ ਸਾਲ 2020-21 ਵਿੱਚ 25.62 ਕਰੋੜ ਮੱਛੀ ਬੱਚ (Fry) ਦਾ ਉਤਪਾਦਨ ਕੀਤਾ, ਜੋ ਕਿ ਮੱਛੀ ਪਾਲਣ ਵਿਭਾਗ ਦੀਆਂ ਹੈਚਰੀਆਂ ਦੀ ਘੱਟ ਵਰਤੋਂ ਕਰਨ ਕਰਕੇ ਕੁੱਲ ਲੋੜ ਦਾ ਸਿਰਫ਼ 50 ਫ਼ੀਸਦੀ ਹੀ ਪੂਰਾ ਕਰਦਾ ਹੈ। ਇਸ ਲਈ ਲੋੜੀਂਦੇ ਬੁਨਿਆਦੀ ਢਾਂਚੇ ਅਤੇ ਹੁਨਰਮੰਦ ਤਕਨੀਕੀ ਸਟਾਫ ਨਾਲ ਮੱਛੀ ਬੱਚ ਫਾਰਮਾਂ ਨੂੰ ਮਜ਼ਬੂਤ ਕਰਕੇ ਮਿਆਰੀ ਬੀਜ ਉਤਪਾਦਨ ਨੂੰ ਵਧਾਉਣ ਦੀ ਲੋੜ ਹੈ, ਇਸ ਤੋਂ ਇਲਾਵਾ ਸਾਰੀਆਂ ਹੈਚਰੀਆਂ ਨੂੰ ਜੈਨੇਟਿਕ ਤੌਰ ’ਤੇ ਉੱਤਮ ਬਰੂਡ ਸਟਾਕ (Brood Stock) ਦੀ ਸਪਲਾਈ ਕਰਨ ਲਈ ਬਰੂਡ ਬੈਂਕ (Brood Bank) ਵਿਕਸਤ ਕਰਨ ਦੀ ਲੋੜ ਹੈ।
2. **ਮੌਜੂਦਾ ਮੱਛੀ ਫ਼ੀਡ ਮਿੱਲਾਂ ਦਾ ਮਜ਼ਬੂਤੀਕਰਨ/ਕੁਸ਼ਲ ਵਰਤੋਂ**: ਮੱਛੀ ਪਾਲਣ ਵਿਭਾਗ ਅਧੀਨ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਸਥਾਪਿਤ ਮੱਛੀ ਫੀਡ ਮਿੱਲਾਂ ਜਾਂ ਤਾਂ ਘੱਟ ਵਰਤੋਂ ਵਿੱਚ ਹਨ ਜਾਂ ਮਨੁੱਖੀ ਸ਼ਕਤੀ/ਹੁਨਰਮੰਦ ਮਨੁੱਖੀ ਸ਼ਕਤੀ ਅਤੇ ਲੋੜੀਂਦੀਆਂ ਸਹੂਲਤਾਂ ਦੀ ਘਾਟ ਕਾਰਨ ਬੰਦ ਪਈਆਂ ਹਨ। ਲੋੜੀਂਦੇ ਬੁਨਿਆਦੀ ਢਾਂਚੇ ਦੀ ਸਿਰਜਣਾ ਕਰਕੇ ਅਤੇ ਹੁਨਰਮੰਦ ਤਕਨੀਕੀ ਸਟਾਫ਼ ਦੀ ਭਰਤੀ ਕਰਕੇ ਉਨ੍ਹਾਂ ਨੂੰ ਕਿਰਿਆਸ਼ੀਲ ਕਰਨ ਦੀ ਤੁਰੰਤ ਲੋੜ ਹੈ।
3. **ਉੱਚ ਮੁੱਲ/ਉੱਚ ਮੰਗ ਵਾਲੀ ਮੱਛੀ ਦੇ ਨਾਲ ਵਿਭਿੰਨਤਾ ਲਿਆਉਣੀ**: ਕਿਸਾਨਾਂ ਦੀ ਆਮਦਨ ਵਿੱਚ ਚੋਖਾ ਵਾਧਾ ਕਰਨ ਅਤੇ ਵਧੇਰੇ ਕੁਸ਼ਲ ਉਤਪਾਦਨ (ਮੱਛੀ ਉਤਪਾਦਨ/ ਯੂਨਿਟ ਪਾਣੀ ਦੀ ਮਾਤਰਾ) ਲਈ, ਕਾਰਪਸ ਦੇ ਮੁਕਾਬਲੇ ਦੋ ਤੋਂ ਤਿੰਨ ਗੁਣਾ ਜ਼ਿਆਦਾ ਮੱਛੀ ਪੈਦਾ ਕਰਨ ਲਈ ਪੰਗਾਸ ਕੈਟਫਿਸ਼ ਫਾਰਮਿੰਗ ਅਪਣਾਈ ਜਾ ਸਕਦੀ ਹੈ। ਫਿਲਹਾਲ, ਆਂਧਰਾ ਪ੍ਰਦੇਸ਼ ਤੋਂ ਮੱਛੀਆਂ ਦੀ ਆਮਦ ਅਤੇ ਸਰਦੀਆਂ ਦੇ ਦੌਰਾਨ ਅਨੁਕੂਲ ਸਥਿਤੀਆਂ ਨਾ ਹੋਣ ਕਰਕੇ, ਪੰਗਾਸ ਫਾਰਮਿੰਗ ਦਾ ਪ੍ਰਚਲਨ ਘੱਟ ਹੈ। ਮੱਛੀ ਦੇ ਭੰਡਾਰਨ ਲਈ ਕੋਲਡ ਚੇਨ ਦੀ ਸਹੂਲਤ ਬਣਾ ਕੇ ਪੰਗਾਸ ਤੋਂ ਅਨੁਕੂਲ ਆਰਥਿਕ ਲਾਭ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ ਤਾਂ ਜੋ ਮੰਡੀ ਵਿੱਚ ਮੁਕਾਬਲੇਯੋਗ ਕੀਮਤਾਂ ਪ੍ਰਾਪਤ ਕੀਤੀਆਂ

ਜਾ ਸਕਣ। ਪੰਗਾਸ ਫਿਲਟਾਂ (Pangas Fillets) ਦੀ ਅੰਤਰਰਾਸ਼ਟਰੀ ਮੰਗ (ਨਿਰਯਾਤ ਦੇ ਮੌਕਿਆਂ) ਨੂੰ ਪੂਰਾ ਕਰਨ ਲਈ ਪ੍ਰੋਸੈਸਿੰਗ ਇਕਾਈਆਂ ਦੀ ਸਥਾਪਨਾ ਨੂੰ ਸਮਰਥਨ ਦਿੱਤਾ ਜਾਣਾ ਚਾਹੀਦਾ ਹੈ।

4. **ਪਾਬੰਦੀਸ਼ੁਦਾ ਮੱਛੀਆਂ ਨੂੰ ਪਾਲਣ ਅਤੇ ਮੰਡੀਕਰਨ ਕਰਨ ਤੋਂ ਰੋਕਣ ਲਈ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ**: ਸੂਬੇ ਦੇ ਪਿੰਡਾਂ ਦੇ ਪ੍ਰਦੂਸ਼ਿਤ ਛੱਪੜਾਂ (ਕਾਰਪ ਕਲਚਰ ਲਈ ਅਣਉਚਿੱਤ) 'ਚ ਵਿਦੇਸ਼ੀ ਪਾਬੰਦੀਸ਼ੁਦਾ ਮੱਛੀ ਥਾਈਮੰਗੂਰ (Clarias Gariepnus) ਨੂੰ ਗੈਰ-ਕਾਨੂੰਨੀ ਪਾਲਣਾ ਬਹੁਤ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਹ ਇੱਕ ਮਾਸਾਹਾਰੀ ਮੱਛੀ ਹੈ ਜਿਸ ਨਾਲ ਮੂਲ ਜਲ ਜੀਵ-ਵਿਭਿੰਨਤਾ ਨੂੰ ਖ਼ਤਰਾ ਪੈਦਾ ਹੋ ਜਾਂਦਾ ਹੈ। ਆਮ ਜਨ ਸਿਹਤ ਦੀ ਰੱਖਿਆ ਲਈ, ਦੇਸੀ ਜਲ ਜੀਵ-ਵਿਭਿੰਨਤਾ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਰਾਜ ਦੇ ਅੰਦਰ ਪੈਦਾ ਹੋਣ ਵਾਲੀਆਂ ਮੱਛੀਆਂ (ਕਾਰਪ/ਪੰਗਾਸ) ਦੀ ਮਾਰਕੀਟ ਕੀਮਤ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਥਾਈਮੰਗੂਰ ਦੇ ਪਾਲਣ ਅਤੇ ਮੰਡੀਕਰਨ ਨੂੰ ਰੋਕਣ ਲਈ ਸਖਤ ਕਾਨੂੰਨ ਲਾਗੂ ਕਰਨਾ ਬਹੁਤ ਮਹੱਤਵਪੂਰਨ ਹੈ।

5. **ਨਵੀਨਤਮ ਤਕਨੀਕਾਂ ਰਾਹੀਂ ਸੰਘਣੀ ਮੱਛੀ ਪਾਲਣ**: ਜਲਵਾਯੂ ਅਨੁਕੂਲ, ਪਾਣੀ ਦੀ ਬੱਚਤ ਕਰਨ ਵਾਲੀਆਂ ਤਕਨੀਕਾਂ ਜਿਵੇਂ ਕਿ ਰੀਸਰਕੁਲੇਟਰੀ ਐਕੁਆਕਲਚਰ ਸਿਸਟਮ (RAS) ਅਤੇ ਬਾਇਓਫਲੌਕ ਅਧਾਰਿਤ ਐਕੁਆਕਲਚਰ ਸਿਸਟਮ, ਨਵੀਆਂ ਉੱਭਰ ਰਹੀਆਂ ਸੰਘਣੀ ਮੱਛੀ ਪਾਲਣ ਤਕਨੀਕਾਂ ਹਨ ਜੋ ਵਰਤੀ ਗਈ ਪ੍ਰਤੀ ਯੂਨਿਟ ਪਾਣੀ ਦੀ ਮਾਤਰਾ/ਜ਼ਮੀਨ ਵਿੱਚ 20-40 ਗੁਣਾ ਜ਼ਿਆਦਾ ਮੱਛੀ ਪੈਦਾ ਕਰਨ ਦੇ ਸਮਰੱਥ ਹਨ। ਖੇਤਰੀ ਲੋੜਾਂ ਅਨੁਸਾਰ ਆਰਥਿਕ ਤੌਰ 'ਤੇ ਵਿਵਹਾਰਕ ਊਰਜਾ ਬੱਚਤ (ਸੂਰਜੀ ਸ਼ਕਤੀ ਦੁਆਰਾ) ਸੰਘਣੀ ਮੱਛੀ ਪਾਲਣ ਪ੍ਰਣਾਲੀਆਂ ਵਿਕਸਤ ਕਰਨ ਅਤੇ ਖੇਤਰ ਵਿੱਚ ਇਨ੍ਹਾਂ ਤਕਨਾਲੋਜੀਆਂ ਦੀ ਸਫਲ ਉਤਾਰੇ ਲਈ ਹਿੱਸੇਦਾਰਾਂ ਦੀ ਸਮਰੱਥਾ ਨਿਰਮਾਣ ਲਈ ਖੋਜ ਅਤੇ ਵਿਕਾਸ ਫੰਡਾਂ ਦੀ ਲੋੜ ਹੈ।

6. **ਪਿੰਡ ਦੇ ਤਲਾਬਾਂ ਨੂੰ ਮੁੜ ਸੁਰਜੀਤ ਕਰਨਾ**: ਪਿੰਡ ਦੇ ਛੱਪੜ, ਪੰਜਾਬ ਵਿਚਲੀ ਮੱਛੀ ਜਲ-ਖੇਤੀ ਦੀ ਰੀੜ੍ਹ ਦੀ ਹੱਡੀ ਹਨ, ਜੋ ਮੱਛੀ ਪਾਲਣ ਅਧੀਨ ਰਿਪੋਰਟ ਕੀਤੇ ਗਏ ਕੁੱਲ ਛੱਪੜਾਂ (12356) ਦਾ ਲਗਪਗ 77 ਫ਼ੀਸਦੀ (9566) ਹਨ। ਪੰਜਾਬ ਦੇ ਹਰ ਪਿੰਡ ਵਿੱਚ ਲਗਪਗ ਇੱਕ ਤੋਂ ਤਿੰਨ ਛੱਪੜ ਹਨ ਅਤੇ ਇਸ ਸਮੇਂ ਇਨ੍ਹਾਂ ਸਰੋਤਾਂ ਵਿੱਚੋਂ ਅਨੁਮਾਨਿਤ ਸਿਰਫ਼ 60 ਪ੍ਰਤੀਸ਼ਤ ਦੀ ਵਰਤੋਂ ਮੱਛੀ ਪਾਲਣ ਲਈ ਕੀਤੀ ਜਾਂਦੀ ਹੈ। ਸਾਫ਼-ਸਫਾਈ, ਵਿਗਿਆਨਕ ਪ੍ਰਬੰਧ (ਸਾਫ ਕਰਨ/ਬਾਇਓਰਮੀਡੀਏਸ਼ਨ ਲਈ ਪੁਨਰਗਠਨ) ਅਤੇ ਇਹਨਾਂ ਸੰਸਾਧਨਾਂ ਨੂੰ ਘੱਟੋ-ਘੱਟ 10 ਸਾਲ ਦੀ ਮਿਆਦ ਲਈ ਪਟੇ 'ਤੇ ਦੇਣ ਨਾਲ ਹਿਤਧਾਰਕਾਂ ਦੀ ਦਿਲਚਸਪੀ ਨੂੰ ਆਕਰਸ਼ਿਤ ਕਰਨ ਵਿੱਚ ਮਦਦ ਮਿਲੇਗੀ ਤਾਂ ਜੋ ਇਨ੍ਹਾਂ ਉੱਪਰ ਨਿਵੇਸ਼ ਕਰਕੇ ਲੰਮੇ ਸਮੇਂ ਤੱਕ ਆਰਥਿਕ ਲਾਭ ਲਿਆ ਜਾ ਸਕੇ। ਛੱਪੜਾਂ ਦੀ ਕਾਇਆ-ਕਲਪ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਦਿੱਤੇ ਮਾਡਲ ਨੂੰ ਅਪਣਾਇਆ ਜਾ ਸਕਦਾ ਹੈ।

### ਅ) ਅੰਦਰੂਨੀ ਖਾਰੇ ਪਾਣੀ ਵਿੱਚ ਮੱਛੀ ਪਾਲਣ

1. **ਦੱਖਣ-ਪੱਛਮੀ ਪੰਜਾਬ ਵਿੱਚ ਖਾਰੇ ਪਾਣੀ ਨਾਲ ਪ੍ਰਭਾਵਿਤ ਬੇਅਬਾਦ ਜ਼ਮੀਨਾਂ ਵਿੱਚ ਮੱਛੀ ਪਾਲਣ ਨੂੰ ਉਤਸ਼ਾਹਿਤ ਕਰਨਾ**: ਅਣ-ਉਪਜਾਊ/ਅਰਧ-ਉਪਜਾਊ ਖਾਰੇ ਪਾਣੀ ਨਾਲ ਪ੍ਰਭਾਵਿਤ ਜ਼ਮੀਨਾਂ ਤੋਂ 100-120 ਦਿਨਾਂ ਵਿੱਚੋ ਝੀਂਗਾ ਮੱਛੀ ਤੋਂ 3.0 ਤੋਂ 5.0 ਲੱਖ ਰੁਪਏ/ਏਕੜ ਦੀ ਬਹੁਤ ਉੱਚੀ ਆਮਦਨ ਨੇ ਦੱਖਣ-ਪੱਛਮੀ ਪੰਜਾਬ (ਸ੍ਰੀ ਮੁਕਤਸਰ ਸਾਹਿਬ, ਫ਼ਿਰੋਜ਼ਪੁਰ, ਮਾਨਸਾ, ਫ਼ਾਜ਼ਿਲਕਾ, ਬਠਿੰਡਾ ਅਤੇ ਫ਼ਰੀਦਕੋਟ) ਦੇ ਕਿਸਾਨਾਂ ਨੂੰ ਝੀਂਗਾ ਮੱਛੀ ਪਾਲਣ ਵੱਲ ਆਕਰਸ਼ਿਤ ਕੀਤਾ। ਨਤੀਜੇ ਵਜੋਂ ਸਾਲ 2014 ਤੋਂ ਸਾਲ 2022 ਤੱਕ ਝੀਂਗਾ ਪਾਲਣ ਦਾ ਰਕਬਾ 1 ਏਕੜ ਤੋਂ ਵੱਧ ਕੇ 1212 ਏਕੜ ਹੋ ਗਿਆ ਹੈ। ਇਸ ਨੂੰ ਨਿਯਮਤ ਦਿਸ਼ਾ-ਨਿਰਦੇਸ਼ਾਂ ਹੇਠ ਨਿਰਧਾਰਤ ਕਰਨ ਦੀ ਜ਼ਰੂਰਤ ਹੈ ਤਾਂ ਕਿ ਸਿਰਫ਼ ਖਾਰੇ ਪਾਣੀ ਨਾਲ ਪ੍ਰਭਾਵਿਤ ਅਣ-ਉਪਜਾਊ (ਖੇਤੀ ਲਈ ਅਯੋਗ) ਜ਼ਮੀਨਾਂ ਉੱਪਰ ਹੀ, ਜੀਵ ਸੁਰੱਖਿਆ ਦੇ ਨਾਲ, ਕੁਆਲਟੀ ਭਰੋਸਾ, ਵਾਤਾਵਰਨ ਦੀ ਸੁਰੱਖਿਆ ਦੇ ਮੱਦੇਨਜ਼ਰ, ਰਾਸ਼ਟਰੀ ਅਤੇ ਅੰਤਰਰਾਸ਼ਟਰੀ

ਬਾਜ਼ਾਰ ਵਿੱਚ ਮੰਗ ਦੇ ਅਨੁਸਾਰ, ਅਤੇ ਅਣਕਿਆਸੇ ਮੰਡੀਕਰਨ ਜੋਖਮਾਂ ਨੂੰ ਧਿਆਨ ਵਿੱਚ ਰੱਖ ਕੇ ਢੁੱਕਵੀਂ ਬਫਰਿੰਗ ਸਮਰੱਥਾ (Buffering Capacity) ਦੇ ਨਾਲ ਝੀਂਗਾ ਮੱਛੀ ਪਾਲਣ ਕੀਤਾ ਜਾਵੇ।

2. **ਝੀਂਗਾ ਮੱਛੀ ਲਈ ਫੀਡ ਮਿੱਲ ਦੀ ਸਥਾਪਨਾ**: ਮੱਛੀ ਪਾਲਣ ਵਿੱਚ ਫ਼ੀਡ ਦੀ ਲਾਗਤ 60-70 ਫੀਸਦੀ ਹੁੰਦੀ ਹੈ। ਇਸ ਵੇਲੇ ਸੂਬੇ ਵਿੱਚ ਕੋਈ ਝੀਂਗਾ ਫ਼ੀਡ ਮਿੱਲ ਨਹੀਂ ਹੈ, ਇਸ ਲਈ ਕਿਸਾਨਾਂ ਨੂੰ ਲੰਬੀ ਦੂਰੀ ਦੇ ਢੋਆ-ਢੁਆਈ ਖਰਚਿਆਂ ਸਮੇਤ ਵੱਧ ਕੀਮਤ ਅਦਾ ਕਰਨੀ ਪੈਂਦੀ ਹੈ। ਖੇਤਰੀ ਲੋੜ ਦੇ ਅਨੁਸਾਰ, ਛੋਟੇ ਪੈਮਾਨੇ ਵਾਲੀ ਝੀਂਗਾ ਫੀਡ ਮਿੱਲ ਰਾਜ ਦੇ ਦੱਖਣ-ਪੱਛਮੀ ਖੇਤਰ ਵਿੱਚ ICAR-ਸੈਂਟਰਲ ਇੰਸਟੀਟਿਊਟ ਆਫ਼ ਬ੍ਰੈਕਿਸ਼ ਵਾਟਰ ਐਕੁਆਕਲਚਰ, ਚੇਨਈ ਦੇ ਸਹਿਯੋਗ ਨਾਲ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਰਾਜ ਵਿੱਚ ਪਹਿਲਾਂ ਤੋਂ ਮੌਜੂਦ ਮੱਛੀ ਫ਼ੀਡ ਮਿੱਲਾਂ ਵਿੱਚ ਝੀਂਗਾ ਫ਼ੀਡ ਦੇ ਨਿਰਮਾਣ ਲਈ ਇੱਕ ਵੱਖਰਾ ਹਿੱਸਾ ਵਿਕਸਿਤ ਕੀਤਾ ਜਾ ਸਕਦਾ ਹੈ।

3. **ਖਾਰੇ ਪਾਣੀ ਦੀਆਂ ਕਿਸਮਾਂ (ਭੋਜਨ/ਸਜਾਵਟੀ ਮੱਛੀ/ਜਲ ਬੂਟੀ) ਨਾਲ ਵਿਭਿੰਨਤਾ**: ਵਰਤਮਾਨ ਵਿੱਚ, ਮੁੱਖ ਤੌਰ ’ਤੇ ਝੀਂਗਾ (ਉੱਚ ਲਾਗਤ-ਉੱਚ ਜੋਖਮ ਵਾਲੀ ਮੱਛੀ) ਖਾਰੇ ਖੇਤਰਾਂ ਵਿੱਚ ਪਾਲੀ ਜਾ ਰਹੀ ਹੈ, ਸਵਾਏ ਕੁਝ ਘੱਟ ਖਾਰੇ ਖੇਤਰਾਂ (< 5ppt Salinity) ਦੇ, ਜਿੱਥੇ ਕਾਰਪ ਮੱਛੀ ਆਰਥਿਕ ਤੌਰ ’ਤੇ ਛੋਟੇ/ਸੀਮਾਂਤ ਕਿਸਾਨਾਂ ਦੁਆਰਾ ਪਾਲੀ ਜਾਂਦੀ ਹੈ। ਇਹਨਾਂ ਖੇਤਰਾਂ ਦੀ ਆਰਥਿਕ ਤੌਰ ’ਤੇ ਬਰਾਬਰੀ ਨਾਲ ਵਰਤੋਂ ਲਈ ਛੋਟੇ ਕਿਸਾਨਾਂ ਲਈ ਘੱਟ/ਮੱਧਮ ਲਾਗਤ ਵਾਲੀਆਂ ਮੱਛੀ ਪਾਲਣ ਤਕਨੀਕਾਂ (ਨਵੀਂਆਂ ਮੱਛੀਆਂ/ਸ਼ੈਲਫਿਸ਼/ਸੀਵੀਡ ਪ੍ਰਜਾਤੀਆਂ ਦੀ ਸ਼ੁਰੂਆਤ) ਵਿਕਸਤ ਕਰਨ ਲਈ ਢੁਕਵੀਂ ਫੰਡਿੰਗ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ।

4. **ਮੱਛੀ ਬਜ਼ਾਰਾਂ ਦੀ ਕੁਸ਼ਲਤਾ ਅਤੇ ਘਰੇਲੂ ਬਜ਼ਾਰ ਨੂੰ ਮਜ਼ਬੂਤ ਕਰਨਾ**: ਸੂਬੇ ਵਿੱਚ ਲੁਧਿਆਣਾ, ਅੰਮ੍ਰਿਤਸਰ, ਪਟਿਆਲਾ ਅਤੇ ਬਠਿੰਡਾ ਵਿੱਚ ਮੱਛੀ ਬਜ਼ਾਰ ਹਨ। ਪਰ ਸਿਰਫ਼ ਲੁਧਿਆਣਾ ਦਾ ਮੱਛੀ ਬਜ਼ਾਰ ਹੀ ਪੂਰੀ ਤਰ੍ਹਾਂ ਕੰਮ ਕਰ ਰਿਹਾ ਹੈ। ਹੋਰ ਮੱਛੀ ਬਜ਼ਾਰਾਂ ਨੂੰ ਉਚਿਤ ਸਾਫ-ਸਫਾਈ ਦੇ ਨਾਲ ਯੋਜਨਾਬੱਧ ਤਰੀਕੇ ਨਾਲ ਸੰਗਠਿਤ ਕਰਕੇ ਚਲਾਉਣ ਦੀ ਜ਼ਰੂਰਤ ਹੈ। ਇਹਨਾਂ ਮੱਛੀ ਬਜ਼ਾਰਾਂ ਨੂੰ ਸੂਬੇ ਦੇ ਮੱਛੀ ਪਾਲਕ ਕਿਸਾਨਾਂ ਨੂੰ ਸਿੱਧੇ ਮੰਡੀਕਰਨ ਲਈ ਠੇਕੇ ’ਤੇ ਵੀ ਦਿੱਤਾ ਜਾ ਸਕਦਾ ਹੈ।

# 8. ਪਾਣੀ ਅਤੇ ਊਰਜਾ

ਪਾਣੀ ਦੇ ਸਰੋਤਾਂ ਦੀ ਬੇਨਿਯਮੀ ਅਤੇ ਬਹੁਤ ਜ਼ਿਆਦਾ ਵਰਤੋਂ ਦੇ ਨਤੀਜੇ ਵਜੋਂ ਪੰਜਾਬ ਘੋਰ ਜਲ ਸੰਕਟ (Water Emergency) ਦੇ ਕੰਢੇ ’ਤੇ ਹੈ। ਇਸ ਪਹੁੰਚ ਵਿੱਚ ਨਾ ਸਿਰਫ਼ ਨਿਭਣਯੋਗਤਾ ਦੀ ਘਾਟ ਹੈ, ਸਗੋਂ ਇਹ ਇਸ ਖੇਤਰ ਦੀ ਪਾਣੀ ਵਾਤਾਵਰਨ ਵਿਵਸਥਾ ਨੂੰ ਵੀ ਬੇਹੱਦ ਨੁਕਸਾਨ ਪਹੁੰਚਾਉਂਦੀ ਹੈ। ਇਸੇ ਤਰ੍ਹਾਂ ਦੀਆਂ ਭੁੱਲਾਂ ਵਿਸ਼ਵ ਪੱਧਰ ’ਤੇ ਵੀ ਵੇਖੀਆਂ ਗਈਆਂ ਹਨ, ਜਿਸ ਦੀ ਉਦਾਹਰਣ ਦੱਖਣੀ ਅਫਰੀਕਾ ਦੇ ਜੋਹਾਨਸਬਰਗ ਦੀ ਦਿੱਤੀ ਜਾ ਸਕਦੀ ਹੈ, ਜਿੱਥੇ ਧਰਤੀ ਹੇਠਲੇ ਪਾਣੀ ਦੇ ਸਾਰੇ ਸਰੋਤਾਂ ਦੀ ਕਮੀ ਨੇ ਪੀਣ ਯੋਗ ਪਾਣੀ ਨੂੰ ਆਬਾਦੀ ਦੀ ਪਹੁੰਚ ਤੋਂ ਦੂਰ ਕਰਦਿਆਂ ਇਸ ਦੀ ਰਾਸ਼ਨਿੰਗ (Rationing) ਲਈ ਮਜ਼ਬੂਰ ਕਰ ਦਿੱਤਾ ਹੈ। ਜਦ ਕਿ, ਇਜ਼ਰਾਈਲ ਪ੍ਰਭਾਵਸ਼ਾਲੀ ਜਲ ਸਰੋਤ ਪ੍ਰਬੰਧਨ ਦੀ ਇੱਕ ਸਫ਼ਲ ਉਦਾਹਰਣ ਹੈ। ਖੁਸ਼ਕ ਹਾਲਤਾਂ ਦਾ ਸਾਹਮਣਾ ਹੋਣ ਦੇ ਬਾਵਜੂਦ, ਇਜ਼ਰਾਈਲ ਨੇ ਵਿਕਸਤ ਸਿੰਚਾਈ ਤਕਨੀਕਾਂ, ਖਾਰਾ ਪਾਣੀ ਸੋਧਕ ਕਾਰਖਾਨੇ (ਡੀਸੈਲਿਨੇਸ਼ਨ ਪਲਾਂਟਾਂ) ਅਤੇ ਗੰਦੇ ਪਾਣੀ ਨੂੰ ਕੁਸ਼ਲਤਾ ਨਾਲ ਮੁੜ ਵਰਤਣਯੋਗ ਬਣਾਉਣ ਵਰਗੀਆਂ ਪਹਿਲਕਦਮੀਆਂ ਰਾਹੀਂ ਪਾਣੀ ਦੀ ਕਮੀ ਦੀਆਂ ਚੁਣੌਤੀਆਂ ਨੂੰ ਦੂਰ ਕਰਨ ਵਿੱਚ ਕਾਮਯਾਬੀ ਹਾਸਿਲ ਕੀਤੀ ਹੈ। ਪੰਜਾਬ ਨੂੰ ਅਜਿਹੀਆਂ ਸਫ਼ਲਤਾਂਵਾਂ ਦੀਆਂ ਕਹਾਣੀਆਂ ਤੋਂ ਸਬਕ ਸਿੱਖਣਾ ਅਤੇ ਪਾਣੀ ਦੀ ਘਾਟ ਦੀ ਮੰਡਰਾ ਰਹੀ ਆਫਤ ਨੂੰ ਟਾਲਣ ਲਈ ਸਿਹਤਮੰਦ ਤਕਨੀਕਾਂ ਨੂੰ ਅਪਨਾਉਣਾ ਬਹੁਤ ਜ਼ਰੂਰੀ ਹੈ। ਇਸ ਸਮੇਂ, ਜਿਸ ਤਰ੍ਹਾਂ ਅਸੀਂ ਪਾਣੀ ਦੀ ਵਰਤੋਂ ਕਰ ਰਹੇ ਹਾਂ, ਪੰਜਾਬ ਦੀ ਕੁੱਲ ਸਾਲਾਨਾ ਪਾਣੀ ਦੀ ਮੰਗ 66.12 ਬਿਲੀਅਨ ਕਿਊਬਿਕ ਮੀਟਰ (1 ਬੀ.ਸੀ.ਐਮ = $10^{12}$ = ਇੱਕ ਲੱਖ ਕਰੋੜ ਲੀਟਰ ਪਾਣੀ) ਹੈ। ਸੂਬੇ ਵਿੱਚ ਮੌਜੂਦਾ ਪਾਣੀ ਦੇ ਸੰਕਟ ਦੇ ਮੱਦੇਨਜ਼ਰ, ਮੌਜੂਦਾ ਪਾਣੀ ਦੀ ਮੰਗ ਦਾ ਘੱਟੋ ਘੱਟ 30 ਪ੍ਰਤੀਸ਼ਤ ਭਾਵ 20 ਬੀ.ਸੀ.ਐਮ ਬਚਾਉਣ ਦੇ ਉਦੇਸ਼ ਨਾਲ ਇੱਕ ਨੀਤੀਗਤ ਟੀਚਾ ਨਿਰਧਾਰਤ ਕਰਨਾ ਅਣਸਰਦੀ ਲੋੜ ਹੈ ਜਿਸ ਨਾਲ ਪਾਣੀ ਦੀ ਮੰਗ ਨੂੰ 52.85 ਬੀ.ਸੀ.ਐਮ ਉਪਲਬਧਤਾ ਦੇ ਮੁਕਾਬਲੇ ਘਟਾ ਕੇ 46 ਬੀ.ਸੀ.ਐਮ ਕਰ ਦਿੱਤਾ ਜਾਵੇ। 20 ਬੀ.ਸੀ.ਐਮ ਸਲਾਨਾ ਪਾਣੀ ਦੀ ਬੱਚਤ ਦੇ ਟੀਚੇ ਨਾਲ ਕੀਤੀ ਬੱਚਤ ਨਾ ਸਿਰਫ ਪਾਣੀ ਦੀ ਉਪਲਬਧਤਾ/ਮੰਗ ਵਿੱਚ ਇੱਕ ਸੰਤੁਲਨ ਪੈਦਾ ਕਰੇਗੀ, ਸਗੋਂ ਟਿਕਾਊ ਵਿਕਾਸ ਲਈ ਧਰਤੀ ਹੇਠਲਾ ਪਾਣੀ ਕੱਢਣ ਦੀ ਸੁਰੱਖਿਅਤ ਸੀਮਾਂ ਤਕ ਪਹੁੰਚਣ ਲਈ, 6.5 ਬੀ.ਸੀ.ਐਮ ਘੱਟ ਪਾਣੀ ਕੱਢਣ ਨਾਲ, ਖਤਮ ਹੋ ਰਹੇ ਪਾਣੀ ਦੇ ਸਰੋਤਾਂ ਨੂੰ ਮੁੜ ਸੁਰਜੀਤ ਕਰਨ ਵਿੱਚ ਵੀ ਸਹਾਇਤਾ ਕਰੇਗੀ। 20 ਬੀ.ਸੀ.ਐਮ ਪਾਣੀ ਬਚਾਉਣ ਦਾ ਟੀਚਾ ਇਸ ਨੀਤੀ ਨੂੰ ਵੱਖ-ਵੱਖ ਸੈਕਟਰਾਂ ਜਿਵੇਂ ਕਿ ਖੇਤੀ, ਉਦਯੋਗ ਅਤੇ ਘਰੇਲੂ ਵਰਤੋਂ ਉੱਤੇ ਲਾਗੂ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਖੇਤੀ, ਉਦਯੋਗ ਅਤੇ ਘਰੇਲੂ ਖੇਤਰਾਂ ਲਈ ਜ਼ਮੀਨੀ ਸਤਹੀ ਉਪਰਲੇ ਪਾਣੀ ਦੀ ਕੁਸ਼ਲ ਵੰਡ ਅਤੇ ਵਰਤੋਂ ਨਾਲ ਧਰਤੀ ਹੇਠਲੇ ਪਾਣੀ ’ਤੇ ਵਾਧੂ ਨਿਰਭਰਤਾ ਨੂੰ ਘਟਾਉਣ ਵਿੱਚ ਮੱਦਦ ਮਿਲੇਗੀ। ਇਸ ਤੋਂ ਇਲਾਵਾ, ਸਾਫ ਕੀਤੇ ਹੋਏ ਪਾਣੀ ਨੂੰ ਸਿੰਚਾਈ ਦੇ ਪਾਣੀ ਦੇ ਮਿਆਰ ਦਾ ਬਣਾ ਕੇ ਦੁਬਾਰਾ ਵਰਤਣ ਨਾਲ ਦੋਵੇਂ ਸਤਹੀ ਅਤੇ ਧਰਤੀ ਹੇਠਲੇ ਤਾਜ਼ੇ ਪਾਣੀ ਦੇ ਸਰੋਤਾਂ ਨੂੰ ਸਾਂਭਿਆ ਜਾ ਸਕਦਾ ਹੈ। ਅਗਲੇ ਪੰਜ ਸਾਲਾਂ ਲਈ ਪਾਣੀ ਦੀ ਸਲਾਨਾ ਵਰਤੋਂ ਨੂੰ 4 ਬੀ.ਸੀ.ਐਮ ਘਟਾ ਕੇ ਕੁੱਲ ਮੰਗ ਨੂੰ 46 ਬੀ.ਸੀ.ਐਮ ਦੇ ਟੀਚੇ ਤੱਕ ਲੈ ਕੇ ਜਾਇਆ ਜਾ ਸਕਦਾ ਹੈ। ਇੱਕ ਸਿਹਤਮੰਦ ਵਿਕਾਸ ਲਈ ਸਾਰੇ ਹਿੱਸੇਦਾਰਾਂ ਨੂੰ ਸ਼ਾਮਿਲ ਕਰਕੇ, ਹੇਠਾਂ ਦਿੱਤੀਆਂ ਗਈਆਂ ਸਿਫਾਰਿਸ਼ਾਂ ਦੀ ਰੌਸ਼ਨੀ ਵਿੱਚ ਇੱਕ ਸੰਪੂਰਨ ਯੋਜਨਾ ਬਣਾਏ ਜਾਣ ਦੀ ਲੋੜ ਹੈ।

## 8.1 ਪੰਜਾਬ ਵਿੱਚ ਜਲ ਸਰੋਤਾਂ ਦੀ ਸਥਿਤੀ

ਪੰਜਾਬ ਵਿੱਚ ਜਲ ਸਰੋਤਾਂ ਦੀ ਬਹੁਤ ਮਹੱਤਤਾ ਹੈ ਕਿਉਂਕਿ ਇਹ ਇਸ ਖੇਤਰ ਦੇ ਸਮਾਜਿਕ-ਆਰਥਿਕ ਢਾਂਚੇ ਦੀ ਜਿੰਦ-ਜਾਨ ਹਨ।

i. ਪੰਜਾਬ ਰਾਜ ਭਾਰਤੀ ਉਪ-ਮਹਾਂਦੀਪ ਦੇ ਉੱਤਰੀ ਅਤੇ ਉੱਤਰ-ਪੱਛਮੀ ਖੇਤਰਾਂ ਵਿੱਚ ਸਿੰਧ ਦਰਿਆ ਪ੍ਰਣਾਲੀ ਦੇ

| | |
|---|---|
| • ਕੁੱਲ ਪਾਣੀ ਦੀ ਮੰਗ | : 66.12 ਬੀ.ਸੀ.ਐਮ |
| • ਖੇਤੀਬਾੜੀ ਪਾਣੀ ਦੀ ਮੰਗ | : 62.58 ਬੀ.ਸੀ.ਐਮ |
| • ਕੁੱਲ ਉਪਲਬਧ ਪਾਣੀ | : 52.85 ਬੀ.ਸੀ.ਐਮ |
| • ਪ੍ਰਭਾਵਸ਼ਾਲੀ ਵਰਖਾ | : 20.98 ਬੀ.ਸੀ.ਐਮ* |
| • ਧਰਤੀ ਹੇਠਲਾ ਪਾਣੀ | : 17.07 ਬੀ.ਸੀ.ਐਮ |
| • ਨਹਿਰੀ ਪਾਣੀ | : 14.80 ਬੀ.ਸੀ.ਐਮ* |
| • ਕੁੱਲ ਮੰਗ ਅਤੇ ਉਪਲਬਧਤਾ ਵਿੱਚ ਫਰਕ | : 13.27 ਬੀ.ਸੀ.ਐਮ |

*ਬਦਲ ਸਕਦੇ ਹਨ

ਅੰਦਰ ਸਥਿਤ ਹੈ। ਇਹ ਗੰਗਾ ਬੇਸਿਨ ਤੋਂ ਘੱਗਰ ਦਰਿਆ ਦੁਆਰਾ ਵੱਖ ਕੀਤਾ ਗਿਆ ਹੈ, ਜੋ ਮੌਸਮੀ ਤੌਰ 'ਤੇ ਵਗਦਾ ਹੈ ਅਤੇ ਰਾਜ ਦੇ ਦੱਖਣ-ਪੂਰਬੀ ਹਿੱਸਿਆਂ ਵਿੱਚ ਅਚਾਨਕ ਹੜ੍ਹਾਂ ਲਈ ਜਾਣਿਆ ਜਾਂਦਾ ਹੈ। ਸਿੰਧੂ ਪ੍ਰਣਾਲੀ ਦੇ ਹੋਰ ਪ੍ਰਸਿੱਧ ਨਿਰੰਤਰ ਵਗਣ ਵਾਲੇ ਦਰਿਆ, ਜੋ ਪੰਜਾਬ ਵਿੱਚੋਂ ਲੰਘਦੇ ਹਨ, ਵਿੱਚ ਰਾਵੀ, ਬਿਆਸ ਅਤੇ ਸਤਲੁਜ ਸ਼ਾਮਿਲ ਹਨ, ਜੋ ਕਿ ਸਮੂਹਿਕ ਤੌਰ 'ਤੇ 42.40 ਬਿਲੀਅਨ ਕਿਊਬਿਕ ਮੀਟਰ (ਬੀ.ਸੀ.ਐਮ) ਪਾਣੀ ਲੈ ਕੇ ਜਾਂਦੇ ਹਨ। ਹਿਮਾਲੀਅਨ ਗਲੇਸ਼ੀਅਰ ਇਨ੍ਹਾਂ ਦਰਿਆਵਾਂ ਲਈ ਪਾਣੀ ਦੀ ਸਪਲਾਈ ਦਾ ਲਗਪਗ 58 ਪ੍ਰਤੀਸ਼ਤ (24.59 ਬੀ.ਸੀ.ਐਮ) ਯੋਗਦਾਨ ਪਾਉਂਦੇ ਹਨ। ਕੈਚਮੈਂਟ ਖੇਤਰਾਂ ਵਿੱਚ ਰਣਨੀਤਕ ਤੌਰ 'ਤੇ ਸਥਿਤ ਡੈਮ ਇਹਨਾਂ ਦਰਿਆਵਾ ਵਿੱਚੋਂ ਪਾਣੀ ਇੱਕਠਾ ਕਰਦੇ ਹਨ ਅਤੇ ਕਮਾਂਡ ਖੇਤਰਾਂ ਵਿੱਚ ਨਹਿਰਾਂ ਦੇ ਇੱਕ ਵਿਸ਼ਾਲ ਨੈਟਵਰਕ ਦੁਆਰਾ ਸਿੰਚਾਈ ਲਈ ਵਰਤਣ ਵਾਸਤੇ ਲਈ ਪਾਣੀ ਨੂੰ ਜਮਾਂ ਕਰਦੇ ਹਨ।

ii. ਪੰਜਾਬ ਵਿੱਚ ਔਸਤ ਸਾਲਾਨਾ ਵਰਖਾ ਲਗਪਗ 565 ਮਿਲੀਮੀਟਰ (1997-2020 ਦੌਰਾਨ ਔਸਤਨ ਵਰਖਾ) ਹੈ। ਦੱਖਣ-ਪੱਛਮੀ ਮੌਨਸੂਨ ਸੀਜ਼ਨ, ਜੋ ਧਰਤੀ ਹੇਠਲੇ ਪਾਣੀ ਦੇ ਮੁੱਢਲੇ ਸਰੋਤ ਵਜੋਂ ਕੰਮ ਕਰਦਾ ਹੈ, ਜੂਨ ਦੇ ਆਖਰੀ ਹਫ਼ਤੇ ਸ਼ੁਰੂ ਹੁੰਦਾ ਹੈ ਅਤੇ ਸਤੰਬਰ ਦੇ ਅੰਤ ਤੱਕ ਘੱਟ ਜਾਂਦਾ ਹੈ, ਜੋ ਸਾਲਾਨਾ ਔਸਤ ਵਰਖਾ ਵਿੱਚ ਲਗਪਗ 80 ਪ੍ਰਤੀਸ਼ਤ ਯੋਗਦਾਨ ਪਾਉਂਦਾ ਹੈ। ਪੰਜਾਬ ਰਾਜ ਵਿੱਚ ਵਰਖਾ ਦੀ ਵੰਡ ਅਸਥਾਈ ਅਤੇ ਸਥਾਨਿਕ ਤਬਦੀਲੀਆਂ 'ਤੇ ਨਿਰਭਰ ਕਰਦੀ ਹੈ। ਸਲਾਨਾ ਵਰਖਾ ਪੂਰੇ ਰਾਜ ਵਿੱਚ ਕਾਫੀ ਹੱਦ ਤੱਕ ਵੱਖ-ਵੱਖ ਹੁੰਦੀ ਹੈ, ਉੱਤਰ-ਪੂਰਬ ਵਿੱਚ ਲਗਪਗ 1000 ਮਿਲੀਮੀਟਰ ਤੋਂ ਲੈ ਕੇ ਦੱਖਣ-ਪੱਛਮ ਵਿੱਚ 300 ਮਿਲੀਮੀਟਰ ਤੋਂ ਵੀ ਘੱਟ ਤੱਕ। ਪਿਛਲੇ ਸਮੇਂ ਦੇ ਮੁਕਾਬਲੇ ਹਾਲ ਹੀ ਦੇ ਸਾਲਾਂ ਵਿੱਚ ਔਸਤ ਸਾਲਾਨਾ ਵਰਖਾ ਵਿੱਚ ਕਾਫੀ ਕਮੀ ਆਈ ਹੈ।

iii. ਪੰਜਾਬ ਨੂੰ ਨਹਿਰਾਂ ਰਾਹੀਂ ਉਪਲਬਧ ਕੁੱਲ ਦਰਿਆਈ ਪਾਣੀ 14.80 ਬੀ.ਸੀ.ਐਮ ਹੈ ਜੋ ਸੱਤ ਮੁੱਖ ਨਹਿਰੀ ਪ੍ਰਣਾਲੀਆਂ ਰਾਹੀਂ ਕਮਾਂਡ ਏਰੀਏ ਵਿੱਚ ਵੰਡਿਆ ਜਾਂਦਾ ਹੈ ਜੋ ਕਿ ਸਰਹਿੰਦ ਕੈਨਾਲ ਸਿਸਟਮ, ਬਿਸਤ ਦੁਆਬ ਕੈਨਾਲ ਸਿਸਟਮ, ਅੱਪਰ ਬਾਰੀ ਦੁਆਬ ਕੈਨਾਲ (UBDC) ਸਿਸਟਮ, ਸਰਹਿੰਦ ਫੀਡਰ ਸਿਸਟਮ, ਈਸਟਰਨ ਕੈਨਾਲ ਸਿਸਟਮ, ਭਾਖੜਾ ਮੇਨ ਲਾਈਨ ਸਿਸਟਮ, ਅਤੇ ਸ਼ਾਹਨਹਿਰ ਕੈਨਾਲ ਸਿਸਟਮ ਹਨ।

iv. ਨਹਿਰੀ ਨੈਟਵਰਕ ਦੀ ਕਮਾਂਡ ਦੇ 30.88 ਲੱਖ ਹੈਕਟੇਅਰ ਰਕਬੇ ਲਈ ਇੱਕ ਬਹੁਤ ਹੀ ਚੰਗੀ ਤਰ੍ਹਾਂ ਵਿਕਸਤ ਅਤੇ ਵਿਆਪਕ 14500 ਕਿਲੋਮੀਟਰ ਲੰਬੀ ਕੈਨਾਲ ਸਿਸਟਮ ਅਤੇ ਪੰਜ ਹੈੱਡ ਵਰਕਸ ਵਿਕਸਿਤ ਕੀਤੇ ਗਏ ਹਨ (ਵੰਡ ਤੋਂ ਪਹਿਲਾਂ ਸ਼ਾਹਨਹਿਰ ਨਹਿਰ ਪ੍ਰਣਾਲੀ ਵਿੱਚ 39.47 ਬੀ.ਸੀ.ਐਮ ਦੀ ਵਰਤੋਂ ਤੋਂ ਇਲਾਵਾ)।

v. ਪੰਜਾਬ ਵਿੱਚ ਆਮ ਤੌਰ 'ਤੇ ਜ਼ਮੀਨੀ ਪਾਣੀ ਦਾ ਪੱਧਰ ਲਗਪਗ ਜ਼ਮੀਨੀ ਸਤ੍ਹਾ ਦੇ ਨੇੜੇ ਤੋਂ ਲੈ ਕੇ 60 ਮੀਟਰ ਸਤ੍ਹਾ ਦੇ ਹੇਠਾਂ ਤੱਕ ਡੂੰਘਾ ਹੈ। ਕੰਢੀ ਖੇਤਰ ਵਿੱਚ ਪਾਣੀ ਦਾ ਪੱਧਰ ਕਾਫੀ ਡੂੰਘਾਈ ਤੱਕ ਰਿਕਾਰਡ ਕੀਤਾ ਗਿਆ ਹੈ। ਦੱਖਣ-ਪੱਛਮੀ ਜ਼ਿਲ੍ਹਿਆਂ ਦੇ ਕੁਝ ਹਿੱਸਿਆਂ ਵਿੱਚ ਸੇਮ ਦੀਆਂ ਸਥਿਤੀਆਂ ਮੌਜੂਦ ਹਨ।

vi. ਭਾਰਤ ਸਰਕਾਰ ਦੇ ਕੇਂਦਰੀ ਧਰਤੀ ਹੇਠਲੇ ਪਾਣੀ ਦੇ ਬੋਰਡ (CGWB), ਅਤੇ ਜਲ ਸਰੋਤ ਵਿਭਾਗ, ਪੰਜਾਬ ਦੇ ਅਨੁਮਾਨਾਂ ਅਨੁਸਾਰ ਸਲਾਨਾ ਵਰਤਣਯੋਗ ਧਰਤੀ ਹੇਠਲੇ ਪਾਣੀ ਦੀ ਉਪਲਬਧਤਾ (ਮੁੜ ਭਰਨਯੋਗ) 31 ਮਾਰਚ, 2022 ਨੂੰ 17.073 ਬੀ.ਸੀ.ਐਮ ਹੈ। ਪਾਣੀ ਦੇ ਧਰਤੀ ਹੇਠਲੇ ਸਰੋਤਾਂ ਦੀ ਮੁੜ ਬਹਾਲੀ ਸਲਾਨਾ ਬਾਰਿਸ਼ ਦੇ ਪਾਣੀ ਦੇ ਧਰਤੀ ਹੇਠ ਸਿੰਮਣ, ਨਹਿਰੀ/ਟੈਂਕ/ਤਲਾਬ/ਹੋਰ ਸਰੋਤਾਂ ਦੇ ਪਾਣੀ ਦੇ ਸਿੰਮਣ ਅਤੇ ਦੋਵੇਂ ਸਤਿਹੀ ਤੇ ਧਰਤੀ ਹੇਠਲੇ ਪਾਣੀ ਤੋਂ ਸਿੰਚਾਈ ਦੇ ਪਾਣੀ ਦੇ ਵਾਪਸ ਵਹਾਅ ਉੱਤੇ ਨਿਰਭਰ ਕਰਦੀ ਹੈ।

## 8.2 ਚੁਣੌਤੀਆਂ ਅਤੇ ਮੁੱਦੇ

- 2039 ਤੱਕ ਜ਼ਮੀਨੀ ਪਾਣੀ ਦਾ ਪੱਧਰ 300 ਮੀਟਰ ਤੋਂ ਹੇਠਾਂ ਜਾਣ ਦੀ ਸੰਭਾਵਨਾ
- 84800 ਹੈਕਟੇਅਰ ਵਾਹੀਯੋਗ ਜ਼ਮੀਨ ਵਿੱਚ ਸੇਮ ਦੀ ਸਮੱਸਿਆ
- ਜਲਗਾਹਾਂ ਦਾ ਨਿਘਾਰ

i. **ਮੰਗ ਨੂੰ ਪੂਰਾ ਕਰਨ ਲਈ ਨਾਕਾਫ਼ੀ ਪਾਣੀ ਦੀ ਸਪਲਾਈ**: ਮੁੱਖ ਰਿਪੇਰੀਅਨ ਰਾਜ ਪੰਜਾਬ ਕੋਲ ਆਪਣੇ ਤਿੰਨ ਸਦੀਵੀ ਦਰਿਆਵਾਂ (ਸਤਲੁਜ, ਰਾਵੀ ਅਤੇ ਬਿਆਸ) ਵਿੱਚ ਸਿਰਫ ਸੀਮਤ ਹਿੱਸਾ ਹੈ। ਇਸ ਨੂੰ ਕੁੱਲ ਔਸਤ ਉਪਲਬਧਤਾ 42.40 ਬੀ.ਸੀ.ਐਮ ਪਾਣੀ ਵਿੱਚੋਂ ਸਿਰਫ਼ 17.95 ਬੀ.ਸੀ.ਐਮ ਅਲਾਟ ਕੀਤਾ ਗਿਆ ਹੈ। ਪੰਜਾਬ ਨੂੰ ਨਹਿਰਾਂ ਰਾਹੀਂ ਉਪਲਬਧ ਕੁੱਲ ਦਰਿਆਈ ਪਾਣੀ 14.80 ਬੀ.ਸੀ.ਐਮ ਹੈ, ਧਰਤੀ ਹੇਠਲੇ ਪਾਣੀ ਦੇ ਸਰੋਤ ਲਗਪਗ 17.07 ਬੀ.ਸੀ.ਐਮ ਹਨ ਅਤੇ ਰਾਜ ਵਿੱਚ ਪ੍ਰਭਾਵਸ਼ਾਲੀ ਵਰਖਾ 20.98 ਬੀ.ਸੀ.ਐਮ ਹੈ। ਇਸ ਤਰ੍ਹਾਂ, ਧਰਤੀ ਹੇਠਲੇ, ਸਤਹੀ ਅਤੇ ਮੀਂਹ ਦੇ ਪਾਣੀ ਸਮੇਤ ਪਾਣੀ ਦੀ ਕੁੱਲ ਉਪਲਬਧਤਾ 52.85 ਬੀ.ਸੀ.ਐਮ ਹੈ। ਖੇਤੀਬਾੜੀ, ਘਰੇਲੂ ਅਤੇ ਉਦਯੋਗਿਕ ਖੇਤਰਾਂ ਲਈ ਪਾਣੀ ਦੀ ਮੰਗ ਲੜੀਵਾਰ 62.58, 2.41 ਅਤੇ 1.13 ਬੀ.ਸੀ.ਐੱਮ. ਹੈ ਜਿਸ ਨਾਲ ਰਾਜ ਵਿੱਚ ਪਾਣੀ ਦੀ ਕੁੱਲ ਮੰਗ 66.12 ਬੀ.ਸੀ.ਐੱਮ ਬਣਦੀ ਹੈ। ਇਸ ਤਰ੍ਹਾਂ ਸੂਬੇ ਵਿੱਚ 13.27 ਬੀ.ਸੀ.ਐਮ ਪਾਣੀ ਦੀ ਘਾਟ ਹੈ, ਜੋ ਧਰਤੀ ਹੇਠਲੇ ਪਾਣੀ ਨੂੰ ਲੋੜ ਤੋਂ ਜਿਆਦਾ ਕੱਢ ਕੇ (Over-exploitation) ਪੂਰੀ ਕੀਤੀ ਜਾਂਦੀ ਹੈ ਜੋ ਕਿ ਪ੍ਰਮੁੱਖ ਰਿਪੇਰੀਅਨ ਰਾਜ ਲਈ 25 ਪ੍ਰਤੀਸ਼ਤ ਪਾਣੀ ਦੀ ਘਾਟ ਨੂੰ ਦਰਸਾਉਂਦਾ ਹੈ। ਕੇਂਦਰੀ ਧਰਤੀ ਹੇਠਲੇ ਪਾਣੀ ਦੇ ਸਰੋਤਾਂ ਦੇ ਚਿਤਰਨ ਅਤੇ ਪ੍ਰਬੰਧਨ ਪ੍ਰੋਗਰਾਮ (National Aquifer Mapping and Management), ਜੋ ਕਿ ਕੇਂਦਰੀ ਧਰਤੀ ਹੇਠਲੇ ਪਾਣੀ ਦੇ ਬੋਰਡ ਵੱਲੋਂ ਆਯੋਜਿਤ ਕੀਤਾ ਗਿਆ, ਤਹਿਤ ਸਾਲ 2017 ਵਿਚ ਕੀਤੇ ਗਏ ਮੈਪਿੰਗ ਅਧਿਐਨਾਂ ਮੁਤਾਬਕ ਪਾਣੀ ਦੇ ਧਰਤੀ ਹੇਠਲੇ ਸਰੋਤਾਂ ਦਾ ਡੂੰਘਾਈ ਪੱਧਰ 100 ਮੀਟਰ, 100-200 ਮੀਟਰ ਅਤੇ 200-300 ਮੀਟਰ ਤੱਕ ਹੋਣ ਦੇ ਅਨੁਮਾਨ ਲਾਏ ਗਏ ਹਨ। ਹੇਠਲਾ ਟੇਬਲ ਡੂੰਘਾਈ ਅਧਾਰਿਤ ਧਰਤੀ ਹੇਠਲੇ 300 ਮੀਟਰ ਤੱਕ ਪਾਣੀ ਦੇ ਸਰੋਤਾਂ (ਸਥਿਰ) ਨੂੰ ਦਰਸਾਉਂਦਾ ਹੈ।

**ਟੇਬਲ 8.1: ਸਟੋਰੇਜ ਵਿੱਚ (ਸਥਿਰ) ਧਰਤੀ ਹੇਠਲੇ ਪਾਣੀ ਦੇ ਸਰੋਤ**

| ਲੜੀ ਨੰਬਰ | ਜਲ ਖੰਡ (Aquifer) ਅਤੇ ਉਹਨਾਂ ਦੀ ਡੂੰਘਾਈ ਦੀ ਹੱਦ | ਸਟੋਰੇਜ ਵਿੱਚ (ਸਥਿਰ) ਧਰਤੀ ਹੇਠਲੇ ਪਾਣੀ ਦੇ ਸਰੋਤ (BCM) |
|---|---|---|
| 1. | ਜਲ ਖੰਡ I (ਅਣ-ਸੀਮਤ) 100 ਮੀਟਰ ਦੀ ਡੂੰਘਾਈ ਤੱਕ | 171.53 |
| 2. | ਜਲ ਖੰਡ II (ਅਰਧ-ਸੀਮਤ) 100 ਮੀਟਰ ਤੋਂ 200 ਮੀਟਰ ਤੱਕ | 75.83 |
| 3. | ਜਲ ਖੰਡ III (ਸੀਮਤ) 200 ਮੀਟਰ ਤੋਂ 300 ਮੀਟਰ | 51.76 |
| **300 ਮੀਟਰ ਦੀ ਡੂੰਘਾਈ ਤੱਕ ਕੁੱਲ ਧਰਤੀ ਹੇਠਲੇ ਪਾਣੀ ਦੇ ਸਰੋਤ** | | **299.12** |

ਸਰੋਤ: ਕੇਂਦਰੀ ਧਰਤੀ ਹੇਠਲੇ ਪਾਣੀ ਦਾ ਬੋਰਡ (2017) ਭਾਰਤ ਸਰਕਾਰ

ਜਿਵੇਂ ਕਿ ਪਾਣੀ ਦੀ ਉਪਲਬਧਤਾ ਨਾਲੋਂ ਪਾਣੀ ਦੀ ਸਲਾਨਾ ਮੰਗ 13.27 ਬੀ.ਸੀ.ਐਮ. ਜ਼ਿਆਦਾ ਹੈ, ਜਿਸ ਦੀ ਪੂਰਤੀ ਧਰਤੀ ਹੇਠਲੇ ਪਾਣੀ ਦੇ ਜਮ੍ਹਾਂ ਹੋਏ ਸਰੋਤਾਂ (ਸਥਿਰ) ਦੀ ਵਰਤੋਂ ਨਾਲ ਕੀਤੀ ਜਾਂਦੀ ਹੈ। ਖੇਤੀਬਾੜੀ ਲਈ ਪਾਣੀ ਦੀ ਮੰਗ ਕੁੱਲ ਪਾਣੀ ਦੀ ਮੰਗ ਦਾ 90 ਪ੍ਰਤੀਸ਼ਤ ਤੋਂ ਵੱਧ ਬਣਦੀ ਹੈ, ਜਦੋਂ ਕਿ ਘਰੇਲੂ ਅਤੇ ਉਦਯੋਗਿਕ ਖੇਤਰਾਂ ਲਈ ਮੁਕਾਬਲਤਨ ਪਾਣੀ ਦੀ ਮੰਗ ਘੱਟ ਦਰਸਾਈ ਗਈ ਹੈ। ਇਹ ਵਖਰੇਵਾਂ ਦਰਸਾਉਂਦਾ ਹੈ ਕਿ ਬਰਾਬਰੀ ਅਤੇ ਸਿਹਤਮੰਦ ਜਲ ਸਰੋਤ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ ਇਹਨਾਂ ਸੈਕਟਰਾਂ ਵਿੱਚ ਪਾਣੀ ਦੀ ਵਰਤੋਂ ਦੇ ਮੁੜ-ਮੁਲਾਂਕਣ ਦੀ ਜ਼ਰੂਰਤ ਹੈ।


ii. **ਧਰਤੀ ਹੇਠਲੇ ਪਾਣੀ ਦੇ ਸਰੋਤਾਂ ਵਿੱਚ ਕਮੀ**: ਸਤਹੀ ਸਪਲਾਈ (ਬਰਸਾਤ ਅਤੇ ਨਹਿਰੀ ਪਾਣੀ) ਤੋਂ ਉਪਲਬਧ ਪਾਣੀ ਪੰਜਾਬ ਵਿੱਚ ਪਾਣੀ ਦੀਆਂ ਵਧਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕਾਫੀ ਨਹੀਂ ਹੈ। ਪੰਜਾਬ ਦੇ ਕਿਸਾਨਾਂ ਨੇ ਧਰਤੀ ਹੇਠਲੇ ਪਾਣੀ ਦੀ ਵਰਤੋਂ ਸਿੰਚਾਈ ਕਰਨ ਲਈ ਨਿੱਜੀ ਟਿਊਬਵੈਲਾਂ ਵਿੱਚ ਕਾਫ਼ੀ ਨਿਵੇਸ਼ ਕੀਤਾ ਹੈ। ਪੰਜਾਬ ਦੇ 2021-22 ਦੇ ਅੰਕੜਾਸਾਰ ਮੁਤਾਬਿਕ, ਰਾਜ ਵਿੱਚ ਬਿਜਲੀ ਅਤੇ ਡੀਜ਼ਲ ’ਤੇ ਚੱਲਣ ਵਾਲੇ ਟਿਊਬਵੈਲਾਂ ਦੀ ਗਿਣਤੀ ਕ੍ਰਮਵਾਰ, 13.89 ਲੱਖ ਅਤੇ 1.40 ਲੱਖ ਹੈ। ਮੁਫ਼ਤ ਬਿਜਲੀ ਦੀ ਸੁਵਿਧਾ ਦੇ ਨਾਲ-ਨਾਲ ਟਿਊਬਵੈਲਾਂ ਦੀ ਸੌਖਾਲੀ ਵਰਤੋਂ ਨੇ ਧਰਤੀ ਹੇਠਲੇ ਪਾਣੀ ’ਤੇ ਦਬਾਅ ਹੋਰ ਵੀ ਵਧਾ ਦਿੱਤਾ ਹੈ। ਕਈ ਵਾਰ, ਜਦੋਂ ਨਹਿਰੀ ਪਾਣੀ ਵੀ ਉਪਲਬਧ ਹੁੰਦਾ ਹੈ, ਕਿਸਾਨ ਆਟੋ ਸਟਾਟਰ ਲੱਗੇ ਹੋਏ ਟਿਊਬਵੈਲ ਦੀ ਸੌਖ਼ੀ ਅਤੇ ਅਰਾਮਦੇਹ ਵਰਤੋਂ ਨੂੰ ਤਰਜੀਹ ਦਿੰਦੇ ਹਨ। ਧਰਤੀ ਹੇਠਲੇ ਪਾਣੀ ਦਾ ਪੱਧਰ ਕੇਂਦਰੀ ਪੰਜਾਬ ਦੀਆਂ ਬਹੁਤੀਆਂ ਥਾਵਾਂ ’ਤੇ 150-200 ਮੀਟਰ ਦੀ ਡੂੰਘਾਈ ਤੱਕ ਪਹੁੰਚ ਗਿਆ ਹੈ ਅਤੇ ਸਮੁੱਚੇ ਤੌਰ ’ਤੇ ਧਰਤੀ ਹੇਠਲੇ ਪਾਣੀ ਦਾ ਨਿਕਾਲ 178 ਪ੍ਰਤੀਸ਼ਤ ਹੈ। ਜੇਕਰ ਪਾਣੀ ਨਿਕਾਲ ਦਰ ਇਸੇ ਤਰ੍ਹਾਂ ਜਾਰੀ ਰਹੀ ਤਾਂ 2039 ਤੱਕ ਪਾਣੀ ਦੀ ਡੂੰਘਾਈ ਦਾ ਪੱਧਰ 300 ਮੀਟਰ ਤੋਂ ਵੀ ਥੱਲੇ ਡਿੱਗਣ ਦਾ ਖਤਰਾ ਹੈ। ਧਰਤੀ ਹੇਠਲੇ ਗਤੀਸ਼ੀਲ ਸਰੋਤਾਂ ਦੇ ਅਨੁਮਾਨਾਂ ਲਈ ਵਰਤੀ ਗਈ ਵਿਧੀ ਦੇ ਅਨੁਸਾਰ, ਮੁਲਾਂਕਣ ਇਕਾਈਆਂ/ਬਲਾਕਾਂ ਦੀ ਧਰਤੀ ਹੇਠਲੇ ਪਾਣੀ ਦੇ ਮੁੜ ਭਰਨਯੋਗ ਸਰੋਤਾਂ ਦੇ ਸੰਬੰਧ ਵਿੱਚ, ਪਾਣੀ ਦੇ ਸਲਾਨਾ ਨਿਕਾਲ ਦੀ ਅਵੱਸਥਾ ਦੇ ਅਧਾਰ ’ਤੇ ਵੰਡ ਕੀਤੀ ਗਈ ਹੈ।

ਮੌਜੂਦਾ ਸਮੇਂ ਵਿੱਚ, 150 ਬਲਾਕਾਂ ਵਿੱਚੋਂ, 15 ਬਲਾਕਾਂ ਵਿੱਚ 300 ਫ਼ੀਸਦੀ ਤੋਂ ਵੱਧ, 16 ਬਲਾਕਾਂ ਵਿੱਚ 251 ਫ਼ੀਸਦੀ ਤੋਂ 300 ਫ਼ੀਸਦੀ, 29 ਬਲਾਕਾਂ ਵਿੱਚ 201 ਤੋਂ 250 ਫ਼ੀਸਦੀ, 53 ਬਲਾਕਾਂ ਵਿੱਚ 101 ਤੋਂ 200 ਫ਼ੀਸਦੀ ਅਤੇ 37 ਬਲਾਕਾਂ ਵਿੱਚ 100 ਫ਼ੀਸਦੀ ਤੋਂ ਘੱਟ ਧਰਤੀ ਹੇਠਲਾ ਪਾਣੀ ਕੱਢਿਆ ਜਾ ਰਿਹਾ ਹੈ। ਰਾਜ ਵਿੱਚ ਭਵਿੱਖ ਵਿੱਚ ਸਿੰਚਾਈ ਦੇ ਵਿਕਾਸ ਲਈ ਸ਼ੁੱਧ ਜ਼ਮੀਨੀ ਪਾਣੀ ਦੀ ਉਪਲਬਧਤਾ ਰਾਜ ਦੇ ਹੱਦੋਂ ਵੱਧ ਪਾਣੀ ਦੁਰਉਪਯੋਗ ਕਰਨ ਵਾਲੇ ਬਲਾਕਾਂ ਵਿੱਚ ‘ਸਿਫ਼ਰ’ ਹੈ ਪਰ ਸੁਰੱਖਿਅਤ, ਅਰਧ-ਨਾਜ਼ੁਕ, ਨਾਜ਼ੁਕ ਅਤੇ ਸੇਮ ਵਾਲੇ ਖੇਤਰਾਂ ਵਿੱਚ ਇਹ ਪਾਣੀ ਅਨੁਮਾਨਿਤ 1.57 ਬੀ.ਸੀ.ਐਮ ਹੈ।

iii. **ਦੱਖਣ-ਪੱਛਮੀ ਪੰਜਾਬ ਵਿੱਚ ਸੇਮ**: ਪੰਜਾਬ ਦੇ ਫਰੀਦਕੋਟ, ਮੁਕਤਸਰ, ਮਲੋਟ, ਲੰਬੀ, ਅਬੋਹਰ ਅਤੇ ਗਿੱਦੜਬਾਹਾ ਬਲਾਕਾਂ ਵਿੱਚ ਗੰਭੀਰ ਸੇਮ ਦੀ ਸਮੱਸਿਆ ਦਾ ਸਾਹਮਣਾ ਕਰ ਰਹੀ 84,800 ਹੈਕਟਰ ਵਾਹੀਯੋਗ ਜ਼ਮੀਨ ਵਿੱਚੋਂ, ਪ੍ਰਭਾਵਿਤ ਖੇਤਰ ਦਾ 25 ਪ੍ਰਤੀਸ਼ਤ ਹਿੱਸਾ ਰਾਜਸਥਾਨ ਅਤੇ ਸਰਹਿੰਦ ਫੀਡਰਾਂ ਨਾਲ ਲੱਗਦਾ ਹੈ। ਇਹ ਖੇਤਰ ਮਾੜੀ-ਗੁਣਵੱਤਾ ਵਾਲੇ ਧਰਤੀ ਹੇਠਲੇ ਪਾਣੀ ਨਾਲ ਵੀ ਜੂਝਦਾ ਹੈ, ਜਿਸ ਨਾਲ ਮਿੱਟੀ ਦੇ ਖਾਰੇਪਣ ਨਾਲ ਸਬੰਧਤ ਚੁਣੌਤੀਆਂ ਪੈਦਾ ਹੁੰਦੀਆਂ ਹਨ। ਇਸ ਤੋਂ ਇਲਾਵਾ, ਇਹਨਾਂ ਨਹਿਰਾਂ ਵਿੱਚੋਂ ਲਗਾਤਾਰ ਪਾਣੀ ਸਿਮਣਾਂ ਸੇਮ ਦੀ ਸਮੱਸਿਆ ਨੂੰ ਹੋਰ ਵਧਾ ਦਿੰਦਾ ਹੈ, ਜਿਸ ਨਾਲ ਜ਼ਮੀਨ ਵੱਧ ਖਾਰੀ ਹੋ ਜਾਂਦੀ ਹੈ ਅਤੇ ਖੇਤੀ ਲਈ ਯੋਗ ਨਹੀਂ ਰਹਿੰਦੀ।

iv. **ਖੇਤੀ-ਪਾਣੀ-ਬਿਜਲੀ ਗਠਜੋੜ**: ਖੇਤੀ-ਪਾਣੀ-ਬਿਜਲੀ ਗਠਜੋੜ ਖੇਤੀਬਾੜੀ, ਪਾਣੀ ਸਾਧਨਾਂ ਅਤੇ ਬਿਜਲੀ ਦੇ ਅੰਤਰ-ਸਬੰਧ ਵੱਲ ਇਸ਼ਾਰਾ ਕਰਦਾ ਹੈ। ਪਾਣੀ ਅਤੇ ਬਿਜਲੀ ਦੀ ਯੋਗ ਵਰਤੋਂ ਚੰਗੇ ਖੇਤੀਬਾੜੀ ਅਮਲਾਂ ਲਈ ਮਹੱਤਵਪੂਰਨ ਹੈ, ਕਿਉਂਕਿ ਖੇਤੀਬਾੜੀ ਪਾਣੀ ਅਤੇ ਬਿਜਲੀ ਦੋਹਾਂ ਦੀ ਇੱਕ ਪ੍ਰਮੁੱਖ ਖਪਤਕਾਰ ਹੈ। ਇਹਨਾਂ ਸੋਮਿਆਂ ਦਾ ਸੰਤੁਲਨ ਭੋਜਨ ਸੁਰੱਖਿਆ, ਵਾਤਾਵਰਨ ਸੰਭਾਲ ਅਤੇ ਖੇਤੀ ਖੇਤਰ ’ਚ ਬਿਜਲੀ ਦੀ ਲੋੜ ਨੂੰ ਪੂਰਾ ਕਰਨ ਲਈ ਜ਼ਰੂਰੀ ਹੈ। ਮੌਜੂਦਾ ਸਮੇਂ ਵਿੱਚ, ਰਾਜ ਵਿੱਚ 13.91 ਲੱਖ ਬਿਜਲੀ ਟਿਊਬਵੈਲ ਹਨ ਜੋ ਕਿ 7294 ਕਰੋੜ ਰੁਪਏ ਦੀ ਵੱਡੀ ਰਾਸ਼ੀ ਦੀ ਸਬਸੀਡੀ ’ਤੇ ਚਲਦੇ ਹਨ। ਅੱਗੇ ਦਿੱਤਾ ਗਰਾਫ ਬਿਜਲੀ ਟਿਊਬਵੈਲ ਅਤੇ ਬਿਜਲੀ ਸਬਸੀਡੀ ਦੇ ਦਹਾਕੇਬੱਧੀ ਸੰਬੰਧਾਂ ਨੂੰ ਦਰਸਾਉਂਦਾ ਹੈ।

**ਬਿਜਲੀ ਟਿਊਬਵੈਲ ਅਤੇ ਬਿਜਲੀ ਸਬਸਿਡੀ ਦੇ ਤੁਲਨਾਤਮਕ ਸੰਬੰਧ**




ਸਰੋਤ: ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

2010-11 ਵਿੱਚ ਟਿਊਬਵੈਲ ਕੰਨੈਕਸ਼ਨਾਂ ਦੀ ਗਿਣਤੀ 11.43 ਲੱਖ ਸੀ ਅਤੇ ਬਿਜਲੀ ਸਬਸਿਡੀ 2703 ਕਰੋੜ ਰੁਪਏ ਸੀ, ਜਦ ਕਿ 2022—23 ਵਿੱਚ ਬਿਜਲੀ ਟਿਊਬਵੈਲ ਕੁਨੈਕਸ਼ਨਾਂ ਦੀ ਗਿਣਤੀ 13.91 ਲੱਖ ਹੋ ਗਈ ਅਤੇ ਦਿੱਤੀ ਗਈ ਸਬਸਿਡੀ ਵੱਧ ਕੇ 7294 ਕਰੋੜ ਰੁਪਏ ਹੋ ਗਈ। ਟਿਊਬਵੈਲ 'ਤੇ ਦਿੱਤੀ ਗਈ ਸਬਸਿਡੀ ਤੋਂ ਇਲਾਵਾ 990 ਕਰੋੜ ਰੁਪਏ ਦੀ ਕ੍ਰਾਸ ਸਬਸਿਡੀ ਵੀ ਹੈ। ਇਸ ਨਾਲ ਕੁੱਲ ਸਬਸਿਡੀ 8284 ਕਰੋੜ ਰੁਪਏ ਬਣਦੀ ਹੈ। ਟਿਊਬਵੈਲ ਬਿਜਲੀ ਦਾ ਪ੍ਰਤੀ ਯੂਨਿਟ ਖਰਚ 6.48 ਰੁਪਏ ਹੈ ਜਦੋਂ ਕਿ ਵਸੂਲਿਆ ਜਾਣ ਵਾਲਾ ਕਿਰਾਇਆ 5.66 ਰੁਪਏ ਹੈ। ਸਾਉਣੀ ਦੇ ਸੀਜ਼ਨ ਦੌਰਾਨ ਹੁੰਦੀ ਬਿਜਲੀ ਖਪਤ, ਕੁੱਲ ਬਿਜਲੀ ਖਪਤ ਦਾ 65 ਤੋਂ 73 ਪ੍ਰਤੀਸ਼ਤ ਹੈ। ਸਾਲ 2022-23 ਦੌਰਾਨ ਜੂਨ, ਜੁਲਾਈ, ਅਗਸਤ ਅਤੇ ਸਤੰਬਰ ਵਿਚਲੀ ਬਿਜਲੀ ਖਪਤ, ਕੁੱਲ ਬਿਜਲੀ ਖਪਤ ਦਾ ਕ੍ਰਮਵਾਰ 14 ਪ੍ਰਤੀਸ਼ਤ, 17 ਪ੍ਰਤੀਸ਼ਤ, 20 ਪ੍ਰਤੀਸ਼ਤ ਅਤੇ 16 ਪ੍ਰਤੀਸ਼ਤ ਸੀ। ਬਿਜਲੀ ਟਿਊਬਵੈਲ ਦੀ ਮੰਗ/ਖਪਤ ਅਤੇ ਸਿੰਚਾਈ ਵਿੱਚ ਪਾਣੀ ਵਰਤੋਂ ਉੱਤੇ ਫ਼ਸਲ ਦੀ ਚੋਣ ਅਤੇ ਮੌਸਮੀ ਵਾਤਾਵਰਨ ਦਾ ਸਿੱਧਾ ਪ੍ਰਭਾਵ ਪੈਂਦਾ ਹੈ। ਅਪ੍ਰੈਲ ਅਤੇ ਮਈ ਮਹੀਨਿਆਂ ਦੌਰਾਨ ਚਾਰੇ/ਸਾਈਲੇਜ਼ ਲਈ ਬੀਜੀ ਗਈ ਬਸੰਤ/ਗਰਮੀਆਂ ਦੀ ਮੱਕੀ ਦੇ ਸਿੱਟੇ ਵਜੋਂ ਪਾਣੀ ਅਤੇ ਬਿਜਲੀ ਦੀ ਮੰਗ ਹੋਰ ਵੱਧ ਜਾਂਦੀ ਹੈ। ਸਾਉਣੀ ਦੇ ਸੀਜ਼ਨ ਦੌਰਾਨ ਝੋਨੇ ਦੀ ਪਨੀਰੀ ਲੁਆਈ ਦੀਆਂ ਤਰੀਕਾਂ ਨੂੰ ਮਾਲਵਾ, ਮਾਝਾ ਅਤੇ ਦੁਆਬਾ ਖੇਤਰ ਲਈ ਵੱਖ-ਵੱਖ ਮਿਥਣ ਨਾਲ (ਪੰਜਾਬ ਸਬ-ਸੋਇਲ ਪਾਣੀ ਬਚਾਅ ਐਕਟ, 2009) ਤਸੱਲੀਬਖ਼ਸ਼ ਨਤੀਜੇ ਮਿਲ ਰਹੇ ਹਨ। ਸਾਉਣੀ ਦੇ ਸੀਜ਼ਨ ਦੌਰਾਨ ਹੋਣ ਵਾਲੀ ਬਾਰਿਸ਼, ਪਾਣੀ ਅਤੇ ਬਿਜਲੀ ਦੀ ਮੰਗ/ਖਪਤ ਨੂੰ ਤੈਅ ਕਰਨ ਵਾਲਾ ਮੁੱਖ ਕਾਰਕ ਹੈ। ਇਸੇ ਤਰ੍ਹਾਂ ਹੀ ਹਾੜੀ ਦੇ ਸੀਜ਼ਨ ਵਿੱਚ ਪਾਣੀ ਅਤੇ ਬਿਜਲੀ ਦੀ ਮੰਗ ਸਰਦੀਆਂ ਵਿੱਚ ਘੱਟ ਜਾਂ ਬਹੁਤ ਜ਼ਿਆਦਾ ਬਾਰਿਸ਼ ਪੈਣ 'ਤੇ ਨਿਰਭਰ ਕਰਦੀ ਹੈ। ਸਾਲ 2021-22 ਅਤੇ 2022-23 ਦੌਰਾਨ ਖੇਤੀ ਵਿੱਚ ਹੋਣ ਵਾਲੀ ਮਹੀਨੇਵਾਰ ਬਿਜਲੀ ਦੀ ਖਪਤ ਅਤੇ ਉਸ ਵਿਚਲੇ ਫਰਕ ਦੇ ਕਾਰਨਾਂ ਦੀ ਸਮੀਖਿਆ ਹੇਠ ਲਿਖੇ ਅਨੁਸਾਰ ਹੈ:

**ਟੇਬਲ 8.2: ਵਾਤਾਵਰਨ ਪਰਿਵਰਤਨ ਅਤੇ ਫ਼ਸਲਾਂ ਦੇ ਬਦਲਦੇ ਪੈਟਰਨ ਦੇ ਪ੍ਰਭਾਵ: ਬਿਜਲੀ ਖਪਤ ਦੀ ਤੁਲਨਾ (ਮਿਲੀਅਨ ਯੂਨਿਟਾਂ ਵਿੱਚ)**

| ਲੜੀ ਨੰ: | ਮਹੀਨਾ | 2021-22 | 2022-23 | ਪ੍ਰਤੀਸ਼ਤ ਤਬਦੀਲੀ | ਟਿੱਪਣੀਆਂ |
|---|---|---|---|---|---|
| 1 | ਅਪ੍ਰੈਲ | 271 | 364 | +34 | ਚਾਰੇ ਲਈ ਮੱਕੀ ਦੀ ਬਿਜਾਈ ਅਤੇ ਵੱਧ ਤਾਪਮਾਨ |
| 2 | ਮਈ | 716 | 879 | +23 | |
| 3 | ਜੂਨ | 2094 | 1853 | -11 | ਝੋਨੇ ਦੀ ਬਿਜਾਈ ਦੀ ਜ਼ੋਨਿੰਗ |
| 4 | ਜੁਲਾਈ | 2691 | 2282 | -15 | ਚੰਗੀ ਵਰਖਾ |
| 5 | ਅਗਸਤ | 2434 | 2711 | +11 | ਘੱਟ ਵਰਖਾ |
| 6 | ਸਤੰਬਰ | 1632 | 2194 | +34 | ਘੱਟ ਵਰਖਾ |
| 7 | ਅਕਤੂਬਰ | 772 | 965 | +25 | ਝੋਨੇ ਲਈ ਵਾਧੂ ਲੋੜ |
| 8 | ਨਵੰਬਰ | 255 | 359 | +41 | ਸੁੱਕਾ ਸਮਾਂ |
| 9 | ਦਸੰਬਰ | 573 | 516 | -10 | - |
| 10 | ਜਨਵਰੀ | 84 | 364 | +333 | ਘੱਟ ਵਰਖਾ |
| 11 | ਫਰਵਰੀ | 293 | 656 | +123 | ਵੱਧ ਤਾਪਮਾਨ |
| 12 | ਮਾਰਚ | 715 | 496 | -31 | ਚੰਗੀ ਵਰਖਾ |
| **ਕੁੱਲ** | | **12,350** | **13,639** | **+10.43** | |

ਸਰੋਤ: ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

v. **ਨਹਿਰੀ ਸਿੰਜਾਈ ਵਾਲੇ ਰਕਬੇ ਵਿੱਚ ਕਮੀ**: ਰਾਜ ਵਿੱਚ ਨਹਿਰੀ ਸਿੰਜਾਈ ਵਾਲਾ ਰਕਬਾ ਸਾਲ 1990-91 ਵਿੱਚ 16.6 ਲੱਖ ਹੈਕਟੇਅਰ ਤੋਂ ਘੱਟ ਕੇ ਸਾਲ 2020-21 ਵਿੱਚ 11.59 ਲੱਖ ਹੈਕਟੇਅਰ ਰਹਿ ਗਿਆ ਹੈ। ਜਲ ਸਰੋਤ ਵਿਭਾਗ, ਪੰਜਾਬ ਅਨੁਸਾਰ ਇਹ ਮੁੱਖ ਤੌਰ 'ਤੇ ਸਤਹੀ ਪਾਣੀ ਦੀ ਉਪਲਬਧਤਾ ਵਿੱਚ ਕਮੀ ਅਤੇ ਪੁਰਾਣੀ ਹੋਈ ਨਹਿਰੀ ਪ੍ਰਣਾਲੀ ਦੇ ਮਾੜੇ ਰੱਖ-ਰਖਾਅ ਕਾਰਨ ਹੋਇਆ ਹੈ। ਇਸ ਤੋਂ ਬਿਨਾਂ, ਖੁਦਬ-ਖੁਦ ਚਾਲੂ ਹੋਣ ਵਾਲੀ ਤਕਨਾਲੋਜੀ (Auto-starter) ਨਾਲ ਲੈਸ ਟਿਊਬਵੈਲ ਚਲਾਉਣ ਦਾ ਕਾਰਜ ਕਿਸਾਨਾਂ ਲਈ ਸੌਖਿਆਂ ਕਰਕੇ ਧਰਤੀ ਹੇਠਲੇ ਪਾਣੀ 'ਤੇ ਉਹਨਾਂ ਦੀ ਨਿਰਭਰਤਾ ਨੂੰ ਵਧਾਉਂਦੀ ਹੈ। ਮੁਫ਼ਤ ਬਿਜਲੀ ਨਾਲ ਨਿੱਜੀ ਮਾਲਕੀ ਵਾਲੇ ਟਿਊਬਵੈਲਾਂ ਰਾਹੀਂ ਧਰਤੀ ਹੇਠਲੇ ਪਾਣੀ ਤੱਕ ਆਸਾਨੀ ਨਾਲ ਪਹੁੰਚ ਹੋਣ ਕਾਰਨ ਪਾਣੀ ਦੇ ਵਹਿਣਾਂ (ਸੂਏ, ਰਜਵਾਹੇ) ਉਪਰ, ਖਾਸ ਕਰਕੇ ਮਾਝੇ ਅਤੇ ਦੁਆਬੇ ਵਿੱਚ ਕਬਜ਼ਾ ਕਰ ਲਿਆ ਗਿਆ ਹੈ। ਕਬਜ਼ਾ ਕੀਤੇ ਪਾਣੀ ਵਹਿਣਾਂ ਦੀ ਮੁੜ-ਬਹਾਲੀ ਲਈ, ਧਰਤੀ ਹੇਠਲੇ ਪਾਈਪ ਲਾਈਨ ਸਿਸਟਮ (Underground Pipeline System) ਦੀ ਜੰਗੀ ਪੱਧਰ 'ਤੇ ਵਰਤੋਂ ਕਰਕੇ ਨਿਰਧਾਰਤ ਨਹਿਰੀ ਕਮਾਂਡ ਖੇਤਰ (Canal Command Areas)/ਸੰਪੂਰਨ ਕਮਾਂਡ ਏਰੀਆ (Gross Command Areas) ਦੀ ਬਹਾਲੀ ਕੀਤੀ ਜਾਣੀ ਚਾਹੀਦੀ ਹੈ। ਨਹਿਰੀ ਸਿੰਚਾਈ ਹੇਠ ਲਿਆਂਦਾ ਗਿਆ ਵਾਧੂ ਖੇਤਰ, ਨਾ ਸਿਰਫ ਧਰਤੀ ਹੇਠਲੇ ਪਾਣੀ ਦੀ ਬੱਚਤ ਕਰੇਗਾ ਸਗੋਂ ਲਗਾਤਾਰ ਵੱਧ ਰਹੀ ਬਿਜਲੀ ਸਬਸਿਡੀ ਦਾ ਬੋਝ ਵੀ ਘੱਟ ਕਰਨ ਵਿੱਚ ਮਦਦ ਕਰੇਗਾ।

vi. **ਨਹਿਰੀ ਨੈਟਵਰਕ ਦੀ ਸਾਂਭ-ਸੰਭਾਲ**: ਨਹਿਰਾਂ ਦਾ ਨੈਟਵਰਕ, ਜੋ ਕਿ 150 ਸਾਲ ਤੋਂ ਵੱਧ ਪੁਰਾਣਾ ਹੈ, ਆਪਣਾ ਪੂਰਾ ਪਾਣੀ ਲੈਣ ਤੋਂ ਅਸਮਰੱਥ ਹੈ ਕਿਉਂਕਿ ਇਸ ਦੀ ਵਿਆਪਕ ਮੁੜ-ਸਥਾਪਤੀ ਅਤੇ ਮੁੜ-ਸੁਰਜੀਤੀ ਦੀ ਲੋੜ ਹੈ। ਨਹਿਰੀ ਬੁਨਿਆਦੀ ਢਾਂਚੇ ਦੀ ਮਾੜੀ ਸਾਂਭ-ਸੰਭਾਲ, ਜਿਸ ਵਿੱਚ ਲੀਕੇਜ, ਰੁਕਾਵਟਾਂ, ਅਤੇ ਵੇਲਾ ਵਹਾ ਚੁੱਕੀ ਵੰਡ ਪ੍ਰਣਾਲੀ ਸ਼ਾਮਿਲ ਹੈ, ਨਾਲ ਪਾਣੀ ਦਾ ਨਿਵਾਣ ਵੱਲ ਨੂੰ ਵਗਦੇ ਸਮੇਂ ਕਾਫੀ ਨੁਕਸਾਨ ਹੁੰਦਾ ਹੈ। ਇਹ ਨਹਿਰਾਂ ਦੇ ਅਖੀਰ ਸਿਰੇ (Tails) 'ਤੇ ਪਾਣੀ ਦੀ ਕਮੀ ਨੂੰ ਹੋਰ ਵਧਾ ਦਿੰਦਾ ਹੈ। ਇਸ ਦੇ ਨਤੀਜੇ ਵਜੋਂ ਸਿਸਟਮ ਦੀ ਪਾਣੀ ਢੋਣ

ਦੀ ਸਮਰੱਥਾ ਘਟੀ ਹੈ ਅਤੇ ਸਤਹੀ ਪਾਣੀ ਦੀ ਉਪਲਬਧਤਾ ਘਟੀ ਹੈ; ਨਤੀਜੇ ਵਜੋਂ, ਟੇਲਾਂ 'ਤੇ ਬਹੁਤ ਸਾਰੇ ਵਾਟਰ ਕੋਰਸ ਬੰਦ ਹੋ ਗਏ ਹਨ। ਨਹਿਰਾਂ ਦੁਆਰਾ ਸਿੰਚਾਈ ਵਾਲਾ ਸ਼ੁੱਧ ਖੇਤਰ ਸਾਲ 1960-61 ਵਿੱਚ 55 ਪ੍ਰਤੀਸ਼ਤ ਤੋਂ ਘੱਟ ਕੇ ਸਾਲ 2021-22 ਵਿੱਚ 27 ਪ੍ਰਤੀਸ਼ਤ ਰਹਿ ਗਿਆ ਹੈ। ਪੰਜਾਬ ਪਾਣੀ ਸਰੋਤ ਵਿਭਾਗ ਮੁਤਾਬਿਕ ਮੌਜੂਦਾ ਸਮੇਂ ਵਿੱਚ 2217.47 ਕਿਲੋਮੀਟਰ ਨਹਿਰਾਂ ਨੂੰ ਪੱਕਾ ਕਰਨਾ ਬਾਕੀ ਹੈ ਅਤੇ ਅਨੁਮਾਨਿਤ 2728.32 ਕਰੋੜ ਰੁਪਏ ਦੀ ਲਾਗਤ ਨਾਲ ਇਹ ਕੰਮ ਪੂਰਾ ਕੀਤਾ ਜਾ ਸਕਦਾ ਹੈ।

vii. **ਖੇਤੀਬਾੜੀ ਵਿੱਚ ਪਾਣੀ ਦੀ ਘੱਟ ਵਰਤੋਂ ਕੁਸ਼ਲਤਾ**: ਇਹ ਜਲ ਸਰੋਤਾਂ ਦੇ ਸਿਹਤਮੰਦ ਵਿਕਾਸ ਲਈ ਇੱਕ ਹੋਰ ਗੰਭੀਰ ਚੁਣੌਤੀ ਹੈ। ਵਰਤਮਾਨ ਵਿੱਚ, ਖੇਤੀਬਾੜੀ ਵਿੱਚ ਪਾਣੀ ਦੀ ਵਰਤੋਂ ਕੁਸ਼ਲਤਾ **(WUE)** ਨਹਿਰੀ ਸਿੰਚਾਈ ਲਈ ਅਨੁਮਾਨਿਤ 35 ਤੋਂ 40 ਪ੍ਰਤੀਸ਼ਤ ਦੇ ਵਿਚਕਾਰ ਹੈ ਅਤੇ ਬਾਕੀ ਜ਼ਮੀਨ ਹੇਠਲੇ ਪਾਣੀ ਦੇ ਨਾਲ ਸਿੰਚਾਈ ਹੁੰਦੀ ਹੈ।

viii. **ਸਤਹੀ ਪਾਣੀ ਅਤੇ ਧਰਤੀ ਹੇਠਲੇ ਪਾਣੀ ਦਾ ਦੂਸ਼ਿਤ ਹੋਣਾ**: ਨਾਈਟ੍ਰੇਟਸ, ਭਾਰੀ ਧਾਤਾਂ, ਜਰਾਸੀਮ, ਅਤੇ ਖੇਤੀ ਰਸਾਇਣਕ ਰਹਿੰਦ-ਖੂੰਹਦ ਉਨ੍ਹਾਂ ਲੋਕਾਂ ਲਈ ਗੰਭੀਰ ਸਿਹਤ ਖਤਰੇ ਪੈਦਾ ਕਰਦੇ ਹਨ ਜੋ ਪੀਣ ਲਈ ਅਤੇ ਸਿੰਚਾਈ ਲਈ ਧਰਤੀ ਹੇਠਲੇ ਪਾਣੀ 'ਤੇ ਨਿਰਭਰ ਕਰਦੇ ਹਨ। ਪੰਜਾਬ ਦੇ ਦੱਖਣ-ਪੱਛਮੀ ਜ਼ਿਲ੍ਹਿਆਂ ਵਿੱਚ ਨਹਿਰੀ ਪਾਣੀ ਦੀ ਸਪਲਾਈ ਵਰਤੋਂ ਵਿੱਚ ਹੈ। ਨਹਿਰੀ ਪਾਣੀ ਦੀ ਪਹੁੰਚ ਨੂੰ ਹੋਰ ਜ਼ਿਲ੍ਹਿਆਂ ਤੱਕ ਵਧਾਉਣ ਦੀ ਵੀ ਯੋਜਨਾ ਹੈ। ਕਈ ਥਾਵਾਂ 'ਤੇ ਅਣਸੋਧਿਆ ਗੰਦਾ ਪਾਣੀ ਅਤੇ ਹੋਰ ਠੋਸ ਪਦਾਰਥ ਜਲ ਸਰੋਤਾਂ ਵਿੱਚ ਛੱਡੇ ਜਾਣ ਕਾਰਨ ਨਹਿਰੀ ਪਾਣੀ ਵੀ ਦੂਸ਼ਿਤ ਹੋ ਰਿਹਾ ਹੈ। ਕੁਝ ਖੇਤਰਾਂ ਵਿੱਚ, ਕੁਦਰਤੀ ਤੌਰ 'ਤੇ ਆਰਸੈਨਿਕ ਅਤੇ ਖਾਰੇ ਦੀ ਮਿਲਾਵਟ ਸਮੱਸਿਆ ਨੂੰ ਹੋਰ ਵਧਾ ਦਿੰਦੀ ਹੈ। ਕੇਂਦਰੀ ਧਰਤੀ ਹੇਠਲੇ ਪਾਣੀ ਦੇ ਬੋਰਡ (CGWB) ਕੋਲ ਉਪਲਬਧ ਅੰਕੜਿਆਂ ਮੁਤਾਬਿਕ, ਪੰਜਾਬ ਵਿੱਚ, ਰਾਜ ਭਰ ਦੇ 800 ਪਿੰਡਾਂ ਵਿੱਚ ਆਰਸੈਨਿਕ ਅਤੇ 1.50 PPM ਤੋਂ ਵੱਧ ਫਲੋਰਾਈਡ ਦਾ ਖਤਰਨਾਕ ਪੱਧਰ ਹੈ ਜੋ ਕਿ ਮੁੱਖ ਤੌਰ 'ਤੇ ਬਠਿੰਡਾ, ਫਰੀਦਕੋਟ, ਫਾਜ਼ਿਲਕਾ, ਮੁਕਤਸਰ ਅਤੇ ਮਾਨਸਾ ਜ਼ਿਲ੍ਹਿਆਂ ਵਿੱਚ ਪਾਇਆ ਜਾਂਦਾ ਹੈ ਜਦੋਂਕਿ ਫਿਰੋਜ਼ਪੁਰ, ਸੰਗਰੂਰ, ਐਸ.ਏ.ਐਸ. ਨਗਰ ਅਤੇ ਤਰਨਤਾਰਨ ਜ਼ਿਲ੍ਹਿਆਂ ਵਿੱਚ ਵੀ ਕੁਝ ਥਾਵਾਂ ਵਿੱਚ ਪਾਇਆ ਗਿਆ ਹੈ।

ix. **ਜਲਗਾਹਾਂ ਦਾ ਨਿਘਾਰ**: ਬਹੁਤ ਸਾਰੀਆਂ ਜਲਗਾਹਾਂ (ਹਰੀਕੇ, ਰੋਪੜ ਅਤੇ ਕਾਂਜਲੀ) ਵੀ ਪਾਣੀ ਦੀ ਗੁਣਵੱਤਾ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੀਆਂ ਹਨ। ਇਹ ਜਲਗਾਹ ਸਰੋਤਾਂ ਤੋਂ ਪਾਣੀ ਦੇ ਘੱਟ ਪ੍ਰਵਾਹ ਅਤੇ ਪਾਣੀ 'ਚ ਹਾਈਸਿੰਥ ਦੀ ਭਰਮਾਰ ਕਾਰਨ ਬਹੁਤ ਜ਼ਿਆਦਾ ਦਬਾਅ ਅਧੀਨ ਹਨ, ਜੋ ਪਾਣੀ ਦੇ ਚੈਨਲਾਂ ਨੂੰ ਬੰਦ ਕਰ ਦਿੰਦੀ ਹੈ ਅਤੇ ਜਲਗਾਹ ਦੇ ਪਾਣੀ ਪ੍ਰਕਿਰਿਆਵਾਂ ਦੇ ਕਾਰਜਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ।

x. **ਜਲਵਾਯੂ ਪਰਿਵਰਤਨ**: ਜਲਵਾਯੂ ਪਰਿਵਰਤਨ ਅਤੇ ਗੈਰ-ਖੇਤੀਬਾੜੀ ਖੇਤਰਾਂ ਵੱਲੋਂ ਮੁਕਾਬਲੇ ਦੇ ਮੱਦੇਨਜ਼ਰ ਖੇਤੀਬਾੜੀ ਵਿੱਚ ਪਾਣੀ ਦੀ ਕਮੀ ਦੀ ਭਵਿੱਖਬਾਣੀ ਕੀਤੀ ਜਾ ਰਹੀ ਹੈ ਕਿਉਂਕਿ ਜਨਸੰਖਿਆ ਦੇ ਵਾਧੇ, ਤੇਜ਼ੀ ਨਾਲ ਉਦਯੋਗੀਕਰਨ ਅਤੇ ਸ਼ਹਿਰੀਕਰਨ ਨਾਲ ਪਾਣੀ ਉਪਰ ਦਬਾਅ ਵੱਧ ਰਿਹਾ ਹੈ। ਇਨ੍ਹਾਂ ਕਾਰਨਾਂ ਕਰਕੇ ਆਉਣ ਵਾਲੇ ਦੋ ਦਹਾਕਿਆਂ ਵਿੱਚ ਖੇਤੀ ਵਿੱਚ ਪਾਣੀ ਦੀ ਹਿੱਸੇਦਾਰੀ 10-15 ਪ੍ਰਤੀਸ਼ਤ ਤੱਕ ਘੱਟਣ ਦੀ ਉਮੀਦ ਹੈ।

xi. **ਹਿੱਸੇਦਾਰਾਂ ਵਿੱਚ ਜਾਗਰੂਕਤਾ ਦੀ ਘਾਟ**: ਪਾਣੀ ਦੀ ਕਮੀ ਅਤੇ ਮਿੱਠੇ/ਪੀਣ ਯੋਗ ਪਾਣੀ ਦੀ ਵੱਡੀ ਬਰਬਾਦੀ ਦੇ ਆਉਣ ਵਾਲੇ ਖਤਰੇ ਬਾਰੇ ਆਮ ਲੋਕਾਂ ਵਿੱਚ ਜਾਗਰੂਕਤਾ ਦੀ ਘਾਟ ਹੈ; ਫ਼ਸਲਾਂ ਨੂੰ ਲੋੜ ਤੋਂ ਵੱਧ ਪਾਣੀ ਲਾਉਣਾ ਇੱਕ ਆਮ ਗੱਲ ਹੈ ਜਿਸ ਵਿੱਚ ਕੁਸ਼ਲਤਾ ਅਤੇ ਪਾਣੀ ਦੀ ਰੱਖਿਆ-ਸੰਭਾਲ ਨੂੰ ਬਿਲਕੁਲ ਅਣਡਿੱਠ ਕੀਤਾ ਜਾਂਦਾ ਹੈ।

## 8.3 ਨੀਤੀ ਸੰਬੰਧੀ ਸਿਫਾਰਿਸ਼ਾਂ

ਪੰਜਾਬ ਵਿੱਚ ਪਾਣੀ ਦੇ ਸੰਕਟ ਵਾਲੀਆਂ ਸਥਿਤੀਆਂ ਦੇ ਮੱਦੇਨਜ਼ਰ, ਅਗਲੇ 5 ਸਾਲਾਂ ਵਿੱਚ ਪਾਣੀ ਦੀ ਸਮੁੱਚੀ ਮੰਗ (66.12 ਬੀ.ਸੀ.ਐਮ) ਦਾ ਘੱਟੋ ਘੱਟ 30 ਪ੍ਰਤੀਸ਼ਤ (20 ਬੀ.ਸੀ.ਐਮ) ਪਾਣੀ ਬਚਾਉਣ ਦਾ ਨੀਤੀਗਤ ਟੀਚਾ ਨਿਰਧਾਰਤ ਕਰਨਾ ਚਾਹੀਦਾ ਹੈ ਜੋ ਹੇਠਾਂ ਦਿੱਤੀਆਂ ਸਿਫਾਰਿਸ਼ਾਂ ਨੂੰ ਅਪਣਾ ਕੇ ਪੂਰਾ ਕੀਤਾ ਜਾ ਸਕਦਾ ਹੈ।

### 8.3.1 ਖੇਤ ਵਿੱਚ ਪਾਣੀ ਦਾ ਪ੍ਰਬੰਧਨ

1. **ਫ਼ਸਲੀ ਚੱਕਰ ਵਿੱਚ ਤਬਦੀਲੀ**: ਝੋਨੇ ਦੇ ਕਈ ਬਦਲ ਹਨ, ਜਿਨ੍ਹਾਂ ਨੂੰ ਜੇਕਰ ਸਮਝਦਾਰੀ ਨਾਲ ਅਪਣਾਇਆ ਜਾਵੇ ਤਾਂ ਉਹ ਝੋਨੇ-ਕਣਕ ਪ੍ਰਣਾਲੀ ਦਾ ਮੁਕਾਬਲਾ ਕਰ ਸਕਦੇ ਹਨ। ਇਹਨਾਂ ਵਿੱਚੋਂ ਕੁਝ ਇਸ ਪ੍ਰਕਾਰ ਹਨ:

- ਪੰਜ ਸਾਲਾਂ ਵਿੱਚ 30 ਪ੍ਰਤੀਸ਼ਤ (20 ਬੀ.ਸੀ.ਐਮ) ਪਾਣੀ ਬਚਾਇਆ ਜਾਵੇ
- ਲੰਬਾ ਸਮਾਂ ਲੈਣ ਵਾਲੀਆਂ ਝੋਨੇ ਦੀਆਂ ਕਿਸਮਾਂ ਉਪਰ ਪਾਬੰਦੀ
- ਕੱਦੂ ਨੂੰ ਨਿਰਉਤਸ਼ਾਹਿਤ ਕੀਤਾ ਜਾਵੇ ਅਤੇ ਪੜ੍ਹਾਅਵਾਰ ਤਰੀਕੇ ਨਾਲ ਪਾਬੰਦੀ ਲਗਾਈ ਜਾਵੇ
- ਡਾਰਕ ਜ਼ੋਨ ਬਲਾਕਾਂ ਵਿੱਚ ਝੋਨੇ ਦੀ ਕਾਸ਼ਤ ਉਪਰ ਪਾਬੰਦੀ
- ਫ਼ਸਲੀ ਵਿਭਿੰਨਤਾ ਦਾ ਪ੍ਰਸਾਰ -ਕਪਾਹ, ਗੰਨਾ, ਫ਼ਲ ਅਤੇ ਸਬਜ਼ੀਆਂ, ਖੇਤੀ ਜੰਗਲਾਤ, ਸਰੋਂ ਦੀ ਪੈਦਾਵਾਰ ਤੁਪਕਾ ਸਿੰਚਾਈ ਨਾਲ
- ਸੂਖਮ ਸਿੰਚਾਈ ਲਈ ਵਿਸ਼ੇਸ਼ ਮਕਸਦ ਵਾਹਨ (ਸਪੈਸ਼ਲ ਪਰਪਜ਼ ਵਹੀਕਲ)

**ੳ) ਪੰਜਾਬ ਵਿੱਚ ਝੋਨੇ ਦੀਆਂ ਲੰਬਾ ਸਮਾਂ ਲੈਣ ਵਾਲੀਆਂ ਕਿਸਮਾਂ ਉੱਪਰ ਪਾਬੰਦੀ**: ਪੰਜਾਬ ਵਿੱਚ ਪਾਣੀ ਦੇ ਸੰਕਟ ਦੇ ਮੱਦੇਨਜ਼ਰ ਸੂਬੇ ਵਿੱਚ ਝੋਨੇ ਦੀਆਂ ਵੱਧ ਸਮਾਂ ਲੈਣ ਵਾਲੀਆਂ ਸਾਰੀਆਂ ਕਿਸਮਾਂ ’ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾਵੇ।

**ਅ) ਡਾਰਕ ਜ਼ੋਨ ਬਲਾਕਾਂ ਵਿੱਚ ਝੋਨੇ ਦੀ ਕਾਸ਼ਤ ਉਪਰ ਪਾਬੰਦੀ**: ਪੰਜਾਬ ਰਾਜ ਦੇ ਕੁੱਲ 150 ਬਲਾਕਾਂ ’ਚੋਂ 15 ਬਲਾਕਾਂ ਦੀ ਜ਼ਮੀਨ ਹੇਠਲੇ ਪਾਣੀ ਸਬੰਧੀ ਸਥਿਤੀ ਬਹੁਤ ਗੰਭੀਰ ਹੈ ਕਿਉਂਕਿ ਇਨ੍ਹਾਂ ਬਲਾਕਾਂ ਵਿੱਚ ਜ਼ਮੀਨ ਹੇਠਲਾ ਪਾਣੀ ਕੱਢਣ ਦੀ ਦਰ, ਧਰਤੀ ਹੇਠ ਪਾਣੀ ਨੂੰ ਮੁੜ ਭਰਨ ਦੇ ਨਾਲੋਂ 300 ਪ੍ਰਤੀਸ਼ਤ ਜ਼ਿਆਦਾ ਹੈ (ਅਨੁਲੱਗ XI)। ਇਨ੍ਹਾਂ ਬਲਾਕਾਂ ਨੂੰ ਉੱਚ ਅਤਿ-ਸ਼ੋਸ਼ਿਤ ਬਲਾਕਾਂ ਵਜੋਂ ਨਾਮਜ਼ਦ ਕੀਤਾ ਗਿਆ ਹੈ ਜੋ ਕਿ ਇਨ੍ਹਾਂ ਬਲਾਕਾਂ ਵਿੱਚ ਜ਼ਮੀਨ ਹੇਠਲੇ ਪਾਣੀ ਦੀ ਘੱਟ ਉਪਲਬਧਤਾ ਨੂੰ ਦਰਸਾਉਦਾ ਹੈ। ਇਸੇ ਤਰ੍ਹਾਂ, ਅਗਲੇ 16 ਬਲਾਕਾਂ ਜਿਨ੍ਹਾਂ ਵਿੱਚ ਪਾਣੀ ਕੱਢਣ ਦੀ ਦਰ, ਮੁੜ ਭਰਨ ਦੀ ਦਰ ਤੋਂ 251-300 ਪ੍ਰਤੀਸ਼ਤ ਵੱਧ ਹੈ ਅਤੇ ਬਾਅਦ ਵਿੱਚ 29 ਬਲਾਕ ਜਿਨ੍ਹਾਂ ਦੀ ਪਾਣੀ ਕੱਢਣ ਦੀ ਦਰ 201-250 ਪ੍ਰਤੀਸ਼ਤ ਹੈ ਅਤੇ 53 ਬਲਾਕ ਜਿਨ੍ਹਾਂ ਦੀ ਮੁੜ ਭਰਨ ਦੀ ਦਰ 100 ਤੋਂ 200 ਪ੍ਰਤੀਸ਼ਤ ਹੈ, ਇਹ ਬਲਾਕ ਅਤਿ-ਸ਼ੋਸ਼ਿਤ ਵਾਲੀ ਸ਼੍ਰੇਣੀ ਵਿੱਚ ਆਉਂਦੇ ਹਨ। ਇਹਨਾਂ ਬਲਾਕਾਂ ਦੇ ਕਿਸਾਨ ਨਿਯਮਤ ਤੌਰ ’ਤੇ ਬੋਰ ਡੂੰਘੇ ਕਰਵਾਉਣ ਅਤੇ ਟਿਊਬਵੈਲ ਮੋਟਰਾਂ ਦਾ ਲੋਡ ਵਧਾਉਣ ਲਈ ਆਪਣੀ ਜੇਬ ਤੋਂ ਖਰਚਾ ਕਰਨ ਲਈ ਮਜ਼ਬੂਰ ਹਨ। ਧਰਤੀ ਹੇਠਲੇ ਡੂੰਘੇ ਪਾਣੀ ਦੇ ਸਰੋਤਾਂ ’ਚੋ ਪਾਣੀ ਦਾ ਨਿਕਾਲਾ ਨਾ ਕਿ ਸਿਰਫ਼ ਕਿਸਾਨਾਂ ਉਤੇ ਆਰਥਿਕ ਦਬਾਅ ਪਾਉਂਦਾ ਹੈ, ਸਗੋਂ ਬਿਜਲੀ ਦੀ ਖਪਤ ਨੂੰ ਵੀ ਵਧਾਉਂਦਾ ਹੈ। ਇਹਨਾਂ ਬਲਾਕਾਂ ਵਿੱਚ ਬਿਜਲੀ ਦੀ ਸਲਾਨਾ ਸਬਸਿਡੀ ਪ੍ਰਤੀ ਟਿਊਬਵੈਲ ਖਪਤ ਰਾਜ ਦੀ ਸਲਾਨਾ ਔਸਤ ਨਾਲੋਂ ਕਿਤੇ ਵੱਧ ਹੈ। ਸਲਾਨਾ ਬਿਜਲੀ ਦੀ ਪ੍ਰਤੀ ਟਿਊਬਵੈਲ ਸਬਸਿਡੀ ਬਰਨਾਲਾ, ਸੰਗਰੂਰ, ਪਟਿਆਲਾ ਅਤੇ ਮੋਗਾ ਜਿਲ੍ਹੇ ਵਿੱਚ ਕ੍ਰਮਵਾਰ 89556 ਰੁਪਏ, 84428 ਰੁਪਏ, 78470 ਰੁਪਏ ਅਤੇ 75812 ਰੁਪਏ ਹੈ ਜੋ ਕਿ ਰਾਜ ਦੀ ਸਲਾਨਾ ਔਸਤਨ ਪ੍ਰਤੀ ਟਿਊਬਵੈਲ ਬਿਜਲੀ ਦੀ ਖਪਤ 53984 ਰੁਪਏ, ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। ਜਿਆਦਾਤਰ ਬਲਾਕਾਂ ਵਿੱਚ ਧਰਤੀ ਹੇਠਲੇ ਪਾਣੀ ਕੱਢਣ ਦੀ ਦਰ ਸਾਰੇ ਸਾਲ ’ਚ ਧਰਤੀ ਹੇਠ ਪਾਣੀ ਮੁੜ ਭਰਨ ਦੀ ਦਰ ਨਾਲੋਂ ਵੱਧ ਹੈ, ਇਹਨਾਂ ਵਿੱਚੋਂ ਜ਼ਿਆਦਾਤਰ ਬਲਾਕ ਉੱਚ ਅਤਿ-ਸ਼ੋਸ਼ਿਤ ਸ਼੍ਰੇਣੀ ਵਿੱਚ ਆਉਂਦੇ ਹਨ। ਹੋਰ ਵੀ ਅਗਾਂਹ, ਇਨ੍ਹਾਂ ਬਲਾਕਾਂ ਦੇ ਕਿਸਾਨ ਧਰਤੀ ਹੇਠਲੇ ਸੁਰੱਖਿਅਤ ਪਾਣੀ ਦੇ ਜਲ ਖੰਡ I (ਗਤੀਸ਼ੀਲ) (Aquifer I Dynamics) ਤੋਂ ਇਲਾਵਾ ਜਲ ਖੰਡ II (ਸਥਿਰ) (Aquifer II Static) ਦੇ ਧਰਤੀ ਹੇਠਲੇ ਸਟੋਰ ਕੀਤੇ ਸੁਰੱਖਿਅਤ ਪਾਣੀ ਨੂੰ ਵੀ ਬਾਹਰ ਕੱਢ ਰਹੇ ਹਨ। ਹੇਠਾਂ ਦਿਤਾ ਹੋਇਆ ਟੇਬਲ, ਜ਼ਿਲ੍ਹਾਵਾਰ ਟਿਊਬਵੈਲ ਕੁਨੈਕਸ਼ਨਾਂ ਦੀ ਗਿਣਤੀ, ਔਸਤ ਲੋਡ (BHP) ਪ੍ਰਤੀ ਕੁਨੈਕਸ਼ਨ ਅਤੇ ਸਲਾਨਾ ਪ੍ਰਤੀ ਟਿਊਬਵੈਲ ਔਸਤ ਸਬਸਿਡੀ ਦੇ ਅੰਕੜੇ ਪੇਸ਼ ਕਰਦਾ ਹੈ:

**ਟੇਬਲ 8.3: ਪੰਜਾਬ ਵਿੱਚ ਜ਼ਿਲ੍ਹੇਵਾਰ ਖੇਤੀਬਾੜੀ ਲਈ ਬਿਜਲੀ ਦੀ ਖਪਤ ਅਤੇ ਸਬਸਿਡੀ**

| ਜ਼ਿਲ੍ਹਾ | ਬਿਜਲੀ ਮੋਟਰ ਕੁਨੈਕਸ਼ਨ (ਨੰਬਰ) | ਔਸਤ ਲੋੜ ਪ੍ਰਤੀ ਕੁਨੈਕਸ਼ਨ (ਬੀ ਐਚ ਪੀ) | ਸਾਲਾਨਾ ਬਿਜਲੀ ਸਬਸਿਡੀ ਪ੍ਰਤੀ ਕੁਨੈਕਸ਼ਨ (ਰੁਪਏ) |
|---|---|---|---|
| ਬਰਨਾਲਾ | 47,068 | 16.69 | 89556 |
| ਸੰਗਰੂਰ | 1,14,374 | 17.55 | 84428 |
| ਪਟਿਆਲਾ | 89,430 | 16.23 | 78470 |
| ਮੋਗਾ | 68,451 | 15.00 | 75812 |
| ਮਾਨਸਾ | 42,522 | 14.88 | 73462 |
| ਮੋਹਾਲੀ | 20,447 | 13.82 | 72636 |
| ਬਠਿੰਡਾ | 78,325 | 12.21 | 67676 |
| ਹੁਸ਼ਿਆਰਪੁਰ | 51,188 | 9.53 | 66837 |
| ਐੱਸ.ਬੀ.ਐੱਸ ਨਗਰ | 24,790 | 9.39 | 60178 |
| ਜਲੰਧਰ | 87,784 | 11.11 | 59004 |
| ਫਤਿਹਗੜ੍ਹ ਸਾਹਿਬ | 32,853 | 11.93 | 58427 |
| ਰੂਪਨਗਰ | 21,639 | 8.74 | 52536 |
| ਤਰਨ ਤਾਰਨ ਸਾਹਿਬ | 79,409 | 10.43 | 52378 |
| ਲੁਧਿਆਣਾ | 1,17,308 | 10.61 | 51556 |
| ਕਪੂਰਥਲਾ | 61,243 | 9.31 | 44138 |
| ਅੰਮ੍ਰਿਤਸਰ | 93,946 | 8.08 | 40415 |
| ਫਰੀਦਕੋਟ | 45,758 | 9.73 | 40323 |
| ਫਿਰੋਜ਼ਪੁਰ | 86,098 | 10.24 | 39351 |
| ਪਠਾਨਕੋਟ | 4,864 | 5.18 | 30780 |
| ਫਾਜ਼ਿਲਕਾ | 51,289 | 6.62 | 30095 |
| ਗੁਰਦਾਸਪੁਰ | 99,581 | 5.75 | 29183 |
| ਸ਼੍ਰੀ ਮੁਕਤਸਰ ਸਾਹਿਬ | 72,535 | 6.00 | 21324 |

ਸਰੋਤ: ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

ਉੱਚ ਅਤਿ-ਸ਼ੋਸ਼ਿਤ ਬਲਾਕਾਂ (ਜਿਹਨਾਂ ਵਿੱਚ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਦਾ ਪੱਧਰ 300 ਪ੍ਰਤੀਸ਼ਤ ਤੋਂ ਵੱਧ, 250-300 ਪ੍ਰਤੀਸ਼ਤ ਅਤੇ 200-250 ਪ੍ਰਤੀਸ਼ਤ ਹੈ) ਵਿੱਚ ਝੋਨੇ ਦੀ ਕਾਸ਼ਤ ਹੇਠ ਰਕਬੇ ਨੂੰ ਪੜ੍ਹਾਅ-ਵਾਰ ਤਰੀਕੇ ਨਾਲ ਘੱਟ ਕਰਨ ਦੀ ਲੋੜ ਹੈ। ਇੱਕ ਜਾਂ ਦੋ ਬਲਾਕਾਂ ਵਿੱਚ ਝੋਨੇ ਦੀ ਕਾਸ਼ਤ 'ਤੇ ਪੂਰੀ ਤਰ੍ਹਾਂ ਪਾਬੰਦੀ ਲਾਉਣ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਇਹਨਾਂ ਬਲਾਕਾਂ ਵਿੱਚ ਕਾਸ਼ਤ ਹੇਠ ਰਕਬੇ ਨੂੰ ਬਦਲਵੀਆਂ ਘੱਟ ਪਾਣੀ ਦੀ ਖਪਤ ਕਰਨ ਵਾਲੀਆਂ ਫ਼ਸਲਾਂ ਜਿਵੇਂ ਕਿ ਕਪਾਹ, ਮੱਕੀ, ਗੰਨਾ, ਸਬਜ਼ੀਆਂ ਅਤੇ ਬਾਗਾਂ ਦੀ ਕਾਸ਼ਤ ਕਰਕੇ ਇਹਨਾਂ ਖੇਤਰਾਂ ਨੂੰ ਬੰਜਰ ਹੋਣ ਤੋਂ ਬਚਾਇਆ ਜਾ ਸਕਦਾ ਹੈ। ਇਹਨਾ ਤੈਅ-ਸ਼ੁਦਾ ਬਲਾਕਾਂ ਵਿੱਚ ਕਿਸਾਨਾਂ ਨੂੰ ਇਸ ਤਰ੍ਹਾਂ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ ਕਿ ਉਹ ਬਦਲਵੀਆਂ ਫ਼ਸਲਾਂ ਤੋਂ ਝੋਨੇ ਨਾਲੋਂ ਵਧੇਰੇ ਮੁਨਾਫ਼ਾ ਕਮਾ ਸਕਣ। ਧਰਤੀ ਹੇਠਲਾ ਪਾਣੀ ਕੱਢਣ ਦੀ 100-200 ਪ੍ਰਤੀਸ਼ਤ ਅਵਸਥਾ ਵਾਲੇ ਬਲਾਕਾਂ ਵਿੱਚ ਅਗਲੇ ਪੜ੍ਹਾਵਾਂ ਵਿੱਚ ਇਹ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।

## ੲ) ਮਿਸ਼ਨ ਮੋਡ ਵਿੱਚ ਕਪਾਹ ਦੀ ਪੁਨਰ ਸੁਰਜੀਤੀ

1. **ਕਪਾਹ-ਕਣਕ ਫ਼ਸਲੀ ਚੱਕਰ**: ਕਪਾਹ-ਕਣਕ ਫ਼ਸਲੀ ਚੱਕਰ ਨੂੰ ਮੁੜ ਸੁਰਜੀਤ ਕਰਨ ਲਈ, ਰਾਜ ਸਰਕਾਰ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੂੰ ਪ੍ਰਸਾਰ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ, ਮਿਆਰੀ ਖੇਤੀ ਲਾਗਤ ਵਸਤਾਂ (Inputs) ਮੁਹੱਈਆ ਕਰਵਾਉਣੀਆਂ ਚਾਹੀਦੀਆਂ ਹਨ ਅਤੇ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਨਹਿਰੀ ਪਾਣੀ ਦੇ ਭੰਡਾਰਨ ਟੈਂਕ ਅਤੇ ਸੂਰਜੀ ਊਰਜਾ ਨਾਲ ਚੱਲਣ ਵਾਲੇ ਪੰਪਾਂ ਨਾਲ ਤੁਪਕਾ ਸਿੰਚਾਈ ਦੁਆਰਾ ਪਾਣੀ ਅਤੇ ਬਿਜਲੀ ਦੀ ਬੱਚਤ ਕੀਤੀ ਜਾ ਸਕਦੀ ਹੈ, ਅਤੇ ਘੱਟ ਕੀਟਨਾਸ਼ਕਾਂ ਦੀ ਵਰਤੋਂ ਨਾਲ ਗੁਣਵੱਤਾ ਅਤੇ ਉਤਪਾਦਕਤਾ ਦੋਹਾਂ ਵਿੱਚ ਵਾਧਾ ਕੀਤਾ ਜਾ ਸਕਦਾ ਹੈ।


2. **ਕਪਾਹ-ਸਰੋਂ ਫ਼ਸਲੀ ਚੱਕਰ**: ਇਹ ਇੱਕ ਹੋਰ ਉੱਚ ਲਾਭਕਾਰੀ ਫ਼ਸਲੀ ਚੱਕਰ ਹੈ ਜੋ ਰਾਜ ਦੀ ਕਪਾਹ ਪੱਟੀ ਵਿੱਚ ਅਪਣਾਇਆ ਜਾ ਸਕਦਾ ਹੈ। ਕਪਾਹ-ਕਣਕ ਫ਼ਸਲੀ ਚੱਕਰ ਵਿੱਚ ਅਪਣਾਏ ਗਏ ਸਾਰੇ ਉਪਾਅ ਇਸ ਫ਼ਸਲੀ ਚੱਕਰ ਨੂੰ ਲਾਹੇਵੰਦ ਬਣਾਉਣ ਅਤੇ ਸਿੰਚਾਈ ਦੇ ਪਾਣੀ ਦੀ ਬੱਚਤ ਕਰਨ ਵਿੱਚ ਸਹਾਇਕ ਹੋ ਸਕਦੇ ਹਨ। ਇਸਦੇ ਨਾਲ ਹੀ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਵਿੱਚ ਤੇਲ ਕੱਢਣ ਦੇ ਨਾਲ ਸਰ੍ਹੋਂ ਦੇ ਮੁੱਲ ਵਾਧੇ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਇਸ ਫ਼ਸਲੀ ਚੱਕਰ ਨੂੰ ਨਿਭਣਯੋਗ ਬਣਾਉਣ ਲਈ ਮੁਨਾਫ਼ਾਕਾਰੀ ਵਧਾਈ ਜਾ ਸਕੇ।

ਸ) **ਝੋਨੇ ਨੂੰ ਛੱਡ ਬਾਸਮਤੀ ਦੀ ਲੁਆਈ**: ਬਾਸਮਤੀ ਦੀ ਪਾਣੀ ਦੀ ਲੋੜ ਝੋਨੇ ਨਾਲੋਂ ਘੱਟ ਹੁੰਦੀ ਹੈ ਕਿਉਂਕਿ ਇਸ ਦੀ ਲੇਟ ਲੁਆਈ ਮੌਨਸੂਨ ਸੀਜ਼ਨ ਨਾਲ ਮੇਲ ਖਾਂਦੀ ਹੈ। ਘਰੇਲੂ ਮੰਡੀ ਅਤੇ ਅੰਤਰਰਾਸ਼ਟਰੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਝੋਨੇ ਨੂੰ ਬਾਸਮਤੀ ਨਾਲ ਬਦਲਣ ਬਾਰੇ ਸੋਚਣਾ ਚਾਹੀਦਾ ਹੈ। ਉੱਚ ਕੀਮਤਾਂ ਅਤੇ ਨਿਰਯਾਤ ਦੀ ਸੰਭਾਵਨਾ ਦੀ ਗਾਰੰਟੀ ਦੇਣ ਲਈ, ਰਾਜ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੂੰ ਗੁਣਵੱਤਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਅਤੇ ਅੰਤਰਰਾਸ਼ਟਰੀ ਮਿਆਰਾਂ ਨੂੰ ਪੂਰਾ ਕਰਨ ਲਈ ਬਾਸਮਤੀ ਵਿੱਚ ਕੀਟਨਾਸ਼ਕਾਂ ਦੀ ਵਰਤੋਂ ਦੀ ਨਿਗਰਾਨੀ ਕਰਨੀ ਚਾਹੀਦੀ ਹੈ।

ਹ) **ਗੰਨੇ ਹੇਠ ਰਕਬਾ ਵਧਾਓ**: ਪੰਜਾਬ ਵਿੱਚ ਗੰਨੇ ਦੀ ਕਾਸ਼ਤ ਦੀ ਇੱਕ ਵਿਸ਼ੇਸ਼ ਮੰਡੀ ਮੰਗ ਹੈ ਅਤੇ ਪਾਣੀ ਦੀ ਬੱਚਤ ਕਰਨ ਅਤੇ ਖੰਡ ਮਿੱਲਾਂ ਦੀ ਮੰਗ ਨੂੰ ਪੂਰਾ ਕਰਨ ਲਈ ਤੁਪਕਾ ਸਿੰਚਾਈ ਨਾਲ ਇਸਦੀ ਖੇਤੀ ਵਧਾਈ ਜਾ ਸਕਦੀ ਹੈ। ਕਿਸਾਨਾਂ ਨੂੰ ਉਤਸ਼ਾਹਿਤ ਕਰਨ ਲਈ ਖੰਡ ਮਿੱਲਾਂ ਵੱਲੋਂ ਕਿਸਾਨਾਂ ਨੂੰ ਤੁਰੰਤ ਅਦਾਇਗੀ ਯਕੀਨੀ ਬਣਾਉਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਗੰਨੇ ਨੂੰ ਨਿਭਣਯੋਗ ਬਣਾਉਣ ਲਈ ਈਥਾਨੋਲ ਉਤਪਾਦਨ, ਬਿਜਲੀ ਉਤਪਾਦਨ ਅਤੇ ਹੋਰ ਮੁੱਲ ਵਾਧੇ ਦੇ ਉਪਾਵਾਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

# ਧਰਤੀ ਹੇਠਲੇ ਪਾਣੀ ਦੇ ਨਿਕਾਲ ਦੀ ਬਲਾਕਵਾਰ ਅਵਸਥਾ

(ਧਰਤੀ ਹੇਠਲੇ ਪਾਣੀ ਦੇ ਸੋਮਿਆਂ ਦੇ ਅਨੁਮਾਨ-2022)




ਸਰੋਤ : ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ (2021), ਪੰਜਾਬ ਰਾਜ ਦੇ ਧਰਤੀ ਹੇਠਲੇ ਪਾਣੀ ਦੇ ਸੋਮੇਂ (2022) ਅਤੇ ਪੰਜਾਬ ਪਾਣੀ ਸੋਮੇਂ ਵਿਕਾਸ ਅਥਾਰਿਟੀ ਨਟੀਫਿਕੇਸ਼ਨ 27-01-2023

2. **ਸੂਖਮ ਸਿੰਚਾਈ ਪ੍ਰਣਾਲੀ ਅਧੀਨ ਰਕਬਾ**: ਰਾਜ ਵਿੱਚ ਸੂਖਮ ਸਿੰਚਾਈ ਪ੍ਰਣਾਲੀਆਂ ਨੂੰ ਅਪਣਾਉਣ ਨਾਲ ਧਰਤੀ ਹੇਠਲੇ ਪਾਣੀ ਦੀ ਵਰਤੋਂ ਘੱਟ ਸਕਦੀ ਹੈ ਅਤੇ ਬਿਜਲੀ ਸਬਸਿਡੀ ਬਿੱਲ ਦਾ ਇੱਕ-ਤਿਹਾਈ ਹਿੱਸਾ ਬਚ ਸਕਦਾ ਹੈ। ਸੂਖਮ ਸਿੰਚਾਈ ਪ੍ਰਣਾਲੀਆਂ ਦੀ ਸਥਾਪਨਾ ਲਈ ਪੜ੍ਹਾਅ-ਵਾਰ ਯੋਜਨਾ ਲਾਗੂ ਹੋਣੀ ਚਾਹੀਦੀ ਹੈ। ਇਸਦਾ ਸ਼ੁਰੂਆਤੀ ਨਿਸ਼ਾਨਾ ਫਲਾਂ ਹੇਠ ਅਤੇ ਫਿਰ ਸਬਜ਼ੀਆਂ, ਫੁੱਲਾਂ, ਗੰਨਾ ਅਤੇ ਕਪਾਹ ਹੇਠ ਰਕਬਾ ਹੋ ਸਕਦਾ ਹੈ। ਇਹ ਸੂਖਮ ਸਿੰਚਾਈ ਅਧੀਨ ਕੁੱਲ ਕਾਸ਼ਤ ਕੀਤੇ ਗਏ ਖੇਤਰ ਦਾ ਲਗਪਗ 20 ਪ੍ਰਤੀਸ਼ਤ ਕਵਰ ਕਰ ਸਕਦਾ ਹੈ। ਇਸ ਤੋਂ ਇਲਾਵਾ, ਗੰਨੇ ਅਤੇ ਬਸੰਤ ਦੀਆਂ ਫ਼ਸਲਾਂ ਜਿਵੇਂ ਕਿ ਬਸੰਤ ਮੱਕੀ ਅਤੇ ਸੂਰਜਮੁਖੀ ਨੂੰ ਤੁਪਕਾ ਸਿੰਚਾਈ ਪ੍ਰਣਾਲੀਆਂ ਅਧੀਨ ਲਾਜ਼ਮੀ ਤੌਰ 'ਤੇ ਲਿਆਉਣਾ ਚਾਹੀਦਾ ਹੈ। ਇਸ ਨੂੰ ਪ੍ਰਾਪਤ ਕਰਨ ਲਈ ਰਾਜ ਵਿੱਚ ਸੂਖਮ ਸਿੰਚਾਈ ਲਈ ਇੱਕ ਵਿਸ਼ੇਸ਼ ਮਕਸਦ ਵਾਹਨ (SPV) ਦੀ ਲੋੜ ਹੈ। ਵਰਤਮਾਨ ਵਿੱਚ, ਪੰਜਾਬ ਨੂੰ ਛੱਡ ਕੇ ਦੇਸ਼ ਦੇ ਲਗਪਗ ਸਾਰੇ ਰਾਜਾਂ ਕੋਲ ਸੂਖਮ ਸਿੰਚਾਈ ਲਈ ਵਿਸ਼ੇਸ਼ ਮਕਸਦ ਵਾਹਨ (SPV) ਹਨ। ਇਸ ਤੋਂ ਇਲਾਵਾ, ਸਾਰੀਆਂ ਫ਼ਸਲਾਂ ਲਈ ਸੂਖਮ ਸਿੰਚਾਈ ਪ੍ਰਣਾਲੀਆਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

3. **ਝੋਨੇ ਵਿਚ ਹੀ ਪਾਣੀ ਦੀ ਬੱਚਤ**: ਭਾਵੇਂ ਰਾਜ ਝੋਨੇ ਦੀ ਥਾਂ ਲੈਣ ਲਈ ਵੱਖ-ਵੱਖ ਵਿਭਿੰਨਤਾ ਵਿਕਲਪ ਵਿਕਸਿਤ ਕਰਨ ਲਈ ਸਖ਼ਤ ਕੋਸ਼ਿਸ਼ ਕਰ ਰਿਹਾ ਹੈ ਪਰ ਅੱਜ ਤੱਕ ਅਜਿਹਾ ਕਈ ਮੁੱਦਿਆਂ, ਜਿਵੇਂ ਕਿ ਯਕੀਨੀ ਖਰੀਦ, ਰਾਸ਼ਟਰੀ ਖੁਰਾਕ ਸੁਰੱਖਿਆ, ਲਾਹੇਵੰਦ ਵਿਕਲਪਾਂ ਦੀ ਘਾਟ ਆਦਿ, ਕਾਰਨ ਸੰਭਵ ਨਹੀਂ ਹੋ ਸਕਿਆ ਹੈ। ਕੁਝ ਤਰੀਕੇ, ਜੋ ਝੋਨੇ ਵਿੱਚ ਪਾਣੀ ਦੀ ਬੱਚਤ ਵਿੱਚ ਸਹਾਇਕ ਹੋ ਸਕਦੇ ਹਨ, ਹੇਠ ਲਿਖੇ ਅਨੁਸਾਰ ਹਨ:

   **ੳ) ਬਦਲਵਾਂ ਫ਼ਸਲੀ ਕੈਲੰਡਰ**: ਪੰਜਾਬ ਰਾਜ ਨੇ 2009 ਵਿੱਚ "ਭੂਮੀ ਪਾਣੀ ਅਤੇ ਸਬਸੋਇਲ ਸੰਭਾਲ ਐਕਟ" ਲਾਗੂ ਕੀਤਾ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਵਿੱਚ ਕੋਈ ਵੀ ਕਿਸਾਨ ਘੋਸ਼ਿਤ (ਨੋਟੀਫਾਈਡ) ਮਿਤੀ ਤੋਂ ਪਹਿਲਾਂ ਝੋਨੇ ਦੀ ਲੁਆਈ ਨਹੀਂ ਕਰ ਸਕਦਾ, ਜੋ ਕਿ ਸ਼ੁਰੂ ਵਿੱਚ ਪੂਰੇ ਪੰਜਾਬ ਲਈ 15 ਜੂਨ ਸੀ। ਮੌਨਸੂਨ ਦੀ ਆਮਦ ਦੇ ਹਿਸਾਬ ਨਾਲ ਵੱਖ-ਵੱਖ ਸਾਲਾਂ ਦੌਰਾਨ ਇਸ ਮਿਤੀ ਨੂੰ ਸੋਧਿਆ ਗਿਆ ਸੀ। 2022 ਤੋਂ, ਪੰਜਾਬ ਸਰਕਾਰ ਨੇ ਵੱਖ-ਵੱਖ ਖੇਤਰਾਂ ਲਈ ਪੜ੍ਹਾਅ-ਵਾਰ ਬਿਜਾਈ (Staggered Transplanting) ਮਿਤੀਆਂ ਨੂੰ ਸੂਚੀ-ਬੱਧ ਕੀਤਾ। ਇਸ ਐਕਟ ਨੂੰ ਤਰਕਸੰਗਤ ਅਤੇ ਸੂਝ-ਬੂਝ ਨਾਲ ਲਾਗੂ ਕਰਨ ਨਾਲ ਉਨ੍ਹਾਂ ਖੇਤਰਾਂ ਵਿੱਚ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਵਿੱਚ ਮਦਦ ਮਿਲੇਗੀ, ਜਿੱਥੇ ਧਰਤੀ ਹੇਠਲੇ ਪਾਣੀ ਦੀ ਸਥਿਤੀ ਬਹੁਤ ਗੰਭੀਰ ਹੈ। ਘੱਟ ਸਮੇਂ ਵਿੱਚ ਪੱਕਣ ਵਾਲੀਆਂ ਝੋਨੇ ਦੀਆਂ ਕਿਸਮਾਂ ਜਿਵੇਂ ਕਿ PR-126 ਨਾਲ, ਝੋਨੇ ਦੀ ਲੁਆਈ ਨੂੰ ਜੁਲਾਈ ਦੇ ਪਹਿਲੇ ਹਫਤੇ ਤੱਕ, ਬਿਨਾਂ ਝਾੜ 'ਤੇ ਫਰਕ ਪਾਏ, ਬੀਜਿਆ ਜਾ ਸਕਦਾ ਹੈ।

   **ਅ) ਝੋਨੇ ਵਿੱਚ ਸੁੱਕਾ ਕੱਦੂ**: ਝੋਨੇ ਦੀਆਂ ਵਿਸ਼ੇਸ਼ ਲੋੜਾਂ ਅਨੁਸਾਰ ਸਿੰਚਾਈ ਦਾ ਸੁਮੇਲ ਕਰਦਿਆਂ ਸੁੱਕੇ ਕੱਦੂ ਦੀਆਂ ਗਿੱਲ-ਸੁੱਕ ਵਾਲੀਆਂ ਤਕਨੀਕਾਂ ਨਾਲ 30 ਪ੍ਰਤੀਸ਼ਤ ਤੋਂ ਵੱਧ ਪਾਣੀ ਦੀ ਬੱਚਤ ਹੁੰਦੀ ਹੈ, ਜਦੋਂ ਕਿ ਕੱਦੂ ਨੂੰ ਨਿਰਉਤਸ਼ਾਹਿਤ ਕਰਨ ਅਤੇ ਪੜ੍ਹਾਅ-ਵਾਰ ਤਰੀਕੇ ਨਾਲ ਇਸ 'ਤੇ ਪਾਬੰਦੀ ਲਾਉਣ ਨਾਲ, ਜ਼ਮੀਨ ਵਿੱਚ ਪਾਣੀ ਰਿਸਣ ਦਾ ਵਾਧਾ, ਮਿੱਟੀ ਦੀ ਸਿਹਤ 'ਚ ਸੁਧਾਰ ਅਤੇ ਮੀਥੇਨ ਗੈਸ ਦੀ ਘੱਟ ਨਿਕਾਸੀ ਹੋਵੇਗੀ। ਜਦਕਿ, ਕਿਸਾਨਾਂ ਨੂੰ ਲੋੜ ਅਨੁਸਾਰ ਸਿੰਚਾਈ ਕਰਨ ਲਈ 8 ਘੰਟੇ ਬਿਜਲੀ ਦੀ ਯਕੀਨੀ ਸਪਲਾਈ ਦੇਣੀ ਚਾਹੀਦੀ ਹੈ। ਝੋਨੇ ਦੀ ਸਿੱਧੀ ਬਿਜਾਈ ਨੂੰ ਵੀ ਪਾਣੀ ਦੀ ਬੱਚਤ ਤਕਨੀਕ ਵਜੋਂ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

   **ੲ) ਜਨਤਕ ਸਪਲਾਈ ਵਾਲੇ ਟਿਊਬਵੈੱਲਾਂ ਰਾਹੀਂ ਸਿੰਚਾਈ ਨੂੰ ਤਰਕਸੰਗਤ ਬਣਾਉਣਾ**: ਕੰਢੀ ਖੇਤਰ ਵਿੱਚ ਜਨਤਕ ਖੇਤਰ ਦੇ ਟਿਊਬਵੈੱਲਾਂ ਰਾਹੀਂ ਝੋਨੇ ਦੀ ਫ਼ਸਲ ਦੀ ਸਿੰਚਾਈ ਲਈ ਪਾਣੀ ਦੀ ਸਪਲਾਈ 'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ ਅਤੇ ਰਾਜ ਦੇ ਹੋਰ ਖੇਤਰਾਂ ਵਿੱਚ ਵੀ ਇਸ ਨੂੰ ਨਿਰਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

### 8.3.2 ਧਰਤੀ ਹੇਠਲਾ ਪਾਣੀ

- ਗਰਿੱਡ ਨਾਲ ਜੁੜੇ ਸੋਲਰ ਪੈਨਲ ਨਾਲ ਏ.ਪੀ. ਕੁਨੈਕਸ਼ਨਾਂ ਦੀ ਪੂਰਤੀ
- ਪਾਣੀ ਬਚਾਓ ਪੈਸਾ ਕਮਾਓ
- ਊਰਜਾ ਕੁਸ਼ਲ (Energy Efficient) ਪੰਪਾਂ ਦੀ ਵਰਤੋਂ
- ਸ਼ਹਿਰੀ ਖੇਤਰਾਂ ਵਿੱਚ ਜ਼ਮੀਨ ਹੇਠਲਾ ਪਾਣੀ ਕੱਢਣ ਨੂੰ ਨਿਯਮਤ ਕਰਨਾ
- ਧਰਤੀ ਹੇਠਲਾ ਪਾਣੀ ਮੁੜ ਭਰਨ 'ਚ ਤੇਜ਼ੀ ਲਿਆਉਣਾ

1. **ਗਰਿੱਡ ਨਾਲ ਜੁੜੀ ਸਾਫ਼ ਅਤੇ ਹਰੀ ਊਰਜਾ ਲਈ ਏਪੀ ਟਿਊਬਵੈੱਲ ਤੇ ਸੂਰਜੀ ਊਰਜਾ ਦੀ ਉਪਲਭਦੀ:** ਇੱਕ ਯੋਜਨਾ ਤਿਆਰ ਕਰਨ ਦੀ ਜ਼ਰੂਰਤ ਹੈ, ਜਿਸ ਵਿੱਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿ. (PSPCL) ਏਪੀ ਕਨੈਕਸ਼ਨ ਦੀ ਪੂਰਤੀ (Supplement) ਗਰਿੱਡ ਨਾਲ ਜੁੜੇ ਸੋਲਰ ਪੈਨਲਾਂ ਦੇ ਨਾਲ ਕਰੇਗਾ। ਇਲਾਕੇ/ਫੀਡਰ ਦੇ ਫ਼ਸਲੀ ਚੱਕਰ ਅਨੁਸਾਰ ਬਿਜਲੀ ਦੇ ਸਮਾਂ-ਬੱਧ ਘੰਟਿਆਂ ਦੀ ਸਪਲਾਈ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਇਸ ਤਰ੍ਹਾਂ, PSPCL ਬਿਜਲੀ ਸਬਸਿਡੀ ਨੂੰ ਸਾਵਾਂ (Offset) ਕਰ ਸਕਦਾ ਹੈ ਅਤੇ ਸੱਤ ਸਾਲਾਂ ਬਾਅਦ, ਇਹਨਾਂ ਪੈਨਲਾਂ ਤੋਂ ਪੈਦਾ ਹੋਈ ਬਿਜਲੀ ਨੂੰ ਵਪਾਰਕ ਖਪਤਕਾਰਾਂ ਨੂੰ ਵੇਚ ਕੇ ਪੈਸੇ ਕਮਾ ਸਕਦਾ ਹੈ। ਕਿਸਾਨਾਂ ਨੂੰ ਸੋਲਰ ਪੈਨਲਾਂ ਲਈ ਵਰਤੀ ਜਾਣ ਵਾਲੀ ਜ਼ਮੀਨ ਅਤੇ ਪੈਨਲਾਂ ਦੀ ਸਾਂਭ-ਸੰਭਾਲ ਦਾ ਕਿਰਾਇਆ ਅਦਾ ਕੀਤਾ ਜਾਵੇ। ਕਿਸਾਨਾਂ 'ਤੇ ਕੋਈ ਵਾਧੂ ਬੋਝ ਨਹੀਂ ਪਵੇਗਾ, ਸਗੋਂ ਉਹ ਯਕੀਨੀ ਬਿਜਲੀ ਸਪਲਾਈ ਦੇ ਨਾਲ-ਨਾਲ ਇਸ ਸਕੀਮ ਤੋਂ ਕਮਾਈ ਕਰਨਗੇ।

2. **ਧਰਤੀ ਹੇਠਲੇ ਪਾਣੀ ਦੀ ਵਰਤੋਂ ਨੂੰ ਤਰਕਸੰਗਤ ਬਣਾਉਣਾ**: ਖੇਤੀਬਾੜੀ ਵਿੱਚ ਪਾਣੀ ਦੀ ਬੱਚਤ ਕਰਨ ਵਾਲੀਆਂ ਖੇਤੀ ਤਕਨੀਕਾਂ ਅਤੇ ਤਰੀਕਿਆਂ ਨੂੰ ਅਪਣਾਉਣ ਦੀ ਸਹੂਲਤ ਲਈ, ਪਾਣੀ ਬਚਾਓ ਪੈਸਾ ਕਮਾਓ (PBPK) ਸਕੀਮ ਅਧੀਨ ਬਿਜਲੀ ਦੀ ਬੱਚਤ ਲਈ ਨਕਦੀ ਰਾਹੀਂ ਹੱਲਾਸ਼ੇਰੀ ਦੇਣੀ ਚਾਹੀਦੀ ਹੈ।

3. **ਊਰਜਾ ਕੁਸ਼ਲ ਪੰਪ**: ਪਿਛਲੇ ਸਾਲਾਂ ਵਿੱਚ ਪੰਪਾਂ ਦੀ ਊਰਜਾ ਖਪਤ ਤੇਜ਼ੀ ਨਾਲ ਵਧੀ ਹੈ। 40 ਪ੍ਰਤੀਸ਼ਤ ਦੀ ਪੰਪ ਕੁਸ਼ਲਤਾ ਵਾਲੇ ਗ਼ੈਰ-ਸਟਾਰ ਰੇਟ ਵਾਲੇ ਪੰਪਾਂ ਦੀ ਥਾਂ 50 ਪ੍ਰਤੀਸ਼ਤ ਦੀ ਪੰਪ ਕੁਸ਼ਲਤਾ ਵਾਲੇ ਸਟਾਰ ਰੇਟ ਵਾਲੇ ਪੰਪਾਂ ਨੂੰ ਵਰਤ ਕੇ ਖੇਤੀ ਪੰਪ ਸੈੱਟਾਂ ਵਿੱਚ ਊਰਜਾ ਬਚਾਉਣ (kWh) ਦੀ ਬਹੁਤ ਵੱਡੀ ਸੰਭਾਵਨਾ ਹੈ। ਸਟਾਰ ਰੇਟਿਡ ਸਬਮਰਸੀਬਲ ਪੰਪਾਂ ਦੀ ਵਰਤੋਂ ਕਰਨ ਨਾਲ ਰਾਜ ਦੁਆਰਾ ਦਿੱਤੀ ਜਾਣ ਵਾਲੀ ਬਿਜਲੀ ਸਬਸਿਡੀ ਵਿੱਚ ਲਗਪਗ 20 ਪ੍ਰਤੀਸ਼ਤ ਦੀ ਕਟੌਤੀ ਹੋ ਸਕਦੀ ਹੈ। ਸਰਕਾਰ ਨੂੰ ਸਿੰਚਾਈ ਲਈ ਸਿਰਫ਼ BIS/ISI ਦਰਜਾਬੰਦੀ ਵਾਲੇ ਪੰਪਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਕਿਸਾਨਾਂ ਵੱਲੋਂ ਮੋਟਰ ਹਾਰਸ ਪਾਵਰ ਦੇ ਗੈਰ-ਕਾਨੂੰਨੀ ਵਾਧੇ (ਐਕਸਟੈਂਸ਼ਨ) ਦੀ ਜਾਂਚ ਕਰਕੇ ਨਿਯਮਤ ਕੀਤਾ ਜਾਵੇ।

4. **ਸ਼ਹਿਰੀ ਖੇਤਰਾਂ ਵਿੱਚ ਜ਼ਮੀਨ ਹੇਠਲਾ ਪਾਣੀ ਕੱਢਣ ਨੂੰ ਨਿਯਮਤ ਕਰਨਾ**: ਸ਼ਹਿਰੀ ਖੇਤਰਾਂ ਲਈ, ਇੱਕ ਸਮੂਹਿਕ ਅਧਾਰ 'ਤੇ ਪੀਣ ਵਾਲੇ ਪਾਣੀ ਦੀ ਮਿਆਰੀ ਸਪਲਾਈ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ, ਅਤੇ ਨਿੱਜੀ ਘਰਾਂ ਵਿੱਚ ਸਬਮਰਸੀਬਲ ਪੰਪਾਂ ਦੀ ਸਥਾਪਨਾ ਨੂੰ ਨਿਰਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਸਮੂਹਿਕ ਸਪਲਾਈ 'ਚੋਂ ਵਾਧੂ ਨਿਕਾਸੀ ਵਾਲੇ ਪਾਣੀ ਨੂੰ ਬਨਸਪਤੀ ਵਾਲੀਆਂ ਥਾਵਾਂ ਜਾਂ ਮੁੜ ਭਰਨ ਵਾਲੇ ਢਾਂਚੇ ਵੱਲ ਮੋੜਿਆ ਜਾਣਾ ਚਾਹੀਦਾ ਹੈ।

5. **ਧਰਤੀ ਹੇਠਲੇ ਪਾਣੀ ਦੀ ਮੁੜ ਭਰਾਈ ਨੂੰ ਵਧਾਉਣਾ**: ਪੰਜਾਬ ਨੂੰ ਧਰਤੀ ਹੇਠਲੇ ਪਾਣੀ ਦੀ ਮੁੜ ਭਰਾਈ ਕਰਕੇ ਸੋਕੇ ਤੋਂ ਬਚਾਅ ਲਈ ਤੁਰੰਤ ਧਿਆਨ ਦੇਣ ਦੀ ਲੋੜ ਹੈ। ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਨੂੰ ਮੁੜ ਭਰਨ ਲਈ ਲਗਪਗ 2.135 ਬੀ.ਸੀ.ਐਮ. ਉਪਲਬਧ ਪਾਣੀ (ਮੀਂਹ ਦੇ ਪਾਣੀ ਦੇ ਵਹਾਅ) ਦੀ ਵਰਤੋਂ ਕੀਤੀ ਜਾ ਸਕਦੀ ਹੈ। ਧਰਤੀ ਹੇਠਲੇ ਪਾਣੀ ਦੀ ਕੁਦਰਤੀ/ਸੰਭਾਵਿਤ ਮੁੜ-ਭਰਾਈ ਲਈ ਸਾਧਨਾਂ ਅਤੇ ਤਰੀਕਿਆਂ ਦੀ ਘੋਖ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਇਸ ਨਾਲ ਇਹ ਸੁਨਿਸ਼ਚਿਤ ਹੋਵੇਗਾ ਕਿ ਮੁੜ ਭਰਿਆ ਜਾ ਰਿਹਾ ਪਾਣੀ ਲੋੜੀਂਦੇ ਗੁਣਵੱਤਾ ਦੇ ਮਿਆਰਾਂ ਨੂੰ ਪੂਰਾ ਕਰਦਾ ਹੈ। ਖੂਹਾਂ ਦੁਆਰਾ ਗੈਰ-ਕੁਦਰਤੀ ਤਰੀਕਿਆਂ ਨਾਲ ਪਾਣੀ ਦੀ ਮੁੜ ਭਰਾਈ ਨੂੰ ਬਹੁਤ

ਧਿਆਨ ਨਾਲ ਵਾਚਣ ਦੀ ਲੋੜ ਹੈ ਤਾਂ ਜੋ ਪਾਣੀ ਵਿਚਲੇ ਹਾਨੀਕਾਰਕ ਪਦਾਰਥਾਂ ਨੂੰ ਧਰਤੀ ਹੇਠਲੇ ਪਾਣੀ ਦੇ ਸਰੋਤਾਂ ਤੱਕ ਪਹੁੰਚਣ ਤੋਂ ਰੋਕਿਆ ਜਾ ਸਕੇ।

**ੳ) ਛੱਤਾਂ 'ਤੇ ਮੀਂਹ ਦੇ ਪਾਣੀ ਦੀ ਸਾਂਭ-ਸੰਭਾਲ**: ਭਾਵੇਂ ਰਾਜ ਸਰਕਾਰ ਦੁਆਰਾ ਜ਼ਮੀਨੀ ਪਾਣੀ ਦੀ ਮੁੜ ਭਰਾਈ ਲਈ ਛੱਤਾਂ 'ਤੇ ਮੀਂਹ ਦੇ ਪਾਣੀ ਦੀ ਸੰਭਾਲ ਦੇ ਢਾਂਚੇ ਬਣਾਉਣਾ ਲਾਜ਼ਮੀ ਬਣਾਇਆ ਗਿਆ ਹੈ ਪਰ ਇਸ ਦੀ ਪਾਲਣਾ ਅਜੇ ਵੀ ਬਹੁਤ ਘੱਟ ਹੈ। ਇਸ ਦੇ ਲਈ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ। ਨਗਰ ਨਿਗਮ ਨੂੰ ਸਖਤੀ ਨਾਲ ਪਾਲਣਾ ਲਈ ਸੁਰੱਖਿਆ ਰਾਸ਼ੀ ਨੂੰ ਮੁੜ ਭਰਾਈ ਸਿਸਟਮ ਦੀ ਲਾਗਤ ਦੇ ਬਰਾਬਰ ਰੱਖਣਾ ਚਾਹੀਦਾ ਹੈ। ਛੱਤ ਵਾਲੇ ਮੀਂਹ ਦੇ ਪਾਣੀ ਨੂੰ ਸਟੋਰ ਕਰਕੇ ਨਾ ਪੀਣ ਵਾਲੇ ਪਾਣੀ ਵਜੋਂ ਦੁਬਾਰਾ ਵਰਤਨ ਲਈ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਧਰਤੀ ਹੇਠਲੇ ਪਾਣੀ ਨੂੰ ਮੁੜ ਭਰਨ ਲਈ ਛੱਤਾਂ ਵਾਲੇ ਮੀਂਹ ਦੇ ਪਾਣੀ ਦੀ ਵਰਤੋਂ ਘੱਟ ਡੂੰਘਾਈ ਪਾਣੀ ਵਾਲੇ ਖੇਤਰਾਂ ਲਈ ਲਾਗੂ ਨਹੀਂ ਹੋਣੀ ਚਾਹੀਦੀ ਅਤੇ ਮੁੜ ਭਰੇ ਜਾ ਰਹੇ ਪਾਣੀ ਦੀ ਗੁਣਵੱਤਾ ਦੀ ਸਖ਼ਤ ਨਿਗਰਾਨੀ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਛੱਤਾਂ 'ਤੇ ਮੀਂਹ ਦੀ ਸਾਂਭ-ਸੰਭਾਲ ਲਈ ਨਿਯਮਾਂ ਦਾ ਇੱਕ ਸਿਸਟਮ (Standard Operating Procedure) ਵਿਕਸਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਨੂੰ ਸਖਤੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ।

**ਅ) ਧਰਤੀ ਹੇਠਲੇ ਪਾਣੀ ਦੀ ਮੁੜ ਭਰਾਈ/ਨਦੀ/ਬਰਸਾਤ ਦੇ ਵਾਧੂ ਪਾਣੀ ਦੀ ਵਰਤੋਂ:** ਜ਼ਮੀਨ ਹੇਠਲੇ ਪਾਣੀ ਦੇ ਜਲ ਖੰਡਾਂ (Aquifers) ਦੀ ਮੁੜ ਭਰਾਈ ਦੇ ਕਾਰਜ ਨੂੰ ਤੇਜ਼ ਕਰਨ ਲਈ ਸਤਹੀ ਡਰੇਨਾਂ, ਵਾਧੂ ਨਹਿਰੀ ਪਾਣੀ ਦੇ ਨਿਕਾਸੀ ਖਾਲ੍ਹਿਆਂ/ਸੀਮਤ ਹੋਏ ਟੇਲ ਸਿਰਿਆਂ ਦੇ ਢਾਂਚਿਆਂ ਵਿੱਚ ਢੁਕਵੇਂ ਵਕਫਿਆਂ 'ਤੇ ਰੋਕਾਂ ਲਾਕੇ ਪਾਣੀ ਦੀ ਸਟੋਰੇਜ ਲਈ ਪੂਲ ਬਣਾਏ ਜਾ ਸਕਦੇ ਹਨ ਅਤੇ ਇਸ ਪਾਣੀ ਨੂੰ ਜ਼ਮੀਨ ਹੇਠਲੇ ਜਲ ਖੰਡਾਂ (Aquifers) ਵੱਲ ਕੁਦਰਤੀ ਢੰਗ ਨਾਲ ਰਿਸਣ ਲਈ ਸੇਧਿਤ ਕਰਨਾ ਚਾਹੀਦਾ ਹੈ। ਇਹ ਯਕੀਨੀ ਬਣਾਉਣ ਲਈ ਸਾਵਧਾਨੀ ਵਰਤੀ ਜਾਣੀ ਚਾਹੀਦੀ ਹੈ ਕਿ ਰੀਚਾਰਜ ਲਈ ਪਾਣੀ ਰਸਾਇਣਕ ਅਤੇ ਜੀਵਾਣੂ (Microbial) ਪ੍ਰਦੂਸ਼ਕਾਂ ਤੋਂ ਮੁਕਤ ਹੈ। ਇਕੱਠੇ ਕੀਤੇ ਗਏ ਪਾਣੀ ਨੂੰ ਵਿਸ਼ੇਸ਼ ਤੌਰ 'ਤੇ ਇਸ ਉਦੇਸ਼ ਲਈ ਬਣਾਏ ਗਏ ਛੱਪੜਾਂ ਜਾਂ ਟੈਂਕਾਂ ਵਿੱਚ ਸਟੋਰ ਕਰਕੇ ਵੀ ਵਰਤਿਆ ਜਾ ਸਕਦਾ ਹੈ।

### 8.3.3 ਨਹਿਰੀ ਪਾਣੀ

1. **ਨਹਿਰੀ ਸਿੰਚਾਈ ਪ੍ਰਣਾਲੀ ਦੀ ਬਹਾਲੀ ਅਤੇ ਪੁਨਰ-ਨਿਰਮਾਣ**: ਵਰਤਮਾਨ ਵਿੱਚ, ਪੰਜਾਬ ਦੇ ਪੁਰਾਣੇ ਅਤੇ ਖ਼ਰਾਬ ਹੋ ਚੁੱਕੇ ਨਹਿਰੀ ਨੈਟਵਰਕ ਦਾ ਤੁਰੰਤ ਪੁਨਰ-ਨਿਰਮਾਣ ਅਤੇ ਨਵੀਨੀਕਰਨ ਕਰਨ ਦੀ ਲੋੜ ਹੈ। ਨਹਿਰੀ ਪਾਣੀ ਦੀਆਂ ਵੰਡ ਪ੍ਰਣਾਲੀਆਂ, ਖਾਸ ਤੌਰ 'ਤੇ ਦੂਜੇ ਅਤੇ ਤੀਜੇ ਦਰਜੇ ਦੇ ਸੂਏ ਅਤੇ ਵਾਟਰ ਕੋਰਸਾਂ ਨੂੰ ਮੁੜ ਸੁਰਜੀਤ ਕੀਤਾ ਜਾਣਾ ਚਾਹੀਦਾ ਹੈ। ਜ਼ਮੀਨਦੋਜ ਪਾਈਪ ਲਾਈਨ ਦੀ ਵਰਤੋਂ ਕਰਕੇ ਕਬਜ਼ੇ ਵਾਲੇ ਖਾਲਿਆਂ ਦੀ ਬਹਾਲੀ ਅਤੇ ਮੁੜ ਸੁਰਜੀਤੀ ਵੀ ਕੀਤੀ ਜਾਣੀ ਚਾਹੀਦੀ ਹੈ। ਜਲ ਸਰੋਤ ਵਿਭਾਗ, ਪੰਜਾਬ, ਨੂੰ ਇੱਕ ਨਹਿਰੀ ਸਿਸਟਮ/ਜ਼ਿਲ੍ਹਾ/ਬਲਾਕ-ਵਾਰ ਖਾਕਾ (ਬਲੂਪ੍ਰਿੰਟ) ਤਿਆਰ ਕਰਨਾ ਚਾਹੀਦਾ ਹੈ ਜਿਸ ਵਿੱਚ ਪੁਰਾਣੇ ਦੂਜੇ ਅਤੇ ਤੀਜੇ ਦਰਜੇ ਦੇ ਸੂਏ, ਵਾਟਰ ਕੋਰਸਾਂ/ਕਬਜੇ ਵਾਲੇ ਖਾਲਿਆਂ ਦੀ ਪੜ੍ਹਾਅ-ਵਾਰ ਢੰਗ ਨਾਲ ਬਹਾਲੀ/ਮੁੜ-ਸੁਰਜੀਤੀ ਦੇ ਵੇਰਵੇ ਹੋਣ। ਦੱਖਣ-ਪੱਛਮੀ ਜ਼ੋਨ ਵਿੱਚ ਨਹਿਰਾਂ, ਰਜਬਾਹਿਆਂ ਅਤੇ ਖਾਲਿਆਂ ਨੂੰ ਪੱਕਾ ਕਰਨਾ ਅਤੇ ਮੱਧ ਪੰਜਾਬ ਵਿੱਚ ਤਲ ਨੂੰ ਕੱਚਾ ਛੱਡ ਕੇ, ਨਹਿਰਾਂ ਦੇ ਕਿਨਾਰਿਆਂ ਨੂੰ ਪੱਕਾ ਕੀਤਾ ਜਾਣਾ ਚਾਹੀਦਾ ਹੈ। ਪ੍ਰਸਤਾਵਿਤ ਰਾਜ ਪੱਧਰੀ ਸਿੰਚਾਈ ਅਨੁਸੂਚੀ ਕਮੇਟੀ ਦੇ ਨਿਰਦੇਸ਼ਾਂ ਅਨੁਸਾਰ ਬਿਜਾਈ ਅਤੇ ਸਿੰਚਾਈ ਲਈ ਫ਼ਸਲ ਦੀ ਮੰਗ ਅਨੁਸਾਰ ਨਹਿਰੀ ਪਾਣੀ ਦੀ ਯਕੀਨੀ ਸਪਲਾਈ ਹੋਣੀ ਚਾਹੀਦੀ ਹੈ। ਪਿੰਡ ਜਾਂ ਨਹਿਰੀ ਪਾਣੀ

- ਪਾਣੀ ਦੇ ਵਹਿਣਾ ਦੀ ਮੁੜ-ਬਹਾਲੀ ਅਤੇ ਮੁੜ-ਸੁਰਜੀਤੀ
- ਨਿਯਮਤ ਸਾਂਭ-ਸੰਭਾਲ ਅਤੇ ਰੱਖ-ਰਖਾਅ
- ਪਾਣੀ ਦੀ ਮੰਗ ਅਨੁਸਾਰ ਨਹਿਰੀ ਪਾਣੀ ਦੀ ਸਪਲਾਈ ਲਈ ਸਮਾਂ ਸਾਰਣੀ ਬਣਾਉਣਾ
- ਪੰਜਾਬ 'ਚੋ ਸਤਹੀ ਪਾਣੀ ਦੇ ਵਿਅਰਥ ਵਹਾਅ ਦਾ ਪ੍ਰਬੰਧ

ਦੇ ਆਊਟਲੈਟਾਂ 'ਤੇ ਜਲ ਉਪਭੋਗਤਾ ਐਸੋਸੀਏਸ਼ਨਾਂ ਨੂੰ ਵੀ ਮੁੜ ਸਰਗਰਮ ਕੀਤਾ ਜਾਣਾ ਚਾਹੀਦਾ ਹੈ। ਸਿੰਚਾਈ ਅਤੇ ਡਰੇਨੇਜ ਵਿਭਾਗ ਕੋਲ ਬਿਜਾਈ ਦੇ ਸੀਜ਼ਨ ਸਮੇਂ ਦੀ ਮੁਸ਼ਕਲ ਤੋਂ ਬਚਣ ਲਈ ਨਹਿਰਾਂ ਵਿੱਚੋਂ ਗਾਰ/ਨਦੀਨਾਂ/ਜੜ੍ਹੀ-ਬੂਟੀਆਂ ਨੂੰ ਹਟਾਉਣ ਲਈ ਆਧੁਨਿਕ ਤਕਨੀਕਾਂ ਹੋਣੀਆਂ ਚਾਹੀਦੀਆਂ ਹਨ। ਇਹਨਾਂ ਢਾਂਚਿਆਂ ਦੀ ਸਾਂਭ-ਸੰਭਾਲ ਲਈ ਇੱਕ ਵੱਖਰਾ ਫੰਡ ਅਲਾਟ ਕੀਤਾ ਜਾਣਾ ਚਾਹੀਦਾ ਹੈ।

ਨਹਿਰਾਂ ਨੂੰ ਪੂਰੇ ਸਪਲਾਈ ਪੱਧਰ (Full Supply Level) 'ਤੇ ਤਾਂ ਹੀ ਚਲਾਇਆ ਜਾ ਸਕਦਾ ਹੈ ਜੇ ਲਗਾਤਾਰ ਇਹਨਾਂ ਦੀ ਸਾਂਭ-ਸੰਭਾਲ ਕੀਤੀ ਜਾਵੇ ਤਾਂ ਜੋ ਇਹਨਾਂ ਵਿੱਚ ਪਾੜ ਨਾ ਪੈਣ। ਜਲ ਸਰੋਤ ਵਿਭਾਗ ਨੂੰ ਸਮੇਂ ਸਿਰ ਅਤੇ ਲੋੜੀਂਦੇ ਫੰਡ ਮੁਹੱਈਆ ਕਰਵਾਏ ਜਾਣ ਤਾਂ ਜੋ ਉਹ ਪ੍ਰਬੰਧਨ (Management), ਇਨ੍ਹਾਂ ਨੂੰ ਚਲਾਉਣ (Operation) ਅਤੇ ਦੇਖਭਾਲ (Maintenance) (MO&M) ਦਾ ਧਿਆਨ ਰੱਖ ਸਕਣ। ਇਨ੍ਹਾਂ ਕਾਰਜਾਂ ਲਈ ਫੰਡ ਹਰ ਸਿੰਚਾਈ ਸੀਜ਼ਨ ਤੋਂ ਦੋ ਮਹੀਨੇ ਪਹਿਲਾਂ ਹੀ ਜਾਰੀ ਕੀਤੇ ਜਾਣੇ ਚਾਹੀਦੇ ਹਨ ਅਤੇ ਵਿਭਾਗ ਨੂੰ ਮੁੱਖ ਨਹਿਰਾਂ ਦੀ ਸਿਲਟ ਕੱਢਣ ਅਤੇ ਸਫਾਈ ਲਈ ਲਾਮਬੰਦ ਕੀਤਾ ਜਾਣਾ ਚਾਹੀਦਾ ਹੈ, ਜਦਕਿ ਪਾਣੀ ਉਪਭੋਗਤਾਵਾਂ ਦੀਆਂ ਐਸੋਸੀਏਸ਼ਨਾਂ ਨੂੰ ਖਾਲਿਆਂ (Field Channels) ਦਾ ਪ੍ਰਬੰਧ, ਵਰਤੋਂ ਅਤੇ ਦੇਖਭਾਲ ਕਰਨੀ ਚਾਹੀਦੀ ਹੈ। ਨਿਕਾਸੀ ਵਾਲੇ ਮੋਘੇ (Outlet) ਤੋਂ ਨਹਿਰੀ ਪਾਣੀ ਦੀ ਵੰਡ ਇੱਕ ਨਿਯੰਤਰਿਤ ਵਾਰੀ ਸਿਰ ਸਿਸਟਮ ਅਨੁਸਾਰ ਕੀਤੀ ਜਾਂਦੀ ਹੈ ਜਿਸ ਨੂੰ ਵਾਰਾਬੰਦੀ ਕਿਹਾ ਜਾਂਦਾ ਹੈ। ਨਹਿਰੀ ਪਾਣੀ ਦੀ ਵੰਡ ਪ੍ਰਤੀ ਯੂਨਿਟ ਰਕਬੇ ਲਈ ਨਿਸ਼ਚਿਤ ਸਮੇਂ ਦੇ ਹਿਸਾਬ ਮੁਤਾਬਕ ਕੀਤੀ ਜਾਂਦੀ ਹੈ, ਜਿਸ ਵਿੱਚ ਸਿੰਮਣ ਅਤੇ ਪਾਣੀ ਦੇ ਵਾਸ਼ਪੀਕਰਨ ਨਾਲ ਨੁਕਸਾਨ ਨੂੰ ਨਹੀਂ ਵਿਚਾਰਿਆ ਜਾਂਦਾ, ਜੋ ਕਿ ਤੀਜੇ/ਹੇਠਲੇ ਪੱਧਰ 'ਤੇ ਹੋਣ ਵਾਲੀ ਨਾ ਬਰਾਬਰ ਵੰਡ ਦਾ ਪ੍ਰਮੁੱਖ ਕਾਰਨ ਬਣਦਾ ਹੈ। ਜਲ ਸਰੋਤ ਵਿਭਾਗ ਅਨੁਸਾਰ, ਨਹਿਰ ਦੇ ਟੇਲ ਸਿਰਿਆਂ 'ਤੇ ਮੱਧ ਨਾਲੋਂ 20 ਪ੍ਰਤੀਸ਼ਤ ਘੱਟ ਪਾਣੀ ਮਿਲਦਾ ਹੈ ਅਤੇ ਮੱਧ ਵਾਲੇ ਕਿਸਾਨਾਂ ਨੂੰ ਸ਼ੁਰੂਆਤੀ ਨਹਿਰ ਮੋਘਿਆਂ ਨਾਲੋਂ 20 ਪ੍ਰਤੀਸ਼ਤ ਘੱਟ ਪਾਣੀ ਮਿਲਦਾ ਹੈ। ਮੌਜੂਦਾ ਸਥਿਤੀਆਂ ਵਿੱਚ ਧਰਤੀ ਹੇਠਲਾ ਪਾਣੀ ਸਿੰਚਾਈ ਵਿੱਚ ਸਤਹੀ ਪਾਣੀ ਨਾਲੋਂ ਵੱਧ ਮਹੱਤਵਪੂਰਨ ਬਣ ਜਾਂਦਾ ਹੈ ਜਿਵੇਂ ਕਿ ਨਹਿਰ ਦੇ ਸ਼ੁਰੂਆਤੀ ਸਿਰਿਆਂ 'ਤੇ ਧਰਤੀ ਹੇਠਲੇ ਪਾਣੀ ਦੀ ਵਰਤੋਂ 65 ਪ੍ਰਤੀਸ਼ਤ ਹੈ, ਜਦ ਕਿ ਅੰਤਲੇ ਸਿਰਿਆਂ 'ਤੇ ਇਹ 90 ਪ੍ਰਤੀਸ਼ਤ ਤੋਂ ਵੱਧ ਜਾਂਦੀ ਹੈ। ਨਤੀਜੇ ਵੱਜੋਂ ਧਰਤੀ ਹੇਠਲੇ ਪਾਣੀ ਦੀ ਵਰਤੋਂ ਸਿੰਚਾਈ ਲਈ ਖੇਤੀਬਾੜੀ ਵਾਤਾਵਰਨ ਦਾ ਇੱਕ ਅਨਿੱਖੜਵਾਂ ਅੰਗ ਬਣ ਗਿਆ ਹੈ ਜੋ ਕਿ ਹੁਣ ਨਹਿਰੀ ਕਮਾਂਡ ਖੇਤਰ (CCA) ਵਿੱਚ ਨਹਿਰੀ ਪਾਣੀ ਦੇ ਪੂਰਕ ਵੱਜੋਂ ਕੰਮ ਨਹੀਂ ਕਰਦਾ।

ਇਸਰਾਇਲ ਦੀ ਪਾਣੀ ਕੰਪਨੀ ਮੈਕੋਰੋਟ (WCMM 1.1, 2019) ਜਿਸ ਨੇ ਪੰਜਾਬ ਲਈ ਇੱਕ ਪਾਣੀ ਬਚਾਅ ਅਤੇ ਪ੍ਰਬੰਧ ਲਈ ਨੀਤੀ ਬਣਾਈ ਸੀ, ਦੀ ਰਿਪੋਰਟ ਮੁਤਾਬਕ ਸਤਹੀ ਪਾਣੀ ਦੇ ਨਿਕਾਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

i. ਔਸਤਨ 5 ਬੀ.ਸੀ.ਐਮ. ਪਾਣੀ ਉੱਝ ਨਦੀ 'ਤੇ ਬਣੇ ਧਰਮਕੋਟ ਡਿਸਚਾਰਜ ਸਟੇਸ਼ਨ (ਰਾਵੀ ਨਦੀ) ਤੋਂ ਪੰਜਾਬ ਤੋਂ ਪਾਕਿਸਤਾਨ ਛੱਡਿਆ ਜਾ ਰਿਹਾ ਹੈ। ਪਾਣੀ ਦੇ ਇਸ ਨਿਕਾਸ ਨੂੰ ਰੋਕਣ ਲਈ ਕੇਂਦਰ ਸਰਕਾਰ ਉੱਝ ਨਦੀ 'ਤੇ ਇੱਕ ਬਹੁ-ਮੰਤਵੀ ਪ੍ਰੋਜੈਕਟ ਦੇ ਨਿਰਮਾਣ ਦੀ ਯੋਜਨਾ ਬਣਾ ਰਹੀ ਹੈ।

ii. ਸਲਾਨਾ ਔਸਤਨ 1.232 ਬੀ.ਸੀ.ਐਮ. (ਜ਼ਿਆਦਾਤਰ ਹੜ੍ਹ ਦਾ ਪਾਣੀ) ਹੁਸੈਨੀਵਾਲਾ ਹੈੱਡ ਵਰਕਸ ਤੋਂ ਪਾਕਿਸਤਾਨ ਵੱਲ ਜਾਂਦਾ ਹੈ।

iii. ਔਸਤਨ 0.126 ਬੀ.ਸੀ.ਐਮ. ਪਾਣੀ (ਜਿਆਦਾਤਰ ਹੜ੍ਹ ਦਾ ਪਾਣੀ) ਸਲਾਨਾ ਮਾਧੋਪੁਰ ਹੈਂਡ ਵਰਕਸ ਤੋਂ ਪਾਕਿਸਤਾਨ ਜਾਂਦਾ ਹੈ। ਸ਼ਾਹਪੁਰ ਕੰਡੀ ਪ੍ਰੋਜੈਕਟ ਦੇ ਬਣਨ ਨਾਲ ਪਾਕਿਸਤਾਨ ਵੱਲ ਜਾਂਦੇ ਹੜ੍ਹ ਦੇ ਪਾਣੀ ਨੂੰ ਰੋਕਿਆ ਜਾ ਸਕਦਾ ਹੈ। ਸਾਲ 1999-2000 ਤੱਕ, ਰਣਜੀਤ ਸਾਗਰ ਡੈਮ ਦੀ ਨਾ-ਮੌਜੂਦਗੀ ਵਿੱਚ ਔਸਤਾਨਾ 2.03 ਬੀ.ਸੀ.ਐਮ. ਰਾਵੀ ਦਾ ਪਾਣੀ ਮਾਧੋਪੁਰ ਤੋਂ ਪਾਕਿਸਤਾਨ ਵੱਲ ਵਹਿ ਜਾਂਦਾ ਸੀ।

ਸਤਿਹੀ ਪਾਣੀ ਦੀ ਨਿਕਾਸੀ ਦੇ ਪਹਿਲ ਦੇ ਅਧਾਰ 'ਤੇ ਪ੍ਰਬੰਧਨ ਨਾਲ, ਰਾਜ ਸਤਿਹੀ ਪਾਣੀ ਦੇ ਸਾਧਨਾਂ ਦੀ ਸਮਰੱਥਾ ਦਾ ਉਪਯੋਗ ਕਰਨ ਦੇ ਯੋਗ ਬਣੇਗਾ ਅਤੇ ਧਰਤੀ ਹੇਠਲੇ ਪਾਣੀ 'ਤੇ ਵੱਧ ਰਹੀ ਨਿਰਭਰਤਾ ਨੂੰ ਘਟਾਇਆ ਜਾ ਸਕੇਗਾ।

2. **ਨਿਗਰਾਨੀ ਨਿਯੰਤਰਨ ਅਤੇ ਡਾਟਾ ਪ੍ਰਾਪਤੀ (Supervisory Control and Data Acquisition-SCADA):** ਨਹਿਰੀ ਸਿੰਚਾਈ ਇੱਕ ਵਿਆਪਕ ਤੌਰ 'ਤੇ ਵਰਤਿਆ ਜਾਂਦਾ ਸਿੰਚਾਈ ਦਾ ਸੋਮਾ ਹੈ। ਇਸ ਕਰਕੇ, ਸਿੰਚਾਈ ਲਈ ਵਰਤਿਆ ਜਾਣ ਵਾਲੇ ਨਹਿਰੀ ਪਾਣੀ ਦਾ ਪ੍ਰਬੰਧਨ ਸਮੁੱਚੇ ਵਿਕਾਸ ਵਿੱਚ ਮਹੱਤਵਪੂਰਨ ਕਾਰਕ ਹੈ। ਰਵਾਇਤੀ ਢੰਗ ਅਨੁਸਾਰ ਪਾਣੀ ਦੀ ਮੰਗ ਦੀ ਪੂਰਤੀ, ਕਿਸਾਨਾਂ ਦੀ ਮੰਗ ਅਨੁਸਾਰ ਵਾਰੀ (ਵਾਰਾਬੰਦੀ) ਅਨੁਸਾਰ ਪੂਰੀ ਕੀਤੀ ਜਾਂਦੀ ਹੈ। ਰਵਾਇਤੀ ਸਿਸਟਸ ਕਈ ਪੱਖੋਂ ਕਮਜ਼ੋਰ ਹੈ ਜਿਸ ਵਿੱਚ ਪਾਣੀ ਦੀ ਆਮਦ ਦੇ ਅਨੁਮਾਨ ਅਤੇ ਅਸਲ ਵਹਿਣ ਜਾਂ ਡਿਸਚਾਰਜ ਦੇ ਫਰਕ ਸ਼ਾਮਿਲ ਹਨ। ਵਹਿਣ ਦੀ ਮਿਣਤੀ ਵਿੱਚ ਗਲਤੀ ਜਾਂ ਸਟੋਰੇਜ ਵਿੱਚ ਪਾਣੀ ਦੀ ਗਲਤ ਮਿਣਤੀ ਅਤੇ ਮਨੁੱਖੀ ਅਤੇ ਕੁਦਰਤੀ ਦਖਲਅੰਦਾਜੀ ਕਰ ਕੇ ਪੈਦਾ ਹੋਈਆਂ ਗੜਬੜਾਂ ਨੂੰ ਰਵਾਇਤੀ ਸਿਸਟਮ ਵਿੱਚ ਨਹੀਂ ਵਿਚਾਰਿਆ ਜਾਂਦਾ। ਇਸ ਕਰਕੇ ਨਹਿਰ ਦੀ ਟੇਲ 'ਤੇ ਕਿਸਾਨਾਂ ਨੂੰ ਵੱਧ ਜਾਂ ਲੋੜ ਨਾਲੋਂ ਘੱਟ ਪਾਣੀ ਮਿਲਦਾ ਹੈ। ਇਹਨਾਂ ਗੜਬੜਾਂ ਨੂੰ ਠੀਕ ਕਰਨ ਅਤੇ ਕੁਸ਼ਲ ਤਰੀਕੇ ਨਾਲ ਪਾਣੀ ਪਹੁੰਚਾਉਣ ਵਿੱਚ, ਨਹਿਰੀ ਪਾਣੀ ਸਿਸਟਮ ਦਾ ਸਵੈਚਾਲਨ ਸਿੰਚਾਈ ਵਿੱਚ ਇੱਕ ਖਾਸ ਰੋਲ ਨਿਭਾਉਂਦਾ ਹੈ। ਇਹ ਪ੍ਰਸਤਾਵ ਹੈ ਕਿ ਪੰਜਾਬ ਦੇ ਜਲ ਸਰੋਤਾਂ ਦੇ ਬਿਹਤਰ ਪ੍ਰਬੰਧਨ ਲਈ ਨਿਗਰਾਨੀ ਨਿਯੰਤਰਨ ਅਤੇ ਡਾਟਾ ਪ੍ਰਾਪਤੀ (SCADA) 'ਤੇ ਅਧਾਰਿਤ ਰਿਮੋਟ ਫਲੋ ਕੰਟਰੋਲ ਸਿਸਟਮ ਲਾਗੂ ਕੀਤਾ ਜਾਣਾ ਚਾਹੀਦਾ ਹੈ। ਨਿਗਰਾਨੀ ਨਿਯੰਤਰਨ ਅਤੇ ਡਾਟਾ ਪ੍ਰਾਪਤੀ (SCADA) ਸਿਸਟਮ ਪਾਣੀ ਦੇ ਲੋੜੀਂਦੇ ਵਹਿਣ ਦਾ ਲਗਾਤਾਰ ਨਿਰੀਖਣ ਅਤੇ ਨਿਯੰਤਰਣ ਕਰਦਾ ਹੈ, ਬਿਜਲੀ ਦੀ ਲੋੜ ਦਾ ਨਿਰੀਖਣ ਕਰਦਾ ਹੈ, ਨਾਲ ਹੀ ਪ੍ਰਵਾਹ ਅਤੇ ਪ੍ਰਵਾਹ ਦੇ ਉਲਟ ਵਹਿਣ ਦੇ ਪੱਧਰਾਂ ਦੀ ਜਾਂਚ ਕਰਦਾ ਹੈ। ਕਿਸੇ ਵੀ ਅਨਿਸ਼ਚਿਤਤਾ ਦੀ ਸਥਿਤੀ ਵਿੱਚ ਇਹ ਸੂਚਨਾ ਦਿੰਦਾ ਹੈ। ਲੋੜੀਂਦੇ ਵਹਿਣ ਦੀ ਕਮਾਂਡ ਖੁਦ-ਬ-ਖੁਦ ਦੂਰਵਰਤੀ ਨਿਗਰਾਨੀ ਨਿਯੰਤਰਨ ਅਤੇ ਡਾਟਾ ਪ੍ਰਾਪਤੀ (SCADA) ਸਿਸਟਮ ਨਾਲ ਦਿੱਤੀ ਜਾਦੀ ਹੈ ਜਾਂ ਫਿਰ ਮੁੱਖ ਨਿਗਰਾਨੀ ਨਿਯੰਤਰਨ ਅਤੇ ਡਾਟਾ ਪ੍ਰਾਪਤੀ (SCADA) ਵਿਖੇ ਓਪਰੇਟਰ ਦੇ ਸਕਦਾ ਹੈ। ਅਸਲ ਵਕਤ ਡਾਟਾ ਪ੍ਰਾਪਤੀ ਸਿਸਟਮ ਦੇ ਨਾਲ-ਨਾਲ, ਧਰਤੀ ਹੇਠਲੇ ਪਾਣੀ ਦੀ ਵਰਤੋਂ ਟਿਊਬਵੈਲ ਅਤੇ ਹੋਰ ਸਾਰੇ ਪ੍ਰੋਜੈਕਟ, ਜੋ ਸਾਫ ਕੀਤੇ ਪਾਣੀ ਨੂੰ ਸਿੰਚਾਈ ਲਈ ਵਰਤਦੇ ਹਨ, ਨੂੰ ਆਈ.ਓ.ਟੀ. (Internet of Things) ਅਧਾਰਿਤ ਪੰਪ ਕੰਟਰੋਲਾਂ ਨਾਲ ਜੋੜ ਕੇ ਨਿਗਰਾਨੀ ਨਿਯੰਤਰਨ ਅਤੇ ਡਾਟਾ ਪ੍ਰਾਪਤੀ (SCADA) ਸਿਸਟਮ ਨਾਲ ਜੋੜਿਆ ਜਾਵੇ। ਸਤਹੀ ਪਾਣੀ, ਧਰਤੀ ਹੇਠਲੇ ਪਾਣੀ ਅਤੇ ਸਿੰਚਾਈ ਲਈ ਸੋਧੇ ਹੋਏ ਪਾਣੀ ਦਾ ਅਸਲ ਸਮੇਂ ਅਧਾਰਿਤ ਕੇਂਦਰੀਕ੍ਰਿਤ ਸੰਚਾਲਨ ਅਤੇ ਨਿਗਰਾਨੀ/ਪ੍ਰਬੰਧਨ ਉਪਲਬਧ ਜਲ ਸਰੋਤਾਂ ਦੀ ਵੱਧ ਤੋਂ ਵੱਧ/ਸਹੀ ਵਰਤੋਂ ਨੂੰ ਸੰਭਵ ਬਣਾਏਗਾ। ਪੰਜਾਬ ਸਰਕਾਰ ਮੌਜੂਦਾ ਸਮੇਂ ਵਿੱਚ ਨਿਗਰਾਨੀ ਨਿਯੰਤਰਨ ਅਤੇ ਡਾਟਾ ਪ੍ਰਾਪਤੀ (SCADA) ਸਿਸਟਮ ਸ਼ਾਹਨਹਿਰ ਬੰਨ ਅਤੇ ਸਰਹਿੰਦ ਬੰਨ ਅਤੇ ਨਹਿਰ 'ਤੇ ਲਾਗੂ ਕਰ ਰਹੀ ਹੈ। ਨਿਗਰਾਨੀ ਨਿਯੰਤਰਨ ਅਤੇ ਡਾਟਾ ਪ੍ਰਾਪਤੀ (SCADA) ਸਿਸਟਮ ਨੂੰ ਪਾਣੀ ਦੀ ਯੋਗ ਵਰਤੋਂ ਅਤੇ ਪਾਣੀ ਦੇ ਸਾਧਨਾਂ ਦੇ ਬਿਹਤਰ ਪ੍ਰਬੰਧਨ ਲਈ ਸਮੁੱਚੇ ਪੰਜਾਬ ਪੱਧਰ 'ਤੇ ਲਾਗੂ ਕਰਨਾ ਚਾਹੀਦਾ ਹੈ।

3. **ਉੱਝ ਨਦੀ ਅਤੇ ਬਿਆਸ ਦਰਿਆ ਦੇ ਪਾਣੀਆਂ ਦਾ ਪ੍ਰਬੰਧਨ**: ਧਰਮਕੋਟ ਡਿਸਚਾਰਜ ਸਟੇਸ਼ਨ (ਡੀ/ਐਸ ਮਾਧੋਪੁਰ) ਤੋਂ ਉੱਝ ਨਦੀ (ਰਾਵੀ ਦੀ ਸਹਾਇਕ ਨਦੀ) ਅਤੇ ਬਿਆਸ ਦਰਿਆ ਤੋਂ ਪਾਣੀ ਦੇ ਵਾਧੂ ਵਹਾਅ ਨੂੰ ਮੋੜਾ ਦੇ ਕੇ ਕੇਂਦਰੀ ਪੰਜਾਬ ਰਾਹੀਂ ਲੰਘਾ ਕੇ ਸਿੰਚਾਈ ਅਤੇ ਭੂਮੀਗਤ ਪਾਣੀ ਨੂੰ ਰੀਚਾਰਜ ਕਰਨ ਲਈ ਵਰਤਨ ਸਬੰਧੀ ਮੁਲਾਂਕਣ ਅਤੇ ਪ੍ਰਬੰਧਨ ਕੀਤਾ ਜਾਵੇ।

### 8.3.4 ਪਾਣੀ ਦੇ ਵਿਕਲਪਕ ਸਰੋਤ

ਧਰਤੀ ਹੇਠਲੀ ਪਾਈਪਲਾਈਨ ਪ੍ਰਣਾਲੀ ਰਾਹੀਂ ਸੀਵਰੇਜ ਟਰੀਟਮੈਂਟ ਪਲਾਂਟਾਂ (STPs) ਤੋਂ, ਸਿੰਚਾਈ ਲਈ ਢੁਕਵੇਂ ਘਰੇਲੂ ਸੀਵਰੇਜ ਦੇ ਸੋਧੇ ਪਾਣੀ ਦੀ ਵਰਤੋਂ ਕਰਕੇ ਸਿੰਚਾਈ ਦੇ ਇੱਕ ਬਦਲਵੇਂ ਸਰੋਤ ਦੀ ਸਿਰਜਣਾ ਦੀ ਲੋੜ

ਹੈ। ਪੰਜਾਬ ਦੇ ਲਗਪਗ 12581 ਪਿੰਡਾਂ ਵਿੱਚ ਕੁੱਲ 23,450 ਏਕੜ ਰਕਬੇ ਵਿੱਚ 15466 ਛੱਪੜ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮੌਜੂਦਾ ਪਿੰਡਾਂ ਦੇ ਛੱਪੜਾਂ ਦੀ ਮੁਰੰਮਤ, ਸੁਧਾਰ ਅਤੇ ਪੁਨਰ-ਨਿਰਮਾਣ ਕਰੇ ਤਾਂ ਜੋ ਸਟੋਰੇਜ ਸਮਰੱਥਾ ਨੂੰ ਵਧਾਇਆ ਜਾ ਸਕੇ ਅਤੇ ਛੱਪੜ ਦੇ ਪਾਣੀ ਦੀ ਗੁਣਵੱਤਾ ਨੂੰ ਸਿੰਚਾਈ ਦੇ ਯੋਗ ਬਣਾਇਆ ਜਾ ਸਕੇ। ਛੱਪੜ ਅਤੇ ਸੀਵਰੇਜ ਟਰੀਟਮੈਂਟ ਪਲਾਂਟਾਂ ਦੇ ਪਾਣੀ ਨੂੰ ਚੁੱਕਣ (lift) ਲਈ ਸੂਰਜੀ ਊਰਜਾ ਨਾਲ ਚੱਲਣ ਵਾਲੀ ਲਿਫਟ ਸਿੰਚਾਈ ਪ੍ਰਣਾਲੀ ਨਾਲ ਸਵੈਚਾਲਤ ਕੀਤਾ ਜਾਣਾ ਚਾਹੀਦਾ ਹੈ।

### 8.3.5 ਹੜ੍ਹ ਦੇ ਪਾਣੀ ਦਾ ਪ੍ਰਬੰਧਨ

1. ਹੜ੍ਹ ਦੇ ਵਹਾਅ ਵਾਲੇ ਮੈਦਾਨਾਂ (Flood Plains) ’ਤੇ ਅੰਨ੍ਹੇਵਾਹ ਕਬਜ਼ੇ ਰੋਕਣੇ ਚਾਹੀਦੇ ਹਨ।
2. ਨਦੀਆਂ ਦੇ ਕਿਨਾਰੇ ਧੁੱਸੀ ਬੰਨ੍ਹਾਂ ਨੇੜੇ ਰੇਤ ਦੀ ਗੈਰ-ਕਾਨੂੰਨੀ ਮਾਈਨਿੰਗ ਨੂੰ ਰੋਕਿਆ ਜਾਵੇ। ਇਹ ਯਕੀਨੀ ਬਣਾਉਣ ਲਈ ਕਿ ਕੋਈ ਪਾੜ ਨਾ ਪਵੇ, ਦਰਿਆ ਦੇ ਤੱਟ ਤੋਂ ਉਚਿੱਤ ਉਚਾਈ (ਬੰਨ) ਬਣਾਈ ਰੱਖੀ ਜਾਣੀ ਚਾਹੀਦੀ ਹੈ। ਸਿੰਚਾਈ ਅਤੇ ਡਰੇਨੇਜ ਵਿਭਾਗ ਨੂੰ ਪਾੜ ਪ੍ਰਬੰਧਨ ਲਈ ਨਵੀਨਤਮ ਤਕਨੀਕਾਂ ਨਾਲ ਅੱਗੇ ਆਉਣਾ ਚਾਹੀਦਾ ਹੈ।

### 8.3.6 ਪਾਣੀ ਦੀ ਗੁਣਵੱਤਾ

- ਪ੍ਰਦੂਸ਼ਿਤ ਪਾਣੀ ਦੇ ਨਿਕਾਸ ’ਤੇ ਜ਼ੀਰੋ ਸਹਿਣਸ਼ੀਲਤਾ
- ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਦੋਸ਼ੀਆਂ ’ਤੇ ਸਖ਼ਤੀ

1. ਸਤਹੀ ਅਤੇ ਧਰਤੀ ਹੇਠਲੇ ਪਾਣੀ ਦੇ ਪ੍ਰਦੂਸ਼ਿਤ ਹੋਣ ਵਾਲੇ ਸਥਾਨਾਂ (Water Contamination Points) ਦੀ ਪਛਾਣ ਅਤੇ ਨਿਸ਼ਾਨਦੇਹੀ ਕਰਨ ਦੀ ਲੋੜ ਹੈ, ਖਾਸ ਤੌਰ ’ਤੇ ਬੁੱਢਾ ਨਾਲਾ, ਚਿੱਟੀ ਅਤੇ ਕਾਲੀ ਵੇਈ, ਲਿਸਾਰਾ ਡਰੇਨ ਖੇਤਰਾਂ ਆਦਿ ਵਿੱਚ।
2. ਪਾਣੀ ਦੇ ਪ੍ਰਦੂਸ਼ਣ ਲਈ ਜ਼ੀਰੋ ਸਹਿਣਸ਼ੀਲਤਾ ਹੋਣੀ ਚਾਹੀਦੀ ਹੈ। ਪ੍ਰਦੂਸ਼ਣ ਕਰਨ ਵਾਲੇ ਵਿਸ਼ੇਸ਼ ਅਤੇ ਆਮ ਸਰੋਤਾਂ ਰਾਹੀਂ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਸਖਤ ਰੋਕ ਲਾਈ ਜਾਣੀ ਚਾਹੀਦੀ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (PPCB) ਨੂੰ ਉਨ੍ਹਾਂ ਸਾਰੇ ਉਦਯੋਗਾਂ ਅਤੇ ਵਪਾਰਕ ਸੰਸਥਾਵਾਂ/ਉਪਭੋਗਤਾਵਾਂ ਤੋਂ ਟਰੀਟਮੈਂਟ ਪਲਾਂਟਾਂ ਦੀ ਸਥਾਪਨਾ ਨੂੰ ਸਖਤੀ ਨਾਲ ਲਾਗੂ ਕਰਨਾ ਚਾਹੀਦਾ ਹੈ ਜੋ ਡਰੇਨਾਂ, ਅੰਦਰੂਨੀ ਜਲ ਸਰੋਤਾਂ, ਸੀਵਰੇਜ ਪ੍ਰਣਾਲੀਆਂ ਆਦਿ ਵਿੱਚ ਗੰਦਾ ਪਾਣੀ ਛੱਡਦੇ ਹਨ ਅਤੇ ਮਨੁੱਖੀ ਸਿਹਤ ਜਾਂ ਵਾਤਾਵਰਨ ਨੂੰ ਹੋਏ ਨੁਕਸਾਨ ਦੀ ਲਾਗਤ ਦੀ ਭਰਪਾਈ ਕਰਨ ਲਈ ਪ੍ਰਦੂਸ਼ਣ ਕਰਨ ਵਾਲੇ ਨੂੰ ਜ਼ੁਰਮਾਨਾ ਲਗਾਉਣਾ ਚਾਹੀਦਾ ਹੈ।
3. ਇਸ ਤੋਂ ਇਲਾਵਾ, ਪਾਣੀ ਦੀ ਗੁਣਵੱਤਾ ਅਤੇ ਪ੍ਰਦੂਸ਼ਣ ਦਾ ਪਤਾ ਲਗਾਉਣ ਲਈ ਨਹਿਰੀ ਪਾਣੀ ਦੀ ਨਿਰੰਤਰ ਨਿਗਰਾਨੀ ਨੂੰ ਯਕੀਨੀ ਬਣਾਉਣ ਦੀ ਜ਼ਰੂਰਤ ਹੈ।
4. ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਵਿੱਚ ਕਿਸਾਨਾਂ ਅਤੇ ਲੋਕਾਂ ਦੇ ਪ੍ਰਤੀਨਿਧਾਂ ਦਾ ਹੋਣਾ ਜ਼ਰੂਰੀ ਹੈ ਤਾਂ ਜੋ ਬੋਰਡ ਦੇ ਪ੍ਰਦੂਸ਼ਣ ਕੰਟਰੋਲ ਕਾਰਜਾਂ ਦਾ ਮੁਲਾਂਕਣ ਕੀਤਾ ਜਾ ਸਕੇ।

### 8.3.7 ਸਿੰਚਾਈ ਲਈ ਬਿਜਲੀ ਦੇ ਗੈਰ-ਰਵਾਇਤੀ ਸਰੋਤ

1. ਇਕੱਲੀ ਸੂਰਜੀ ਊਰਜਾ ਨਾਲ ਚੱਲਣ ਵਾਲੇ ਪੰਪ ਸੈੱਟਾਂ ਨੂੰ ਸੂਖਮ ਸਿੰਚਾਈ ਨਾਲ ਹੀ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।
2. ਊਰਜਾ ਦੇ ਬਦਲਵੇਂ ਸਰੋਤਾਂ, ਜਿਵੇਂ ਕਿ ਬਾਇਓਗੈਸ, ਈਥਾਨੌਲ, ਸੀਐਨਜੀ (CNG), ਸੀਬੀਜੀ (CBG), ਅਤੇ ਨਹਿਰਾਂ ’ਤੇ ਛੋਟੇ ਹਾਈਡਰੋ-ਪ੍ਰੋਜੈਕਟਾਂ ਨੂੰ ਬਿਜਲੀ ਦੀ ਥਾਂ ’ਤੇ ਵਰਤਣ ਲਈ ਘੋਖਣਾ ਚਾਹੀਦਾ ਹੈ। ਬਾਇਓਗੈਸ ਤਕਨਾਲੋਜੀ ਨੂੰ ਸਹੀ ਢੰਗ ਨਾਲ ਲਾਗੂ ਕਰਨ ਲਈ, ਰਾਜ ਸਰਕਾਰ ਨੂੰ ਭਾਰਤ ਸਰਕਾਰ ਦੁਆਰਾ ਦਿੱਤੀਆਂ ਜਾਂਦੀਆਂ ਸਬਸਿਡੀਆਂ ਤੋਂ ਇਲਾਵਾ ਲਾਭਪਾਤਰੀਆਂ ਨੂੰ ਵਾਧੂ ਸਬਸਿਡੀਆਂ ਦੀ ਪੇਸ਼ਕਸ਼ ਕਰਨੀ ਚਾਹੀਦੀ ਹੈ।

### 8.3.8 ਸੇਮ ਵਾਲੇ ਇਲਾਕਿਆਂ 'ਚੋਂ ਨਿਕਾਸੀ

1. ਪਾਣੀ ਦੇ ਸਿੰਮਣ ਨੂੰ ਰੋਕਣ ਲਈ ਇੰਦਰਾ ਗਾਂਧੀ ਨਹਿਰ ਦੇ ਨਾਲ-ਨਾਲ ਇੰਟਰਸੈਪਟਿੰਗ (Intercepting) ਡਰੇਨਾਂ ਨੂੰ ਵਿਛਾਉਣਾ ਚਾਹੀਦਾ ਹੈ।
2. ਬਹੁਤ ਸਾਰੇ ਸੇਮ ਵਾਲੇ ਖੇਤਰਾਂ ਨੂੰ ਸਬ-ਸਰਫੇਸ ਡਰੇਨੇਜ ਸਿਸਟਮ ਪ੍ਰਦਾਨ ਕੀਤੇ ਗਏ ਹਨ। ਸਬਸਰਫੇਸ ਡਰੇਨੇਜ ਸਿਸਟਮ ਦਾ ਸਵੈਚਾਲਨ (ਆਟੋਮੇਸ਼ਨ) ਕੁਸ਼ਲਤਾ ਵਧਾਉਣ ਵਿੱਚ ਮਦਦ ਕਰੇਗਾ।
3. ਖਾਰੇ ਧਰਤੀ ਹੇਠਲੇ ਪਾਣੀ ਉੱਤੇ ਤੈਰਦੇ ਹੋਏ ਚੰਗੀ ਕੁਆਲਿਟੀ ਦੇ ਪਾਣੀ ਦੀ ਵਰਤੋਂ ਕਰਨ ਲਈ ਸਵੈਚਲਿਤ ਖਾਰੇਪਣ ਨਿਯੰਤਰਣ ਵਾਲੇ ਮਲਟੀਪਲ ਵੈੱਲ ਪੁਆਇੰਟ ਪ੍ਰਣਾਲੀਆਂ ਦੀ ਸਥਾਪਨਾ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।
4. ਵੱਧ ਪਾਣੀ ਦੀ ਲੋੜ ਵਾਲੇ ਪੌਦੇ ਜਿਵੇਂ ਕਿ ਸਫੈਦੇ ਨੂੰ ਸੇਮ ਵਾਲੇ ਖੇਤਰਾਂ ਵਿੱਚ ਵੱਟਾਂ 'ਤੇ ਉਗਾਇਆ ਜਾ ਸਕਦਾ ਹੈ, ਜੋ ਪਾਣੀ ਦੇ ਪੱਧਰ ਨੂੰ ਘੱਟ ਕਰਨ ਲਈ ਕੰਮ ਕਰ ਸਕਦੇ ਹਨ।
5. ਸਤਿਹੀ ਜੜ੍ਹਾਂ ਵਾਲੇ ਫ਼ਲ ਅਤੇ ਸਬਜ਼ੀਆਂ ਸੋਲਰ ਵਾਲੀ ਡਰਿਪ ਪ੍ਰਣਾਲੀ ਅਤੇ ਸਟੋਰੇਜ ਟੈਂਕਾਂ ਨਾਲ ਸਵੇਲਜ਼/ਉੱਚੇ ਬੈੱਡਾਂ 'ਤੇ ਲਗਾ ਕੇ ਇਹਨਾਂ ਖੇਤਰਾਂ ਵਿੱਚੋਂ ਵੱਧ ਮੁਨਾਫ਼ਾ ਲੈਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

### 8.3.9 ਕੰਢੀ ਖੇਤਰ ਵਿੱਚ ਮਿੱਟੀ ਅਤੇ ਪਾਣੀ ਦੀ ਸੰਭਾਲ ਦੇ ਉਪਾਅ

1. **ਮੀਂਹ ਦੇ ਪਾਣੀ ਦੀ ਸੰਭਾਲ ਅਤੇ ਪਾਣੀ ਹਾਰਵੈਸਟਿੰਗ ਖੇਤ ਵਿੱਚ (*in-situ*) ਕਰਨਾ**: ਕੰਢੀ ਖੇਤਰ ਵਿੱਚ ਜ਼ਮੀਨ ਅਤੇ ਜਲ ਸਰੋਤ ਪ੍ਰਬੰਧਨ ਵਾਟਰਸ਼ੈੱਡ ਦੇ ਅਧਾਰ 'ਤੇ ਕੀਤਾ ਜਾਣਾ ਚਾਹੀਦਾ ਹੈ। ਉਸੇ ਖੇਤ ਵਿੱਚ (*in-situ*) ਵਾਟਰ ਹਾਰਵੈਸਟਿੰਗ ਢਾਂਚੇ ਦੇ ਨਿਰਮਾਣ ਦੁਆਰਾ, ਖਾਸ ਤੌਰ 'ਤੇ ਕੰਢੀ ਖੇਤਰ ਵਿੱਚ, ਮੀਂਹ ਦੇ ਪਾਣੀ ਦੀ ਸੰਭਾਲ ਨੂੰ ਉਤਸ਼ਾਹਿਤ ਕਰਨ ਦੀਆਂ ਯੋਜਨਾਵਾਂ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ।

   - ਕੰਢੀ ਖੇਤਰ ਵਿੱਚ ਮੀਂਹ ਦੇ ਪਾਣੀ ਦੀ ਸੰਭਾਲ ਖੇਤ ਵਿੱਚ (*in-situ*) ਕਰਨਾ
   - ਮੌਸਮੀ ਵਹਾਅ ਤੋਂ ਧਰਤੀ ਦੇ ਪਾਣੀ ਨੂੰ ਰੀਚਾਰਜ ਕਰਨਾ
   - ਭਾਈਚਾਰਕ ਸੂਰਜ ਊਰਜਾ ਚਲਿਤ ਆਟੋਮੇਟਿਡ ਸੂਖਮ ਸਿੰਚਾਈ

2. **ਮੌਸਮੀ ਚੋਆਂ/ ਬਰਸਾਤੀ ਨਾਲਿਆਂ (Seasonal Torrents) ਰਾਹੀਂ ਧਰਤੀ ਹੇਠਲੇ ਪਾਣੀ ਦਾ ਰੀਚਾਰਜ**: ਡੈਮਾਂ (Earthen Dams) ਦੇ ਬਣਨ ਤੋਂ ਪਹਿਲਾਂ, ਸ਼ਿਵਾਲਿਕ ਪਹਾੜੀਆਂ ਦੇ ਪੈਰਾਂ 'ਚੋਂ ਨਿਕਲਣ ਵਾਲੇ ਚੋਅ ਕੁਦਰਤੀ ਤੌਰ 'ਤੇ, ਕੰਢੀ ਅਤੇ ਉਸਦੇ ਨਾਲ ਲੱਗਦੇ ਗੈਰ-ਕੰਢੀ ਉਪਜਾਊ ਇਲਾਕੇ ਦੇ ਧਰਤੀ ਹੇਠਲੇ ਪਾਣੀ ਦੇ ਸਰੋਤਾਂ ਨੂੰ ਕੁਦਰਤੀ ਤੌਰ 'ਤੇ ਰੀਚਾਰਜ ਕਰ ਰਹੇ ਸਨ। ਇਨ੍ਹਾਂ ਡੈਮਾਂ ਨੇ, ਜੋ ਜ਼ਿਆਦਾਤਰ 1980ਵਿਆਂ ਦੇ ਦਹਾਕੇ 'ਚ ਬਣੇ ਹਨ, ਡੈਮ ਸਟੋਰੇਜ ਲਈ ਕੁਦਰਤੀ ਪਾਣੀ ਦੇ ਵਹਾਅ ਨੂੰ ਰੋਕ ਕੇ ਵਿਸ਼ਾਲ ਉਪਜਾਊ ਗੈਰ-ਕੰਢੀ ਖੇਤਰਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਜਿਸ ਨਾਲ ਉਹਨਾਂ ਵਿਸ਼ਾਲ ਉਪਜਾਊ ਖੇਤਰਾਂ ਦੇ ਪਾਣੀ ਦੇ ਪੱਧਰ ਵਿੱਚ ਗਿਰਾਵਟ ਆਈ ਹੈ।

   ਚੌੜੇ ਰੇਤਲੇ ਚੋਆਂ ਦੇ ਥੱਲੇ/ਤਲ ਹਾਲੇ ਵੀ ਇੱਕ ਬਹੁਤ ਵਧੀਆ ਪਾਣੀ ਦੇ ਰੀਚਾਰਜ ਦਾ ਸਾਧਨ ਹਨ। ਮੌਨਸੂਨ ਦੇ ਮੌਸਮ ਵਿੱਚ ਇਨ੍ਹਾਂ ਚੋਆਂ ਵਿੱਚ ਵਾਰ-ਵਾਰ, ਦਰਜੇ ਵਾਰ ਡੈਮਾਂ 'ਚੋ ਪਾਣੀ ਛੱਡਣ ਨਾਲ ਵਿਸ਼ਾਲ ਉਪਜਾਊ ਗੈਰ-ਕੰਢੀ ਖੇਤਰਾਂ ਦੇ ਧਰਤੀ ਹੇਠਲੇ ਸਰੋਤਾਂ 'ਤੇ ਪੈਂਦੇ ਉਲਟ ਪ੍ਰਭਾਵ ਨੂੰ ਪਲਟਾਇਆ ਜਾ ਸਕਦਾ ਹੈ, ਜਦਕਿ ਨਾਲ ਹੀ ਕੰਢੀ ਖੇਤਰ ਦੀ ਧਰਤੀ ਹੇਠਲੇ ਪਾਣੀ ਦੀ ਸਥਿਤੀ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਇਸ ਖੇਤਰ ਨੂੰ ਪਾਣੀ ਮੁੜ-ਸੁਰਜੀਤੀ ਦੇ ਖਿੱਤੇ ਵੱਜੋਂ ਐਲਾਨ ਦੇਣਾ ਚਾਹੀਦਾ ਹੈ।

3. **ਲਿਫਟ ਸਿੰਚਾਈ ਸਕੀਮਾਂ**: ਪੌਂਗ ਡੈਮ ਤੋਂ ਨਿਕਲਦੀ ਕੰਢੀ ਨਹਿਰ ਦੀ ਵਰਤੋਂ ਕੰਢੀ ਖੇਤਰ ਨੂੰ ਲਿਫਟ ਸਿੰਚਾਈ ਸਕੀਮਾਂ ਨਾਲ ਸਿੰਜਣ ਲਈ, ਹੁਸ਼ਿਆਰਪੁਰ ਜ਼ਿਲ੍ਹੇ ਦੇ ਤਲਵਾੜਾ ਵਿਖੇ ਕਮਿਊਨਿਟੀ ਸੋਲਰ ਪਾਵਰ ਆਟੋਮੈਟਿਕ

ਮਾਈਕਰੋ-ਸਿੰਚਾਈ ਪ੍ਰੋਜੈਕਟ ਦੀ ਤਰਜ਼ 'ਤੇ, ਕੁਸ਼ਲਤਾ ਨਾਲ ਕੀਤੀ ਜਾਣੀ ਚਾਹੀਦੀ ਹੈ। ਇਨ੍ਹਾਂ ਖੇਤਰਾਂ ਵਿੱਚ ਇਸ ਖੇਤਰ ਦੀਆਂ ਹੋਰ ਫ਼ਸਲਾਂ ਦੇ ਨਾਲ-ਨਾਲ ਖੇਤੀਬਾੜੀ ਜੰਗਲਾਤ ਨੂੰ ਵੀ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

### 8.3.10 ਨਿਗਰਾਨੀ ਅਤੇ ਚਿਤਾਵਨੀ ਸਿਸਟਮ

1. ਸੂਬੇ ਦੇ ਜਲ ਸਰੋਤਾਂ ਦੀ ਅਸਲ-ਸਮੇਂ ਦੀ ਨਿਗਰਾਨੀ ਅਤੇ ਪ੍ਰਬੰਧਨ ਲਈ ਸੈਂਸਰ, ਉੱਨਤ ਧਰਤੀ ਨਿਰੀਖਣ ਅਤੇ ਵੱਡੇ ਡੇਟਾ ਵਿਸ਼ਲੇਸ਼ਣ ਪ੍ਰਣਾਲੀਆਂ ਦੀ ਵਰਤੋਂ ਕਰਨ ਦੀ ਲੋੜ ਹੈ।
2. ਧਰਤੀ ਹੇਠਲੇ ਪਾਣੀ ਦੀ ਗੁਣਵੱਤਾ ਅਤੇ ਪਾਣੀ ਦੇ ਪੱਧਰ ਦੇ ਉਤਰਾਅ-ਚੜ੍ਹਾਅ ਦੀ ਸਹੀ ਨਿਗਰਾਨੀ ਕਰਨ ਅਤੇ ਸੰਭਾਵੀ ਧਰਤੀ ਹੇਠਲੇ ਪਾਣੀ ਨੂੰ ਮੁੜ ਭਰਨ ਦੇ ਖਿੱਤਿਆਂ ਦੀ ਪਛਾਣ ਕਰਨ ਲਈ ਨਿਰੀਖਣ ਖੂਹ/ਪੀਜ਼ੋਮੀਟਰ 7.5 ਕਿਲੋਮੀਟਰ ਦੀ ਵੱਧ ਤੋਂ ਵੱਧ ਦੂਰੀ 'ਤੇ ਸਥਾਪਿਤ ਕੀਤੇ ਜਾਣੇ ਚਾਹੀਦੇ ਹਨ। ਇਹ ਪੀਜ਼ੋਮੀਟਰ ਡਾਟਾ ਇਕੱਤਰ ਕਰਨ ਅਤੇ ਪ੍ਰਸਾਰਨ ਲਈ ਸੈਂਸਰ ਅਤੇ ਟੈਲੀਮੈਟਰੀ ਉਪਕਰਨਾਂ ਨਾਲ ਲੈੱਸ ਹੋਣੇ ਚਾਹੀਦੇ ਹਨ।
3. ਨਹਿਰੀ ਪ੍ਰਣਾਲੀਆਂ ਲਈ ਇੱਕ ਪਾਰਦਰਸ਼ੀ ਅਤੇ ਬਰਾਬਰ ਪਾਣੀ ਵੰਡ ਢਾਂਚਾ ਵਿਕਸਿਤ ਕੀਤਾ ਜਾਵੇ। ਇਸ ਸਮੇਂ, ਨਹਿਰੀ ਪਾਣੀ ਦੀ ਨਿਕਾਸੀ ਦੇ ਆਂਕੜੇ ਮਨੁੱਖੀ ਦੇਖ ਰੇਖ ਰਾਹੀਂ ਦੇਖੇ ਜਾਂਦੇ ਹਨ। ਨਹਿਰੀ ਸਿੰਚਾਈ ਪ੍ਰਣਾਲੀਆਂ ਦੇ ਬਿਹਤਰ ਪ੍ਰਬੰਧਨ ਲਈ ਸੈਂਸਰਾਂ ਅਤੇ ਆਈ.ਓ.ਟੀ (Internet of Things) ਤਕਨਾਲੋਜੀ ਦੀ ਵਰਤੋਂ ਕਰਕੇ ਦੂਰ-ਦੁਰਾਡਿਓਂ ਨਹਿਰੀ ਪਾਣੀ ਦੀ ਨਿਕਾਸੀ ਦੀ ਨਿਗਰਾਨੀ ਕਰਨ ਦੀ ਲੋੜ ਹੈ।
4. ਰਾਜ ਵਿੱਚ ਹੜ੍ਹਾਂ ਦੇ ਪ੍ਰਭਾਵੀ ਨਿਯੰਤ੍ਰਣ ਲਈ ਹੜ੍ਹਾਂ ਦੀ ਭਵਿੱਖਬਾਣੀ ਕਰਨ ਦੀਆਂ ਸਮਰੱਥਾਵਾਂ ਨੂੰ ਸਮੇਂ ਦੇ ਹਾਣ ਦਾ ਬਣਾਉਣਾ ਚਾਹੀਦਾ ਹੈ ਅਤੇ ਇਸਨੂੰ ਸਾਰੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ।
5. ਪਾਣੀ ਦੇ ਖੇਤਰ ਵਿੱਚ ਘਰੇਲੂ ਉੱਨਤ ਕਾਢਾਂ ਨੂੰ ਜਿੰਨਾ ਸੰਭਵ ਹੋ ਸਕੇ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿੱਚ ਦੂਰ ਦੁਰਾਡੇ ਵਾਲੇ ਅਨੁਭਵ ਯੰਤਰ (ਰਿਮੋਟ ਸੈਂਸਿੰਗ), ਮੰਗ ਅੰਦਾਜ਼ਿਆਂ ਦਾ ਪ੍ਰਬੰਧਨ ਅਤੇ ਖੇਤੀਬਾੜੀ ਉਤਪਾਦਕਤਾ ਨੂੰ ਉਤਸ਼ਾਹਿਤ ਕਰਨ ਵਾਲੀਆਂ ਸ਼ੁਰੂਆਤੀ ਕੰਪਨੀਆਂ ਲਈ ਨਿਵੇਸ਼ ਸ਼ਾਮਿਲ ਹਨ।
6. ਬਾਰਿਸ਼ ਦੇ ਵਰਤਾਰੇ ਦੇ ਬਦਲਾਅ ਨੂੰ ਬਿਹਤਰ ਤਰੀਕੇ ਨਾਲ ਸਮਝਣ ਲਈ, ਖੇਤਰੀ ਮਾਡਲਾਂ ਰਾਹੀਂ ਗਲੋਬਲ ਜਲਵਾਯੂ ਮਾਡਲਾਂ ਨੂੰ ਸਥਾਨਕ ਸਥਿਤੀਆਂ ਵਿੱਚ ਢਾਲਣ ਲਈ ਕੰਪਿਊਟਿੰਗ ਸਰੋਤਾਂ ਨੂੰ ਇਕੱਠਾ ਕਰਕੇ ਇੱਕ ਸਥਾਨਕ ਜਲਵਾਯੂ ਮਾਡਲ ਤਿਆਰ ਕੀਤਾ ਜਾਣਾ ਚਾਹੀਦਾ ਹੈ।
7. ਉਨ੍ਹਾਂ ਅੰਤਰਰਾਸ਼ਟਰੀ ਏਜੰਸੀਆਂ ਅਤੇ ਸੰਸਥਾਵਾਂ ਨਾਲ ਸਾਂਝੇਦਾਰੀ ਸਥਾਪਿਤ ਕਰੋ ਜੋ ਮੌਸਮ ਸਿਮੂਲੇਸ਼ਨ ਮਾਡਲਿੰਗ ਵਿੱਚ ਮੁਹਾਰਤ ਰੱਖਦੇ ਹਨ ਅਤੇ ਜਲਵਾਯੂ ਸੇਵਾਵਾਂ ਨੂੰ ਵਧਾਉਣ ਦੇ ਉਦੇਸ਼ ਨਾਲ ਉੱਭਰਦੀਆਂ ਅੰਤਰਰਾਸ਼ਟਰੀ ਪਹਿਲਕਦਮੀਆਂ ਵਿੱਚ ਸਰਗਰਮੀ ਨਾਲ ਸ਼ਾਮਿਲ ਹੁੰਦੀਆਂ ਹਨ।

### 8.3.11 ਪਾਣੀ ਦੇ ਸਰੋਤਾਂ ਦੀ ਖਿੱਤਾ ਵੰਡ

ਪਾਣੀ ਦੀ ਉਪਲਬਧਤਾ, ਖੇਤੀ-ਜਲਵਾਯੂ ਵਿਗਿਆਨ (ਐਗਰੋ-ਕਲਾਈਮੇਟਾਲੋਜੀ), ਅਤੇ ਵਾਤਾਵਰਨ ਵਿਗਿਆਨ ਦੀ ਰੂਪਰੇਖਾ/ਤਰਤੀਬ ਦੀਆਂ ਰੁਕਾਵਟਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਭਵਿੱਖ ਦੇ ਆਰਥਿਕ ਵਿਕਾਸ ਦੀ ਅਗਵਾਈ ਕਰਨ, ਯੋਜਨਾ ਬਣਾਉਣ ਅਤੇ ਨਿਯੰਤ੍ਰਿਤ ਕਰਨ ਲਈ ਰਾਜ ਦੇ ਪਾਣੀ ਦੀ ਖਿੱਤਾ ਵੰਡ ਕੀਤੀ ਜਾਣੀ ਚਾਹੀਦੀ ਹੈ:

i. ਪੀਣ ਵਾਲੇ ਪਾਣੀ ਦੇ ਖੇਤਰ
ii. ਧਰਤੀ ਹੇਠਲੇ ਪਾਣੀ ਦੀ ਕਮੀ ਵਾਲੇ ਖੇਤਰ
iii. ਧਰਤੀ ਹੇਠਲਾ ਪਾਣੀ ਮੁੜ ਭਰਨ ਦੇ ਖੇਤਰ

iv. ਹੜ੍ਹ ਪ੍ਰਭਾਵਿਤ ਖੇਤਰ

v. ਲੂਣ ਪ੍ਰਭਾਵਿਤ ਸੇਮ ਵਾਲੇ ਖੇਤਰ

vi. ਪਾਣੀ ਦੀ ਗੁਣਵੱਤਾ ਵਿਗੜਨ ਵਾਲੇ ਖੇਤਰ

vii. ਸੋਕੇ ਵਾਲੇ ਖੇਤਰ

ਵੱਖ-ਵੱਖ ਖੇਤੀਬਾੜੀ-ਜਲਵਾਯੂ ਖੇਤਰਾਂ ਵਿੱਚ ਵੱਖ-ਵੱਖ ਉਦੇਸ਼ਾਂ ਲਈ ਪਾਣੀ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ। ਉਪਯੋਗੀ ਪਾਣੀ ਦੀ ਉਪਲਬਧਤਾ ਨੂੰ ਵੱਧ ਤੋਂ ਵੱਧ ਕਰਨ ਦੇ ਪੱਖ ਤੋਂ ਵੱਖ-ਵੱਖ ਖਿੱਤਿਆਂ ਵਿੱਚ ਪਾਣੀ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਢੁਕਵੇਂ ਤਕਨੀਕੀ ਤਰੀਕਿਆਂ (ਆਰਥਿਕ ਸੰਭਾਵਨਾ ਨੂੰ ਧਿਆਨ ਵਿੱਚ ਰੱਖਦੇ ਹੋਏ) ਦੀ ਪਛਾਣ ਕਰਕੇ ਇਨ੍ਹਾਂ ਨੂੰ ਅਪਣਾਇਆ ਜਾਵੇ।

### 8.3.12 ਪਾਣੀ ਖੇਤਰ ਦੀ ਸਮਰੱਥਾ ਦਾ ਨਿਰਮਾਣ

ਆਉਣ ਵਾਲੇ ਪਾਣੀ ਦੇ ਸੰਕਟ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਲਈ ਪਾਣੀ ਦੇ ਸਰੋਤਾਂ ਦੇ ਏਕੀਕ੍ਰਿਤ ਪ੍ਰਬੰਧਨ ਵਿੱਚ ਉੱਚ ਪੱਧਰੀ ਮੁਹਾਰਤ ਅਤੇ ਗਿਆਨ ਦੀ ਲੋੜ ਹੁੰਦੀ ਹੈ। ਪਾਣੀ-ਸਬੰਧੀ ਜਨਤਕ ਖੇਤਰ ਦੀਆਂ ਸਾਰੀਆਂ ਸੰਸਥਾਵਾਂ ਦੀ ਸਮਰੱਥਾ ਦੇ ਨਿਰਮਾਣ ਨੂੰ ਉੱਚ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਦੁਆਰਾ ਏਕੀਕ੍ਰਿਤ ਪਾਣੀ ਸਰੋਤਾਂ ਦੀ ਯੋਜਨਾਬੰਦੀ, ਵਿਕਾਸ ਅਤੇ ਪ੍ਰਬੰਧਨ ਯਕੀਨੀ ਬਣਾਇਆ ਜਾ ਸਕੇ ਅਤੇ ਜਲਵਾਯੂ ਪਰਿਵਰਤਨ ਅਤੇ ਜਨਸੰਖਿਆ ਦੀਆਂ ਰੁਕਾਵਟਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ ਜਾ ਸਕੇ।

1. ਇਹਨਾਂ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਜ਼ਮੀਨੀ ਪੱਧਰ ਅਤੇ ਖੋਜ ਸੰਸਥਾਵਾਂ ਅਤੇ ਹੋਰ ਅਦਾਰਿਆਂ ਵਿਚਕਾਰ ਬਿਹਤਰ ਤਾਲਮੇਲ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।
2. ਉੱਚ-ਗੁਣਵੱਤਾ ਖੋਜ ਲਈ ਉਤਸ਼ਾਹਨ ਪੇਸ਼ਕਸ਼ ਕੀਤੀ ਜਾਣੀ ਚਾਹੀਦੀ ਹੈ। ਵਿਲੱਖਣ ਯੋਗਦਾਨ ਲਈ ਹਰ ਸਾਲ ਇੱਕ ਪ੍ਰੋਜੈਕਟ ਮੈਨੇਜਰ/ਖੋਜਕਾਰ/ਟੀਮ/ਰਾਜ ਵਿਭਾਗ ਨੂੰ ਰਾਜ-ਪੱਧਰੀ ਪੁਰਸਕਾਰ ਦਿੱਤਾ ਜਾਣਾ ਚਾਹੀਦਾ ਹੈ।

### 8.3.13 ਜਨਤਕ ਜਾਗਰੂਕਤਾ

1. ਸਰਕਾਰ ਨੂੰ ਸਰਕਾਰੀ ਮਾਲਕੀ ਵਾਲੇ ਬੀਜ ਫਾਰਮਾਂ, ਬਾਗਾਂ, ਨਰਸਰੀਆਂ, ਅਤੇ ਏ ਆਈ (AI)/ ਆਈਓਟੀ (IoT)-ਅਧਾਰਿਤ ਸਵੈਚਲਿਤ (ਆਟੋਮੇਸ਼ਨ) ਅਧੀਨ ਸੂਖਮ ਸਿੰਚਾਈ ਪ੍ਰਣਾਲੀਆਂ ਨੂੰ ਅਪਣਾਉਣਾ ਚਾਹੀਦਾ ਹੈ ਤਾਂ ਜੋ ਸੂਰਜੀ ਊਰਜਾ ਨਾਲ ਫ਼ਸਲਾਂ ਦੇ ਪਾਣੀ ਦੀਆਂ ਲੋੜਾਂ ਅਨੁਸਾਰ ਸੁਨਿਸ਼ਚਤ ਸਿੰਚਾਈ ਦਾ ਪ੍ਰਦਰਸ਼ਨ ਕੀਤਾ ਜਾ ਸਕੇ।
2. ਸਿੰਚਾਈ ਵਿਭਾਗ ਅਤੇ ਹੋਰ ਸਬੰਧਤ ਰਾਜ ਵਿਭਾਗਾਂ ਨੂੰ ਆਪਣੇ ਸਮੁੱਚੇ ਕਾਰਜਾਂ ਦੇ ਇੱਕ ਅਨਿੱਖੜਵੇਂ ਹਿੱਸੇ ਵਜੋਂ ਜਨਤਕ ਜਾਗਰੂਕਤਾ ਮੁਹਿੰਮ ਚਲਾਉਣੀ ਚਾਹੀਦੀ ਹੈ।
3. ਪਾਣੀ ਦੀ ਸੁਚੱਜੀ ਵਰਤੋਂ ਬਾਰੇ ਵਿਆਪਕ ਜਨਤਕ ਜਾਗਰੂਕਤਾ ਮੁਹਿੰਮ ਸ਼ੁਰੂ ਕਰਨ ਲਈ ਸਬੰਧਤ ਰੈਗੂਲੇਟਰੀ ਸੰਸਥਾਵਾਂ ਰਾਹੀਂ ਮੀਡੀਆ ਨੂੰ ਨਾਲ ਲਿਆ ਜਾਣਾ ਚਾਹੀਦਾ ਹੈ।

# 9. ਕੁਆਲਟੀ ਕੰਟਰੋਲ ਅਤੇ ਲਾਗੂਕਰਨ

ਕੁਆਲਟੀ ਕੰਟਰੋਲ ਉਹ ਪ੍ਰਕਿਰਿਆ ਹੈ, ਜਿਸ ਰਾਹੀਂ ਉਤਪਾਦ ਨੂੰ ਨਿਯਮਤ ਕਰਨ ਵਾਲੀ (Regulatory) ਸੰਸਥਾਵਾਂ ਦੁਆਰਾ ਨਿਰਧਾਰਤ ਮਾਪਦੰਡਾਂ ਅਤੇ ਜ਼ਰੂਰਤਾਂ 'ਤੇ ਪੂਰਾ ਉਤਰਨਾ ਯਕੀਨੀ ਬਣਾਇਆ ਜਾਂਦਾ ਹੈ। ਖੇਤੀਬਾੜੀ ਖੇਤਰ, ਖਾਸ ਕਰਕੇ ਰਸਾਇਣਿਕ ਖੇਤੀ ਅਤੇ ਪ੍ਰੋਸੈਸਿੰਗ ਯੋਜਕਾਂ ਦੇ ਯੁੱਗ ਵਿੱਚ ਕੁਆਲਟੀ ਕੰਟਰੋਲ ਦੇ ਨਾਲ-ਨਾਲ ਕੁਆਲਟੀ ਦਾ ਭਰੋਸਾ ਬਹੁਤ ਮਹੱਤਵ ਰੱਖਦਾ ਹੈ। ਕੁਆਲਟੀ ਪੈਦਾਵਾਰ ਨਾਲ ਖਪਤਕਾਰਾਂ ਦੀ ਸੁਰੱਖਿਆ, ਉੱਚ ਆਰਥਿਕ ਮੁੱਲ, ਉੱਚ ਬਜ਼ਾਰੂ ਮੁਕਾਬਲਾ, ਵਾਤਾਵਰਨ ਦੀ ਸਥਿਰਤਾ ਅਤੇ ਉੱਚ ਨਿਰਯਾਤ ਦੀ ਸੰਭਾਵਨਾ ਵੱਧ ਜਾਂਦੀ ਹੈ। ਭੋਜਨ ਅਤੇ ਖੇਤੀ ਲਾਗਤ ਵਸਤਾਂ ਵਿੱਚ ਮਿਲਾਵਟ ਦੇ ਨਾਲ-ਨਾਲ ਭੋਜਨ ਅਤੇ ਭੋਜਨ-ਵਿਸ਼ੇਸ਼ ਗੁਣਾਂ ਵਿੱਚ ਮਿਲਾਵਟ ਹੋਣਾ, ਰਾਜ ਦੀ ਪ੍ਰਮੁੱਖ ਚੁਣੌਤੀ ਬਣੀ ਹੋਈ ਹੈ।

i. **ਭੋਜਨ ਵਿੱਚ ਮਿਲਾਵਟ**: ਭੋਜਨ ਉਤਪਾਦਾਂ ਵਿੱਚ ਮਿਲਾਵਟ ਦਾ ਅਭਿਆਸ ਲੰਬੇ ਸਮੇਂ ਤੋਂ ਚੱਲ ਰਿਹਾ ਵਰਤਾਰਾ ਹੈ, ਜਿਸ ਅਧੀਨ ਉਤਪਾਦਾਂ ਦੀ ਸੁਰੱਖਿਆ ਅਤੇ ਪੌਸ਼ਟਿਕ ਮੁੱਲਾਂ ਨਾਲ ਸਮਝੌਤਾ ਕਰਨਾ ਪੈਂਦਾ ਹੈ। ਦੁੱਧ, ਸ਼ਹਿਦ, ਗੁੜ, ਤੇਲ ਆਦਿ ਜਿਹੇ ਉਤਪਾਦਾਂ ਵਿੱਚ ਮਿਲਾਵਟ ਸਭ ਤੋਂ ਵੱਡੇ ਮੁੱਦਿਆਂ 'ਚੋ ਇੱਕ ਹੈ। ਕੁਝ ਦੁੱਧ ਉਤਪਾਦਕਾਂ ਵੱਲੋਂ ਦੁੱਧ ਵਿੱਚ ਯੂਰੀਆ, ਡਿਟਰਜੈਂਟ, ਸਟਾਰਚ ਅਤੇ ਇੱਥੋਂ ਤੱਕ ਕਿ ਸਿੰਥੈਟਿਕ ਦੁੱਧ ਵਰਗੇ ਖਤਰਨਾਕ ਰਸਾਇਣ ਵੀ ਮਿਲਾਏ ਜਾ ਰਹੇ ਹਨ, ਜਦੋਂ ਕਿ ਸ਼ਹਿਦ ਉਤਪਾਦਕ ਪੈਦਾਵਾਰ ਦੀ ਮਾਤਰਾ ਵਧਾਉਣ ਲਈ ਖੰਡ ਦਾ ਰਸ ਮਿਲਾ ਰਹੇ ਹਨ। ਇਸ ਦੇ ਨਾਲ ਹੀ, ਹਰੀਆਂ ਸਬਜ਼ੀਆਂ ਜਿਵੇਂ ਕਿ ਮਟਰ, ਖੀਰਾ, ਕਰੇਲਾ ਅਤੇ ਹੋਰ ਪੱਤੇਦਾਰ ਸਬਜ਼ੀਆਂ ਦੇ ਰੰਗ ਨੂੰ ਤੇਜ਼ ਕਰਨ ਲਈ ਨਕਲੀ ਰੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ। ਭੋਜਨ ਉਤਪਾਦਾਂ ਵਿੱਚ ਖਤਰਨਾਕ ਰਸਾਇਣਾਂ ਦੀ ਮਿਲਾਵਟ ਅਤੇ ਪੌਸ਼ਟਿਕ ਮੁੱਲ ਨੂੰ ਘਟਾਉਣ ਨਾਲ ਸਮਾਜ ਦੇ ਸਿਹਤ ਸਬੰਧੀ ਮਸਲਿਆਂ ਅਤੇ ਬਿਮਾਰੀਆਂ ਵਿੱਚ ਵਾਧਾ ਹੋ ਰਿਹਾ ਹੈ। ਦੁੱਧ ਵਿੱਚ ਮਿਲਾਵਟ ਦੀ ਮੌਜੂਦਗੀ ਇਮਾਨਦਾਰ ਉੱਦਮ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ ਕਿਉਂਕਿ ਮਿਲਾਵਟ ਵਿੱਚ ਲੱਗੇ ਲੋਕ ਘੱਟ ਕੀਮਤਾਂ ਦੀ ਪੇਸ਼ਕਸ਼ ਕਰਦੇ ਹਨ, ਅੰਤ ਵਿੱਚ ਇਮਾਨਦਾਰ ਉੱਦਮੀ ਨੂੰ ਗੈਰ-ਵਿਹਾਰਕ ਬਣਾਉਂਦੇ ਹਨ ਜੋ ਕਿ ਉਸ ਨੂੰ ਕਾਰੋਬਾਰ ਛੱਡਣ ਵੱਲ ਧੱਕਦਾ ਹੈ।

ii. **ਖੇਤੀ ਲਾਗਤ ਵਸਤਾਂ ਵਿੱਚ ਮਿਲਾਵਟ**: ਘੱਟ ਕੁਆਲਟੀ ਵਾਲੀਆਂ ਅਤੇ ਨਕਲੀ ਖੇਤੀ ਲਾਗਤ ਵਸਤਾਂ ਜਿਵੇਂ ਕਿ ਬੀਜ, ਰਸਾਇਣ ਆਦਿ ਦਾ ਮੁੱਦਾ ਪੈਦਾਵਾਰ ਲਈ ਇੱਕ ਹੋਰ ਗੰਭੀਰ ਖ਼ਤਰਾ ਹੈ, ਜਿਸ ਸਦਕਾ ਖੇਤੀ ਦਾ ਮੁਨਾਫ਼ਾ ਘੱਟਦਾ ਹੈ। ਇਹ ਘੱਟ ਕੁਆਲਟੀ ਵਾਲੀਆਂ ਖੇਤੀ ਲਾਗਤ ਵਸਤਾਂ ਕਿਸਾਨਾਂ ਲਈ ਘਾਤਕ ਸਿੱਧ ਹੁੰਦੀਆਂ ਹਨ ਕਿਉਂਕਿ ਇਸ ਨਾਲ ਪੈਦਵਾਰ ਬਹੁਤ ਤੇਜੀ ਨਾਲ ਘੱਟ ਜਾਂਦੀ ਹੈ ਅਤੇ ਲਾਗਤ ਵਸਤਾਂ ਦੀ ਮਾੜੀ ਕੁਆਲਟੀ ਕਾਰਨ ਬਿਮਾਰੀਆਂ ਦਾ ਪ੍ਰਕੋਪ ਵੱਧਦਾ ਹੈ। ਲਾਗਤ ਵਸਤਾਂ ਦੀ ਕੁਆਲਟੀ ਅਤੇ ਸੁਰੱਖਿਆ ਨਾਲ ਪੈਦਾਵਾਰ ਦਾ ਪੱਧਰ, ਪੈਦਾਵਾਰ ਦੀ ਗੁਣਵੱਤਾ, ਮਾਪਦੰਡਾਂ ਦੀ ਪਾਲਣਾ, ਹਾਨੀਕਾਰਕ ਮਿਲਾਵਟ ਦੀ ਰੋਕ, ਲੋਕ ਸਿਹਤ ਦੀ ਸੁਰੱਖਿਆ, ਅਤੇ ਖੇਤੀਬਾੜੀ ਮੰਡੀ ਵਿੱਚ ਧੋਖਾਧੜੀ ਦੇ ਕੇਸਾਂ ਦੀ ਰੋਕਥਾਮ ਨਿਰਧਾਰਿਤ ਹੁੰਦੀ ਹੈ।

iii. **ਭੋਜਨ ਦੀ ਦੂਸ਼ਿਤਤਾ**: ਇੱਕ ਹੋਰ ਮੁੱਦਾ ਜਿਸ 'ਤੇ ਸਭ ਤੋਂ ਵੱਧ ਧਿਆਨ ਦੇਣ ਦੀ ਲੋੜ ਹੈ, ਉਹ ਹੈ ਖੇਤੀਬਾੜੀ ਉਤਪਾਦਾਂ ਵਿੱਚ ਭਾਰੀ ਧਾਤਾਂ ਅਤੇ ਕੀਟਨਾਸ਼ਕਾਂ ਦੇ ਜ਼ਹਿਰੀਲੇਪਣ ਦਾ ਹੋਣਾ। ਖੇਤੀਬਾੜੀ ਵਿੱਚ ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਅਤੇ ਉਦਯੋਗਿਕ ਪ੍ਰਦੂਸ਼ਕਾਂ ਦੁਆਰਾ ਪ੍ਰਦੂਸ਼ਿਤ ਹੋਣ ਕਾਰਨ ਸਿਹਤ ਸਮੱਸਿਆਵਾਂ ਵੱਧ ਰਹੀਆਂ ਹਨ। ਪਿਛਲੇ ਕੁਝ ਸਾਲਾਂ ਵਿੱਚ, ਖੇਤੀ ਉਪਜਾਂ ਵਿੱਚ ਭਾਰੀ ਧਾਤੂਆਂ ਦੀ ਸਮੱਗਰੀ ਅਤੇ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਨੂੰ ਉਹਨਾਂ ਦੀ ਮਨਜ਼ੂਰ ਸੀਮਾ ਤੋਂ ਵੱਧ ਮਿਕਦਾਰ ਵਿੱਚ ਪਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਖੇਤੀਬਾੜੀ ਉਤਪਾਦਾਂ ਦੀ ਨਿਗਰਾਨੀ ਕਰਨਾ ਸਮੇਂ ਦੀ ਲੋੜ ਹੈ ਕਿਉਂਕਿ ਖਪਤ ਅਤੇ ਨਿਰਯਾਤ ਲਈ ਰਾਸ਼ਟਰੀ ਪੱਧਰ (ਫ਼ੂਡ ਸੇਫਟੀ ਐਂਡ ਸਟੈਂਡਰਡ ਅਥਾਰਿਟੀ ਆਫ਼ ਇੰਡੀਆ) ਦੇ ਨਾਲ-ਨਾਲ

ਅੰਤਰਰਾਸ਼ਟਰੀ ਪੱਧਰ (CODEX, ਯੂਨਾਈਟਡ ਨੇਸ਼ਨਜ਼ ਫੂਡ ਐਂਡ ਡਰੱਗ ਐਡਮਿਨਸਟ੍ਰੇਸ਼ਨ) ਦੀਆਂ ਸੰਸਥਾਵਾਂ ਦੇ ਸਖ਼ਤ ਨਿਯਮ ਹਨ।

iv. **ਭੋਜਨ-ਵਿਸ਼ੇਸ਼ ਗੁਣਵੱਤਾ ਵਿਸ਼ੇਸ਼ਤਾਵਾਂ**: ਮਿਲਾਵਟ ਅਤੇ ਦੂਸ਼ਿਤ ਤੱਤਾਂ ਤੋਂ ਇਲਾਵਾ, ਭੋਜਨ-ਵਿਸ਼ੇਸ਼ ਗੁਣਾਂ ਜਿਵੇਂ ਕਿ ਵਿਟਾਮਿਨ, ਐਂਟੀਆਕਸੀਡੈਂਟ, ਖਣਿਜ ਆਦਿ ਦੀ ਜਾਂਚ ਅਤੇ ਨਿਗਰਾਨੀ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਅੰਤ ਵਿੱਚ ਭੋਜਨ ਦੇ ਪੌਸ਼ਟਿਕ ਸੰਤੁਲਨ ਅਤੇ ਮੁੱਲ ਨੂੰ ਨਿਰਧਾਰਤ ਕਰਦੇ ਹਨ। ਇਸ ਲਈ ਭੋਜਨ ਦੇ ਪੌਸ਼ਟਿਕ ਤੱਤਾਂ ਨੂੰ ਹੋਰ ਜਾਂਚ ਟੈਸਟ ਕਰਕੇ ਪੂਰਾ ਕੀਤਾ ਜਾਣਾ ਚਾਹੀਦਾ ਹੈ।

ਉਪਰੋਕਤ ਸਾਰੇ ਪਹਿਲੂ ਪੰਜਾਬ ਵਿੱਚ ਖੇਤੀਬਾੜੀ ਦੀ ਕੁਆਲਟੀ ਕੰਟਰੋਲ ਭਰੋਸੇਯੋਗਤਾ ਅਤੇ ਲਾਗੂ ਕਰਨ ਸੰਬੰਧੀ ਅੱਜ ਦੇ ਸਮੇਂ ਦੀਆਂ ਮੁੱਖ ਚੁਣੌਤੀਆਂ ਹਨ। ਖੰਡਿਤ ਹੋ ਚੁੱਕੀ ਸਪਲਾਈ ਚੇਨ, ਤੁਰੰਤ ਬਦਲਦੀਆਂ ਤਕਨੀਕਾਂ ਅਤੇ ਰੁਝਾਨ, ਸੀਮਤ ਸਰੋਤ, ਨਵੇਂ ਉੱਭਰ ਰਹੇ ਜੋਖਮ ਅਤੇ ਰੋਕਥਾਮ, ਖਪਤਕਾਰਾਂ ਦੀ ਜਾਗਰੂਕਤਾ ਦੀ ਘਾਟ, ਜਾਣਕਾਰੀ ਤੱਕ ਸੀਮਤ ਪਹੁੰਚ, ਆਦਿ ਮੁੱਖ ਮੁੱਦੇ ਹਨ, ਜਿਨ੍ਹਾਂ ਨੂੰ ਹੱਲ ਕੀਤਾ ਜਾਣਾ ਚਾਹੀਦਾ ਹੈ। ਸੁਰੱਖਿਅਤ, ਪੌਸ਼ਟਿਕ ਅਤੇ ਉੱਚ ਕੁਆਲਟੀ ਵਾਲੇ ਭੋਜਨ ਅਤੇ ਖੇਤੀ ਲਾਗਤ ਵਸਤਾਂ ਦਾ ਪ੍ਰਬੰਧ ਖੇਤੀਬਾੜੀ ਦੇ ਵਿਕਾਸ ਅਤੇ ਕਿਸਾਨਾਂ ਦੇ ਮੁਨਾਫ਼ੇ ਅਤੇ ਤੰਦਰੁਸਤੀ ਲਈ ਜ਼ਰੂਰੀ ਹੈ। ਇਸ ਲਈ, ਰੈਗੂਲੇਟਰੀ ਢਾਂਚੇ ਨੂੰ ਮਜ਼ਬੂਤ ਕਰਨ, ਨਿਗਰਾਨੀ ਵਧਾਉਣ, ਸਪਲਾਈ ਲਾਈਨ 'ਤੇ ਕੁਆਲਟੀ ਦੀ ਜਾਂਚ ਦੇ ਨਾਲ-ਨਾਲ ਭੋਜਨ ਅਤੇ ਖੇਤੀ ਲਾਗਤ ਵਸਤਾਂ ਦੀ ਨਿਯਮਤ ਜਾਂਚ ਅਤੇ ਲੱਭਣ ਯੋਗਤਾ ਨੂੰ ਯਕੀਨੀ ਬਣਾਉਣ ਦੀ ਅਤਿਅੰਤ ਲੋੜ ਹੈ।

**ਨੀਤੀ ਸੰਬੰਧੀ ਸਿਫ਼ਾਰਿਸ਼ਾਂ**

1. **ਕੁਆਲਟੀ ਕੰਟਰੋਲ ਪ੍ਰਯੋਗਸ਼ਾਲਾ ਨੂੰ ਮਜ਼ਬੂਤ ਕਰਨਾ: ੳ)** ਨੈਸ਼ਨਲ ਐਕ੍ਰੀਡਿਟੇਸ਼ਨ ਬੋਰਡ ਫਾਰ ਟੈਸਟਿੰਗ ਐਂਡ ਕੈਲੀਬ੍ਰੇਸ਼ਨ ਲੈਬਾਰਟਰੀਜ਼ (NABL) ਤੋਂ ਮਾਨਤਾ ਪ੍ਰਾਪਤ ਕੁਆਲਟੀ ਕੰਟਰੋਲ ਪ੍ਰਯੋਗਸ਼ਾਲਾ ਪੀ.ਏ.ਯੂ., ਲੁਧਿਆਣਾ ਦੇ ਪੰਜਾਬ ਹਾਰਟੀਕਲਚਰਲ ਪੋਸਟ-ਹਾਰਵੈਸਟ ਤਕਨੋਲੋਜੀ ਸੈਂਟਰ (PHPTC) ਵਿਖੇ ਸਥਾਪਿਤ ਕੀਤੀ ਗਈ ਹੈ। ਇਸ ਸੰਸਥਾ ਨੂੰ ਵੱਖ-ਵੱਖ ਟੈਸਟਿੰਗ ਭਾਗਾਂ ਦੇ ਸਾਰੇ ਡੋਮੇਨਾਂ/ਹਿੱਸਿਆਂ ਜਿਵੇਂ ਕਿ (ੳ) ਖੇਤੀ ਲਾਗਤ ਵਸਤਾਂ, (ਅ) ਭੋਜਨ ਵਿੱਚ ਮਿਲਾਵਟ, (ੲ) ਭੋਜਨ ਵਿੱਚ ਦੂਸ਼ਿਤਤਾ, ਅਤੇ (ਸ) ਭੋਜਨ ਦੀ ਕੁਆਲਟੀ ਦੀਆਂ ਵਿਸ਼ੇਸ਼ਤਾਵਾਂ ਆਦਿ ਦੀ ਜਾਂਚ ਲਈ ਹੋਰ ਉੱਨਤ ਕਰਨ ਦੀ ਜ਼ਰੂਰਤ ਹੈ। ਇਹ ਹਾਈ-ਟੈਕ ਪ੍ਰਯੋਗਸ਼ਾਲਾ ਕਿਸਾਨਾਂ ਨੂੰ ਕੌਮੀ/ਕੌਮਾਂਤਰੀ ਮਾਪਦੰਡਾਂ ਦੇ ਅਨੁਸਾਰ ਵੱਖ-ਵੱਖ ਦੇਸ਼ਾਂ ਦੇ ਬਾਜ਼ਾਰਾਂ ਵਿੱਚ ਉਨ੍ਹਾਂ ਦੀਆਂ ਖੇਤੀ ਉਪਜਾਂ ਅਤੇ ਉਤਪਾਦਾਂ ਦੇ ਨਿਰਯਾਤ ਲਈ ਸਹਾਇਤਾ ਕਰੇਗੀ।

   **ਅ)** ਦੁੱਧ, ਦੁੱਧ ਉਤਪਾਦਾਂ ਅਤੇ ਮੀਟ ਦੀ ਕੁਆਲਟੀ ਨੂੰ ਯਕੀਨੀ ਬਣਾਉਣ ਲਈ ਸੂਬੇ ਵਿੱਚ ਘੱਟੋ-ਘੱਟ ਤਿੰਨ ਖੇਤਰੀ ਪ੍ਰਯੋਗਸ਼ਾਲਾਵਾਂ ਬਣਾ ਕੇ ਗੁਰੂ ਅੰਗਦ ਦੇਵ ਵੈਟਰਨਰੀ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਵਿਖੇ ਇੱਕ ਰੈਫਰਲ ਖੋਜ ਅਤੇ ਟੈਸਟਿੰਗ ਲੈਬਾਰਟਰੀ ਸਥਾਪਿਤ ਕੀਤੀ ਜਾਣੀ ਚਾਹੀਦੀ ਹੈ ।

   **ੲ)** ਮੌਜੂਦਾ ਸਮੇਂ ਵਿੱਚ, ਨਿਯਮਾਂ ਨੂੰ ਲਾਗੂ ਕਰਨ ਅਤੇ ਭੋਜਨ ਦੀ ਜਾਂਚ ਦਾ ਕੰਮ ਸਿਹਤ ਵਿਭਾਗ ਦੁਆਰਾ ਕੀਤਾ ਜਾਂਦਾ ਹੈ। ਜਦੋਂ ਕਿ , ਇਸ ਕੰਮ ਨੂੰ ਵੱਧ ਕੁਸ਼ਲ ਬਣਾਉਣ ਲਈ ਫੂਡ ਸੇਫਟੀ ਕਮਿਸ਼ਨਰ ਦੁਆਰਾ ਹਰੇਕ ਡੋਮੇਨ ਜਿਵੇਂ ਕਿ ਖੇਤੀਬਾੜੀ, ਬਾਗਬਾਨੀ ਅਤੇ ਡੇਅਰੀ ਵਿਭਾਗਾਂ ਦੇ ਡੋਮੇਨ ਮਾਹਿਰ/ ਨੋਡਲ ਅਫ਼ਸਰ ਨਿਯੁਕਤ ਕੀਤੇ ਜਾਣ ਦੀ ਲੋੜ ਹੈ ਤਾਂ ਕਿ ਖੇਤੀਬਾੜੀ, ਬਾਗਬਾਨੀ ਉਪਜ/ਉਤਪਾਦਾਂ ਅਤੇ ਦੁੱਧ ਅਤੇ ਡੇਅਰੀ ਉਤਪਾਦਾਂ ਵਿੱਚ ਹੁੰਦੀ ਮਿਲਾਵਟ ਨੂੰ ਰੋਕਿਆ ਜਾ ਸਕੇ।

2. **ਸਪੈਸ਼ਲ ਕਾਨੂੰਨੀ ਸੈੱਲ ਦੀ ਸਥਾਪਨਾ**: ਕੁਆਲਟੀ ਕੰਟਰੋਲ ਅਧਿਕਾਰੀਆਂ ਦੀਆਂ ਗਤੀਵਿਧੀਆਂ ਨੂੰ ਸਮਰਥਨ ਦੇਣ ਲਈ ਖੇਤੀਬਾੜੀ, ਬਾਗਬਾਨੀ ਅਤੇ ਦੁੱਧ ਅਤੇ ਡੇਅਰੀ ਖੇਤਰ ਵਿੱਚ ਮਿਲਾਵਟੀ ਜਾਂ ਨਕਲੀ ਲਾਗਤਾਂ, ਹਾਨੀਕਾਰਕ ਤੱਤ

ਜਾਂ ਨਕਲੀ ਉਤਪਾਦਾਂ ਦੀ ਵਰਤੋ ਸੰਬੰਧੀ ਕੇਸਾਂ ਨੂੰ ਕੁਸ਼ਲਤਾ ਨਾਲ ਨਿਪਟਾਉਣ ਲਈ ਕੰਮ ਦੇ ਭਾਰ ਦੀ ਲੋੜ ਅਨੁਸਾਰ ਜ਼ਿਲ੍ਹਾ ਪੱਧਰ 'ਤੇ ਇੱਕ ਵਿਸ਼ੇਸ਼ ਕਾਨੂੰਨੀ ਸੈੱਲ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ। ਭੋਜਨ ਵਿੱਚ ਮਿਲਾਵਟ ਨੂੰ ਇੱਕ ਅਪਰਾਧ ਮੰਨਦੇ ਹੋਏ ਇਸ ਦੇ ਲਈ ਕਾਨੂੰਨ ਹੋਰ ਸਖਤ ਬਣਾਏ ਜਾਣੇ ਚਾਹੀਦੇ ਹਨ। ਨਾਮਜ਼ਦ ਅਧਿਕਾਰੀਆਂ ਅਤੇ ਸੰਬੰਧਿਤ ਵਿਭਾਗਾਂ ਨੂੰ ਮਾਨਤਾ ਪ੍ਰਾਪਤ ਪ੍ਰਯੋਗਸ਼ਾਲਾ ਵਿੱਚ ਟੈਸਟ ਕੀਤੇ ਜਾਣ ਲਈ ਲਾਗਤਾਂ ਦੇ ਨਮੂਨੇ ਲੈਣੇ ਚਾਹੀਦੇ ਹਨ। ਫੇਲ ਹੋਏ ਸੈਂਪਲ ਦੇ ਮਾਮਲੇ ਕਾਨੂੰਨੀ ਸੈੱਲ ਦੁਆਰਾ ਦਰਜ ਕੀਤੇ ਅਤੇ ਨਿਪਟਾਏ ਜਾਣੇ ਚਾਹੀਦੇ ਹਨ।

3. **ਤਤਕਾਲ ਜਾਂਚ**: ਦੁੱਧ ਅਤੇ ਹੋਰ ਭੋਜਨ ਉਤਪਾਦਾਂ ਦੀ ਗੁਣਵੱਤਾ ਦੀ ਜਾਂਚ ਕਰਨ ਲਈ 'ਮੌਕੇ 'ਤੇ ਟੈਸਟਿੰਗ' ਲਈ ਤੁਰੰਤ ਪਤਾ ਲਗਾਉਣ ਵਾਲੇ ਡਿਜੀਟਲ ਯੰਤਰ ਵਿਕਸਤ ਕੀਤੇ ਜਾਣੇ ਚਾਹੀਦੇ ਹਨ ਅਤੇ ਜਨਤਾ ਨੂੰ ਉਪਲਬਧ ਕਰਵਾਏ ਜਾਣੇ ਚਾਹੀਦੇ ਹਨ।

4. **ਸਿੰਚਾਈ ਲਈ ETP/STP ਪਾਣੀ ਦੀ ਜਾਂਚ**: ਪੰਜਾਬ, ਸੀਵਰੇਜ ਟਰੀਟਮੈਂਟ ਪਲਾਂਟ (STP), ਐਫਲੂਐਂਟ ਟਰੀਟਮੈਂਟ ਪਲਾਂਟ (ETP) ਅਤੇ ਕਾਮਨ ਐਂਡ ਕੰਬਾਇੰਡ ਐਫਲੂਐਂਟ ਟਰੀਟਮੈਂਟ ਪਲਾਂਟ (CETP) ਲਗਾ ਕੇ ਸਿੰਚਾਈ ਦੇ ਪਾਣੀ ਦੇ ਬਦਲਵੇਂ ਸਰੋਤ ਦੀ ਵਰਤੋਂ ਕਰਨ 'ਤੇ ਧਿਆਨ ਕੇਂਦਰਿਤ ਕਰ ਰਿਹਾ ਹੈ। ਦੂਸ਼ਿਤ ਪਦਾਰਥਾਂ ਰਹਿਤ ਸਿੰਚਾਈ ਲਈ ਇਸ ਪਾਣੀ ਦੀ ਵਰਤੋਂ ਕਰਨ ਤੋਂ ਪਹਿਲਾਂ ਇਹਨਾਂ ਵਿੱਚ ਭਾਰੀ ਤੱਤਾਂ, ਹੋਰ ਪੋਸ਼ਟਿਕ ਤੱਤਾਂ ਅਤੇ ਹੋਰ ਸਿੰਚਾਈ ਮਾਪਦੰਡਾਂ ਦੀ ਜਾਂਚ ਕਰਨਾ ਬਹੁਤ ਜ਼ਰੂਰੀ ਹੈ। ਇਹਨਾਂ ਮਾਪਦੰਡਾਂ ਦੀ ਜਾਂਚ NABL ਤੋਂ ਮਾਨਤਾ ਪ੍ਰਾਪਤ ਪੀ.ਏ.ਯੂ. ਲੁਧਿਆਣਾ ਵਿਖੇ PHPTC ਦੀ ਕੁਆਲਿਟੀ ਕੰਟਰੋਲ ਲੈਬੋਰੇਟਰੀ ਵਿੱਚ ਕੀਤੀ ਜਾਵੇਗੀ।

5. **ਖੇਤੀ ਲਾਗਤ ਵਸਤਾਂ ਦੀ ਖਰੀਦ ਲਈ ਲਾਜ਼ਮੀ ਰਸੀਦਾਂ**: ਸਰਕਾਰ ਨੂੰ ਬੀਜ, ਖਾਦਾਂ, ਕੀਟਨਾਸ਼ਕ, ਬਾਇਓ-ਉਤਪਾਦ (Bio-products) ਅਤੇ ਹੋਰ ਖੇਤੀ ਲਾਗਤ ਵਸਤਾਂ ਖਰੀਦਣ ਵੇਲੇ ਕਿਸਾਨਾਂ ਲਈ ਰਸੀਦਾਂ ਪ੍ਰਾਪਤ ਕਰਨਾ ਲਾਜ਼ਮੀ ਬਣਾਉਣਾ ਚਾਹੀਦਾ ਹੈ ਤਾਂ ਜੋ ਮਿਲਾਵਟੀ/ਨਕਲੀ ਸਮਾਨ ਵੇਚਣ ਵਾਲੇ ਦੋਸ਼ੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਸਕੇ।

6. **ਗੁੜ ਦੀ ਗੁਣਵੱਤਾ ਜਾਂਚ: ੳ)** ਇਹ ਵੇਖਣ ਵਿੱਚ ਆਇਆ ਹੈ ਕਿ ਜ਼ਿਆਦਾਤਰ ਸੜਕ ਕਿਨਾਰੇ ਗੰਨੇ ਦੇ ਪ੍ਰੋਸੈਸਰ ਮਿਲਾਵਟੀ ਅਤੇ ਘੱਟ ਗੁਣਵੱਤਾ ਵਾਲੇ ਗੁੜ ਦਾ ਉਤਪਾਦਨ ਅਤੇ ਵਿਕਰੀ ਕਰਦੇ ਹਨ। ਅਜਿਹੀਆਂ ਗਤੀਵਿਧੀਆਂ 'ਤੇ ਰੋਕ ਲਗਾਉਣ ਲਈ ਅਤੇ ਮਿਆਰੀ ਗੁੜ ਦੀ ਪੈਦਾਵਾਰ ਲਈ, ਕਿਸੇ ਵੀ ਗੁੜ ਉਤਪਾਦਕ ਨੂੰ ਗੁੜ ਉਤਪਾਦਨ ਯੂਨਿਟ ਸ਼ੁਰੂ ਕਰਨ ਤੋਂ ਪਹਿਲਾਂ ਪੀ.ਏ.ਯੂ. ਤੋਂ ਸਿਖਲਾਈ ਅਤੇ ਖੇਤੀਬਾੜੀ ਵਿਭਾਗ ਦੁਆਰਾ ਰਜਿਸਟ੍ਰੇਸ਼ਨ ਨੂੰ ਲਾਜ਼ਮੀ ਬਣਾਇਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਗੁੜ ਦੇ ਉਤਪਾਦਨ ਵਿੱਚ ਮਿਲਾਵਟ ਨੂੰ ਰੋਕਣ ਲਈ ਰਾਜ ਵਿੱਚ ਗੁੜ ਦੀ ਗੁਣਵੱਤਾ ਦੀ ਜਾਂਚ ਹੋਣੀ ਚਾਹੀਦੀ ਹੈ। ਇਸ ਉਦੇਸ਼ ਲਈ, ਨਿਯਮਤ ਨਮੂਨੇ ਲੈਣ, ਜਾਂਚ ਅਤੇ ਲੱਭਣ ਯੋਗਤਾ ਟੈਸਟਾਂ ਦੀ ਲੋੜ ਹੈ ਤਾਂ ਜੋ ਸਥਾਨਕ ਅਤੇ ਕੌਮੀ ਭੋਜਨ ਲਈ ਸੁਰੱਖਿਆ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾ ਸਕੇ।

   **ਅ)** ਕੁਸ਼ਲ ਗੁੜ ਉਤਪਾਦਨ ਉਪਕਰਣਾਂ ਨੂੰ ਪੇਂਡੂ ਖੇਤਰਾਂ ਵਿੱਚ ਕਦਰ ਵਧਾਈ/ਕੁਟੀਰ ਉਦਯੋਗ ਨੂੰ ਉਤਸ਼ਾਹਿਤ ਕਰਨ ਅਤੇ ਇਸ ਦੇ ਘਰੇਲੂ ਅਤੇ ਨਿਰਯਾਤ ਮੰਡੀਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਵਧੇਰੇ ਆਮਦਨ ਪ੍ਰਾਪਤ ਕੀਤੀ ਜਾ ਸਕੇ।

# 10. ਖੇਤੀ ਵਿੱਚ ਖੋਜ, ਵਿਕਾਸ ਅਤੇ ਸਿੱਖਿਆ

ਖੇਤੀਬਾੜੀ ਖੋਜ ਅਤੇ ਸਿੱਖਿਆ ਉਨ੍ਹਾਂ ਪ੍ਰਮੁੱਖ ਕਾਰਕਾਂ ਵਿੱਚੋਂ ਹਨ ਜੋ ਕਿਸੇ ਖੇਤਰ ਦੇ ਖੇਤੀਬਾੜੀ ਵਿਕਾਸ ਨੂੰ ਨਿਰਧਾਰਿਤ ਕਰਦੇ ਹਨ। ਇਹ ਕਾਰਕ ਕੁਆਲਟੀ ਪੈਦਾਵਾਰ, ਕੁਦਰਤੀ ਸਰੋਤਾਂ ਦੀ ਸੰਭਾਲ, ਆਲਮੀ ਤਪਸ਼ ਦੇ ਸਰੋਕਾਰ, ਵਾਤਾਵਰਨ ਸੁਰੱਖਿਆ, ਮਸ਼ੀਨੀ ਬੁੱਧੀਮਤਾ (AI) , ਵੰਸ਼ ਵਿਗਿਆਨ (Genomics), ਅਤੇ ਹੋਰ ਬਹੁਤ ਪੱਖਾਂ ਵਿੱਚ ਕੌਮਾਂਤਰੀ ਵਿਕਾਸ ਦੇ ਨਾਲ ਤਾਲਮੇਲ ਰੱਖਦੇ ਹੋਏ ਇਲਾਕਾਈ ਚੁਣੌਤੀਆਂ ਦੇ ਨਾਲ ਗਤੀਸ਼ੀਲ ਤਾਲਮੇਲ ਵਿੱਚ ਰਹਿਣੇ ਚਾਹੀਦੇ ਹਨ। ਕੌਮਾਂਤਰੀ ਅਦਾਨ-ਪ੍ਰਦਾਨ ਅੱਜ ਵੀ ਉਨੇ ਹੀ ਸਾਰਥਕ ਹਨ, ਜਿੰਨੇ ਹਰੇ ਇਨਕਲਾਬ ਦੇ ਸ਼ੁਰੂਆਤੀ ਦਿਨਾਂ ਵਿੱਚ ਸਨ।

ਵਿਸ਼ਵ ਪੱਧਰ 'ਤੇ ਹਾਲ ਹੀ ਦੇ ਦਹਾਕਿਆਂ ਦੌਰਾਨ ਤਕਨੀਕੀ ਖੇਤਰ ਵਿੱਚ ਬਹੁਤ ਵੱਡੇ ਪੱਧਰ 'ਤੇ ਵਿਕਾਸ ਦੇ ਨਾਲ-ਨਾਲ ਖੇਤੀ ਤਕਨੀਕਾਂ ਵਿੱਚ ਵੀ ਤਰੱਕੀਆਂ ਦੇਖਣ ਨੂੰ ਮਿਲੀਆਂ ਹਨ। ਸੂਚਨਾ ਅਤੇ ਸੰਚਾਰ ਨੇ ਗਿਆਨ ਦੇ ਆਲਮੀ ਪ੍ਰਸਾਰ ਵਿੱਚ ਬਹੁਤ ਜਿਆਦਾ ਤੇਜ਼ੀ ਲਿਆਂਦੀ ਹੈ। ਨਤੀਜੇ ਵਜੋਂ, ਕਿਸਾਨਾਂ ਨੂੰ ਹੁਣ ਨਵੀਆਂ ਤਕਨੀਕਾਂ ਤੱਕ ਪਹੁੰਚ ਬਾਰੇ ਵਧੇਰੇ ਉਮੀਦਾਂ ਹਨ। ਜੈਨੇਟਿਕ ਸੁਧਾਰ, ਰਿਮੋਟ ਸੈਂਸਿੰਗ, ਗਲੋਬਲ ਪੋਜ਼ੀਸ਼ਨਿੰਗ ਸਿਸਟਮ (GPS), ਗਲੋਬਲ ਨੈਵੀਗੇਸ਼ਨ ਸੈਟੇਲਾਈਟ ਸਿਸਟਮ (GNSS), ਡਰੋਨ, ਅਤੇ ਇੰਟਰਨੈਟ ਆਫ ਥਿੰਗਜ਼ (IoT) ਵਿੱਚ ਹੋਈਆਂ ਤਰੱਕੀਆਂ ਦਾ ਉਪਯੋਗ ਰਾਜ ਦੀਆਂ ਖੇਤੀਬਾੜੀ ਵਿਕਾਸ ਲੋੜਾਂ ਨੂੰ ਵਿਆਪਕ ਰੂਪ ਵਿੱਚ ਹੱਲ ਕਰਨ ਲਈ ਮਹੱਤਵਪੂਰਨ ਹੈ। ਸੂਬੇ ਦੇ ਖੇਤੀ ਢਾਂਚੇ ਦੇ ਵਿਕਾਸ ਲਈ ਇਨ੍ਹਾਂ ਸਾਰੀਆਂ ਤਕਨੀਕਾਂ ਨੂੰ ਇਕੱਠੀਆਂ ਲਾਗੂ ਕਰਨ ਲਈ ਖੋਜ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਸਰਕਾਰ ਦੇ ਨੀਤੀਗਤ ਸਹਿਯੋਗ ਦੀ ਵੀ ਲੋੜ ਹੈ। ਖੋਜ ਦੀਆ ਨਵੀਆਂ ਤਕਨੀਕਾਂ ਜਿਵੇ ਕਿ ਸਪੀਡ ਬਰੀਡਿੰਗ, ਉੱਚ ਸੰਪੂਰਨਤਾ ਜੀਵਾਂ ਦੀ ਦਿੱਖ ਤਬਦੀਲੀ ਦਾ ਵਿਗਿਆਨ (Phenomics), ਜ਼ਮੀਨ ਦੋਜਕ ਪਾਣੀ ਦੀ ਗਤੀਸ਼ੀਲਤਾ ਅਤੇ ਰੀਚਾਰਜ, ਅਤੇ ਜੈਵਿਕ ਤਣਾਵਾਂ ਦੇ ਰੂਪ ਧਾਰਨ ਵਰਗੀਆਂ ਤਕਨਾਲੋਜੀਆਂ (Simulation) 'ਤੇ ਵੀ ਧਿਆਨ ਦੇਣ ਦੀ ਲੋੜ ਹੈ। ਇਸ ਲਈ ਢੁਕਵੀਆਂ ਅਤੇ ਵਿਲੱਖਣ ਗੁਣਾਂ ਵਾਲੇ ਖੇਤਰਾਂ ਵਿੱਚ ਉੱਨਤ ਖੋਜ ਇਕਾਈਆਂ ਸਥਾਪਿਤ ਕਰਨ ਦੀ ਲੋੜ ਹੈ, ਜਿਵੇਂ ਕਿ ਸਬਜ਼ੀਆਂ ਅਤੇ ਫਲਾਂ ਦੀਆਂ ਫ਼ਸਲਾਂ, ਫੁੱਲਾਂ ਦੀ ਖੇਤੀ, ਮਧੂ ਮੱਖੀ ਪਾਲਣ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਹੋਰ ਸਹਾਇਕ ਖੇਤੀਬਾੜੀ ਧੰਦਿਆਂ ਵਿੱਚ ਨਵੀਆਂ ਕਿਸਮਾਂ ਦਾ ਵਿਕਾਸ ਅਤੇ ਸੁਨਿਸ਼ਚਿਤ (Precision) ਖੇਤੀ।

ਅੰਤਰ-ਖੇਤਰੀ ਟਕਰਾਅ, ਜਿਵੇਂ ਕਿ ਅਨਾਜ ਉਤਪਾਦਕਤਾ ਬਨਾਮ ਕੁਦਰਤੀ ਸਰੋਤਾਂ ਦੀ ਕਮੀ ਮਹੱਤਵਪੂਰਨ ਚੁਣੌਤੀਆਂ ਪੈਦਾ ਕਰਦੇ ਹਨ। ਇਸ ਤੋਂ ਇਲਾਵਾ, ਨਿੱਜੀ ਖੇਤਰ ਦੀ ਖੋਜ ਦੇ ਤੇਜ਼ ਰਫ਼ਤਾਰ ਵਿੱਚ ਵੱਧਣ ਨੂੰ ਧਿਆਨ ਵਿੱਚ ਰੱਖਦਿਆਂ ਉਸ ਦੇ ਮੁਕਾਬਲੇ ਵਾਲਾ ਤੇ ਪੂਰਕ ਹੋਣਾ ਵੱਡੀਆਂ ਚੁਣੌਤੀਆਂ ਹਨ। ਮੌਜੂਦਾ ਰਾਸ਼ਟਰੀ ਖੇਤੀਬਾੜੀ ਖੋਜ ਪ੍ਰਬੰਧ (NARS) ਨੂੰ ਨਵੀਨਤਾ ਅਤੇ ਇਲਾਕਾਈ ਮੁੱਦਿਆਂ ਦੇ ਹੱਲ ਲਈ ਵਿਕਸਤ ਕੀਤਾ ਜਾਣਾ ਚਾਹੀਦਾ ਹੈ। ਇਹ ਹਾਲਾਤ ਕਈ ਤਕਨੀਕਾਂ ਦੀ ਫ਼ੀਲਡ 'ਚ ਘੱਟ ਵਰਤੋਂ ਅਤੇ ਇਸ ਮੁਤਾਬਿਕ ਚੱਲ ਰਹੀ ਖੋਜ ਵਿਉਂਤਬੰਦੀ ਦੇ ਏਜੰਡੇ ਨੂੰ ਸੋਧਿਤ ਕਰਨ ਦੀ ਵੀ ਪੂਰੀ ਜਾਂਚ-ਪੜਤਾਲ ਦੀ ਮੰਗ ਕਰਦੇ ਹਨ।

ਖੇਤੀ ਨੀਤੀ ਦੀ ਸਫਲਤਾ ਲਈ ਖੇਤੀਬਾੜੀ ਨਾਲ ਸੰਬੰਧਿਤ ਖੋਜ ਸੰਸਥਾਵਾਂ ਅਤੇ ਵਿਭਾਗਾਂ ਵਿੱਚ ਮਨੁੱਖੀ ਸਰੋਤਾਂ ਦੀ ਸਮਰੱਥਾ ਦਾ ਹੋਰ ਨਿਰਮਾਣ ਕਰਨ ਦੀ ਲੋੜ ਹੁੰਦੀ ਹੈ। ਪੇਂਡੂ ਅਧਾਰ ਵਾਲੇ ਵਿਦਿਆਰਥੀਆਂ ਅਤੇ ਸਿੱਖਿਆਰਥੀਆਂ ਦੀ ਘਟਦੀ ਗਿਣਤੀ ਕਾਰਨ ਖੇਤੀਬਾੜੀ ਸਿੱਖਿਆ ਨੂੰ ਵੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਾਜ ਵਿੱਚ ਖੇਤੀਬਾੜੀ ਖੇਤਰ ਦੇ ਵਿਕਾਸ ਦੇ ਵਧਾਰੇ ਲਈ ਢੁਕਵੇਂ ਅਤੇ ਉੱਚ-ਪੱਧਰੀ ਮਨੁੱਖੀ ਸਰੋਤਾਂ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।

## ਨੀਤੀ ਸੰਬੰਧੀ ਸਿਫ਼ਾਰਿਸ਼ਾਂ

1. **ਖੇਤੀਬਾੜੀ ਸੈਕਟਰ ਲਈ ਬਜਟ ਦੀ ਵੰਡ: ੳ)** ਰਾਜ ਦਾ ਖੇਤੀਬਾੜੀ ਖੇਤਰ ਇਸ ਦੇ ਕੁੱਲ ਰਾਜ ਮੁੱਲ ਜੋੜ (GSVA) ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ, ਜੋ 2020-21 ਵਿੱਚ 28.3 ਪ੍ਰਤੀਸ਼ਤ ਸੀ। ਇਸ ਤੋਂ ਇਲਾਵਾ, ਇਹ ਰਾਜ ਦੇ ਇੱਕ-ਤਿਹਾਈ ਤੋਂ ਵੱਧ ਕਾਮਿਆਂ ਨੂੰ ਰੁਜ਼ਗਾਰ ਦਿੰਦਾ ਹੈ। ਇਸ ਦੇ ਬਾਵਜੂਦ ਇਸ ਸੈਕਟਰ ਲਈ ਅਲਾਟ ਕੀਤਾ ਗਿਆ ਬਜਟ ਸੂਬੇ ਦੇ ਕੁੱਲ ਬਜਟ ਦਾ ਸਿਰਫ 6.9 ਫੀਸਦੀ ਹੈ। ਖੇਤੀਬਾੜੀ ਸੈਕਟਰ ਦੇ ਵਿਕਾਸ ਨੂੰ ਤੇਜ਼ ਕਰਨ ਲਈ ਵਧੇਰੇ ਬਜਟ ਦੀ ਵਿਵਸਥਾ ਕਰਨ ਦੀ ਜ਼ੋਰਦਾਰ ਲੋੜ ਹੈ। ਹੋਰ ਪਹਿਲਕਦਮੀਆਂ ਦੇ ਨਾਲ-ਨਾਲ ਕੁਸ਼ਲ ਖੋਜ ਅਤੇ ਵਿਕਾਸ ਦੀ ਸਹੂਲਤ ਲਈ ਬੱਜਟ ਰਾਸ਼ੀ ਵਿੱਚ ਵਾਧਾ ਕਰਨਾ ਜ਼ਰੂਰੀ ਹੈ। ਜ਼ਿਕਰਯੋਗ ਹੈ ਕਿ 1951 ਤੋਂ 1966 ਤੱਕ, ਦੇਸ਼ ਦੇ ਕੁੱਲ ਬਜਟ ਦਾ ਇੱਕ-ਚੌਥਾਈ ਹਿੱਸਾ ਖੇਤੀਬਾੜੀ ਸੈਕਟਰ ਲਈ ਅਲਾਟ ਕੀਤਾ ਗਿਆ ਸੀ। ਇਸ ਵੰਡ ਨੇ ਹਰੀ ਕ੍ਰਾਂਤੀ ਦੀ ਸਫ਼ਲਤਾ ਨੂੰ ਅੱਗੇ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

   **ਅ)** ਰਾਜ ਵਿੱਚ ਨਵੀਂ ਖੇਤੀ ਨੀਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਵਿਸ਼ੇਸ਼ ਫੰਡ ਅਲਾਟ ਕੀਤਾ ਜਾਣਾ ਚਾਹੀਦਾ ਹੈ।

2. **ਰਾਜ ਦੇ ਵਿਸ਼ੇ ਵਜੋਂ ਖੇਤੀਬਾੜੀ**: ਵੱਖੋ-ਵੱਖਰੇ ਆਰਥਿਕ, ਸਮਾਜਿਕ, ਰਾਜਨੀਤਿਕ ਅਤੇ ਭੂਗੋਲਿਕ ਸਥਿਤੀਆਂ ਅਤੇ ਚੁਣੌਤੀਆਂ ਦੇ ਮੱਦੇਨਜ਼ਰ, ਰਾਜਾਂ ਨੂੰ ਖੇਤੀਬਾੜੀ ਬਾਰੇ ਅਜ਼ਾਦਾਨਾ ਤੌਰ 'ਤੇ ਕਾਨੂੰਨ ਬਣਾਉਣ ਲਈ ਵਧੇਰੇ ਗੁੰਜਾਇਸ਼ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਰਾਜਾਂ ਦੇ ਕਿਸਾਨਾਂ ਦੀ ਭਲਾਈ ਨੂੰ ਯਕੀਨੀ ਬਣਾਇਆ ਜਾ ਸਕੇ। ਭਾਰਤੀ ਸੰਵਿਧਾਨ ਅਨੁਸਾਰ, ਖੇਤੀਬਾੜੀ ਰਾਜ ਸੂਚੀ ਦੇ ਅਧੀਨ ਆਉਂਦੀ ਹੈ। ਰਾਜਾਂ ਨੂੰ ਰਾਜ ਦੀਆਂ ਵੱਖੋ-ਵੱਖਰੀਆਂ ਪ੍ਰਸਥਿਤੀਆਂ ਅਨੁਸਾਰ ਕਾਨੂੰਨ ਬਣਾਉਣ ਲਈ ਸਹੀ ਅਰਥਾਂ ਵਿੱਚ ਸਾਰੇ ਅਧਿਕਾਰ ਹੋਣੇ ਚਾਹੀਦੇ ਹਨ। ਖੇਤੀ ਦੀਆਂ ਵੱਧਦੀਆਂ ਲਾਗਤਾਂ ਅਤੇ ਖੇਤੀ ਖੇਤਰ ਵਿੱਚ ਚੱਲ ਰਹੇ ਸੰਕਟ ਦੇ ਸਨਮੁੱਖ, ਖੇਤੀ ਲਾਗਤ ਵਸਤਾਂ 'ਤੇ ਟੈਕਸਾਂ ਵਿੱਚ ਛੋਟ ਦੇ ਕੇ ਖੇਤੀ ਸੈਕਟਰ ਨੂੰ ਤੁਰੰਤ ਰਾਹਤ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਇਸ ਨਾਲ ਕਿਸਾਨਾਂ 'ਤੇ ਵਿੱਤੀ ਬੋਝ ਕਾਫੀ ਹੱਦ ਤੱਕ ਘਟੇਗਾ ਅਤੇ ਖੇਤੀ ਅਮਲਾਂ ਨੂੰ ਹੋਰ ਕਿਫਾਇਤੀ ਬਣਾਇਆ ਜਾਵੇਗਾ। ਇਹ ਕਦਮ ਬਜ਼ਾਰ ਵਿੱਚ ਨਕਲੀ ਲਾਗਤ ਵਸਤਾਂ ਦੇ ਪ੍ਰਚਲਨ (ਟੈਕਸ ਬਚਾਉਣ ਲਈ ਰਸੀਦ ਤੋਂ ਬਿਨਾਂ ਖਰੀਦਦਾਰੀ ਨਕਲੀ ਲਾਗਤ ਵਸਤਾਂ ਦੀ ਵਿਕਰੀ ਅਤੇ ਖਰੀਦ ਨੂੰ ਵਧਾਉਂਦੀ ਹੈ) ਨੂੰ ਰੋਕਣ ਵਿੱਚ ਵੀ ਮਦਦਗਾਰ ਹੋਵੇਗਾ ਅਤੇ ਕਿਸਾਨਾਂ ਨੂੰ ਵਾਜਬ ਕੀਮਤਾਂ 'ਤੇ ਨਵੀਨਤਮ ਖੇਤੀ ਲਾਗਤ ਵਸਤਾਂ ਅਤੇ ਨਵੀਨਤਮ ਤਕਨਾਲੋਜੀਆਂ ਨੂੰ ਅਪਣਾਉਣ ਲਈ ਉਤਸ਼ਾਹਿਤ ਕਰੇਗਾ। ਇਸੇ ਤਰ੍ਹਾਂ ਖੇਤੀ ਆਮਦਨ ਉੱਤੇ ਟੈਕਸ ਤੋਂ ਪੂਰੀ ਛੋਟ ਹੋਣੀ ਚਾਹੀਦੀ ਹੈ। ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਕੋਲ ਕਾਨੂੰਨ ਬਣਾਉਣ, ਖੇਤੀ ਲਾਗਤਾਂ ਅਤੇ ਹਰ ਤਰ੍ਹਾਂ ਦੀ ਖੇਤੀ ਆਮਦਨ 'ਤੇ ਟੈਕਸਾਂ ਤੋਂ ਛੋਟ ਦੇਣ ਦੇ ਮੁੱਦੇ ਉਠਾਉਣੇ ਚਾਹੀਦੇ ਹਨ।

3. **ਨੀਤੀ ਬਣਾਉਣ ਵਾਲੀ ਸੰਸਥਾ ਨੂੰ ਮਜ਼ਬੂਤ ਕਰਨਾ**: ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ, ਜੋ ਕਿ ਖੇਤੀਬਾੜੀ ਨੀਤੀ ਬਣਾਉਣ ਵਾਲੀ ਪ੍ਰਮੁੱਖ ਸੰਸਥਾ ਹੈ, ਨੂੰ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ। ਇਸ ਦੇ ਪ੍ਰਭਾਵਸ਼ਾਲੀ ਕੰਮਕਾਜ ਨੂੰ ਯਕੀਨੀ ਬਣਾਉਣ ਲਈ, ਇਸ ਨੀਤੀ ਨਿਰਮਾਤਾ ਸੰਸਥਾ ਨੂੰ ਨਿਰੰਤਰ ਵਿੱਤੀ ਸਹਾਇਤਾ ਮਿਲਣੀ ਚਾਹੀਦੀ ਹੈ ਅਤੇ ਆਪਣੇ ਉਦੇਸ਼ ਨੂੰ ਪੂਰਾ ਕਰਨ ਲਈ ਸਥਾਈ ਸਟਾਫ ਦੀਆਂ ਅਸਾਮੀਆਂ ਅਲਾਟ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਨੀਤੀ ਬਣਾਉਣ ਦੀ ਪ੍ਰਕਿਰਿਆ ਲਈ ਵਿਸਥਾਰ ਪੂਰਵਕ ਖੋਜ ਅਤੇ ਅੰਕੜਾ ਵਿਸ਼ਲੇਸ਼ਣ ਦੀ ਲੋੜ ਹੁੰਦੀ ਹੈ, ਜੋ ਕਿ ਮਾਹਿਰਾਂ, ਕੁਸ਼ਲ ਖੋਜੀਆਂ ਅਤੇ ਸਹਿਯੋਗੀ ਅਮਲੇ ਦੀ ਟੀਮ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ। ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਅਤੇ ਖੇਤੀਬਾੜੀ ਵਿਭਾਗਾਂ ਵਿਚਕਾਰ ਮਜ਼ਬੂਤ ਤਾਲਮੇਲ, ਨੀਤੀ ਲਾਗੂ ਕਰਨ, ਖੋਜ ਅਧਿਐਨ ਕਰਨ, ਅਤੇ ਸਹਿਯੋਗੀ ਧਿਰਾਂ/ਹਿੱਸੇਦਾਰ-ਸਰਕਾਰ ਵਿਚਾਰ-ਵਟਾਂਦਰਾ ਪੰਜਾਬ ਦੀ ਖੇਤੀਬਾੜੀ ਆਰਥਿਕਤਾ ਦੇ ਵੱਖ-ਵੱਖ ਸਰੋਕਾਰਾਂ ਦੀ ਸਮੁੱਚੀ ਸਮਝ ਅਤੇ ਹੱਲ ਲਈ ਜ਼ਰੂਰੀ ਹਨ। ਇਸ ਸੰਦਰਭ ਵਿੱਚ ਕਮਿਸ਼ਨ ਦੇ ਕੁਸ਼ਲ ਕੰਮਕਾਜ ਲਈ 5 ਕਰੋੜ ਰੁਪਏ ਦੀ ਸਾਲਾਨਾ ਗ੍ਰਾਂਟ ਰਾਹੀਂ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ।

4. **ਖੋਜ ਫੰਡ ਅਤੇ ਸਟਾਫ਼ ਵਿੱਚ ਵਾਧਾ**: ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀ.ਏ.ਯੂ) ਅਤੇ ਗੁਰੂ ਅੰਗਦ ਦੇਵ ਵੈਟਰਨਰੀ ਐਨੀਮਲ ਸਾਇੰਸਜ਼ ਯੂਨੀਵਰਸਿਟੀ (ਗਡਵਾਸੂ) ਵਰਗੀਆਂ ਖੋਜ ਸੰਸਥਾਵਾਂ ਵਿੱਚ ਕੀਤੀਆਂ ਜਾਣ ਵਾਲੀਆਂ ਖੇਤੀਬਾੜੀ ਸੰਬੰਧੀ ਖੋਜਾਂ, ਸਿੱਖਿਆ ਅਤੇ ਪ੍ਰਸਾਰ ਗਤੀਵਿਧੀਆਂ ਲਈ ਢੁੱਕਵੀਂ ਵਿੱਤੀ ਸਹਾਇਤਾ ਦੇਣੀ ਜ਼ਰੂਰੀ ਹੈ। ਇਸ ਸਮੇਂ, ਪੀਏਯੂ ਵਿੱਚ ਕੁੱਲ 1062 ਵਿਗਿਆਨੀਆਂ (ਰਾਜ ਦੁਆਰਾ ਫੰਡ ਪ੍ਰਾਪਤ ਸਕੀਮਾਂ ਅਧੀਨ) ਦੀਆਂ ਮਨਜ਼ੂਰ-ਸ਼ੁਦਾ ਅਸਾਮੀਆਂ ਵਿੱਚੋਂ ਵਿੱਤੀ ਔਕੜਾਂ ਦੇ ਕਾਰਨ ਸਿਰਫ਼ 49 ਪ੍ਰਤੀਸ਼ਤ ਹੀ ਭਰੀਆਂ ਗਈਆਂ ਹਨ ਅਤੇ ਸਹਾਇਕ ਸਟਾਫ ਦੇ ਨਾਲ ਵੀ ਅਜਿਹਾ ਹੀ ਪੈਟਰਨ ਦੇਖਿਆ ਗਿਆ ਹੈ, ਜਿੱਥੇ ਮਨਜ਼ੂਰ ਹੋਈਆਂ 3723 ਅਸਾਮੀਆਂ ਵਿੱਚੋਂ ਸਿਰਫ 1304 (35%) ਭਰੀਆਂ ਗਈਆਂ ਹਨ। ਇਸੇ ਤਰ੍ਹਾਂ ਗਡਵਾਸੂ ਵਿਖੇ ਵੀ 426 ਵਿਗਿਆਨੀਆਂ ਦੀਆਂ ਮਨਜ਼ੂਰ-ਸ਼ੁਦਾ ਅਸਾਮੀਆਂ (ਰਾਜ ਦੁਆਰਾ ਫੰਡ ਪ੍ਰਾਪਤ ਸਕੀਮਾਂ ਅਧੀਨ) ਵਿੱਚੋਂ 59 ਫ਼ੀਸਦੀ ਭਰੀਆਂ ਗਈਆਂ ਹਨ ਅਤੇ ਸਹਾਇਕ ਸਟਾਫ਼ ਦੀਆਂ ਮਨਜ਼ੂਰ 1218 ਅਸਾਮੀਆਂ ਵਿੱਚੋਂ ਸਿਰਫ਼ 481 (39%) ਹੀ ਭਰੀਆਂ ਗਈਆਂ ਹਨ। ਚਾਲੂ ਵਿੱਤੀ ਸਾਲ (2023-24) ਦੌਰਾਨ, ਪੀਏਯੂ ਨੂੰ 422 ਕਰੋੜ ਰੁਪਏ ਮਨਜ਼ੂਰ ਹੋਏ, ਜਦੋ ਕਿ 547 ਕਰੋੜ ਰੁਪਏ ਚਾਹੀਦੇ ਹਨ, ਅਤੇ ਗਡਵਾਸੂ ਨੂੰ 81 ਕਰੋੜ ਰੁਪਏ ਮਿਲੇ, ਜਦੋ ਕਿ ਸਿਰਫ ਤਨਖਾਹਾਂ ਲਈ 113 ਕਰੋੜ ਰੁਪਏ ਦੀ ਜ਼ਰੂਰਤ ਹੈ। ਵਰਤਮਾਨ ਵਿੱਚ, ਯੂਨੀਵਰਸਿਟੀ ਵਿੱਚ ਸਾਰੀਆਂ ਪ੍ਰਵਾਨਿਤ ਅਸਾਮੀਆਂ ਨੂੰ ਭਰਨ ਲਈ ਪੀਏਯੂ ਨੂੰ 1000 ਕਰੋੜ ਰੁਪਏ ਅਤੇ ਗਡਵਾਸੂ ਨੂੰ 258 ਕਰੋੜ ਰੁਪਏ ਦੀ ਲੋੜ ਹੈ। ਇਸ ਤੋਂ ਇਲਾਵਾ ਖੋਜ, ਸਿੱਖਿਆ ਅਤੇ ਪ੍ਰਸਾਰ ਗਤੀਵਿਧੀਆਂ ਕਰਨ ਵਾਸਤੇ ਪੀਏਯੂ ਨੂੰ 100 ਕਰੋੜ ਰੁਪਏ ਅਤੇ ਗਡਵਾਸੂ ਨੂੰ 40 ਕਰੋੜ ਰੁਪਏ ਫੁਟਕਲ ਦੇ ਤੌਰ 'ਤੇ ਵੀ ਚਾਹੀਦੇ ਹਨ। ਇਸ ਤੋਂ ਇਲਾਵਾ, ਨਵੇਂ ਬੁਨਿਆਦੀ ਢਾਂਚੇ ਦੀ ਸਥਾਪਨਾ, ਸਾਂਭ-ਸੰਭਾਲ, ਪ੍ਰਯੋਗਸ਼ਾਲਾਵਾਂ ਅਤੇ ਹੋਰ ਸਹੂਲਤਾਂ ਦੇ ਨਵੀਨੀਕਰਨ ਵਾਸਤੇ ਪੀਏਯੂ ਲਈ 700 ਕਰੋੜ ਅਤੇ ਗਡਵਾਸੂ ਲਈ 300 ਕਰੋੜ ਰੁਪਏ ਦੀ ਯਕਮੁਸ਼ਤ ਗ੍ਰਾਂਟ ਦੀ ਲੋੜ ਹੈ। ਪੀਏਯੂ ਅਤੇ ਗਡਵਾਸੂ ਨੂੰ ਬਜਟ ਦੀ ਵੰਡ ਅਤੇ ਇਸ ਨੂੰ ਜਾਰੀ ਕਰਨਾ ਕ੍ਰਮਵਾਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਅਤੇ ਪਸ਼ੂ ਪਾਲਣ ਵਿਭਾਗ ਦੀ ਬਜਾਏ ਸਿੱਧੇ ਵਿੱਤ ਵਿਭਾਗ ਤੋਂ ਹੋਣਾ ਚਾਹੀਦਾ ਹੈ।

**ਟੇਬਲ 10.1: ਵਿਗਿਆਨੀਆਂ ਅਤੇ ਸਹਾਇਕ ਸਟਾਫ ਦੀਆਂ ਅਸਾਮੀਆਂ ਅਤੇ ਸਾਲਾਨਾ ਤਨਖਾਹ ਬਜਟ ਦੀ ਸਥਿਤੀ**

| ਯੂਨੀਵਰਸਿਟੀ | ਸਟਾਫ | ਅਸਾਮੀਆਂ | | | ਸਲਾਨਾ ਤਨਖਾਹ ਬਜਟ (ਰੁਪੈ/ਕਰੋੜ) | | | ਲੋੜੀਦਾ ਬਜਟ (ਰੁਪੈ/ਕਰੋੜ) | |
|---|---|---|---|---|---|---|---|---|---|
| | | ਮਨਜ਼ੂਰ | ਭਰੀਆਂ | ਖਾਲੀ | ਮਨਜ਼ੂਰ ਅਸਾਮੀਆਂ ਲਈ | ਭਰੀਆਂ ਅਸਾਮੀਆਂ ਲਈ | ਖਾਲੀ ਅਸਾਮੀਆਂ ਲਈ | ਅਸਲ ਪ੍ਰਾਪਤ | ਅੰਤਰ |
| ਪੀਏਯੂ ਲੁਧਿਆਣਾ | ਟੀਚਿੰਗ (ਵਿਗਿਆਨੀ) | 1062 | 524 (49%) | 538 (51%) | 1000 | 547 | 553 | 422 | 578 |
| | ਨਾਨ-ਟੀਚਿੰਗ | 3723 | 1304 (35%) | 2419 (65%) | | | | | |
| ਗਡਵਾਸੂ, ਲੁਧਿਆਣਾ | ਟੀਚਿੰਗ (ਵਿਗਿਆਨੀ) | 426 | 250 (59%) | 176 (41%) | 258 | 113 | 145 | 81 | 177 |
| | ਨਾਨ-ਟੀਚਿੰਗ | 1218 | 481 (39%) | 737 (61%) | | | | | |

ਸਰੋਤ: ਪੀਏਯੂ ਅਤੇ ਗਡਵਾਸੂ ਤੋਂ ਇਕੱਤਰ ਕੀਤੇ ਅੰਕੜੇ

ਨੋਟ: ਨਵੇਂ ਬੁਨਿਆਦੀ ਢਾਂਚੇ ਦੇ ਨਿਰਮਾਣ, ਸਾਂਭ ਸੰਭਾਲ ਅਤੇ ਲੈਬਾਂ ਨੂੰ ਅੱਪਗ੍ਰੇਡ ਕਰਨ ਲਈ ਯਕਮੁਸ਼ਤ ਗ੍ਰਾਂਟ 700 ਕਰੋੜ ਰੁਪਏ ਪੀਏਯੂ ਲਈ ਅਤੇ 300 ਕਰੋੜ ਰੁਪਏ ਗਡਵਾਸੂ ਲਈ। ਫੁਟਕਲ ਖਰਚਿਆਂ ਲਈ 100 ਕਰੋੜ ਰੁਪਏ ਪੀਏਯੂ ਲਈ ਅਤੇ 40 ਕਰੋੜ ਰੁਪਏ ਗਡਵਾਸੂ ਲਈ

5. **ਅਗਲੀ ਪੀੜ੍ਹੀ ਦੀਆਂ ਵਿਕਸਿਤ ਤਕਨੀਕਾਂ**: ਪੰਜਾਬ ਦੀ ਖੇਤੀ ਵਿੱਚ ਨਿਖਾਰ, ਕੁਸ਼ਲਤਾ ਅਤੇ ਕੌਮਾਂਤਰੀ ਪੱਧਰ ਦੀ ਮੁਕਾਬਲੇਯੋਗਤਾ ਲਿਆਉਣ ਲਈ:

**ੳ)** ਅਗਲੀ ਪੀੜ੍ਹੀ ਦੀਆਂ ਅਤਿ-ਆਧੁਨਿਕ ਤਕਨੀਕਾਂ ਜਿਵੇਂ ਵੰਸ਼ ਵਿਗਿਆਨ (Genomics), ਮਸ਼ੀਨੀ ਬੁੱਧੀਮਤਾ (AI), ਸਵੈਚਾਲਾਕ ਮਸ਼ੀਨ ਵਿਗਿਆਨ (Robotics), ਅਤਿ ਸੂਖਮ ਤਕਨਾਲੋਜੀ (Nano-technology), ਡਰੋਨ, ਦੂਰਵਰਤੀ ਅਨੁਭਵ (Remote Sensing) ਭੂ-ਸਥਾਨਕ ਤਕਨਾਲੋਜੀ, ਫ਼ਸਲ ਨਕਲ ਮਾਡਲ ਅੰਦਾਜ਼ੇ (Crop Simulation Modelling) ਅਤੇ ਖੇਤੀ ਮੌਸਮ ਦੀਆਂ ਉਪਲੱਬਧੀਆਂ ਦੀ ਵਰਤੋਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਹ ਤਕਨੀਕਾਂ ਪੰਜਾਬ ਦੀ ਖੇਤੀ ਵਿੱਚ ਸੂਖਮਤਾ, ਕੁਸ਼ਲਤਾ ਅਤੇ ਵਿਸ਼ਵ ਪੱਧਰੀ ਮੁਕਾਬਲੇਬਾਜ਼ੀ ਦੀ ਕਾਬਲੀਅਤ ਵਧਾਉਣ ਲਈ ਮਹੱਤਵਪੂਰਨ ਰੋਲ ਨਿਭਾ ਸਕਦੀਆਂ ਹਨ। ਅਜਿਹੀਆਂ ਤਕਨੀਕਾਂ, ਝਾੜ ਅਤੇ ਗੁਣਵੱਤਾ ਵਿੱਚ ਸੁਧਾਰ ਕਰਨ, ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦੀ ਪਛਾਣ ਅਤੇ ਭਵਿੱਖਬਾਣੀ ਕਰਨ, ਕੀਟ ਪ੍ਰਬੰਧਨ ਲਈ ਫੈਸਲੇ ਲੈਣ, ਮਿੱਟੀ ਦੀ ਨਮੀ ਦੇ ਅੰਦਾਜ਼ੇ ਅਤੇ ਉਪਜਾਊ ਸ਼ਕਤੀ ਦੀ ਸਥਿਤੀ ਦਾ ਮੁਲਾਂਕਣ ਕਰਨ, ਸਤਹੀ ਅਤੇ ਜ਼ਮੀਨੀ ਪਾਣੀ ਦੀ ਉਪਲਬਧਤਾ ਦਾ ਅਨੁਮਾਨ ਲਗਾਉਣ, ਅਤੇ ਫ਼ਸਲ-ਭੂਮੀ ਦੀ ਅਨੁਕੂਲਤਾ ਅਤੇ ਪੈਦਾਵਾਰ ਆਦਿ ਦਾ ਅਨੁਮਾਨ ਲਗਾਉਣ ਵਿੱਚ ਯੋਗਦਾਨ ਪਾ ਸਕਦੀਆਂ ਹਨ। ਇਸ ਕਾਰਜ ਲਈ, ਸਮਰੱਥਾ ਨਿਰਮਾਣ ਅਤੇ ਵਿਸ਼ੇਸ਼ ਪ੍ਰਯੋਗਸ਼ਾਲਾਵਾਂ ਦੀ ਉਸਾਰੀ ਅਤੇ ਮਜ਼ਬੂਤੀ ਕਰਨ ਦੀ ਜ਼ਰੂਰਤ ਹੈ।

**ਅ)** ਉਪਰੋਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਖੇਤੀਬਾੜੀ, ਬਾਗਬਾਨੀ, ਪਸ਼ੂ ਪਾਲਣ, ਭੂਮੀ ਅਤੇ ਪਾਣੀ ਸੰਭਾਲ ਮਹਿਕਮਿਆਂ ਦੇ ਨਾਲ-ਨਾਲ ਪੀਏਯੂ ਅਤੇ ਗਡਵਾਸੂ ਦੇ ਪ੍ਰਸਾਰ ਵਿੰਗਾਂ ਨਾਲ ਸਲਾਹ-ਮਸ਼ਵਰਾ ਕਰਕੇ ਖੋਜ ਅਤੇ ਪ੍ਰਸਾਰ ਮਾਡਲ ਵਿਕਸਿਤ ਕਰਨ ਲਈ ਪਹਿਲਕਦਮੀਆਂ ਕੀਤੀਆਂ ਜਾਣ। ਕਿਸਾਨਾਂ ਅਤੇ ਸੰਬੰਧਿਤ ਧਿਰਾਂ ਨੂੰ ਸ਼ਾਮਿਲ ਕਰਕੇ ਪਾਇਲਟ ਪੱਧਰ 'ਤੇ ਲਾਗੂ ਕਰਨ ਲਈ ਖੇਤੀ ਸੰਬੰਧੀ ਸਿਫ਼ਾਰਿਸ਼ਾਂ ਨੂੰ ਡਿਜੀਟਲ ਅਤੇ ਵਿਚਾਰ-ਵਟਾਂਦਰੇ ਵਾਲਾ ਬਣਾਇਆ ਜਾਵੇ।

**ੲ)** ਮੋਬਾਈਲ-ਅਧਾਰਿਤ ਤਕਨਾਲੋਜੀ ਖੇਤੀਬਾੜੀ ਨੂੰ ਸੁਧਾਰਨ ਵਿੱਚ ਬਹੁਤ ਅਹਿਮ ਭੂਮਿਕਾ ਅਦਾ ਕਰ ਸਕਦੀ ਹੈ। ਆਲ-ਇਨ-ਵਨ ਐਪ ਵਿਕਸਤ ਕਰਕੇ ਕਿਸਾਨ ਫ਼ਸਲਾਂ ਦੀ ਬਿਜਾਈ ਅਤੇ ਖੇਤਰੀ ਅੰਕੜੇ, ਉਪਜ ਦੀ ਭਵਿੱਖਬਾਣੀ, ਫ਼ਸਲੀ ਬਿਮਾਰੀਆਂ ਦੀ ਮੈਪਿੰਗ ਅਤੇ ਕੀਮਤੀ ਜਾਣਕਾਰੀ ਆਦਿ ਇੱਕੋ ਹੀ ਸਮੇਂ ਪ੍ਰਾਪਤ ਕਰ ਸਕਦੇ ਹਨ। ਸੂਚਿਤ ਫੈਸਲੇ ਲੈਣ ਲਈ ਕੀਮਤੀ ਸੂਝ ਪ੍ਰਦਾਨ ਕਰਨ ਲਈ ਵਿਸ਼ਲੇਸ਼ਣ ਅਤੇ ਦਿੱਖ (Visualization) ਵਿਸ਼ੇਸ਼ਤਾਵਾਂ ਨੂੰ ਸ਼ਾਮਿਲ ਕਰਦੇ ਹੋਏ, ਹੱਥ ਨਾਲ ਵਰਤੇ ਜਾਣ ਵਾਲੇ ਯੰਤਰਾਂ ਉਪਰ ਐਪ ਦੀ ਵਰਤੋਂ ਲਈ ਪ੍ਰੋਤਸਾਹਨਾਂ ਰਾਹੀਂ ਵਿਆਪਕ ਪੱਧਰ 'ਤੇ ਅਪਣਾਉਣ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

6. **ਮੰਡੀ ਦੀ ਮੰਗ ਮੁਤਾਬਿਕ ਖੋਜ ਕਰਨਾ ਅਤੇ ਵਿਗਿਆਨੀਆਂ ਦੇ ਕੰਮ ਨੂੰ ਮਾਣ ਸਨਮਾਨ: ੳ)** ਮੰਡੀ ਦੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਹਰੇਕ ਫ਼ਸਲ ਦੇ ਖਾਸ ਗੁਣਾ ਲਈ ਖੋਜ ਕਾਰਜ ਸਾਧਣੇ ਚਾਹੀਦੇ ਹਨ। ਇਸ ਤੋਂ ਇਲਾਵਾ, ਪੰਜਾਬ ਦੀ ਭੂਮਿਕਾ ਨੂੰ ਹੁਣ ਸਿਰਫ਼ ਖੁਰਾਕ ਸੁਰੱਖਿਆ ਦੀ ਬਜਾਏ ਪੌਸ਼ਟਿਕਤਾ ਦੇ ਪੱਖ ਤੋਂ ਦੇਖਣ ਦੀ ਲੋੜ ਹੈ। ਪੀਏਯੂ ਨੂੰ ਕਣਕ ਦੀਆਂ ਵੱਖ-ਵੱਖ ਸ਼੍ਰੇਣੀਆਂ ਜਿਵੇਂ ਕਿ ਚਪਾਤੀ, ਬ੍ਰੈਡ, ਬਿਸਕੁਟ, ਪਾਸਤਾ, ਘੱਟ ਸਟਾਰਚ, ਜ਼ਿੰਕ ਭਰਭੂਰ, ਆਦਿ ਰਾਹੀਂ ਖਪਤਕਾਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਆਪਣੇ ਖੋਜ ਏਜੰਡੇ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ, ਕਿਸਾਨਾਂ ਅਤੇ ਕਿਸਾਨ ਸੰਗਠਨਾਂ ਨੂੰ ਅੰਤਿਮ ਖਪਤਯੋਗ ਉਤਪਾਦ ਦੇ ਵਿਕਾਸ ਲਈ ਫ਼ਸਲਾਂ ਦੀ ਕਾਸ਼ਤ ਅਤੇ ਪ੍ਰੋਸੈਸਿੰਗ ਲਈ ਉਤਸ਼ਾਹਿਤ ਕਰਨ ਲਈ ਸਰਕਾਰੀ ਨੀਤੀਆਂ ਨੂੰ ਇਕਸਾਰ ਕਰਨਾ ਚਾਹੀਦਾ ਹੈ। ਫ਼ਸਲੀ ਵਿਭਿੰਨਤਾ 'ਤੇ ਧਿਆਨ ਕੇਂਦਰਿਤ ਕਰਦਿਆਂ, ਹੋਰ ਫ਼ਸਲਾਂ ਅਤੇ ਖੇਤੀਬਾੜੀ ਕਿੱਤਿਆਂ ਵਿੱਚ ਵੀ ਇਸੇ ਤਰ੍ਹਾਂ ਦੀ ਪਹੁੰਚ ਅਪਣਾਉਣੀ ਪਵੇਗੀ।

**ਅ)** ਖੋਜ ਦੀਆਂ ਤਰਜੀਹਾਂ ਇਸ ਤਰ੍ਹਾਂ ਨਿਰਧਾਰਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਕਿ ਪੀਏਯੂ ਦੇ ਵਿਗਿਆਨੀ ਉਨ੍ਹਾਂ ਪ੍ਰੋਜੈਕਟਾਂ ’ਤੇ ਕੰਮ ਕਰਨ ਜੋ ਰਾਜ ਦੀਆਂ ਖੇਤੀਬਾੜੀ ਤਰਜੀਹਾਂ ਦੇ ਅਨੁਸਾਰ ਹਨ। UGC ਦੁਆਰਾ ਅਕਾਦਮਿਕ ਪ੍ਰਦਰਸ਼ਨ ਸੂਚਕ (API) ਅਧਾਰਿਤ ਤਰੱਕੀ ਪ੍ਰਣਾਲੀ ਦੀ ਸ਼ੁਰੂਆਤ ਦੇ ਨਤੀਜੇ ਵਜੋਂ ਜ਼ਿਆਦਾਤਰ ਉਨ੍ਹਾਂ ਖੇਤਰਾਂ ਵਿੱਚ ਖੋਜ ਕੀਤੀ ਗਈ ਹੈ ਜੋ ਰਾਜ ਦੀਆਂ ਖੇਤੀਬਾੜੀ ਤਰਜੀਹਾਂ ਦੇ ਉਲਟ ਕੈਰੀਅਰ ਐਡਵਾਂਸਮੈਂਟ ਸਕੀਮ (CAS) ਵਿੱਚ ਉੱਚ ਹਵਾਲੇ ਜਾਂ ਵਧੇਰੇ ਅੰਕ ਪ੍ਰਾਪਤ ਕਰਦੇ ਹਨ ਅਤੇ ਕਿਸਾਨਾਂ ਦੀਆਂ ਜ਼ਰੂਰਤਾਂ ਤੋਂ ਭਟਕ ਜਾਂਦੇ ਹਨ। ਇਸ ਨੇ ਵਿਗਿਆਨੀਆਂ ਦੇ ਮਿਲਕੇ ਕੰਮ ਕਰਨ ’ਤੇ ਵੀ ਮਾੜਾ ਅਸਰ ਪਾਇਆ ਹੈ। ਯੂਨੀਵਰਸਿਟੀਆਂ ਨੂੰ ਕੈਰੀਅਰ ਐਡਵਾਂਸਮੈਂਟ ਸਕੀਮ ਨੂੰ ਇਸ ਤਰ੍ਹਾਂ ਪੁਨਰਗਠਿਤ ਕਰਨਾ ਚਾਹੀਦਾ ਹੈ ਕਿ ਹਰੇਕ ਵਿਗਿਆਨੀ ਇੱਕ ਸਰਗਰਮ ਟੀਮ ਮੈਂਬਰ ਵਜੋਂ ਤਰਜੀਹੀ ਖੇਤਰਾਂ ’ਤੇ ਇੱਕੋ ਸਮੇਂ ਕੰਮ ਕਰੇ ਅਤੇ ਸਮੇਂ ਸਿਰ ਤਰੱਕੀ ਲਈ ਅਕਾਦਮਿਕ ਤੌਰ ’ਤੇ ਲੋੜੀਂਦਾ ਇਵਜ਼ਾਨਾ ਵੀ ਪ੍ਰਾਪਤ ਕਰੇ।

7. **ਵਿਗਿਆਨੀਆਂ ਦਾ ਅੰਤਰਰਾਸ਼ਟਰੀ ਜਾਗਰੁਕਤਾ ਦੌਰਾ**: ਸਰਕਾਰ ਨੂੰ ਵਿਗਿਆਨੀਆਂ ਨੂੰ ਗਿਆਨ ਪ੍ਰਾਪਤੀ ਸੰਪਰਕ (Exposure) ਲਈ ਅਤੇ ਉਨ੍ਹਾਂ ਦੀਆਂ ਸਮਰੱਥਾਵਾਂ ਨੂੰ ਵਧਾਉਣ ਅਤੇ ਅੰਤਰਰਾਸ਼ਟਰੀ ਖੋਜ ਸੰਸਥਾਵਾਂ ਨਾਲ ਸੰਬੰਧਾਂ ਨੂੰ ਮਜ਼ਬੂਤ ਕਰਨ ਲਈ ਫੰਡ ਪ੍ਰਦਾਨ ਕਰਨੇ ਚਾਹੀਦੇ ਹਨ ਤਾਂ ਜੋ ਉੱਨਤ ਤਕਨਾਲੋਜੀ ਅਤੇ ਰਾਜ ਦੀਆਂ ਖੇਤੀਬਾੜੀ ਲੋੜਾਂ ਅਨੁਸਾਰ ਉਨ੍ਹਾਂ ਦੀ ਵਰਤੋਂ ’ਤੇ ਤੇਜ਼ੀ ਨਾਲ ਆਦਾਨ-ਪ੍ਰਦਾਨ ਕੀਤਾ ਜਾ ਸਕੇ। ਪ੍ਰਤਿਭਾ ਦਾ ਲਾਭ ਉਠਾਉਣ ਅਤੇ ਅੰਤਰਰਾਸ਼ਟਰੀ ਪ੍ਰਵਾਸ ਨੂੰ ਉਲਟ ਕਰਨ ਲਈ, ਵਿਦੇਸ਼ੀ ਯੂਨੀਵਰਸਿਟੀਆਂ ਦੀਆਂ ਉੱਨਤ ਪ੍ਰਯੋਗਸ਼ਾਲਾਵਾਂ ਵਿੱਚ ਸਿਖਲਾਈ ਪ੍ਰਾਪਤ ਵਿਦਿਆਰਥੀਆਂ/ਫੈਕਲਟੀ ਨੂੰ ਵਿਸ਼ੇਸ਼ ਪ੍ਰੋਤਸਾਹਨ ਦੇ ਕੇ ਆਕਰਸ਼ਿਤ ਕਰਨ ਦੀ ਜ਼ਰੂਰਤ ਹੈ।

8. **ਖੇਤੀਬਾੜੀ ਵਿੱਚ ਸਿੱਖਿਆ**

**ੳ) ਪੇਂਡੂ ਪਿਛੋਕੜ ਵਾਲੇ ਵਿਦਿਆਰਥੀਆਂ ਦਾ ਰਾਖਵਾਂਕਰਨ:** ਪੇਂਡੂ ਪਿਛੋਕੜ ਵਾਲੇ ਵਿਦਿਆਰਥੀ ਖੇਤੀਬਾੜੀ ਅਤੇ ਇਸ ਨਾਲ ਸੰਬੰਧਿਤ ਕਿੱਤਿਆਂ ਨੂੰ ਚੰਗੇ ਤਰੀਕੇ ਨਾਲ ਸਮਝ ਸਕਦੇ ਹਨ ਅਤੇ ਖੇਤੀ ਨਾਲ ਸੰਬੰਧਿਤ ਸਮੱਸਿਆਵਾਂ ਦਾ ਬਿਹਤਰ ਢੰਗ ਨਾਲ ਨਿਭਣਯੋਗ ਹੱਲ ਕਰ ਸਕਦੇ ਹਨ। ਪਰੰਤੂ ਇਨ੍ਹਾਂ ਵਿਦਿਆਰਥੀਆਂ ਦੀ ਗਿਣਤੀ ਪੀਏਯੂ ਅਤੇ ਗਡਵਾਸੂ ਦੇ ਗਰੈਜੂਏਟ ਕੋਰਸਾਂ ਵਿੱਚ ਘੱਟ ਹੈ। ਇਸ ਲਈ ਖੇਤੀਬਾੜੀ ਅਤੇ ਸੰਬੰਧਿਤ ਖੇਤਰਾਂ ਵਿੱਚ ਅਜਿਹੇ ਵਿਦਿਆਰਥੀਆਂ ਦੀ ਨੁਮਾਇੰਦਗੀ ਵਿੱਚ ਸੁਧਾਰ ਲਿਆਉਣ ਲਈ ਪੰਜਾਬ ਵਿਧਾਨ ਸਭਾ ਦੇ ਐਕਟ ਰਾਹੀਂ ਖੇਤੀਬਾੜੀ ਅਤੇ ਵੈਟਰਨਰੀ ਸਾਇੰਸਜ਼ (ਅੰਡਰਗ੍ਰੈਜੂਏਟ ਅਤੇ ਡਿਪਲੋਮਾ ਕੋਰਸ) ਵਿੱਚ ਸੀਟਾਂ ਦਾ ਇੱਕ ਮਹੱਤਵਪੂਰਨ ਪ੍ਰਤੀਸ਼ਤ ਪੇਂਡੂ ਪਿਛੋਕੜ ਵਾਲੇ ਵਿਦਿਆਰਥੀਆਂ ਲਈ ਰਾਖਵਾਂ ਰੱਖਿਆ ਜਾਣਾ ਚਾਹੀਦਾ ਹੈ।

**ਅ) ਖੇਤੀ ਯੂਨੀਵਰਸਿਟੀਆਂ ਦੀਆਂ ਫ਼ੀਸਾਂ ਨੂੰ ਵਾਜਿਬ ਰੱਖਣਾ:** ਭਾਵੇਂ ਪੀਏਯੂ ਅਤੇ ਗਡਵਾਸੂ ਸਰਕਾਰੀ ਸਹਾਇਤਾ ਪ੍ਰਾਪਤ ਯੂਨੀਵਰਸਿਟੀਆਂ ਹਨ, ਪਰ ਸਾਰੇ ਡਿਗਰੀ ਪ੍ਰੋਗਰਾਮਾਂ ਦੇ ਫੀਸ ਢਾਂਚੇ ਨੂੰ ਨਿਯਮਤ ਕਰਨ ਦੀ ਜ਼ਰੂਰਤ ਹੈ। ਇਸ ਨਾਲ, ਇਨ੍ਹਾਂ ਯੂਨੀਵਰਸਿਟੀਆਂ ਵੱਲੋਂ ਵਸੂਲੀ ਜਾਣ ਵਾਲੀ ਫੀਸ ਦੀ ਵਾਜਬਤਾ ਨੂੰ ਸਥਾਪਿਤ ਕਰਨ ਵਿੱਚ ਮਦਦ ਮਿਲੇਗੀ ਅਤੇ ਸਮਾਜ ਦੇ ਆਰਥਿਕ ਤੌਰ ’ਤੇ ਕਮਜ਼ੋਰ ਵਰਗਾਂ ਦੀਆਂ ਵਿਦਿਅਕ ਇੱਛਾਵਾਂ ਨੂੰ ਵੀ ਪੂਰਾ ਕੀਤਾ ਜਾ ਸਕੇਗਾ।

**ੲ) ਵਿਦਿਆ ਦੇ ਮਿਆਰ ਨੂੰ ਬਣਾਈ ਰੱਖਣਾ:** ਖੇਤੀਬਾੜੀ ਨਾਲ ਸੰਬੰਧਿਤ ਪੜ੍ਹਾਈ ਦੀਆਂ ਡਿਗਰੀਆਂ ਦੇਣ ਵਾਲੀਆਂ ਯੂਨੀਵਰਸਿਟੀਆਂ/ਕਾਲਜਾਂ ਨੂੰ ਫੈਕਲਟੀ ਦੀ ਗਿਣਤੀ, ਢੁੱਕਵੇਂ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਅਤੇ ਇਨ੍ਹਾਂ ਸੰਸਥਾਵਾਂ ਦੇ ਅਕਾਦਮਿਕ ਮਿਆਰਾਂ ਨੂੰ ਬਣਾਈ ਰੱਖਣ ਲਈ ਲੋੜੀਂਦੇ ਹੋਰ ਗੁਣਾਤਮਕ ਪਹਿਲੂਆਂ ਦੀ ਨਿਯਮਤਤਾ ਅਤੇ ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ। ਇਸੇ ਤਰ੍ਹਾਂ, ਪੰਜਾਬ ਦੇ ਸਾਰੇ ਸਕੂਲਾਂ ਦੇ ਪਾਠਕ੍ਰਮ ਵਿੱਚ ਖੇਤੀਬਾੜੀ, ਪਸ਼ੂ ਪਾਲਨ, ਵਾਤਾਵਰਨ ਅਤੇ ਹੋਰ ਨਵੀਨਤਮ ਵਿਕਸਿਤ ਖੋਜਾਂ ਸਬੰਧੀ ਸਕੂਲੀ ਸਲੇਬਸਾਂ ਵਿੱਚ ਲਗਾਤਾਰ ਅੱਪਡੇਟ ਕੀਤੇ ਜਾਣ ਦੀ ਵੀ ਜ਼ਰੂਰਤ ਹੈ।

**ਸ) B.Tech ਡੇਅਰੀ ਦੇ ਪਾਠਕ੍ਰਮ ਵਿੱਚ ਸੁਧਾਰ:** ਡੇਅਰੀ ਫਾਰਮਿੰਗ ਵਿੱਚ ਇਸਦੀ ਅਹਿਮ ਭੂਮਿਕਾ ਨੂੰ ਦੇਖਦੇ ਹੋਏ B.Tech ਡੇਅਰੀ ਪਾਠਕ੍ਰਮ ਵਿੱਚ ਫੀਡ ਅਤੇ ਚਾਰੇ 'ਤੇ ਇੱਕ ਸਮਰਪਿਤ ਵਿਸ਼ਾ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ। ਡੇਅਰੀ ਪਸ਼ੂਆਂ ਲਈ ਫੀਡ ਅਤੇ ਚਾਰੇ ਦੀ ਵਿਆਪਕ ਸਮਝ ਤੋਂ ਬਿਨਾਂ, ਇਸ ਖੇਤਰ ਦੇ ਮਾਹਿਰਾਂ ਕੋਲ ਡੇਅਰੀ ਕਿਸਾਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਮਾਰਗਦਰਸ਼ਨ ਕਰਨ ਲਈ ਜ਼ਰੂਰੀ ਗਿਆਨ ਦੀ ਘਾਟ ਹੈ। ਇਸ ਮਹੱਤਵਪੂਰਨ ਵਿਸ਼ੇ ਦੀ ਜਾਣਕਾਰੀ ਨਾਲ ਖੇਤੀ ਮਾਹਿਰ ਕਿਸਾਨਾਂ ਨੂੰ ਸਿਹਤਮੰਦ ਅਤੇ ਵਧੇਰੇ ਉਤਪਾਦਕਤਾ ਵਾਲੇ ਡੇਅਰੀ ਜਾਨਵਰਾਂ ਨੂੰ ਪਾਲਣ ਲਈ ਮਾਰਗਦਰਸ਼ਨ ਕਰਨ ਦੇ ਵਧੇਰੇ ਯੋਗ ਹੋਣਗੇ।

# 11. ਖੇਤੀਬਾੜੀ ਪ੍ਰਸਾਰ ਅਤੇ ਸਿਖਲਾਈ

ਵਿਸ਼ਵ ਵਪਾਰ ਸੰਗਠਨ ਤੋਂ ਬਾਅਦ ਦੇ ਇਸ ਖੇਤੀ-ਵਪਾਰ ਦੇ ਯੁੱਗ ਵਿੱਚ ਵਿਸ਼ਵ ਦੀਆਂ ਵਿਕਸਤ ਅਰਥਵਿਵਸਥਾਵਾਂ ਦੀ ਉੱਤਮ ਕੁਆਲਟੀ ਵਾਲੀ ਪੈਦਾਵਾਰ ਵੱਲੋਂ ਦਰਪੇਸ਼ ਸਖਤ ਘਰੇਲੂ ਅਤੇ ਕੌਮਾਂਤਰੀ ਮੁਕਾਬਲੇ ਅਤੇ ਇਥੋਂ ਦੇ ਸੀਮਤ ਸਾਧਨਾਂ ਸਾਹਵੇਂ ਘੱਟ ਖਰਚੇ ਅਤੇ ਮੁਨਾਫ਼ਾਕਾਰੀ ਵਧਾਉਣ ਵਾਲੀਆਂ ਤਕਨੀਕਾਂ ਲਾਗੂ ਕਰਾਉਣ ਦੀ ਅਣਸਰਦੀ ਲੋੜ ਦੇ ਸੰਦਰਭ ਵਿੱਚ ਖੇਤੀ ਪ੍ਰਸਾਰ ਨੇ ਵਧੇਰੇ ਮਹੱਤਤਾ ਅਖਤਿਆਰ ਕਰ ਲਈ ਹੈ। ਇਸ ਤੋਂ ਇਲਾਵਾ, ਰਸਾਇਣਾਂ ਵਾਲੇ ਘਣੀ ਖੇਤੀ ਮਾਡਲ ਨਾਲ ਵੱਧਦੀਆਂ ਬਿਮਾਰੀਆਂ, ਕੀੜੇ-ਮਕੌੜੇ ਅਤੇ ਮਿੱਟੀ ਦੀ ਸਿਹਤ ਦੀਆਂ ਸਮੱਸਿਆਵਾਂ, ਆਲਮੀ ਤਪਸ਼ ਕਾਰਨ ਮੁੜ-ਮੁੜ ਵਿਗੜਦੇ ਮੌਸਮ ਦੇ ਖਤਰੇ, ਪਾਣੀ ਦੇ ਡਿੱਗਦੇ ਪੱਧਰ ਅਤੇ ਨਵੀਨਤਮ ਪਾਣੀ ਬਚਾਊ ਤਕਨੀਕਾਂ ਨੂੰ ਲਾਗੂ ਕਰਨ ਦੀ ਲੋੜ ਨੇ ਪ੍ਰਸਾਰ ਮਾਹਿਰਾਂ ਦੇ ਕੰਮ ਨੂੰ ਬਹੁਤ ਜ਼ਿਆਦਾ ਚੁਣੌਤੀਪੂਰਨ ਬਣਾ ਦਿੱਤਾ ਹੈ। ਇਸਦੇ ਨਾਲ ਹੀ, ਵੱਧਦੀ ਆਬਾਦੀ ਲਈ ਰਸਾਇਣਕ ਰਹਿੰਦ-ਖੂੰਹਦ-ਮੁਕਤ, ਉੱਚ ਗੁਣਵੱਤਾ ਵਾਲੇ ਭੋਜਨ ਅਤੇ ਸੰਤੁਲਿਤ ਖੁਰਾਕੀ ਤੱਤਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ, ਨਾ ਸਿਰਫ਼ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਕਰਨ ਲਈ, ਬਲਕਿ ਦਵਾਈਆਂ ਆਸਰੇ ਸਿਹਤ ਠੀਕ ਰੱਖਣ ਉੱਪਰ ਹੁੰਦੇ ਉਨ੍ਹਾਂ ਦੇ ਪਰਿਵਾਰਕ ਖਰਚੇ ਨੂੰ ਘਟਾਉਣ ਦੀ ਜ਼ਿੰਮੇਵਾਰੀ ਮਾਹਿਰਾਂ ਲਈ ਹੋਰ ਚੁਣੌਤੀਆਂ ਖੜ੍ਹੀਆਂ ਕਰ ਰਹੀ ਹੈ।

ਅਜਿਹੀ ਬਾਹਰਮੁਖੀ ਹਕੀਕਤ ਨੇ ਸੰਬੰਧਿਤ ਖੇਤਰ ਦੇ ਕਾਬਲ ਪ੍ਰਸਾਰ ਕਿੱਤਾ ਮਾਹਿਰਾਂ ਦੀ ਸਮਾਜਿਕ ਮਹੱਤਤਾ ਨੂੰ ਹੋਰ ਵਧਾ ਦਿੱਤਾ ਹੈ, ਜਿਨ੍ਹਾਂ ਕੋਲ ਅਜਿਹੀਆਂ ਸਮੱਸਿਆਵਾਂ ਦੇ ਉੱਭਰਨ ਦੇ ਵਿਗਿਆਨਕ ਅਧਾਰ ਬਾਰੇ ਸਮਝ ਹੈ ਅਤੇ ਵੱਖ-ਵੱਖ ਖੇਤੀ-ਵਾਤਾਵਰਨ ਸਥਿਤੀਆਂ ਵਿੱਚ ਇੱਕ ਮੌਕੇ ਦੀ ਪ੍ਰਮਾਣਿਤ ਪ੍ਰਮਾਣਿਤ-ਵਿਦਵਿਤਾ ਪੱਖੋਂ ਇਹਨਾਂ ਨੂੰ ਹੱਲ ਕਰਨ ਦੀ ਯੋਗਤਾ ਹੈ।

ਇਸ ਪਿਛੋਕੜ ਵਿੱਚ, ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਵਿਕਸਿਤ ਕੀਤੀਆਂ ਤਕਨੀਕਾਂ ਅਤੇ ਕਿਸਾਨਾਂ ਦੇ ਖੇਤਾਂ ਤੱਕ ਉਹਨਾਂ ਦੀ ਪਹੁੰਚ ਵਿੱਚ ਮਹੱਤਵਪੂਰਨ ਪਾੜਾ ਮੌਜੂਦ ਹੈ। ਪ੍ਰਸਾਰ ਮਾਹਿਰ ਜੋ ਕਿ ਖੇਤੀਬਾੜੀ ਵਿਕਾਸ ਪ੍ਰਕਿਰਿਆ ਵਿੱਚ ਤਬਦੀਲੀ ਦਾ ਏਜੰਟ ਹੈ, ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਪਾੜੇ ਨੂੰ ਪੂਰਾ ਕਰੇ ਅਤੇ ਵਿਗਿਆਨੀਆਂ ਨੂੰ ਕਿਸਾਨਾਂ ਦੇ ਤਜ਼ਰਬਿਆਂ ਦਾ ਨਿਚੋੜ ਪਹੁੰਚਦਾ ਕਰੇ ਤਾਂ ਜੋ ਉਹ ਬਦਲਦੀਆਂ ਖੇਤਰੀ ਲੋੜਾਂ ਅਤੇ ਬਜ਼ਾਰ ਦੀ ਮੰਗ ਦੇ ਅਨੁਸਾਰ ਆਪਣੀ ਖੋਜ ਨੂੰ ਮੁੜ-ਦਿਸ਼ਾ ਦੇਣ।

ਇਸ ਰੋਸ਼ਨੀ ਵਿੱਚ, ਖੇਤੀਬਾੜੀ ਪ੍ਰਸਾਰ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਲੋੜ 1990 ਦੇ ਦਹਾਕੇ ਦੇ ਸ਼ੁਰੂ ਵਿੱਚ ਉਦੋਂ ਮਹਿਸੂਸ ਹੋਈ ਜਦੋਂ ਹਰੀ ਕ੍ਰਾਂਤੀ ਦੇ ਘਣੀ ਖੇਤੀ ਮਾਡਲ ਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ੇ ਦੇ ਵੱਧਦੇ ਬੋਝ, ਮਿੱਟੀ, ਪਾਣੀ ਅਤੇ ਹਵਾ ਦੇ ਪ੍ਰਦੂਸ਼ਣ ਅਤੇ ਪਾਣੀ ਦੇ ਡਿੱਗਦੇ ਪੱਧਰ ਆਦਿ ਦੇ ਰੂਪ ਵਿੱਚ ਖੇਤੀ ਸੰਕਟ ਦੇ ਲੱਛਣ ਉਜਾਗਰ ਕਰਨੇ ਸ਼ੁਰੂ ਕਰ ਦਿੱਤੇ। ਇਸ ਸਥਿਤੀ ਨੂੰ ਸਮਝਦੇ ਹੋਏ ਇੱਕ ਵਾਰ ਪ੍ਰਸਾਰ ਸੇਵਾਵਾਂ ਨੂੰ ਇਸਦੇ ਕਿੱਤਾ ਮਾਹਿਰਾਂ ਦੀ ਸਥਿਤੀ ਵਿੱਚ ਸੁਧਾਰ ਕਰਕੇ ਮਾਨਤਾ ਦਿੱਤੀ ਗਈ ਸੀ। ਪਰ 1990 ਦੇ ਦਹਾਕੇ ਦੇ ਅੰਤ ਵਿੱਚ ਵਿਸ਼ਵ ਵਪਾਰ ਸੰਗਠਨ ਤੋਂ ਬਾਅਦ ਦੀਆਂ ਸਰਕਾਰਾਂ ਨੇ ਕਈ ਤਰੀਕਿਆਂ ਨਾਲ ਖੇਤੀਬਾੜੀ ਪ੍ਰਸਾਰ ਪ੍ਰਣਾਲੀ ਨੂੰ ਕਮਜ਼ੋਰ ਕਰ ਦਿੱਤਾ। ਉਦਾਹਰਨ ਲਈ, **ੳ)** (i) ਯੋਗਤਾ ਪ੍ਰਾਪਤ ਖੇਤੀਬਾੜੀ ਪ੍ਰਸਾਰ ਮਾਹਿਰਾਂ ਦੀ ਤਨਖਾਹ ਦੀ ਸਮਾਨਤਾ ਨੂੰ ਤੋੜ ਦਿੱਤਾ ਗਿਆ ਅਤੇ ਉਹਨਾਂ ਦੇ ਹਮਰੁਤਬਾ ਵੈਟਰਨਰੀ ਮਾਹਿਰਾਂ ਤੋਂ ਉਨ੍ਹਾਂ ਦੀ ਤਨਖਾਹ ਦਾ ਦਰਜਾ ਘਟਾ ਦਿੱਤਾ ਗਿਆ। (ii) ਬਾਅਦ ਵਿੱਚ, ਉਨ੍ਹਾਂ ਨੂੰ ਘੱਟ ਯੋਗਤਾ ਵਾਲੇ ਕੇਡਰਾਂ ਦੇ ਬਰਾਬਰ ਕਰ ਦਿੱਤਾ ਗਿਆ ਅਤੇ ਉਹਨਾਂ ਨੂੰ ਯਕੀਨੀ ਕੈਰੀਅਰ ਵਾਧਾ ਸਕੀਮ ਅਧੀਨ ਸੋਧੇ ਤਨਖਾਹ ਸਕੇਲਾਂ ਤੋਂ ਵਾਂਝੇ ਰਹਿਣਾ ਪਿਆ। **ਅ)** ਯੋਗ ਕਿੱਤਾ ਮਾਹਿਰਾਂ ਜਿਵੇਂ ਕਿ ਖੇਤੀਬਾੜੀ/ਬਾਗਬਾਨੀ ਵਿਕਾਸ ਅਫ਼ਸਰਾਂ ਦੀਆਂ 50 ਪ੍ਰਤੀਸ਼ਤ ਤੋਂ ਵੱਧ ਮਨਜ਼ੂਰ ਅਸਾਮੀਆਂ ਨੂੰ ਲੰਬੇ ਸਮੇਂ ਲਈ ਖਾਲੀ ਰੱਖਣਾ। **ੲ)** ਯੋਗ ਖੇਤੀਬਾੜੀ ਵਿਕਾਸ ਅਫ਼ਸਰਾਂ ਦੀ ਥਾਂ ਕੇਂਦਰੀ ਸਹਾਇਤਾ

ਪ੍ਰਾਪਤ ਆਤਮਾ ਸਕੀਮ ਅਧੀਨ ਠੇਕੇ 'ਤੇ ਭਰਤੀ ਅਤੇ ਰਾਜ ਸਕੀਮ ਅਧੀਨ ਦਸਵੀਂ ਪਾਸ ਕਿਸਾਨ ਮਿੱਤਰਾਂ/ਖੇਤੀ ਦੂਤਾਂ ਦੀ ਠੇਕੇ 'ਤੇ ਭਰਤੀ ਰਾਹੀਂ ਕੁਸ਼ਲਤਾ ਨਾਲ ਸਮਝੌਤਾ ਕੀਤਾ ਗਿਆ। **ਸ)** ਡਾਇਰੈਕਟਰਾਂ/ਵਿਭਾਗਾਂ ਦੇ ਮੁੱਖੀਆਂ ਦੀਆਂ ਉਨ੍ਹਾਂ ਦੇ ਮੁੱਖ ਵਿਸ਼ਾ ਮੁਹਾਰਤ ਦੇ ਖੇਤਰ ਤੋਂ ਬਾਹਰੋਂ ਨਿਯੁਕਤੀਆਂ ਕਰਨਾ ਜੋ ਕਿ ਖੇਤੀ ਦੀਆਂ ਗੁੰਝਲਦਾਰ ਅਤੇ ਗੰਭੀਰ ਸਮੱਸਿਆਵਾਂ ਨੂੰ ਕੁਸ਼ਲਤਾ ਨਾਲ ਸੰਬੋਧਤ ਹੋਣ ਦੇ ਸਮਰੱਥ ਨਹੀਂ। **ਹ)** ਬਹੁਤ ਸਾਰੇ ਪ੍ਰਾਈਵੇਟ ਕਾਲਜ ਅਤੇ ਯੂਨੀਵਰਸਿਟੀਆਂ ਲੋੜੀਂਦੇ ਸਟਾਫ, ਜ਼ਮੀਨ ਅਤੇ ਪ੍ਰਯੋਗਸ਼ਾਲਾਵਾਂ ਤੋਂ ਬਿਨਾਂ ਖੇਤੀਬਾੜੀ ਵਿੱਚ ਸਿੱਖਿਆ ਅਤੇ ਸਿਖਲਾਈ ਦੇ ਡਿਗਰੀ ਕੋਰਸ ਕਰਵਾ ਰਹੀਆਂ ਹਨ। ਇਹ ਸੰਸਥਾਵਾਂ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੇ ਯੋਗ ਨਹੀਂ ਹਨ ਅਤੇ ਇਸ ਤਰ੍ਹਾਂ ਜੀਵਿਤ ਜੀਵਾਂ ਨਾਲ ਨਜਿੱਠਣ ਵਾਲੀਆਂ ਇਨ੍ਹਾਂ ਪੇਸ਼ੇਵਰ ਡਿਗਰੀਆਂ ਦਾ ਦਰਜਾ ਘਟਾ ਰਹੀਆਂ ਹਨ ਅਤੇ ਅਯੋਗ ਪਾਸ-ਆਊਟ (Pass-outs) ਪੈਦਾ ਕਰ ਰਹੀਆਂ ਹਨ ਜੋ ਖੇਤੀਬਾੜੀ ਦੀਆਂ ਸਮੱਸਿਆਵਾਂ ਨੂੰ ਹੱਲ ਨਹੀਂ ਕਰ ਸਕਦੇ।

ਇਸ ਕਮਜ਼ੋਰ ਹੋਈ ਖੇਤੀ ਪ੍ਰਸਾਰ ਪ੍ਰਣਾਲੀ ਨੇ ਸਵਾਰਥੀ ਹਿੱਤਾਂ ਲਈ ਉੱਚ ਮੁਨਾਫ਼ੇ ਕਮਾਉਣ ਲਈ ਨਕਲੀ ਕੀਟਨਾਸ਼ਕਾਂ, ਬੀਜਾਂ ਅਤੇ ਹੋਰ ਬੇਲੋੜੀਆਂ ਖੇਤੀ ਲਾਗਤ ਵਸਤਾਂ ਦੀ ਵਿਕਰੀ ਅਤੇ ਲੋੜ ਤੋਂ ਵੱਧ ਵਰਤੋਂ (ਓਵਰਡੋਜ਼) ਕਰਨ ਲਈ ਕਿਸਾਨਾਂ ਨੂੰ ਗੁੰਮਰਾਹ ਕਰਨ ਲਈ ਥਾਂ ਬਣਾ ਦਿੱਤੀ ਹੈ। ਇਸ ਨੇ ਵਾਤਾਵਰਨ ਨੂੰ ਪ੍ਰਦੂਸ਼ਿਤ ਕੀਤਾ ਅਤੇ ਖੇਤੀ ਦੇ ਮੁਨਾਫ਼ੇ ਨੂੰ ਘਟਾ ਦਿੱਤਾ, ਜਿਸ ਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਕਰਜ਼ੇ ਅਤੇ ਖੁਦਕੁਸ਼ੀਆਂ ਵੱਲ ਧੱਕ ਦਿੱਤਾ ਹੈ।

**ਨੀਤੀ ਦੀਆਂ ਸਿਫ਼ਾਰਿਸ਼ਾਂ**

1. **ਵਿਸ਼ਾ ਮਾਹਿਰਾਂ ਨਾਲ ਪ੍ਰਸਾਰ ਸਿਸਟਮ ਨੂੰ ਮਜ਼ਬੂਤ ਕਰਨਾ ਅਤੇ ਸਹਾਇਕ ਸਟਾਫ ਦੀ ਸਹਾਇਤਾ: ੳ)** ਖੇਤੀਬਾੜੀ ਪ੍ਰਸਾਰ ਪ੍ਰਣਾਲੀ ਨੂੰ ਮਜ਼ਬੂਤ ਕਰਨ ਹਿੱਤ, ਇਸਦੇ ਕੁਸ਼ਲ ਕੰਮਕਾਜ ਲਈ ਵਿਸ਼ਾ ਮਾਹਿਰਾਂ ਅਤੇ ਸਹਾਇਕ ਸਟਾਫ ਪ੍ਰਦਾਨ ਕਰਨ ਦੀ ਫੌਰੀ ਲੋੜ ਹੈ। ਇਸਦੇ ਲਈ, ਸਾਰੇ ਵਿਭਾਗਾਂ ਵਿੱਚ ਸਹਾਇਕ ਸਟਾਫ ਦੇ ਨਾਲ ਪ੍ਰਸਾਰ ਮਾਹਿਰਾਂ ਦੀਆਂ ਸਾਰੀਆਂ ਮੌਜੂਦਾ ਖਾਲੀ ਅਸਾਮੀਆਂ ਨੂੰ ਭਰਿਆ ਜਾਣਾ ਚਾਹੀਦਾ ਹੈ (ਅਨੁਲੱਗ XII)। ਪ੍ਰਸਾਰ ਮਾਹਿਰਾਂ ਵੱਲੋਂ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਉਨ੍ਹਾਂ ਦੇ ਖੇਤਾਂ 'ਚ ਪਹੁੰਚ ਕੇ ਤੁਰੰਤ ਹੱਲ ਕਰਨ ਲਈ ਦੌਰਾ ਕਰਨ ਦੀਆਂ ਸੁਵਿਧਾਵਾਂ ਨਾਲ ਲੈਸ ਕੀਤਾ ਜਾਵੇ। ਕਿਸਾਨਾਂ ਨੂੰ ਕੁਸ਼ਲ ਸੇਵਾਵਾਂ ਪ੍ਰਦਾਨ ਕਰਨ ਲਈ ਖਾਲੀ ਅਸਾਮੀਆਂ ਤੁਰੰਤ ਭਰਨ ਦੀ ਕੁਸ਼ਲ ਵਿਧੀ ਵਿਕਸਿਤ ਕੀਤੀ ਜਾਣੀ ਚਾਹੀਦੀ ਹੈ।

   **ਅ) ਮਾਹਿਰਾਂ ਨੂੰ ਹੋਰ ਵਾਧੂ ਜ਼ਿੰਮੇਵਾਰੀਆਂ ਤੋਂ ਲਾਂਭੇ ਕੀਤਾ ਜਾਵੇ**: ਪ੍ਰਸਾਰ ਮਾਹਿਰਾਂ ਦੇ ਤਕਨੀਕੀ ਗਿਆਨ ਨੂੰ ਕੁਸ਼ਲਤਾ ਨਾਲ ਵਰਤਣ ਲਈ ਸਥਾਨਕ ਪ੍ਰਸ਼ਾਸ਼ਨ ਵੱਲੋਂ ਉਨ੍ਹਾਂ ਨੂੰ ਹੋਰ ਗੈਰ-ਤਕਨੀਕੀ/ਵਾਧੂ ਜ਼ਿੰਮੇਵਾਰੀਆਂ 'ਚ ਨਾ ਉਲਝਾਇਆ ਜਾਵੇ। ਅਜਿਹੇ ਅਮਲਾਂ ਨਾਲ ਨਾ ਸਿਰਫ਼ ਮਾਹਿਰਾਂ ਦੀ ਸਮਰੱਥਾ ਦੀ ਅਧੂਰੀ ਵਰਤੋਂ ਹੁੰਦੀ ਹੈ ਸਗੋਂ ਇਸ ਨਾਲ ਕਿਸਾਨਾਂ ਅਤੇ ਖੇਤੀ, ਜਿੱਥੇ ਇਨ੍ਹਾਂ ਸੇਵਾਵਾਂ ਦੀ ਉਸੇ ਸਮੇਂ ਲੋੜ ਹੁੰਦੀ ਹੈ, ਉਪਰ ਬਹੁਤ ਮਾੜਾ ਅਸਰ ਪੈਂਦਾ ਹੈ।

2. **ਖੇਤੀ ਸੈਕਟਰ ਵੱਲ ਪ੍ਰਤਿਭਾ ਆਕਰਸ਼ਿਤ ਕਰਨ ਨੂੰ ਉਤਸ਼ਾਹਿਤ ਕਰਨਾ**: ਖੇਤੀ ਸੈਕਟਰ ਦੇ ਮੌਜੂਦਾ ਹਾਲਾਤ ਬਹੁਤ ਗੰਭੀਰ ਹਨ। ਖੇਤੀ ਸੈਕਟਰ 'ਚ ਕੁਸ਼ਲਤਾ ਲਿਆਉਣ ਲਈ ਉੱਚੀ ਪ੍ਰਤਿਭਾ ਵਾਲੇ ਵਿਅਕਤੀਆਂ ਦੀ ਲੋੜ ਹੈ। ਇਹ ਖੇਤੀਬਾੜੀ/ਬਾਗਵਾਨੀ ਵਿਕਾਸ ਅਫ਼ਸਰ ਅਤੇ ਭੂਮੀ ਸੰਭਾਲ ਅਫ਼ਸਰਾਂ ਦੀ ਤਨਖਾਹ ਤੇ ਰੁਤਬਾ ਉਨ੍ਹਾਂ ਦੇ ਹਮਰੁਤਬਾ ਵੈਟਨਰੀ ਅਫ਼ਸਰਾਂ ਦੇ ਬਰਾਬਰ ਮੁੜ ਬਹਾਲ ਕਰਨ ਨਾਲ ਹੋ ਸਕਦਾ ਹੈ। ਇਸ ਤੋਂ ਅਗਾਂਹ, ਭਰਤੀ ਪ੍ਰਕਿਰਿਆ ਦੌਰਾਨ ਉਚੇਰੀਆਂ ਯੋਗਤਾਵਾਂ ਵਾਲੇ ਉਮੀਦਵਾਰਾਂ ਨੂੰ ਉਨ੍ਹਾਂ ਦੀ ਪ੍ਰਤਿਭਾ ਨੂੰ ਆਕਰਸ਼ਿਤ ਕਰਨ ਤੇ ਹੌਸਲਾ ਅਫ਼ਜ਼ਾਈ ਲਈ ਇਵਜ਼ਾਨੇ ਨਾਲ ਨਿਵਾਜਣਾ ਚਾਹੀਦਾ ਹੈ।

3. **ਸਬੰਧਤ ਵਿਸ਼ਾ ਮਾਹਿਰ ਬਤੌਰ ਵਿਭਾਗੀ ਮੁਖੀ: ੳ)** ਖੇਤੀਬਾੜੀ/ਬਾਗਬਾਨੀ ਵਿਭਾਗਾਂ ਦੇ ਮੁਖੀ/ਡਾਇਰੈਕਟਰ ਸੰਬੰਧਿਤ ਵਿਭਾਗਾਂ ਦੇ ਫ਼ਸਲ ਪਾਲਣ ਵਿੰਗ ਦੇ ਵਿਸ਼ਾ ਮਾਹਿਰ ਹੋਣੇ ਚਾਹੀਦੇ ਹਨ। ਵਿਭਾਗੀ ਮੁਖੀ ਦੀ ਨਿਯੁਕਤੀ ਸਬੰਧਤ ਵਿਸ਼ੇ

ਤੋਂ ਬਾਹਰਲੇ ਖੇਤਰ 'ਚੋਂ ਹੋਣ ਨਾਲ ਖੇਤੀ ਪ੍ਰਸਾਰ ਦੇ ਤਾਣੇ-ਬਾਣੇ ਦੀ ਕੁਸ਼ਲਤਾ ਬਹੁਤ ਮਾੜੇ ਰੁਖ ਪ੍ਰਭਾਵਿਤ ਹੁੰਦੀ ਹੈ। ਇਸ ਲਈ ਸੰਬੰਧਿਤ ਸੇਵਾ ਨਿਯਮਾਂ 'ਚ ਲੋੜੀਂਦੀਆਂ ਸੋਧਾਂ ਕਰਨੀਆਂ ਚਾਹੀਦੀਆਂ ਹਨ।

**ਅ)** ਖੇਤੀਬਾੜੀ ਅਤੇ ਬਾਗਬਾਨੀ ਵਿਭਾਗਾਂ ਵਿੱਚ ਕ੍ਰਮਵਾਰ ਖੇਤੀਬਾੜੀ ਅਫ਼ਸਰਾਂ/ਸਹਾਇਕ ਡਾਇਰੈਕਟਰ ਬਾਗਬਾਨੀ ਦੀਆਂ 20 ਫ਼ੀਸਦੀ ਅਸਾਮੀਆਂ ਨੂੰ ਚੋਣ (Selection Posts) ਅਸਾਮੀਆਂ ਵਜੋਂ ਭਰਿਆ ਜਾਣਾ ਚਾਹੀਦਾ ਹੈ ਤਾਂ ਕਿ ਉੱਚ ਕਾਬਲੀਅਤ ਵਾਲੇ ਅਤੇ ਸਮਰੱਥ ਉਮੀਦਵਾਰਾਂ ਨੂੰ ਪਹਿਲਾਂ ਹੀ ਤਰੱਕੀ ਦਿੱਤੀ ਜਾ ਸਕੇ ਤਾਂ ਜੋ ਉਚੇਰੀ ਅਗਵਾਈ ਦੇਣ ਵਾਲੀਆਂ ਅਸਾਮੀਆਂ ਲਈ ਮਾਹਿਰਾਂ ਦੀ ਨਿਯੁਕਤੀ ਲਈ ਬਿਹਤਰ ਵਰਗ (Starta) 'ਚੋਂ ਚੋਣ ਯਕੀਨੀ ਬਣਾਈ ਜਾ ਸਕੇ।

4. **ਨਿਪੁੰਨਤਾ ਲਈ ਨੋਡਲ ਟੀਮਾਂ**: ਫ਼ਸਲੀ ਵਿਭਿੰਨਤਾ/ਬਦਲਾਂ ਵਾਲੀਆਂ ਸਾਰੀਆਂ ਮੁੱਖ ਫ਼ਸਲਾਂ ਲਈ ਸੰਬੰਧਿਤ ਕੁਦਰਤੀ ਪੈਦਾਵਾਰੀ ਇਲਾਕਿਆਂ 'ਚ ਇਲਾਕਾਈ ਮਾਹਿਰ ਕਮੇਟੀ ਵਜੋਂ ਇੱਕ ਨੋਡਲ ਟੀਮ ਨਾਮਜ਼ਦ ਕਰਨੀ ਚਾਹੀਦੀ ਹੈ ਜਿਸ ਦਾ ਨੋਡਲ ਅਫ਼ਸਰ, ਉਸ ਫ਼ਸਲ ਵਿਸ਼ੇਸ਼ ਦਾ ਇਲਾਕਾਈ ਵਿਸ਼ਾ ਮਾਹਿਰ ਹੋਵੇ। ਇਸ ਟੀਮ ਵਿੱਚ ਉਸ ਫ਼ਸਲ ਵਿਸ਼ੇਸ਼ ਦਾ ਇਲਾਕੇ ਦਾ ਨੋਡਲ ਵਿਗਿਆਨੀ, ਇਸ ਫ਼ਸਲ ਦੀ ਅਗਾਹਵਧੂ ਕਿਸਾਨ ਸੁਸਾਇਟੀ ਦਾ ਮੰਡੀ ਮਾਹਿਰ ਨੁਮਾਇੰਦਾ ਅਤੇ ਇਸ ਫ਼ਸਲ ਦੇ ਅੱਠ ਅਗਾਂਹਵਧੂ ਕਿਸਾਨ ਨੁਮਾਇੰਦੇ ਹੋਣਗੇ। ਇਹ ਇਲਾਕਾਈ ਮਾਹਿਰ ਕਮੇਟੀ, ਇਸ ਫ਼ਸਲ ਦੇ ਸੈਂਟਰ ਆਫ ਐਕਸੇਲੈਂਸ ਅਤੇ ਅਗਾਂਹਵਧੂ ਕਿਸਾਨ ਸੁਸਾਇਟੀ ਨਾਲ ਲਗਾਤਾਰ ਰਾਬਤਾ ਰੱਖ ਕੇ ਇਸ ਫ਼ਸਲ ਦੀ ਮਿਆਰੀ ਪੈਦਾਵਾਰ ਅਤੇ ਵੱਧ ਝਾੜ ਨਾਲ ਇਸ ਨੂੰ ਕੌਮਾਂਤਰੀ ਪੱਧਰ 'ਤੇ ਮੁਕਾਬਲੇ ਯੋਗ ਅਤੇ ਵੱਧ ਮੁਨਾਫ਼ੇ ਵਾਲੀ ਬਣਾਉਣ 'ਚ ਸੂਬੇ ਦੇ ਕਿਸਾਨਾਂ ਦੀ ਅਗਵਾਈ ਕਰ ਸਕਦੀ ਹੈ।

5. **ਤਕਨੀਕਾਂ ਦੇ ਪ੍ਰਦਰਸ਼ਨ ਕੇਂਦਰਾਂ ਦੀ ਸਥਾਪਤੀ**: ਸਾਰੇ ਸਰਕਾਰੀ ਅਤੇ ਪੀਏਯੂ ਦੇ ਬੀਜ ਫਾਰਮ, ਮਾਂ ਬੂਟਿਆਂ ਦੇ ਬਾਗ ਅਤੇ ਨਰਸਰੀਆਂ ਨੂੰ ਨਵੀਨਤਮ ਪਰ ਸਭ ਤੋਂ ਢੁੱਕਵੀਆਂ ਤਕਨੀਕਾਂ ਦੇ ਬਿਹਤਰੀਨ ਪ੍ਰਦਰਸ਼ਨ ਕੇਂਦਰਾਂ ਵਜੋਂ ਵਿਕਸਿਤ ਕਰਨਾ ਚਾਹੀਦਾ ਹੈ ਤਾਂ ਕਿ ਕਿਸਾਨਾਂ ਨੂੰ ਨਵੀਆਂ ਤਕਨੀਕਾਂ, ਖੇਤੀ ਅਮਲਾਂ ਅਤੇ ਮਾਡਲਾਂ ਨੂੰ ਅਪਣਾਉਣ/ਲਾਗੂ ਕਰਾਉਣ ਲਈ ਭਰੋਸੇ 'ਚ ਲਿਆ ਜਾ ਸਕੇ।

6. **ਸੈਂਟਰ ਆਫ ਐਕਸੇਲੈਂਸ ਵਿਖੇ ਸਿਖਲਾਈ ਸੁਵਿਧਾ**: ਸਾਰੇ ਪ੍ਰਸਤਾਵਿਤ ਅਤੇ ਮੌਜੂਦਾ ਸੈਂਟਰ ਆਫ ਐਕਸੇਲੈਂਸਾਂ ਵਿਖੇ ਕਿਸਾਨਾਂ ਅਤੇ ਸੰਬੰਧਿਤਾਂ ਨੂੰ ਫ਼ਸਲ ਵਿਸ਼ੇਸ਼ ਲੋੜਾਂ ਅਨੁਸਾਰ ਕਿਸਾਨਾਂ ਦੁਆਰਾ ਅਪਨਾਉਣ ਲਈ ਵਿਕਸਿਤ ਕੀਤੀਆਂ ਗਈਆਂ ਸਭ ਤੋਂ ਚੰਗੀਆਂ, ਘੱਟ ਲਾਗਤ ਵਾਲੀਆਂ ਅਤੇ ਵਾਤਾਵਰਨ ਪੱਖੀ ਤਕਨੀਕਾਂ ਪ੍ਰਦਰਸ਼ਿਤ ਕਰਦਿਆਂ ਲਗਾਤਾਰ ਮਹੀਨਾਵਾਰ ਸਿਖਲਾਈ ਦਿੱਤੀ ਜਾਵੇ।

7. **ਆਨਲਾਈਨ ਪੋਰਟਲ ਸੇਵਾਵਾਂ ਦੀ ਸਥਾਪਤੀ**: ਕਿਸਾਨਾਂ ਦੀ ਸਿਖਲਾਈ, ਸਰਕਾਰੀ ਲਾਭਪਾਤਰੀ ਸਕੀਮਾਂ ਅਤੇ ਜ਼ਰੂਰੀ ਖੇਤੀ ਸਲਾਹਕਾਰ ਸੇਵਾਵਾਂ ਲਈ ਇੱਕ ਸੂਬਾ ਪੱਧਰੀ ਆਨਲਾਈਨ ਪੋਰਟਲ ਸ਼ੁਰੂ ਕੀਤਾ ਜਾਵੇ ਜਿੱਥੇ ਕਿਸਾਨ ਇੱਕ ਸਧਾਰਨ ਆਨਲਾਈਨ ਤਸਦੀਕੀ ਪ੍ਰਕਿਰਿਆ ਰਾਹੀਂ ਸਿੱਧੇ ਰਜਿਸਟਰ ਹੋ ਸਕਣ। ਜਦਕਿ, ਕਿਸਾਨਾਂ ਦੇ ਇੱਕ ਹਿੱਸੇ ਦੇ ਘੱਟ ਪੜ੍ਹੇ-ਲਿਖੇ ਹੋਣ ਦੇ ਸੰਦਰਭ ਵਿੱਚ ਉਪਰੋਕਤ ਸਹੂਲਤਾਂ ਸਾਰੇ ਪੰਜਾਬ ਵਿੱਚ ਤਿੰਨ ਤੋਂ ਪੰਜ ਪਿੰਡਾਂ ਦੇ ਗਰੁੱਪਾਂ 'ਚ ਸਥਾਪਿਤ ਹੋਣ ਜਾ ਰਹੀਆਂ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆ ਦੇ ਕਿਸਾਨ ਸੇਵਾ ਕੇਂਦਰਾਂ ਰਾਹੀਂ ਸਿੱਧੀਆਂ ਉਪਲਬਧ ਕਰਾਈਆਂ ਜਾਣ।

8. **ਪ੍ਰਸਾਰ ਮਾਹਿਰਾਂ ਤੇ ਕਿਸਾਨਾਂ ਦੇ ਗਿਆਨ ਵਧਾਰੇ ਲਈ ਸੰਪਰਕ**: ਖੇਤੀ ਪ੍ਰਸਾਰ ਮਾਹਿਰਾਂ ਨੂੰ ਨਵੀਨਤਨ, ਪ੍ਰੰਤੂ ਪੰਜਾਬ ਦੀਆਂ ਹਾਲਤਾਂ ਅਨੁਸਾਰ ਵੱਧ ਢੁੱਕਵੀਆਂ ਤਕਨੀਕਾਂ ਹਾਸਲ ਕਰਨ ਅਤੇ ਲਾਗੂ ਕਰਨ ਲਈ ਕੌਮੀ ਅਤੇ ਕੌਮਾਂਤਰੀ ਸਿਖਲਾਈਆਂ ਅਤੇ ਗਿਆਨ ਸੰਪਰਕ ਕਰਾਉਣੇ ਚਾਹੀਦੇ ਹਨ। ਇਸੇ ਤਰ੍ਹਾਂ ਕਿਸਾਨਾਂ ਨੂੰ ਵੀ ਅਜਿਹੇ ਗਿਆਨ ਸੰਪਰਕਾਂ ਰਾਹੀਂ ਨਵੀਆਂ ਤਕਨੀਕਾਂ ਹਾਸਲ ਕਰਨ ਦੇ ਮੌਕੇ ਦਿੱਤੇ ਜਾਣੇ ਚਾਹੀਦੇ ਹਨ।

9. **ਪ੍ਰਸਾਰ ਸਟਾਫ ਪ੍ਰਣਾਲੀਆਂ ਦਾ ਤਾਲਮੇਲ**: ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਗੁਰੂ ਅੰਗਦ ਦੇਵ ਵੈਟਰਨਰੀ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਕ੍ਰਿਸ਼ੀ ਵਿਗਿਆਨ ਕੇਂਦਰ (KVK) ਅਤੇ ਖੇਤੀਬਾੜੀ ਤਕਨਾਲੋਜੀ ਪ੍ਰਬੰਧਨ ਏਜੰਸੀ (ATMA) ਸਟਾਫ ਦਾ ਖੇਤੀਬਾੜੀ ਅਤੇ ਕਿਸਾਨ ਭਲਾਈ, ਬਾਗਬਾਨੀ, ਭੂਮੀ ਸੰਭਾਲ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਹੋਰ ਸਬੰਧਤ ਲਾਈਨ ਵਿਭਾਗਾਂ ਨਾਲ ਤਾਲਮੇਲ ਵਧੇਰੇ ਕੁਸ਼ਲ ਅਤੇ ਪਾਰਦਰਸ਼ੀ ਬਣਾਇਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਆਤਮਾ ਸਟਾਫ਼ ਦੇ ਖੇਤੀਬਾੜੀ ਵਿਭਾਗ ਦੇ ਨਾਲ ਇਕਹਿਰੇ ਪ੍ਰਸ਼ਾਸਨ ਰਾਹੀਂ ਕੰਮ ਕਰਨ ਨੂੰ ਕਿਸਾਨਾਂ ਲਈ ਵਧੇਰੇ ਲਾਭਕਾਰੀ ਬਣਾਇਆ ਜਾਣਾ ਚਾਹੀਦਾ ਹੈ। ਇਸ ਨਾਲ ਕੰਮ ਦੇ ਦੋਹਰੇਪਣ ਤੋਂ ਬਚਿਆ ਜਾ ਸਕੇਗਾ ਅਤੇ ਇਹ ਖੇਤੀ ਸੈਕਟਰ ਵਿੱਚ ਨਵੀਨਤਮ ਤਕਨੀਕ ਦਾ ਪ੍ਰਸਾਰ ਪ੍ਰਭਾਵਸ਼ਾਲੀ ਢੰਗ ਨਾਲ ਕਰੇਗਾ।

10. **ਖੇਤੀਬਾੜੀ ਤੇ ਸੰਬੰਧਿਤ ਵਿਭਾਗਾਂ ਦੇ ਜੁੜਵੇਂ ਦਫ਼ਤਰੀ ਕੰਪਲੈਕਸਾਂ ਦੀ ਸਥਾਪਤੀ**: ਖੇਤੀਬਾੜੀ ਨਾਲ ਸੰਬੰਧਿਤ ਸਾਰੇ ਵਿਭਾਗਾਂ ਦੇ ਦਫ਼ਤਰਾਂ ਨੂੰ ਰਲ-ਮਿਲ ਕੇ ਕੁਸ਼ਲਤਾ ਨਾਲ ਸਕੀਮਾਂ ਲਾਗੂ ਕਰਨ ਲਈ ਅਤੇ ਕਿਸਾਨਾਂ ਦੀ ਸਹੂਲਤ ਲਈ ਇੱਕੋ ਦਫ਼ਤਰੀ ਕੰਪਲੈਕਸ ’ਚ ਖੋਲਣ ਨੂੰ ਤਰਜੀਹ ਦੇਣੀ ਚਾਹੀਦੀ ਹੈ।

11. **ਖੇਤੀ ਲਾਗਤ ਵਸਤਾਂ ਦੀ ਸਪਲਾਈ ਸਮੇਂ ਸਿਰ ਯਕੀਨੀ ਬਣਾਉਣਾ**: ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਅਤੇ ਸਹਿਕਾਰਤਾ ਵਿਭਾਗ ਨੂੰ ਅਗਾਉਂ ਵਿਉਤਬੰਦੀ ਨਾਲ ਕਿਸਾਨਾਂ ਨੂੰ ਲੋੜੀਂਦੇ ਬੀਜ ਅਤੇ ਹੋਰ ਲਾਗਤ ਵਸਤਾਂ ਦੀ ਉਪਲਬਧੀ ਯਕੀਨੀ ਬਣਾਉਣੀ ਚਾਹੀਦੀ ਹੈ। ਲਾਗਤ ਵਸਤਾਂ ਦੀ ਸਪਲਾਈ ’ਚ ਦੇਰੀ ਹੋਣ ਦੀ ਸੂਰਤ ’ਚ ਸੰਬੰਧਿਤਾਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇ।

12. **ਵਿਸ਼ਾ ਵਿਸ਼ੇਸ਼ ਅਸਾਮੀਆਂ ਦੀਆਂ ਪ੍ਰੋਫੈਸ਼ਨਲ ਯੋਗਤਾਵਾਂ ’ਚ ਸੋਧ ਕਰਨ ਸਬੰਧੀ**: ਵਿਸ਼ਾ ਵਿਸ਼ੇਸ਼ ਅਸਾਮੀਆਂ ਦੀਆਂ ਯੋਗਤਾਵਾਂ ਬਿਲਕੁਲ ਸਬੰਧਿਤ ਵਿਸ਼ਾ ਵਿਸ਼ੇਸ਼ ਖੇਤਰ ਦੀਆਂ ਹੀ ਹੋਣੀਆਂ ਚਾਹੀਦੀਆਂ ਹਨ। ਬਾਗਬਾਨੀ ਅਤੇ ਹੋਰ ਵਿਭਾਗਾਂ ਦੇ ਸੇਵਾ ਨਿਯਮਾਂ ’ਚ ਇਸ ਸਬੰਧੀ ਲੋੜੀਂਦੀਆਂ ਸੋਧਾਂ ਕਰਨੀਆਂ ਚਾਹੀਦੀਆਂ ਹਨ।

# 12. ਸਹਿਕਾਰਤਾ ਖੇਤਰ

ਜਮਹੂਰੀ ਅਮਲਾਂ ਅਤੇ ਇਮਾਨਦਾਰੀ ਦੀਆਂ ਬੁਨਿਆਦਾਂ ’ਤੇ ਖੜ੍ਹੀ ਸਹਿਕਾਰਤਾ, ਸੰਕਟ ਵਿੱਚ ਫਸੀ ਅਤੇ ਖਿੰਡੀਆਂ ਖੇਤੀ ਇਕਾਈਆਂ ਵਾਲੀ ਕਿਸਾਨੀ, ਖੇਤ ਮਜ਼ਦੂਰ ਅਤੇ ਪੇਂਡੂ ਖੇਤਰ ਦੇ ਹੋਰ ਕਮਜ਼ੋਰ ਵਰਗਾਂ ਦੀ ਸ਼ਕਤੀ ਅਤੇ ਜਿੰਦ-ਜਾਨ ਹੈ। ਇਹਨਾਂ ਵਰਗਾਂ ਦੀ ਸਮੂਹਿਕ ਸਮਰੱਥਾ ਅਤੇ ਇਕੱਠੇ ਕੀਤੇ ਸਰੋਤਾਂ ਦੀ ਵਰਤੋਂ ਕਰਦੇ ਹੋਏ, ਸਹਿਕਾਰੀ ਖੇਤਰ ਸ਼ੋਸ਼ਣ ਦੇ ਵਿਰੁੱਧ ਇੱਕ ਹਥਿਆਰ ਬਣਦਾ ਹੈ ਅਤੇ ਇਨ੍ਹਾਂ ਵਰਗਾਂ ਦੇ ਕਰਜ਼ੇ ਅਤੇ ਉਦਾਸੀਨ ਪ੍ਰਵਿਰਤੀਆਂ ਨੂੰ ਰੋਕਣ ਲਈ, ਇਨ੍ਹਾਂ ਦੇ ਮੁਨਾਫ਼ੇ ਨੂੰ ਵਧਾਉਣ ਦਾ ਇੱਕ ਮੌਕਾ ਬਣ ਜਾਂਦਾ ਹੈ।

ਇਤਿਹਾਸਕ ਤੌਰ ’ਤੇ, ਸਹਿਕਾਰਤਾ ਨੇ ਖੇਤੀਬਾੜੀ ਦੇ ਵਿਕਾਸ, ਸਥਿਰਤਾ ਅਤੇ ਕਿਸਾਨਾਂ ਦੀ ਭਲਾਈ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਸਹਿਕਾਰੀ ਵਿੱਤੀ ਖੇਤਰ ਰਾਜ ਦੀ ਖੇਤੀਬਾੜੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ, ਜੋ ਖਾਸ ਕਰਕੇ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਰਸਮੀ ਕਰਜ਼ੇ ਤੱਕ ਪਹੁੰਚ ਮੁਹੱਈਆ ਕਰਦਾ ਹੈ। ਪੰਜਾਬ ਨੇ ਵੇਰਕਾ ਦੇ ਬ੍ਰਾਂਡ ਨਾਮ ਹੇਠ ਮਿਲਕਫੈੱਡ ਵਰਗੀਆਂ ਸਫਲ ਡੇਅਰੀ ਸਹਿਕਾਰਤਾਵਾਂ ਦੇ ਉਭਾਰ ਨੂੰ ਵੀ ਦੇਖਿਆ, ਜੋ ਕਿ ਸਹਿਕਾਰੀ ਡੇਅਰੀ ਲਈ ਇੱਕ ਰਾਸ਼ਟਰੀ ਮਾਡਲ ਵਜੋਂ ਕੰਮ ਕਰਨ ਲਈ ਪ੍ਰਫੁੱਲਿਤ ਹੋਇਆ ਹੈ। ਡੇਅਰੀ ਸਹਿਕਾਰਤਾਵਾਂ ਦੁੱਧ ਦੀਆਂ ਢੁੱਕਵੀਆਂ ਕੀਮਤਾਂ ਨੂੰ ਯਕੀਨੀ ਬਣਾਉਂਦੀਆਂ ਹਨ ਅਤੇ ਵਿਚੋਲਿਆਂ ਨੂੰ ਘਟਾ ਕੇ ਕਿਸਾਨਾਂ ਨੂੰ ਵਾਧੂ ਆਮਦਨ ਪ੍ਰਦਾਨ ਕਰਦੀਆਂ ਹਨ। ਇਹਨਾਂ ਸਹਿਕਾਰਤਾਵਾਂ ਨੇ ਸਹਿਯੋਗੀ ਪਹੁੰਚ ਨੂੰ ਉਤਸ਼ਾਹਿਤ ਕਰਕੇ ਖੇਤੀਬਾੜੀ ਮੁੱਲ ਲੜੀ ਨੂੰ ਮਜ਼ਬੂਤ ਕੀਤਾ ਹੈ, ਕਿਸਾਨਾਂ ਨੂੰ ਸ਼ਕਤੀ ਪ੍ਰਦਾਨ ਕੀਤੀ ਹੈ ਅਤੇ ਰਾਜ ਵਿੱਚ ਇੱਕ ਨਿਭਣਯੋਗ ਅਤੇ ਸਮੁੱਚਤਾ ਵਾਲੀ ਖੇਤੀਬਾੜੀ ਪ੍ਰਣਾਲੀ ਦੀ ਸਿਰਜਣਾ ਕੀਤੀ ਹੈ।

ਸੂਬੇ ਵਿੱਚ ਅਥਾਹ ਤਰੱਕੀ ਦੇ ਬਾਵਜੂਦ, ਸਹਿਕਾਰੀ ਖੇਤਰ ਅਤੇ ਖੇਤੀਬਾੜੀ ਦੇ ਸਮੁੱਚੇ ਵਿਕਾਸ ਵਿੱਚ ਅਜੇ ਵੀ ਕਈ ਰੁਕਾਵਟਾਂ ਹਨ। ਸਹਿਕਾਰੀ ਸੁਸਾਇਟੀਆਂ ਦੇ ਅਧਿਕਾਰੀਆਂ ਦਾ ਭ੍ਰਿਸ਼ਟਾਚਾਰ, ਗਬਨ ਅਤੇ ਅਯੋਗਤਾ, ਸਭ ਤੋਂ ਵੱਡੀਆਂ ਚੁਣੌਤੀਆਂ ਹਨ। ਇਹ ਖੇਤਰ ਵਿੱਤੀ ਰੁਕਾਵਟਾਂ, ਸ਼ਾਸਨ ਅਤੇ ਪ੍ਰਬੰਧਨ ਦੇ ਮੁੱਦਿਆਂ, ਮੰਡੀਕਰਨ ਅਤੇ ਮੁੱਲ ਵਾਧੇ ਦੀ ਘਾਟ, ਅਤੇ ਤਕਨਾਲੋਜੀ ਦੀ ਪੇਸ਼ਕਦਮੀ ਦੀ ਘਾਟ ਨਾਲ ਵੀ ਜੂਝ ਰਿਹਾ ਹੈ। ਰਾਜ ਦੇ ਬਹੁਗਿਣਤੀ ਕਿਸਾਨਾਂ ਨੂੰ ਸਹਿਕਾਰੀ ਸਭਾਵਾਂ ਵਿੱਚ ਸ਼ਮੂਲੀਅਤ ਅਤੇ ਇਸ ਤੋਂ ਫਾਇਦਿਆਂ ਅਤੇ ਸੰਭਾਵਨਾਵਾਂ ਸਬੰਧੀ ਜਾਗਰੂਕਤਾ ਦੀ ਵੀ ਘਾਟ ਹੈ।

ਮੌਜੂਦਾ ਦੌਰ ਵਿੱਚ, ਆਰਥਿਕ ਗਤੀਵਿਧੀਆਂ ਵਿੱਚ ਲੋਕਾਂ ਦੀ ਸੋਚ ਵਧੇਰੇ ਖੁਦਮੁਖਤਿਆਰ ਪਹਿਲਕਦਮੀਆਂ ਦੇ ਪੱਖ ਵੱਲ ਤਬਦੀਲ ਹੋ ਰਹੀ ਹੈ। ਸਹਿਕਾਰੀ ਅਦਾਰੇ ਮੌਜੂਦਾ ਸਥਿਤੀ ਦੌਰਾਨ ਪੇਂਡੂ ਖੇਤਰਾਂ ਵਿੱਚ ਖੇਤੀ ਗਤੀਵਿਧੀਆਂ ਨੂੰ ਵੱਡਾ ਹੁਲਾਰਾ ਦੇ ਸਕਦੇ ਹਨ। ਇਹ ਕਿਸਾਨਾਂ ਦੀਆਂ ਪਹਿਲਕਦਮੀਆਂ ਨੂੰ ਫ਼ਸਲਾਂ ਦੀ ਪੈਦਾਵਾਰ ਦੇ ਨਾਲ-ਨਾਲ ਖੇਤੀ ਉਤਪਾਦਾਂ ਦੇ ਭੰਡਾਰਨ, ਮੰਡੀਕਰਨ ਅਤੇ ਖੇਤੀ ਪ੍ਰੋਸੈਸਿੰਗ ਵਿੱਚ ਸ਼ਾਮਿਲ ਕਰਕੇ ਮਜ਼ਬੂਤ ਕਰ ਸਕਦੇ ਹਨ। ਸਹਿਕਾਰੀ ਅਦਾਰਿਆਂ ਦੀ ਨਵੀਂ ਪੀੜ੍ਹੀ ਆਰਥਿਕ ਗਤੀਵਿਧੀਆਂ ਨੂੰ ਉੱਚ-ਪੱਧਰ ’ਤੇ ਲਿਜਾ ਸਕਦੀ ਹੈ ਅਤੇ ਵਿਕਾਸ ਦੀ ਦਰ ਤੇਜ਼ ਕਰਨ ਵਿੱਚ ਮਦਦ ਕਰ ਸਕਦੀ ਹੈ, ਵਾਤਾਵਰਨ ਨੂੰ ਬਚਾ ਸਕਦੀ ਹੈ, ਅਤੇ ਉਦਯੋਗ ਨਾਲ ਇੱਕ ਸਿਹਤਮੰਦ ਸਾਂਝੇਦਾਰੀ ਵਿਕਸਿਤ ਕਰ ਸਕਦੀ ਹੈ ਅਤੇ ਬੇਰੁਜ਼ਗਾਰ ਪੇਂਡੂ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰ ਸਕਦੀ ਹੈ। ਸਹਿਕਾਰੀ ਖੇਤਰ ਦੀ ਵਿੱਤੀ ਮਜ਼ਬੂਤੀ ਸਹਿਕਾਰੀ ਲਹਿਰ ਨੂੰ ਮੁੜ ਲੀਹ ’ਤੇ ਲਿਆ ਸਕਦੀ ਹੈ ਅਤੇ ਇਸ ਨੂੰ ਭਵਿੱਖ ਵਿੱਚ ਪੰਜਾਬ ਦੇ ਅਰਥਚਾਰੇ ਨੂੰ ਮੁੜ-ਆਕਾਰ ਦੇਣ ਵਿੱਚ ਇੱਕ ਨਵੀਂ ਅਤੇ ਸਕਾਰਾਤਮਕ ਭੂਮਿਕਾ ਅਦਾ ਕਰ ਸਕਦੀ ਹੈ।

ਐਗਰੋ-ਪ੍ਰੋਸੈਸਿੰਗ ਯੂਨਿਟ ਸਹਿਕਾਰੀ ਖੇਤਰ ਵਿੱਚ ਸਥਾਪਿਤ ਕੀਤੇ ਜਾਣੇ ਚਾਹੀਦੇ ਹਨ। ਪੈਦਾਵਾਰ ਅਤੇ ਮੰਡੀਕਰਨ ਜਨਤਕ/ਸਹਿਕਾਰੀ ਖੇਤਰਾਂ ਦਾ ਵਿਸ਼ੇਸ਼ ਖੇਤਰ ਹੋਣਾ ਚਾਹੀਦਾ ਹੈ, ਜਦੋਂ ਕਿ ਵੱਡੀਆਂ ਕਾਰਪੋਰੇਸ਼ਨਾਂ ਅਤੇ

ਹੋਰ ਨਿੱਜੀ ਕੰਪਨੀਆਂ ਨੂੰ ਇਹਨਾਂ ਖੇਤਰਾਂ ਤੋਂ ਬਾਹਰ ਰੱਖਿਆ ਜਾਣਾ ਚਾਹੀਦਾ ਹੈ। ਉਦਾਰੀਕਰਨ ਦੇ ਯੁੱਗ ਵਿੱਚ, ਵਿਦੇਸ਼ੀ ਅਤੇ ਘਰੇਲੂ ਕਾਰਪੋਰੇਟ ਪੂੰਜੀ, ਤਕਨਾਲੋਜੀ ਅਤੇ ਮੰਡੀ ਉੱਤੇ ਹਾਵੀ ਹੈ। ਅਜਿਹੀ ਸਥਿਤੀ ਵਿੱਚ, ਐਗਰੋ-ਪ੍ਰੋਸੈਸਿੰਗ ਉਦਯੋਗ ਦਾ ਵਿਸਥਾਰ ਵਿਦੇਸ਼ੀ ਅਤੇ ਘਰੇਲੂ ਕਾਰਪੋਰੇਟ ਨੂੰ ਛੱਡੇ ਬਿਨਾਂ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਗਤੀਵਿਧੀਆਂ ਨੂੰ ਮਾਰਕਫੈੱਡ, ਪੰਜਾਬ ਐਗਰੋ, ਮਿਲਕਫੈੱਡ, ਸ਼ੂਗਰਫੈੱਡ ਅਤੇ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਦੁਆਰਾ ਕਰਨ ਦੀ ਲੋੜ ਹੈ।

ਸਹਿਕਾਰੀ ਖੇਤਰ ਨੂੰ ਵੱਧਣ-ਫੁੱਲਣ ਲਈ ਸਹਾਇਕ ਨੀਤੀ ਅਤੇ ਨਿਯਮ ਵਿਧਾਨ ਵਾਲੇ (Regulatory) ਢਾਂਚੇ ਦੀ ਲੋੜ ਹੁੰਦੀ ਹੈ। ਅਸੰਗਤ ਨੀਤੀਆਂ, ਅਫਸਰਸ਼ਾਹੀ ਦੀਆਂ ਰੁਕਾਵਟਾਂ, ਫੰਡਾਂ ਦੀ ਘਾਟ, ਭ੍ਰਿਸ਼ਟਾਚਾਰ ਅਤੇ ਗੁੰਝਲਦਾਰ ਕਾਨੂੰਨੀ ਪ੍ਰਕਿਰਿਆਵਾਂ ਆਦਿ ਨੂੰ ਸਹਿਕਾਰੀ ਸੰਸਥਾਵਾਂ ਦੇ ਵਿਕਾਸ ਅਤੇ ਕੰਮਕਾਜ ਵਿੱਚ ਰੁਕਾਵਟ ਨਹੀਂ ਬਣਨ ਦੇਣਾ ਚਾਹੀਦਾ।

**ਨੀਤੀ ਦੀਆਂ ਸਿਫਾਰਿਸ਼ਾਂ**

1. **ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ (MPCS) ਦੀ ਸਥਾਪਨਾ: ੳ)** ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ (MPCS) ਰਾਜ ਵਿੱਚ ਮੰਡੀਕਰਨ ਅਤੇ ਮੁੱਲ ਵਾਧੇ ਲਈ ਸਥਾਪਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਹਰੇਕ ਸੁਸਾਇਟੀ ਨੂੰ ਤਿੰਨ-ਚਾਰ ਪਿੰਡਾਂ ਨੂੰ ਦਾਇਰੇ ਵਿੱਚ ਲੈ ਕੇ ਸਹੂਲਤਾਂ ਜਿਵੇਂ ਕਿ ਛੋਟੇ ਪ੍ਰੋਸੈਸਿੰਗ ਯੂਨਿਟ, ਮੰਡੀ ਤੱਕ ਪਹੁੰਚ, ਸਿਖਲਾਈ ਦੁਆਰਾ ਸਮਰੱਥਾ ਵਿਕਾਸ, ਭੰਡਾਰਨ (ਸਟੋਰੇਜ ਯੂਨਿਟ) ਆਦਿ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ। ਇਸ ਤੋਂ ਇਲਾਵਾ, ਇਹਨਾਂ ਸੁਸਾਇਟੀਆਂ ਨੂੰ ਵੱਡੇ ਕਸਬਿਆਂ/ਸ਼ਹਿਰਾਂ ਵਿੱਚ ਆਪਣੇ ਵੱਡੇ ਸਟੋਰ/ਦੁਕਾਨਾਂ ਵਿਕਸਿਤ ਕਰਕੇ ਆਪਣੇ ਉਤਪਾਦ ਵੇਚਣੇ ਚਾਹੀਦੇ ਹਨ। ਕਿਸਾਨਾਂ ਨੂੰ ਜਿਣਸ-ਆਧਾਰਿਤ ਮੁੱਲ ਲੜੀ ਵੱਲ ਉਤਸ਼ਾਹਿਤ ਕਰਨ ਅਤੇ ਜੋੜਨ (Integrate) ਲਈ, ਸਰਕਾਰ ਨੂੰ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਦੇ ਸਮਰਥਨ ਰਾਹੀਂ ਕਿਸਾਨਾਂ ਦੀਆਂ ਮਜ਼ਬੂਤ ਸੰਸਥਾਵਾਂ ਦਾ ਵਿਕਾਸ ਕਰਨਾ ਚਾਹੀਦਾ ਹੈ।

   **ਅ)** ਹਰੇਕ ਸਹਿਕਾਰੀ ਸੁਸਾਇਟੀ ਨੂੰ ਆਪਣੇ ਅਧੀਨ ਆਉਂਦੇ ਪਿੰਡਾਂ ਦੀ ਲੋੜ ਅਨੁਸਾਰ ਨਵੀਨਤਮ ਅਤੇ ਕੁਸ਼ਲ ਖੇਤੀ ਮਸ਼ੀਨਰੀ ਮਿਲਣੀ ਚਾਹੀਦੀ ਹੈ।

   **ੲ)** ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਅਧੀਨ ਮਾਈਕਰੋ ਡੇਅਰੀਆਂ ਸਥਾਪਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜਿੱਥੇ ਸਾਰੇ ਦੁੱਧ ਦਾ ਆਟੋਮੇਸ਼ਨ ਨਾਲ ਭੰਡਾਰਨ ਅਤੇ ਮੰਡੀਕਰਨ ਕੀਤਾ ਜਾਣਾ ਚਾਹੀਦਾ ਹੈ। ਇੱਥੇ ਬਾਇਓ-ਗੈਸ, ਕੰਪੋਸਟਿੰਗ, ਮਸਨੂਈ ਗਰਭਦਾਨ ਆਦਿ ਦੀਆਂ ਸਹੂਲਤਾਂ ਵੀ ਹੋਣੀਆਂ ਚਾਹੀਦੀਆਂ ਹਨ।

   **ਸ)** ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਘੱਟ ਦਰਾਂ 'ਤੇ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਰਾਹੀਂ ਕਰਜ਼ੇ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਸਰਕਾਰਾਂ ਨੂੰ ਪੇਂਡੂ ਆਬਾਦੀ, ਖਾਸ ਕਰਕੇ ਔਰਤਾਂ ਨੂੰ ਸਵੈ-ਸਹਾਇਤਾ ਸਮੂਹ ਬਣਾਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ, ਜਿਨ੍ਹਾਂ ਨੂੰ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਦੁਆਰਾ ਆਰਥਿਕ ਸਹਿਯੋਗ ਦਿੱਤਾ ਜਾਣਾ ਚਾਹੀਦਾ ਹੈ।

2. **ਸਹਿਕਾਰੀ ਸੰਸਥਾਵਾਂ ਦਾ ਮੁੱਢਲਾ ਉਦੇਸ਼ ਅਤੇ ਮੰਤਵ**: ਪੰਜਾਬ ਐਗਰੋ, ਮਾਰਕਫੈੱਡ, ਮਿਲਕਫੈੱਡ, ਅਤੇ ਸ਼ੂਗਰਫੈੱਡ ਵਰਗੀਆਂ ਸਾਰੀਆਂ ਸਹਿਕਾਰੀ ਸੰਸਥਾਵਾਂ ਨੂੰ ਦੂਜੀਆਂ ਸੰਸਥਾਵਾਂ ਦੇ ਕੰਮਕਾਜ ਵਿੱਚ ਦਖਲ ਦਿੱਤੇ ਬਿਨਾਂ, ਸੰਸਥਾ ਦੇ ਆਪਣੇ ਮੁੱਢਲੇ ਉਦੇਸ਼ਾਂ ਅਨੁਸਾਰ ਕੰਮ ਕਰਨਾ ਚਾਹੀਦਾ ਹੈ। ਜਨਤਕ ਖੇਤਰ ਦੀਆਂ ਸੰਸਥਾਵਾਂ ਕਦਰ ਵਧਾਈ, ਪ੍ਰੋਸੈਸਿੰਗ ਅਤੇ ਮੰਡੀਕਰਨ ਲਈ ਕਿਸਾਨਾਂ ਦੀਆਂ ਸਹਾਇਕ ਸੰਸਥਾਵਾਂ ਹਨ। ਇਹਨਾਂ ਸੰਸਥਾਵਾਂ ਨੂੰ ਬਹੁਤ ਜ਼ਿਆਦਾ (Super Normal) ਮੁਨਾਫ਼ਾ ਕਮਾਉਣ ਲਈ ਨਿੱਜੀ ਅਦਾਰਿਆਂ ਵਾਂਗ ਵਿਵਹਾਰ ਨਹੀਂ ਕਰਨਾ ਚਾਹੀਦਾ, ਸਗੋਂ ਅਸਲ ਹਿੱਸੇਦਾਰਾਂ-ਕਿਸਾਨਾਂ ਨਾਲ, ਕਮਾਏ ਮੁੱਲ ਦਾ ਢੁੱਕਵਾਂ ਹਿੱਸਾ ਸਾਂਝਾ ਕਰਨਾ ਚਾਹੀਦਾ ਹੈ।

3. **ਖੇਤਰ ਮਾਹਿਰਾਂ ਦੀ ਅਗਵਾਈ**: ਜਨਤਕ ਖੇਤਰ ਦੀਆਂ ਸੰਸਥਾਵਾਂ ਜਿਵੇਂ ਕਿ ਪੰਜਾਬ ਐਗਰੋ, ਮਾਰਕਫੈੱਡ, ਮਿਲਕਫੈੱਡ, ਅਤੇ ਸ਼ੂਗਰਫੈਡ ਦੀ ਅਗਵਾਈ ਅਫਸਰਸ਼ਾਹੀ ਦੀ ਬਜਾਏ ਸੰਬੰਧਿਤ ਖੇਤਰ ਦੇ ਮਾਹਿਰਾਂ ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਸੰਬੰਧਿਤ ਵਿਸ਼ੇ ਦੀ ਡੂੰਘਾਈ ਵਾਲੇ ਪੇਸ਼ੇਵਰ ਗਿਆਨ ਵਾਲੀ ਅਜਿਹੀ ਸਥਿਰ ਲੀਡਰਸ਼ਿਪ ਇਹਨਾਂ ਸੰਸਥਾਵਾਂ ਨੂੰ ਵਧੇਰੇ ਲਾਭਕਾਰੀ ਬਣਾਵੇਗੀ।

4. **ਸੁਸਾਇਟੀਆਂ ਦੇ ਕਾਰਜਕਰਤਾਵਾਂ ਵਿੱਚ ਸੁਧਾਰ: ੳ)** ਪੇਂਡੂ ਅਰਥਚਾਰਿਆਂ ਨੂੰ ਹੁਲਾਰਾ ਦੇਣ ਲਈ, ਸਹਿਕਾਰੀ ਸੁਸਾਇਟੀਆਂ ਅਤੇ ਉਹਨਾਂ ਦੇ ਸਕੱਤਰਾਂ ਦੇ ਕੰਮਕਾਜ ਅਤੇ ਵਿਵਹਾਰ ਨੂੰ, ਦਸ਼ਾ ਬਦਲਣ ਵਾਲੇ ਪ੍ਰਤੀਨਿਧ ਹੋਣ ਦੇ ਨਾਤੇ, ਤਕਨੀਕੀ ਤੌਰ ’ਤੇ ਵਧੇਰੇ ਸਮਰੱਥ ਬਣਾ ਕੇ ਸੁਧਾਰ ਕੀਤੇ ਜਾਣ ਦੀ ਲੋੜ ਹੈ। ਪਹਿਲਾਂ, ਪ੍ਰਾਇਮਰੀ ਖੇਤੀ ਸਹਿਕਾਰੀ ਸੁਸਾਇਟੀ ਦੇ ਸਕੱਤਰਾਂ ਦੀ ਯੋਗਤਾ ਸਧਾਰਨ ਮੈਟ੍ਰਿਕ ਸੀ ਜੋ ਬਾਅਦ ਵਿੱਚ ਗ੍ਰੈਜੂਏਸ਼ਨ ਵਿੱਚ ਬਦਲ ਦਿੱਤੀ ਗਈ ਸੀ। ਹਾਲਾਂਕਿ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਦੇ ਬਿਹਤਰ ਕੰਮਕਾਜ ਦੇ ਮੌਜੂਦਾ ਸੰਦਰਭ ਵਿੱਚ, ਸਕੱਤਰਾਂ ਦੀ ਯੋਗਤਾ ਨੂੰ ਵਿਗਿਆਨ, ਕਾਮਰਸ ਜਾਂ ਖੇਤੀਬਾੜੀ ਗ੍ਰੈਜੂਏਟਾਂ, ਜਿਸ ਨਾਲ ਤਰਜੀਹ ਦੇ ਤੌਰ ’ਤੇ ਮਾਸਟਰ ਆਫ ਬਿਜਨਸ ਐਡਮਿਨਿਸਟ੍ਰੇਸ਼ਨ (MBA) ਤੱਕ ਸੋਧਿਆ ਜਾਣਾ ਚਾਹੀਦਾ ਹੈ। ਸਕੱਤਰ ਦੀ ਨਿਯੁਕਤੀ ਪੰਜਾਬ ਸਰਕਾਰ ਦੇ ਸਹਿਕਾਰਤਾ ਵਿਭਾਗ ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਸਕੱਤਰਾਂ ਨੂੰ ਪਰਖ ਕਾਲ ਦੌਰਾਨ ਆਪਣੀ ਸਿਖਲਾਈ ਪੂਰੀ ਕਰਨੀ ਲਾਜ਼ਮੀ ਕੀਤੀ ਜਾਣੀ ਚਾਹੀਦੀ ਹੈ ਅਤੇ ਜਦੋਂ ਤੱਕ ਲਾਜ਼ਮੀ ਸਿਖਲਾਈ ਪੂਰੀ ਨਹੀਂ ਹੋ ਜਾਂਦੀ ਉਦੋਂ ਤੱਕ ਉਨ੍ਹਾਂ ਦਾ ਪਰਖ ਕਾਲ ਸੰਪੂਰਨ ਨਹੀਂ ਕੀਤਾ ਜਾਣਾ ਚਾਹੀਦਾ। ਸੁਸਾਇਟੀ ਦੇ ਕੰਮਕਾਜ ਨੂੰ ਲੋਕਤੰਤਰੀ ਅਤੇ ਪਾਰਦਰਸ਼ੀ ਬਣਾਇਆ ਜਾਣਾ ਚਾਹੀਦਾ ਹੈ। ਸਹਿਕਾਰੀ ਸੁਸਾਇਟੀ ਦੇ ਸਕੱਤਰ ਦੀ ਬਦਲੀ ਨੀਤੀ ਜ਼ਰੂਰ ਲਾਗੂ ਹੋਣੀ ਚਾਹੀਦੀ ਹੈ।

   **ਅ)** ਸੁਸਾਇਟੀਆਂ ਦੇ ਸਕੱਤਰਾਂ, ਇੰਸਪੈਕਟਰਾਂ ਅਤੇ ਪ੍ਰਧਾਨਾਂ ਨੂੰ ਬਿਹਤਰ ਗੱਲਬਾਤ, ਸੰਚਾਰ ਸਮਰੱਥਾ ਅਤੇ ਨਵੀਨਤਮ ਤਕਨੀਕੀ ਜਾਣਕਾਰੀ ਅਤੇ ਕੁਸ਼ਲਤਾ ਦੇ ਵਧਾਰੇ ਲਈ ਸਾਂਝੀ ਸਿਖਲਾਈ ਦੇਣੀ ਚਾਹੀਦੀ ਹੈ।

   **ੲ)** ਸਹਿਕਾਰੀ ਸੁਸਾਇਟੀਆਂ ਦੀਆਂ ਕਮੇਟੀਆਂ ਸੁਸਾਇਟੀਆਂ ਦੇ ਸਾਰੇ ਫੈਸਲਿਆਂ/ਲੈਣ-ਦੇਣ ਅਤੇ ਸਮੁੱਚੇ ਕੰਮਕਾਜ ਵਿੱਚ ਸ਼ਾਮਿਲ ਹੋਣੀਆਂ ਚਾਹੀਦੀਆਂ ਹਨ।

5. **ਸਹਿਕਾਰੀ ਸੁਸਾਇਟੀਆਂ ਦੀ ਮਜ਼ਬੂਤੀ: ੳ)** ਸਰਕਾਰ ਨੂੰ ਸਹਿਕਾਰੀ ਸੁਸਾਇਟੀਆਂ ਲਈ ਪਹਿਲ ਦੇ ਅਧਾਰ ’ਤੇ ਬੀਜਾਂ, ਖਾਦਾਂ, ਜੈਵਿਕ ਖਾਦਾਂ ਅਤੇ ਕੀਟਨਾਸ਼ਕਾਂ ਸਮੇਤ ਸਾਰੀਆਂ ਖੇਤੀ ਲਾਗਤ ਵਸਤਾਂ (Inputs) ਦੀ ਨਿਯਮਤ ਅਤੇ ਸਮੇਂ ਸਿਰ ਸਪਲਾਈ ਯਕੀਨੀ ਬਣਾਉਣੀ ਚਾਹੀਦੀ ਹੈ। ਇਹਨਾਂ ਲਾਗਤ ਵਸਤਾਂ ਦੀ ਜ਼ਰੂਰਤ ਦਾ ਪਹਿਲਾਂ ਤੋਂ ਹੀ ਅੰਦਾਜ਼ਾ ਲਗਾਇਆ ਜਾਣਾ ਚਾਹੀਦਾ ਹੈ ਅਤੇ ਉਸ ਅਨੁਸਾਰ ਪੈਦਾਵਾਰ ਸੇਧਿਤ ਕੀਤੀ ਜਾਣੀ ਚਾਹੀਦੀ ਹੈ।

   **ਅ)** ਸਹਿਕਾਰੀ ਖੰਡ ਮਿੱਲਾਂ ਨੂੰ ਵਿੱਤੀ ਸਹਾਇਤਾ ਦੇ ਕੇ ਮਜ਼ਬੂਤ ਅਤੇ ਮੁੜ-ਸੁਰਜੀਤ ਕੀਤਾ ਜਾਣਾ ਚਾਹੀਦਾ ਹੈ। ਸਹਿਕਾਰੀ ਬੈਂਕਾਂ ਵੱਲੋਂ ਸਹਿਕਾਰੀ ਖੰਡ ਮਿੱਲਾਂ ਨੂੰ ਵਾਜਬ ਵਿਆਜ਼ ਦਰਾਂ ’ਤੇ ਕਰਜ਼ੇ ਮੁਹੱਈਆ ਕਰਵਾਉਣੇ ਚਾਹੀਦੇ ਹਨ। ਇਸ ਦੇ ਨਾਲ ਹੀ ਸਹਿਕਾਰੀ ਸੰਸਥਾਵਾਂ, ਖਾਸ ਕਰਕੇ ਸੁਸਾਇਟੀਆਂ ਅਤੇ ਖੰਡ ਮਿੱਲਾਂ ਦਾ ਕਰਜ਼ਾ, ਇੱਕ ਯਕਮੁਸ਼ਤ ਕਰਜ਼ਾ ਨਿਪਟਾਰਾ ਸਕੀਮ (OTS) ਤਹਿਤ ਖਤਮ ਕੀਤਾ ਜਾਣਾ ਚਾਹੀਦਾ ਹੈ।

   **ੲ)** ਸਹਿਕਾਰੀ ਸੁਸਾਇਟੀਆਂ ਨੂੰ ਸਰਕਾਰ ਦੁਆਰਾ ਵਿੱਤੀ ਸਹਾਇਤਾ ਰਾਹੀਂ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਘਾਟੇ ਵਿੱਚ ਚੱਲ ਰਹੀਆਂ ਸਭਾਵਾਂ ਨੂੰ ਅਸਾਮੀਆਂ ਭਰ ਕੇ, ਖੇਤੀ ਲਾਗਤ ਵਸਤਾਂ ਲਈ ਗੋਦਾਮਾਂ ਦੀ ਉਸਾਰੀ ਆਦਿ ਦੁਆਰਾ ਵਧੀਆ ਢੰਗ ਨਾਲ ਚਲਾਉਣ ਵਿੱਚ ਮਦਦ ਕੀਤੀ ਜਾ ਸਕੇ ।

   **ਸ)** ਸਹਿਕਾਰੀ ਸੁਸਾਇਟੀਆਂ ਨੂੰ ਆੜ੍ਹਤ ਦੇ ਲਾਇਸੈਂਸ ਦਿੱਤੇ ਜਾਣੇ ਚਾਹੀਦੇ ਹਨ ਤਾਂ ਜੋ ਕਿਸਾਨਾਂ ਨੂੰ ਸ਼ੋਸ਼ਣ ਤੋਂ ਮੁਕਤ ਕੀਤਾ ਜਾ ਸਕੇ ਅਤੇ ਸੁਸਾਇਟੀਆਂ ਲਈ ਮੁਨਾਫ਼ਾ ਵੀ ਕਮਾਇਆ ਜਾ ਸਕੇ ।

**ਹ)** ਸਹਿਕਾਰੀ ਸੰਸਥਾਵਾਂ ਨੂੰ ਡਿਫਾਲਟਰ ਕਿਸਾਨਾਂ ਦੀ ਪਛਾਣ ਕਰਨ ਅਤੇ ਇੱਕ ਦੂਜੇ ਨਾਲ ਸਹਿਯੋਗ ਵਧਾਉਣ ਲਈ ਇੱਕ ਦੂਜੇ ਤੋਂ ਇਤਰਾਜ਼ ਹੀਨਤਾ ਸਰਟੀਫਿਕੇਟ (NOC) ਪ੍ਰਾਪਤ ਕਰਨਾ ਚਾਹੀਦਾ ਹੈ।

6. **ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ (PADB) ਨੂੰ ਮਜ਼ਬੂਤ ਕਰਕੇ ਕਿਸਾਨੀ ਦਾ ਸਮਰਥਨ: ੳ)** ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ (PADB) ਇਕਲੌਤਾ ਬੈਂਕ ਹੈ ਜੋ ਕਿਸਾਨਾਂ ਨੂੰ ਸਧਾਰਨ ਵਿਆਜ ਦਰ ਨਾਲ ਕਰਜ਼ਾ ਪ੍ਰਦਾਨ ਕਰਦਾ ਹੈ। ਭਾਵੇਂ ਕਿ ਸੰਕਟ ਵਿੱਚ ਘਿਰੀ ਕਿਸਾਨੀ ਵੱਲੋਂ ਕਰਜ਼ੇ ਨਾ ਮੋੜੇ ਜਾਣ ਕਾਰਨ ਇਹ ਬੈਂਕ ਵਿੱਤੀ ਔਕੜਾਂ ਵਿੱਚੋਂ ਲੰਘ ਰਿਹਾ ਹੈ। ਇਸ ਹਾਲਾਤ ਨੇ ਰਾਜ ਦੀ ਕਿਸਾਨੀ ਦੀਆਂ ਖੇਤੀ ਗਤੀਵਿਧੀਆਂ ਅਤੇ ਖੇਤੀ ਵਿਕਾਸ ਪ੍ਰਕਿਰਿਆ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। PADB ਦੀ ਵਿੱਤੀ ਹਾਲਾਤ ਨੂੰ ਸੁਧਾਰਨ ਅਤੇ ਡਿਫਾਲਟਰ ਕਿਸਾਨਾਂ ਦੀ ਸਹਾਇਤਾ ਲਈ ਬੈਂਕ ਦੇ ਕਰਜ਼ੇ ਦਾ ਨਿਪਟਾਰਾ ਯਕਮੁਸ਼ਤ ਕਰਜ਼ਾ ਨਿਪਟਾਰਾ ਸਕੀਮ (OTS) ਤਹਿਤ ਕੀਤਾ ਜਾਣਾ ਚਾਹੀਦਾ ਹੈ। ਇਸ ਸਕੀਮ ਤਹਿਤ ਵਿਆਜ ਦੀ ਰਕਮ ਮੁਆਫ਼ ਕੀਤੀ ਜਾਣੀ ਚਾਹੀਦੀ ਹੈ ਅਤੇ ਕਰਜ਼ਦਾਰਾਂ ਤੋਂ ਆਸਾਨ ਕਿਸ਼ਤਾਂ ਵਿੱਚ ਮੂਲਧਨ ਰਕਮ ਵਸੂਲੀ ਜਾਣੀ ਚਾਹੀਦੀ ਹੈ ਤਾਂ ਜੋ ਕਿਸਾਨੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਬੈਂਕ ਦਾ ਕਰਜ਼ਾ ਦੇਣ ਅਤੇ ਕਿਸਾਨਾਂ ਦੀ ਕਰਜ਼ਾ ਲੈਣ ਦੀ ਪ੍ਰਕਿਰਿਆ ਨੂੰ ਮੁੜ-ਸੁਰਜੀਤ ਕੀਤਾ ਜਾ ਸਕੇ।

**ਅ)** PADB ਨੂੰ ਹੋਰ ਸਹਿਕਾਰੀ ਬੈਂਕਾਂ ਦੇ ਬਰਾਬਰ ਸਮਝਿਆ ਜਾਣਾ ਚਾਹੀਦਾ ਹੈ। PADB ਵੱਲੋਂ ਕਿਸਾਨਾਂ ਨੂੰ ਕਰਜ਼ੇ ਦੇਣ ਦੀ ਯੋਗਤਾ 'ਤੇ ਪਾਬੰਦੀ ਲੱਗੀ ਹੋਈ ਹੈ ਪਰ ਇਸਨੂੰ ਖੇਤੀ ਕਰਜ਼ੇ ਦੇਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ।

7. **ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਦੁਆਰਾ ਬੁਨਿਆਦੀ ਢਾਂਚਾ ਵਿਕਾਸ**: ਸਹਿਕਾਰੀ ਸੁਸਾਇਟੀਆਂ ਨੂੰ ਕਿਸਾਨਾਂ ਦੀ ਉਪਜ ਦੇ ਭੰਡਾਰਨ ਲਈ ਕੋਲਡ ਸਟੋਰ, ਵਿਕੇਂਦਰੀਕ੍ਰਿਤ ਸਾਈਲੋਜ਼ ਅਤੇ ਵੇਅਰਹਾਊਸ ਆਦਿ ਹੋਰ ਸਹੂਲਤਾਂ ਵਿਕਸਿਤ ਕਰਨੀਆਂ ਚਾਹੀਦੀਆਂ ਹਨ। ਇਸ ਤੋਂ ਇਲਾਵਾ, ਸਹਿਕਾਰੀ ਖੇਤਰ ਨੂੰ ਪੈਟਰੋਲ ਪੰਪਾਂ ਵਰਗੀਆਂ ਸਹੂਲਤਾਂ ਦੀ ਸਥਾਪਨਾ ਕਰਕੇ ਕਿਸਾਨਾਂ ਲਈ ਹੋਰ ਖੇਤੀ-ਲਾਗਤ ਵਸਤਾਂ ਦੀ ਪੇਸ਼ਕਸ਼ ਵਜੋਂ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ। ਇਹਨਾਂ ਪਹਿਲਕਦਮੀਆਂ ਦੀ ਸਹੂਲਤ ਲਈ, ਹਰੇਕ ਸਹਿਕਾਰੀ ਸੁਸਾਇਟੀ ਨੂੰ ਘੱਟੋ-ਘੱਟ ਇੱਕ ਏਕੜ ਢੁੱਕਵੀਂ ਪੰਚਾਇਤੀ/ਸਰਕਾਰੀ ਜ਼ਮੀਨ ਅਲਾਟ ਕੀਤੀ ਜਾਵੇ, ਜਿਸ ਨਾਲ ਉਹ ਬੁਨਿਆਦੀ ਢਾਂਚੇ ਦੇ ਵਿਕਾਸ ਨਾਲ ਸੰਬੰਧਿਤ ਕੇਂਦਰੀ ਸਕੀਮਾਂ ਤੱਕ ਪਹੁੰਚ ਕਰ ਸਕਣ। ਇਸ ਮੰਤਵ ਲਈ 'ਦੀ ਪੰਜਾਬ ਵਿਲੇਜ ਕਾਮਨ ਲੈਂਡ (ਰੈਗੂਲੇਸ਼ਨ) ਰੂਲਜ਼, 1964' ਵਿੱਚ ਸੋਧ ਕੀਤੀ ਜਾਣੀ ਚਾਹੀਦੀ ਹੈ।

# 13. ਖੇਤ ਮਜ਼ਦੂਰ ਅਤੇ ਪੇਂਡੂ ਦਸਤਕਾਰ

ਰਾਜ ਦੇ ਖੇਤੀ ਅਤੇ ਪੇਂਡੂ ਅਰਥਚਾਰੇ ਨੂੰ ਖੇਤ ਮਜ਼ਦੂਰਾਂ ਅਤੇ ਪੇਂਡੂ ਦਸਤਕਾਰਾਂ ਦੇ ਵੱਡਮੁਲੇ ਯੋਗਦਾਨ ਤੋਂ ਬਹੁਤ ਲਾਭ ਹੋਇਆ ਹੈ। ਅਕਸਰ ਹਰੀ ਕ੍ਰਾਂਤੀ ਦੌਰਾਨ ਖੇਤੀਬਾੜੀ ਦੀ ਸ਼ਾਨਦਾਰ ਸਫਲਤਾ ਲਈ ਵਿਆਪਕ ਤੌਰ ’ਤੇ ਖੇਤੀ ਮਸ਼ੀਨੀਕਰਨ ਅਪਣਾਏ ਜਾਣ ਨੂੰ ਮੁੱਖ ਕਾਰਕ ਵਜੋਂ ਦਰਸਾਇਆ ਜਾਂਦਾ ਹੈ, ਪਰ ਇਸ ਪ੍ਰਾਪਤੀ ਵਿੱਚ ਖੇਤ ਮਜ਼ਦੂਰਾਂ ਦੁਆਰਾ ਨਿਭਾਈ ਗਈ ਅਹਿਮ ਭੂਮਿਕਾ ਨੂੰ ਪਛਾਣਨਾ ਮਹੱਤਵਪੂਰਨ ਹੈ। ਖੇਤੀਬਾੜੀ ਵਿੱਚ ਖੇਤ ਮਜ਼ਦੂਰਾਂ ਦੀ ਇਤਿਹਾਸਕ ਭੂਮਿਕਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿਉਂਕਿ; ਬਿਜਾਈ, ਲੁਆਈ, ਗੁਡਾਈ ਅਤੇ ਵਾਢੀ ਆਦਿ ਸਾਰੀਆਂ ਮਹੱਤਵਪੂਰਨ ਖੇਤੀਬਾੜੀ ਗਤੀਵਿਧੀਆਂ ਉਹਨਾਂ ਦੁਆਰਾ ਕੀਤੀਆਂ ਗਈਆਂ ਹਨ। ਪੰਜਾਬ ਦੇ 99 ਲੱਖ ਕਾਮਿਆਂ ਵਿੱਚੋਂ ਇੱਕ-ਤਿਹਾਈ ਤੋਂ ਵੱਧ ਲੋਕ ਇਸ ਵੇਲੇ ਖੇਤੀਬਾੜੀ ਵਿੱਚ ਕਾਸ਼ਤਕਾਰ ਜਾਂ ਖੇਤ ਮਜ਼ਦੂਰ ਵਜੋਂ ਕੰਮ ਕਰ ਰਹੇ ਹਨ, ਜੋ ਕਿ ਰਾਸ਼ਟਰੀ ਔਸਤ (54.6%) ਨਾਲੋਂ ਬਹੁਤ ਘੱਟ ਹੈ। ਰਾਜ ਵਿੱਚ ਕੁੱਲ 35 ਲੱਖ ਖੇਤੀ ਕਾਮਿਆਂ ਵਿੱਚੋਂ, 15.8 ਲੱਖ (45%) ਖੇਤ ਮਜ਼ਦੂਰਾਂ ਵਜੋਂ ਕੰਮ ਕਰਦੇ ਹਨ। ਇਨ੍ਹਾਂ ਵਿੱਚੋਂ ਲਗਪਗ ਦੋ-ਤਿਹਾਈ ਖੇਤ ਮਜ਼ਦੂਰ ਅਨੁਸੂਚਿਤ ਜਾਤੀ ਸ਼੍ਰੇਣੀ (ਜਨਗਣਨਾ 2011) ਨਾਲ ਸਬੰਧਤ ਹਨ। ਇਹ ਇੱਕ ਉਹ ਸਮੂਹ ਹੈ ਜੋ ਰਵਾਇਤੀ ਤੌਰ ’ਤੇ ਰਾਜ ਦੀ ਜਾਤੀ ਸ਼੍ਰੇਣੀ ਵਿੱਚ ਸਭ ਤੋਂ ਹੇਠਲੇ ਪੱਧਰ ’ਤੇ ਸਥਿਤ ਹੈ ਅਤੇ ਕਈ ਸਮਾਜਿਕ-ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ।

ਖੇਤ ਮਜ਼ਦੂਰਾਂ ਲਈ ਸਭ ਤੋਂ ਵੱਡਾ ਮੁੱਦਾ, ਮਸ਼ੀਨੀਕਰਨ ਦੇ ਪ੍ਰਚਲਨ ਕਾਰਨ ਖੇਤੀਬਾੜੀ ਵਿੱਚ ਉਨ੍ਹਾਂ ਦੇ ਰੁਜਗਾਰ ਦੀ ਸੀਮਤ ਅਤੇ ਮੌਸਮੀ ਪ੍ਰਕਿਰਤੀ ਹੈ। ਇਸ ਦੇ ਨਤੀਜੇ ਵਜੋਂ ਪਿਛਲੇ ਸਾਲਾਂ ਦੌਰਾਨ ਖੇਤੀ ਖੇਤਰ ਵਿੱਚ ਨੌਕਰੀਆਂ ਦੀਆਂ ਸੰਭਾਵਨਾਵਾਂ ਘੱਟ ਹੋਈਆਂ ਹਨ ਜਿਸ ਨਾਲ ਕਾਫੀ ਮਨੁੱਖੀ ਸ਼ਕਤੀ ਵਿਹਲੀ ਹੋ ਗਈ ਹੈ। ਘੱਟ ਆਮਦਨੀ ਅਤੇ ਅਸੰਗਤ ਮਾਲੀ ਵਿਵਸਥਾ ਕਾਰਨ, ਉਨ੍ਹਾਂ ਲਈ ਆਪਣੇ ਬੱਚਿਆਂ ਦੀਆਂ ਉੱਚ ਸਿੱਖਿਆ ਦੀਆਂ ਲੋੜਾਂ ਨੂੰ ਪੂਰਾ ਕਰਨਾ ਚੁਣੌਤੀਪੂਰਨ ਬਣ ਗਿਆ ਹੈ ਅਤੇ ਨਤੀਜੇ ਵਜੋਂ, ਉਹ ਗਰੀਬੀ ਦੇ ਕੁਚੱਕਰ ਵਿੱਚ ਫਸ ਗਏ ਹਨ। ਇਸ ਤੋਂ ਇਲਾਵਾ, ਬੈਂਕਾਂ ਅਤੇ ਹੋਰ ਵਿੱਤੀ ਸੰਸਥਾਵਾਂ ਤੋਂ ਰਸਮੀ ਕਰਜ਼ੇ ਤੱਕ ਪਹੁੰਚ ਦੀ ਘਾਟ ਉਨ੍ਹਾਂ ਨੂੰ ਕਰਜ਼ਈ ਹੋਣ ਵੱਲ ਧੱਕ ਰਹੀਆਂ ਹਨ ਕਿਉਂਕਿ ਗੈਰ-ਸੰਸਥਾਗਤ ਕਰਜ਼ੇ ਦੇ ਸਰੋਤਾਂ ਦੀਆਂ ਬਹੁਤ ਉੱਚੀਆਂ ਵਿਆਜ ਦਰਾਂ ਹਨ। ਸਮਾਜਿਕ ਅਤੇ ਆਰਥਿਕ ਅਸਮਾਨਤਾਵਾਂ ਤੋਂ ਇਲਾਵਾ, ਖੇਤ ਮਜ਼ਦੂਰਾਂ ਨੂੰ ਸਮਾਜਿਕ ਸੁਰੱਖਿਆ ਦੀ ਘਾਟ ਅਤੇ ਅਣ-ਉਚਿਤ ਕਿਰਤ ਅਭਿਆਸਾਂ ਜਿਵੇਂ ਕਿ ਜਿਆਦਾ ਘੰਟੇ ਕੰਮ ਕਰਨਾ, ਕੰਮ ਦੀਆਂ ਅਸੁਰੱਖਿਅਤ ਸਥਿਤੀਆਂ ਆਦਿ ਨਾਲ ਵੀ ਨਜਿੱਠਣਾ ਪੈਂਦਾ ਹੈ। ਇਹ ਚੁਣੌਤੀਆਂ ਰਾਜ ਦੇ ਅੰਦਰ ਸਮਾਜਿਕ-ਆਰਥਿਕ ਤੰਗੀਆਂ ਦੇ ਕਾਰਨ ਵੱਡੀ ਗਿਣਤੀ ਵਿੱਚ ਖੇਤ ਮਜ਼ਦੂਰ ਦੀਆਂ ਖੁਦਕੁਸ਼ੀਆਂ ਦਾ ਕਾਰਨ ਬਣਦੀਆਂ ਹਨ। ਸਾਲ 2000 ਅਤੇ 2018 ਦੇ ਵਿਚਕਾਰ ਰਾਜ ਦੇ ਛੇ ਜ਼ਿਲ੍ਹਿਆਂ ਵਿੱਚ ਕੁੱਲ 16,594 ਖੁਦਕੁਸ਼ੀ ਦੇ ਮਾਮਲੇ ਦਰਜ ਕੀਤੇ ਗਏ ਸਨ। ਇਹਨਾਂ ਮਾਮਲਿਆਂ ਵਿੱਚ 9291 (56%) ਕਿਸਾਨ ਸਨ, ਜਦੋਂ ਕਿ 7303 (44%) ਖੇਤ ਮਜ਼ਦੂਰ ਸਨ। ਜਿਕਰਯੋਗ ਹੈ ਕਿ ਕਿਸਾਨ ਪਰਿਵਾਰਾਂ ਦੇ ਮੁਕਾਬਲੇ ਮਜ਼ਦੂਰ ਪਰਿਵਾਰਾਂ ਦੀਆਂ ਔਰਤਾਂ ਜ਼ਿਆਦਾ ਪੀੜਤ ਹਨ ਕਿਉਂਕਿ ਮਜ਼ਦੂਰ ਪਰਿਵਾਰਾਂ ਦੇ ਕੁੱਲ ਖੁਦਕੁਸ਼ੀ ਪੀੜਤਾਂ ਵਿੱਚੋਂ 12.43 ਫੀਸਦੀ ਔਰਤਾਂ ਸਨ ਜਦੋਂਕਿ ਕਿਸਾਨ ਪਰਿਵਾਰਾਂ ਦੀਆਂ ਖੁਦਕੁਸ਼ੀਆਂ ਵਿੱਚ ਔਰਤਾਂ ਦੀ ਗਿਣਤੀ 8.2 ਫੀਸਦੀ ਸੀ (Singh et. al, 2020)।

ਪੇਂਡੂ ਦਸਤਕਾਰਾਂ ਨੇ ਰਾਜ ਦੇ ਖੇਤੀ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਹ ਦਸਤਕਾਰ ਰਵਾਇਤੀ ਕਾਰੀਗਰੀ ਦੇ ਰਖਵਾਲੇ ਰਹੇ ਹਨ, ਜਿਨ੍ਹਾਂ ਨੇ ਖੇਤੀਬਾੜੀ ਲਈ ਜ਼ਰੂਰੀ ਸੰਦਾਂ ਅਤੇ ਉਪਕਰਨਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਦਾ ਉਤਪਾਦਨ ਕੀਤਾ। ਉਨ੍ਹਾਂ ਨੇ ਹਰ ਖੇਤਰ ਦੀ ਖੇਤੀਬਾੜੀ ਦੀਆਂ ਖਾਸ ਲੋੜਾਂ ਦੇ ਅਨੁਸਾਰ ਹਲ, ਦਾਤਰੀ, ਗੱਡੇ, ਅਤੇ ਹੋਰ ਸੰਦ ਤਿਆਰ ਕੀਤੇ। ਖੂਹ, ਨਹਿਰਾਂ ਅਤੇ ਵਾਟਰ ਪੰਪਾਂ ਸਮੇਤ ਸਿੰਚਾਈ ਪ੍ਰਣਾਲੀਆਂ ਦੇ ਨਿਰਮਾਣ ਅਤੇ ਰੱਖ-ਰਖਾਅ ਵਿੱਚ ਵੀ ਪੇਂਡੂ ਦਸਤਕਾਰਾਂ ਦੀ ਅਹਿਮ ਭੂਮਿਕਾ ਰਹੀ ਹੈ। ਹਾਲਾਂਕਿ, ਇਹ ਵਰਗ

ਅਜੋਕੇ ਸਮੇਂ ਵਿੱਚ ਆਪਣੀਆਂ ਸੇਵਾਵਾਂ/ਉਤਪਾਦਾਂ ਦੀ ਘੱਟ ਮੰਗ ਹੋਣ ਕਾਰਨ ਆਰਥਿਕ ਤੰਗੀ ਦਾ ਸਾਹਮਣਾ ਕਰ ਰਿਹਾ ਹੈ। ਇਹ ਬਹੁਤ ਸਾਰੇ ਕਾਰਕਾਂ ਦੇ ਕਾਰਨ ਹੋਇਆ ਹੈ, ਜਿਸ ਵਿੱਚ ਹੱਥ ਨਾਲ ਤਿਆਰ ਕੀਤੇ ਜਾਣ ਵਾਲੇ ਸੰਦਾਂ ਦੀ ਤਕਨੀਕੀ ਅਪ੍ਰਚਲਤਾ, ਮਸ਼ੀਨੀਕਰਨ ਅਤੇ ਕਿਸਾਨਾਂ ਦੀ ਮੰਡੀਆਂ ਤੱਕ ਪਹੁੰਚ ਵਿੱਚ ਵਾਧਾ ਸ਼ਾਮਿਲ ਹਨ। ਨਤੀਜੇ ਵਜੋਂ, ਬਹੁਤ ਸਾਰੇ ਪੇਂਡੂ ਦਸਤਕਾਰ ਜਾਂ ਤਾਂ ਆਪਣੀ ਮੁਹਾਰਤ ਦੇ ਅਧਾਰ ’ਤੇ ਛੋਟੀਆਂ ਦੁਕਾਨਾਂ/ਕਾਰੋਬਾਰ ਸਥਾਪਿਤ ਕਰਨ ਲਈ ਨੇੜਲੇ ਕਸਬਿਆਂ/ਸ਼ਹਿਰਾਂ ਵਿੱਚ ਚਲੇ ਗਏ ਜਾਂ ਖੇਤੀ ਅਤੇ ਉਦਯੋਗਿਕ ਮਜ਼ਦੂਰਾਂ ਵਿੱਚ ਤਬਦੀਲ ਹੋ ਗਏ ਹਨ। ਇਹਨਾਂ ਮੁੱਦਿਆਂ ਨੂੰ ਹੱਲ ਕਰਨ ਅਤੇ ਪੇਂਡੂ ਦਸਤਕਾਰਾਂ ਦਾ ਸਮਰਥਨ ਕਰਨ ਲਈ ਇੱਕ ਪ੍ਰਭਾਵਸ਼ਾਲੀ ਨੀਤੀਗਤ ਪਹੁੰਚ ਦੀ ਲੋੜ ਹੈ।

ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ 2005 (ਮਨਰੇਗਾ ਸਕੀਮ), ਹੁਨਰਮੰਦ ਅਤੇ ਗੈਰ-ਹੁਨਰਮੰਦ ਦੋਵੇਂ ਤਰ੍ਹਾਂ ਦੇ ਪੇਂਡੂ ਮਜ਼ਦੂਰਾਂ ਲਈ ਰੁਜ਼ਗਾਰ ਦੇ ਪ੍ਰਬੰਧ ਦਾ ਇੱਕ ਮਹੱਤਵਪੂਰਨ ਸਾਧਨ ਹੈ। ਪੰਜਾਬ ਵਿੱਚ, ਮਨਰੇਗਾ ਸਕੀਮ ਤਹਿਤ 27 ਲੱਖ ਤੋਂ ਵੱਧ ਮਜ਼ਦੂਰ ਰਜਿਸਟਰਡ ਹਨ ਪਰ ਸਿਰਫ਼ 15 ਲੱਖ ਮਜ਼ਦੂਰ (54.8%) ਹੀ ਸਰਗਰਮੀ ਨਾਲ ਹਿੱਸਾ ਲੈ ਰਹੇ ਹਨ। ਸਾਲ 2022-23 ਦੌਰਾਨ, ਮਨਰੇਗਾ ਸਕੀਮ ਤਹਿਤ ਰਾਜ ਵਿੱਚ 321.1 ਲੱਖ ਦਿਨ ਰੁਜਗਾਰ ਪ੍ਰਦਾਨ ਕੀਤਾ ਗਿਆ ਅਤੇ ਪ੍ਰਤੀ ਪਰਿਵਾਰ ਔਸਤਨ ਰੁਜ਼ਗਾਰ 37.97 ਦਿਨ ਪ੍ਰਤੀ ਸਾਲ ਸੀ। ਸਿਰਫ਼ 13,534 ਪਰਿਵਾਰਾਂ ਨੂੰ 100 ਦਿਨਾਂ ਦੀ ਮਜ਼ਦੂਰੀ ਮੁਹੱਈਆ ਕਰਵਾਈ ਗਈ। ਮਨਰੇਗਾ ਸਕੀਮ ਤਹਿਤ ਪੇਂਡੂ ਮਜ਼ਦੂਰਾਂ ਨੂੰ ਰੁਜ਼ਗਾਰ ਦੇਣ ਦੀ ਵੱਡੀ ਸੰਭਾਵਨਾ ਹੈ।

ਮਜ਼ਦੂਰ ਵਰਗ ਦੀ ਭਲਾਈ ਲਈ ਨੀਤੀਗਤ ਦਖਲਅੰਦਾਜ਼ੀ, ਆਮਦਨ ਵਿੱਚ ਵਾਧਾ, ਖੇਤੀ ਅਤੇ ਗੈਰ-ਖੇਤੀ ਰੁਜ਼ਗਾਰ ਸਿਰਜਣਾ, ਸੰਸਥਾਗਤ ਕਰਜ਼ੇ ਤੱਕ ਬਿਹਤਰ ਪਹੁੰਚ ਅਤੇ ਸਮਾਜਿਕ ਸੁਰੱਖਿਆ ਦੇ ਪ੍ਰਬੰਧਾਂ ਸਮੇਤ ਬਹੁ-ਪੱਖੀ ਰਣਨੀਤੀ ਦੀ ਤੁਰੰਤ ਲੋੜ ਹੈ।

**ਨੀਤੀ ਸੰਬੰਧੀ ਸਿਫ਼ਾਰਿਸ਼ਾਂ**

1. **ਪੈਨਸ਼ਨ ਯੋਜਨਾ**: ਖੇਤ ਮਜ਼ਦੂਰਾਂ ਨੇ ਖੇਤੀ ਆਰਥਿਕਤਾ ਵਿੱਚ ਵੱਡਾ ਯੋਗਦਾਨ ਪਾ ਕੇ ਆਧੁਨਿਕ ਸਮਾਜ ਦਾ ਨਿਰਮਾਣ ਕੀਤਾ ਹੈ। ਹਾਲਾਂਕਿ, ਉਨ੍ਹਾਂ ਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਰਿਹਾ ਹੈ ਅਤੇ ਉਹ ਇੱਕ ਵਾਂਝਾ ਵਰਗ ਬਣ ਕੇ ਰਹਿ ਗਿਆ ਹੈ। ਸਮਾਜ ਤੋਂ ਨਿੱਖੜ ਚੁੱਕੇ ਇਨ੍ਹਾਂ ਕਾਮਿਆਂ ਦੇ ਬੁਢਾਪੇ ਦੇ ਸਹਾਰੇ ਵਜੋਂ ਇਨ੍ਹਾਂ ਨੂੰ ਪੈਨਸ਼ਨ ਯੋਜਨਾ ਸਕੀਮ ਮੁਹੱਈਆ ਕਰਨੀ ਚਾਹੀਦੀ ਹੈ। ਖੇਤ ਮਜ਼ਦੂਰਾਂ ਨੂੰ 60 ਸਾਲ ਦੀ ਉਮਰ ’ਤੇ ਪਹੁੰਚਣ ’ਤੇ ਸਰਕਾਰ ਵੱਲੋਂ ਉਨ੍ਹਾਂ ਨੂੰ ਮਿਹਨਤ ਦੇ ਇਨਾਮ ਵਜੋਂ ਪੈਨਸ਼ਨ ਕਵਰੇਜ ਮਿਲਣੀ ਚਾਹੀਦੀ ਹੈ।
2. **ਮਜ਼ਦੂਰਾਂ ਦੀ ਰਜਿਸਟ੍ਰੇਸ਼ਨ**: ਰਾਜ ਵਿੱਚ ਖੇਤ ਮਜ਼ਦੂਰਾਂ ਅਤੇ ਪੇਂਡੂ ਦਸਤਕਾਰਾਂ ਲਈ ਰਜਿਸਟ੍ਰੇਸ਼ਨ ਦੀ ਕੋਈ ਪ੍ਰਣਾਲੀ ਨਹੀਂ ਹੈ। ਸਿੱਟੇ ਵਜੋਂ ਅਕਸਰ ਇਹ ਕਾਮੇ ਸਰਕਾਰ ਦੁਆਰਾ ਐਲਾਨੀਆਂ ਜਾਂਦੀਆਂ ਬਹੁਤ ਸਾਰੀਆਂ ਸਕੀਮਾਂ ਜਿਵੇਂ ਕਿ ਕਰਜ਼ਿਆਂ ਤੱਕ ਪਹੁੰਚ, ਉਜ਼ਰਤਾਂ, ਅਤੇ ਖੁਦਕੁਸ਼ੀਆਂ, ਖੇਤੀ ਹਾਦਸਿਆਂ ਅਤੇ ਫ਼ਸਲਾਂ ਦੇ ਖਰਾਬ ਹੋਣ ਦੀ ਸਥਿਤੀ ਵਿੱਚ ਐਲਾਨੇ ਮੁਆਵਜ਼ਿਆਂ ਤੋਂ ਵਾਂਝੇ ਰਹਿ ਜਾਂਦੇ ਹਨ। ਸੋ ਇਨ੍ਹਾਂ ਕਾਮਿਆਂ ਦੀ ਰਜਿਸਟ੍ਰੇਸ਼ਨ ਹੋਣੀ ਲਾਜ਼ਮੀ ਹੈ ਤਾਂ ਜੋ ਇਹ ਕਾਮੇ ਵੱਖ-ਵੱਖ ਸਰਕਾਰੀ ਸਕੀਮਾਂ ਦਾ ਲਾਭ ਲੈ ਸਕਣ।
3. **ਮਨਰੇਗਾ ਰੁਜ਼ਗਾਰ ਵਿੱਚ ਵਾਧਾ**: ਮਨਰੇਗਾ ਸਕੀਮ ਰਾਹੀਂ ਖੇਤ ਮਜ਼ਦੂਰਾਂ ਦੀ ਆਰਥਿਕ ਸਥਿਤੀ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਇਸ ਲਈ ਮਨਰੇਗਾ ਸਕੀਮ ਦੇ ਤਹਿਤ 100 ਦਿਨਾਂ ਦੇ ਲਾਜ਼ਮੀ ਕੰਮ ਨੂੰ ਵਧਾ ਕੇ 200 ਦਿਨ ਕੀਤਾ ਜਾਣਾ ਚਾਹੀਦਾ ਹੈ। ਰਾਜ ਸਰਕਾਰ ਨੂੰ ਇਸ ਮਾਮਲੇ ਲਈ ਕੇਂਦਰ ਸਰਕਾਰ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਮੌਜੂਦਾ ਸਮੇਂ ਮਨਰੇਗਾ ਸਕੀਮ ਦੇ ਤਹਿਤ ਪ੍ਰਤੀ ਘਰ ਪ੍ਰਤੀ ਸਾਲ ਔਸਤਨ 38 ਦਿਨ ਦਾ ਰੁਜ਼ਗਾਰ ਦਿੱਤਾ ਜਾ ਰਿਹਾ ਹੈ, ਜਿਸ ਵਿੱਚ ਵਿਸ਼ੇਸ਼ ਉਪਰਾਲਿਆਂ ਜਿਵੇਂ ਕਿ ਪ੍ਰੋਜੈਕਟ ਰਿਪੋਰਟਾਂ ਤਿਆਰ ਕਰਕੇ, ਜੌਬ ਕਾਰਡਾਂ ਨੂੰ ਨਵਿਆ ਕੇ ਆਦਿ ਰਾਹੀਂ ਘੱਟੋ-ਘੱਟ ਪੰਜ ਗੁਣਾਂ ਵਾਧਾ ਕੀਤਾ ਜਾਣਾ ਚਾਹੀਦਾ ਹੈ। ਮਨਰੇਗਾ ਸਕੀਮ ਦੇ ਕਾਮਿਆਂ ਨੂੰ ਪੇਂਡੂ

ਵਿਕਾਸ ਅਤੇ ਪੰਚਾਇਤ, ਖੇਤੀਬਾੜੀ/ਬਾਗਬਾਨੀ ਅਤੇ ਹੋਰ ਵਿਭਾਗਾਂ ਦੇ ਤਾਲਮੇਲ ਅਤੇ ਯਤਨਾਂ ਨਾਲ ਵਿਕਾਸ ਦੀਆਂ ਗਤੀਵਿਧੀਆਂ, ਖਾਸ ਤੌਰ 'ਤੇ ਪੌਦੇ ਲਗਾਉਣ, ਜ਼ਮੀਨੀ ਸੁਧਾਰ ਆਦਿ ਵਿੱਚ ਲਗਾਇਆ ਜਾਣਾ ਚਾਹੀਦਾ ਹੈ।

4. **ਉਧਾਰ/ਕਰਜ਼ਾ: ੳ)** ਖੇਤ ਮਜ਼ਦੂਰਾਂ, ਠੇਕੇ 'ਤੇ ਵਾਹੀ ਕਰਦੇ ਕਿਸਾਨਾਂ, ਅਤੇ ਪੇਂਡੂ ਦਸਤਕਾਰਾਂ ਨੂੰ ਮੁੱਢਲੀਆਂ ਖੇਤੀ ਸਹਿਕਾਰੀ ਸੁਸਾਇਟੀਆਂ (PACS) ਜਾਂ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ (MPCS) ਵਿੱਚ ਮੈਂਬਰਾਂ ਵਜੋਂ ਸ਼ਾਮਿਲ ਕਰਕੇ ਸਸਤੇ ਕਰਜ਼ੇ ਦੀ ਉਪਲਬਧਤਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਸਹਿਕਾਰੀ ਅਦਾਰੇ/ਸੁਸਾਇਟੀਆਂ ਦੀ ਵਿੱਤੀ ਹਾਲਤ ਨੂੰ ਠੀਕ ਰੱਖਣ ਲਈ ਰਾਜ ਸਰਕਾਰ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

   **ਅ)** ਖੇਤ ਮਜ਼ਦੂਰਾਂ ਲਈ ਯਕਮੁਸ਼ਤ ਕਰਜ਼ਾ ਨਿਪਟਾਰਾ ਯੋਜਨਾ ਸਥਾਪਿਤ ਕਰਨ ਦੀ ਜ਼ਰੂਰਤ ਹੈ। ਗੈਰ-ਸੰਸਥਾਗਤ ਸਰੋਤਾਂ ਤੋਂ ਲਏ ਗਏ ਕਰਜ਼ਿਆਂ ਦੀ ਅਦਾਇਗੀ ਕਰਨ ਲਈ, 'ਕਰਜ਼ਦਾਰਾਂ ਦੇ ਕਰਜ਼ੇ ਦੀ ਅਦਲਾ-ਬਦਲੀ' ਸਕੀਮ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਇਹਨਾਂ ਕਾਮਿਆਂ ਵੱਲੋਂ ਲਏ ਗਏ ਗੈਰ-ਸੰਸਥਾਗਤ ਕਰਜ਼ੇ ਨੂੰ ਸੰਸਥਾਗਤ ਕਰਜ਼ੇ ਵਿੱਚ ਤਬਦੀਲ ਕੀਤਾ ਜਾ ਸਕੇ। ਇਸ ਤੋਂ ਇਲਾਵਾ, ਮਾਈਕ੍ਰੋਫਾਈਨੈਂਸ ਕੰਪਨੀਆਂ ਲਈ ਵਿਆਜ ਦਰਾਂ 'ਤੇ ਇੱਕ ਸੀਮਾ ਸਥਾਪਿਤ ਕਰਕੇ ਇਹ ਯਕੀਨੀ ਬਣਾਇਆ ਜਾਵੇ ਕਿ ਉਹ ਜਨਤਕ ਖੇਤਰ ਦੇ ਬੈਂਕਾਂ ਵੱਲੋਂ ਲਈ ਜਾਂਦੀ ਵਿਆਜ ਦਰ ਨਾਲੋਂ ਇੱਕ ਪ੍ਰਤੀਸ਼ਤ ਤੋਂ ਵੱਧ ਵਿਆਜ ਨਾ ਵਸੂਲਣ।

5. **ਖੁਦਕੁਸ਼ੀ ਮੁਆਵਜ਼ਾ: ੳ)** ਖੇਤ ਮਜ਼ਦੂਰਾਂ/ਪੇਂਡੂ ਦਸਤਕਾਰਾਂ ਦੇ ਖੁਦਕੁਸ਼ੀ ਪੀੜਤ ਪਰਿਵਾਰਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ ਅਤੇ ਇਸਦੇ ਨਾਲ ਹੀ ਉਨ੍ਹਾਂ ਦਾ ਪੂਰਾ ਸੰਸਥਾਗਤ ਕਰਜ਼ਾ ਮੁਆਫ ਕੀਤਾ ਜਾਣਾ ਚਾਹੀਦਾ ਹੈ। ਖੁਦਕੁਸ਼ੀ ਪੀੜਤ ਦੇ ਪਰਿਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ ਅਤੇ ਉਨ੍ਹਾਂ ਦੇ ਬੱਚਿਆਂ ਲਈ ਮੁਫ਼ਤ ਸਿੱਖਿਆ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

   **ਅ)** ਖੁਦਕੁਸ਼ੀ ਪੀੜਤ ਪਰਿਵਾਰਾਂ ਦੀਆਂ ਔਰਤਾਂ ਜਾਂ ਪਰਿਵਾਰਕ ਮੈਂਬਰਾਂ ਨੂੰ ਪਛਾਣ ਪੱਤਰ ਜਾਰੀ ਕੀਤੇ ਜਾਣ ਤਾਂ ਜੋ ਉਹ ਸਾਰੀਆਂ ਸਰਕਾਰੀ ਸਕੀਮਾਂ ਦਾ ਪਹਿਲ ਦੇ ਅਧਾਰ 'ਤੇ ਲਾਭ ਲੈ ਸਕਣ।

   **ੲ)** ਪਿੰਡ ਦੇ ਸਰਪੰਚ ਦੀ ਤਸਦੀਕੀਕਰਨ ਰਾਹੀਂ ਖੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਤੁਰੰਤ ਮੁਆਵਜ਼ਾ ਦੇਣਾ ਯਕੀਨੀ ਬਣਾਇਆ ਜਾਵੇ। ਅਜਿਹਾ ਇਸ ਲਈ ਜ਼ਰੂਰੀ ਹੈ ਕਿਉਂਕਿ ਖੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਕੁਝ ਹਾਲਤਾਂ ਵਿੱਚ, ਲੋੜੀਂਦੇ ਦਸਤਾਵੇਜ਼ਾਂ, ਜਿਵੇਂ ਕਿ ਪੋਸਟਮਾਰਟਮ ਰਿਪੋਰਟਾਂ, ਕ੍ਰੈਡਿਟ ਰਿਕਾਰਡ ਆਦਿ ਦੀ ਘਾਟ ਕਾਰਨ ਸਰਕਾਰ ਤੋਂ ਮੁਆਵਜ਼ਾ ਲੈਣ ਵਿੱਚ ਮੁਸ਼ਕਲਾਂ ਆਉਂਦੀਆਂ ਹਨ।

6. **ਸਿਹਤ ਸੰਭਾਲ ਅਤੇ ਮੁਆਵਜ਼ਾ: ੳ)** ਖੇਤ ਮਜ਼ਦੂਰਾਂ/ਪੇਂਡੂ ਦਸਤਕਾਰਾਂ ਨੂੰ ਮੁਫ਼ਤ ਸਿਹਤ ਸੰਭਾਲ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ। ਖੇਤ ਹਾਦਸੇ ਕਾਰਨ ਕਿਸੇ ਮਜ਼ਦੂਰ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ ਪਰਿਵਾਰ ਨੂੰ ਪੰਜ ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ। ਖੇਤੀ ਹਾਦਸਿਆਂ ਕਾਰਨ ਅਪੰਗਤਾ ਹੋਣ ਦੀ ਸੂਰਤ ਵਿੱਚ ਅਪੰਗਤਾ ਦੀ ਸਥਿਤੀ ਅਨੁਸਾਰ ਮੁਆਵਜ਼ਾ ਦਿੱਤਾ ਜਾਵੇ।

   **ਅ)** ਕੁਦਰਤੀ ਆਫ਼ਤਾਂ ਕਾਰਨ ਫ਼ਸਲ ਦਾ ਨੁਕਸਾਨ ਹੋਣ ਦੀ ਸਥਿਤੀ ਵਿੱਚ, ਖੇਤ ਮਜ਼ਦੂਰਾਂ/ਪੇਂਡੂ ਦਸਤਕਾਰਾਂ ਨੂੰ ਪ੍ਰਭਾਵਿਤ ਖੇਤਰ ਨੂੰ ਦਿੱਤੇ ਗਏ ਫ਼ਸਲ ਦੇ ਨੁਕਸਾਨ ਦੇ ਮੁਆਵਜ਼ੇ ਦਾ 15 ਪ੍ਰਤੀਸ਼ਤ ਦਿੱਤਾ ਜਾਣਾ ਚਾਹੀਦਾ ਹੈ। ਮੁਆਵਜ਼ੇ ਦੀ ਇਹ ਵੰਡ ਫ਼ਸਲਾਂ ਦੇ ਖਰਾਬ ਹੋਣ ਕਾਰਨ ਇਨ੍ਹਾਂ ਮਜ਼ਦੂਰਾਂ ਦੀ ਰੋਜ਼ੀ-ਰੋਟੀ ਦੇ ਨੁਕਸਾਨ ਦੀ ਭਰਪਾਈ ਲਈ ਹੋਣੀ ਚਾਹੀਦੀ ਹੈ।

7. **ਜ਼ਮੀਨ ਤੱਕ ਪਹੁੰਚ**: ਪੰਚਾਇਤੀ ਜ਼ਮੀਨ ਅਤੇ ਹੋਰ ਸਾਂਝੀਆਂ ਜ਼ਮੀਨਾਂ ਦਾ ਇੱਕ-ਤਿਹਾਈ ਹਿੱਸਾ ਖੇਤ ਮਜ਼ਦੂਰਾਂ ਨੂੰ ਠੇਕੇ 'ਤੇ ਦਿੱਤਾ ਜਾਣਾ ਚਾਹੀਦਾ ਹੈ। ਇਹ ਜ਼ਮੀਨ ਸਹਿਕਾਰੀ ਖੇਤੀ ਅਧੀਨ ਏਕੀਕ੍ਰਿਤ/ਸੰਯੁਕਤ ਖੇਤੀ ਪ੍ਰਣਾਲੀ (IFS) ਲਈ ਹੋਣੀ ਚਾਹੀਦੀ ਹੈ।

8. **ਏਕੀਕ੍ਰਿਤ ਆਮਦਨ**: ਖੇਤ ਮਜ਼ਦੂਰਾਂ ਨੂੰ ਏਕੀਕ੍ਰਿਤ ਪਹੁੰਚ ਰਾਹੀਂ ਆਪਣੀ ਕਮਾਈ ਵਧਾਉਣ ਦੇ ਮੌਕੇ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ। ਮਜ਼ਦੂਰਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਵੱਖ-ਵੱਖ ਹੁਨਰਾਂ, ਜਿਨ੍ਹਾਂ ਵਿੱਚ ਆਟੋਮੋਬਾਈਲ/ਕੰਪਿਊਟਰ/ਫ਼ੋਨ/ਟੀਵੀ ਰਿਪੇਅਰ, ਪਲੰਬਿੰਗ, ਤਰਖਾਣ ਅਤੇ ਹੇਅਰ ਡਰੈਸਿੰਗ ਆਦਿ ਸ਼ਾਮਿਲ ਹੋਣ, ਵਿੱਚ ਸਿਖਲਾਈ ਪ੍ਰਾਪਤ ਕਰਵਾਈ ਜਾਣੀ ਚਾਹੀਦੀ ਹੈ। ਸਿਲਾਈ, ਕਢਾਈ, ਬਾਲ/ਔਰਤਾਂ ਦੀ ਸਿਹਤ ਸੰਭਾਲ ਸੇਵਾਵਾਂ ਆਦਿ ਵਰਗੇ ਨਾਰੀ-ਕੇਂਦ੍ਰਿਤ ਹੁਨਰਾਂ ਨੂੰ ਉਤਸ਼ਾਹਿਤ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਅਜਿਹੀ ਸਿਖਲਾਈ ਦੇ ਪ੍ਰਬੰਧ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਵਿਖੇ ਕੀਤੇ ਜਾਣੇ ਚਾਹੀਦੇ ਹਨ। ਇਸ ਤੋਂ ਇਲਾਵਾ, ਇਨ੍ਹਾਂ ਯਤਨਾਂ ਲਈ ਕਿਫਾਇਤੀ ਕਰਜ਼ੇ ਦੀ ਸੁਵਿਧਾਜਨਕ ਪਹੁੰਚ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ।

# 14. ਖੇਤੀਬਾੜੀ ਵਿੱਚ ਔਰਤਾਂ

ਆਰਥਿਕ ਅਤੇ ਸਮਾਜਿਕ ਨੀਤੀਆਂ ਤਿਆਰ ਅਤੇ ਲਾਗੂ ਕਰਨ ਵਿੱਚ ਔਰਤਾਂ ਦੇ ਦ੍ਰਿਸ਼ਟੀਕੋਣਾਂ ਨੂੰ ਸਿਰਫ ਤਾਂ ਹੀ ਸ਼ਾਮਿਲ ਕੀਤਾ ਜਾ ਸਕਦਾ ਹੈ, ਜੇਕਰ ਉਨ੍ਹਾਂ ਦੀ ਭੂਮਿਕਾ ਨੂੰ ਚੰਗੀ ਤਰ੍ਹਾਂ ਸਮਝਿਆ ਜਾਵੇ। ਔਰਤਾਂ ਖੇਤੀਬਾੜੀ ਅਤੇ ਸਹਾਇਕ ਕਿੱਤਿਆਂ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ, ਜਿਸ ਵਿੱਚ ਫ਼ਸਲਾਂ ਦਾ ਉਤਪਾਦਨ, ਪਸ਼ੂ ਪਾਲਣ, ਬਾਗਬਾਨੀ, ਵਾਢੀ ਤੋਂ ਬਾਅਦ ਦੀਆਂ ਗਤੀਵਿਧੀਆਂ, ਖੇਤੀ-ਜੰਗਲਾਤ, ਮੱਛੀ ਪਾਲਣ ਆਦਿ ਸ਼ਾਮਿਲ ਹਨ। ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਔਰਤਾਂ ਦੀ ਗਿਣਤੀ ਲਗਪਗ 47 ਪ੍ਰਤੀਸ਼ਤ ਹੈ। ਪਰ ਸਮਾਜਿਕ ਅਤੇ ਹੋਰ ਰੁਕਾਵਟਾਂ ਕਾਰਨ ਕੰਮ-ਕਾਜੀ ਔਰਤਾਂ ਦੀ ਭਾਗੀਦਾਰੀ ਬਹੁਤ ਹੀ ਸੀਮਤ ਹੈ, ਖਾਸ ਕਰਕੇ ਪੇਂਡੂ ਖੇਤਰਾਂ ਵਿੱਚ। ਪਿੰਡਾਂ ਵਿੱਚ ਔਰਤਾਂ ਦੀ ਸਾਖਰਤਾ ਦਰ 65.8 ਪ੍ਰਤੀਸ਼ਤ ਹੈ, ਜਦੋਂ ਕਿ ਸ਼ਹਿਰੀ ਔਰਤਾਂ ਵਿੱਚ ਇਹ ਦਰ 79.2 ਪ੍ਰਤੀਸ਼ਤ ਹੈ। ਪੀਰੀਓਡਿਕ ਲੇਬਰ ਫੋਰਸ ਸਰਵੇਖਣ 2018-19 ਦੇ ਅਨੁਸਾਰ, ਪੰਜਾਬ ਵਿੱਚ ਮਹਿਲਾ ਕਾਮਿਆਂ ਦੀ ਭਾਗੀਦਾਰੀ ਦਰ 17.3 ਹੈ, ਜੋ ਕਿ ਕੌਮੀ ਔਸਤ 23.3 ਤੋਂ ਘੱਟ ਹੈ। ਨੀਤੀ ਨਿਰਮਾਤਾਵਾਂ ਨੂੰ ਖੇਤੀ ਕਾਰਜਾਂ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਸਪਸ਼ਟ ਰੂਪ ਵਿੱਚ ਸਮਝਣ ਵਿੱਚ ਅੰਕੜਿਆਂ ਦੀ ਘਾਟ ਵੱਡੀ ਰੁਕਾਵਟ ਪਾਉਂਦੀ ਹੈ।

ਪੰਜਾਬ ਵਿੱਚ ਖੇਤੀਬਾੜੀ ਵਿੱਚ ਮਸ਼ੀਨੀਕਰਨ ਨੇ ਪੇਂਡੂ ਔਰਤਾਂ ਲਈ ਖੇਤੀ ਰੁਜ਼ਗਾਰ ਦੇ ਮੌਕੇ ਬਹੁਤ ਘਟਾ ਦਿੱਤੇ ਹਨ। ਖੇਤੀਬਾੜੀ ਵਿੱਚ ਰੁਜ਼ਗਾਰ ਦੀ ਘਾਟ ਨੇ ਉਨ੍ਹਾਂ ਨੂੰ ਆਪਣੇ ਘਰਾਂ ਤੋਂ ਦੂਰ ਰੁਜ਼ਗਾਰ ਦੇ ਵਿਕਲਪਾਂ ਦੀ ਭਾਲ ਕਰਨ ਲਈ ਮਜਬੂਰ ਕੀਤਾ ਹੈ, ਜੋ ਕਿ ਪਹਿਲਾਂ ਤੋਂ ਹੀ ਸੀਮਤ ਹਨ। ਅਜਿਹੀ ਸਥਿਤੀ ਉਹਨਾਂ ਨੂੰ ਆਰਥਿਕ ਅਤੇ ਵਿੱਤੀ ਅਸੁਰੱਖਿਆ ਵੱਲ ਘਸੀਟਦੀ ਹੈ, ਜਿਸ ਨਾਲ ਪੇਂਡੂ ਔਰਤਾਂ ਸਥਾਨਕ ਮਾਈਕ੍ਰੋ-ਫਾਈਨਾਂਸ ਕੰਪਨੀਆਂ ਦੇ ਜਾਲ ਵਿੱਚ ਫਸ ਜਾਂਦੀਆਂ ਹਨ, ਜੋ ਭਾਰੀ ਵਿਆਜ ਦਰਾਂ ਲਗਾਕੇ ਉਹਨਾਂ ਦਾ ਸ਼ੋਸ਼ਣ ਕਰਦੀਆਂ ਹਨ। ਰੁਜ਼ਗਾਰ ਦੇ ਸੀਮਤ ਮੌਕੇ, ਰੁਜ਼ਗਾਰ ਦੀ ਅਸੁਰੱਖਿਆ ਅਤੇ ਮਹਿੰਗਾਈ ਦੀ ਲਗਾਤਾਰ ਵੱਧ ਰਹੀ ਦਰ, ਔਰਤਾਂ ਦੀ ਮਾਨਸਿਕ ਅਤੇ ਸਰੀਰਕ ਸਥਿਤੀ 'ਤੇ ਬੁਰਾ ਪ੍ਰਭਾਵ ਪਾਉਂਦੀ ਹੈ ਅਤੇ ਉਹਨਾਂ ਨੂੰ ਸਮਾਜ ਦਾ ਸ਼ੋਸ਼ਿਤ ਹਿੱਸਾ ਬਣਾਉਂਦੀ ਹੈ। ਇਸ ਤੋਂ ਇਲਾਵਾ ਜ਼ਿਆਦਾਤਰ ਪੇਂਡੂ ਔਰਤਾਂ, ਸਿਹਤ ਸਹੂਲਤਾਂ ਦੀ ਕਮੀ ਕਾਰਨ, ਅਨੀਮੀਆ ਅਤੇ ਹੋਰ ਚਿਰ ਸਥਾਈ (Chronic) ਬਿਮਾਰੀਆਂ ਤੋਂ ਵੀ ਪੀੜਤ ਹਨ।

ਮੌਜੂਦਾ ਖੇਤੀ ਸੰਕਟ ਦਾ ਵੱਡਾ ਖਮਿਆਜ਼ਾ ਕਿਸਾਨੀ ਪਰਿਵਾਰਾਂ ਦੀਆਂ ਔਰਤਾਂ ਨੂੰ ਝੱਲਣਾ ਪੈ ਰਿਹਾ ਹੈ। ਅਜਿਹੇ ਘਰਾਂ ਦੀਆਂ ਔਰਤਾਂ ਦੀਆਂ ਖੁਦਕੁਸ਼ੀਆਂ ਖੇਤੀ ਸੰਕਟ ਦੇ ਡੂੰਘੇ ਹੋਣ ਦਾ ਸੂਚਕ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਇੱਕ ਅਧਿਐਨ ਅਨੁਸਾਰ ਮਜ਼ਦੂਰ ਪਰਿਵਾਰਾਂ ਦੀਆਂ ਕੁੱਲ ਖੁਦਕੁਸ਼ੀਆਂ ਵਿੱਚ 12.43 ਫੀਸਦੀ ਔਰਤਾਂ ਅਤੇ ਕਿਸਾਨੀ ਪਰਿਵਾਰਾਂ ਦੀਆਂ ਕੁੱਲ ਖ਼ੁਦਕੁਸ਼ੀਆਂ ਵਿੱਚ 8.2 ਫੀਸਦੀ ਔਰਤਾਂ ਖੁਦਕੁਸ਼ੀਆਂ ਦਾ ਸ਼ਿਕਾਰ ਹੋਈਆਂ ਹਨ (Singh et.al, 2020)। ਇਹ ਖੁਦਕੁਸ਼ੀ ਪੀੜਤ ਪਰਿਵਾਰ ਗੰਭੀਰ ਮਨੋਵਿਗਿਆਨਕ ਪ੍ਰੇਸ਼ਾਨੀ ਦੇ ਨਾਲ-ਨਾਲ ਡਰ ਅਤੇ ਸਮਾਜਿਕ ਅਸੁਰੱਖਿਆ ਦੀ ਭਾਵਨਾ ਤੋਂ ਵੀ ਪੀੜਤ ਪਾਏ ਗਏ ਹਨ।

**ਨੀਤੀ ਸੰਬੰਧੀ ਸਿਫ਼ਾਰਿਸ਼ਾਂ**

1. **ਸਿੱਖਿਆ ਰਾਹੀਂ ਸਸ਼ਕਤੀਕਰਨ**: ਔਰਤਾਂ ਦੀ ਸਿੱਖਿਆ ਸਮੁੱਚੇ ਅਰਥਚਾਰੇ ਨੂੰ ਮਜ਼ਬੂਤ ਕਰਦੀ ਹੈ ਅਤੇ ਅਸਮਾਨਤਾ ਨੂੰ ਘਟਾਉਂਦੀ ਹੈ। ਸਰਕਾਰ ਨੂੰ ਸਾਰੀਆਂ ਲੜਕੀਆਂ/ਔਰਤਾਂ, ਖਾਸ ਕਰਕੇ ਸਮਾਜ ਦੇ ਕਮਜ਼ੋਰ ਵਰਗਾਂ ਲਈ ਸਿੱਖਿਆ ਨੂੰ ਲਾਜ਼ਮੀ ਬਣਾਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ। ਔਰਤਾਂ ਦਾ ਸਿੱਖਿਆ ਦੁਆਰਾ ਸਸ਼ਕਤੀਕਰਨ ਉਹਨਾਂ ਨੂੰ ਫੈਸਲੇ ਲੈਣ ਵਿੱਚ ਹਿੱਸਾ ਲੈਣ ਅਤੇ ਆਪਣੇ ਅਤੇ ਆਪਣੇ ਪਰਿਵਾਰਾਂ ਲਈ ਬਿਹਤਰ ਭਵਿੱਖ ਬਣਾਉਣ ਵਿੱਚ ਸਹਾਇਕ ਸਿੱਧ ਹੋ ਸਕਦਾ ਹੈ।

2. **ਪੈਨਸ਼ਨ ਯੋਜਨਾ**: ਛੋਟੇ ਕਿਸਾਨ ਅਤੇ ਖੇਤ ਮਜ਼ਦੂਰ ਪਰਿਵਾਰਾਂ ਦੀਆਂ ਔਰਤਾਂ ਲਈ 60 ਸਾਲ ਦੀ ਉਮਰ ਤੋਂ ਬਾਅਦ ਪੈਨਸ਼ਨ ਕਵਰੇਜ ਦੀਆਂ ਹੱਕਦਾਰ ਹੋਣੀਆਂ ਚਾਹੀਦੀਆਂ ਹਨ।

3. **ਆਤਮ-ਹੱਤਿਆ ਪੀੜਤ ਪਰਿਵਾਰ**: ਇੱਕ-ਤਿਹਾਈ ਪਰਿਵਾਰਾਂ ਨੇ ਖ਼ੁਦਕੁਸ਼ੀਆਂ ਕਾਰਨ ਆਪਣਾ ਇੱਕਲੌਤਾ ਰੋਟੀ ਕਮਾਉਣ ਵਾਲਾ ਮੈਂਬਰ ਗੁਆ ਦਿੱਤਾ ਹੈ ਅਤੇ ਇਸ ਲਈ ਇਨ੍ਹਾਂ ਪਰਿਵਾਰਾਂ ਨੂੰ ਆਪਣੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਲਈ ਕਠਨਾਈਆਂ ਵਿੱਚੋਂ ਗੁਜਰਨਾ ਪੈ ਰਿਹਾ ਹੈ। ਖੁਦਕੁਸ਼ੀਆਂ ਕਰਨ ਵਾਲੇ ਪਰਿਵਾਰਾਂ ਦੀਆਂ ਔਰਤਾਂ ਨੂੰ ਸਮਾਜਿਕ ਸੁਰੱਖਿਆ ਸਕੀਮਾਂ ਦਾ ਵਿਸ਼ੇਸ਼ ਪੈਕੇਜ ਦਿੱਤਾ ਜਾਣਾ ਚਾਹੀਦਾ ਹੈ। ਮਾਨਸਿਕ ਤਣਾਅ ਨੂੰ ਦੂਰ ਕਰਨ ਲਈ, ਅਜਿਹੀਆਂ ਔਰਤਾਂ ਨੂੰ ਵਿਸ਼ੇਸ਼ ਪੁਨਰਵਾਸ ਕੇਂਦਰ ਸਥਾਪਿਤ ਕਰਕੇ ਕਲੀਨੀਕਲ ਮਨੋਵਿਗਿਆਨੀ, ਸਲਾਹਕਾਰਾਂ ਅਤੇ ਮਾਨਸਿਕ ਸਿਹਤ ਪ੍ਰੈਕਟੀਸ਼ਨਰਾਂ ਰਾਹੀਂ ਮੁਫ਼ਤ ਸਹਾਇਤਾ ਮੁੱਹਈਆ ਕਰਵਾਉਣੀ ਚਾਹੀਦੀ ਹੈ। ਵੱਖ-ਵੱਖ ਸਰਕਾਰੀ ਸਕੀਮਾਂ ਵਿੱਚ ਪਹਿਲ ਦੇ ਅਧਾਰ 'ਤੇ ਲਾਭ ਦੇਣ ਲਈ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੀਆਂ ਔਰਤਾਂ ਨੂੰ ਸ਼ਨਾਖਤੀ ਕਾਰਡ ਜਾਰੀ ਕੀਤੇ ਜਾਣੇ ਚਾਹੀਦੇ ਹਨ।

4. **ਹੁਨਰ ਵਿਕਾਸ**: ਔਰਤਾਂ ਨੂੰ ਖੇਤੀ ਦੇ ਸਹਾਇਕ ਕਿੱਤਿਆਂ ਜਿਵੇਂ ਕਿ ਬੱਕਰੀ ਪਾਲਣ, ਰਿਵਾਇਤੀ ਪੋਲਟਰੀ, ਲਘੂ ਡੇਅਰੀ ਅਤੇ ਵੱਖ-ਵੱਖ ਘਰੇਲੂ ਗਤੀਵਿਧੀਆਂ ਜਿਵੇਂ ਕਿ ਸਿਲਾਈ, ਕਢਾਈ, ਆਦਿ ਲਈ ਨਵੀਨਤਮ ਤਕਨੀਕਾਂ ਬਾਰੇ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਦੇ ਗਿਆਨ ਦੇ ਨਾਲ-ਨਾਲ ਪਰਿਵਾਰਕ ਆਮਦਨ ਵਿੱਚ ਵੀ ਵਾਧਾ ਕੀਤਾ ਜਾ ਸਕੇ। ਸਫਲ ਮਹਿਲਾ ਕਿਸਾਨਾਂ ਅਤੇ ਉੱਦਮੀਆਂ ਦੇ ਹੁਨਰ ਅਤੇ ਸਮਰੱਥਾਵਾਂ ਨੂੰ ਆਖਰੀ ਪੱਧਰ ਤੱਕ ਦੀ ਪਹੁੰਚ ਦੇ ਪ੍ਰਸਾਰ ਵਰਕਰਾਂ (Last Mile Extension Worker) ਅਤੇ ਟ੍ਰੇਨਰਾਂ ਵਜੋਂ ਵਰਤ ਕੇ ਪੇਂਡੂ ਖੇਤਰ ਵਿੱਚ ਮਹਿਲਾ ਕਿਸਾਨਾਂ ਅਤੇ ਸੰਭਾਵੀ ਮਹਿਲਾ ਉੱਦਮੀਆਂ ਨੂੰ ਵਿਸਥਰ ਸੇਵਾਵਾਂ ਪ੍ਰਦਾਨ ਕਰਨ ਦੇ ਵੀ ਯਤਨ ਕੀਤੇ ਜਾਣੇ ਚਾਹੀਦੇ ਹਨ।

5. **ਕਰਜ਼ਾ ਸਹੂਲਤ: ੳ)** ਘੱਟ ਆਮਦਨੀ ਵਾਲੇ ਪਰਿਵਾਰਾਂ ਕੋਲ ਆਮ ਤੌਰ 'ਤੇ ਕਰਜ਼ੇ ਲੈਣ ਲਈ ਵਿੱਤੀ ਸੰਸਥਾਵਾਂ ਨੂੰ ਗਾਰੰਟੀ ਦੇਣ ਲਈ ਸੰਪੱਤੀ ਨਹੀਂ ਹੁੰਦੀ। ਇਸ ਲਈ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ (MPCS) ਪੇਂਡੂ ਔਰਤਾਂ ਨੂੰ ਵਿਅਕਤੀਗਤ ਜਾਂ ਸਮੂਹ ਗਾਰੰਟੀਆਂ ਦੇ ਅਧਾਰ 'ਤੇ ਕਰਜ਼ਾ ਪ੍ਰਦਾਨ ਕਰ ਸਕਦੀਆਂ ਹਨ।

   **ਅ)** ਪੇਂਡੂ ਔਰਤਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਸਰਕਾਰ ਨੂੰ ਸਥਾਨਕ ਮਾਈਕਰੋ-ਫਾਈਨਾਂਸ ਕੰਪਨੀਆਂ ਦੇ ਕੰਮਕਾਜ ਨੂੰ ਨਿਯਮਤ ਕਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ ਅਤੇ ਦੋਸ਼ੀ ਪਾਏ ਜਾਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

   **ੲ)** ਪੇਂਡੂ ਔਰਤਾਂ ਲਈ ਲਘੂ-ਉਧਾਰ ਪ੍ਰੋਗਰਾਮ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ ਜਿਸ ਵਿੱਚ ਜੋ ਔਰਤ ਆਪਣੇ ਘਰ ਜਾਂ ਭਾਈਚਾਰੇ ਦੇ ਅੰਦਰ ਛੋਟੇ ਉੱਦਮ ਸਥਾਪਿਤ ਕਰਨਾ ਚਾਹੁੰਦੀ ਹੈ, ਉਸ ਨੂੰ ਚਾਰ ਫ਼ੀਸਦੀ ਵਿਆਜ ਦਰ 'ਤੇ ਇੱਕ ਲੱਖ ਰੁਪਏ ਤੱਕ ਦੇ ਛੋਟੇ ਕਰਜ਼ੇ ਦਿੱਤੇ ਜਾਣੇ ਚਾਹੀਦੇ ਹਨ ਤਾਂ ਜੋ ਉਹ ਆਪਣੇ ਪਰਿਵਾਰ ਜਾਂ ਸਾਂਝੇ ਤੌਰ 'ਤੇ ਆਮਦਨ ਵਿੱਚ ਵਾਧਾ ਕਰ ਸਕੇ।

6. **ਔਰਤਾਂ ਦੇ ਜ਼ਮੀਨ ਮਾਲਕੀ ਹੱਕਾਂ 'ਤੇ ਮੁੜ ਵਿਚਾਰ ਕਰਨਾ**: ਔਰਤਾਂ ਦੇ ਮਾਲਕੀ, ਵਿਰਾਸਤ ਅਤੇ ਜ਼ਮੀਨ ਅਤੇ ਹੋਰ ਜਾਇਦਾਦਾਂ ਨੂੰ ਨਿਯੰਤਰਿਤ ਕਰਨ ਦੇ ਅਧਿਕਾਰਾਂ ਦੀ ਰਾਖੀ ਅਤੇ ਬਰਕਰਾਰ ਰੱਖਣ ਲਈ ਕਾਨੂੰਨਾਂ ਅਤੇ ਨੀਤੀਆਂ ਦੇ ਬਾਵਜੂਦ, ਔਰਤਾਂ ਨੂੰ ਰਵਾਇਤੀ ਤੌਰ 'ਤੇ ਆਪਣੀਆਂ ਜਾਇਦਾਦਾਂ ਨੂੰ ਹਾਸਿਲ ਕਰਨ ਅਤੇ ਭੌਤਿਕ ਤੌਰ 'ਤੇ ਕੰਟਰੋਲ ਕਰਨ ਵਿੱਚ ਮਹੱਤਵਪੂਰਨ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਔਰਤ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਨ ਅਤੇ ਸਮਾਜ ਵਿੱਚ ਲਿੰਗਿਕ ਪੱਖਪਾਤ ਨੂੰ ਘਟਾਉਣ ਲਈ, ਔਰਤਾਂ ਦੇ ਜ਼ਮੀਨ ਅਤੇ ਜਾਇਦਾਦ ਦੇ ਅਧਿਕਾਰਾਂ ਵੱਲ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

7. **ਸਿਹਤ ਸੰਭਾਲ**: ਸਾਰੀਆਂ ਪੇਂਡੂ ਔਰਤਾਂ ਨੂੰ ਮੁਫ਼ਤ ਅਤੇ ਆਸਾਨੀ ਨਾਲ ਪਹੁੰਚਯੋਗ ਸਿਹਤ ਸਹੂਲਤਾਂ ਪ੍ਰਦਾਨ ਕਰਵਾਉਣੀਆਂ ਚਾਹੀਦੀਆਂ ਹਨ। ਇਸ ਨਾਲ ਪੇਂਡੂ ਪਰਿਵਾਰਾਂ ਦੇ ਆਰਥਿਕ ਬੋਝ ਨੂੰ ਘਟਾਉਣ ਵਿੱਚ ਮਦਦ ਮਿਲੇਗੀ।

# 15. ਕਰਜ਼ਾ, ਤੰਗੀ ਅਤੇ ਆਰਥਿਕ ਸਹਾਇਤਾ

ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਕਰਜ਼ੇ ਦੀ ਉਪਲਬਧਤਾ, ਖੇਤੀਬਾੜੀ ਅਤੇ ਪੇਂਡੂ ਖੇਤਰ ਦੇ ਸਮੁੱਚੇ ਵਿਕਾਸ ਲਈ ਬਹੁਤ ਮਹੱਤਵਪੂਰਨ ਹੈ। ਸੰਸਥਾਗਤ, ਖਾਸ ਕਰਕੇ ਸਹਿਕਾਰੀ ਖੇਤਰ ਰਾਹੀਂ, ਕਰਜ਼ੇ ਦੀ ਪਹੁੰਚ ਅਤੇ ਉਸਦੀ ਕੁਸ਼ਲਤਾ, ਮੌਜੂਦਾ ਪ੍ਰਮੁੱਖ ਤਰਜੀਹ ਹੈ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਕਿ ਵਿੱਤੀ ਸੰਸਥਾਵਾਂ ਵੱਲੋਂ ਮਿਲਣ ਵਾਲੇ ਰਸਮੀ ਕਰਜ਼ੇ ਤੱਕ ਪਹੁੰਚ ਦੀ ਘਾਟ, ਫ਼ਸਲਾਂ ਖਰਾਬ ਹੋਣ ਜਾਂ ਸਿਹਤ ਸੰਬੰਧੀ ਬਿਮਾਰੀਆਂ ਕਾਰਨ ਕਰਜ਼ੇ ਦੀ ਅਦਾਇਗੀ ਵਿੱਚ ਦੇਰੀ, ਵਿੱਤੀ ਖੇਤਰ ਬਾਰੇ ਅਗਿਆਨਤਾ, ਨਾਕਾਫ਼ੀ ਸੰਸਥਾਗਤ ਸਹਾਇਤਾ ਅਤੇ ਸ਼ਾਹੂਕਾਰਾਂ 'ਤੇ ਜ਼ਿਆਦਾ ਨਿਰਭਰਤਾ ਆਦਿ। ਰਾਜ ਨੂੰ ਕਿਸਾਨਾਂ, ਖਾਸ ਤੌਰ 'ਤੇ ਛੋਟੇ ਅਤੇ ਸੀਮਾਂਤ, ਅਤੇ ਖੇਤ ਮਜ਼ਦੂਰਾਂ ਤੱਕ ਰਿਆਇਤੀ ਦਰਾਂ 'ਤੇ ਅਸਾਨੀ ਨਾਲ ਮੁੜ ਅਦਾਇਗੀ ਦੀਆਂ ਸਹੂਲਤਾਂ ਦੇ ਨਾਲ ਕਰਜ਼ਾ ਪਹੁੰਚਯੋਗ ਬਣਾਉਣ ਲਈ ਇੱਕ ਪ੍ਰਭਾਵਸ਼ਾਲੀ ਨੀਤੀ ਦੀ ਲੋੜ ਹੈ। ਕਰਜ਼ੇ ਦੀਆਂ ਸਹੂਲਤਾਂ ਦੀ ਪਹੁੰਚ ਵਿੱਚ ਸੁਧਾਰ ਕਰਕੇ ਠੇਕੇ 'ਤੇ ਵਾਹੀ ਕਰਦੇ ਕਿਸਾਨਾਂ ਅਤੇ ਪੇਂਡੂ ਦਸਤਕਾਰਾਂ ਨੂੰ ਵੀ ਇਸ ਵਿੱਚ ਸ਼ਾਮਿਲ ਕਰਨਾ ਚਾਹੀਦਾ ਹੈ।

ਕਰਜ਼ੇ ਦੇ ਗੈਰ-ਸੰਸਥਾਗਤ ਸਰੋਤ ਜਿਵੇਂ ਕਿ ਸ਼ਾਹੂਕਾਰ, ਲਘੂ ਕਰਜ਼ੇ ਦੀਆਂ ਵਿਵਸਥਾ ਕਰਨ ਵਾਲੀਆਂ ਕੰਪਨੀਆਂ ਆਦਿ ਆਰਥਿਕ ਲੁੱਟ ਦਾ ਇੱਕ ਵੱਡਾ ਸਰੋਤ ਹਨ, ਜੋ ਰਾਜ ਵਿੱਚ ਚੱਲ ਰਹੇ ਕਰਜ਼ੇ ਦੇ ਸੰਕਟ ਨੂੰ ਹੋਰ ਡੂੰਘਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਹਨ। ਗੈਰ-ਸੰਸਥਾਗਤ ਕਰਜ਼ੇ 'ਤੇ ਨਿਰਭਰਤਾ ਨੂੰ ਤਾਂ ਹੀ ਘਟਾਇਆ ਜਾ ਸਕਦਾ ਹੈ, ਜੇਕਰ ਸੰਸਥਾਗਤ ਕਰਜ਼ੇ ਦੇ ਨਿਯਮਾਂ ਨੂੰ ਗੈਰ-ਸੰਸਥਾਗਤ ਪ੍ਰਣਾਲੀ ਦੀ ਸੇਵਾ ਦੀ ਮੁੱਖ ਵਿਸ਼ੇਸ਼ਤਾ- ਤੁਰੰਤ ਰਕਮ ਮੁਹੱਈਆ ਕਰਵਾਉਣਾ- ਦੇ ਅਨੁਕੂਲ ਕੀਤਾ ਜਾਵੇ। ਸੂਬੇ ਦੇ ਕਰਜ਼ੇ ਹੇਠ ਦੱਬੇ ਖੇਤੀ ਖੇਤਰ ਨੂੰ ਰਾਹਤ ਦੇਣ ਲਈ ਕਰਜ਼ੇ ਦੇ ਸੰਕਟ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (NABARD) ਦੇ ਅਨੁਮਾਨਾਂ ਅਨੁਸਾਰ ਪੰਜਾਬ ਦੇ ਕਿਸਾਨਾਂ 'ਤੇ 73673 ਕਰੋੜ ਰੁਪਏ (2022-23) ਦਾ ਸੰਸਥਾਗਤ ਕਰਜਾ ਹੈ। ਇੱਕ ਹੋਰ ਅਧਿਐਨ ਦੇ ਅਨੁਸਾਰ ਪੰਜਾਬ ਵਿੱਚ ਕਿਸਾਨ ਪਰਿਵਾਰਾਂ ਦੇ ਕੁੱਲ ਕਰਜ਼ੇ ਦਾ 78.7 ਪ੍ਰਤੀਸ਼ਤ ਹਿੱਸਾ ਸੰਸਥਾਗਤ ਸਰੋਤਾਂ ਤੋਂ ਹੈ, ਜਦੋਂ ਕਿ 21.3 ਪ੍ਰਤੀਸ਼ਤ ਗੈਰ-ਸੰਸਥਾਗਤ ਸਰੋਤਾਂ ਤੋਂ ਹੈ (NSSO 2019)। ਸੰਸਥਾਗਤ ਅਤੇ ਗੈਰ-ਸੰਸਥਾਗਤ ਕਰਜ਼ਾ ਮੁਹੱਈਆ ਕਰਨ ਵਾਲੇ ਸਰੋਤਾਂ ਵੱਲੋਂ ਪੇਂਡੂ ਭਾਈਚਾਰਿਆਂ ਦੇ ਕੀਤੇ ਜਾ ਰਹੇ ਸ਼ੋਸ਼ਣ ਨੂੰ ਖਤਮ ਕਰਨਾ ਸਮੇਂ ਦੀ ਲੋੜ ਹੈ।

ਖੇਤੀ ਸੰਕਟ ਸੁਭਾਵਿਕ ਤੌਰ 'ਤੇ ਸਮਾਜਿਕ-ਆਰਥਿਕ ਮੁੱਦਿਆਂ ਜਿਵੇਂ ਕਿ ਕਿਸਾਨ ਭਾਈਚਾਰੇ ਦੀ ਵਿਗੜਦੀ ਸਰੀਰਕ ਅਤੇ ਮਾਨਸਿਕ ਸਿਹਤ, ਨਸ਼ਾਖੋਰੀ, ਵੱਡੇ ਪੱਧਰ 'ਤੇ ਪ੍ਰਵਾਸ, ਵਿਦਿਅਕ ਅਸਮਾਨਤਾਵਾਂ, ਬੁਨਿਆਦੀ ਢਾਂਚੇ ਦੀਆਂ ਚੁਣੌਤੀਆਂ ਆਦਿ ਨਾਲ ਸੰਬੰਧਿਤ ਹੈ। ਇਹਨਾਂ ਮਹੱਤਵਪੂਰਨ ਸਮਾਜਿਕ-ਆਰਥਿਕ ਮੁੱਦਿਆਂ ਨੇ ਪੰਜਾਬ ਦੀ ਸਮਾਜਿਕ ਅਤੇ ਆਰਥਿਕ ਸਦਭਾਵਨਾ ਨੂੰ ਪ੍ਰਭਾਵਿਤ ਕੀਤਾ ਹੈ, ਜਿਸ ਨੇ ਬਦਲ ਵਿੱਚ ਸਾਡੀ ਆਰਥਿਕਤਾ ਦੇ ਵਿਕਾਸ ਵਿੱਚ ਹੋਰ ਰੁਕਾਵਟ ਖੜ੍ਹੀ ਕੀਤੀ ਹੈ। ਖੇਤੀ ਲਾਗਤਾਂ ਵੱਧਣ ਅਤੇ ਰੋਜ਼ਗਾਰ ਦੇ ਮੌਕਿਆਂ ਦੇ ਘੱਟਣ ਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਅਸਲ ਆਮਦਨ ਨੂੰ ਘਟਾ ਕੇ ਉਨ੍ਹਾਂ ਨੂੰ ਕਰਜ਼ੇ ਵੱਲ ਧੱਕ ਦਿੱਤਾ ਹੈ। ਵਿੱਤੀ ਅਸੁਰੱਖਿਆ ਦੀ ਲਗਾਤਾਰਤਾ ਅਤੇ ਵੱਧ ਰਹੇ ਕਰਜ਼ੇ ਦੇ ਬੋਝ ਤੋਂ ਪੈਦਾ ਹੁੰਦੀਆਂ ਬੇਵੱਸੀ ਅਤੇ ਨਿਰਾਸ਼ਾ ਦੀਆਂ ਸਥਿਤੀਆਂ, ਉਨ੍ਹਾਂ ਨੂੰ ਖ਼ੁਦਕੁਸ਼ੀਆਂ ਵੱਲ ਲੈ ਜਾਂਦੀਆਂ ਹਨ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੁਆਰਾ ਖ਼ੁਦਕੁਸ਼ੀਆਂ ਦੀ ਚਿੰਤਾਜਨਕ ਦਰ, ਉਨ੍ਹਾਂ ਚੁਣੌਤੀਆਂ ਅਤੇ ਕਮਜ਼ੋਰੀਆਂ ਦੀ ਇੱਕ ਭਿਆਨਕ ਤਸਵੀਰ ਪੇਸ਼ ਕਰਦੀ ਹੈ, ਜਿਨ੍ਹਾਂ ਦਾ ਉਹ ਲਗਾਤਾਰ ਸਾਹਮਣਾ ਕਰ ਰਹੇ ਹਨ।

ਅਜਿਹੀ ਸਥਿਤੀ ਵਿੱਚ, ਕਿਸਾਨੀ ਭਾਈਚਾਰੇ ਨੂੰ ਆਰਥਿਕ ਸਹਾਇਤਾ ਪ੍ਰਦਾਨ ਕਰਨਾ ਬਹੁਤ ਮਹੱਤਵ ਰੱਖਦਾ ਹੈ, ਜਦੋਂ ਕਿ ਇਸਦੇ ਨਾਲ ਹੀ ਅਜਿਹੇ ਸੰਕਟ ਦੇ ਕਾਰਨਾਂ ਨੂੰ ਜੜ੍ਹ ਤੋਂ ਖਤਮ ਕਰਨ 'ਤੇ ਧਿਆਨ ਕੇਂਦਰਿਤ

ਕਰਨ ਦੀ ਲੋੜ ਹੈ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਸਬਸਿਡੀਆਂ, ਪੈਨਸ਼ਨਾਂ ਅਤੇ ਸਹਾਇਤਾ ਦੇ ਹੋਰ ਸਾਧਨ ਮੁਹੱਈਆ ਕਰਨ ਨਾਲ ਉਨ੍ਹਾਂ ਦੀ ਵਿੱਤੀ ਸੁਰੱਖਿਆ ਦੀ ਸਥਿਤੀ ਅਤੇ ਮਾਨਸਿਕ ਸੰਕਟ ਨੂੰ ਦੂਰ ਕਰਨ ਦੀ ਸਮਰੱਥਾ 'ਤੇ ਕਾਫੀ ਚੰਗਾ ਅਸਰ ਪਵੇਗਾ। ਹਾਲਾਂਕਿ, ਵਾਧੂ ਵਿੱਤੀ ਸਹਾਇਤਾ ਪ੍ਰਦਾਨ ਕਰਨ, ਸਥਿਰਤਾ ਕਾਇਮ ਕਰਨ ਅਤੇ ਇਸ ਨੂੰ ਲਾਗੂ ਕਰਨ ਸੰਬੰਧਿਤ ਰੁਕਾਵਟਾਂ ਦੇ ਰੂਪ ਵਿੱਚ ਕੁਝ ਥੁੜ੍ਹ-ਚਿਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਲਈ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਸਨਮਾਨਜਨਕ ਕਮਾਈ ਕਰਨ ਦੇ ਯੋਗ ਬਣਾਉਣ ਲਈ ਇੱਕ ਵਿਆਪਕ ਅਤੇ ਸਮਾਵੇਸ਼ੀ (Inclusive) ਨੀਤੀ ਬਣਾਉਣ ਦੀ ਲੋੜ ਹੈ, ਜਿਸ ਨਾਲ ਉਹ ਆਪਣੇ ਬਕਾਏ ਦਾ ਭੁਗਤਾਨ ਕਰਨ ਦੇ ਯੋਗ ਬਣ ਸਕਣ, ਇਸ ਤਰ੍ਹਾਂ ਉੱਚ ਸਵੈ-ਮਾਣ ਵਾਲੀ ਜ਼ਿੰਦਗੀ ਜਿਊਣ ਲਈ ਉਨ੍ਹਾਂ ਦੀ ਮੁਫਤ ਸਹੂਲਤਾਂ ਉਪਰ ਨਿਰਭਰਤਾ ਨੂੰ ਖਤਮ ਕੀਤਾ ਜਾ ਸਕੇ।

**ਨੀਤੀ ਸੰਬੰਧੀ ਸਿਫ਼ਾਰਿਸ਼ਾਂ**

1. **ਪੈਨਸ਼ਨ ਯੋਜਨਾ**: ਛੋਟੇ ਕਿਸਾਨਾਂ (5 ਏਕੜ ਤੱਕ ਜ਼ਮੀਨ ਵਾਲੇ) ਨੂੰ 60 ਸਾਲ ਦੀ ਉਮਰ ਤੋਂ ਬਾਅਦ ਸਮਾਜ ਭਲਾਈ ਫੰਡ ਦੀ ਸਿਰਜਣਾ ਰਾਹੀਂ ਪੈਨਸ਼ਨ ਮਿਲਣੀ ਚਾਹੀਦੀ ਹੈ।

2. **ਸੰਸਥਾਗਤ ਕਰਜ਼ਾ ਸੁਵਿਧਾਵਾਂ ਵਿੱਚ ਸੁਧਾਰ: ੳ)** ਕੇਂਦਰੀ ਸਹਿਕਾਰੀ ਬੈਂਕ ਦੇ ਅਧੀਨ ਇੱਕ ਸਿੰਗਲ-ਵਿੰਡੋ (ਇੱਕੋ ਥਾਂ 'ਤੇ) ਕਰਜ਼ਾ ਪ੍ਰਣਾਲੀ ਦੀ ਸਥਾਪਨਾ ਕਰਨੀ ਚਾਹੀਦੀ ਹੈ ਤਾਂ ਜੋ ਇਹ ਪ੍ਰਣਾਲੀ ਕਿਸਾਨਾਂ ਨੂੰ ਸਰਲ ਪ੍ਰਕਿਰਿਆ ਰਾਹੀਂ ਲੈਣ-ਦੇਣ ਦੀਆਂ ਘੱਟ ਤੋਂ ਘੱਟ ਲਾਗਤਾਂ ਨਾਲ ਕਰਜ਼ਾ ਪ੍ਰਾਪਤ ਕਰਨ ਦੇ ਯੋਗ ਬਣਾਵੇ।

   **ਅ)** ਵਪਾਰਕ ਬੈਂਕਾਂ/ਸਹਿਕਾਰੀ ਸੰਸਥਾਵਾਂ ਨੂੰ ਕਰਜ਼ੇ ਦੀਆਂ ਪ੍ਰਕਿਰਿਆਵਾਂ ਨੂੰ ਅਸਾਨ ਕਰਨ 'ਤੇ ਧਿਆਨ ਕੇਂਦਰਿਤ ਕਰਦਿਆਂ, ਕਰਜ਼ਾ ਲੈਣ ਦੀਆਂ ਲਾਗਤਾਂ ਨੂੰ ਘੱਟ ਕਰਨ ਦੇ ਨਾਲ-ਨਾਲ ਢੁੱਕਵੇਂ ਅਤੇ ਸਮਾਂਬੱਧ ਤਰੀਕੇ ਨਾਲ ਸੁਧਾਰ ਕਰਦਿਆਂ ਕਿਸਾਨਾਂ ਨੂੰ ਕਰਜ਼ੇ ਦੇਣੇ ਚਾਹੀਦੇ ਹਨ। ਇਸ ਤੋਂ ਇਲਾਵਾ, ਵੱਡੀ ਮਸ਼ੀਨਰੀ ਖਰੀਦਣ ਲਈ ਕਿਸਾਨਾਂ ਨੂੰ ਕਰਜ਼ੇ ਉਨ੍ਹਾਂ ਦੀ ਆਰਥਿਕ ਯੋਗਤਾ (Economic Feasibility) ਨੂੰ ਮੁੱਖ ਰੱਖਕੇ ਹੀ ਦੇਣੇ ਚਾਹੀਦੇ ਹਨ।

   **ੲ)** ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਨੂੰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਮਾਮੂਲੀ ਦਰ 'ਤੇ ਕਰਜ਼ਾ ਦੇਣਾ ਚਾਹੀਦਾ ਹੈ।

   **ਸ)** ਖੇਤੀਬਾੜੀ ਨਾਲ ਸਬੰਧਤ ਗਤੀਵਿਧੀਆਂ ਲਈ ਸੰਸਥਾਗਤ ਕਰਜ਼ੇ 'ਤੇ ਵਿਆਜ ਦੀ ਦਰ, ਖੇਤੀਬਾੜੀ ਖੇਤਰ ਦੇ ਬਰਾਬਰ ਹੋਣੀ ਚਾਹੀਦੀ ਹੈ।

3. **ਕਰਜ਼ੇ ਦਾ ਨਿਪਟਾਰਾ: ੳ)** ਛੋਟੇ ਕਿਸਾਨ ਗੰਭੀਰ ਆਰਥਿਕ ਦਬਾਅ ਹੇਠ ਹਨ, ਇਸ ਲਈ, ਛੋਟੇ ਅਤੇ ਸੀਮਾਂਤ ਕਿਸਾਨਾਂ (ਜਿਨ੍ਹਾਂ ਕੋਲ ਪੰਜ ਏਕੜ ਤੱਕ ਜ਼ਮੀਨ ਹੈ) ਲਈ ਵਿਸ਼ੇਸ਼ ਕਰਜ਼ਾ ਮੁਆਫੀ ਸਕੀਮ ਤਿਆਰ ਕੀਤੀ ਜਾਣੀ ਚਾਹੀਦੀ ਹੈ।

   **ਅ)** 'ਪੰਜਾਬ ਸੈਟਲਮੈਂਟ ਆਫ਼ ਐਗਰੀਕਲਚਰਲ ਇੰਨਡੇਬਟਿਡਨੈੱਸ ਐਕਟ, 2016' (ਪੰਜਾਬ ਖੇਤੀ ਕਰਜ਼ਿਆਂ ਦਾ ਨਿਪਟਾਰਾ ਐਕਟ, 2016) ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਕਿਸਾਨਾਂ ਨੂੰ ਮੂਲ ਰਕਮ ਤੋਂ ਦੁੱਗਣੀ ਜਾਂ ਇਸ ਤੋਂ ਵੱਧ ਦੀ ਅਦਾਇਗੀ ਨਾ ਕਰਨੀ ਪਵੇ। ਗੈਰ-ਸੰਸਥਾਗਤ ਸਰੋਤਾਂ ਤੋਂ ਪ੍ਰਾਪਤ ਕੀਤੇ ਕਰਜ਼ਿਆਂ ਦੀ ਅਦਾਇਗੀ ਕਰਨ ਲਈ, ਕਿਸਾਨਾਂ ਵੱਲੋਂ ਲਏ ਗਏ ਗੈਰ-ਸੰਸਥਾਗਤ ਕਰਜ਼ੇ ਨੂੰ ਸੰਸਥਾਗਤ ਕਰਜ਼ੇ ਵਿੱਚ ਬਦਲਣ ਲਈ 'ਕਰਜ਼ਦਾਰਾਂ ਦੇ ਕਰਜ਼ੇ ਦੀ ਅਦਲਾ-ਬਦਲੀ ਲਈ ਸਕੀਮ' ਲਾਗੂ ਕੀਤੀ ਜਾਣੀ ਚਾਹੀਦੀ ਹੈ। ਕੁਦਰਤੀ ਆਫ਼ਤਾਂ ਕਾਰਨ ਫ਼ਸਲਾਂ ਦੇ ਨੁਕਸਾਨ ਦੀ ਸਥਿਤੀ ਵਿੱਚ ਸਾਰੇ ਕਰਜ਼ੇ ਦੀ ਵਸੂਲੀ 'ਤੇ ਉਸ ਮਿਆਦ ਲਈ ਵਿਆਜ ਮੁਆਫੀ ਦੇ ਨਾਲ, ਕਰਜ਼ੇ ਦੀ ਅਦਾਇਗੀ ਦੀ ਸਮਾਂ-ਸੀਮਾ ਵਿੱਚ ਵਾਧਾ (Loan Moratorium) ਹੋਣਾ ਚਾਹੀਦਾ ਹੈ।

4. **ਗੈਰ-ਸੰਸਥਾਗਤ ਕਰਜਾ ਪ੍ਰਣਾਲੀ**: ਸੰਸਥਾਗਤ ਅਤੇ ਗੈਰ-ਸੰਸਥਾਗਤ ਕਰਜ਼ਾ ਸੰਸਥਾਵਾਂ, ਜਿਨ੍ਹਾਂ ਵਿੱਚ ਲਘੂ-ਕਰਜ਼ੇ ਦੀਆਂ ਵਿਵਸਥਾ ਕਰਨ ਵਾਲੀਆਂ ਕੰਪਨੀਆਂ, ਆੜ੍ਹਤੀਏ, ਅਤੇ ਨਿੱਜੀ ਰਿਣਦਾਤਾ ਸ਼ਾਮਿਲ ਹਨ, ਦੇ ਕੰਮਕਾਜ ਨੂੰ ਹੇਠ ਲਿਖੇ ਮਾਪਦੰਡਾਂ ਨਾਲ ਪਾਰਦਰਸ਼ੀ ਅਤੇ ਕਰਜ਼ਦਾਰ-ਪੱਖੀ ਬਣਾਇਆ ਜਾਣਾ ਚਾਹੀਦਾ ਹੈ:

   **ੳ)** ਸ਼ਾਹੂਕਾਰਾਂ ਦੀ ਰਜਿਸਟ੍ਰੇਸ਼ਨ ਹੋਣੀ ਚਾਹੀਦੀ ਹੈ। ਇਨ੍ਹਾਂ ਸ਼ਾਹੂਕਾਰਾਂ ਨੂੰ ਲੇਖਾ-ਪ੍ਰਣਾਲੀ ਵਿੱਚ ਪਾਰਦਰਸ਼ਤਾ ਲਿਆਉਣ ਅਤੇ ਕਰਜ਼ਦਾਰਾਂ ਨੂੰ ਸਹਾਇਤਾ ਦੇ ਹੋਰ ਸਾਧਨ ਹਾਸਿਲ ਕਰਨ ਦੇ ਯੋਗ ਬਨਾਉਣ ਲਈ ਪਾਸਬੁੱਕ ਜਾਰੀ ਕਰਨੀ ਚਾਹੀਦੀ ਹੈ।

   **ਅ)** ਕਰਜ਼ਾ ਮੁਹੱਈਆ ਕਰਨ ਵਾਲੇ ਇਨ੍ਹਾਂ ਸਰੋਤਾਂ ਵੱਲੋਂ ਕਰਜ਼ੇ 'ਤੇ ਬਹੁਤ ਜ਼ਿਆਦਾ ਵਿਆਜ ਦਰਾਂ ਵਸੂਲਣ ਦੇ ਨਾਲ-ਨਾਲ ਕਰਜ਼ਦਾਰ ਤੋਂ ਖਾਲੀ ਚੈੱਕ ਅਤੇ ਪ੍ਰਨੋਟ ਆਦਿ ਲੈਣ 'ਤੇ ਰੋਕ ਲੱਗਣੀ ਚਾਹੀਦੀ ਹੈ।

   **ੲ)** ਸੰਸਥਾਗਤ ਖੇਤੀਬਾੜੀ ਕਰਜ਼ੇ ਦੇ ਪ੍ਰਵਾਹ ਨੂੰ ਪ੍ਰਾਇਮਰੀ ਐਗਰੀਕਲਚਰ ਕੋਆਪਰੇਟਿਵ ਕ੍ਰੈਡਿਟ ਸੁਸਾਇਟੀਆਂ (PACS) ਅਤੇ ਵਪਾਰਕ ਬੈਂਕਾਂ ਰਾਹੀਂ ਵਧਾਇਆ ਜਾਣਾ ਚਾਹੀਦਾ ਹੈ ਤਾਂ ਜੋ ਕਿਸਾਨ ਗੈਰ-ਸੰਸਥਾਗਤ ਕਰਜ਼ਾ ਸਰੋਤਾਂ ਦੇ ਸ਼ੋਸ਼ਣ ਤੋਂ ਬਚ ਸਕਣ।

5. **ਖ਼ੁਦਕੁਸ਼ੀ ਮੁਆਵਜ਼ਾ: ੳ)** ਕਰਜ਼ੇ ਨਾਲ ਸਬੰਧਤ ਖ਼ੁਦਕੁਸ਼ੀਆਂ ਦੇ ਮਾਮਲੇ ਵਿੱਚ ਕਿਸਾਨਾਂ ਦੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਸੰਸਥਾਗਤ ਕਰਜ਼ੇ ਮੁਆਫ਼ ਕਰਨੇ ਚਾਹੀਦੇ ਹਨ। ਖ਼ੁਦਕੁਸ਼ੀ ਪੀੜਤ ਦੇ ਅਗਲੇ ਨੇੜਲੇ ਵਾਰਿਸ ਨੂੰ ਸਰਕਾਰੀ ਨੌਕਰੀ ਅਤੇ ਉਨ੍ਹਾਂ ਦੇ ਬੱਚਿਆਂ ਲਈ ਮੁਫ਼ਤ ਸਿੱਖਿਆ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

   **ਅ)** ਖ਼ੁਦਕੁਸ਼ੀ ਪੀੜਤ ਪਰਿਵਾਰ ਦੀਆਂ ਔਰਤਾਂ ਜਾਂ ਪਰਿਵਾਰ ਦੇ ਅਗਲੇ ਨੇੜਲੇ ਵਾਰਿਸ ਨੂੰ ਪਛਾਣ ਪੱਤਰ ਜਾਰੀ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਉਹ ਸਾਰੀਆਂ ਸਰਕਾਰੀ ਸਕੀਮਾਂ ਦਾ ਪਹਿਲ ਦੇ ਅਧਾਰ 'ਤੇ ਲਾਭ ਲੈ ਸਕਣ।

   **ੲ)** ਪਿੰਡ ਦੇ ਸਰਪੰਚ ਦੀ ਤਸਦੀਕੀਕਰਨ ਰਾਹੀਂ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਤੁਰੰਤ ਮੁਆਵਜ਼ਾ ਦੇਣਾ ਯਕੀਨੀ ਬਣਾਇਆ ਜਾਵੇ। ਅਜਿਹਾ ਇਸ ਲਈ ਜ਼ਰੂਰੀ ਹੈ ਕਿਉਂਕਿ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨੂੰ, ਕੁਝ ਹਾਲਤਾਂ ਵਿੱਚ, ਲੋੜੀਂਦੇ ਦਸਤਾਵੇਜ਼ਾਂ, ਜਿਵੇਂ ਕਿ ਪੋਸਟਮਾਰਟਮ ਰਿਪੋਰਟਾਂ, ਕਰਜ਼ੇ ਦੇ ਰਿਕਾਰਡ ਆਦਿ ਦੀ ਘਾਟ ਕਾਰਨ ਸਰਕਾਰ ਤੋਂ ਮੁਆਵਜ਼ਾ ਲੈਣ ਵਿੱਚ ਮੁਸ਼ਕਲਾਂ ਆਉਂਦੀਆਂ ਹਨ।

   **ਸ)** ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਮਾਨਸਿਕ ਤਨਾਅ ਹੰਢਾਅ ਰਹੇ ਪਰਿਵਾਰਕ ਮੈਂਬਰਾਂ ਨੂੰ ਪ੍ਰਭਾਵਸ਼ਾਲੀ ਪੁਨਰਵਾਸ ਕੇਂਦਰਾਂ ਦੀ ਸਥਾਪਨਾ ਕਰਕੇ ਕਲੀਨੀਕਲ ਮਨੋਵਿਗਿਆਨੀਆਂ, ਸਲਾਹਕਾਰਾਂ ਅਤੇ ਮਾਨਸਿਕ ਸਿਹਤ ਪ੍ਰੈਕਟੀਸ਼ਨਰਾਂ ਦੀਆ ਸੇਵਾਵਾਂ ਮੁਫ਼ਤ ਮੁਹੱਈਆ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਨਸ਼ਾ ਮੁੜ-ਵਸੇਬਾ ਕੇਂਦਰਾਂ ਦਾ ਪ੍ਰਬੰਧਨ ਜਾਂ ਤਾਂ ਸਰਕਾਰੀ ਏਜੰਸੀਆਂ ਦੁਆਰਾ ਜਾਂ ਨਾਮਵਰ ਮੈਡੀਕਲ ਸੰਸਥਾਵਾਂ ਜਾਂ ਸੇਵਾ-ਸੰਸਥਾ ਦੁਆਰਾ ਕੀਤਾ ਜਾਣਾ ਚਾਹੀਦਾ ਹੈ, ਜਿਨ੍ਹਾਂ ਕੋਲ ਪੇਂਡੂ ਨੌਜਵਾਨਾਂ ਵਿੱਚ ਨਸ਼ੇ ਦੀ ਰੋਕਥਾਮ ਕਰਨ ਦਾ ਚੰਗਾ ਤਜਰਬਾ ਹੋਵੇ।

6. **ਦੁਰਘਟਨਾਗ੍ਰਸਤ ਮੌਤ ਦਾ ਮੁਆਵਜ਼ਾ**: ਖੇਤ ਹਾਦਸਿਆਂ ਕਾਰਨ ਕਿਸਾਨਾਂ ਦੀ ਮੌਤ ਹੋਣ ਦੀ ਸੂਰਤ ਵਿੱਚ ਪਰਿਵਾਰ ਨੂੰ ਪੰਜ ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ। ਖੇਤੀ ਹਾਦਸਿਆਂ ਕਾਰਨ ਅਪੰਗਤਾ ਹੋਣ ਦੀ ਸੂਰਤ ਵਿੱਚ ਅਪੰਗਤਾ ਦੀ ਸਥਿਤੀ ਅਨੁਸਾਰ ਬਣਦਾ ਮੁਆਵਜ਼ਾ ਦਿੱਤਾ ਜਾਵੇ।

7. **ਭਾਈਚਾਰਕ ਸਹਾਇਤਾ**: ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਦੇ ਅੰਦਰ, ਪਿੰਡਾਂ ਦੇ ਸਮੂਹਾਂ ਵਿੱਚ ਕਮਿਊਨਿਟੀ ਹਾਲ ਬਣਾਏ ਜਾਣੇ ਚਾਹੀਦੇ ਹਨ। ਇਹ ਹਾਲ ਪੇਂਡੂ ਖੇਤਰਾਂ ਵਿੱਚ ਵਿਆਹਾਂ ਅਤੇ ਹੋਰ ਸਮਾਜਿਕ ਸਮਾਗਮਾਂ ਸਮੇਤ ਵੱਖ-ਵੱਖ ਸਮਾਜਿਕ ਇਕੱਠਾਂ ਲਈ ਵਰਤੇ ਜਾ ਸਕਣਗੇ। ਇਸ ਤੋਂ ਇਲਾਵਾ, ਇਨ੍ਹਾਂ ਮੌਕਿਆਂ ਦੌਰਾਨ ਪੇਂਡੂ ਭਾਈਚਾਰੇ ਦੀ ਸਹਾਇਤਾ ਲਈ ਰਿਆਇਤੀ ਦਰਾਂ 'ਤੇ ਵਿਆਹ ਦੀਆਂ ਜ਼ਰੂਰੀ ਚੀਜ਼ਾਂ, ਜਿਵੇਂ ਕਿ ਕੱਪੜੇ, ਆਟਾ, ਖੰਡ ਅਤੇ

ਹੋਰ ਜ਼ਰੂਰਤਾਂ ਦੀਆਂ ਚੀਜ਼ਾਂ ਦਾ ਰਾਸ਼ਨ ਡਿਪੂਆਂ (Fair Price Shops) ਵਿੱਚ ਪ੍ਰਬੰਧ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਸੰਬੰਧਿਤ ਵਿਭਾਗਾਂ, ਗ੍ਰਾਮ ਪੰਚਾਇਤਾਂ ਅਤੇ ਹੋਰ ਸਮਾਜਿਕ ਸੰਸਥਾਵਾਂ ਵੱਲੋਂ ਪ੍ਰਿੰਟ ਅਤੇ ਸਥਾਨਕ ਭਾਸ਼ਾ/ ਸੋਸ਼ਲ ਮੀਡੀਆ ਰਾਹੀਂ ਕਿਸਾਨੀ ਭਾਈਚਾਰੇ ਦੇ ਸਮਾਜਿਕ-ਆਰਥਿਕ ਮੁੱਦਿਆਂ ਨੂੰ ਹੱਲ ਕਰਨ ਲਈ ਇੱਕ ਵਿਆਪਕ ਜਾਗਰੂਕਤਾ ਮੁਹਿੰਮ ਚਲਾਈ ਜਾਣੀ ਚਾਹੀਦੀ ਹੈ।

# 16. ਕੁਦਰਤੀ ਆਫ਼ਤਾਂ, ਜੋਖਮ ਪ੍ਰਬੰਧਨ ਅਤੇ ਬੀਮਾ

ਖੇਤੀਬਾੜੀ, ਕੁਦਰਤੀ ਤੌਰ ’ਤੇ, ਅਣਸੁਖਾਵੀਆਂ ਮੌਸਮੀ ਸਥਿਤੀਆਂ ਅਤੇ ਕੀੜਿਆਂ-ਮਕੌੜਿਆਂ ਦੇ ਸੰਕਰਮਣ ਤੋਂ ਲੈ ਕੇ ਹੋਰ ਕੁਦਰਤੀ ਆਫ਼ਤਾਂ ਕਰਕੇ ਬਹੁਤ ਸਾਰੇ ਜੋਖਮਾਂ ਦਾ ਸਾਹਮਣਾ ਕਰਦੀ ਹੈ। ਕਈ ਵਾਰ, ਕਿਸਾਨਾਂ ਵੱਲੋਂ ਸਖ਼ਤ ਮਿਹਨਤ ਨਾਲ ਬੀਜੀ ਗਈ ਬੰਪਰ ਫ਼ਸਲ ਜੈਵਿਕ (ਕੀੜੇ, ਬਿਮਾਰੀਆਂ, ਨਦੀਨ, ਆਦਿ) ਅਤੇ ਅਜੈਵਿਕ (ਜਲਵਾਯੂ, ਕੁਦਰਤੀ ਆਫ਼ਤਾਂ, ਆਦਿ) ਕਾਰਕਾਂ ਕਰਕੇ ਬਰਬਾਦ ਹੋ ਜਾਂਦੀ ਹੈ। ਕੁਸ਼ਲ ਜੋਖਮ ਪ੍ਰਬੰਧਨ ਰਣਨੀਤੀਆਂ, ਕਿਸਾਨਾਂ ਨੂੰ ਇਹਨਾਂ ਜੋਖਮਾਂ ਦੇ ਮਾੜੇ/ਨਕਾਰਾਤਮਕ ਪ੍ਰਭਾਵਾਂ ਨੂੰ ਘੱਟ ਕਰਨ ਅਤੇ ਉਹਨਾਂ ਦੀਆਂ ਫ਼ਸਲਾਂ ਅਤੇ ਉਪਜੀਵਕਾ ਦੀ ਰੱਖਿਆ ਲਈ ਸੂਚਿਤ ਫੈਸਲੇ ਲੈਣ ਵਿੱਚ ਮਦਦ ਕਰ ਸਕਦੀਆਂ ਹਨ। ਇਸੇ ਤਰ੍ਹਾਂ ਪ੍ਰਭਾਵਿਤ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਕੁਸ਼ਲ ਬੀਮਾ ਯੋਜਨਾਵਾਂ ਨੂੰ ਬਿਹਤਰ ਵਿਕਲਪ ਮੰਨਿਆ ਜਾਂਦਾ ਹੈ। ਭਾਵੇਂ ਕਿ, ਪ੍ਰਭਾਵਸ਼ਾਲੀ ਬੀਮੇ ਦੀਆਂ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਵਿੱਚ ਕਈ ਚੁਣੌਤੀਆਂ ਹਨ। ਨਾਕਾਫ਼ੀ ਕਵਰੇਜ, ਉੱਚ ਪ੍ਰੀਮੀਅਮ, ਦੇਰੀ ਨਾਲ ਮੁਆਵਜ਼ਾ, ਗੁੰਝਲਦਾਰ ਪ੍ਰਸ਼ਾਸਕੀ ਪ੍ਰਕਿਰਿਆ, ਕਿਸਾਨਾਂ ਵਿੱਚ ਜਾਗਰੂਕਤਾ ਦੀ ਘਾਟ ਅਤੇ ਅੰਕੜੇ ਇਕੱਠਾ ਕਰਨ ਅਤੇ ਦਾਅਵਿਆਂ (ਕਲੇਮ) ਦੀ ਪੁਸ਼ਟੀ ਕਰਨ ਵਿੱਚ ਮੁਸ਼ਕਲਾਂ ਆਦਿ ਬੀਮਾ ਯੋਜਨਾਵਾਂ ਲਈ ਮੁੱਖ ਚੁਣੌਤੀਆਂ ਹਨ। ਇਹਨਾਂ ਮੁੱਦਿਆਂ ਦਾ ਹੱਲ ਪੰਜਾਬ ਦੀਆਂ ਮੌਜੂਦਾ ਸਥਿਤੀਆਂ ਦੇ ਅਨੁਸਾਰ ਬੀਮਾ ਯੋਜਨਾਵਾਂ ਦੇ ਨਿਰਮਾਣ ਰਾਹੀਂ ਕੀਤਾ ਜਾਣਾ ਚਾਹੀਦਾ ਹੈ।

ਪੰਜਾਬ ਦੀ ਉੱਚ ਫ਼ਸਲ ਉਤਪਾਦਕਤਾ ਦੇ ਬਾਵਜੂਦ, ਖੇਤੀ ਖੇਤਰ ਡੂੰਘੇ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ਈ ਹੋਣ ਦਾ ਇੱਕ ਵੱਡਾ ਕਾਰਨ ਅਤਿਅੰਤ ਮੌਸਮੀ ਘਟਨਾਵਾਂ ਜਾਂ ਕੁਦਰਤੀ ਆਫ਼ਤਾਂ, ਜਿਵੇਂ ਕਿ ਸੋਕਾ, ਹੜ੍ਹ, ਗੜ੍ਹੇਮਾਰੀ, ਕੀੜਿਆਂ ਜਾਂ ਬਿਮਾਰੀਆਂ ਕਾਰਨ ਫ਼ਸਲਾਂ ਦਾ ਖ਼ਰਾਬ ਹੋਣਾ ਹੈ। ਘੱਟ ਪ੍ਰੀਮੀਅਮ ਅਤੇ ਜ਼ਿਆਦਾ ਕਵਰੇਜ ਵਾਲੀਆਂ ਫ਼ਸਲ ਬੀਮਾ ਯੋਜਨਾਵਾਂ ਰਾਹੀਂ ਕਿਸਾਨਾਂ ਨੂੰ ਉਨ੍ਹਾਂ ਦੇ ਫ਼ਸਲਾਂ ਦੇ ਨੁਕਸਾਨ ਲਈ ਮੁਆਵਜ਼ੇ ਦੇ ਕੇ ਇਹਨਾਂ ਮੁੱਦਿਆਂ ਦਾ ਹੱਲ ਕੀਤਾ ਜਾ ਸਕਦਾ ਹੈ।

ਖੇਤੀ ਪੈਦਾਵਾਰ ਵਿੱਚ ਮਨੁੱਖੀ ਸਰੋਤ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਜਿੱਥੇ ਕਿਸਾਨ ਅਤੇ ਖੇਤ ਮਜ਼ਦੂਰ ਇਸ ਖੇਤਰ ਦਾ ਅਨਿੱਖੜਵਾਂ ਅੰਗ ਹਨ। ਰਾਜ ਸਰਕਾਰ ਨੂੰ ਪ੍ਰਭਾਵਸ਼ਾਲੀ ਮਨੁੱਖੀ ਜੀਵਨ ਬੀਮਾ ਅਤੇ ਸਿਹਤ ਬੀਮਾ ਯੋਜਨਾਵਾਂ ਨੂੰ ਇਨ੍ਹਾਂ ਕਿਸਾਨਾਂ ਦੀ ਪਹੁੰਚ ਤੱਕ ਯਕੀਨੀ ਬਣਾ ਕੇ ਇਨ੍ਹਾਂ ਦੀ ਭਲਾਈ ਨੂੰ ਤਰਜੀਹ ਦੇਣੀ ਚਾਹੀਦੀ ਹੈ। ਜੀਵਨ ਬੀਮਾ ਅਤੇ ਸਿਹਤ ਬੀਮਾ ਵਰਗੀਆਂ ਯੋਜਨਾਵਾਂ ਨਸ਼ਾਖੋਰੀ, ਖ਼ੁਦਕੁਸ਼ੀਆਂ ਅਤੇ ਹੋਰ ਸੰਬੰਧਿਤ ਸਮੱਸਿਆਵਾਂ ਅਤੇ ਮੁੱਦਿਆਂ ਨੂੰ ਰੋਕਣ ਵਿੱਚ ਮੱਦਦ ਕਰ ਸਕਦੀਆਂ ਹਨ। ਇਸੇ ਤਰ੍ਹਾਂ, ਪਸ਼ੂ ਪਾਲਣ ਖੇਤਰ, ਪੇਂਡੂ ਭਾਈਚਾਰਿਆਂ ਦੀ ਆਰਥਿਕ ਸਥਿਰਤਾ ਨੂੰ ਕਾਇਮ ਰੱਖਣ ਵਿੱਚ ਇੱਕ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ। ਇਸ ਮਹੱਤਵਪੂਰਨ ਖੇਤਰ ਵਿੱਚ ਬੀਮਾ ਕਵਰੇਜ ਵਧਾਉਣਾ ਜ਼ਰੂਰੀ ਹੈ ਕਿਉਂਕਿ ਇਹ ਖੇਤੀ ਖੇਤਰ ਨੂੰ ਆਮਦਨ ਅਤੇ ਰੁਜ਼ਗਾਰ ਦਿੰਦਾ ਹੈ। ਫ਼ਸਲਾਂ, ਮਨੁੱਖਾਂ ਅਤੇ ਪਸ਼ੂਆਂ ਲਈ ਪ੍ਰਭਾਵਸ਼ਾਲੀ ਬੀਮਾ ਯੋਜਨਾਵਾਂ ਨੂੰ ਤਿਆਰ ਕਰਨਾ ਅਤੇ ਲਾਗੂ ਕਰਨਾ ਜ਼ਰੂਰੀ ਹੈ। ਅਜਿਹੀਆਂ ਪਹਿਲਕਦਮੀਆਂ ਖੇਤੀ ਖੇਤਰ ਨੂੰ ਨਾ ਸਿਰਫ਼ ਆਰਥਿਕ ਸੁਰੱਖਿਆ ਪ੍ਰਦਾਨ ਕਰਨਗੀਆਂ ਬਲਕਿ ਸੂਬੇ ਦੀ ਪੇਂਡੂ ਆਰਥਿਕਤਾ ਦੇ ਵਿਕਾਸ ਅਤੇ ਖੁਸ਼ਹਾਲੀ ਨੂੰ ਹੁਲਾਰਾ ਵੀ ਦੇਣਗੀਆਂ।

### ਨੀਤੀ ਸੰਬੰਧੀ ਸਿਫ਼ਾਰਿਸ਼ਾਂ

1. **ਫ਼ਸਲ ਬੀਮਾ ਫੰਡ ਦੀ ਸਥਾਪਨਾ**: ਫ਼ਸਲਾਂ ਦੇ ਨੁਕਸਾਨ ਨਾਲ ਨਜਿੱਠਣ ਲਈ ਇੱਕ ਫ਼ਸਲ ਬੀਮਾ ਫੰਡ ਤਿਆਰ ਕਰਕੇ ਪੰਜਾਬ ਦੀ ਆਪਣੀ ਫ਼ਸਲ ਬੀਮਾ ਯੋਜਨਾ ਤਿਆਰ ਕੀਤੀ ਜਾਵੇ। ਇਸ ਫ਼ਸਲ ਬੀਮਾ ਫੰਡ ਦੀ ਸਥਾਪਨਾ, ਕਿਸਾਨਾਂ ਤੋਂ ਸਿਰਫ਼ ਮਾਮੂਲੀ ਯੋਗਦਾਨ ਭਾਵ ਖਰੀਦੀ ਗਈ ਫ਼ਸਲ ਦੇ ਕੁੱਲ ਮੁੱਲ ਦਾ 0.1 ਪ੍ਰਤੀਸ਼ਤ ਲੈ ਕੇ ਕੀਤੀ ਜਾਣੀ ਚਾਹੀਦੀ ਹੈ ਅਤੇ ਸਰਕਾਰੀ ਯੋਗਦਾਨ ਦੁੱਗਣੀ ਰਕਮ ਦਾ ਹੋਣਾ ਚਾਹੀਦਾ ਹੈ। ਸ਼ੁਰੂ ਵਿੱਚ 200 ਕਰੋੜ ਰੁਪਏ

ਦਾ ਫੰਡ ਰਾਜ ਅਤੇ ਕੇਂਦਰ ਸਰਕਾਰ ਵੱਲੋਂ ਬਰਾਬਰ ਦੇ ਯੋਗਦਾਨ ਨਾਲ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ। ਕਿਸਾਨ ਦੇਸ਼ ਦਾ ਢਿੱਡ ਭਰਦਾ ਹੈ, ਇਸ ਲਈ ਸੱਭਿਅਕ ਸਮਾਜ ਦੀ ਤਰਫੋਂ ਰਾਜ ਦੁਆਰਾ ਉਸਦੀ ਦੇਖਭਾਲ ਕੀਤੀ ਜਾਣੀ ਚਾਹੀਦੀ ਹੈ। ਕੁਦਰਤੀ ਆਫਤਾਂ ਕਾਰਨ ਫ਼ਸਲਾਂ ਦੇ ਨੁਕਸਾਨ ਦੀ ਸਥਿਤੀ ਵਿੱਚ, ਕਿਸਾਨ ਨੂੰ ਪੂਰਾ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਕਿਸਾਨ ਨੇ ਅਗਲੇ ਸੀਜ਼ਨ ਦੀ ਫ਼ਸਲ ਵਿੱਚ ਨਿਵੇਸ਼ ਕਰਨ ਦੇ ਨਾਲ ਆਪਣੇ ਪਰਿਵਾਰਕ ਜੀਵਨ ਦੀਆਂ ਜ਼ਿੰਮੇਵਾਰੀਆਂ ਨੂੰ ਵੀ ਪੂਰਾ ਕਰਨਾ ਹੁੰਦਾ ਹੈ। ਇਸ ਸਕੀਮ ਤਹਿਤ ਹਰ ਏਕੜ ਨੂੰ ਇੱਕ ਯੂਨਿਟ ਵਜੋਂ ਮੰਨਕੇ ਫ਼ਸਲੀ ਨੁਕਸਾਨ ਦੀ ਭਰਪਾਈ ਕੀਤੀ ਜਾਣੀ ਚਾਹੀਦੀ ਹੈ।

2. **ਪਸ਼ੂਧਨ ਬੀਮਾ**: ਪਸ਼ੂਧਨ ਖੇਤਰ ਜਾਨਵਰਾਂ ਵਿੱਚ ਛੂਤ ਦੀਆਂ ਬਿਮਾਰੀਆਂ ਕਾਰਨ ਜੋਖਮਾਂ ਦਾ ਬਹੁਤ ਜ਼ਿਆਦਾ ਸ਼ਿਕਾਰ ਹੁੰਦਾ ਹੈ, ਜਿਸਦੇ ਨਤੀਜੇ ਵਜੋਂ ਵੱਡੇ ਪੱਧਰ 'ਤੇ ਪਸ਼ੂਆਂ ਦੀਆਂ ਮੌਤਾਂ ਹੁੰਦੀਆਂ ਹਨ ਅਤੇ ਮਾਲਕਾਂ ਨੂੰ ਆਰਥਿਕ ਤੰਗੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਲਈ, ਮਿਲਕਫੈੱਡ ਅਤੇ ਡੇਅਰੀ ਵਿਕਾਸ ਬੋਰਡ ਰਾਹੀਂ ਇੱਕ ਪਸ਼ੂਧਨ ਬੀਮਾ ਯੋਜਨਾ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਕਿਸਾਨਾਂ ਨੂੰ ਪਸ਼ੂਆਂ ਨਾਲ ਸਬੰਧਤ ਮੁਸ਼ਕਿਲਾਂ ਕਾਰਨ ਪੈਦਾ ਹੋਣ ਵਾਲੇ ਨੁਕਸਾਨ ਤੋਂ ਵਿੱਤੀ ਸੁਰੱਖਿਆ ਪ੍ਰਦਾਨ ਕੀਤੀ ਜਾ ਸਕੇ ਜਿਸ ਨਾਲ ਪਸ਼ੂਧਨ ਖੇਤਰ ਨੂੰ ਵਧੇਰੇ ਅਨੁਕੂਲ ਅਤੇ ਸੁਰੱਖਿਅਤ ਬਣਾਉਣ ਵਿੱਚ ਯੋਗਦਾਨ ਪਾਇਆ ਜਾ ਸਕੇ।

3. **ਮਨੁੱਖੀ ਜੀਵਨ/ਸਿਹਤ ਬੀਮਾ**: ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਇੱਕ ਮਨੁੱਖੀ ਜੀਵਨ/ਸਿਹਤ ਬੀਮਾ ਯੋਜਨਾ ਵਿਕਸਤ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਉਹਨਾਂ ਨੂੰ ਕਿਫਾਇਤੀ ਅਤੇ ਵਿਸ਼ਵ ਪੱਧਰੀ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ। ਇਸ ਸਕੀਮ ਦੇ ਤਹਿਤ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਮਾਨਸਿਕ ਸਿਹਤ ਅਤੇ ਮਨੋਵਿਗਿਆਨਕ ਮੁੱਦਿਆਂ ਨੂੰ ਵੀ ਕਵਰ ਕਰਨਾ ਚਾਹੀਦਾ ਹੈ।

4. **ਜੋਖਮ ਪ੍ਰਬੰਧਨ**: ਖੇਤੀਬਾੜੀ ਖੇਤਰ ਦੀ ਲੰਬੇ ਸਮੇਂ ਦੀ ਨਿਰੰਤਰਤਾ ਨੂੰ ਸੁਰੱਖਿਅਤ ਰੱਖਣ ਅਤੇ ਵੱਖ-ਵੱਖ ਅਨਿਸ਼ਚਿਤਤਾਵਾਂ ਅਤੇ ਚੁਣੌਤੀਆਂ ਦੇ ਮੱਦੇਨਜ਼ਰ ਇੱਕ ਸਥਿਰ ਭੋਜਨ ਸਪਲਾਈ ਨੂੰ ਯਕੀਨੀ ਬਣਾਉਣ ਲਈ ਖੇਤੀਬਾੜੀ ਵਿੱਚ ਕੁਸ਼ਲ ਜੋਖਮ ਪ੍ਰਬੰਧਨ ਜ਼ਰੂਰੀ ਹੈ। ਮੌਸਮ ਦੀ ਸਟੀਕ ਭਵਿੱਖਬਾਣੀ ਕਿਸਾਨਾਂ ਅਤੇ ਸੂਬੇ ਨੂੰ ਅਸਧਾਰਨ ਮੌਸਮ, ਜਿਵੇਂ ਕਿ ਹੜ੍ਹ, ਸੋਕਾ, ਕੋਰਾ, ਤੂਫਾਨ ਆਦਿ ਦੇ ਮਾੜੇ ਪ੍ਰਭਾਵਾਂ ਨੂੰ ਘਟਾਉਣ ਵਿੱਚ ਮੱਦਦ ਕਰਦੀ ਹੈ। ਸਮੇਂ ਸਿਰ ਮਿਲਣ ਵਾਲੀ ਮੌਸਮ ਦੀ ਭਵਿੱਖਬਾਣੀ ਕਿਸਾਨਾਂ ਨੂੰ ਫ਼ਸਲਾਂ ਦੀ ਬਿਜਾਈ, ਸਿੰਚਾਈ ਅਤੇ ਵਾਢੀ ਬਾਰੇ ਸਹੀ ਫੈਸਲੇ ਲੈਣ ਦੇ ਯੋਗ ਬਣਾਉਂਦੀ ਹੈ, ਸਿੱਟੇ ਵਜੋਂ ਖੇਤੀਬਾੜੀ ਉਤਪਾਦਕਤਾ ਅਤੇ ਖੁਰਾਕ ਸੁਰੱਖਿਆ ਵਿੱਚ ਵਾਧਾ ਕਰਦੀ ਹੈ। ਉਦਾਹਰਣ ਦੇ ਤੌਰ 'ਤੇ, ਕੋਰੇ ਦੀ ਭਵਿੱਖਬਾਣੀ ਮਿਲਣ 'ਤੇ ਕਿਸਾਨ ਖੇਤਾਂ ਦੀ ਸਿੰਚਾਈ ਕਰਕੇ ਆਪਣੀਆਂ ਫ਼ਸਲਾਂ ਨੂੰ ਕੋਰੇ ਤੋਂ ਬਚਾ ਸਕਦੇ ਹਨ। ਇਸੇ ਤਰ੍ਹਾਂ, ਖੇਤੀਬਾੜੀ ਮਾਹਿਰ ਮੌਸਮ ਦੀ ਭਵਿੱਖਬਾਣੀ ਦੀ ਪ੍ਰਕਿਰਤੀ ਦੇ ਅਧਾਰ 'ਤੇ ਕਿਸਾਨਾਂ ਨੂੰ ਢੁੱਕਵੇਂ ਉਪਾਵਾਂ ਦੇ ਸਲਾਹ ਮਸ਼ਵਰੇ/ਸਿਫਾਰਿਸ਼ਾਂ ਦੇ ਸਕਦੇ ਹਨ ਅਤੇ ਫ਼ਸਲ-ਵਿਸ਼ੇਸ਼ ਤੌਰ ਤਰੀਕਿਆਂ ਦੀ ਰੂਪ-ਰੇਖਾ ਦੇ ਸਕਦੇ ਹਨ ਅਤੇ ਇੱਥੋਂ ਤੱਕ ਕਿ ਅਸਧਾਰਨ ਮੌਸਮ ਦੀਆਂ ਘਟਨਾਵਾਂ ਦੌਰਾਨ ਸੰਭਾਵੀ ਬਿਮਾਰੀਆਂ ਅਤੇ ਕੀੜਿਆਂ ਦੇ ਪ੍ਰਕੋਪ ਨੂੰ ਹੱਲ ਕਰਨ ਲਈ ਰਣਨੀਤੀਆਂ ਪ੍ਰਦਾਨ ਕਰ ਸਕਦੇ ਹਨ। ਖੇਤੀ ਵਿੱਚ ਜੋਖਮ ਅਤੇ ਅਨਿਸ਼ਚਿਤਤਾ ਦਾ ਪ੍ਰਬੰਧਨ ਕਰਨ ਲਈ ਨਵੀਨਤਮ ਤਕਨੀਕਾਂ ਨਾਲ ਮੌਸਮ ਦੀ ਭਵਿੱਖਬਾਣੀ ਦੇ ਨਾਲ-ਨਾਲ ਅਗਾਊਂ ਅਤੇ ਤੁਰੰਤ ਚਿਤਾਵਨੀ ਅਤੇ ਸਲਾਹ ਮਸ਼ਵਰਾ/ਸਿਫਾਰਸ਼ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਦੀ ਤੁਰੰਤ ਲੋੜ ਹੈ। ਇਸ ਸੰਦਰਭ ਵਿੱਚ ਪੰਜਾਬ ਰਿਮੋਟ ਸੈਂਸਿੰਗ ਸੈਂਟਰ ਨੂੰ ਮਜ਼ਬੂਤ ਕਰਨ ਅਤੇ ਸੁਧਾਰਨ ਦੀ ਜ਼ਰੂਰਤ ਹੈ।

# 17. ਖੇਤੀ-ਪ੍ਰੋਸੈਸਿੰਗ ਅਤੇ ਕਦਰ ਵਧਾਈ/ਕੋਲਡ ਚੇਨ

ਖੇਤੀ-ਪ੍ਰੋਸੈਸਿੰਗ ਅਤੇ ਕਦਰ ਵਧਾਈ, ਖੇਤੀ ਮੁਨਾਫ਼ੇ ਨੂੰ ਵਧਾਉਣ ਲਈ ਅਤੇ ਪੇਂਡੂ ਅਰਥਚਾਰੇ ਨੂੰ ਹੁਲਾਰਾ ਦੇਣ ਲਈ ਬਹੁਤ ਹੀ ਲਾਭਦਾਇਕ ਗਤੀਵਿਧੀਆਂ ਵਜੋਂ ਉਭਰਿਆ ਹੈ, ਇਸ ਦਾ ਸਿਹਰਾ ਤਕਨੀਕੀ ਤਰੱਕੀ ਨੂੰ ਜਾਂਦਾ ਹੈ, ਜਿਸ ਨੇ ਇਸ ਨੂੰ ਸੰਪੂਰਨ, ਸਟੀਕ ਅਤੇ ਬਿਨਾਂ ਨੁਕਸਾਨਦੇਹ ਰਸਾਇਣਾਂ ਤੋਂ ਗੁਣਵੱਤਾ ਵਾਲੇ ਉਤਪਾਦ ਬਣਾਉਣ ਦੇ ਯੋਗ ਬਣਾਇਆ ਹੈ। ਕਈ ਗੁਣਾ ਮੁਨਾਫ਼ੇ ਵਧਾਉਣ ਦੇ ਨਾਲ-ਨਾਲ ਇਸ ਦੀ ਵਿਸ਼ਾਲ ਸਮਰੱਥਾ ਦਾ ਪੂਰੀ ਤਰ੍ਹਾਂ ਲਾਭ ਉਠਾਉਣ ਲਈ, ਇਸ ਪ੍ਰਕਿਰਿਆ ਦੀਆਂ ਬੁਨਿਆਦੀ ਜ਼ਰੂਰਤਾਂ ਨੂੰ ਪੇਸ਼ੇਵਰ ਤੌਰ 'ਤੇ ਕੌਮਾਂਤਰੀ ਮਾਪਦੰਡਾਂ ਦੀ ਪਾਲਣਾ ਕਰਦੇ ਹੋਏ ਪੂਰਾ ਕਰਨਾ ਜ਼ਰੂਰੀ ਹੈ, ਜਿਸ ਵਿੱਚ ਹੇਠਾਂ ਲਿਖੀਆਂ ਗੱਲਾਂ ਦਾ ਬਹੁਤ ਮਹੱਤਵ ਹੈ:

i. ਕੁਦਰਤੀ ਪੈਦਾਵਾਰੀ ਇਲਾਕਿਆਂ (NGA) ਵਿੱਚ ਗੁਣਵੱਤਾ ਭਰਪੂਰ ਕੱਚਾ ਮਾਲ

ii. ਸਭ ਤੋਂ ਵੱਧ ਕੁਸ਼ਲ ਅਤੇ ਲਾਗਤ-ਪ੍ਰਭਾਵਸ਼ਾਲੀ ਉਪਕਰਨ ਦੀ ਚੋਣ ਕਰਨਾ

iii. ਉਤਪਾਦਾਂ ਦੀ ਸਮਰੱਥਾ ਬਾਰੇ ਗਿਆਨ

iv. ਵਧੇਰੇ ਮੰਗ ਵਾਲੀਆਂ ਮੰਡੀਆਂ ਦਾ ਪਤਾ ਲਗਾਉਣਾ

v. ਨਿਭਣਯੋਗਤਾ ਸਬੰਧੀ ਅਧਿਐਨ ਅਤੇ ਪੇਸ਼ੇਵਰ ਪ੍ਰਬੰਧਨ

ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਖੇਤੀ-ਪ੍ਰੋਸੈਸਿੰਗ ਦੇ ਲਾਭ ਉਤਪਾਦਕ ਨੂੰ, ਮੁੱਖ ਤੌਰ 'ਤੇ ਕਿਸਾਨਾਂ ਨੂੰ ਜੋ ਕਿ ਪ੍ਰਮੁੱਖ ਹਿੱਸੇਦਾਰ ਹਨ ਅਤੇ ਪਿੰਡਾਂ ਦੇ ਖਪਤਕਾਰਾਂ ਨੂੰ ਮਿਲਣੇ ਚਾਹੀਦੇ ਹਨ ਤਾਂ ਜੋ ਪੇਂਡੂ ਲੋਕਾਂ ਨੂੰ ਹਰ ਪੱਖੋਂ ਕਾਮਯਾਬ ਕੀਤਾ ਜਾ ਸਕੇ, ਉਨ੍ਹਾਂ ਦੇ ਜੀਵਨ ਪੱਧਰ ਦੇ ਨਾਲ-ਨਾਲ ਵਿਦਿਅਕ ਸਥਿੱਤੀ ਨੂੰ ਉੱਚਾ ਚੁੱਕਿਆ ਜਾ ਸਕੇ ਅਤੇ ਨਾਲ ਹੀ ਪੇਂਡੂ ਅਬਾਦੀ ਦਾ ਸ਼ਹਿਰਾਂ ਅਤੇ ਵਿਦੇਸ਼ਾਂ ਵੱਲ ਹੁੰਦੇ ਪਰਵਾਸ ਨੂੰ ਰੋਕਿਆ ਜਾ ਸਕੇ।

ਇਸ ਸੰਦਰਭ ਵਿੱਚ, ਵਿਭਿੰਨ ਖੇਤੀ ਉਪਜਾਂ ਦੀ ਕੁਸ਼ਲਤਾ ਨਾਲ ਪ੍ਰੋਸੈਸਿੰਗ ਅਤੇ ਪ੍ਰਬੰਧਨ ਕਰਨ ਦੇ ਨਾਲ-ਨਾਲ ਲਾਗਤਾਂ ਨੂੰ ਘਟਾਉਣ ਅਤੇ ਯੋਗ ਪੇਸ਼ੇਵਰਾਂ ਨੂੰ ਸ਼ਾਮਿਲ ਕਰਨ ਲਈ ਇੱਕ ਸਮੂਹ-ਅਧਾਰਿਤ ਪਹੁੰਚ ਦੀ ਲੋੜ ਹੈ, ਜਿਸ ਨਾਲ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ (MPCS)/ਅਗਾਂਹਵਧੂ ਕਿਸਾਨ ਸੁਸਾਇਟੀਆਂ ਨੂੰ ਇਹ ਪ੍ਰੋਸੈਸਿੰਗ ਸਫਲਤਾ ਪੂਰਵਕ ਕਰਨ ਲਈ ਸਮਰੱਥ ਬਣਾਇਆ ਜਾਣਾ ਚਾਹੀਦਾ ਹੈ। ਇਸ ਨੂੰ ਪੇਂਡੂ ਖੇਤਰਾਂ ਵਿੱਚ ਇੱਕ ਤਿਆਰ-ਬਰ-ਤਿਆਰ ਘਰੇਲੂ ਮੰਡੀ ਮਿਲੇਗੀ ਅਤੇ ਵਾਧੂ (ਸਰਪਲੱਸ) ਉਤਪਾਦਾਂ ਨੂੰ ਸ਼ਹਿਰਾਂ ਵਿੱਚ ਭੇਜਿਆ ਜਾ ਸਕੇਗਾ। ਮੰਡੀ ਵਿੱਚ ਪੈਦਾਵਾਰ ਦੀ ਭਰਮਾਰ ਹੋਣ ਦੀ ਸਥਿਤੀ ਵਿੱਚ ਦਬਾਅ ਹੇਠ ਘਾਟੇ ਦੀ ਵਿਕਰੀ (Distress Sales) ਤੋਂ ਬਚਣ ਲਈ ਇਸ ਨੂੰ ਕੁਸ਼ਲ ਸਾਈਲੋ ਕੋਕੂਨ/ਕੋਲਡ ਰੂਮਾਂ ਵਿੱਚ ਭੰਡਾਰਨ ਦੀ ਸਮਰੱਥਾ ਵੀ ਹੋਵੇਗੀ।

**ਨੀਤੀ ਸੰਬੰਧੀ ਸਿਫ਼ਾਰਿਸ਼ਾਂ**

1. **ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਕੋਲ ਉਪਜ ਵਿਸ਼ੇਸ਼ ਪ੍ਰੋਸੈਸਿੰਗ ਮਸ਼ੀਨਰੀ ਦੀ ਉਪਲਬਧਤਾ: ੳ)** ਵੱਖ-ਵੱਖ ਕੁਦਰਤੀ ਪੈਦਾਵਾਰੀ ਇਲਾਕਿਆਂ ਦੀ ਵਿਭਿੰਨ ਉਪਜ ਜਿਵੇਂ ਫਲ, ਸਬਜ਼ੀਆਂ, ਦਾਲਾਂ, ਤੇਲ ਬੀਜ, ਅਨਾਜ, ਗੰਨਾ, ਜੰਗਲਾਤ ਆਦਿ ਲਈ ਉਪਜ-ਵਿਸ਼ੇਸ਼ ਕੁਸ਼ਲ ਪ੍ਰੋਸੈਸਿੰਗ ਉਪਕਰਨਾਂ ਜਾਂ ਲੋੜ-ਅਧਾਰਿਤ ਉਪਕਰਨਾਂ (ਅਨੁਲੱਗ XIII) ਦੀ ਲੋੜ ਹੁੰਦੀ ਹੈ। ਇਹ ਉਪਕਰਨ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ (MPCS)/ਅਗਾਂਹਵਧੂ ਕਿਸਾਨਾਂ ਦੀਆਂ ਸੁਸਾਇਟੀਆਂ ਵਿੱਚ ਲਗਾਏ ਜਾਣੇ ਚਾਹੀਦੇ ਹਨ ਤਾਂ ਜੋ ਕਮਾਏ ਮੁੱਲ ਦਾ ਲਾਭ ਉਤਪਾਦਕ ਕਿਸਾਨਾਂ ਨੂੰ ਮਿਲ ਸਕੇ। ਇਹਨਾਂ ਲੋਕਤੰਤਰੀ ਢੰਗ ਨਾਲ ਸੰਚਾਲਿਤ ਸੁਸਾਇਟੀਆਂ ਦੇ ਗਵਰਨਿੰਗ ਬੋਰਡ ਵਿੱਚ ਅਗਾਂਹਵਧੂ ਕਿਸਾਨ ਹੋਣਗੇ ਅਤੇ ਪ੍ਰੋਸੈਸਿੰਗ ਕਾਰਜ ਪੇਸ਼ੇਵਰ ਟੀਮਾਂ ਦੁਆਰਾ ਚਲਾਏ ਜਾਣੇ ਚਾਹੀਦੇ ਹਨ। ਮੰਡੀਕਰਨ ਦੀ ਸਹੂਲਤ ਅਤੇ ਪੈਦਾਵਾਰ ਅਤੇ ਮੁੱਲ ਵਧਾਉਣ ਦੀ ਪ੍ਰਕਿਰਿਆ ਨੂੰ ਮੰਗ-ਅਧਾਰਿਤ ਬਣਾਉਣ ਲਈ, ਇਹਨਾਂ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ

(MPCS) ਨੂੰ ਪ੍ਰਸਤਾਵਿਤ ਇੰਨੋਵੇਟਿਵ ਖੇਤੀ ਮੰਡੀਕਰਨ ਸੁਸਾਇਟੀ (IAMS) ਅਤੇ ਖੇਤੀ ਮੰਡੀਕਰਨ ਖੋਜ ਅਤੇ ਚੌਕਸੀ ਸੰਸਥਾ (AMRII) ਨਾਲ ਤਾਲਮੇਲ ਬਣਾਉਣਾ ਹੋਵੇਗਾ।

**ਅ)** ਇਹਨਾਂ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ (MPCS) ਨੂੰ ਏਕੀਕ੍ਰਿਤ ਪੈਕ ਹਾਊਸਿਸ ਅਤੇ ਸੋਲਰ ਸਮਰਥਿਤ ਕੋਲਡ-ਚੇਨ ਸੁਵਿਧਾਵਾਂ ਨਾਲ ਲੈਸ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਕਿਸਾਨਾਂ ਦੇ ਮੁਨਾਫ਼ੇ ਨੂੰ ਵਧਾਇਆ ਜਾ ਸਕੇ ਅਤੇ ਮੰਡੀ ਵਿੱਚ ਪੈਦਾਵਾਰ ਦੀ ਭਰਮਾਰ ਅਤੇ ਦਬਾਅ ਹੇਠ ਘਾਟੇ ਦੀ ਵਿਕਰੀ ਤੋਂ ਬਚਿਆ ਜਾ ਸਕੇ।

2. **ਪੰਜਾਬ ਐਗਰੋ ਦੀਆਂ ਪ੍ਰੋਸੈਸਿੰਗ ਸੁਵਿਧਾਵਾਂ ਨੂੰ ਮਜ਼ਬੂਤ ਕਰਨਾ**: ਪੰਜਾਬ ਐਗਰੋ (PAIC) ਵੱਲੋਂ ਅਬੋਹਰ ਅਤੇ ਹੁਸ਼ਿਆਰਪੁਰ ਵਿਖੇ ਸਥਾਪਿਤ ਪ੍ਰੋਸੈਸਿੰਗ ਪਲਾਂਟਾਂ ਨੂੰ ਨਵੀਨਤਮ ਤਕਨੀਕਾਂ ਨਾਲ ਲੈਸ ਕਰਨ ਦੀ ਲੋੜ ਹੈ ਤਾਂ ਜੋ ਪੰਜਾਬ ਦੀ ਬਾਗਬਾਨੀ ਪੈਦਾਵਾਰ ਦੀ ਪ੍ਰੋਸੈਸਿੰਗ ਸਮਰੱਥਾ ’ਚ ਵਾਧਾ ਕੀਤਾ ਜਾ ਸਕੇ। ਇੱਕ ਜਨਤਕ ਖੇਤਰ ਦੀ ਸੰਸਥਾ ਹੋਣ ਦੇ ਨਾਤੇ, ਪੰਜਾਬ ਐਗਰੋ ਵੱਲੋਂ ਪੇਂਡੂ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਲਈ ਕਮਾਏ ਗਏ ਮੁੱਲ ਦਾ ਵੱਡਾ ਹਿੱਸਾ ਕਿਸਾਨਾਂ ਨੂੰ ਵਾਪਸ ਦੇਣਾ ਚਾਹੀਦਾ ਹੈ। ਇਸ ਨੂੰ ਪੇਂਡੂ ਖੇਤਰਾਂ ਵਿੱਚ ਛੋਟੇ ਪ੍ਰੋਸੈਸਿੰਗ ਯੂਨਿਟਾਂ ਦੀ ਸਥਾਪਨਾ ਕਰਨ ਅਤੇ ਮੁਨਾਫ਼ੇਯੋਗ ਨਿਪਟਾਰੇ ਨੂੰ ਯਕੀਨੀ ਬਣਾਉਣ ਹਿਤ ਮੰਡੀਆਂ ਨਾਲ ਜੋੜਨ ਵਿੱਚ ਮਦਦ ਕਰਨ ਲਈ ਕਿਸਾਨ ਸੁਸਾਇਟੀਆਂ ਅਤੇ ਕਿਸਾਨ ਉੱਦਮੀਆਂ ਦਾ ਵੀ ਸਮਰਥਨ ਕਰਨਾ ਚਾਹੀਦਾ ਹੈ।

3. **ਪੰਜਾਬ ਐਗਰੋ ਵੱਲੋਂ ਇੱਕੋ ਥਾਂ (ਸਿੰਗਲ ਵਿੰਡੋ) ਸੇਵਾਵਾਂ:** ਪੰਜਾਬ ਐਗਰੋ ਨੂੰ ਕਿਸਾਨਾਂ ਦੀਆਂ ਸੁਸਾਇਟੀਆਂ ਅਤੇ ਉੱਦਮੀਆਂ ਨੂੰ, ਖਾਸ ਤੌਰ ’ਤੇ ਜ਼ਮੀਨ ਦੀ ਵਰਤੋਂ ਵਿੱਚ ਤਬਦੀਲੀ (CLU) ਸਰਟੀਫਿਕੇਟ, ਪ੍ਰਦੂਸ਼ਣ ਰੋਕਥਾਮ ਲਈ ਇਤਰਾਜ਼-ਹੀਣਤਾ ਸਰਟੀਫਿਕੇਟ (NOC), ਉਦਯੋਗ ਦੀ ਰਜਿਸਟ੍ਰੇਸ਼ਨ, ਬਿਜਲੀ ਕੁਨੈਕਸ਼ਨ, ਫੂਡ ਸੇਫਟੀ ਸਟੈਂਡਰਡ ਅਥਾਰਟੀ ਆਫ਼ ਇੰਡੀਆ (FSSAI) ਸਰਟੀਫਿਕੇਟ, ਬੈਂਕ ਕਰਜ਼ੇ ਜਾਂ ਕੋਈ ਹੋਰ ਸੰਬੰਧਿਤ ਦਸਤਾਵੇਜ਼ ਪ੍ਰਾਪਤ ਕਰਨ ਲਈ ਇੱਕੋ ਥਾਂ (ਸਿੰਗਲ ਵਿੰਡੋ) ਸੇਵਾਵਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ। ਇਸ ਕਾਰਜ ਲਈ ਸਮਰਪਿਤ ਅਧਿਕਾਰੀ ਨਿਯੁਕਤ ਕੀਤੇ ਜਾਣੇ ਚਾਹੀਦੇ ਹਨ।

4. **ਐਗਰੀ-ਪ੍ਰੋਸੈਸਿੰਗ ਲਈ ਸੈਂਟਰ ਆਫ ਐਕਸੇਲੈਂਸ ਦੀ ਸਥਾਪਨਾ**: ਲੁਧਿਆਣਾ ਵਿਖੇ ਐਗਰੀ-ਪ੍ਰੋਸੈਸਿੰਗ ਅਤੇ ਮੁੱਲ ਵਾਧੇ ਅਤੇ ਖੇਤੀ-ਉੱਦਮੀਆਂ ਦੇ ਵਿਕਾਸ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀਏਯੂ) ਵਿੱਚ ਇੱਕ ਸੈਂਟਰ ਆਫ਼ ਐਕਸੇਲੈਂਸ (COE) ਸਥਾਪਿਤ ਕੀਤਾ ਜਾਣਾ ਚਾਹੀਦਾ ਹੈ। ਇਹ ਪੰਜਾਬ ਦੀਆਂ ਲੋੜਾਂ ਅਨੁਸਾਰ ਨਵੀਨਤਮ ਕੁਸ਼ਲ ਕੌਮਾਂਤਰੀ ਉਪਕਰਨਾਂ ਨੂੰ ਸਵਦੇਸ਼ੀ ਬਣਾਉਣ ’ਤੇ ਧਿਆਨ ਕੇਂਦਰਿਤ ਕਰੇਗਾ ਤਾਂ ਜੋ ਮੁੱਲ-ਵਾਧੇ ਦੀ ਲਾਗਤ ਨੂੰ ਪ੍ਰਭਾਵਸ਼ਾਲੀ ਅਤੇ ਹਰ ਪੱਖੋਂ ਮੁਕਾਬਲੇਯੋਗ ਬਣਾਇਆ ਜਾ ਸਕੇ।

5. **ਵਾਢੀ ਉਪਰੰਤ ਉਤਪਾਦ ਦੀ ਸਾਂਭ-ਸੰਭਾਲ ਵਿੱਚ ਸੁਧਾਰ**: ਰਾਜ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਅਤੇ ਬਾਗਬਾਨੀ ਵਿਭਾਗਾਂ ਨੂੰ ਸੰਬੰਧਿਤ ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਗੁਣਵੱਤਾ ਵਾਲੀ ਪੈਦਾਵਾਰ ਲਈ ਫਲਾਂ, ਸਬਜ਼ੀਆਂ ਅਤੇ ਹੋਰ ਫ਼ਸਲਾਂ/ਵਿਕਲਪਾਂ ਲਈ ਕਲੱਸਟਰ ਸਥਾਪਿਤ ਕਰਨੇ ਚਾਹੀਦੇ ਹਨ। ਇਨ੍ਹਾਂ ਕਲੱਸਟਰਾਂ ਨੂੰ ਘਰੇਲੂ ਅਤੇ ਨਿਰਯਾਤ ਮੰਡੀ ਲਈ ਵਾਢੀ ਤੋਂ ਬਾਅਦ ਸਾਂਭ-ਸੰਭਾਲ, ਡੱਬਾਬੰਦੀ ਅਤੇ ਕੋਲਡ ਚੇਨ ਸਿਸਟਮ ਬਣਾਉਣ ਲਈ ਉਹਨਾਂ ਦਾ ਸਮਰਥਨ ਕਰਨਾ ਚਾਹੀਦਾ ਹੈ। ਅਜਿਹੇ ਕਲੱਸਟਰਾਂ ਨੂੰ ਉੱਦਮਸ਼ੀਲਤਾ ਦੀ ਸਿਖਲਾਈ ਲਈ ਸੈਂਟਰ ਆਫ਼ ਐਕਸੇਲੈਂਸ (ਐਗਰੀ-ਪ੍ਰੋਸੈਸਿੰਗ), ਪੰਜਾਬ ਬਾਗਬਾਨੀ ਪੋਸਟ-ਹਾਰਵੈਸਟ ਟੈਕਨਾਲੋਜੀ ਸੈਂਟਰ (PHPTC), ਅਤੇ ਫੂਡ ਇੰਡਸਟਰੀ ਬਿਜ਼ਨਸ ਇਨਕਿਊਬੇਸ਼ਨ ਸੈਂਟਰ, ਪੀਏਯੂ ਲੁਧਿਆਣਾ ਨਾਲ ਜੋੜਿਆ ਜਾਣਾ ਚਾਹੀਦਾ ਹੈ। ਵਾਢੀ ਉਪਰੰਤ ਲਾਗਤ-ਪ੍ਰਭਾਵੀ ਸਾਂਭ-ਸੰਭਾਲ ਅਤੇ ਮੰਡੀਕਰਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਅਜਿਹੇ ਕਲੱਸਟਰਾਂ ਨੂੰ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਅਤੇ ਇੰਨੋਵੇਟਿਵ ਖੇਤੀ ਮੰਡੀਕਰਨ ਸੁਸਾਇਟੀ ਨਾਲ ਜੋੜਿਆ ਜਾਣਾ ਚਾਹੀਦਾ ਹੈ।

6. **ਸਟੋਰੇਜ ਦੀਆਂ ਸਹੂਲਤਾਂ:** ਸਰਕਾਰ ਨੂੰ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ, ਅਗਾਂਹਵਧੂ ਕਿਸਾਨ ਸੁਸਾਇਟੀਆਂ ਅਤੇ ਬਾਗਬਾਨੀ ਅਸਟੇਟਾਂ ਵਿੱਚ ਸਾਈਲੋ/ਮਲਟੀ-ਚੈਂਬਰ ਕੋਲਡ ਸਟੋਰੇਜ ਸੁਵਿਧਾਵਾਂ ਸਥਾਪਿਤ ਕਰਨੀਆਂ ਚਾਹੀਦੀਆਂ ਹਨ। ਬਾਗਬਾਨੀ ਫ਼ਸਲਾਂ/ਪਸ਼ੂਆਂ ਦੇ ਉਤਪਾਦਾਂ ਦੇ ਉਤਪਾਦਨ ਦੀ ਸਮਰੱਥਾ ਵਾਲੇ ਖਾਸ ਇਲਾਕਿਆਂ ਲਈ ਅਜਿਹੀਆਂ ਸੁਵਿਧਾਵਾਂ ਸਮੂਹਿਕ ਤੌਰ 'ਤੇ ਵਿਕਸਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਸੀਜ਼ਨ ਦੌਰਾਨ ਫਲਾਂ ਅਤੇ ਸਬਜ਼ੀਆਂ ਦੀ ਘੱਟ ਕੀਮਤ 'ਤੇ ਵਿਕਰੀ ਤੋਂ ਬਚਣ ਲਈ ਪੰਜਾਬ ਮੰਡੀ ਬੋਰਡ ਨੂੰ ਦੂਰ-ਦੁਰਾਡੇ ਦੀਆਂ ਘਰੇਲੂ ਮੰਡੀਆਂ ਵਿੱਚ ਕਿਰਾਏ 'ਤੇ ਕੋਲਡ ਸਟੋਰੇਜ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ, ਕੋਲਡ ਸਟੋਰੇਜ ਕੇਂਦਰੀਕ੍ਰਿਤ ਅਤੇ ਵਿਕੇਂਦਰੀਕ੍ਰਿਤ ਤੌਰ (ਖੇਤ ਪੱਧਰ, ਕਿਸਾਨ ਦੀ ਮਲਕੀਅਤ/ਕਿਰਾਏ 'ਤੇ) ਦੋਵੇਂ ਤਰ੍ਹਾਂ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ।

7. **ਪੇਂਡੂ ਪੰਜਾਬ ਵਿੱਚ ਜੂਸ ਦੀਆਂ ਦੁਕਾਨਾਂ**: ਨੌਜਵਾਨ ਕਿਸਾਨਾਂ/ਉੱਦਮੀਆਂ ਨੂੰ ਪੌਸ਼ਟਿਕ ਵਿਕਲਪ ਵਜੋਂ ਤਾਜ਼ੇ ਫਲਾਂ ਦੇ ਜੂਸ, ਗੰਨੇ ਦੇ ਜੂਸ ਅਤੇ ਸਬਜ਼ੀਆਂ ਦੇ ਸੂਪ ਦੀ ਸਪਲਾਈ ਦੇ ਨਾਲ-ਨਾਲ ਇਨ੍ਹਾਂ ਦੀ ਘਰ-ਘਰ ਪਹੁੰਚ ਲਈ ਸਾਫ਼ ਸੁਥਰੇ ਜੂਸ ਕੱਢਣ ਵਾਲੇ ਉਪਕਰਨਾਂ ਦੇ ਨਾਲ ਇੰਸੂਲੇਟਿਡ ਸੋਲਰ-ਸਮਰਥਿਤ ਦੁਕਾਨਾਂ ਸਥਾਪਿਤ ਕਰਨ ਲਈ ਸਹਾਇਤਾ ਅਤੇ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ। ਇਹ ਪੇਂਡੂ ਪੰਜਾਬ ਨੂੰ ਸਿਹਤਮੰਦ ਬਣਾਏਗਾ ਅਤੇ ਪੇਂਡੂ ਨੌਜਵਾਨਾਂ ਲਈ ਨੈਤਿਕ ਅਤੇ ਉਪਜਾਊ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰੇਗਾ।

# 18. ਖੇਤੀ ਮਸ਼ੀਨੀਕਰਨ

ਖੇਤੀ ਮਸ਼ੀਨੀਕਰਨ ਅਤੇ ਹੋਰ ਉੱਨਤ ਖੇਤੀ ਢੰਗ-ਤਰੀਕਿਆਂ ਨੂੰ ਅਪਣਾ ਕੇ ਪੰਜਾਬ ਨੇ ਖੇਤੀ ਪੈਦਾਵਾਰ ਵਿੱਚ ਵੱਡੀਆਂ ਪੁਲਾਂਘਾਂ ਪੁੱਟੀਆਂ ਹਨ। ਹਰੇ ਇਨਕਲਾਬ ਦੇ ਸਮੇਂ ਵਿੱਚ ਪੈਦਾਵਾਰ ਵਿੱਚ ਵਾਧਾ ਹੋਇਆ, ਆਮਦਨ ਵਧੀ ਅਤੇ ਕੇਂਦਰੀ ਅੰਨ ਭੰਡਾਰ ਵਿੱਚ ਪੰਜਾਬ ਦੇ ਯੋਗਦਾਨ ਵਿੱਚ ਬਹੁਤ ਵਾਧਾ ਹੋਇਆ। ਖੇਤੀ ਮਸ਼ੀਨੀਕਰਨ ਨੇ ਸਮੇਂ ਦੀ ਬੱਚਤ, ਸੁਖਮਤਾ, ਖੇਤੀ ਲਾਗਤ ਵਸਤਾਂ ਦੀ ਅਮਲੀ ਅਸਰਦਾਇਕਤਾ, ਫ਼ਸਲੀ ਘਣਤਾ ਦੇ ਨਾਲ-ਨਾਲ ਮਜ਼ਦੂਰਾਂ ਦੀ ਸੌਖ ਅਤੇ ਫ਼ਸਲੀ ਉਤਪਾਦਕਤਾ ਨੂੰ ਵਧਾਉਣ ਵਿੱਚ ਸਹਾਇਤਾ ਕੀਤੀ ਹੈ। ਪੰਜਾਬ ਵਿੱਚ ਸਾਲ 2018-19 ਦੌਰਾਨ ਔਸਤ ਫਾਰਮ ਪਾਵਰ ਦੀ ਉਪਲਬਧਤਾ 5.68 ਕਿਲੋਵਾਟ/ਹੈਕਟੇਅਰ ਸੀ ਜੋ ਕਿ ਰਾਸ਼ਟਰੀ ਔਸਤ ਨਾਲੋਂ 2.8 ਗੁਣਾ ਵੱਧ ਸੀ। ਹਾਲਾਂਕਿ, ਮਸ਼ੀਨੀ ਖੇਤੀਬਾੜੀ ਵਿੱਚ ਪ੍ਰਗਤੀ ਦੇ ਬਾਵਜੂਦ, ਕਈ ਮੁੱਦੇ ਸਾਹਮਣੇ ਆਏ ਹਨ, ਜਿਵੇਂ ਕਿ:

i. ਵੱਧ ਪਾਵਰ ਦੇ (ਵਧੇਰੇ ਤਾਕਤ ਵਾਲੇ) ਟਰੈਕਟਰ,

ii. ਵਾਧੂ ਮਸ਼ੀਨੀਕਰਨ; ਅਤੇ

iii. ਸੂਖਮ ਅਤੇ ਕੁਸ਼ਲ ਉਪਕਰਨਾਂ ਦੀ ਲੋੜ

ਮੌਜੂਦਾ ਸਮੇਂ ਪੰਜਾਬ ਨੂੰ ਖੇਤੀ ਮਸ਼ੀਨੀਕਰਨ ਨਾਲ ਸਬੰਧਤ ਵੱਖ-ਵੱਖ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਨ੍ਹਾਂ ਵਿੱਚ ਪ੍ਰਤੀ ਹੈਕਟੇਅਰ ਵੱਧਦੀਆਂ ਨਿਵੇਸ਼ ਲਾਗਤਾਂ, ਖੇਤੀ ਸੰਦਾਂ ਦੀ ਸਮਰੱਥਾ ਤੋਂ ਘੱਟ ਵਰਤੋਂ, ਛੋਟੇ ਕਿਸਾਨਾਂ ਲਈ ਢੁੱਕਵੀਂ ਖੇਤੀ ਮਸ਼ੀਨਰੀ ਦੀ ਸੀਮਤ ਉਪਲਬਧਤਾ, ਉੱਚੀਆਂ ਅਚੱਲ (Fixed) ਖੇਤੀ ਲਾਗਤਾਂ ਅਤੇ ਬਾਗਬਾਨੀ ਫ਼ਸਲਾਂ ਦਾ ਸੀਮਤ ਮਸ਼ੀਨੀਕਰਨ ਆਦਿ ਸ਼ਾਮਿਲ ਹਨ। ਇਹਨਾਂ ਸਮੱਸਿਆਂਵਾਂ ਨੂੰ ਹੱਲ ਕਰਨ ਦੀ ਜ਼ਰੂਰਤ ਹੈ ਤਾਂ ਜੋ ਪੰਜਾਬ ਦੀ ਖੇਤੀ ਨੂੰ ਮੁਨਾਫ਼ੇਯੋਗ ਅਤੇ ਮੁਕਾਬਲੇ ਯੋਗ ਬਣਾਇਆ ਜਾ ਸਕੇ।

ਸਮੇਂ ਦੇ ਨਾਲ ਜਿਵੇਂ-ਜਿਵੇਂ ਖੇਤੀ ਦੀ ਲਾਗਤ ਵੱਧਦੀ ਗਈ, ਕਈ ਅੰਤਰ-ਸੰਬੰਧਿਤ ਕਾਰਕਾਂ ਦੇ ਕਾਰਨ ਖੇਤੀਬਾੜੀ ਤੋਂ ਲਾਭ ਘਟਣਾ ਸ਼ੁਰੂ ਹੋ ਗਿਆ। ਇੱਕ ਪਾਸੇ, ਖੇਤੀ ਮਸ਼ੀਨਰੀ ਦੀ ਸਮਰੱਥਾ ਤੋਂ ਘੱਟ ਵਰਤੋਂ ਹੋ ਰਹੀ ਸੀ; ਦੂਜੇ ਪਾਸੇ, ਬਹੁਗਿਣਤੀ ਛੋਟੇ ਕਿਸਾਨਾਂ ਲਈ ਇਸ ਤੱਕ ਪਹੁੰਚ ਮਹਿੰਗੀ ਅਤੇ ਔਖੀ ਹੋ ਗਈ, ਜਿਸ ਨਾਲ ਕਿਸਾਨ ਖੇਤੀ ਛੱਡਣ ਲੱਗੇ। ਇਸ ਲਈ, ਰਾਜ ਵਿੱਚ ਖੇਤੀ ਮਸ਼ੀਨੀਕਰਨ ਦੇ ਪੱਧਰ ਨੂੰ ਅਜਿਹੇ ਢੰਗ ਨਾਲ ਸੁਧਾਰਨ ਦੀ ਸਖ਼ਤ ਜ਼ਰੂਰਤ ਹੈ, ਜਿਸ ਨਾਲ ਆਰਥਿਕਤਾ ਦੇ ਪੈਮਾਨੇ ਵਿੱਚ ਵਾਧਾ ਹੋਵੇ ਅਤੇ ਸਾਰਿਆਂ ਵਰਗਾਂ ਦੇ ਕਿਸਾਨਾਂ ਨੂੰ ਲਾਭ ਮਿਲ ਸਕੇ। ਇਨ੍ਹਾਂ ਮੁੱਦਿਆਂ ਨਾਲ ਨਜਿੱਠਣ ਲਈ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਰਾਹੀਂ ਖੇਤੀ ਮਸ਼ੀਨਾਂ ਅਤੇ ਉਪਕਰਨਾਂ ਤੱਕ ਆਸਾਨ ਪਹੁੰਚ ਪ੍ਰਦਾਨ ਕਰਨਾ ਜ਼ਰੂਰੀ ਹੈ।

**ਨੀਤੀ ਸੰਬੰਧੀ ਸਿਫ਼ਾਰਿਸ਼ਾਂ**

1. **ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਦੀ ਸਥਾਪਨਾ**: ਮੌਜੂਦਾ ਸਮੇਂ ਪੰਜਾਬ ਵਿੱਚ 3523 ਪ੍ਰਾਇਮਰੀ ਐਗਰੀਕਲਚਰਲ ਕੋਆਪਰੇਟਿਵ ਕਰੈਡਿਟ ਸੁਸਾਇਟੀਆਂ (PACS)/ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ (MPCS) ਹਨ। ਇਹਨਾਂ PACS ਨੂੰ ਕਿਰਾਏ 'ਤੇ ਦੇਣ ਵਾਲੀ ਖੇਤੀ ਮਸ਼ੀਨਰੀ ਨਾਲ ਲੈਸ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਵਜੋਂ ਨਵਿਆਇਆ (ਅੱਪਗਰੇਡ ਕੀਤਾ) ਜਾਣਾ ਚਾਹੀਦਾ ਹੈ। ਇਹ ਸੁਸਾਇਟੀਆਂ ਪਿੰਡ ਸਮੂਹਾਂ ਵਿੱਚ ਸਥਾਪਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਜੋ ਅਗਲੇ ਪੰਜ ਸਾਲਾਂ ਵਿੱਚ ਪੰਜਾਬ ਦੇ ਸਾਰੇ 12581 ਪਿੰਡਾਂ ਨੂੰ ਪੜਾਅ-ਵਾਰ ਇਨ੍ਹਾਂ ਦੇ ਅਧੀਨ ਲਿਆਂਦਾ ਜਾ ਸਕੇ। ਇਨ੍ਹਾਂ ਨੂੰ ਖੇਤੀ ਮਸ਼ੀਨਰੀ ਐਪਸ (Apps) ਜਿਵੇਂ ਕਿ ਊਬਰ (Uber) ਦੁਆਰਾ ਨੇੜਲੀਆਂ ਸੁਸਾਇਟੀਆਂ ਨਾਲ ਜੋੜਿਆ ਜਾਵੇ ਤਾਂ ਜੋ ਨਿਰਧਾਰਿਤ/ਅਚੱਲ ਖੇਤੀ ਲਾਗਤਾਂ ਦੇ ਖਰਚਿਆਂ ਨੂੰ ਘੱਟ ਕੀਤਾ ਜਾ ਸਕੇ ਅਤੇ ਮਸ਼ੀਨਰੀ ਕੁਸ਼ਲਤਾ ਪ੍ਰਦਾਨ ਕੀਤੀ ਜਾ ਸਕੇ। ਇਨ੍ਹਾਂ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਵਿੱਚ ਸੰਬੰਧਿਤ

ਖੇਤਰ ਦੇ ਫ਼ਸਲੀ ਚੱਕਰ ਦੇ ਅਨੁਸਾਰ ਆਧੁਨਿਕ ਵਿਭਿੰਨ ਉਪਕਰਨ ਉਪਲਬਧ ਕਰਵਾਏ ਜਾਣੇ ਚਾਹੀਦੇ ਹਨ, ਜਿਨ੍ਹਾਂ ਨੂੰ ਗਲੋਬਲ ਪੋਜ਼ੀਸ਼ਨਿੰਗ ਸਿਸਟਮ (GPS) ਨਾਲ ਲੈਸ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਮਸ਼ੀਨਰੀ ਦੀ ਵਰਤੋਂ ਦੀ ਨਿਗਰਾਨੀ ਕੀਤੀ ਜਾ ਸਕੇ ਅਤੇ ਇਸ ਦੀ ਵਰਤੋਂ ਨੂੰ ਕੁਸ਼ਲ ਬਣਾਇਆ ਜਾ ਸਕੇ।

2. **ਸੂਖਮ/ਸਟੀਕ/ਬਾਰੀਕੀ ਵਾਲੇ ਉਪਕਰਨ**: ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਅਤੇ ਅਗਾਂਹਵਧੂ ਕਿਸਾਨ ਸੁਸਾਇਟੀਆਂ ਦੀ ਸਟੀਕ ਮਸ਼ੀਨਰੀ (ਨਿਊਮੈਟਿਕ ਪਲਾਂਟਰ, ਡੀਹਸਕਰ-ਕਮ-ਥਰੈਸ਼ਰ, ਗੰਨੇ ਦੀ ਵਾਢੀ ਕਰਨ ਵਾਲਾ ਹਾਰਵੈਸਟਰ, ਰੁੱਖਾਂ ਦੀ ਛੰਗਾਈ ਕਰਨ ਵਾਲੇ ਕੁਸ਼ਲ ਪਰੂਨਰ, ਹਰੇ ਮਟਰ ਥਰੈਸ਼ਰ-ਕਮ-ਡੀਪੋਡਰ, ਇਲੈਕਟ੍ਰੋਸਟੈਟਿਕ ਸਪ੍ਰੇਅਰ, ਆਦਿ) ਦੇ ਵਿਕਾਸ, ਮੁਲਾਂਕਣ ਅਤੇ ਪ੍ਰਸਾਰ ਤੱਕ ਪਹੁੰਚ ਹੋਣੀ ਚਾਹੀਦੀ ਹੈ। ਇਹ ਮਸ਼ੀਨਾਂ ਵਿਭਿੰਨਤਾ ਲਈ ਬਦਲਵੀਆਂ ਫ਼ਸਲਾਂ ਲਈ ਆਪਣੇ-ਆਪਣੇ ਪੈਦਾਵਾਰੀ ਇਲਾਕੇ ਅਨੁਸਾਰ ਉਪਲਬਧ ਹੋਣੀਆਂ ਚਾਹੀਦੀਆਂ ਹਨ, ਜਿਸ ਵਿੱਚ ਮੱਕੀ, ਕਪਾਹ, ਗੰਨਾ, ਤੇਲ ਬੀਜਾਂ, ਦਾਲਾਂ ਅਤੇ ਬਾਗਬਾਨੀ ਫ਼ਸਲਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

3. **ਖੇਤੀਬਾੜੀ ਇੰਜਨੀਅਰਿੰਗ ਡਾਇਰੈਕਟੋਰੇਟ ਦੀ ਸਥਾਪਨਾ**: ਸੂਬੇ ਵਿੱਚ ਇੱਕ ਵੱਖਰਾ ਖੇਤੀਬਾੜੀ ਇੰਜੀਨੀਅਰਿੰਗ ਡਾਇਰੈਕਟੋਰੇਟ ਸਥਾਪਿਤ ਹੋਣਾ ਚਾਹੀਦਾ ਹੈ ਤਾਂ ਕਿ ਮਸ਼ੀਨੀਕਰਨ, ਵਾਢੀ ਤੋਂ ਬਾਅਦ ਦੀ ਪ੍ਰੋਸੈਸਿੰਗ, ਅਤੇ ਮਿੱਟੀ, ਪਾਣੀ/ਸਿੰਚਾਈ ਅਤੇ ਨਵਿਆਉਣਯੋਗ ਊਰਜਾ ਸਕੀਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਸਕੇ। ਇਸ ਤੋਂ ਇਲਾਵਾ, ਖੇਤੀ ਸੈਕਟਰ ਵਿੱਚ ਨਿਗਰਾਨੀ ਰੱਖਣ ਅਤੇ ਮਸ਼ੀਨੀਕਰਨ ਦੀ ਗਤੀ ਤੇਜ਼ ਕਰਨ ਲਈ, ਖੇਤੀਬਾੜੀ ਇੰਜੀਨੀਅਰਾਂ ਦੀਆਂ ਜ਼ਿਲ੍ਹਾ-ਵਾਰ ਅਤੇ ਬਲਾਕ-ਵਾਰ ਅਸਾਮੀਆਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ।

4. **ਨਵੀਆਂ ਅਤੇ ਵਿਕਸਿਤ ਤਕਨੀਕਾਂ**: ਵਧੇਰੇ ਸਟੀਕਤਾ/ਬਾਰੀਕੀ ਅਤੇ ਕੁਸ਼ਲਤਾ ਲਈ, ਨਵੀਆਂ ਅਤੇ ਵਿਕਸਿਤ ਤਕਨੀਕਾਂ (Next-Generation Technologies) ਜਿਵੇਂ ਕਿ ਮਸ਼ੀਨੀ ਬੁੱਧੀਮਤਾ (AI), ਇੰਟਰਨੈੱਟ ਆਫ਼ ਥਿੰਗਜ਼ (IoT), ਗਲੋਬਲ ਨੈਵੀਗੇਸ਼ਨ ਸੈਟੇਲਾਈਟ ਸਿਸਟਮ (GNSS), ਜੀ.ਪੀ.ਐਸ. (GPS), ਇਲੈਕਟ੍ਰਿਕ ਟਰੈਕਟਰ ਅਤੇ ਡਰੋਨ ਆਦਿ ਨੂੰ ਖੇਤੀ ਸੈਕਟਰ ਵਿੱਚ ਇਸ ਤਰ੍ਹਾਂ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਜਿਸ ਨਾਲ ਉਪਜਾਊ ਰੁਜ਼ਗਾਰ ਦੇ ਮੌਕੇ ਪੈਦਾ ਹੋ ਸਕਣ।

5. **ਖੇਤ ਮਸ਼ੀਨਰੀ ਲਈ ਸੈਂਟਰ ਆਫ਼ ਐਕਸੇਲੈਂਸ ਦੀ ਸਥਾਪਨਾ**: ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਿਖੇ ਖੇਤੀ ਮਸ਼ੀਨਰੀ ਅਤੇ ਉਪਕਰਨਾਂ ਲਈ ਇੱਕ ਅਤਿ-ਆਧੁਨਿਕ ਸੈਂਟਰ ਆਫ਼ ਐਕਸੇਲੈਂਸ (CoE) ਦੀ ਸਥਾਪਨਾ ਕੀਤੀ ਜਾਵੇ। ਇਸ ਕੇਂਦਰ ਨੂੰ ਕੁਸ਼ਲ ਅਤੇ ਸਟੀਕ ਖੇਤੀ ਕਾਰਜਾਂ ਦੀ ਸਹੂਲਤ ਦੇਣੀ ਚਾਹੀਦੀ ਹੈ ਅਤੇ ਖੇਤੀ ਸੰਦਾਂ ਲਈ ਇੱਕ ਜਾਂਚ ਅਤੇ ਪ੍ਰਮਾਣੀਕਰਨ ਕੇਂਦਰ (Testing and Certification Centre) ਵਜੋਂ ਕੰਮ ਕਰਨਾ ਚਾਹੀਦਾ ਹੈ। ਇਸ ਕੇਂਦਰ ਅਧੀਨ ਖੇਤ ਮਜ਼ਦੂਰਾਂ ਅਤੇ ਪੇਂਡੂ ਨੌਜਵਾਨਾਂ ਨੂੰ ਖੇਤੀ ਮਸ਼ੀਨਰੀ ਦੇ ਸੰਚਾਲਨ, ਮੁਰੰਮਤ ਅਤੇ ਰੱਖ-ਰਖਾਅ ਬਾਰੇ ਸਿਖਲਾਈ ਦੇਣ ਲਈ ਇੱਕ ਖੇਤੀ ਮਸ਼ੀਨਰੀ ਪ੍ਰਦਰਸ਼ਨੀ-ਅਤੇ-ਹੁਨਰ ਕੇਂਦਰ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ। ਇਹ ਹੁਨਰ-ਅਧਾਰਿਤ ਕਾਰਜ ਰਾਜ ਨੂੰ ਨੌਜਵਾਨਾਂ ਦੇ ਰੁਜ਼ਗਾਰ ਦੀਆਂ ਚੁਣੌਤੀਆਂ ਨਾਲ ਨਜਿੱਠਣ ਵਿੱਚ ਮਦਦ ਕਰ ਸਕਦਾ ਹੈ। ਮਸ਼ੀਨਰੀ-ਉਪਕਰਨ ਦੇ ਹਿੱਸੇਦਾਰਾਂ, ਜਿਵੇਂ ਕਿ ਕਿਸਾਨਾਂ ਅਤੇ ਮਸ਼ੀਨਰੀ ਨਿਰਮਾਤਾ ਸਮੂਹਾਂ ਨੂੰ ਸਲਾਹ ਮਸ਼ਵਰੇ ਲਈ ਇਸ ਕੇਂਦਰ ਨਾਲ ਜੋੜਿਆ ਜਾਣਾ ਚਾਹੀਦਾ ਹੈ।

6. **ਪੰਜਾਬ ਖੇਤ ਮਸ਼ੀਨਰੀ ਦੇ ਧੁਰੇ ਵਜੋਂ**: ਪੰਜਾਬ ਦੇ ਨਵੀਨਤਾਕਾਰੀ ਨਿਰਮਾਤਾ (Innovative Manufacturers) ਹੁਣ ਕਈ ਤਰ੍ਹਾਂ ਦੀ ਖੇਤੀ ਮਸ਼ੀਨਰੀ ਦਾ ਵਿਸ਼ਾਲ ਉਤਪਾਦਨ ਕਰ ਰਹੇ ਹਨ ਅਤੇ ਇਸ ਕਰਕੇ, ਸੈਂਟਰ ਆਫ਼ ਐਕਸੇਲੈਂਸ ਦੇ ਸਹਿਯੋਗ ਨਾਲ, ਰਾਜ ਨੂੰ ਘਰੇਲੂ ਅਤੇ ਵਿਸ਼ਵ ਪੱਧਰ ਦੀ ਮੰਡੀ ਵਿੱਚ ਖੇਤੀ ਮਸ਼ੀਨਰੀ ਦੇ ਧੁਰੇ ਵਜੋਂ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਸੂਬਾ ਘੱਟ ਲਾਗਤ ਵਾਲੀਆਂ ਵਿਸ਼ਵ ਪੱਧਰੀ ਖੇਤੀ ਮਸ਼ੀਨਾਂ ਵਿਕਸਿਤ ਕਰਕੇ ਅੰਤਰਰਾਸ਼ਟਰੀ ਨਿਰਯਾਤ ਮੰਡੀ ਵਿੱਚ ਆਪਣੀ ਪਕੜ ਬਣਾ ਸਕਦਾ ਹੈ। ਸਰਕਾਰ ਦੀ ਅਗਵਾਈ ਵਿੱਚ ਮਾਹਿਰਾਂ ਦੀ ਟੀਮ ਨੂੰ

ਇਟਲੀ ਅਤੇ ਜਪਾਨ ਵਰਗੇ ਦੇਸ਼ਾਂ ਦੇ ਦੌਰਿਆਂ 'ਤੇ ਭੇਜਿਆ ਜਾਵੇ ਤਾਂ ਜੋ ਉਹ ਪੰਜਾਬ ਦੀ ਵਿਭਿੰਨਤਾ ਭਰੀ ਖੇਤੀ ਲਈ ਅਜਿਹੀ ਲੋੜੀਂਦੀ ਸੰਭਾਵੀ ਮਸ਼ੀਨਰੀ, ਸਾਜ਼ੋ-ਸਾਮਾਨ ਅਤੇ ਸੰਦਾਂ ਦੀ ਆਯਾਤ ਲਈ ਖੋਜ ਅਤੇ ਪਛਾਣ ਕਰ ਸਕਣ, ਜੋ ਸਥਾਨਕ ਫ਼ਸਲਾਂ ਅਤੇ ਮਿੱਟੀ ਹਾਲਤਾਂ ਦੇ ਅਨੁਕੂਲ ਹੋਣ ਅਤੇ ਘੱਟ ਲਾਗਤਾਂ ਨਾਲ ਸਵਦੇਸ਼ੀ ਤੌਰ 'ਤੇ ਬਣਾਏ ਜਾ ਸਕਣ।

7. **ਸਬਸਿਡੀ (ਰਿਆਇਤਾਂ) ਵਾਲੀ ਮਸ਼ੀਨਰੀ**: ਮੌਜੂਦਾ ਸਬਸਿਡੀ ਸਹਾਇਤਾ ਵਿਧੀ ਸਬਸਿਡੀ ਨੂੰ ਸਿੱਧੇ ਨਿਰਮਾਤਾ/ ਡੀਲਰ ਨੂੰ ਟ੍ਰਾਂਸਫਰ ਕਰਦੀ ਹੈ। ਇਸ ਨਾਲ ਕੀਮਤਾਂ ਵਧਾਉਣ ਅਤੇ ਮਿਆਰ ਨਾਲ ਸਮਝੌਤਾ ਕਰਨ ਲਈ ਸਿਸਟਮ ਦੀ ਦੁਰਵਰਤੋਂ ਹੋਣ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ। ਲਾਭਪਾਤਰੀ ਕਿਸਾਨਾਂ ਨੂੰ ਸਬਸਿਡੀ ਸਿੱਧੇ ਤੌਰ 'ਤੇ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਉਹ ਗੁਣਵੱਤਾ ਅਤੇ ਕੀਮਤ ਦੋਵਾਂ ਪੱਖਾਂ ਤੋਂ ਮੰਡੀ ਮੁਕਾਬਲੇ ਦਾ ਲਾਭ ਲੈ ਸਕਣ।

# 19. ਖੇਤਰੀ ਮੁੱਦੇ

ਪੰਜਾਬ ਵਿੱਚ ਵਿਭਿੰਨ ਖੇਤੀ-ਜਲਵਾਯੂ ਖੇਤਰ ਹਨ, ਹਰੇਕ ਖੇਤਰ ਦੀਆਂ ਆਪਣੀਆਂ ਵਿਲੱਖਣ ਭੂਗੋਲਿਕ ਸੀਮਾਵਾਂ, ਆਬੋ-ਹਵਾ ਅਤੇ ਸਮਾਜਿਕ-ਆਰਥਿਕ ਹਾਲਤਾਂ ਹਨ। ਇਸ ਨਾਲ ਵਿਸ਼ੇਸ਼ ਮੌਸਮ ਅਧਾਰਿਤ, ਸਿੰਚਾਈ ਦੇ ਬੁਨਿਆਦੀ ਢਾਂਚੇ ਦੀ ਉਪਲਬਧਤਾ ਅਤੇ ਮੰਡੀਆਂ ਤੱਕ ਪਹੁੰਚ ਦੇ ਮੱਦੇ ਨਜ਼ਰ ਇਲਾਕਾ ਵਿਸ਼ੇਸ਼ ਖੇਤੀ ਦੇ ਢੰਗ ਤਰੀਕਿਆਂ ਦਾ ਵਿਕਾਸ ਹੋਇਆ ਹੈ। ਵੱਖ-ਵੱਖ ਖੇਤਰਾਂ ਦੇ ਕਿਸਾਨ ਆਪਣੇ ਸੰਬੰਧਿਤ ਇਲਾਕਿਆਂ ਵਿੱਚ ਵਿਲੱਖਣ ਚੁਣੌਤੀਆਂ ਨਾਲ ਜੂਝਦੇ ਹਨ। ਪੰਜਾਬ ਦੇ ਸਰਹੱਦੀ ਖੇਤਰਾਂ ਵਿੱਚ, ਮੁੱਖ ਤੌਰ 'ਤੇ ਸੁਰੱਖਿਆ ਮੁੱਦੇ ਅਤੇ ਖੇਤਾਂ ਤੱਕ ਪਹੁੰਚ ਦੀਆਂ ਸਮੱਸਿਆਵਾਂ ਨਾਲ ਸੰਬੰਧਿਤ ਕੁਝ ਖਾਸ ਚੁਣੌਤੀਆਂ ਹਨ। ਇਹਨਾਂ ਚੁਣੌਤੀਆਂ ਕਾਰਨ ਉਪਜੀਵਕਾ ਦੀ ਅਸਥਿਰਤਾ ਅਤੇ ਜ਼ਮੀਨ ਦੀ ਘੱਟ ਉਤਪਾਦਕਤਾ ਵਰਗੇ ਦੂਰਗਾਮੀ ਨਤੀਜੇ ਸ਼ਾਮਿਲ ਹਨ। ਇਹਨਾਂ ਖੇਤਰਾਂ ਵਿੱਚ ਸੜਕਾਂ, ਸਿੰਚਾਈ ਸਹੂਲਤਾਂ, ਮੰਡੀਆਂ ਤੱਕ ਪਹੁੰਚ ਆਦਿ ਦੀ ਘਾਟ ਸਮੇਤ ਢੁੱਕਵੇਂ ਬੁਨਿਆਦੀ ਢਾਂਚੇ ਦੀ ਘਾਟ ਕਾਰਨ ਅਕਸਰ ਲੋਕ ਪ੍ਰੇਸ਼ਾਨ ਹੁੰਦੇ ਹਨ। ਦੇਸ਼ ਦੀ ਵੰਡ ਦੇ ਦੌਰਾਨ ਇਸ ਖੇਤਰ ਵਿੱਚ ਰਹਿਣ ਵਾਲੇ ਲੋਕਾਂ ਨੂੰ ਬਹੁਤ ਨੁਕਸਾਨ ਝੱਲਣਾ ਪਿਆ। ਉਨ੍ਹਾਂ ਨੇ ਗੁਆਂਢੀ ਦੇਸ਼ ਨਾਲ ਦੇਸ਼ ਦੀਆਂ ਦੋ ਜੰਗਾਂ ਦੇ ਨਾਲ-ਨਾਲ ਕਈ ਛੋਟੀਆਂ ਲੜਾਈਆਂ ਦਾ ਖਾਮਿਆਜ਼ਾ ਵੀ ਭੁਗਤਿਆ ਹੈ। ਉਨ੍ਹਾਂ ਸਾਲਾਂ-ਬੱਧੀ ਆਪਣੀ ਆਮਦਨੀ ਅਤੇ ਜੀਵਨ ਪੱਧਰ ਵਿੱਚ ਗਿਰਾਵਟ ਦਾ ਸਾਹਮਣਾ ਕੀਤਾ ਹੈ ਕਿਉਂਕਿ ਵੰਡ ਤੋਂ ਬਾਅਦ ਵੱਡੇ ਪੱਧਰ 'ਤੇ ਕਈ ਉਦਯੋਗ ਅੰਮ੍ਰਿਤਸਰ ਤੋਂ ਲੁਧਿਆਣਾ ਅਤੇ ਜਲੰਧਰ ਵਿੱਚ ਚਲੇ ਗਏ। ਇਸ ਸਮੇਂ ਸਰਹੱਦੀ ਖੇਤਰਾਂ ਦੇ ਲੋਕ ਬਹੁ-ਪੱਖੀ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ, ਜਿਨ੍ਹਾਂ ਨੂੰ ਹੱਲ ਕਰਨ ਦੀ ਜ਼ਰੂਰਤ ਹੈ।

ਸ਼ਿਵਾਲਿਕ ਦੀ ਤਲਹੱਟੀ ਨਾਲ ਇਸ ਦੇ ਨੀਮ-ਪਹਾੜੀ ਉੱਤਰ-ਪੂਰਬੀ ਪੰਜਾਬ ਦੇ ਹਿੱਸੇ, ਜਿਸ ਵਿੱਚ ਰੂਪਨਗਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ ਅਤੇ ਪਠਾਨਕੋਟ ਜ਼ਿਲ੍ਹੇ ਸ਼ਾਮਿਲ ਹਨ, ਨੂੰ ਕੰਢੀ ਖੇਤਰ ਵਜੋਂ ਜਾਣਿਆ ਜਾਂਦਾ ਹੈ। ਇਹ ਖੇਤਰ, ਜੋ ਕਿ ਰਾਜ ਦੇ ਭੂਗੋਲਿਕ ਖੇਤਰ ਦਾ ਲਗਪਗ 11 ਪ੍ਰਤੀਸ਼ਤ ਹੈ, ਦੀ ਵਿਸ਼ੇਸ਼ਤਾ ਨੀਵੀਆਂ ਪਹਾੜੀਆਂ, ਉਚੀ-ਨੀਵੀਂ ਭੂਗੋਲਿਕ ਬਣਤਰ, ਖੜ੍ਹਵੀਆਂ ਢਲਾਨਾਂ ਅਤੇ ਖੋਰੇ ਨਾਲ ਕਮਜ਼ੋਰ ਹੋਈ ਹਲਕੀ ਮਿੱਟੀ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਨੀਵਾਂ ਹੈ, ਮਿੱਟੀ ਜਿਆਦਾਤਰ ਰੇਤਲੀ ਹੈ, ਜਿਸ ਦੀ ਬਣਤਰ ਸਤ੍ਹਾ ਪੱਧਰ 'ਤੇ ਰੇਤਲੀ ਅਤੇ ਮੈਰਾ ਹੈ ਅਤੇ ਕੁਝ ਖੇਤਰਾਂ ਵਿੱਚ ਹੇਠਲੀ ਸਤ੍ਹਾ ਪੱਧਰ 'ਤੇ ਮੈਰਾ ਤੋਂ ਚੀਕਣੀ ਹੈ। ਇਸ ਖੇਤਰ ਵਿੱਚ ਰੋਜ਼ੀ-ਰੋਟੀ ਦਾ ਮੁੱਖ ਸਰੋਤ ਮਿਸ਼ਰਤ ਖੇਤੀ ਹੈ, ਅਰਥਾਤ ਗੁਜ਼ਾਰਾ ਕਰਨ ਵਾਲੀ ਖੇਤੀ ਦੇ ਨਾਲ ਕੁਝ ਇਲਾਕੇ ਵਿੱਚ ਵਪਾਰਕ ਖੇਤੀਬਾੜੀ/ਬਾਗਬਾਨੀ ਦੀਆਂ ਫ਼ਸਲਾਂ ਦੇ ਨਾਲ-ਨਾਲ ਖੇਤੀ-ਜੰਗਲਾਤ ਬੂਟੇ ਅਤੇ ਪਸ਼ੂ-ਧਨ ਵੀ ਪੂਰਕ ਸਾਧਨ ਹਨ। ਇਸ ਲਈ ਮੁੱਖ ਮਸਲਿਆਂ ਵਜੋਂ ਖੋਰੇ ਨਾਲ ਕਮਜ਼ੋਰ ਹੋਈ ਮਿੱਟੀ, ਘੱਟ ਉਤਪਾਦਕਤਾ ਅਤੇ ਖ਼ਾਸ ਤੌਰ 'ਤੇ ਅਵਾਰਾ ਅਤੇ ਜੰਗਲੀ ਜਾਨਵਰ ਇੱਥੋਂ ਦੇ ਖੇਤੀਬਾੜੀ ਖੇਤਰ ਨੂੰ ਮਾੜੇ ਰੁੱਖ ਪ੍ਰਭਾਵਿਤ ਕਰਦੇ ਹਨ। ਪੰਜਾਬ ਦੇ ਹੋਰ ਖੇਤਰਾਂ ਨੂੰ ਵੀ ਖੇਤਰ-ਵਿਸ਼ੇਸ਼ ਮੁੱਦਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਕਿ ਬੇਟ ਖੇਤਰ ਦੀਆਂ ਦਰਪੇਸ਼ ਚੁਣੌਤੀਆਂ - ਹੜ੍ਹਾਂ ਦਾ ਖਤਰਾ, ਨਾਕਾਫ਼ੀ ਬੁਨਿਆਦੀ ਢਾਂਚਾ ਵਿਕਾਸ, ਵਾਤਾਵਰਨ ਦੀ ਸੰਭਾਲ, ਜਲ ਸਰੋਤ ਪ੍ਰਬੰਧਨ ਆਦਿ। ਇਸੇ ਤਰ੍ਹਾਂ ਪੰਜਾਬ ਦੇ ਸੇਮਗ੍ਰਸਤ ਖੇਤਰ ਨੂੰ ਫ਼ਸਲਾਂ ਦੀ ਘੱਟ ਉਤਪਾਦਕਤਾ, ਮਿੱਟੀ ਦਾ ਨਿਘਾਰ, ਜੀਵਨ ਨਿਰਬਾਹ ਦੀ ਅਸਥਿਰਤਾ ਆਦਿ ਜਿਹੇ ਮੁੱਦਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹਨਾਂ ਖੇਤਰਾਂ ਦੇ ਵਿਕਾਸ ਲਈ ਇੱਕ ਢੁੱਕਵੀਂ ਨੀਤੀ ਦੀ ਲੋੜ ਹੈ।

ਇਹਨਾਂ ਮੁੱਦਿਆਂ ਨੂੰ ਹੱਲ ਕਰਕੇ, ਇਥੋਂ ਦੇ ਕੁਦਰਤੀ ਪੈਦਾਵਾਰੀ ਇਲਾਕਿਆਂ ਦੀਆਂ ਚੁਣੀਆਂ ਹੋਈਆਂ ਫ਼ਸਲਾਂ ਲਈ ਸਿਹਤਮੰਦ ਖੇਤੀ ਦੇ ਢੰਗ-ਤਰੀਕਿਆਂ ਨੂੰ ਅਪਣਾ ਕੇ, ਕੰਢੀ ਅਤੇ ਹੋਰ ਖੇਤਰਾਂ ਦੇ ਕਿਸਾਨਾਂ ਦੇ ਮੁਨਾਫ਼ੇ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਸੂਬੇ ਦੇ ਇਨ੍ਹਾਂ ਖੇਤਰ-ਵਿਸ਼ੇਸ਼ ਮੁੱਦਿਆਂ ਨੂੰ ਸਮਝਣਾ ਅਤੇ ਇਨ੍ਹਾਂ ਖੇਤਰਾਂ ਵਿੱਚ ਖੇਤੀਬਾੜੀ ਦੇ ਵਿਕਾਸ ਲਈ ਨੀਤੀ ਬਣਾਉਣਾ ਲਾਜ਼ਮੀ ਹੈ।

## ਨੀਤੀ ਸੰਬੰਧੀ ਸਿਫ਼ਾਰਿਸ਼ਾਂ

1. **ਮਿਸ਼ਨ ਮੋਡ ਵਿੱਚ ਖੇਤਰੀ ਵਿਕਾਸ:** ਖੇਤੀਬਾੜੀ, ਬਾਗਬਾਨੀ ਅਤੇ ਜੰਗਲਾਤ ਵਿਭਾਗ ਨੂੰ ਮਿਸ਼ਨ ਮੋਡ ਵਿੱਚ ਵੱਖ-ਵੱਖ ਖੇਤਰਾਂ ਦੇ ਸੰਬੰਧਿਤ ਮੁੱਦਿਆਂ ਦੇ ਹੱਲ ਕਰਨ ਦੀ ਜ਼ਿੰਮੇਵਾਰੀ ਸੌਂਪੀ ਜਾਣੀ ਚਾਹੀਦੀ ਹੈ, ਜਿਸ ਲਈ ਕੰਢੀ ਖੇਤਰ ਮਿਸ਼ਨ, ਸਰਹੱਦੀ ਖੇਤਰ ਮਿਸ਼ਨ, ਬੇਟ ਖੇਤਰ ਮਿਸ਼ਨ ਅਤੇ ਸੇਮ ਗ੍ਰਸਤ ਖੇਤਰ ਮਿਸ਼ਨ ਦੀ ਸ਼ੁਰੂਆਤ ਕੀਤੀ ਜਾਣੀ ਚਾਹੀਦੀ ਹੈ। ਇਹਨਾਂ ਖੇਤੀ ਮਿਸ਼ਨਾਂ ਨੂੰ ਆਪਣੀ ਸਮਾਂਬੱਧ ਰਿਪੋਰਟ ਤਿਆਰ ਕਰਕੇ ਦੇਣ ਲਈ, ਜੋ ਕਿ ਕੁਝ ਮਹੀਨੇ ਹੋ ਸਕਦੇ ਹਨ, ਸ਼ੁਰੂਆਤੀ ਫੰਡ ਦਿੱਤਾ ਜਾਣਾ ਚਾਹੀਦਾ ਹੈ। ਸਰਕਾਰ ਇਨ੍ਹਾਂ ਰਿਪੋਰਟਾਂ ਦੀਆਂ ਸਿਫਾਰਿਸ਼ਾਂ ਨੂੰ ਸੰਬੰਧਿਤ ਮਿਸ਼ਨਾਂ ਰਾਹੀਂ ਵਿਚਾਰ-ਵਟਾਂਦਰੇ ਤੋਂ ਬਾਅਦ ਲਾਗੂ ਕਰ ਸਕਦੀ ਹੈ।

2. **ਕੰਢੀ ਖੇਤਰ ਲਈ**

**ੳ)** ਇਸ ਲੰਬੀ ਕੰਢੀ ਪੱਟੀ ਦੇ ਵੱਖ-ਵੱਖ ਹਿੱਸਿਆਂ ਵਿੱਚ ਖੇਤੀ-ਵਾਤਾਵਰਨ ਸਥਿਤੀਆਂ ਅਨੁਸਾਰ ਝੋਨੇ ਦੀ ਕਾਸ਼ਤ ਵਾਲੇ ਖੇਤਰ ਨੂੰ ਬਾਸਮਤੀ, ਖੇਤੀ-ਜੰਗਲਾਤ (ਪੋਪਲਰ ਅਤੇ ਸਫੈਦਾ), ਔਸ਼ਧੀ ਪੌਦਿਆਂ (ਆਂਵਲਾ, ਹਰੜ, ਬਹੇੜਾ, ਆਦਿ), ਆਲੂ ਅਤੇ ਹੋਰ ਸਬਜ਼ੀਆਂ, ਮੂੰਗਫਲੀ, ਮੱਕੀ ਆਦਿ ਵਿੱਚ ਤਬਦੀਲ ਕੀਤਾ ਜਾਣਾ ਚਾਹੀਦਾ ਹੈ। ਕੰਢੀ ਅਤੇ ਉਚੇ-ਨੀਵੇਂ ਪੱਧਰ ਵਾਲੀਆਂ ਜ਼ਮੀਨਾਂ ਲਈ ਬਾਂਸ ਦੀ ਖੇਤੀ ਨੂੰ ਜੰਗਲਾਤ ਵਿੱਚ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਕਿਸਾਨ ਬਾਂਸ ਦੀ ਖੇਤੀ ਕਰਕੇ ਮੁਨਾਫ਼ਾ ਕਮਾ ਸਕਣ। ਇਸ ਤੋਂ ਇਲਾਵਾ, ਇਹ ਖੇਤਰ ਦਵਾਈਆਂ ਵਾਲੀਆਂ ਕਾਫੀ ਫ਼ਸਲਾਂ ਲਈ ਵੀ ਢੁੱਕਵਾਂ ਹੈ, ਜਿਨ੍ਹਾਂ ਨੂੰ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਰਾਹੀਂ ਪ੍ਰੋਸੈਸਿੰਗ ਅਤੇ ਮੰਡੀਕਰਨ ਦਖਲ ਨਾਲ ਉੱਚ-ਮੁੱਲ ਕਮਾਉਣ ਲਈ ਕੇਂਦਰਿਤ ਕੀਤਾ ਜਾਣਾ ਚਾਹੀਦਾ ਹੈ।

**ਅ)** ਬਾਂਸ ਨੂੰ ਦਰਖਤਾਂ ਦੀ ਸ਼੍ਰੇਣੀ ਵਿੱਚੋਂ ਕੱਢਣ ਦੇ ਸੰਬੰਧ ਵਿੱਚ ਭਾਰਤੀ ਜੰਗਲਾਤ ਐਕਟ, 1927 ਵਿੱਚ ਕੀਤੀਆਂ ਤਾਜਾ ਸੋਧਾਂ ਨੂੰ ਸੂਬੇ ਵਿੱਚ ਲਾਗੂ ਕੀਤਾ ਜਾਣਾ ਚਾਹੀਦਾ ਹੈ। ਇਸ ਕਾਰਨ, ਗੈਰ-ਜੰਗਲਾਤ ਖੇਤਰਾਂ ਵਿੱਚ ਉਗਾਉਣ ਵਾਲੇ ਬਾਂਸ ਨੂੰ ਆਰਥਿਕ ਵਰਤੋਂ ਲਈ ਇਸ ਦੀ ਕਟਾਈ ਜਾਂ ਢੋ-ਢੁਆਈ ਲਈ ਇਜਾਜ਼ਤ ਲੈਣ ਦੀ ਲੋੜ ਨਹੀਂ ਪਵੇਗੀ। ਕੰਢੀ ਖੇਤਰ ਵਿੱਚ ਬਾਂਸ ਦੀ ਕਾਸ਼ਤ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਹ ਉਤਪਾਦਨ ਦੀ ਘੱਟ ਲਾਗਤ, ਲੰਬੀ ਉਮਰ ਅਤੇ ਮੁੱਲ ਵਧਾਉਣ ਦੀ ਸੰਭਾਵਨਾ ਦੇ ਮੱਦੇਨਜ਼ਰ ਇੱਕ ਬਹੁਤ ਹੀ ਲਾਭਦਾਇਕ ਉੱਦਮ ਹੋ ਸਕਦਾ ਹੈ।

**ੲ)** ਕੰਢੀ ਖੇਤਰ ਦੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਨੂੰ ਜੰਗਲੀ/ਆਵਾਰਾ ਪਸ਼ੂਆਂ ਤੋਂ ਬਚਾਉਣ ਲਈ ਕੰਡਿਆਲੀ ਤਾਰ ਦੀ ਵਾੜ ਦੀ ਸਹੂਲਤ ਦਿੱਤੀ ਜਾਣੀ ਚਾਹੀਦੀ ਹੈ। ਬਦਲ ਵਜੋਂ, ਜਿਹੜੀਆਂ ਫ਼ਸਲਾਂ ਦਾ ਜੰਗਲੀ ਜਾਨਵਰ ਨੁਕਸਾਨ ਨਹੀਂ ਕਰ ਸਕਦੇ ਉਨਾਂ ਫ਼ਸਲਾਂ, ਜਿਵੇਂ ਤਾਰਾਮੀਰਾ, ਦੀ ਖੇਤੀ ਨੂੰ ਵੀ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਇਸ ਖੇਤਰ ਵਿੱਚ ਜੰਗਲੀ ਏਰੀਏ ਦੀ ਸਹੀ ਹੱਦਬੰਦੀ ਹੋਣੀ ਚਾਹੀਦੀ ਹੈ। ਜਿਸ ਉਪਰੰਤ, ਪੂਰੇ ਸ਼ਿਵਾਲਿਕ ਦੇ ਹੇਠਲੇ ਪਹਾੜੀ ਜੰਗਲੀ ਏਰੀਏ ਵਿੱਚ ਜੰਗਲੀ ਜਾਨਵਰਾਂ ਨੂੰ ਸੀਮਤ ਰੱਖਣ ਅਤੇ ਜੰਗਲ ਦੀ ਲੱਕੜ ਦੀ ਚੋਰੀ ਨੂੰ ਰੋਕਣ ਲਈ ਵਾੜ/ਸੋਲਰ ਵਾੜ ਲਗਾਉਣੀ ਚਾਹੀਦੀ ਹੈ।

**ਸ)** ਬਾਗਬਾਨੀ ਵਿਭਾਗ ਵੱਲੋਂ, ਨਿਰਧਾਰਤ ਇਲਾਕੇ ਵਿੱਚ ਕਿਸਾਨਾਂ ਨੂੰ ਰੇਸ਼ਮ ਦੇ ਕੀੜੇ ਪਾਲਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਇਸ ਲਈ, ਵੱਧ ਤੋਂ ਵੱਧ ਗਿਣਤੀ ਵਿੱਚ ਸ਼ਹਿਤੂਤ ਦੇ ਦਰੱਖਤ ਲਗਾਉਣ ਦੇ ਨਾਲ-ਨਾਲ ਰੇਸ਼ਮ ਦੇ ਕੀੜੇ ਪਾਲਕਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਰੇਸ਼ਮ ਦੇ ਕੀੜਿਆਂ ਦੇ ਕਕੂਨਾਂ ਲਈ ਰੀਲਿੰਗ ਯੂਨਿਟ ਲਗਾਏ ਜਾਣੇ ਚਾਹੀਦੇ ਹਨ।

**ਹ)** ਇਸ ਖੇਤਰ ਵਿੱਚ ਕੁਦਰਤੀ ਜੰਗਲਾਂ ਦੀ ਸੰਭਾਲ ਦੇ ਨਾਲ-ਨਾਲ ਜੰਗਲੀ ਜਾਨਵਰਾਂ ਲਈ ਕੁਦਰਤੀ ਨਿਵਾਸ ਸਥਾਨਾਂ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਇਸ ਖੇਤਰ ਵਿੱਚ ਕੁਦਰਤੀ ਸੈਰ-ਸਪਾਟਾ ਸਥਾਨਾਂ ਦੀ ਪਛਾਣ ਕਰਕੇ ਉਨਾਂ ਨੂੰ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ।

**ਕ)** ਬਾਗਬਾਨੀ, ਖੇਤੀ-ਜੰਗਲਾਤ ਅਤੇ ਔਸ਼ਧੀ ਪੌਦਿਆਂ ਦੀ ਮਿਆਰ ਵਾਲੀ ਨਰਸਰੀ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਖੇਤਰੀ ਖੋਜ ਕੇਂਦਰ, ਬੱਲੋਵਾਲ ਸੌਂਖੜੀ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਹੋਣੀ ਚਾਹੀਦੀ ਹੈ।

**ਖ)** ਖੇਤੀ-ਜੰਗਲਾਤ ਕੰਢੀ ਖੇਤਰ ਦਾ ਮੁੱਖ ਅਧਾਰ ਹੈ ਪਰ ਇੱਥੇ ਕਿਸਾਨਾਂ ਦਾ ਵਿਚੋਲਿਆਂ ਦੁਆਰਾ ਸ਼ੋਸ਼ਣ ਕੀਤਾ ਜਾਂਦਾ ਹੈ। ਇਸ ਸ਼ੋਸ਼ਣ ਨੂੰ ਰੋਕਣ ਲਈ, ਹੁਸ਼ਿਆਰਪੁਰ-ਦਸੂਹਾ ਰਾਜ ਮਾਰਗ 'ਤੇ ਇੱਕ ਢੁੱਕਵੀਂ ਥਾਂ, ਜੋ ਲੱਕੜ ਪ੍ਰੋਸੈਸਿੰਗ ਉਦਯੋਗ ਦੇ ਨੇੜੇ ਹੋਵੇ, ਉੱਪਰ ਨਿਯਮਿਤ ਲੱਕੜ ਮੰਡੀ ਸਥਾਪਿਤ ਕੀਤੀ ਜਾਣੀ ਚਾਹੀਦੀ ਹੈ।

### 3. ਬੇਟ ਖੇਤਰਾਂ ਲਈ

**ੳ)** ਇੱਥੇ ਇੱਕ ਖੇਤਰ-ਵਿਸ਼ੇਸ਼ ਏਕੀਕ੍ਰਿਤ ਮਾਡਲ ਸਥਾਪਿਤ ਕਰਨ ਦੀ ਲੋੜ ਹੈ, ਜਿਸ ਵਿੱਚ ਮੰਡੀਕਰਨ ਨੂੰ ਯਕੀਨੀ ਬਣਾਇਆ ਜਾਵੇ।

**ਅ)** ਇਸ ਖੇਤਰ ਵਿੱਚ ਖੇਤੀ-ਜੰਗਲਾਤ ਅਤੇ ਹੋਰ ਹੜ੍ਹ-ਸਹਿਣਸ਼ੀਲ ਫ਼ਸਲਾਂ, ਜਿਵੇਂ ਕਿ ਗੰਨੇ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

**ੲ)** ਹੜ੍ਹਾਂ ਨੂੰ ਘੱਟ ਕਰਨ ਅਤੇ ਬਰਸਾਤੀ ਪਾਣੀ ਦਾ ਕੁਸ਼ਲਤਾ ਨਾਲ ਪ੍ਰਬੰਧਨ ਕਰਨ ਲਈ ਇਸ ਖੇਤਰ ਵਿੱਚ ਦਰਿਆਵਾਂ ਦੇ ਕਿਨਾਰਿਆਂ ਦੇ ਨਾਲ ਜਲ ਭੰਡਾਰ, ਝੀਲਾਂ ਅਤੇ ਤਾਲਾਬ ਬਣਾਏ ਜਾਣੇ ਚਾਹੀਦੇ ਹਨ। ਇਹ ਜਲ-ਭੰਡਾਰ ਮਹੱਤਵਪੂਰਨ ਭੰਡਾਰਨ ਸਹੂਲਤਾਂ ਵਜੋਂ ਕੰਮ ਕਰ ਸਕਦੇ ਹਨ, ਜਿਸ ਨਾਲ ਇਕੱਠੇ ਕੀਤੇ ਪਾਣੀ ਦੀ ਵਰਤੋਂ ਕਰਦੇ ਹੋਏ ਸੂਰਜੀ ਸਮਰਪਿਤ ਲਘੂ ਸਿੰਚਾਈ ਪ੍ਰਣਾਲੀਆਂ ਨੂੰ ਸਾਰਾ ਸਾਲ ਲਾਗੂ ਕੀਤਾ ਜਾ ਸਕਦਾ ਹੈ।

### 4. ਸਰਹੱਦੀ ਖੇਤਰਾਂ ਲਈ

**ੳ)** ਇਹ ਇੱਕ ਤੱਥ ਹੈ ਕਿ ਲੋਕ ਸਪੱਸ਼ਟ ਕਾਰਨਾਂ ਕਰਕੇ ਸੂਬੇ ਦੇ ਸਰਹੱਦੀ ਖੇਤਰਾਂ ਵਿੱਚ ਨਿਵੇਸ਼ ਕਰਨ ਤੋਂ ਸੰਕੋਚ ਕਰਦੇ ਹਨ, ਇਸ ਲਈ ਪੰਜਾਬ ਸਰਕਾਰ ਨੂੰ ਇੱਕ 'ਵਿਸ਼ੇਸ਼ ਬਾਰਡਰ ਖੇਤੀ ਖੇਤਰ' ਸਥਾਪਿਤ ਕਰਨ ਲਈ ਕੇਂਦਰ ਸਰਕਾਰ ਨਾਲ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ। ਇਸ ਖੇਤਰ ਵਿੱਚ 15 ਸਾਲਾਂ ਲਈ ਟੈਕਸ ਦੀ ਛੋਟ/GST ਰਿਫੰਡ ਵਰਗੀਆਂ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ, ਜਿਵੇਂ ਕਿ ਪਿਛਲੇ ਸਮੇਂ ਵਿੱਚ ਗੁਆਂਢੀ ਰਾਜ ਹਿਮਾਚਲ ਪ੍ਰਦੇਸ਼ ਲਈ ਕੀਤਾ ਗਿਆ ਸੀ। ਇਸ ਤੋਂ ਇਲਾਵਾ ਨਿਵੇਸ਼ਕਾਂ ਨੂੰ ਇਸ ਖੇਤਰ ਵਿੱਚ ਨਿਵੇਸ਼ ਕਰਨ ਲਈ ਉਤਸ਼ਾਹਿਤ ਕਰਨ ਵਾਸਤੇ ਜ਼ੀਰੋ ਜਾਂ ਬਹੁਤ ਘੱਟ ਵਿਆਜ ਦਰਾਂ 'ਤੇ ਲੰਬੇ ਸਮੇਂ ਦੇ ਕਰਜ਼ੇ ਦੀ ਪੇਸ਼ਕਸ਼ ਕੀਤੀ ਜਾਣੀ ਚਾਹੀਦੀ ਹੈ। ਇਹ ਉਪਰਾਲਾ ਰੁਜ਼ਗਾਰ ਪੈਦਾ ਕਰੇਗਾ ਅਤੇ ਅਪਰਾਧ, ਤਸਕਰੀ ਅਤੇ ਹੋਰ ਗੈਰ-ਕਾਨੂੰਨੀ ਗਤੀਵਿਧੀਆਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਵਿੱਚ ਮਦਦ ਕਰੇਗਾ, ਜਿਹੜਾ ਨੀਮ ਫੌਜੀ ਬਲਾਂ 'ਤੇ ਹੋਣ ਵਾਲੇ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੇ ਸਮੁੱਚੇ ਖਰਚੇ ਨੂੰ ਘਟਾਏਗਾ।

**ਅ)** ਇਨ੍ਹਾਂ ਖੇਤਰਾਂ ਵਿੱਚ ਸਬਜ਼ੀਆਂ ਅਤੇ ਫਲਾਂ ਦੀ ਸੁਨਿਸ਼ਚਤ ਖੇਤੀ, ਡੇਅਰੀ ਅਤੇ ਦੁੱਧ ਉਤਪਾਦਾਂ ਦੀ ਪ੍ਰੋਸੈਸਿੰਗ, ਫੂਡ ਪ੍ਰੋਸੈਸਿੰਗ ਅਤੇ ਖੇਤੀ-ਜੰਗਲਾਤ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸਨੂੰ ਪੈਕ ਹਾਊਸ ਅਤੇ ਕੋਲਡ ਚੇਨ ਢਾਂਚੇ ਸਥਾਪਿਤ ਕਰਕੇ ਮਾਰਕਫੈੱਡ, ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਿਟੇਡ (PAIC), ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ (MPCS) ਅਤੇ ਪ੍ਰਸਤਾਵਿਤ ਇੰਨੋਵੇਟਿਵ ਖੇਤੀ ਮੰਡੀਕਰਨ ਸੁਸਾਇਟੀ (IAMS) ਰਾਹੀਂ ਕੁਸ਼ਲ ਮੰਡੀਆਂ ਨਾਲ ਜੋੜਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

**ੲ)** ਭਾਰਤ-ਪਾਕਿਸਤਾਨ ਸਰਹੱਦੀ ਖੇਤਰਾਂ ਵਿੱਚ ਕੰਡਿਆਲੀ ਤਾਰ ਦੇ ਪਾਰ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਸੁਰੱਖਿਆ ਕਾਰਨਾਂ ਕਰਕੇ ਆਪਣੀ ਪਸੰਦ ਦੀਆਂ ਫ਼ਸਲਾਂ ਬੀਜਣ ਦੀ ਇਜਾਜ਼ਤ ਨਹੀਂ ਹੈ। ਨਤੀਜੇ ਵਜੋਂ ਕਿਸਾਨ ਘੱਟ ਲਾਹੇਵੰਦ ਫ਼ਸਲਾਂ ਉਗਾਉਂਦੇ ਹਨ। ਇਸ ਚੁਣੌਤੀਪੂਰਨ ਸਥਿਤੀ ਵਿੱਚ, ਕਿਸਾਨਾਂ ਨੂੰ ਉਦਯੋਗ ਨਾਲ ਵਿਸ਼ੇਸ਼ ਸਬੰਧ ਬਣਾ ਕੇ ਦਾਲਾਂ ਵਰਗੀਆਂ ਘੱਟ ਲਾਭਕਾਰੀ ਫ਼ਸਲਾਂ ਉਗਾਉਣ ਲਈ ਆਰਥਿਕ ਲਾਭ ਦੇ ਕੇ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ

ਹੈ। ਇਸ ਤੋਂ ਇਲਾਵਾ, ਸਰਹੱਦੀ ਖੇਤਰਾਂ ਦੇ ਅੰਦਰ ਖੇਤੀ-ਪ੍ਰੋਸੈਸਿੰਗ ਉਦਯੋਗਾਂ ਦੇ ਵਿਕਾਸ ਲਈ ਵਿੱਤੀ ਮਦਦ ਅਤੇ ਸਹਾਇਤਾ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ।

## 5. ਸੇਮਗ੍ਰਸਤ ਇਲਾਕਿਆਂ ਲਈ

**ੳ)** ਡਰਿੱਪ-ਫਰਟੀਗੇਸ਼ਨ (ਤੁਪਕਾ ਸਿੰਚਾਈ) ਨਾਲ ਚੌੜੇ/ਉੱਚੇ ਬੈੱਡਾਂ 'ਤੇ ਢੁੱਕਵੇਂ ਫਲ, ਸਬਜ਼ੀਆਂ ਅਤੇ ਹੋਰ ਫ਼ਸਲਾਂ ਨੂੰ ਇਨ੍ਹਾਂ ਦੀ ਖੋਜ ਅਤੇ ਵਿਕਾਸ 'ਤੇ ਧਿਆਨ ਦੇ ਅਧਾਰ 'ਤੇ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

**ਅ)** ਪਾਣੀ ਦਾ ਪੱਧਰ ਮੁੜ ਬਹਾਲ ਕਰਨ ਲਈ ਹਰੇਕ ਪਿੰਡ ਵਿੱਚ ਪਾਣੀ ਰੀਚਾਰਜ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

**ੲ)** ਭਾਰੀ ਬਾਰਿਸ਼ ਜਾਂ ਗੜੇ ਪੈਣ ਕਾਰਨ ਇਕੱਠੇ ਹੋਏ ਪਾਣੀ ਨੂੰ ਸਟੋਰ ਕਰਨ ਲਈ ਖੇਤਾਂ ਦੇ ਬਾਹਰ ਭੰਡਾਰਨ ਸਿਸਟਮ ਬਣਾਏ ਜਾ ਸਕਦੇ ਹਨ, ਜਿਸ ਨਾਲ ਭੰਡਾਰ ਕੀਤਾ ਪਾਣੀ ਬਾਅਦ ਵਿੱਚ ਲੋੜ ਪੈਣ 'ਤੇ ਦੁਬਾਰਾ ਖੇਤਾਂ ਵਿੱਚ ਵਰਤਿਆ ਜਾ ਸਕਦਾ ਹੈ।

**ਸ)** ਸੇਮ ਵਾਲੇ ਖੇਤਰਾਂ ਵਿੱਚ ਲਗਾਏ ਗਏ ਟਿਊਬਵੈੱਲ, ਜੋ ਅੱਜ ਕੱਲ੍ਹ ਵਰਤੇ ਨਹੀਂ ਜਾ ਰਹੇ, ਨੂੰ ਨਹਿਰੀ ਪਾਣੀ ਦੀ ਸਪਲਾਈ ਲਈ ਵਰਤਿਆ ਜਾਣਾ ਚਾਹੀਦਾ ਹੈ।

**ਹ)** ਖਾਰੇ ਪਾਣੀ ਵਾਲੇ ਖੇਤਰਾਂ ਵਿੱਚ ਸਬਜ਼ੀਆਂ, ਚਾਰੇ, ਫਲਾਂ, ਜੰਗਲਾਤ, ਔਸ਼ਧੀ ਅਤੇ ਜੰਗਲੀ ਫ਼ਸਲਾਂ ਲਈ ਸੂਰਜੀ-ਸਮਰਥਿਤ ਤੁਪਕਾ ਸਿੰਚਾਈ ਪ੍ਰਣਾਲੀ ਦੇ ਨਾਲ ਘਟੀਆ ਗੁਣਵੱਤਾ ਵਾਲੇ ਪਾਣੀ ਅਤੇ ਨਹਿਰੀ ਪਾਣੀ ਨੂੰ ਮਿਲਾਉਣ ਲਈ ਜਲ ਭੰਡਾਰਨ ਟੈਂਕਾਂ ਦੇ ਨਿਰਮਾਣ ਲਈ ਅਤੇ ਕੁਆਲਟੀ ਪੈਦਾਵਾਰ ਪ੍ਰਾਪਤ ਕਰਨ ਲਈ ਕਿਸਾਨਾਂ ਨੂੰ ਸਬਸਿਡੀਆਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

**ਕ)** ਸੇਮਗ੍ਰਸਤ ਖੇਤਰਾਂ ਨੂੰ ਨਿਕਾਸੀ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਸ ਤੋਂ ਇਲਾਵਾ, ਜ਼ਮੀਨੀ ਪਾਣੀ ਦੀ ਮਾੜੀ ਗੁਣਵੱਤਾ ਦੇ ਕਾਰਨ, ਇਸ ਖੇਤਰ ਵਿੱਚ ਨਹਿਰੀ ਸਿੰਚਾਈ ਅਤੇ ਤੁਪਕਾ ਸਿੰਚਾਈ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

# ਪੰਜਾਬ ਰਾਜ ਦੀ ਖੇਤੀਬਾੜੀ ਨੀਤੀ

## ਮੁੱਖ ਸਿਫ਼ਾਰਸ਼ਾਂ

## ਪੰਜਾਬ ਵਿੱਚ ਸਿਹਤਮੰਦ, ਮੁਨਾਫ਼ੇਯੋਗ ਅਤੇ ਕੌਮਾਂਤਰੀ ਪੱਧਰ 'ਤੇ ਮੁਕਾਬਲੇਯੋਗ ਖੇਤੀ ਲਈ

## ਬਹੁ-ਪੱਧਰੀ ਸੰਸਥਾਗਤ ਸਹਿਕਾਰੀ ਢਾਂਚੇ ਰਾਹੀਂ ਖੇਤੀ ਵਿਕਾਸ ਕਰਨਾ

**1. ਫ਼ਸਲਾਂ ਨੂੰ ਉਨ੍ਹਾਂ ਦੇ ਕੁਦਰਤੀ ਪੈਦਾਵਰੀ ਇਲਾਕਿਆਂ (NGA) ਵਿੱਚ ਪੈਦਾ ਕਰਨਾ**

ਵੱਖ-ਵੱਖ ਵਿਭਿੰਨਤਾ ਵਾਲੀਆਂ ਫ਼ਸਲਾਂ/ਬਦਲਾਂ ਨੂੰ ਉਨ੍ਹਾਂ ਦੇ ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਜਿਹੜੇ ਖੋਜ, ਪ੍ਰਸਾਰ, ਮਿਆਰੀ ਪੈਦਾਵਾਰ, ਮੁੱਲ ਵਾਧਾ ਅਤੇ ਮੰਡੀਕਰਨ ਕੋਸ਼ਿਸ਼ਾਂ ਦੇ ਮੁੱਖ ਖੇਤਰ ਹੋਣੇ ਚਾਹੀਦੇ ਹਨ। ਕੁਦਰਤੀ ਕਾਰਕਾਂ ਦੀ ਮਦਦ ਨਾਲ ਪੈਦਾ ਕੀਤੀਆਂ ਗਈਆਂ ਫ਼ਸਲਾਂ ਦੀ ਗੁਣਵੱਤਾ ਵੱਧ ਹੋਵੇਗੀ ਅਤੇ ਇਸ ਨੂੰ ਘੱਟ ਤੋਂ ਘੱਟ ਖਰਚਿਆਂ ਵਿੱਚ ਪੈਦਾ ਕਰਕੇ ਕੌਮਾਂਤਰੀ ਪੱਧਰ 'ਤੇ ਮੁਕਾਬਲੇ ਯੋਗ ਬਣਾਇਆ ਜਾ ਸਕਦਾ ਹੈ।

**2. ਫਾਰਮ ਸੈਕਟਰ ਐਕਸੇਲੈਂਸ ਦੀਆਂ ਸੰਸਥਾਵਾਂ ਦੀ ਸਥਾਪਨਾ**

i. **ਸੈਂਟਰ ਆਫ ਐਕਸੇਲੈਂਸ:** ਵਿਭਿੰਨਤਾ ਵਾਲੀਆਂ ਫ਼ਸਲਾਂ/ਬਦਲਾਂ ਦੇ 13 ਨਵੇਂ "ਸੈਂਟਰ ਆਫ ਐਕਸੇਲੈਂਸ" ਉਨ੍ਹਾਂ ਦੇ ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਗਿਆਨ ਦੇ ਚਾਨਣ ਮੁਨਾਰਿਆਂ ਵਜੋਂ ਸਥਾਪਿਤ ਕੀਤੇ ਜਾਣੇ ਚਾਹੀਦੇ ਹਨ। ਜਿਨ੍ਹਾਂ ਦਾ ਉਦੇਸ਼ ਨਵੀਨਤਮ ਤਕਨੀਕਾਂ ਦਾ ਪ੍ਰਦਰਸ਼ਨ ਅਤੇ ਕਿਸਾਨਾਂ ਤੇ ਹੋਰ ਸਬੰਧਤਾਂ ਨੂੰ ਸਿਖਲਾਈ ਦੇਣਾ ਹੋਵੇਗਾ।

**ਉਦੇਸ਼**
- ਪ੍ਰਦਰਸ਼ਨ
- ਸਿਖਲਾਈ
- ਭਾਗੀਦਾਰੀ ਖੋਜ (ਪੀ.ਏ.ਯੂ. + ਵਿਭਾਗ ਦੇ ਮਾਹਰ + ਅਗਾਂਹਵਧੂ ਕਿਸਾਨ ਸੁਸਾਇਟੀਆਂ ਦੇ ਪ੍ਰਤੀਨਿਧ ਕਿਸਾਨ)

| | |
|---|---|
| 1. ਬਾਸਮਤੀ (ਗੁਰਦਾਸਪੁਰ) | 8. ਮਧੂਮੱਖੀ ਪਾਲਣ (ਖਨੌੜਾ, ਹੁਸ਼ਿਆਰਪੁਰ, ਬਾਗਬਾਨੀ ਵਿਭਾਗ, ਪੰਜਾਬ) |
| 2. ਕਪਾਹ (ਮਾਲਵਾ) | 9. ਛੋਟੇ ਜਾਨਵਰ (ਮਾਲਵਾ, ਗਡਵਾਸੂ) |
| 3. ਗੰਨਾ (ਭੋਗਪੁਰ, ਜਲੰਧਰ) | 10. ਡੇਅਰੀ ਵਿਕਾਸ (ਕਪੂਰਥਲਾ, ਡੇਅਰੀ ਵਿਕਾਸ ਵਿਭਾਗ, ਪੰਜਾਬ) |
| 4. ਮੱਕੀ (ਗੜ੍ਹਸ਼ੰਕਰ, ਹੁਸ਼ਿਆਰਪੁਰ) | 11. ਫੂਡ ਪ੍ਰੋਸੈਸਿੰਗ ਅਤੇ ਮੁੱਲ ਵਾਧਾ (ਪੀ.ਏ.ਯੂ.) |
| 5. ਦਾਲਾਂ (ਮਾਲਵਾ) | 12. ਮਸ਼ੀਨਰੀ ਅਤੇ ਉਪਕਰਨ (ਪੀ.ਏ.ਯੂ.) |
| 6. ਤੇਲ ਬੀਜਾਂ (ਮਾਲਵਾ) | 13. ਏਕੀਕ੍ਰਿਤ (Integrated) ਫਾਰਮ ਸਿਸਟਮ ਅਤੇ ਜੁੜਵੀਂ ਆਮਦਨ ਸਹਾਇਤਾ (ਪੀ.ਏ.ਯੂ.) |
| 7. ਜੈਵਿਕ ਖੇਤੀ (ਲੁਧਿਆਣਾ) | |

ਪੰਜਾਬ ਵਿਚ ਪੰਜ ਸੈਂਟਰ ਆਫ ਐਕਸੇਲੈਂਸ ਪਹਿਲਾਂ ਹੀ ਸਥਾਪਿਤ ਕੀਤੇ ਜਾ ਚੁੱਕੇ ਹਨ।

ii. **ਅਗਾਂਹਵਧੂ ਕਿਸਾਨ ਸੋਸਾਇਟੀਆਂ (PFS) ਦਾ ਗਠਨ:** ਹਰੇਕ ਸੈਂਟਰ ਆਫ ਐਕਸੇਲੈਂਸ ਨੂੰ ਖੇਤਰ ਦੀਆਂ ਲੋੜਾਂ ਅਨੁਸਾਰ ਭਾਗੀਦਾਰੀ ਖੋਜ ਦੁਆਰਾ ਅਤੇ ਪ੍ਰਦਰਸ਼ਿਤ ਤਕਨੀਕਾਂ ਨੂੰ ਅਪਣਾ ਕੇ ਮਿਆਰੀ ਪੈਦਾਵਾਰ, ਕਦਰ ਵਧਾਈ, ਸਟੋਰੇਜ ਅਤੇ ਮੰਡੀਕਰਨ ਰਾਹੀਂ ਪ੍ਰਸਤਾਵਿਤ ਫਸਲ ਵਿਸ਼ੇਸ਼ ਦੇ ਵਧਾਰੇ ਲਈ ਅਗਾਂਹਵਧੂ ਕਿਸਾਨ ਸੁਸਾਇਟੀਆਂ ਨਾਲ ਜੋੜਿਆ ਜਾਣਾ ਚਾਹੀਦਾ ਹੈ।

**ਉਦੇਸ਼**
- ਮਿਆਰੀ ਪੈਦਾਵਾਰ
- ਕਦਰ ਵਧਾਈ/ਪ੍ਰੋਸੈਸਿੰਗ
- ਸਟੋਰੇਜ ਅਤੇ ਮੰਡੀਕਰਨ

iii. **ਖੇਤੀ ਮੰਡੀਕਰਨ ਖੋਜ ਤੇ ਚੌਕਸੀ ਸੰਸਥਾ (AMRII)**: ਮੰਗ ਅਤੇ ਸਪਲਾਈ ਨੂੰ ਸੰਤੁਲਿਤ ਕਰਨ ਲਈ ਪ੍ਰਸਤਾਵਿਤ ਸੰਸਥਾ ਨੂੰ ਪੀਏਯੂ ਵਿਖੇ ਇੱਕ "ਵਿਸ਼ੇਸ਼ ਉਦੇਸ਼ ਵਾਹਨ" ਵਜੋਂ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਇਹ ਫ਼ਸਲ ਵਿਸ਼ੇਸ਼ ਅਗਾਂਹਵਧੂ ਕਿਸਾਨ ਸੁਸਾਇਟੀਆਂ ਦੀ ਕੌਮਾਂਤਰੀ ਮੰਡੀ ਦੀ ਅੱਖ ਵਜੋਂ ਚੌਕਸੀ ਕਰੇਗੀ।

> **ਉਦੇਸ਼**
> ਮੰਗ-ਸਪਲਾਈ ਸੰਤੁਲਨ

iv. **ਖੋਜੀ ਖੇਤੀ ਮੰਡੀਕਰਨ ਸੋਸਾਇਟੀ (IAMS):** ਇਹ ਵਿਸ਼ੇਸ਼ ਫ਼ਸਲਾਂ ਦੀਆਂ 18 ਅਗਾਂਹਵਧੂ ਕਿਸਾਨ ਸੁਸਾਇਟੀਆਂ ਦੀ ਚੋਟੀ ਦੀ ਮੰਡੀਕਰਨ ਸੰਸਥਾ ਹੋਵੇਗੀ ਜੋ ਕਿ ਅਗਾਉਂ ਵਿਓਂਤਬੰਦੀ ਰਾਹੀਂ ਮੰਗ ਅਨੁਸਾਰ ਸਪਲਾਈ ਕਰਨ ਲਈ ਵਿਭਿੰਨ ਗੁਣਵੱਤਾ ਵਾਲੀਆਂ ਫ਼ਸਲਾਂ ਦੀ ਪੈਦਾਵਾਰ ਦੇ ਮੰਡੀਕਰਨ ਲਈ ਯੋਜਨਾਬੰਦੀ ਕਰੇਗੀ।

> **ਉਦੇਸ਼**
> ਵਿਭਿੰਨ ਖੇਤੀ ਪੈਦਾਵਾਰ ਦਾ ਮੰਡੀਕਰਨ

v. **ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ (MPCS):** ਪਿੰਡਾਂ ਵਿੱਚ ਜ਼ਮੀਨੀ ਪੱਧਰ 'ਤੇ ਖੇਤੀ ਸੈਕਟਰ ਲਈ ਲੋੜੀਂਦੀਆਂ ਵਿਭਿੰਨ ਸੁਵਿਧਾਵਾਂ ਨੂੰ ਸਹਿਕਾਰੀ ਢੰਗਾਂ ਰਾਹੀਂ ਪ੍ਰਦਾਨ ਕਰਨ ਲਈ, ਮੌਜੂਦਾ 3523 ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਨੂੰ ਮਜਬੂਤ ਕਰਕੇ ਸਮੇਂ ਦੇ ਹਾਣ ਦਾ ਬਣਾਉਂਣਾ ਚਾਹੀਦਾ ਹੈ। ਇਨ੍ਹਾਂ ਸੁਸਾਇਟੀਆਂ ਨੂੰ ਖੇਤੀ ਸੈਕਟਰ ਲਈ ਘੱਟ ਕੀਮਤ 'ਤੇ ਮਿਆਰੀ ਲਾਗਤ ਵਸਤਾਂ (Inputs) ਦੀ ਸਪਲਾਈ, ਮੁੱਲ ਵਾਧੇ (ਕਦਰ ਵਧਾਈ), ਸਟੋਰੇਜ, ਸਥਾਨਕ ਭਾਈਚਾਰੇ ਲਈ ਮੰਡੀ ਆਉਟਲੈਟ ਅਤੇ ਦੂਰ-ਦੁਰਾਡੇ ਸ਼ਹਿਰ ਲਈ ਸਪਲਾਈ ਅਤੇ ਹੋਰ ਬੁਨਿਆਦੀ ਰੋਜ਼ ਮਰ੍ਹਾ ਦੀਆਂ ਲੋੜਾਂ ਪੂਰੀਆਂ ਕਰਨ ਦੀਆਂ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ। ਸਹਿਕਾਰੀ ਸੁਸਾਇਟੀਆਂ ਦੇ ਯੋਗ ਸਕੱਤਰਾਂ ਦੁਆਰਾ ਪ੍ਰਬੰਧਿਤ ਕੀਤੇ ਜਾਣ ਵਾਲੇ ਇਹ ਸਾਰੇ ਸਹਿਕਾਰੀ ਅਦਾਰੇ ਆਪਸੀ ਤਾਲਮੇਲ ਕਰਕੇ ਕਿਸਾਨਾਂ ਅਤੇ ਪੇਂਡੂ ਭਾਈਚਾਰੇ ਦੇ ਉੱਚ ਮੁਨਾਫ਼ੇ ਅਤੇ ਖੁਸ਼ਹਾਲੀ ਨੂੰ ਯਕੀਨੀ ਬਣਾਉਣਗੇ।

> **ਉਦੇਸ਼**
> - ਲਾਗਤ ਵਸਤਾਂ ਦੀ ਸਪਲਾਈ
> - ਕਦਰ ਵਧਾਈ/ਪ੍ਰੋਸੈਸਿੰਗ
> - ਮੰਡੀਕਰਨ/ਸਟੋਰੇਜ
> - ਕਰਜ਼ਾ ਸਹੂਲਤਾਂ
> - ਹੋਰ ਜੀਵਨ ਸਬੰਧਿਤ ਸਹੂਲਤਾਂ

### 3. ਪੰਜਾਬ ਬੀਜ ਹੱਬ ਦੇ ਤੌਰ 'ਤੇ

ਰਾਜ ਵਿੱਚ ਬੀਜ ਪਿੰਡਾਂ ਦੇ ਸਮੂਹਾਂ ਨੂੰ ਵਿਕਸਤ ਕਰਕੇ ਪੰਜਾਬ ਨੂੰ "ਬੀਜ ਹੱਬ" ਵਜੋਂ ਵਿਕਸਤ ਕੀਤਾ ਜਾਵੇ। ਇਨ੍ਹਾਂ ਪਿੰਡ ਸਮੂਹਾਂ ਨੂੰ ਫ਼ਸਲਾਂ ਦੇ ਬੀਜ ਉਤਪਾਦਨ ਲਈ ਢੁਕਵੇਂ ਵਾਤਾਵਰਨ ਅਨੁਸਾਰ ਚੁਣਿਆ ਜਾ ਸਕਦਾ ਹੈ ਜਿਵੇਂ ਕਿ ਦੋਆਬਾ ਖੇਤਰ ਵਿੱਚ ਆਲੂ; ਲੁਧਿਆਣਾ, ਸੰਗਰੂਰ, ਬਰਨਾਲਾ ਅਤੇ ਮੋਗਾ ਵਿੱਚ ਕਣਕ ਅਤੇ ਝੋਨਾ; ਪਟਿਆਲਾ ਅਤੇ ਫਤਿਹਗੜ੍ਹ ਸਾਹਿਬ ਵਿੱਚ ਮਟਰ; ਗੁਰਦਾਸਪੁਰ, ਤਰਨਤਾਰਨ ਅਤੇ ਅੰਮ੍ਰਿਤਸਰ ਵਿੱਚ ਬਾਸਮਤੀ; ਬਠਿੰਡਾ ਅਤੇ ਮਾਨਸਾ ਵਿੱਚ ਪਿਆਜ਼ ਅਤੇ ਲਸਣ; ਗੁਰਦਾਸਪੁਰ ਵਿੱਚ ਮੂਲੀ।

### 4. ਕਣਕ

ਕਣਕ ਦੀ ਫ਼ਸਲ ਦੀਆਂ ਵੱਧ ਪੌਸ਼ਟਿਕ ਅਤੇ ਵਿਸ਼ੇਸ਼ ਗੁਣਵੱਤਾ ਵਾਲੀਆਂ ਕਿਸਮਾਂ ਜਿਵੇਂ ਕਿ PBW-1 ਚਪਾਤੀ, PBW RS-1 ਅਤੇ WHD-943 ਨੂੰ ਵਿਸ਼ੇਸ਼ ਖਪਤ ਵਾਲੀਆਂ ਮੰਡੀਆਂ ਲਈ ਪੈਦਾ ਤੇ ਪ੍ਰੋਸੈਸ ਕਰਕੇ ਵੱਖ-ਵੱਖ ਮਾਰਕਿਆਂ ਹੇਠ ਸਪਲਾਈ ਕੀਤਾ ਜਾਵੇਗਾ। ਸਥਾਨਕ ਭਾਈਚਾਰੇ ਲਈ ਇਹਨਾਂ ਬ੍ਰਾਂਡਾਂ ਦਾ ਮੰਡੀਕਰਨ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਦੁਆਰਾ ਕੀਤਾ ਜਾਵੇਗਾ ਅਤੇ ਦੂਰ ਦਾ ਮੰਡੀਕਰਨ ਖੋਜੀ ਖੇਤੀ ਮੰਡੀਕਰਨ ਸੋਸਾਇਟੀ ਦੁਆਰਾ ਕੀਤਾ ਜਾਵੇਗਾ।

## 5. ਕਪਾਹ

i. ਪੰਜਾਬ ਦੀ ਕਪਾਹ ਪੱਟੀ ਵਿੱਚ, 15 ਮਈ ਤੋਂ ਪਹਿਲਾਂ ਸਮੇਂ ਸਿਰ ਬਿਜਾਈ ਲਈ ਅੱਧ ਅਪ੍ਰੈਲ ਤੋਂ ਨਹਿਰੀ ਪਾਣੀ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਦੀ ਲੋੜ ਹੈ।

ii. ਗੁਣਵੱਤਾ ਵਾਲੇ ਬੀਜ, ਲਾਗਤ ਵਸਤਾਂ (Inputs) ਦੀ ਸਪਲਾਈ ਅਤੇ ਮਿਆਰੀ ਉਤਪਾਦਨ ਸਲਾਹ ਲਈ ਪੇਸ਼ੇਵਰ ਪ੍ਰਸਾਰ ਸੇਵਾਵਾਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ।

iii. ਦੱਖਣ-ਪੱਛਮੀ ਜ਼ਿਲ੍ਹਿਆਂ ਦੇ ਪਰਿਭਾਸ਼ਿਤ ਕਪਾਹ ਜ਼ੋਨਾਂ ਵਿੱਚ ਝੋਨੇ ਦੀ ਕਾਸ਼ਤ ਨੂੰ ਘਟਾਉਣ ਅਤੇ ਕਪਾਹ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ।

iv. ਵਿਅਕਤੀਗਤ ਖੇਤਾਂ ’ਤੇ ਸੋਲਰ ਪੰਪਾਂ ਅਤੇ ਪਾਣੀ ਦੇ ਭੰਡਾਰਨ ਢਾਂਚੇ ਦੇ ਨਾਲ ਜੋੜ ਕੇ ਕਪਾਹ-ਕਣਕ ਦੇ ਫ਼ਸਲੀ ਚੱਕਰ ਲਈ ਸੂਖਮ-ਸਿੰਚਾਈ ਨੂੰ ਉਤਸ਼ਾਹਿਤ ਅਤੇ ਸਮਰਥਨ ਕਰਨ ਦੀ ਲੋੜ ਹੈ।

v. ਭਾਅ ਅਸਥਿਰਤਾ ਦੀਆਂ ਘਟਨਾਵਾਂ ਵਿੱਚ ਕਿਸਾਨਾਂ ਨੂੰ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਲਈ ਕਪਾਹ ਦੀ ਵਾਜਬ ਕੀਮਤ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਅਤੇ ਕਪਾਹ ਕਾਰਪੋਰੇਸ਼ਨ ਆਫ਼ ਇੰਡੀਆ ਦੁਆਰਾ ਮੰਡੀ ਵਿਚ ਦਖਲ ਦੀ ਜ਼ਰੂਰਤ ਹੈ।

## 6. ਮੱਕੀ

ਮੱਕੀ ਦੀ ਫ਼ਸਲ ਨੂੰ ਮੁਨਾਫ਼ੇਯੋਗ ਬਣਾਉਣ ਲਈ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ/ਮਾਰਕੀਟ ਚੈਨਲਾਂ ’ਤੇ ਢੁਕਵੇਂ ਪੈਮਾਨੇ ਦੇ ਮੱਕੀ ਸੁਕਾਉਣ ਵਾਲੇ ਡ੍ਰਾਇਅਰ, ਮਿਆਰੀ ਉਤਪਾਦਨ ਅਤੇ ਪਾਣੀ ਦੀ ਬੱਚਤ ਲਈ ਬਸੰਤ ਰੁੱਤ ਦੀ ਮੱਕੀ ਲਈ ਲਾਜ਼ਮੀ ਤੌਰ ’ਤੇ ਤੁਪਕਾ ਸਿੰਚਾਈ ਸਹਾਇਤਾ ਅਤੇ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ’ਤੇ ਪ੍ਰੋਸੈਸਿੰਗ ਸਹੂਲਤਾਂ ਦੇ ਨਾਲ ਬੇਬੀ ਕੌਰਨ, ਸਵੀਟ ਕੌਰਨ, ਪੌਪ-ਕੌਰਨ ਨੂੰ ਵਿਭਿੰਨਤਾ ਪ੍ਰਦਾਨ ਕਰਨ ਦੀ ਲੋੜ ਹੈ।

## 7. ਬਾਸਮਤੀ

ਬਾਸਮਤੀ ਆਪਣੀ ਨਿਰਯਾਤ ਸਮਰੱਥਾ ਅਤੇ ਜਲ ਸਰੋਤਾਂ ਨੂੰ ਸੰਭਾਲਣ ਦੀ ਸਮਰੱਥਾ ਦੇ ਕਾਰਨ ਰਾਜ ਲਈ ਮਹੱਤਵਪੂਰਨ ਹੈ। ਇਹਨਾਂ ਫਾਇਦਿਆਂ ਨੂੰ ਹਾਸਿਲ ਕਰਨ ਲਈ ਝੋਨੇ ਦੀ ਥਾਂ ਬਾਸਮਤੀ ਦੀ ਕਾਸ਼ਤ ਕਰਨੀ ਚਾਹੀਦੀ ਹੈ। ਮਾਰਕਫੈੱਡ ਨੂੰ ਬਾਸਮਤੀ ਦੇ ਮੰਡੀ ਮੁੱਲ ਘਟਣ ਦੀ ਸਥਿਤੀ ਵਿੱਚ ਕੀਮਤ ਸਥਿਰਤਾ ਫੰਡ ਦੁਆਰਾ ਦਖਲ ਦੇਣਾ ਚਾਹੀਦਾ ਹੈ।

## 8. ਗੰਨਾ

i. ਖੰਡ ਮਿੱਲਾਂ ਨੂੰ ਗੰਨੇ ਦੀ ਸਪੁਰਦਗੀ ਮੌਕੇ ਕਿਸਾਨਾਂ ਨੂੰ ਅਦਾਇਗੀ ਤੁਰੰਤ ਕੀਤੀ ਜਾਵੇ।

ii. ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਕੇ ਲੋੜ-ਅਧਾਰਿਤ ਸਿੰਚਾਈ ਲਈ ਬਿਜਲੀ-ਨਹਿਰੀ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾਵੇ, ਖਾਸ ਕਰਕੇ ਮੁੱਖ ਵਾਧੇ ਦੇ ਸਮੇਂ ਅਤੇ ਨਾਜ਼ੁਕ ਸਮੇਂ ਦੌਰਾਨ।

iii. ਸਹਿਕਾਰੀ ਖੰਡ ਮਿੱਲਾਂ ਨੂੰ ਉਨ੍ਹਾਂ ਦੀ ਪਿੜਾਈ ਸਮਰੱਥਾ ਨੂੰ ਵਧਾਉਣਾ, ਈਥਾਨੌਲ ਜਾਂ ENA (ਸ਼ਰਾਬ), ਕੋ-ਜਨਰੇਸ਼ਨ ਬਾਇਓ-ਸੀ.ਐਨ.ਜੀ ਉਤਪਾਦਨ ਅਤੇ ਗ੍ਰਾਂਟ-ਇਨ-ਏਡ ਨਾਲ ਮਜ਼ਬੂਤ, ਆਧੁਨਿਕ ਅਤੇ ਮੁੜ ਸੁਰਜੀਤ ਕਰਨ ਦੀ ਜਰੂਰਤ ਹੈ।

iv. ਤਕਨੀਕੀ ਜਾਣਕਾਰੀ ਪ੍ਰਭਾਵਸ਼ਾਲੀ ਢੰਗ ਨਾਲ ਕਿਸਾਨਾਂ ਤੱਕ ਪਹੁੰਚਦੀ ਕਰਨ ਅਤੇ ਨਿਯਮ-ਵਿਧਾਨ ਦੀ ਸੁਰੱਖਿਆ ਛਤਰੀ ਲਈ ਗੰਨਾ ਵਿਕਾਸ ਯੋਜਨਾ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ।

v. ਖੇਤਰੀ ਖੋਜ ਸਟੇਸ਼ਨ (PAU) ਕਪੂਰਥਲਾ ਵਿਖੇ ਗੰਨਾ ਖੋਜ ਸਟੇਸ਼ਨ ਨੂੰ ਬਾਇਓ-ਕੰਟਰੋਲ, ਟਿਸ਼ੂ ਕਲਚਰ ਲੈਬਾਂ ਅਤੇ ਲੋੜੀਂਦੇ ਵਿਗਿਆਨੀਆਂ, ਸਹਾਇਕ ਸਟਾਫ ਅਤੇ ਬਜਟ ਸਹਾਇਤਾ ਨਾਲ ਫ਼ਸਲ ਦੇ ਭੌਤਿਕ ਵਿਗਿਆਨ-ਮਾਡਲਿੰਗ ਅਧਿਐਨ ਲਈ ਮਜ਼ਬੂਤ ਕਰਨ ਦੀ ਲੋੜ ਹੈ।

## 9. ਦਾਲਾਂ ਅਤੇ ਤੇਲ ਬੀਜ

i. ਦਾਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਨੂੰ ਯਕੀਨੀ ਬਣਾਕੇ ਵਾਜਬ ਕੀਮਤਾਂ ਨਾਲ ਦਾਲਾਂ ਦੀ ਖਰੀਦ ਯਕੀਨੀ ਬਣਾਈ ਜਾਵੇ। ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਦੁਆਰਾ ਪ੍ਰਾਇਮਰੀ ਪ੍ਰੋਸੈਸਿੰਗ (ਸਾਫ ਕਰਨ, ਗਰੇਡਿੰਗ ਅਤੇ ਪੈਕਿੰਗ), ਸਟੋਰੇਜ ਕਰਕੇ ਪ੍ਰਚੂਨ ਵਿਕਰੀ ਨੂੰ ਉਤਸ਼ਾਹਿਤ ਕੀਤਾ ਜਾਵੇ।

ii. ਖਪਤਕਾਰਾਂ ਦੀ ਉੱਚ ਤਰਜੀਹ ਦੇ ਕਾਰਨ ਕੱਚੀ ਘਾਣੀ ਸਰੋਂ ਦੇ ਤੇਲ ਕੱਢਣ ਲਈ ਛੋਟੇ ਪੈਮਾਨੇ ਦੇ ਕੋਹਲੂ ਸਥਾਪਤ ਕਰਨ ਲਈ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਮੰਡੀ ਦੇ ਰੁਝਾਨਾਂ ਦਾ ਲਾਹਾ ਲੈਣ ਲਈ ਮੂੰਗਫਲੀ ਦੀਆਂ ਕਨਫੈਕਸ਼ਨਰੀ ਦੀਆਂ ਕਿਸਮਾਂ 'ਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

## 10. ਫਲ

i. ਕਿਸਾਨਾਂ ਲਈ ਉੱਚ ਗੁਣਵੱਤਾ ਵਾਲੀ ਪੌਦ-ਸਮੱਗਰੀ ਦੀ ਉਪਲਬਧਤਾ ਲਈ ਨਰਸਰੀਆਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ।

ii. ਸਿਟਰਸ ਅਸਟੇਟਾਂ ਵਿਖੇ 5 ਟਨ/ਘੰਟਾ ਸਮਰੱਥਾ ਦੇ ਨਵੀਨਤਮ ਕੁਸ਼ਲ ਮਾਡਲਾਂ ਦੇ ਨਾਲ ਪੈਕਿੰਗ ਲਾਈਨਾਂ ਦੇ ਕੋਲਡ ਸਟੋਰਾਂ ਦੇ ਨਾਲ ਕਿੰਨੂ ਦੇ ਮੁੱਲ ਵਾਧੇ ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਦੀ ਲੋੜ ਹੈ।

iii. ਪੰਜਾਬ ਦੇ ਪੈਦਾਵਾਰੀ ਇਲਾਕਿਆਂ ਤੋਂ ਰਿਆਇਤੀ ਭਾੜੇ ਨਾਲ ਸਪੈਸ਼ਲ ਕੋਚ/ਰੀਫਰ ਬੋਗੀਆਂ ਨੂੰ ਯਾਤਰੀ/ਭਾੜਾ ਰੇਲ ਗੱਡੀਆਂ ਨਾਲ ਜੋੜਿਆ ਜਾਣਾ ਚਾਹੀਦਾ ਹੈ ਤਾਂ ਜੋ ਉਤਪਾਦਨ ਨੂੰ ਦੂਰ ਮੰਗ ਵਾਲੀਆਂ ਮੰਡੀਆਂ ਤੱਕ ਪਹੁੰਚਾਇਆ ਜਾ ਸਕੇ। ਇਸੇ ਤਰ੍ਹਾਂ, ਅੰਦਰੂਨੀ ਰੀਫਰ ਗੱਡੀਆਂ ਰਾਹੀ ਅਤੇ ਸਮੁੰਦਰੀ ਢੋਆ-ਢੁਆਈ ਲਈ ਸਬਸਿਡੀ ਦੇਣ ਦੀ ਲੋੜ ਹੈ।

iv. ਦੂਰ-ਦੁਰਾਡੇ ਮੰਡੀਆਂ ਵਿੱਚ ਵੇਚਣ ਵਾਲੇ ਕਿਸਾਨਾਂ ਦੀ ਵਿਕਰੀ ਆਮਦਨ ਦੀ ਵਸੂਲੀ ਨੂੰ ਯਕੀਨੀ ਬਣਾਉਣ ਲਈ ਪੰਜਾਬ ਮੰਡੀ ਬੋਰਡ ਨੂੰ ਭਾਰਤ ਸਰਕਾਰ ਦੇ ਰੈਵੇਨਿਊ ਇੰਟੈਲੀਜੈਂਸ ਦੇ ਡਾਇਰੈਕਟੋਰੇਟ ਨਾਲ ਰਾਬਤਾ ਕਰਨਾ ਚਾਹੀਦਾ ਹੈ।

v. ਉੱਚ ਕੀਮਤ ਵਾਲੇ ਕਿੰਨੂ-ਆਧਾਰਿਤ ਸ਼ਰਾਬ ਉਤਪਾਦਾਂ ਅਤੇ ਬਹੁ-ਕੀਮਤੀ ਮੈਡੀਸਨਲ ਗੁਣਾਂ ਵਾਲੇ ਫਾਇਟੋ-ਕੈਮੀਕਲ ਲਿਮੋਨਿਨ ਗਲੂਕੋਸਾਈਡ ਨੂੰ ਕੱਢਣ ਦੀ ਲੋੜ ਹੈ।

## 11. ਸਬਜ਼ੀਆਂ

i. ਪੰਜਾਬ ਨੂੰ ਕੌਮੀ ਅਤੇ ਕੋਮਾਂਤਰੀ ਮੰਡੀ ਲਈ ਟਿਸ਼ੂ ਕਲਚਰ/ਏਰੋਪੋਨਿਕਸ ਆਧਾਰਿਤ "ਬੀਜ ਆਲੂ ਦੇ ਧੁਰੇ" ਵਜੋਂ ਵਿਕਸਤ ਕਰਨ ਲਈ ਪੰਜਾਬ ਰਾਜ ਬੀਜ ਪ੍ਰਮਾਣ ਸੰਸਥਾ (PSSCA) ਅਤੇ ਬਾਗਬਾਨੀ ਪ੍ਰਸਾਰ ਸੇਵਾਵਾਂ ਦੀ ਛਤਰੀ ਨੂੰ ਮਜ਼ਬੂਤ ਕੀਤਾ ਜਾਵੇ।

ii. ਪੰਜਾਬ ਦੇ ਕੋਲਡ ਸਟੋਰਾਂ ਦੀ ਸਟੋਰੇਜ ਸਥਿਤੀ, ਪੈਦਾਵਾਰ, ਆਉਣ-ਜਾਣ ਦੇ ਵੇਰਵਿਆਂ ਅਤੇ ਤਾਪਮਾਨ ਤੇ ਨਮੀ ਦੀ ਸਥਿਤੀ ਆਦਿ ਲਈ ਮਾੜੇ ਅਮਲਾਂ ਦੀ ਨੇੜਿਓਂ ਨਿਗਰਾਨੀ ਕਰਨ ਲਈ ਬਾਗਬਾਨੀ ਵਿਭਾਗ ਨੂੰ ਰੈਗੂਲੇਟਰੀ ਸ਼ਕਤੀਆਂ/ਕੰਟਰੋਲ ਦੀ ਜ਼ਿੰਮੇਵਾਰੀ ਸੌਂਪੀ ਜਾਣੀ ਚਾਹੀਦੀ ਹੈ।

iii. ਸਬਜ਼ੀਆਂ ਦੇ ਉਤਪਾਦਨ, ਗ੍ਰੇਡਿੰਗ, ਸੌਰਟਿੰਗ ਅਤੇ ਪੈਕਿੰਗ ਦਾ ਮਸ਼ੀਨੀਕਰਨ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਰਾਹੀਂ ਕੀਤਾ ਜਾਵੇ।

iv. ਮਾਰਕਫੈੱਡ ਅਤੇ ਪੰਜਾਬ ਐਗਰੋ ਨੂੰ ਪਿਆਜ਼, ਲਸਣ ਅਤੇ ਹੋਰ ਸਬਜ਼ੀਆਂ ਦੇ ਡੱਬਾਬੰਦੀ ਅਤੇ ਫਰੋਜ਼ਨ ਉਤਪਾਦਾਂ ਦਾ ਵਿਕਾਸ ਕਰਨਾ ਚਾਹੀਦਾ ਹੈ।

## 12. ਜੈਵਿਕ ਖੇਤੀ

ਜੈਵਿਕ ਖੇਤੀ ਨੂੰ ਉਤਸ਼ਾਹਿਤ ਕੀਤਾ ਜਾਵੇ ਅਤੇ ਆਮ ਲੋਕਾਂ/ਖਪਤਕਾਰਾਂ ਵਿੱਚ ਜੈਵਿਕ ਪੈਦਾਵਾਰ ਦੀ ਗੁਣਵੱਤਾ ਦਾ ਭਰੋਸਾ ਅਤੇ ਵਿਸ਼ਵਾਸ਼ ਕਾਇਮ ਕਰਨ ਲਈ ਇੱਕ ਪ੍ਰਭਾਵਸ਼ਾਲੀ ਮਾਰਕੀਟਿੰਗ ਸਾਧਨ ਵਜੋਂ ਤੀਜੀ ਧਿਰ ਦੇ ਜੈਵਿਕ ਪ੍ਰਮਾਣੀਕਰਨ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।

## 13. ਪਾਣੀ ਅਤੇ ਊਰਜਾ

i. ਪੰਜਾਬ ਵਿੱਚ ਪਾਣੀ ਦੇ ਸੰਕਟ ਵਰਗੀਆਂ ਸਥਿਤੀਆਂ ਦੇ ਮੱਦੇਨਜ਼ਰ, ਰਾਜ ਦੀ ਕੁੱਲ ਪਾਣੀ ਦੀ ਮੰਗ (66.12 ਬੀ.ਸੀ.ਐਮ.) ਦਾ ਘੱਟੋ ਘੱਟ 30 ਪ੍ਰਤੀਸ਼ਤ (20 ਬੀ.ਸੀ.ਐਮ.) ਬਚਾਉਣ ਦਾ ਨੀਤੀਗਤ ਟੀਚਾ ਨਿਰਧਾਰਤ ਕੀਤਾ ਜਾਵੇ।

ii. ਸੂਬੇ ਵਿੱਚ ਝੋਨੇ ਦੀਆਂ ਲੰਬੇ ਸਮੇਂ ਵਾਲੀਆਂ ਕਿਸਮਾਂ ਦੀ ਕਾਸ਼ਤ ’ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾਵੇ।

iii. ਉੱਚ ਅਤਿ-ਸ਼ੋਸ਼ਿਤ ਬਲਾਕਾਂ (ਜਿਹਨਾਂ ਵਿੱਚ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਦਾ ਪੱਧਰ 300 ਪ੍ਰਤੀਸ਼ਤ ਤੋਂ ਵੱਧ, 250-300 ਪ੍ਰਤੀਸ਼ਤ ਅਤੇ 200-250 ਪ੍ਰਤੀਸ਼ਤ ਹੈ) ਵਿੱਚ ਝੋਨੇ ਦੀ ਕਾਸ਼ਤ ਹੇਠ ਰਕਬੇ ਨੂੰ ਪੜ੍ਹਾਅ-ਵਾਰ ਤਰੀਕੇ ਨਾਲ ਘੱਟ ਕਰਨ ਦੀ ਲੋੜ ਹੈ। ਇੱਕ ਜਾਂ ਦੋ ਬਲਾਕਾਂ ਵਿੱਚ ਝੋਨੇ ਦੀ ਕਾਸ਼ਤ ’ਤੇ ਪੂਰੀ ਤਰ੍ਹਾਂ ਪਾਬੰਦੀ ਲਾਉਣ ’ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਇਹਨਾਂ ਬਲਾਕਾਂ ਵਿੱਚ ਕਾਸ਼ਤ ਹੇਠ ਰਕਬੇ ਨੂੰ ਬਦਲਵੀਆਂ ਘੱਟ ਪਾਣੀ ਦੀ ਖਪਤ ਕਰਨ ਵਾਲੀਆਂ ਫ਼ਸਲਾਂ ਜਿਵੇਂ ਕਿ ਕਪਾਹ, ਮੱਕੀ, ਗੰਨਾ, ਸਬਜ਼ੀਆਂ ਅਤੇ ਬਾਗਾਂ ਦੀ ਕਾਸ਼ਤ ਕਰਕੇ ਇਹਨਾਂ ਖੇਤਰਾਂ ਨੂੰ ਬੰਜਰ ਹੋਣ ਤੋਂ ਬਚਾਇਆ ਜਾ ਸਕਦਾ ਹੈ। ਇਹਨਾ ਤੈਅ-ਸ਼ੁਦਾ ਬਲਾਕਾਂ ਵਿੱਚ ਕਿਸਾਨਾਂ ਨੂੰ ਇਸ ਤਰ੍ਹਾਂ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ ਕਿ ਉਹ ਬਦਲਵੀਆਂ ਫ਼ਸਲਾਂ ਤੋਂ ਝੋਨੇ ਨਾਲੋਂ ਵਧੇਰੇ ਮੁਨਾਫ਼ਾ ਕਮਾ ਸਕਣ। ਧਰਤੀ ਹੇਠਲਾ ਪਾਣੀ ਕੱਢਣ ਦੀ 100-200 ਪ੍ਰਤੀਸ਼ਤ ਅਵਸਥਾ ਵਾਲੇ ਬਲਾਕਾਂ ਵਿੱਚ ਅਗਲੇ ਪੜ੍ਹਾਵਾਂ ਵਿੱਚ ਇਹ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।

iv. ਪਾਣੀ ਬੱਚਤ ਕਰਨ ਵਾਲੀਆਂ ਤਕਨੀਕਾਂ ਜਿਵੇਂ ਕਿ ਸੁੱਕਾ ਕੱਦੂ, ਡਰਿੱਪ ਸਿੰਚਾਈ ਪ੍ਰਣਾਲੀ ਵਗੈਰਾ ਰਾਹੀਂ ਪਾਣੀ ਦੀ 30-40 ਪ੍ਰਤੀਸ਼ਤ ਘੱਟ ਵਰਤੋਂ ਨਾਲ ਝੋਨੇ ਦੀ ਗੁਣਵੱਤਾ ਅਤੇ ਝਾੜ ਵਿੱਚ ਸੁਧਾਰ ਸੰਭਵ ਹੈ। ਇਸ ਕਰਕੇ ਇਨ੍ਹਾਂ ਨਵੀਆਂ ਤਕਨੀਕਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਖੇਤੀ ਖੋਜ ਅਤੇ ਪ੍ਰਸਾਰ ਇਨ੍ਹਾਂ ਖੇਤਰਾਂ ਨੂੰ ਸੇਧਤ ਹੋਣਾ ਚਾਹੀਦਾ ਹੈ ਜਦੋਂ ਕਿ ਰਵਾਇਤੀ ਕੱਦੂ ਨੂੰ ਨਿਰਉਤਸ਼ਾਹਿਤ ਕਰਨਾ ਅਤੇ ਪੜਾਅਵਾਰ ਢੰਗ ਨਾਲ ਇਸ ’ਤੇ ਪਾਬੰਦੀ ਲਗਾਉਣੀ ਚਾਹੀਦੀ ਹੈ।

v. ਸੂਖਮ ਸਿੰਚਾਈ ਪ੍ਰਣਾਲੀਆਂ ਦੀ ਸਥਾਪਨਾ ਲਈ ਪੜਾਅਵਾਰ ਯੋਜਨਾ ਲਾਗੂ ਕੀਤੀ ਜਾਵੇ ਜਿਸ ਨਾਲ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਘਟੇਗੀ ਅਤੇ ਬਿਜਲੀ ਸਬਸਿਡੀ ਬਿੱਲ ਦੇ 30-35 ਪ੍ਰਤੀਸ਼ਤ ਦੀ ਬਚਤ ਹੋਵੇਗੀ। ਇਸ ਕਾਰਜ ਲਈ ਪਹਿਲਾ ਟੀਚਾ ਫਲਾਂ, ਸਬਜ਼ੀਆਂ, ਫੁੱਲਾਂ, ਗੰਨੇ ਅਤੇ ਕਪਾਹ ਦੀਆਂ ਫ਼ਸਲਾਂ ਦੀ ਖੇਤੀ ਹੈ। ਇਸ ਤਰ੍ਹਾਂ ਸੂਖਮ ਸਿੰਚਾਈ ਪ੍ਰਣਾਲੀ ਕੁੱਲ ਕਾਸ਼ਤ ਕੀਤੇ ਗਏ ਖੇਤਰ ਦਾ ਲਗਭਗ 20 ਪ੍ਰਤੀਸ਼ਤ ਕਵਰ ਕਰੇਗਾ। ਇਸ ਤੋਂ ਇਲਾਵਾ, ਗੰਨੇ ਅਤੇ ਬਸੰਤ ਰੁੱਤ ਦੀਆਂ ਫ਼ਸਲਾਂ ਜਿਵੇਂ ਕਿ ਬਸੰਤ ਰੁੱਤ ਦੀ ਮੱਕੀ ਅਤੇ ਸੂਰਜਮੁਖੀ ਨੂੰ

ਤੁਪਕਾ ਸਿੰਚਾਈ ਪ੍ਰਣਾਲੀਆਂ ਅਧੀਨ ਲਿਆਉਣਾ ਲਾਜ਼ਮੀ ਹੈ। ਰਾਜ ਵਿੱਚ ਸੂਖਮ ਸਿੰਚਾਈ ਪ੍ਰਣਾਲੀ ਕਰਨ ਲਈ ਇਸਨੂੰ ਸਪੈਸ਼ਲ ਪਰਪਜ਼ ਵਹੀਕਲ ਦੇ ਤੌਰ 'ਤੇ ਵਿਕਸਤ ਕਰਨ ਦੀ ਜ਼ਰੂਰਤ ਹੈ।

vi. ਧਰਮਕੋਟ ਡਿਸਚਾਰਜ ਸਟੇਸ਼ਨ (ਡੀ/ਐਸ ਮਾਧੋਪੁਰ) ਤੋਂ ਉਝ ਨਦੀ (ਰਾਵੀ ਦੀ ਸਹਾਇਕ ਨਦੀ) ਅਤੇ ਬਿਆਸ ਦਰਿਆ ਤੋਂ ਪਾਣੀ ਦੇ ਵਾਧੂ ਵਹਾਅ ਨੂੰ ਮੋੜਾ ਦੇ ਕੇ ਕੇਂਦਰੀ ਪੰਜਾਬ ਰਾਹੀਂ ਲੰਘਾ ਕੇ ਸਿੰਚਾਈ ਅਤੇ ਭੂਮੀਗਤ ਪਾਣੀ ਨੂੰ ਰੀਚਾਰਜ ਕਰਨ ਲਈ ਵਰਤਨ ਸਬੰਧੀ ਮੁਲਾਂਕਣ ਅਤੇ ਪ੍ਰਬੰਧਨ ਕੀਤਾ ਜਾਵੇ।

## 14. ਗਰਿੱਡ ਨਾਲ ਜੁੜੇ ਸੋਲਰ ਪੈਨਲ

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (PSPCL) ਨੂੰ ਸਾਰੇ ਏ.ਪੀ. ਟਿਊਬੈਲ ਕੁਨੈਕਸ਼ਨਾਂ ਨਾਲ ਸੋਲਰ ਪੈਨਲ ਲਾ ਕੇ ਗਰਿਡ ਨਾਲ ਜੋੜਨਾ ਚਾਹੀਦਾ ਹੈ। ਵਿਸ਼ੇ ਮਾਹਰਾਂ ਦੀ ਸਲਾਹ ਅਨੁਸਾਰ ਇਲਾਕੇ/ਫੀਡਰ ਦੇ ਫ਼ਸਲੀ ਪੈਟਰਨ ਅਨੁਸਾਰ ਬਿਜਲੀ ਦੇ ਘੰਟਿਆਂ ਦੀ ਸਪਲਾਈ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਇਹ ਕਿਸਾਨਾਂ ਅਤੇ ਸਰਕਾਰ ਦੋਵਾਂ ਲਈ ਲਾਹੇਵੰਦ ਹੋਵੇਗਾ।

## 15. ਪਾਣੀ ਬਚਾਓ ਪੈਸਾ ਕਮਾਓ ਸਕੀਮ

ਪਾਣੀ ਬਚਾਓ ਪੈਸਾ ਕਮਾਓ (PBPK) ਸਕੀਮ ਜਿਸ ਅਧੀਨ ਪਾਣੀ ਦੀ ਬੱਚਤ ਲਈ ਕਿਸਾਨਾਂ ਨੂੰ ਨਗਦ ਪੈਸੇ ਮਿਲਦੇ ਹਨ, ਨੂੰ ਲੋਕਾਂ ਵਿੱਚ ਪ੍ਰਚਾਰਿਤ ਕਰਨਾ ਅਤੇ ਕੁਸ਼ਲ ਢੰਗ ਨਾਲ ਲਾਗੂ ਕਰਨਾ ਚਾਹੀਦਾ ਹੈ।

## 16. ਨਹਿਰੀ ਪਾਣੀ

ਪੰਜਾਬ ਵਿੱਚ ਨਹਿਰੀ ਸਿੰਚਾਈ ਪ੍ਰਣਾਲੀ ਦੀ ਮੁਰੰਮਤ ਅਤੇ ਆਧੁਨਿਕੀਕਰਨ ਦੀ ਸਖ਼ਤ ਲੋੜ ਹੈ। ਇਸ ਵਿੱਚ ਨਹਿਰੀ ਪਾਣੀ ਦੀਆਂ ਵੰਡ ਪ੍ਰਣਾਲੀਆਂ ਨੂੰ ਮੁੜ ਸੁਰਜੀਤ ਕਰਨਾ ਅਤੇ ਜ਼ਮੀਨਦੋਜ਼ ਪਾਈਪ ਲਾਈਨ ਦੀ ਵਰਤੋ ਕਰਕੇ ਕਬਜੇ ਵਾਲੇ ਖਾਲਿਆਂ ਦੀ ਬਹਾਲੀ ਅਤੇ ਮੁੜ ਸੁਰਜੀਤੀ ਕੀਤੀ ਜਾਣੀ ਚਾਹੀਦੀ ਹੈ। ਕਬਜ਼ੇ ਵਾਲੇ ਪੁਰਾਣੇ ਚੈਨਲਾਂ ਨੂੰ ਬਹਾਲ ਕਰਨ ਲਈ ਵਿਸਥਾਰਤ ਯੋਜਨਾਵਾਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਜਲ ਉਪਭੋਗਤਾ ਐਸੋਸੀਏਸ਼ਨਾਂ ਨੂੰ ਮੁੜ ਸਰਗਰਮ ਕੀਤਾ ਜਾਣਾ ਚਾਹੀਦਾ ਹੈ, ਅਤੇ ਨਹਿਰ ਦੇ ਰੱਖ-ਰਖਾਅ ਲਈ ਉੱਨਤ ਤਕਨੀਕਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

## 17. ਸਹਿਕਾਰਤਾ

i. ਜਨਤਕ ਖੇਤਰ ਦੀਆਂ ਸੰਸਥਾਵਾਂ ਜਿਵੇਂ ਕਿ ਪੰਜਾਬ ਐਗਰੋ, ਮਾਰਕਫੈੱਡ, ਮਿਲਕਫੈੱਡ, ਅਤੇ ਸ਼ੂਗਰਫੈਡ ਦੀ ਅਗਵਾਈ ਸੰਬੰਧਿਤ ਵਿਸ਼ਾ ਮਾਹਿਰਾਂ ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਇਹਨਾਂ ਸੰਸਥਾਵਾਂ ਨੂੰ ਆਪਣੇ ਮੁੱਢਲੇ ਉਦੇਸ਼ਾਂ ਅਨੁਸਾਰ ਕੰਮ ਕਰਨਾ ਚਾਹੀਦਾ ਹੈ, ਜੋ ਕਿ ਫ਼ਸਲਾਂ ਦੇ ਮੁੱਲ ਵਾਧੇ (ਕਦਰ ਵਧਾਈ), ਪ੍ਰੋਸੈਸਿੰਗ ਅਤੇ ਮੰਡੀਕਰਨ ਵਿੱਚ ਕਿਸਾਨਾਂ ਦੀ ਸਹਾਇਤਾ ਕਰਨਾ ਹੈ।

ii. ਸਰਕਾਰ ਨੂੰ ਸਹਿਕਾਰੀ ਸੁਸਾਇਟੀਆਂ ਲਈ ਪਹਿਲ ਦੇ ਆਧਾਰ 'ਤੇ ਬੀਜਾਂ, ਖਾਦਾਂ, ਜੈਵਿਕ ਖਾਦਾਂ ਅਤੇ ਕੀਟਨਾਸ਼ਕਾਂ ਸਮੇਤ ਸਾਰੀਆਂ ਖੇਤੀ ਸਮੱਗਰੀਆਂ ਦੀ ਨਿਯਮਤ ਅਤੇ ਸਮੇਂ ਸਿਰ ਸਪਲਾਈ ਯਕੀਨੀ ਬਣਾਉਣੀ ਚਾਹੀਦੀ ਹੈ।

iii. ਪੰਜਾਬ ਐਗਰੋ (PAIC) ਨੂੰ ਪੰਜਾਬ ਦੇ ਬਾਗਬਾਨੀ ਉਤਪਾਦਾਂ ਦੀ ਪ੍ਰੋਸੈਸਿੰਗ ਸਮਰੱਥਾ ਨੂੰ ਵੱਧ ਤੋਂ ਵੱਧ ਕਰਨ ਲਈ ਅਬੋਹਰ ਅਤੇ ਹੁਸ਼ਿਆਰਪੁਰ ਵਿਖੇ ਸਥਾਪਿਤ ਪ੍ਰੋਸੈਸਿੰਗ ਪਲਾਂਟਾਂ ਨੂੰ ਨਵੀਨਤਮ ਤਕਨੀਕਾਂ ਨਾਲ ਮਜ਼ਬੂਤ ਕਰਨਾ ਚਾਹੀਦਾ ਹੈ।

iv. ਸਰਕਾਰ ਨੂੰ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ, ਅਗਾਂਹਵਧੂ ਕਿਸਾਨ ਸੁਸਾਇਟੀਆਂ ਅਤੇ ਬਾਗਬਾਨੀ ਅਸਟੇਟ ਵਿੱਚ ਸਾਈਲੋ/ਮਲਟੀ-ਚੈਂਬਰ ਕੋਲਡ ਸਟੋਰੇਜ ਸੁਵਿਧਾਵਾਂ ਸਥਾਪਤ ਕਰਨੀਆਂ ਚਾਹੀਦੀਆਂ ਹਨ। ਪੰਜਾਬ ਮੰਡੀ ਬੋਰਡ ਨੂੰ ਦੂਰ-ਦੁਰਾਡੇ ਦੀਆਂ ਘਰੇਲੂ ਮੰਡੀਆਂ ਵਿੱਚ ਕਿਰਾਏ 'ਤੇ ਕੋਲਡ ਸਟੋਰੇਜ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

v. ਪੇਂਡੂ ਪੰਜਾਬ ਨੂੰ ਸਿਹਤਮੰਦ ਬਣਾਉਣ ਅਤੇ ਪੇਂਡੂ ਨੌਜਵਾਨਾਂ ਲਈ ਨੈਤਿਕ ਅਤੇ ਉਤਪਾਦਕ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਇੱਕ ਪੌਸ਼ਟਿਕ ਵਿਕਲਪ ਵਜੋਂ ਤਾਜ਼ੇ ਫਲਾਂ ਦੇ ਰਸ, ਗੰਨੇ ਦੇ ਰਸ ਅਤੇ ਸਬਜ਼ੀਆਂ ਦੇ ਸੂਪ ਦੀ ਸਪਲਾਈ ਕਰਨ ਲਈ ਪੇਂਡੂ ਜੂਸ ਵਿਕਰੇਤਾਵਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

vi. ਸੁਸਾਇਟੀ ਦੇ ਕੰਮਕਾਜ ਨੂੰ ਲੋਕਤੰਤਰੀ ਅਤੇ ਪਾਰਦਰਸ਼ੀ ਬਣਾਇਆ ਜਾਣਾ ਚਾਹੀਦਾ ਹੈ। ਬਹੁ-ਮੰਤਵੀ ਸਹਿਕਾਰੀ ਸੁਸਾਇਟੀ ਦੇ ਸਕੱਤਰਾਂ ਦੀ ਨਿਯੁਕਤੀ ਯੋਗਤਾ ਵਿਚ ਸੁਧਾਰ ਕਰਕੇ ਪੰਜਾਬ ਸਰਕਾਰ ਦੇ ਸਹਿਕਾਰਤਾ ਵਿਭਾਗ ਦੁਆਰਾ ਕੀਤੀ ਜਾਵੇ ਅਤੇ ਸਕੱਤਰਾਂ ਦੀ ਬਦਲੀ ਨੀਤੀ ਲਾਗੂ ਕੀਤੀ ਜਾਵੇ।

vii. ਹਰੇਕ ਸਹਿਕਾਰੀ ਸੁਸਾਇਟੀ ਨੂੰ ਘੱਟੋ-ਘੱਟ ਇੱਕ ਏਕੜ ਢੁਕਵੀਂ ਪੰਚਾਇਤੀ/ਸਰਕਾਰੀ ਜ਼ਮੀਨ ਅਲਾਟ ਕੀਤੀ ਜਾਵੇ, ਜਿਸ ਨਾਲ ਉਹ ਬੁਨਿਆਦੀ ਢਾਂਚੇ ਦੇ ਵਿਕਾਸ ਨਾਲ ਸਬੰਧਤ ਕੇਂਦਰੀ ਸਕੀਮਾਂ ਤੱਕ ਪਹੁੰਚ ਕਰ ਸਕਣ ਜਿਵੇਂ ਕਿ ਕੋਲਡ ਸਟੋਰ, ਪੈਟਰੋਲ ਪੰਪ, ਵੇਅਰਹਾਊਸ ਆਦਿ ਦੀ ਸਥਾਪਨਾ।

viii. ਕਿਸਾਨਾਂ ਨੂੰ ਰਾਹਤ ਦੇਣ ਲਈ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਅਤੇ ਹੋਰ ਸਹਿਕਾਰੀ ਬੈਂਕਾਂ ਰਾਹੀਂ ਯਕਮੁਸ਼ਤ ਨਿਪਟਾਰਾ ਸਕੀਮ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ।

## 18. ਖੇਤ ਮਜ਼ਦੂਰ

i. ਸਰਕਾਰ ਵੱਲੋਂ ਖੇਤ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਲਾਜ਼ਮੀ ਕੀਤੀ ਜਾਵੇ ਤਾਂ ਜੋ ਉਹ ਵੱਖ-ਵੱਖ ਸਰਕਾਰੀ ਸਕੀਮਾਂ ਦਾ ਲਾਭ ਲੈ ਸਕਣ।

ii. ਮਨਰੇਗਾ ਸਕੀਮ ਦੇ ਤਹਿਤ 100 ਦਿਨ ਦੇ ਲਾਜ਼ਮੀ ਕੰਮ ਨੂੰ 100 ਦਿਨ ਤੋਂ ਵਧਾ ਕੇ 200 ਦਿਨ ਕੀਤਾ ਜਾਵੇ। ਸੂਬਾ ਸਰਕਾਰ ਨੂੰ ਇਸ ਮਾਮਲੇ ਲਈ ਕੇਂਦਰ ਸਰਕਾਰ ਨਾਲ ਗੱਲਬਾਤ ਕਰਨੀ ਚਾਹੀਦੀ ਹੈ।

iii. ਖੇਤ ਮਜ਼ਦੂਰਾਂ/ਪੇਂਡੂ ਦਸਤਕਾਰਾਂ ਦੇ ਖੁਦਕੁਸ਼ੀ ਪੀੜਤ ਪਰਿਵਾਰਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ।

iv. ਖੇਤ ਮਜ਼ਦੂਰਾਂ/ਪੇਂਡੂ ਦਸਤਕਾਰਾਂ ਨੂੰ ਮੁਫ਼ਤ ਸਿਹਤ ਸੰਭਾਲ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ।

v. ਪੰਚਾਇਤੀ ਜ਼ਮੀਨ ਅਤੇ ਹੋਰ ਸਾਂਝੀਆਂ ਜ਼ਮੀਨਾਂ ਦਾ ਇੱਕ-ਤਿਹਾਈ ਹਿੱਸਾ ਖੇਤ ਮਜ਼ਦੂਰਾਂ ਨੂੰ ਠੇਕੇ 'ਤੇ ਦਿੱਤਾ ਜਾਣਾ ਚਾਹੀਦਾ ਹੈ। ਇਹ ਜ਼ਮੀਨ ਸਹਿਕਾਰੀ ਖੇਤੀ ਅਧੀਨ ਸੰਯੁਕਤ ਖੇਤੀ ਪ੍ਰਣਾਲੀ (IFS) ਲਈ ਵਰਤੀ ਜਾਣੀ ਚਾਹੀਦੀ ਹੈ।

vi. ਖੇਤ ਮਜ਼ਦੂਰਾਂ ਲਈ ਯਕਮੁਸ਼ਤ ਕਰਜ਼ਾ ਨਿਪਟਾਰਾ ਸਕੀਮ ਤਿਆਰ ਕੀਤੀ ਜਾਣੀ ਚਾਹੀਦੀ ਹੈ।

## 19. ਖੇਤੀ ਖੋਜ ਅਤੇ ਪ੍ਰਸਾਰ

i. ਪੀਏਯੂ, ਗਡਵਾਸੂ ਅਤੇ ਕਿਸਾਨ ਕਮਿਸ਼ਨ ਵਰਗੀਆਂ ਖੋਜ, ਸਿੱਖਿਆ ਅਤੇ ਨੀਤੀ ਨਿਰਮਾਣ ਵਾਲੀਆਂ ਸੰਸਥਾਵਾਂ ਨੂੰ ਢੁਕਵੀਂ ਵਿੱਤੀ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ।

ii. ਖੇਤੀ ਪ੍ਰਸਾਰ ਪ੍ਰਣਾਲੀ ਨੂੰ ਮਜਬੂਤ ਕਰਨ ਲਈ ਪ੍ਰਸਾਰ ਮਾਹਿਰਾਂ ਅਤੇ ਉਨ੍ਹਾਂ ਦੇ ਸਾਰੇ ਵਿਭਾਗਾਂ ਦੀਆਂ ਸਹਾਇਕ ਸਟਾਫ਼ ਦੀਆਂ ਸਾਰੀਆਂ ਖਾਲੀ ਅਸਾਮੀਆਂ ਤੁਰੰਤ ਭਰੀਆਂ ਜਾਣੀਆਂ ਜ਼ਰੂਰੀ ਹਨ।

iii. ਸਾਰੀਆਂ ਮੁੱਖ ਬਦਲਵੀਆਂ ਫ਼ਸਲਾਂ/ਉਤਪਾਦਾਂ ਲਈ ਉਹਨਾਂ ਦੇ ਕੁਦਰਤੀ ਵਿਕਾਸ ਵਾਲੇ ਖੇਤਰਾਂ ਵਿੱਚ ਖੇਤਰੀ ਪੇਸ਼ੇਵਰ ਕਮੇਟੀ ਵਜੋਂ ਇੱਕ ਨੋਡਲ ਟੀਮ ਨਾਮਜ਼ਦ ਹੋਣੀ ਚਾਹੀਦੀ ਹੈ।

iv. ਸਾਰੀਆਂ ਸੂਬਾ ਅਤੇ ਕੇਂਦਰ ਸਰਕਾਰ ਦੀਆਂ ਸਕੀਮਾਂ ਲਈ ਇੱਕ ਰਾਜ-ਪੱਧਰੀ ਔਨਲਾਈਨ ਪੋਰਟਲ ਵਿਕਸਤ ਕਰਨਾ ਚਾਹੀਦਾ ਹੈ।

## 20. ਗੁਣਵੱਤਾ ਨਿਯੰਤਰਣ

i. ਬਾਗਬਾਨੀ ਪੋਸਟਹਾਰਵੈਸਟ ਟੈਕਨਾਲੋਜੀ ਸੈਂਟਰ (PHPTC) ਪੀਏਯੂ ਲੁਧਿਆਣਾ ਵਿਖੇ ਪ੍ਰਵਾਨਿਤ ਪ੍ਰਯੋਗਸ਼ਾਲਾ ਨੂੰ ਹੋਰ ਮਜ਼ਬੂਤ ਕਰਨਾ ਅਤੇ ਇਸਦੀ ਜਾਂਚ ਸਮਰੱਥਾਵਾਂ ਨੂੰ ਵਧਾਉਣਾ ਜ਼ਰੂਰੀ ਹੈ। ਇਸ ਤੋਂ ਇਲਾਵਾ, ਸੂਬੇ ਵਿੱਚ ਦੁੱਧ, ਦੁੱਧ ਉਤਪਾਦਾਂ ਅਤੇ ਮੀਟ ਦੀ ਗੁਣਵੱਤਾ ਲਈ ਤਿੰਨ ਖੇਤਰੀ ਪ੍ਰਯੋਗਸ਼ਾਲਾਵਾਂ ਦੀ ਸਥਾਪਨਾ ਕਰਨੀ ਚਾਹੀਦੀ ਹੈ।

ii. ਦੁੱਧ ਅਤੇ ਹੋਰ ਭੋਜਨ ਉਤਪਾਦਾਂ ਦੀ ਗੁਣਵੱਤਾ ਦੀ ਜਾਂਚ ਕਰਨ ਲਈ "ਮੌਕੇ 'ਤੇ ਟੈਸਟਿੰਗ" (On the Spot Testing) ਲਈ ਅਤਿ-ਆਧੁਨਿਕ ਖੋਜ ਵਾਲੇ ਡਿਜੀਟਲ ਯੰਤਰ ਵਿਕਸਿਤ ਕੀਤੇ ਜਾਣ ਅਤੇ ਉਹ ਲੋਕਾਈ ਲਈ ਉਪਲਬਧ ਕਰਵਾਏ ਜਾਣੇ ਚਾਹੀਦੇ ਹਨ।

iii. ਬੀਜਾਂ, ਖਾਦਾਂ, ਕੀਟਨਾਸ਼ਕਾਂ, ਬਾਇਓ-ਉਤਪਾਦਾਂ ਅਤੇ ਹੋਰ ਸਮਾਨ ਖਰੀਦਣ ਵੇਲੇ ਕਿਸਾਨਾਂ ਲਈ ਬਿੱਲ/ਰਸੀਦ ਪ੍ਰਾਪਤ ਕਰਨਾ ਲਾਜ਼ਮੀ ਬਣਾਉਣਾ ਚਾਹੀਦਾ ਹੈ ਤਾਂ ਜੋ ਮਿਲਾਵਟੀ/ਨਕਲੀ ਖੇਤੀ ਲਾਗਤਾਂ ਦੇ ਮਸਲਿਆਂ ਵਿੱਚ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਸਕੇ।

## 21. ਜ਼ਮੀਨ

i. ਜ਼ਮੀਨੀ ਕਾਸ਼ਤਕਾਰੀ ਕਾਨੂੰਨਾਂ ਨੂੰ ਮੁੜ-ਵਿਚਾਰਨ ਦੀ ਜ਼ਰੂਰਤ ਹੈ। ਗੈਰ-ਰਸਮੀ ਠੇਕੇ ਸਿਸਟਮ ਕਾਰਨ ਕਾਸ਼ਤਕਾਰਾਂ ਦਾ ਕੋਈ ਸਰਕਾਰੀ ਰਿਕਾਰਡ ਨਹੀਂ ਰਹਿੰਦਾ ਅਤੇ ਅਜਿਹਾ ਸਿਸਟਮ ਉਹਨਾਂ ਨੂੰ ਫ਼ਸਲ ਬੀਮਾ ਅਤੇ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਤੱਕ ਪਹੁੰਚ ਵਰਗੇ ਫ਼ਾਇਦਿਆਂ ਤੋਂ ਵਾਂਝਾ ਕਰਦਾ ਹੈ।

ii. ਵਿਕਰੀ-ਖਰੀਦ ਅਤੇ ਤਬਾਦਲੇ ਦੇ ਸਮਝੌਤਿਆਂ ਨੂੰ ਸਰਲ ਭਾਸ਼ਾ ਵਿੱਚ ਰਿਕਾਰਡ ਕੀਤਾ ਜਾਣਾ ਚਾਹੀਦਾ ਹੈ ਅਤੇ ਤਹਿਸੀਲ ਕੰਪਲੈਕਸ ਵਿੱਚ ਵਸੀਕਾ ਨਵੀਸ (ਦਸਤਾਵੇਜ਼ ਲੇਖਕ) ਅਤੇ ਵਿਚੋਲਿਆਂ ਵਾਲੇ ਕੰਮ ਸਰਕਾਰੀ ਕਰਮਚਾਰੀਆਂ ਵੱਲੋਂ ਕਰਨੇ ਚਾਹੀਦੇ ਹਨ।

iii. ਸਾਰੀਆਂ ਸੇਵਾਵਾਂ ਦੀਆਂ ਸਮਾਂ-ਸੀਮਾਵਾਂ ਅਤੇ ਰੇਟ ਦਫ਼ਤਰ ਦੇ ਬਾਹਰ ਪ੍ਰਦਰਸ਼ਿਤ ਕੀਤੇ ਜਾਣੇ ਚਾਹੀਦੇ ਹਨ ਅਤੇ ਗਾਹਕ ਨੂੰ ਉਚਿੱਤ ਰਸੀਦ ਜਾਰੀ ਕੀਤੀ ਜਾਣੀ ਚਾਹੀਦੀ ਹੈ।

iv. ਜ਼ਮੀਨ ਮਾਲਕਾਂ ਨੂੰ ਆਧਾਰ ਕਾਰਡ ਨਾਲ ਲਿੰਕ ਜ਼ਮੀਨ ਦੀ ਮਾਲਕੀ ਪਾਸਬੁੱਕ ਜਾਰੀ ਕੀਤੀ ਜਾਣੀ ਚਾਹੀਦੀ ਹੈ।

## 22. ਪਸ਼ੂ ਧਨ

i. ਪੰਜਾਬ ਵਿੱਚ ਪਸ਼ੂ ਧਨ ਦੇ ਖੇਤਰ ਨੂੰ "ਵਿਸ਼ੇਸ਼ ਸੈਕਟਰ" ਵਜੋਂ ਐਲਾਨਿਆਂ ਜਾਣਾ ਚਾਹੀਦਾ ਹੈ ਜਿਸ ਵਿੱਚ ਜ਼ਮੀਨ ਦੀ ਵਰਤੋਂ ਵਿੱਚ ਤਬਦੀਲੀ (CLU), ਬੈਂਕ ਵਿੱਤ, ਬਿਜਲੀ ਦੀਆਂ ਦਰਾਂ, ਪ੍ਰਦੂਸ਼ਣ ਕੰਟਰੋਲ ਪ੍ਰਮਾਣੀਕਰਨ, ਆਦਿ ਦੇ ਸਬੰਧ ਵਿੱਚ ਅਲੱਗ ਨੀਤੀਆਂ ਲਾਗੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜਿਸ ਨਾਲ ਕਾਰੋਬਾਰ ਕਰਨ ਵਿੱਚ ਅਸਾਨੀ ਹੋ ਸਕੇ।

ii. ਪ੍ਰਭਾਵੀ ਕਾਰਜ ਯੋਜਨਾਵਾਂ ਅਤੇ ਭਲਾਈ ਗਤੀਵਿਧੀਆਂ ਨੂੰ ਤਿਆਰ ਕਰਨ ਲਈ ਸੂਬੇ ਵਿੱਚ ਪਸ਼ੂ ਪਾਲਕਾਂ ਦਾ ਇੱਕ ਭਰੋਸੇਯੋਗ ਡਾਟਾਬੇਸ ਤਿਆਰ ਕਰਨ ਦੀ ਲੋੜ ਹੈ।

iii. ਸੂਬੇ ਨੂੰ ਨਸਲ ਵਿਕਾਸ, ਰੋਗ ਨਿਯੰਤਰਨ, ਵੀਰਜ ਦੀ ਵਿਕਰੀ ਦੇ ਨਿਯਮ ਅਤੇ ਵੀਰਜ ਬੈਂਕਾਂ ਦੁਆਰਾ "ਬਰੀਡਰ ਸਟੇਟ" ਬਣਾਉਣ ਲਈ ਯਤਨ ਕਰਨੇ ਚਾਹੀਦੇ ਹਨ।

## 23. ਖੇਤੀ ਮਸ਼ੀਨੀਕਰਨ

i. ਮਸ਼ੀਨੀਕਰਨ, ਵਾਢੀ ਤੋਂ ਬਾਅਦ ਦੀ ਪ੍ਰੋਸੈਸਿੰਗ, ਮਿੱਟੀ, ਪਾਣੀ/ਸਿੰਚਾਈ, ਅਤੇ ਨਵਿਆਉਣਯੋਗ ਊਰਜਾ ਸਕੀਮਾਂ ਨੂੰ ਲਾਗੂ ਕਰਨ ਲਈ ਇਕ ਵੱਖਰਾ ਖੇਤੀਬਾੜੀ ਇੰਜੀਨੀਅਰਿੰਗ ਡਾਇਰੈਕਟੋਰੇਟ ਸਥਾਪਿਤ ਕੀਤਾ ਜਾਵੇ।

ii. ਨਵੀਨਤਾਕਾਰੀ ਨਿਰਮਾਤਾਵਾਂ ਲਈ ਖੇਤੀ ਮਸ਼ੀਨਰੀ ਦੇ ਕੇਂਦਰ ਵਜੋਂ ਘਰੇਲੂ ਅਤੇ ਕੌਮਾਂਤਰੀ ਮੰਡੀ ਲਈ ਪੰਜਾਬ ਨੂੰ "ਮਸ਼ੀਨਰੀ ਹੱਬ" ਬਣਾਇਆ ਜਾਵੇ।

## 24. ਖੇਤੀਬਾੜੀ ਵਿੱਚ ਔਰਤਾਂ

i. ਔਰਤਾਂ ਨੂੰ ਸਹਾਇਕ ਧੰਦਿਆਂ ਲਈ ਕਰਜ਼ਾ ਅਤੇ ਸਿਖਲਾਈ ਸਹੂਲਤਾਂ ਦੀ ਪਹੁੰਚ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਰਾਹੀਂ ਬਣਾਉਣੀ ਚਾਹੀਦੀ ਹੈ।

ii. ਔਰਤਾਂ ਦੇ ਸਸ਼ਕਤੀਕਰਨ ਅਤੇ ਵਿਕਾਸ ਲਈ ਲੜਕੀਆਂ ਨੂੰ ਲਾਜ਼ਮੀ ਅਤੇ ਬਿਹਤਰ ਸਿੱਖਿਆ ਪ੍ਰਦਾਨ ਕੀਤੀ ਜਾਵੇ।

iii. ਔਰਤਾਂ ਲਈ ਜ਼ਮੀਨ ਮਾਲਕੀ ਹੱਕਾਂ ਨੂੰ ਵਿਚਰਨਾ ਚਾਹੀਦਾ ਹੈ। ਪੰਚਾਇਤੀ ਅਤੇ ਪਿੰਡਾਂ ਦੀਆਂ ਹੋਰ ਸਾਂਝੀ ਜ਼ਮੀਨਾਂ ਨੂੰ ਠੇਕੇ 'ਤੇ ਦੇਣ ਵੇਲੇ ਛੋਟੇ ਪੱਧਰ ਦੀਆਂ ਖੇਤੀ ਗਤੀਵਿਧੀਆਂ ਵਿੱਚ ਲੱਗੀਆਂ ਬੇਜ਼ਮੀਨ ਔਰਤਾਂ ਨੂੰ ਪਹਿਲ ਦਿੱਤੀ ਜਾਵੇ।

## 25. ਪੈਨਸ਼ਨ ਯੋਜਨਾ

ਖੇਤ ਮਜ਼ਦੂਰਾਂ, ਸੀਮਾਂਤ ਕਿਸਾਨਾਂ ਅਤੇ ਛੋਟੇ ਕਿਸਾਨਾਂ (5 ਏਕੜ ਤੱਕ ਜ਼ਮੀਨ) ਨੂੰ 60 ਸਾਲ ਦੀ ਉਮਰ ਹੋਣ 'ਤੇ ਪੈਨਸ਼ਨ ਦਿੱਤੀ ਜਾਣੀ ਚਾਹੀਦੀ ਹੈ।

## 26. ਉਧਾਰ ਅਤੇ ਕਰਜ਼ਾ

i. ਉਧਾਰ ਸਿਸਟਮ ਲਈ ਇੱਕ "ਸਿੰਗਲ-ਵਿੰਡੋ-ਸਿਸਟਮ" (ਇੱਕੋ ਥਾਂ) ਉਪਲਬਧ ਹੋਣੀ ਚਾਹੀਦੀ ਹੈ।

ii. ਛੋਟੀ ਕਿਸਾਨੀ ਭਾਰੀ ਆਰਥਿਕ ਦਬਾਅ ਹੇਠ ਗੁਜਰ ਰਹੀ ਹੈ, ਇਸ ਲਈ, ਛੋਟੇ ਤੇ ਸੀਮਾਂਤ ਕਿਸਾਨਾਂ (ਜਿਨ੍ਹਾਂ ਦੀ ਪੰਜ ਏਕੜ ਤੱਕ ਮਾਲਕੀ ਹੈ) ਲਈ ਵਿਸ਼ੇਸ਼ ਕਰਜ਼ਾ ਮੁਆਫੀ ਸਕੀਮ ਤਿਆਰ ਕੀਤੇ ਜਾਵੇ।

iii. ਕਰਜ਼ੇ ਦੇ ਨਿਪਟਾਰੇ ਲਈ "ਕਰਜ਼ਦਾਰਾਂ ਦੇ ਕਰਜ਼ੇ ਦੀ ਅਦਲਾ-ਬਦਲੀ" ਲਈ ਇੱਕ ਸਕੀਮ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ।

iv. ਗੈਰ-ਸੰਸਥਾਗਤ ਉਧਾਰ ਸਿਸਟਮ ਦੀ ਬਿਹਤਰੀ ਲਈ, ਸ਼ਾਹੂਕਾਰਾਂ ਦੀ ਰਜਿਸਟ੍ਰੇਸ਼ਨ ਕੀਤੀ ਜਾਣੀ ਚਾਹੀਦੀ ਹੈ।

## 27. ਘੱਟੋ-ਘੱਟ ਸਮਰਥਨ ਮੁੱਲ

ਰਾਜ ਅੰਦਰ ਕਾਸ਼ਤ ਕੀਤੀਆਂ ਜਾਣ ਵਾਲੀਆਂ ਘੱਟੋ-ਘੱਟ ਸਮਰਥਨ ਮੁੱਲ ਦੀਆਂ ਫ਼ਸਲਾਂ ਦੀ ਖਰੀਦ ਦੀ ਕਾਨੂੰਨੀ ਗਾਰੰਟੀ ਸਥਾਪਤ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਸਰਕਾਰ ਨੂੰ ਇਸ ਮਾਮਲੇ ਲਈ ਕੇਂਦਰ ਸਰਕਾਰ ਨਾਲ ਗੱਲਬਾਤ ਕਰਨੀ ਚਾਹੀਦੀ ਹੈ।

## 28. ਬੀਮਾ

ਫ਼ਸਲਾਂ ਦੇ ਨੁਕਸਾਨ ਨੂੰ ਘਟਾਉਣ ਲਈ ਫ਼ਸਲ ਬੀਮਾ ਫੰਡ ਬਣਾਕੇ ਪੰਜਾਬ ਦੀ ਆਪਣੀ ਫ਼ਸਲ ਬੀਮਾ ਯੋਜਨਾ ਤਿਆਰ ਕੀਤੀ ਜਾਵੇ। ਇਸੇ ਤਰ੍ਹਾਂ, ਪਸ਼ੂਧਨ ਲਈ ਮਿਲਕਫੈੱਡ ਅਤੇ ਡੇਅਰੀ ਵਿਕਾਸ ਵਿਭਾਗ ਰਾਹੀਂ ਬੀਮਾ ਸਕੀਮ ਸ਼ੁਰੂ ਕੀਤੀ ਜਾਵੇ।

## 29. ਖੇਤਰੀ ਵਿਕਾਸ ਲਈ ਮਿਸ਼ਨ ਮੋਡ

ਕੰਢੀ ਖੇਤਰ, ਬੇਟ ਖੇਤਰ, ਸਰਹੱਦੀ ਖੇਤਰ ਅਤੇ ਸੇਮ ਖੇਤਰ ਦੇ ਵਿਕਾਸ ਲਈ ਮਿਸ਼ਨ ਮੋਡ ਨੀਤੀ ਬਣਾਈ ਜਾਵੇ। ਇਸ ਨੀਤੀ ਦੇ ਤਹਿਤ ਸਰਕਾਰ ਦੇ ਖੇਤੀਬਾੜੀ, ਬਾਗਬਾਨੀ ਅਤੇ ਜੰਗਲਾਤ ਵਿਭਾਗ ਵੱਲੋਂ ਇਹਨਾਂ ਖੇਤਰਾਂ ਦੇ ਖਾਸ ਮੁੱਦਿਆਂ ਦੇ ਹੱਲ ਲਈ ਸਾਂਝੇ ਤੌਰ 'ਤੇ ਕੰਮ ਕੀਤੇ ਜਾਣ।

# ਅਨੁਲੱਗ

## ਅਨੁਲੱਗ I

**ਕਿਸਾਨਾਂ, ਵਿਅਕਤੀਆਂ, ਸਮੂਹਾਂ, ਐਸੋਸੀਏਸ਼ਨਾਂ, ਵਿਭਾਗਾਂ ਅਤੇ ਸੰਸਥਾਵਾਂ ਦੁਆਰਾ ਦਿੱਤੇ ਗਏ ਨੀਤੀ ਸੁਝਾਅ**

| ਲੜੀ ਨੰ. | ਸੁਝਾਅ ਪ੍ਰਾਪਤ ਕੀਤੇ ਗਏ | ਸੁਝਾਵਾਂ ਦੀ ਗਿਣਤੀ |
|---|---|---|
| 1. | ਪਹਿਲਾਂ ਕਿਸਾਨ ਮਿਲਨੀ, ਪੀ.ਏ.ਯੂ ਲੁਧਿਆਣਾ | 60000 |
| 2. | ਦੂਜੀ ਕਿਸਾਨ ਮਿਲਨੀ, ਪੀ.ਏ.ਯੂ ਲੁਧਿਆਣਾ | 20000 |
| 3. | ਈ-ਮੇਲ, ਲੈਂਡਲਾਈਨ, ਫੋਨ, ਵਟਸਐਪ, ਪੱਤਰ, ਸੁਨੇਹੇ | 15000 |
| 4. | ਵਿਅਕਤੀਗਤ ਅਤੇ ਹੋਰ NRI ਕਿਸਾਨ | 4000 |
| 5. | ਕਿਸਾਨ ਯੂਨੀਅਨਾਂ, ਸਮੂਹ, ਸੰਸਥਾਵਾਂ, ਐਸੋਸੀਏਸ਼ਨਾਂ | 3000 |
| 6. | ਵਿਭਾਗ, ਬੋਰਡ, ਨਿਗਮਾਂ, ਸੁਸਾਇਟੀਆਂ ਅਤੇ ਸੰਸਥਾਵਾਂ | 800 |
| | ਕੁੱਲ ਸੁਝਾਅ | 102800 |

ਕਿਸਾਨ, ਵਿਅਕਤੀ, ਸਮੂਹ, ਐਸੋਸੀਏਸ਼ਨਾਂ, ਸੰਸਥਾਵਾਂ, ਵਿਭਾਗਾਂ ਅਤੇ ਸੰਸਥਾਵਾਂ ਦੁਆਰਾ ਨੀਤੀ ਲਈ ਕੁੱਲ 102800 ਸੁਝਾਅ ਦਿੱਤੇ ਗਏ।

## ਅਨੁਲੱਗ II

## ਕਮੇਟੀ ਦੁਆਰਾ ਕਿਸਾਨ ਸਮੂਹਾਂ, ਵਿਗਿਆਨੀਆਂ, ਮਾਹਿਰਾਂ ਨਾਲ ਖੇਤਰੀ ਦੌਰਿਆਂ ਅਤੇ ਵਿਚਾਰ ਵਟਾਂਦਰੇ ਦਾ ਵੇਰਵਾ

| ਮਿਤੀ | ਵਿਚਾਰ ਵਟਾਂਦਰੇ ਦੇ ਵੇਰਵੇ | ਭਾਗੀਦਾਰ |
|---|---|---|
| 15-01-2023 | ਬੇਕਰਸਫੀਲਡ, ਕੈਲੀਫੋਰਨੀਆ, ਅਮਰੀਕਾ ਵਿਖੇ ਵਿਗਿਆਨੀਆਂ ਅਤੇ ਕਿਸਾਨਾਂ ਨਾਲ ਵਿਚਾਰ-ਵਟਾਂਦਰਾ | 80 |
| 16-01-2023 | ਡਾ. ਜੀ ਐਸ ਖੁਸ਼, ਵਿਸ਼ਵ ਖੁਰਾਕ ਪੁਰਸਕਾਰ ਜੇਤੂ, ਕੈਲੀਫੋਰਨੀਆ, ਅਮਰੀਕਾ ਨਾਲ ਵਿਚਾਰ-ਵਟਾਂਦਰਾ | 07 |
| 17-01-2023 | ਕੈਲੀਫੋਰਨੀਆ ਯੂਨੀਵਰਸਿਟੀ, ਫਰਿਜ਼ਨੋ, ਕੈਲੀਫੋਰਨੀਆ ਦੇ ਵਿਗਿਆਨੀਆਂ ਅਤੇ ਡੇਲੇਨੋ, ਕੈਲੀਫੋਰਨੀਆ, ਅਮਰੀਕਾ ਦੇ ਕਿਸਾਨਾਂ ਨਾਲ ਵਿਚਾਰ-ਵਟਾਂਦਰਾ | 30 |
| 23-01-2023 | ਨੀਤੀ ਦੇ ਕਮੇਟੀ ਮੈਂਬਰਾਂ ਨਾਲ ਵਿਚਾਰ ਵਟਾਂਦਰੇ (ਆਨਲਾਈਨ) | 13 |
| 24-01-2023 | ਪੀ.ਏ.ਯੂ. ਕਿਸਾਨ ਕਲੱਬ, ਲੁਧਿਆਣਾ ਵਿਖੇ ਕਿਸਾਨ ਗਰੁੱਪਾਂ, ਸੁਸਾਇਟੀਆਂ, ਐਫ. ਪੀ.ਓ. ਨਾਲ ਵਿਚਾਰ-ਵਟਾਂਦਰਾ | 126 |
| 28-01-2023 | ਅਮਰੀਕਾ ਅਤੇ ਕੈਨੇਡਾ ਵਿੱਚ ਖੇਤੀਬਾੜੀ ਵਿਗਿਆਨੀਆਂ ਦੇ ਸਮੂਹ ਨਾਲ ਵਿਚਾਰ-ਵਟਾਂਦਰਾ (ਆਨਲਾਈਨ) | 35 |
| 09-02-2023 | ਪੰਜਾਬ ਭਵਨ, ਚੰਡੀਗੜ੍ਹ ਵਿਖੇ ਕਮੇਟੀ ਮੈਂਬਰਾਂ/ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ | 26 |
| 20-02-2023 | ਕਮਿਸ਼ਨ ਦੇ ਦਫ਼ਤਰ ਵਿਖੇ ਕਮੇਟੀ ਮੈਂਬਰਾਂ/ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ | 18 |
| 10-02-2023 | ਗੋਲਡਨ ਨੈਚੁਰਲ ਫਾਰਮ, ਪਿੰਡ ਅਜੋਵਾਲ, ਹੁਸ਼ਿਆਰਪੁਰ ਵਿਖੇ ਖੇਤਰੀ ਦੌਰਾ | 38 |
| 12- 02-2023 | ਪੀ.ਏ.ਯੂ. ਵਿਖੇ ਪਹਿਲੀ ਸਰਕਾਰ-ਕਿਸਾਨ ਮਿਲਨੀ ਜਿਸ ਵਿੱਚ 15,000 ਕਿਸਾਨਾਂ ਨੇ ਹਿੱਸਾ ਲਿਆ ਅਤੇ 6000 ਕਿਸਾਨਾਂ ਦੁਆਰਾ ਸੁਝਾਅ ਦਿੱਤੇ ਗਏ | 15000 |
| 27-02-2023 | ਪੰਜਾਬ ਭਵਨ, ਚੰਡੀਗੜ੍ਹ ਵਿਖੇ ਭਾਰਤੀ ਕਿਸਾਨ ਯੂਨੀਅਨ, ਉਗਰਾਹਾਂ ਅਤੇ ਖੇਤੀਬਾੜੀ ਮੰਤਰੀ ਨਾਲ ਵਿਚਾਰ ਵਟਾਂਦਰੇ | 36 |
| 28-02-2013 | ਗੁੱਡ ਗ੍ਰੋ ਫਾਰਮ ਫਗਵਾੜਾ ਵਿਖੇ ਖੇਤਰੀ ਦੌਰੇ, ਖਨੌੜਾ ਵਿਖੇ ਫਲਾਂ ਲਈ ਸੀ.ਓ.ਈ ਅਤੇ ਹੁਸ਼ਿਆਰਪੁਰ ਦੇ ਭੂੰਗਾ (ਹਰਿਆਣਾ) ਵਿਖੇ ਸਿਟਰਸ ਅਸਟੇਟ ਦਾ ਦੌਰਾ | 42 |
| 01-03-2023 | ਗੁਰਦਾਸਪੁਰ ਸਰ੍ਹੋਂ ਦੇ ਤੇਲ ਉਤਪਾਦਨ ਯੂਨਿਟ, ਮਿਰਜ਼ੇਵਾਲਾ ਵਿਖੇ ਕਿਸਾਨ ਜਥੇਬੰਦੀਆਂ ਨਾਲ ਖੇਤਰੀ ਦੌਰੇ ਅਤੇ ਵਿਚਾਰ-ਵਟਾਂਦਰਾ<br>• ਗੁਰਮੁਖ ਸਿੰਘ, ਰੰਗੀਨਪੁਰ ਦੁਆਰਾ ਹਲਦੀ ਅਤੇ ਬਾਜਰਾ ਪ੍ਰੋਸੈਸਿੰਗ ਯੂਨਿਟ<br>• ਯੰਗ ਇਨੋਵੇਟਿਵ ਫਾਰਮਰਜ਼ ਗਰੁੱਪਾਂ/ਐਫ.ਪੀ.ਓ., ਗੁਰਦਾਸਪੁਰ ਨਾਲ ਵਿਚਾਰ-ਵਟਾਂਦਰਾ<br>• ਯੰਗ ਇਨੋਵੇਟਿਵ ਫਾਰਮਰਜ਼ ਗਰੁੱਪ (YIFG) ਦੁਆਰਾ ਗੁੜ/ਸ਼ੱਕਰ ਯੂਨਿਟ ਅਤੇ ਗੰਨੇ ਦੇ ਰਸ ਦੀ ਪ੍ਰੋਸੈਸਿੰਗ ਯੂਨਿਟ | 312 |
| 01-03-2023 | ਆਲੂ ਲਈ ਸੀ.ਓ.ਈ, ਧੋਗੜੀ, ਜਲੰਧਰ ਅਤੇ ਸਬਜ਼ੀਆਂ ਲਈ ਸੀ.ਓ.ਈ. ਕਰਤਾਰਪੁਰ (ਜਲੰਧਰ) ਵਿਖੇ ਦੌਰਾ ਅਤੇ ਵਿਚਾਰ-ਵਟਾਂਦਰਾ | 28 |
| 03-03-2023 | ਕਮਿਸ਼ਨ ਦੇ ਦਫ਼ਤਰ ਵਿੱਚ ਅਗਾਂਹਵਧੂ ਕਿਸਾਨਾਂ ਅਤੇ ਕੁਦਰਤੀ ਖੇਤੀ ਐਸੋਸੀਏਸ਼ਨ (NFA) ਨਾਲ ਵਿਚਾਰ-ਵਟਾਂਦਰਾ | 16 |
| 06-03-2023 | ਪੀ.ਏ.ਯੂ., ਲੁਧਿਆਣਾ ਦੇ ਵਿਗਿਆਨੀਆਂ, ਅਮਰੀਕਾ ਅਧਾਰਿਤ NGO-ਪੈਗੜੀ, ਅਤੇ ਰਿਟਾਇਰਡ ਐਗਰੀਕਲਚਰ/ਬਾਗਬਾਨੀ ਟੈਕਨੋਕਰੇਟਸ ਐਸੋਸੀਏਸ਼ਨ (RATA) ਦੇ ਵਿਗਿਆਨੀਆਂ ਨਾਲ ਪੀ.ਏ.ਯੂ. ਵਿਖੇ ਮੀਟਿੰਗ ਅਤੇ ਵਿਚਾਰ-ਵਟਾਂਦਰਾ | 20 |

| | | |
|---|---|---|
| 06-03-2023 | ਭੋਜਨ/ਪਾਣੀ ਵਿੱਚ ਭਾਰੀ ਧਾਤਾਂ ਦੀ ਜਾਂਚ ਲਈ ਪੰਜਾਬ ਬਾਗਬਾਨੀ ਪੋਸਟ-ਹਾਰਵੈਸਟ ਟੈਕਨੋਲੋਜੀ ਸੈਂਟਰ (PHPTC), ਲੁਧਿਆਣਾ ਅਤੇ ਉਨ੍ਹਾਂ ਦੀ ਲੈਬ ਸੁਵਿਧਾ ਦਾ ਦੌਰਾ | 27 |
| 08-03-2023 | • ਸਿੱਧੂ ਆਰਗੈਨਿਕ ਫਾਰਮ, ਮੂਸਾ, ਮਾਨਸਾ ਵਿਖੇ ਫੀਲਡ ਦੌਰਾ<br>• ਮਾਡਲ ਫਾਰਮ, ਦੁੱਲੋਵਾਲ, ਮਾਨਸਾ ਦਾ ਦੌਰਾ<br>• ਜੋਤ ਨਰਸਰੀ ਫਾਰਮ, ਘਰਾਂਗਣਾ, ਮਾਨਸਾ ਦਾ ਦੌਰਾ | 52 |
| 09-03-2023 | ਗਡਵਾਸੂ, ਲੁਧਿਆਣਾ ਵਿਖੇ ਵਿਗਿਆਨੀਆਂ ਅਤੇ ਕਿਸਾਨਾਂ ਨਾਲ ਵਿਚਾਰ-ਵਟਾਂਦਰਾ | 24 |
| 16-03-2023 | ਫਲਾਂ ਅਤੇ ਸਬਜ਼ੀਆਂ ਦੇ FPO, ਘੱਗਾ, ਪਟਿਆਲਾ ਅਤੇ ਫਾਰਮ 77 ਨਰਸਰੀ ਯੂਨਿਟ, ਸੰਗਰੂਰ ਅਤੇ ਲਾਗੜੀਆਂ, ਸੰਗਰੂਰ ਵਿਖੇ ਬਿਊਸਕੇਪ ਫਾਰਮਾਂ ਦਾ ਦੌਰਾ | 85 |
| 18-03-2023 | ਪੀ.ਏ.ਯੂ. ਲੁਧਿਆਣਾ ਵਿਖੇ ਉੱਘੇ ਵਿਗਿਆਨੀਆਂ ਡਾ. ਜੀ. ਐਸ. ਖੁਸ਼ (ਰਾਈਸ ਬ੍ਰੀਡਰ) ਅਤੇ ਡਾ. ਬੀ. ਐਸ. ਗਿੱਲ (ਕਣਕ ਬ੍ਰੀਡਰ) ਅਤੇ ਪੀ.ਏ.ਯੂ. ਦੇ ਵਿਗਿਆਨੀਆਂ ਨਾਲ ਵਿਚਾਰ-ਵਟਾਂਦਰਾ | 28 |
| 19-03-2023 | ਪੀ.ਏ.ਯੂ. ਵਿਖੇ IFS ਮਾਡਲ 'ਤੇ ਵਿਚਾਰ-ਵਟਾਂਦਰਾ ਅਤੇ ਗੁੱਡ ਗ੍ਰੋ ਫਾਰਮ ਫਗਵਾੜਾ ਵਿਖੇ ਦੌਰਾ | 88 |
| 03-04-2023 | ਬਰਨਾਲਾ ਅਤੇ ਮਾਨਸਾ ਦਾ ਫੀਲਡ ਦੌਰਾ<br>• ਬਰਨਾਲਾ ਕੁਦਰਤੀ ਕਿਸਾਨ ਐਸੋਸੀਏਸ਼ਨ, ਵਾਹਿਗੁਰੂਪੁਰਾ, ਬਰਨਾਲਾ<br>• ਚੌਹਾਨ ਕੁਦਰਤੀ ਖੇਤੀ ਫਾਰਮ, ਮਾਨਸਾ<br>• ਫਾਰਮਰ ਪ੍ਰੋਡਿਊਸ ਪ੍ਰੋਸੈਸਿੰਗ ਐਂਡ ਮਾਰਕੀਟਿੰਗ ਸੁਸਾਇਟੀ (FARO ਗਰੁੱਪ), ਬੁਰਜ ਢਿੱਲਵਾਂ, ਮਾਨਸਾ | 76 |
| 03-04-2023 | ਸੀ.ਓ.ਈ. (ਖਾਰੇ ਪਾਣੀ) ਬਠਿੰਡਾ ਅਤੇ ਜਿਆਣੀ ਫਾਰਮ, ਫਾਜ਼ਿਲਕਾ ਦਾ ਦੌਰਾ | 27 |
| 04-04-2023 | ਖੁੰਜਨ ਸੁਸਾਇਟੀ, ਸੋਹਨਗੜ੍ਹ ਨੈਚੁਰਲ ਫਾਰਮ (ਫਿਰੋਜ਼ਪੁਰ) ਅਤੇ ਵਾਹਿਗੁਰੂ ਡੇਅਰੀ ਫਾਰਮ, ਬਾਘਾਪੁਰਾਣਾ ਵਿਖੇ ਫੀਲਡ ਦੌਰਾ | 125 |
| 11-05-2023 | ਪੀ.ਏ.ਯੂ. ਵਿਖੇ ਦੂਜੀ ਸਰਕਾਰ-ਕਿਸਾਨ ਮਿਲਨੀ ਜਿਸ ਵਿੱਚ 10,000 ਤੋਂ ਵੱਧ ਕਿਸਾਨਾਂ ਨੇ ਹਿੱਸਾ ਲਿਆ | 10000 |
| 12-05-2023 | NRI ਕਿਸਾਨ ਸੰਮੇਲਨ ਅਤੇ ਕਿਸਾਨ ਗੋਸ਼ਟੀ/ ਸ਼ੇਰਗਿੱਲ ਫਾਰਮ ਹੁਸ਼ਿਆਰਪੁਰ ਵਿਖੇ ਕਿਸਾਨਾਂ ਨਾਲ ਵਿਚਾਰ-ਵਟਾਂਦਰਾ | 74 |
| 09-06-2023 | ਖਰੜ, ਮੁਹਾਲੀ ਵਿਖੇ ਫੂਡ ਐਂਡ ਡਰੱਗਜ਼ ਐਡਮਿਨਿਸਟ੍ਰੇਸ਼ਨ, ਪੰਜਾਬ ਨਾਲ ਵਿਚਾਰ-ਵਟਾਂਦਰਾ | 18 |
| | IIT ਰੂਪਨਗਰ ਵਿਖੇ ਵਿਗਿਆਨੀਆਂ ਅਤੇ ਮਾਹਿਰਾਂ ਨਾਲ ਵਿਚਾਰ-ਵਟਾਂਦਰਾ | 22 |
| 10-06-2023 | ਗਡਵਾਸੂ, ਲੁਧਿਆਣਾ ਵਿਖੇ ਪਸ਼ੂ ਧਨ ਦੇ ਅਰਥਚਾਰੇ ਬਾਰੇ ਦੇਸ਼ ਭਰ ਦੇ ਵਿਗਿਆਨੀਆਂ ਅਤੇ ਮਾਹਿਰਾਂ ਨਾਲ ਇੱਕ ਦਿਮਾਗ-ਖੋਲ ਗੋਸ਼ਟੀ | 36 |
| 14-06-2023 | ਪੀ.ਏ.ਯੂ., ਲੁਧਿਆਣਾ ਵਿਖੇ ਵੱਖ-ਵੱਖ ਵਿਭਾਗਾਂ ਦੇ ਮੁੱਖੀਆਂ (HDOs) ਨਾਲ ਵਿਚਾਰ-ਵਟਾਂਦਰਾ | 25 |
| 04-07-2023 | ਸਿਟਰਸ ਅਸਟੇਟਾਂ, ਹੁਸ਼ਿਆਰਪੁਰ ਦੇ ਅਗਾਂਹਵਧੂ ਕਿਸਾਨਾਂ ਨਾਲ ਵਿਚਾਰ-ਵਟਾਂਦਰਾ | 20 |
| 18-07-2023 | CIPHET, PHPTC, ਗਡਵਾਸੂ ਅਤੇ ਪੀਏਯੂ, ਲੁਧਿਆਣਾ ਵਿਖੇ ਐਗਰੋ-ਪ੍ਰੋਸੈਸਿੰਗ ਯੂਨਿਟ ਦਾ ਦੌਰਾ | 95 |

ਕਮੇਟੀ ਨੇ ਖੇਤਰੀ ਦੌਰੇ ਕੀਤੇ ਅਤੇ ਕਿਸਾਨ ਸਮੂਹਾਂ, ਵਿਗਿਆਨੀਆਂ, ਮਾਹਿਰਾਂ ਸਮੇਤ ਕੁੱਲ 26649 ਭਾਗੀਦਾਰਾਂ ਨਾਲ ਵੱਖ-ਵੱਖ ਨੀਤੀਗਤ ਮੁੱਦਿਆਂ 'ਤੇ ਵਿਚਾਰ ਵਟਾਂਦਰੇ ਕੀਤੇ।

## ਅਨੁਲੱਗ III

## ਕਮੇਟੀ ਦੁਆਰਾ ਵੱਖ-ਵੱਖ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ, ਖੋਜ ਸੰਸਥਾਵਾਂ ਅਤੇ ਕਮਿਸ਼ਨਾਂ ਨਾਲ ਵਿਚਾਰ ਵਟਾਂਦਰੇ/ਮੀਟਿੰਗਾਂ ਦਾ ਵੇਰਵਾ

| ਮਿਤੀ | ਵਿਭਾਗ | ਵਿਚਾਰ ਵਟਾਂਦਰੇ ਦੇ ਵੇਰਵੇ | ਭਾਗੀਦਾਰਾਂ ਦੀ ਗਿਣਤੀ |
|---|---|---|---|
| **20-04-2023** | 1. ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ<br>2. ਪਨਸੀਡ<br>3. ਗੰਨਾ ਕਮਿਸ਼ਨਰ<br>4. ਪੰਜਾਬ ਰਾਜ ਬੀਜ ਪ੍ਰਮਾਣੀਕਰਨ ਅਥਾਰਟੀ<br>5. ਪੀਏਯੂ, ਲੁਧਿਆਣਾ<br>6. ਗਡਵਾਸੂ, ਲੁਧਿਆਣਾ | ਖੇਤੀਬਾੜੀ ਸੈਕਟਰ | 36 |
| **21-04-2023** | 1. ਪੰਜਾਬ ਐਗਰੋ ਇੰਡਸਟਰੀ<br>2. ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਿਟਿਡ<br>3. ਫੂਡ ਪ੍ਰੋਸੈਸਿੰਗ ਵਿਭਾਗ<br>4. ਮਾਰਕਫੈਡ<br>5. ਪੀਏਯੂ, ਲੁਧਿਆਣਾ | ਖੇਤੀਬਾੜੀ ਉਤਪਾਦਾਂ ਦੀ ਪ੍ਰੋਸੈਸਿੰਗ ਅਤੇ ਮੁੱਲ ਵਾਧਾ | 42 |
| **24-04-2023** | 1. ਪਸ਼ੂ ਪਾਲਣ ਵਿਭਾਗ<br>2. ਡੇਅਰੀ ਵਿਕਾਸ ਬੋਰਡ<br>3. ਮੱਛੀ ਪਾਲਣ ਵਿਭਾਗ<br>4. ਗਡਵਾਸੂ, ਲੁਧਿਆਣਾ<br>5. ਮਿਲਕਫੈਡ<br>6. ਕਿਸਾਨ ਐਸੋਸੀਏਸ਼ਨਾਂ (ਡੇਅਰੀ, ਪੋਲਟਰੀ, ਸੂਰ ਪਾਲਣ, ਮੱਛੀ ਪਾਲਣ) | ਪਸ਼ੂ ਧਨ ਸੈਕਟਰ | 55 |
| **25-04-2023** | 1. ਪੰਜਾਬ ਮੰਡੀ ਬੋਰਡ<br>2. ਪੰਜਾਬ ਰਾਜ ਵੇਅਰ-ਹਾਊਸ ਕਾਰਪੋਰੇਸ਼ਨ<br>3. ਕਾਲੋਨਾਈਜ਼ੇਸ਼ਨ ਵਿਭਾਗ<br>4. ਪੀਏਯੂ, ਲੁਧਿਆਣਾ | ਖੇਤੀਬਾੜੀ ਮਾਰਕੀਟਿੰਗ | 34 |
| **28-04-2023** | 1. ਸਹਿਕਾਰਤਾ ਵਿਭਾਗ<br>2. ਸ਼ੂਗਰਫੈਡ<br>3. ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ<br>4. ਪੀਏਯੂ, ਲੁਧਿਆਣਾ | ਸਹਿਕਾਰੀ ਸਭਾਵਾਂ ਅਤੇ ਪੇਂਡੂ ਵਿਕਾਸ | 37 |
| **02-05-2023** | 1. ਬਾਗਬਾਨੀ ਵਿਭਾਗ, ਪੰਜਾਬ<br>2. ਬਾਗਬਾਨੀ ਅਸਟੇਟਾਂ<br>3. ਆਲੂ ਅਤੇ ਮਧੂ ਮੱਖੀ ਪਾਲਣ ਐਸੋਸੀਏਸ਼ਨਾਂ<br>4. ਬਾਗਬਾਨੀ ਕਿਸਾਨ | ਬਾਗਬਾਨੀ ਨਾਲ ਫ਼ਸਲੀ ਵਿਭਿੰਨਤਾ | 60 |
| **04-05-2023** | 1. ਭੂਮੀ ਅਤੇ ਜਲ ਸੰਭਾਲ ਵਿਭਾਗ<br>2. ਪੰਜਾਬ ਊਰਜਾ ਵਿਕਾਸ ਅਥਾਰਟੀ<br>3. ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ<br>4. GENCO | ਕੁਦਰਤੀ ਸਰੋਤ, ਜਲਵਾਯੂ ਤਬਦੀਲੀ ਅਤੇ ਊਰਜਾ | 28 |

| | | | |
|---|---|---|---|
| **05-05-2023** | 1. ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ<br>2. ਪੀਏਯੂ, ਲੁਧਿਆਣਾ | ਪਾਵਰ ਸੈਕਟਰ | 15 |
| **15-05-2023** | 1. ਜਲ ਸਰੋਤ ਵਿਭਾਗ<br>2. ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਨਿਗਮ<br>3. ਪੰਜਾਬ ਰਿਮੋਟ ਸੈਂਸਿੰਗ ਸੈਂਟਰ<br>4. ਪੀਏਯੂ, ਲੁਧਿਆਣਾ | ਸਿੰਚਾਈ ਅਤੇ ਜਲ ਸਰੋਤ | 32 |
| **16-05-2023** | 1. NRI ਕਿਸਾਨ ਅਤੇ ਵਿਗਿਆਨੀ<br>2. ਅਗਾਂਹਵਧੂ ਕਿਸਾਨ ਅਤੇ ਉੱਦਮੀ | ਖੇਤੀਬਾੜੀ ਨੀਤੀ ਬਾਰੇ ਸੁਝਾਅ | 32 |
| **22-05-2023** | 1. ਖੇਤਰੀ ਖੋਜ ਕੇਂਦਰ, ਬੱਲੋਵਾਲ ਸੌਂਖੜੀ, ਐਸ.ਬੀ.ਐਸ. ਨਗਰ (ਪੀਏਯੂ, ਲੁਧਿਆਣਾ ਦੁਆਰਾ)<br>2. ਖੇਤੀਬਾੜੀ ਵਿਗਿਆਨ ਵਿਭਾਗ, ਪੀ.ਏ.ਯੂ., ਲੁਧਿਆਣਾ<br>3. ਯੂਨੀਵਰਸਿਟੀ ਇੰਸਟੀਚਿਊਟ ਆਫ ਫਾਰਮਾ ਸਾਇੰਸ, ਚੰਡੀਗੜ੍ਹ ਯੂਨੀਵਰਸਿਟੀ<br>4. ਨੈਸ਼ਨਲ ਮੈਡੀਸਨਲ ਪਲਾਂਟ ਬੋਰਡ, ਆਯੁਸ਼ ਮੰਤਰਾਲਾ, ਭਾਰਤ ਸਰਕਾਰ | ਚਿਕਿਤਸਕ ਅਤੇ ਖੁਸ਼ਬੂਦਾਰ ਪੌਦੇ | 18 |
| **23-05-2023** | 1. ਖੇਤੀ ਵਿਰਾਸਤ ਮਿਸ਼ਨ,<br>2. ਡਾ. ਖਾਦਰ ਵਾਲੀ<br>3. ਜੈਵਿਕ ਕਿਸਾਨ<br>4. ਕੁਦਰਤੀ ਕਿਸਾਨ<br>5. ਆਰਗੈਨਿਕ ਫਾਰਮਿੰਗ ਸਕੂਲ ਦੇ ਪੀ.ਏ.ਯੂ. ਮਾਹਿਰ | ਜੈਵਿਕ ਖੇਤੀ | 40 |
| **22-08-2023** | ਖੇਤੀਬਾੜੀ ਸੰਬੰਧੀ ਵਿਧਾਨ ਸਭਾ ਕਮੇਟੀ | ਖੇਤੀਬਾੜੀ ਨੀਤੀ | 25 |
| **23-08-2023** | ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਸਾਰੇ ਚੇਅਰਮੈਨ | ਖੇਤੀਬਾੜੀ ਨੀਤੀ | 32 |
| **06-09-2023** | ਜਲ ਸਰੋਤ ਵਿਭਾਗ ਅਤੇ ਪੀ.ਡਬਲਯੂ.ਆਰ.ਡੀ.ਸੀ. | ਧਰਤੀ ਹੇਠਲਾ ਪਾਣੀ ਅਤੇ ਨਹਿਰੀ ਸਿੰਚਾਈ | 20 |

ਵਿਚਾਰ-ਵਟਾਂਦਰੇ/ਮੀਟਿੰਗਾਂ ਦੌਰਾਨ ਵੱਖ-ਵੱਖ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ, ਖੋਜ ਸੰਸਥਾਵਾਂ ਅਤੇ ਕਮਿਸ਼ਨਾਂ ਦੇ ਕੁੱਲ 506 ਭਾਗੀਦਾਰਾਂ ਨੇ ਕਮੇਟੀ ਨਾਲ ਵੱਖ-ਵੱਖ ਨੀਤੀਗਤ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ।

## ਅਨੁਲੱਗ IV

### ੳ) ਵੱਖ-ਵੱਖ ਖੇਤੀਬਾੜੀ ਵਸਤਾਂ ਦੀ ਮਾਰਕੀਟ ਫੀਸ ਅਤੇ RDF (2023-24)

| ਲੜੀ ਨੰ. | ਵਸਤੂ ਦਾ ਨਾਮ | ਮਾਰਕੀਟ ਫੀਸ (MDF) ਲਗਾਈ ਜਾਂਦੀ ਹੈ | RDF |
|---|---|---|---|
| 1 | ਕਣਕ, ਜੌਂ, ਗ੍ਰੇਟ ਮਿਲਟ (ਜਵਾਰ), ਸਪਾਈਕਡ ਮਿਲਟ (ਬਾਜਰਾ), ਓਟਸ (ਜਵੀ), ਝੋਨਾ (ਧਾਨ), ਚਾਵਲ ਅਤੇ ਚੌਲਾਂ ਦਾ ਕੋਈ ਟੁੱਟਿਆ ਹੋਇਆ ਹਿੱਸਾ | 3% | 3% |
| 2 | ਬਾਸਮਤੀ | 1% | 1% |
| 3 | ਮੱਕੀ, ਮੇਜ਼ ਕੌਬ | 1% | 2% |
| 4 | ਲੱਕੜ ਅਤੇ ਬਾਲਣ ਦੀ ਲੱਕੜ | 1% | 1% |
| 5 | ਫਲ ਅਤੇ ਸਬਜ਼ੀਆਂ* (2020 ਵਿੱਚ) | 1% | 1% |
| 6 | ਆਲੂ** | 0.25% | 0.25% |
| 7 | ਕਪਾਹ | 0.50% | 0.50% |
| 8 | ਦਾਲ ਅਤੇ ਤੇਲ ਦੇ ਬੀਜ | 0% | 0% |
| 9 | ਬੱਕਰੀ ਦੇ ਵਾਲ, ਊਠ ਦੇ ਵਾਲ | 0% | 0% |
| 10 | ਗੁੜ, ਖੰਡ, ਖੰਡਸਰੀ, ਹਲਦੀ, ਮਹਿੰਦੀ, ਮੇਥੀ | 0% | 0% |
| 11 | ਫੁੱਲ | 0% | 0% |
| 12 | ਅੰਡਾ, ਸ਼ਹਿਦ, ਮੱਛੀ ਅਤੇ ਮੀਟ | 0% | 0% |

*ਪਹਿਲਾਂ ਇਹ 3% ਸੀ

**ਪਹਿਲਾਂ ਇਹ 2% ਸੀ

### ਅ) ਪੰਜਾਬ ਵਿੱਚ ਕਮਿਸ਼ਨ ਏਜੰਟਾਂ ਨੂੰ ਦਿੱਤੇ ਜਾਣ ਵਾਲੇ ਕਮਿਸ਼ਨ ਦੀਆਂ ਦਰਾਂ ਵਿੱਚ ਤਬਦੀਲੀਆਂ

| ਮਿਆਦ | | ਕਮਿਸ਼ਨ ਦੀਆਂ ਦਰਾਂ (%) | ਫ਼ਸਲਾਂ | ਅਧਾਰ |
|---|---|---|---|---|
| ਤੋਂ | ਤੱਕ | | | |
| 26-05-1961 | 10-04-1990 | 1.5 | ਅਨਾਜ: ਕਣਕ, ਜੌਂ, ਬਾਜਰਾ ਜਵਾਰ, ਝੋਨਾ, ਚਾਵਲ | ਆਮਦ ਅਨੁਸਾਰ |
| 11-04-1990 | 21-05-1998 | 2.0 | | |
| 22-05-1998 | 01-01-2024 | 2.5 | | |
| 08-01-2020 | 01-01-2024 | 5.0 | ਫਲ ਅਤੇ ਸਬਜ਼ੀਆਂ | ਆਮਦ ਅਨੁਸਾਰ |
| | | 1.5 | ਮਿਰਚਾਂ (ਸੁਕੀਆਂ ਅਤੇ ਹਰੀਆਂ) | |
| | | 3.0 | ਸੁੱਕਾ ਅਤੇ ਹਰਾ ਚਾਰਾ | |
| | | 4.0 | ਲੱਕੜ ਅਤੇ ਬਾਲਣ ਦੀ ਲੱਕੜ | |

ਸਰੋਤ: ਪੰਜਾਬ ਮੰਡੀ ਬੋਰਡ

### ਣ) ਪੰਜਾਬ ਵਿੱਚ ਕਣਕ, ਝੋਨੇ ਅਤੇ ਕਪਾਹ ’ਤੇ ਕਮਿਸ਼ਨ ਏਜੰਟਾਂ ਵੱਲੋਂ ਵਸੂਲਿਆ ਗਿਆ ਕਮਿਸ਼ਨ

(ਕਰੋੜ ਰੁਪਏ)

| ਸਾਲ | ਕਣਕ | | ਝੋਨਾ | | ਕਪਾਹ | |
|---|---|---|---|---|---|---|
| | ਮਾਰਕੀਟ ਫੀਸ | ਕਮਿਸ਼ਨ ਏਜੰਟ ਨੂੰ ਕਮਿਸ਼ਨ | ਮਾਰਕੀਟ ਫੀਸ | ਕਮਿਸ਼ਨ ਏਜੰਟ ਨੂੰ ਕਮਿਸ਼ਨ | ਮਾਰਕੀਟ ਫੀਸ | ਕਮਿਸ਼ਨ ਏਜੰਟ ਨੂੰ ਕਮਿਸ਼ਨ |
| 1985-86 | 20.69 | 15.56 | 20.83 | 15.66 | 5.64 | 4.24 |
| 1989-90 | 26.98 | 26.98 | 33.29 | 33.29 | 13.44 | 13.44 |
| 1995-96 | 53.77 | 53.77 | 55.75 | 55.75 | 24.13 | 24.13 |
| 1999-2000 | 87.35 | 109.19 | 115.01 | 143.76 | 11.79 | 14.74 |
| 2005-06 | 115.64 | 144.55 | 179.47 | 224.34 | 35.96 | 44.95 |
| 2009-10 | 237.65 | 297.06 | 344.79 | 430.99 | 41.40 | 51.75 |
| 2015-16 | 298.50 | 405.38 | 391.72 | 366.00 | 7.42 | 21.35 |
| 2019-20 | 715.22 | 633.85 | 904.38 | 741.60 | 19.36 | 59.10 |
| 2022-23 | 403.62 | 320 | 1145.54 | 937.5 | 3.57 | 11.99 |

ਸਰੋਤ: ਪੰਜਾਬ ਮੰਡੀ ਬੋਰਡ

## ਅਨੁਲੱਗ V

### ੳ) ਭਾਰਤ ਵਿੱਚ ਪ੍ਰਸਤਾਵਿਤ MSP ਦਾ ਅਨੁਮਾਨ, 2020-21 (ਰੁਪਏ ਪ੍ਰਤੀ ਕੁਇੰਟਲ)

| ਫ਼ਸਲਾਂ | ਮੌਜੂਦਾ MSP | ਮੌਜੂਦਾ $C_2$ | ਸਵਾਮੀਨਾਥਨ ਦੀ ਰਿਪੋਰਟ ਅਨੁਸਾਰ ਘੱਟੋ-ਘੱਟ ਸਮਰਥਨ ਮੁੱਲ (ਭਾਰਤ ਸਰਕਾਰ 2006) | ਰਮੇਸ਼ ਚੰਦ ਕਮੇਟੀ ਦੀ ਰਿਪੋਰਟ ਅਨੁਸਾਰ* (ਭਾਰਤ ਸਰਕਾਰ 2015) | | | % ਪ੍ਰਸਤਾਵਿਤ MSP ਵਿਚਕਾਰ ਅੰਤਰ (6) ਅਤੇ ਮੌਜੂਦਾ MSP (1) |
|---|---|---|---|---|---|---|---|
| | | | | $C_2$ | (4+10%) | (4+50%) | |
| | (1) | (2) | (3) | (4) | (5) | (6) | (7) |
| ਕਣਕ | 1,925 | 1,425 | 2,138 | 1,858 | 2,044 | 2,787 | 44.77 |
| ਝੋਨਾ | 1,868 | 1,667 | 2,501 | 2,077 | 2,285 | 3,116 | 66.80 |

ਸਰੋਤ: Singh, Sukhpal and Bhogal S (2021). MSP in a changing agricultural policy environment. Economic and Political Weekly 3: 12-15.

*ਲੇਖਕਾਂ ਦੁਆਰਾ ਪੰਜਾਬ ਦੇ ਕਿਸਾਨਾਂ ਦੇ ਫੀਲਡ ਸਰਵੇਖਣ, 2019-20 ਅਨੁਸਾਰ ਲਾਗਤ ਦਾ ਅਨੁਮਾਨ।

### ਅ) ਪੰਜਾਬ ਵਿੱਚ ਹਾੜ੍ਹੀ ਦੀਆਂ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ (ਰੁਪਏ ਪ੍ਰਤੀ ਕੁਇੰਟਲ)

| ਸਾਲ/ ਫ਼ਸਲਾਂ | 1965-66 | 1970-71 | 1980-81 | 1990-91 | 2000-01 | 2010-11 | 2020-21 | 2023-24 |
|---|---|---|---|---|---|---|---|---|
| ਕਣਕ | 54-58.50 | 76 | 130 | 225 | 610 | 1170 | 1975 | 2125 |
| ਜੌਂ | - | - | - | - | - | 780 | 1600 | 1735 |
| ਛੋਲੇ | - | - | 145 | 450 | 1100 | 2100 | 5100 | 5335 |
| ਮਸੂਰ | - | - | - | - | - | 2250 | 5100 | 6000 |
| ਸਰ੍ਹੋਂ | - | - | - | 570 | 1200 | 1850 | 4650 | 5450 |
| ਸੂਰਜਮੁਖੀ | - | - | - | 600 | 1170 | 2350 | 5885 | 6760 |

### ੲ) ਪੰਜਾਬ ਵਿੱਚ ਸਾਉਣੀ ਦੀਆਂ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ (ਰੁਪਏ ਪ੍ਰਤੀ ਕੁਇੰਟਲ)

| ਸਾਲ/ਫ਼ਸਲਾਂ | 1965-66 | 1970-71 | 1980-81 | 1990-91 | 2000-01 | 2010-11 | 2020-21 | 2023-24 |
|---|---|---|---|---|---|---|---|---|
| ਝੋਨਾ ਆਮ | 40.50 | 53.30 | 105 | 205 | 510 | 1000 | 1886 | 2183 |
| ਝੋਨੇ ਗਰੇਡ ਏ | - | - | - | 215/225 | 540 | 1030 | 1888 | 2203 |
| ਮੱਕੀ | 40.25-50 | 55 | 105 | 180 | 445 | 880 | 1850 | 2090 |
| ਮੂੰਗ | - | - | 200 | 480 | 1200 | 3170 | 7196 | 8558 |
| ਕਪਾਹ ਮੱਧਮ ਸਟੈਪਲ | 40.50 | - | 304 | 620 | 1625 | 2500 | 5515 | 6620 |
| ਕਪਾਹ ਲੰਬੇ ਸਟੈਪਲ | - | - | - | 750 | 1825 | 3000 | 5825 | 7020 |
| ਮੂੰਗਫਲੀ | - | - | 206 | 580 | 1220 | 2300 | 5275 | 6377 |

ਸਰੋਤ: ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ, ਭਾਰਤ ਸਰਕਾਰ

## ਅਨੁਲਗ VI

### ੳ) ਪੰਜਾਬ ਵਿੱਚ ਹਾੜ੍ਹੀ ਦੀਆਂ ਵੱਖ-ਵੱਖ ਫ਼ਸਲਾਂ ਦਾ ਖੇਤਰਫਲ, ਪੈਦਾਵਾਰ ਅਤੇ ਉਤਪਾਦਨ

| ਸਾਲ/ਫ਼ਸਲਾਂ | | ਕਣਕ | ਜੌਂ | ਆਲੂ | ਛੋਲੇ | ਸਰ੍ਹੋਂ | ਮਸਰ | ਗੰਨਾ | ਅਲਸੀ | ਸੂਰਜਮੁਖੀ |
|---|---|---|---|---|---|---|---|---|---|---|
| 1950-1951 | A | 1137 | 100 | 3 | 851 | 89 | 21 | 91 | 4 | - |
| | Y | 901 | 650 | 7333 | 600 | 494 | 558 | 25419 | 350 | - |
| | P | 1024 | 65 | 22 | 511 | 44 | 12 | 2313 | 1.4 | - |
| 1960-1961 | A | 1400 | 66 | 9 | 838 | 106 | 30 | 133 | 4 | - |
| | Y | 1244 | 798 | 14805 | 813 | 509 | 574 | 32889 | 586 | - |
| | P | 1742 | 52 | 133 | 681 | 54 | 17 | 4374 | 1.8 | - |
| 1970-1971 | A | 2299 | 57 | 17 | 358 | 103 | 13.3 | 128 | - | - |
| | Y | 2237 | 1022 | 12752 | 797 | 555 | 399 | 37030 | - | - |
| | P | 5145 | 57 | 217 | 284 | 57 | 5.3 | 4740 | - | - |
| 1980-1981 | A | 2812 | 65 | 40 | 258 | 146 | 19.8 | 71 | 2 | - |
| | Y | 2730 | 1640 | 19287 | 582 | 528 | 445 | 49739 | 421 | - |
| | P | 7677 | 107 | 771 | 150 | 77 | 8.8 | 3531 | 0.8 | - |
| 1990-1991 | A | 3273 | 36 | 23 | 60.3 | 69 | 9.3 | 101 | - | 14 |
| | Y | 3715 | 2759 | 19863 | 743 | 1014 | 686 | 55368 | - | 1610 |
| | P | 12159 | 99 | 457 | 44.8 | 70 | 6.4 | 5592 | - | 22 |
| 2000-2001 | A | 3408 | 32 | 60 | 7.7 | 53 | 4.7 | 121 | 0.6 | 9.7 |
| | Y | 4563 | 3393 | 19563 | 953 | 1213 | 660 | 58092 | 1000 | 1154 |
| | P | 15551 | 109 | 1174 | 7.3 | 64 | 3.1 | 7029 | 0.6 | 11.2 |
| 2010-2011 | A | 3510 | 12 | 64.4 | 2.8 | 31 | 1.2 | 70 | - | 14.6 |
| | Y | 4693 | 3652 | 24988 | 1291 | 1313 | 667 | 70065 | - | 1620 |
| | P | 16472 | 44 | 2088 | 3.6 | 41 | 0.8 | 4905 | - | 14.7 |
| 2020-2021 | A | 3530 | 5.7 | 107 | 1.8 | 32.1 | 0.6 | 89.4 | - | 2.5 |
| | Y | 4868 | 3767 | 27500 | 1321 | 1591 | 598 | 83835 | - | 1794 |
| | P | 17185 | 21.5 | 2949 | 2.4 | 51.0 | 0.4 | 7495 | - | 4.5 |
| 2022-2023 | A | 3517.5 | 5.5 | 114.9 | 1.7 | 45 | 0.5 | 90.3 | - | 1.5 |
| | Y | 4710 | 3840 | 27645 | 1060 | 1623 | 910 | 83123 | - | 1987 |
| | P | 16567.4 | 21.1 | 31760 | 1.8 | 73 | 0.5 | 7506 | - | 3.0 |

(A) ਰਕਬਾ (000 ਹੈਕਟੇਅਰ), (Y) ਝਾੜ (ਕਿਲੋ/ਹੈਕਟੇਅਰ) ਅਤੇ (P) ਉਤਪਾਦਨ (000 ਟਨ)

ਤੰਬਾਕੂ: 1970-71 A-123, Y-2616, P-200. 1980-81 A-70, Y-1671, P-117

ਸਰੋਤ: ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ

## ਅ) ਪੰਜਾਬ ਵਿੱਚ ਸਾਉਣੀ ਦੀਆਂ ਵੱਖ-ਵੱਖ ਫ਼ਸਲਾਂ ਦਾ ਖੇਤਰਫਲ, ਪੈਦਾਵਾਰ ਅਤੇ ਉਤਪਾਦਨ

| ਫ਼ਸਲ/ਸਾਲ | | ਝੋਨਾ | ਮੱਕੀ | ਬਾਜਰਾ | ਕਪਾਹ | ਮੂੰਗ | ਮੂੰਗਫਲੀ | ਮੈਸ਼ | ਤਿਲ | ਬਾਸਮਤੀ | ਅਰਹਰ | ਜਵਾਰ |
|---|---|---|---|---|---|---|---|---|---|---|---|---|
| 1950-1951 | A | 120 | 252 | 217 | 225 | 17 | 38 | 51 | 24 | - | - | 8 |
| | Y | 1331 | 565 | 382 | 203 | 352 | 658 | 332 | 233 | - | - | 250 |
| | P | 160 | 142 | 83 | 269 | 6 | 25 | 17 | 6 | - | - | 2 |
| 1960-1961 | A | 227 | 327 | 123 | 446 | 6 | 67 | 19 | 8 | - | - | - |
| | Y | 1553 | 1135 | 471 | 269 | 310 | 925 | 363 | 346 | - | - | - |
| | P | 354 | 371 | 58 | 705 | 2 | 62 | 7 | 3 | - | - | - |
| 1970-1971 | A | 390 | 555 | 207 | 397 | 6.9 | 174 | 25.9 | 14.6 | - | - | 5 |
| | Y | 2774 | 1555 | 1176 | 371 | 565 | 970 | 456 | 390 | - | - | 550 |
| | P | 1082 | 861 | 243 | 866 | 3.9 | 169 | 11.8 | 5.7 | - | - | 2.8 |
| 1980-1981 | A | 1183 | 382 | 69 | 648 | 15.1 | 83 | 21.5 | 16.9 | - | 21.3 | 1 |
| | Y | 4099 | 1602 | 1244 | 309 | 735 | 1249 | 400 | 314 | - | 1056 | 739 |
| | P | 4850 | 612 | 86 | 1178 | 11.1 | 104 | 8.6 | 5.1 | - | 22.5 | 0.7 |
| 1990-1991 | A | 2015 | 188 | 12 | 701 | 50.3 | 11 | 8.4 | 18.2 | - | 14.5 | - |
| | Y | 4833 | 1784 | 1090 | 463 | 748 | 818 | 437 | 372 | - | 876 | - |
| | P | 9759 | 335 | 13 | 1909 | 37.6 | 9 | 3.7 | 6.8 | - | 12.7 | - |
| 2000-2001 | A | 2612 | 165 | 6 | 474 | 29.5 | 4 | 3.5 | 19.2 | 104 | 8.7 | - |
| | Y | 5259 | 2793 | 842 | 430 | 624 | 879 | 486 | 497 | 2328 | 874 | - |
| | P | 13736 | 461 | 5 | 1199 | 18.4 | 4 | 1.7 | 9.5 | 242 | 7.6 | - |
| 2010-2011 | A | 2830 | 134 | 3 | 484 | 8.5 | 2.2 | 2.9 | 6.7 | 448 | 4.4 | - |
| | Y | 5713 | 3707 | 900 | 641 | 808 | 1825 | 578 | 385 | 3660 | 932 | - |
| | P | 16168 | 497 | 3 | 1825 | 6.9 | 4 | 1.7 | 2.6 | 1640 | 4.1 | - |
| 2020-2021 | A | 3149 | 108.1 | 0.4 | 251.7 | 2.6 | 1.5 | 2 | 2.5 | 406 | 1.8 | - |
| | Y | 6631 | 3667 | 640 | 691 | 960 | 1980 | 614 | 384 | 4381 | 1167 | - |
| | P | 20882 | 396.4 | 0.3 | 1023 | 2.5 | 3 | 1.2 | 1.0 | 1780 | 2.1 | - |
| 2022-2023 | A | 3168 | 93.3 | 0.6 | 248.9 | 3.8 | 1.7 | 1.3 | 2.1 | 494.5 | 1.2 | - |
| | Y | 6479 | 4393 | 690 | 303 | 780 | 1717 | 418 | 345 | 4678 | 1107 | - |
| | P | 20524 | 409.9 | 0.4 | 444 | 3 | 2.9 | 0.5 | 0.7 | 2313 | 1.3 | - |

(A) ਖੇਤਰ (000 ਹੈਕਟੇਅਰ), (Y) ਝਾੜ (ਕਿਲੋ/ਹੈਕਟੇਅਰ) ਅਤੇ (P) ਉਤਪਾਦਨ (000 ਟਨ), ਕਪਾਹ ਉਤਪਾਦਨ (000 ਗੰਢਾਂ)

ਗਰਮੀਆਂ ਦੀ ਮੂੰਗ (2022-23) A-21 Y-1080 P-22.7

ਸਰੋਤ: ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ

## ਅਨੁਲੱਗ VII

### ਪੰਜਾਬ ਵਿੱਚ ਖੰਡ ਮਿੱਲਾਂ ਦੀ ਮੌਜੂਦਾ ਸਥਿਤੀ ਅਤੇ ਪ੍ਰਸਤਾਵਿਤ ਪਿੜਾਈ ਸਮਰੱਥਾ

| ਲੜੀ ਨੰ. | ਖੰਡ ਮਿੱਲਾਂ ਦੀ ਕਿਸਮ | ਖੰਡ ਮਿੱਲਾਂ ਦੀ ਗਿਣਤੀ | ਮੌਜੂਦਾ ਸਮਰੱਥਾ (TCD) | ਸਮਰੱਥਾ ਤੱਕ ਵਧਾਇਆ ਜਾਵੇਗਾ (TCD) | ਟਿੱਪਣੀਆਂ |
|---|---|---|---|---|---|
| 1 | ਸਹਿਕਾਰੀ ਖੰਡ ਮਿੱਲਾਂ ਕਾਰਜਸ਼ੀਲ | 9 | 23300 | 51500 | ਹੋਰ ਮਜਬੂਤ ਕਰਨ ਦੀ ਲੋੜ ਹੈ |
| 2 | ਸਹਿਕਾਰੀ ਖੰਡ ਮਿੱਲਾਂ (ਜ਼ੀਰਾ, ਰੱਖੜਾ, ਸ਼ੇਰੋਂ) ਗੈਰ-ਕਾਰਜਸ਼ੀਲ | 3 | 4500 | 15000 | ਮੁੜ ਸੁਰਜੀਤ ਕਰਨ ਦੀ ਲੋੜ ਹੈ |
| 3 | ਪ੍ਰਸਤਾਵਿਤ ਸੰਗਰੂਰ ਜ਼ਿਲ੍ਹੇ ਵਿੱਚ ਨਵਾਂ ਸਹਿਕਾਰੀ ਖੰਡ ਕੰਪਲੈਕਸ | 1 | 0 | 7000 | 2024-25 ਵਿੱਚ ਕਾਰਜਸ਼ੀਲ ਹੋਣ ਦਾ ਪ੍ਰਸਤਾਵ ਹੈ |
| 4 | ਪ੍ਰਸਤਾਵਿਤ ਨਵਾਂ ਸਹਿਕਾਰੀ ਖੰਡ ਕੰਪਲੈਕਸ (5 ਸਾਲਾ ਯੋਜਨਾ) | 4-5, ਉਨ੍ਹਾਂ ਦੇ ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ | 0 | 31000 | ਪ੍ਰਸਤਾਵਿਤ ਯੋਜਨਾ 2025 ਤੋਂ 2030 ਤੱਕ ਚਾਲੂ ਹੋਵੇਗੀ |
| 5 | ਨਿੱਜੀ ਖੰਡ ਮਿੱਲਾਂ ਕਾਰਜਸ਼ੀਲ | 7 | 35500 | 35500 | - |
| | ਕੁੱਲ | 20 | 58800 | 140000 | - |

ਸਰੋਤ: ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ

ਇਸ ਸਮੇਂ ਸਹਿਕਾਰੀ ਖੰਡ ਮਿੱਲਾਂ ਲਗਭਗ 100 ਦਿਨ ਸਾਲਾਨਾ ਚੱਲ ਰਹੀਆਂ ਹਨ, ਜਿਨ੍ਹਾਂ ਨੂੰ ਆਰਥਿਕ ਵਿਵਹਾਰਕਤਾ ਲਈ ਘੱਟੋ ਘੱਟ 180 ਦਿਨ ਸਾਲਾਨਾ ਚਲਾਇਆ ਜਾਣਾ ਚਾਹੀਦਾ ਹੈ।

## ਅਨੁਲੱਗ VIII

## ਪੰਜਾਬ ਵਿੱਚ ਗੰਨੇ ਦੀ ਕਾਸ਼ਤ ਦੇ ਮੁਕੰਮਲ ਮਸ਼ੀਨੀਕਰਨ ਲਈ ਪ੍ਰਸਤਾਵਿਤ ਬਜਟ

## (ਸੀਜ਼ਨ 2022-23)

| ਲੜੀ ਨੰ. | ਉਪਕਰਣ/ਮਸ਼ੀਨ ਦਾ ਨਾਮ | ਲੋੜੀਂਦੀ ਮਾਤਰਾ | ਪ੍ਰਤੀ ਯੂਨਿਟ ਅਨੁਮਾਨਿਤ ਲਾਗਤ (ਰੁਪਏ) | ਕੁੱਲ ਮੁੱਲ (ਰੁਪਏ ਲੱਖਾਂ ਵਿੱਚ) |
|---|---|---|---|---|
| 1 | ਸਬਸੋਇਲਰ | 150 | 20000 | 30 |
| 2 | ਟ੍ਰੈਂਚਰ (ਡਬਲ ਕਤਾਰ) | 750 | 40000 | 300 |
| 3 | ਟ੍ਰੈਂਚਰ (ਸਿੰਗਲ ਕਤਾਰ) | 500 | 35000 | 175 |
| 4 | ਸੈਮੀ-ਆਟੋਮੈਟਿਕ ਗੰਨਾ ਪਲਾਂਟਰ | 200 | 300000 | 600 |
| 5 | ਪੌਦੇ ਲਗਾਉਣ ਵਾਲਾ ਪਲਾਂਟਰ | 200 | 400000 | 800 |
| 6 | ਬੱਡ ਕਟਰ (ਮਕੈਨੀਕਲ) | 200 | 30000 | 60 |
| 7 | ਬੱਡ ਕਟਰ (ਮੈਨੂਅਲ) | 400 | 2000 | 8 |
| 8 | ਰੇਟੂਨ ਮੈਨੇਜਰ/ ਸਟੱਬਲ ਸ਼ੇਵਰ | 200 | 75000 | 150 |
| 9 | ਪਾਵਰ ਵੀਡਰ (ਮੈਨੂਅਲ ਸੰਚਾਲਿਤ ਇੰਜਣ) | 200 | 150000 | 300 |
| 10 | ਮਿੰਨੀ ਟਰੈਕਟਰ (25-30 HP) ਅਤੇ ਰੋਟਾਵੇਟਰ | 200 | 500000 | 1000 |
| 11 | ਹੋਲਿੰਗ ਰੋਟਾਵੇਟਰ (ਗੰਨੇ ਲਈ ਵਿਸ਼ੇਸ਼) | 200 | 150000 | 300 |
| 12 | ਡਿਸਕ ਹਲ | 100 | 20000 | 20 |
| 13 | ਅਰਥਿੰਗ ਅੱਪ ਡਿਸਕ ਹਲ | 200 | 20000 | 40 |
| 14 | ਟਰੈਕਟਰ-ਮਾਊਂਟਿਡ ਪਾਵਰ ਸਪਰੇਅਰ | 400 | 100000 | 400 |
| 15 | ਸਵੈ-ਚਾਲਿਤ ਪ੍ਰੋਟੀਕਟਰ ਸਪਰੇਅਰ | 25 | 2000000 | 500 |
| 16 | ਅੰਤਰ- ਫ਼ਸਲੀ ਬਿਜਾਈ ਡਰਿੱਲ (ਮਕੈਨੀਕਲ) | 200 | 40000 | 80 |
| 17 | ਅੰਤਰ- ਫ਼ਸਲੀ ਬਿਜਾਈ ਡਰਿੱਲ (ਮੈਨੂਅਲ) | 200 | 12000 | 24 |
| 18 | ਪਲਾਸਟਿਕ ਪ੍ਰੋ-ਟ੍ਰੇ | 200000 | 20 | 40 |
| 19 | ਕੋਕੋਪੀਟ (ਨਰਸਰੀ ਪਾਲਣ ਲਈ 25000 ਕਿਲੋਗ੍ਰਾਮ) | | 40 | 10 |
| 20 | 2 ਐਨਫੀਲਡਰ ਨਾਲ ਗੰਨੇ ਦੀ ਵਾਢੀ | 40 | 12500000 | 6000 |
| | ਕੁੱਲ | | | 10837 |

ਸਰੋਤ: ਲਾਈਨ ਵਿਭਾਗਾਂ ਦੇ ਸੰਬੰਧਿਤ ਡੋਮੇਨ ਮਾਹਰਾਂ ਨਾਲ ਵਿਚਾਰ ਵਟਾਂਦਰੇ ਤੋਂ ਇਕੱਤਰ ਕੀਤੇ ਅੰਕੜੇ

ਪੰਜਾਬ ਵਿੱਚ ਗੰਨੇ ਦੀ ਕਾਸ਼ਤ ਦੇ ਮੁਕੰਮਲ ਮਸ਼ੀਨੀਕਰਨ ਲਈ ਪ੍ਰਸਤਾਵਿਤ ਬਜਟ ਸੀਜ਼ਨ 2022-23 ਲਈ 108.37 ਕਰੋੜ ਰੁਪਏ ਹੈ ਇਨ੍ਹਾਂ ਮਸ਼ੀਨਰੀ ਉਪਕਰਣਾਂ 'ਤੇ 25% ਤੋਂ 60% ਸਬਸਿਡੀ ਦਾ ਪ੍ਰਬੰਧ ਪਹਿਲਾਂ ਹੀ ਉਪਲਬਧ ਹੈ, ਜਿਸ ਦਾ ਲਾਭ ਲਿਆ ਜਾ ਸਕਦਾ ਹੈ।

## ਅਨੁਲੱਗ IX

### ੳ) ਪੰਜਾਬ ਵਿੱਚ ਫਲਾਂ ਦੀਆਂ ਫ਼ਸਲਾਂ ਦਾ ਖੇਤਰਫਲ, ਪੈਦਾਵਾਰ ਅਤੇ ਉਤਪਾਦਨ

| ਸਾਲ/ ਫ਼ਸਲਾਂ | 2013-14 | | | 2015-16 | | | 2017-18 | | | 2019-20 | | | 2022-23 | | |
|---|---|---|---|---|---|---|---|---|---|---|---|---|---|---|---|
| | A | Y | P | A | Y | P | A | Y | P | A | Y | P | A | Y | P |
| ਕਿੰਨੂ | 47.1 | 21607 | 1017.7 | 49.4 | 3103 | 1140.3 | 51.6 | 23396 | 1208.4 | 54.2 | 24500 | 1329 | 47.8 | 26832 | 12842 |
| ਅਮਰੂਦ | 8.2 | 22032 | 180.8 | 8.1 | 22454 | 182.3 | 8.7 | 22503 | 195.6 | 9.6 | 22575 | 217.7 | 12.8 | 22936 | 2928 |
| ਅੰਬ | 6.7 | 15952 | 107.6 | 6.7 | 16830 | 113.5 | 6.9 | 16895 | 116.5 | 7.0 | 16940 | 118.8 | 9.0 | 18283 | 1645 |
| ਨਾਸ਼ਪਤੀ | 2.9 | 22652 | 65.6 | 2.9 | 22940 | 66.0 | 3.2 | 22995 | 72.8 | 3.5 | 23390 | 81.9 | 4.7 | 23494 | 1102 |
| ਮਿੱਠਾ ਸੰਤਰਾ | 2.7 | 8033 | 21.5 | 2.7 | 8238 | 22.4 | 3.0 | 8353 | 25.1 | 3.1 | 8633 | 26.9 | 4.0 | 8800 | 353 |
| ਲੀਚੀ | 1.8 | 15153 | 28.0 | 2.2 | 16209 | 34.9 | 2.7 | 16232 | 44.0 | 3.1 | 16385 | 50.1 | 3.7 | 16540 | 624 |
| ਨਿੰਬੂ | 0.7 | 7652 | 5.0 | 0.8 | 7701 | 5.8 | 1.0 | 7738 | 7.6 | 1.2 | 7754 | 9.7 | 3.1 | 8055 | 250 |
| ਆੜੂ | 1.7 | 17679 | 30.2 | 1.8 | 17763 | 31.3 | 1.9 | 17844 | 33.9 | 3.5 | 23390 | 81.9 | 2.7 | 17919 | 491 |
| ਬੇਰ | 1.8 | 16634 | 30.1 | 1.7 | 16740 | 28.0 | 1.5 | 16779 | 25.4 | 1.6 | 16882 | 27.6 | 1.6 | 17594 | 281 |
| ਆਂਵਲਾ | 0.4 | 13678 | 5.6 | 0.5 | 13745 | 6.6 | 0.6 | 13746 | 7.7 | 0.6 | 14707 | 8.9 | 1.0 | 15546 | 147 |
| ਅਲੂ ਬੁਖਾਰਾ | 0.2 | 17697 | 3.9 | 0.2 | 17816 | 4.2 | 0.3 | 17695 | 5.1 | 0.3 | 17480 | 5.9 | 0.6 | 17732 | 97 |
| ਅੰਗੂਰ | 0.4 | 28612 | 11.8 | 0.3 | 28589 | 8.5 | 0.3 | 28672 | 8.2 | 0.3 | 30182 | 8.5 | 0.2 | 309 | 69 |
| ਕੇਲਾ | 0.1 | 57158 | 9.3 | 0.1 | 57375 | 6.4 | 0.1 | 57956 | 5.2 | 0.1 | 56790 | 5.6 | 0.1 | 61018 | 11759 |
| ਹੋਰ | 1.7 | 13716 | 24.1 | 1.7 | 15036 | 26.9 | 1.9 | 15092 | 29.0 | 3.7 | 12506 | 46.4 | 8.3 | 14931 | 1236 |
| ਕੁੱਲ | 76.6 | 20122 | 1541 | 79.1 | 21208 | 1677 | 83.6 | 21331 | 1784 | 90.4 | 21802 | 1972 | 99.7 | 22241 | 2218 |

ਸਰੋਤ: ਬਾਗਬਾਨੀ ਵਿਭਾਗ, ਪੰਜਾਬ
(A) ਰਕਬਾ (000 ਹੈਕਟੇਅਰ), (Y) ਝਾੜ (ਕਿਲੋ/ਹੈਕਟੇਅਰ) ਅਤੇ (P) ਉਤਪਾਦਨ (000 ਟਨ)

## ਅ) ਪੰਜਾਬ ਵਿੱਚ ਸਬਜ਼ੀਆਂ ਦੀਆਂ ਫ਼ਸਲਾਂ ਦਾ ਖੇਤਰਫਲ, ਪੈਦਾਵਾਰ ਅਤੇ ਉਤਪਾਦਨ

| ਸਾਲ/ ਫ਼ਸਲਾਂ | 2013-14 | | | 2015-16 | | | 2017-18 | | | 2019-20 | | | 2022-23 | | |
|---|---|---|---|---|---|---|---|---|---|---|---|---|---|---|---|
| | A | Y | P | A | Y | P | A | Y | P | A | Y | P | A | Y | P |
| ਆਲੂ | 87.2 | 25092 | 2189.2 | 92.4 | 25825 | 2385.3 | 98.5 | 26096 | 2571 | 106.1 | 27058 | 2870 | 114.9 | 27645 | 3175.9 |
| ਮਟਰ | 20.5 | 10263 | 210.9 | 31.3 | 10324 | 323.2 | 37.6 | 10472 | 394 | 43.9 | 10642 | 466.8 | 45.5 | 10645 | 483.5 |
| ਜੜ੍ਹ ਵਾਲੀਆਂ ਫ਼ਸਲਾਂ | 20.5 | 20530 | 421.8 | 22.4 | 22676 | 507.4 | 26.9 | 22801 | 613.8 | 27.6 | 23850 | 657.6 | 35.6 | 24772 | 882.9 |
| ਫੁੱਲ ਗੋਭੀ | 12.2 | 17932 | 219.2 | 14.9 | 18414 | 273.5 | 18.2 | 18558 | 338.5 | 22.9 | 18255 | 418.7 | 26.1 | 19621 | 512.3 |
| ਵੇਲ ਦੀਆਂ ਫ਼ਸਲਾਂ | 14.1 | 15066 | 212.5 | 14.4 | 15851 | 228.2 | 16.2 | 15928 | 258.6 | 17.7 | 16102 | 285.0 | 23.5 | 20140 | 474.2 |
| ਟਮਾਟਰ | 7.4 | 24515 | 181.1 | 7.7 | 24851 | 191.2 | 9.0 | 24897 | 224.3 | 10.3 | 25002 | 256.9 | 10.7 | 25944 | 277.6 |
| ਪਿਆਜ਼ | 8.3 | 22272 | 185.4 | 8.5 | 22883 | 193.7 | 9.4 | 22912 | 214.5 | 10.3 | 22880 | 236.5 | 10.7 | 23360 | 249.4 |
| ਮਿਰਚ | 13.7 | 1726 | 23.6 | 15.0 | 1877 | 28.2 | 16.4 | 1892 | 31.1 | 17.6 | 1931 | 33.9 | 10.6 | 2018 | 21.4 |
| ਲਸਣ | 11.8 | 11145 | 131.2 | 12.9 | 11422 | 147.5 | 14.5 | 13043 | 189 | 15.5 | 11956 | 185.3 | 9.1 | 10941 | 100.0 |
| ਗੋਭੀ | 5.0 | 17614 | 87.2 | 5.6 | 18651 | 104.4 | 6.2 | 18465 | 115.2 | 6.9 | 18691 | 128.7 | 8.3 | 16305 | 135.3 |
| ਮਸਕ ਤਰਬੂਜ਼ | 5.0 | 17395 | 86.1 | 5.1 | 17814 | 91.3 | 5.6 | 17826 | 99.1 | 6.3 | 18111 | 114.8 | 7.3 | 19500 | 141.5 |
| ਬੈਂਗਣ | 3.9 | 21253 | 82.0 | 4.0 | 21667 | 86.6 | 4.8 | 21712 | 103.6 | 5.4 | 22096 | 119.7 | 6.3 | 25583 | 160.6 |
| ਭਿੰਡੀ | 3.2 | 10408 | 33.4 | 4.1 | 10424 | 42.6 | 4.6 | 10437 | 47.6 | 5.3 | 10449 | 55.4 | 6.3 | 10412 | 65.4 |
| ਤਰਬੂਜ਼ | 1.1 | 17533 | 18.41 | 1.2 | 17851 | 22.3 | 1.4 | 17834 | 25.1 | 1.9 | 17967 | 34.5 | 2.8 | 18180 | 51.9 |
| ਹੋਰ | 2.6 | 2511 | 6.6 | 4.3 | 2778 | 12.1 | 4.6 | 2911 | 13.5 | 8.2 | 2993 | 24.6 | 2.1 | 3542 | 74.8 |
| ਕੁੱਲ | 203.7 | 19687 | 4011 | 229 | 19798 | 4549 | 258.5 | 19804 | 5120 | 289.3 | 19969 | 5778 | 338.8 | 20089 | 6807 |

ਸਰੋਤ: ਬਾਗਬਾਨੀ ਵਿਭਾਗ, ਪੰਜਾਬ
(A) ਖੇਤਰਫਲ (000 ਹੈਕਟੇਅਰ), (Y) ਝਾੜ (ਕਿਲੋ/ਹੈਕਟੇਅਰ) ਅਤੇ (P) ਉਤਪਾਦਨ (000 ਟਨ)

## ਅਨੁਲੱਗ X

### ੳ) ਸਮੇਂ ਦੇ ਨਾਲ ਪੰਜਾਬ ਵਿੱਚ ਚਾਰੇ ਦੀਆਂ ਫਸਲਾਂ ਦਾ ਉਤਪਾਦਨ

| ਸਾਲ | ਰੱਬੀ | | ਸਾਉਣੀ | | ਕੁੱਲ | | ਖੇਤਰਫਲ (000 ਹੈਕ) |
|---|---|---|---|---|---|---|---|
| | ਉਤਪਾਦਨ (ਮਿਲੀਅਨ ਟਨ) | ਝਾੜ (ਕੁਇੰਟਲ/ ਹੈਕ) | ਉਤਪਾਦਨ (ਮਿਲੀਅਨ ਟਨ) | ਝਾੜ (ਕੁਇੰਟਲ/ ਹੈਕ) | ਉਤਪਾਦਨ (ਮਿਲੀਅਨ ਟਨ) | ਝਾੜ (ਕੁਇੰਟਲ/ ਹੈਕ) | |
| 2000-01 | 26.53 | 834.43 | 18.40 | 403.51 | 44.93 | 580.56 | 774 |
| 2007-08 | 25.03 | 774.69 | 17.16 | 532.58 | 42.19 | 653.81 | 645 |
| 2010-11 | 25.35 | 754.56 | 25.24 | 495.23 | 50.59 | 598.27 | 846 |
| 2014-15 | 26.61 | 756.77 | 26.55 | 503.77 | 53.16 | 605.02 | 879 |
| 2015-16 | 26.39 | 741.72 | 26.74 | 504.94 | 53.13 | 600.11 | 885 |
| 2016-17 | 28.60 | 796.16 | 28.88 | 539.02 | 57.48 | 642.22 | 895 |
| 2017-18 | 28.69 | 796.79 | 27.19 | 506.47 | 55.88 | 623.02 | 897 |
| 2021-22 | 28.66 | 796.15 | 27.39 | 507.40 | 56.08 | 623.20 | 900 |

### ਅ) ਪੰਜਾਬ ਵਿੱਚ ਪਸ਼ੂਧਨ ਉਤਪਾਦਾਂ ਦਾ ਉਤਪਾਦਨ

| ਸਾਲ | ਦੁੱਧ ਉਤਪਾਦਨ (ਮਿਲੀਅਨ ਟਨ) | ਮੀਟ ਉਤਪਾਦਨ (000 ਟਨ) | ਅੰਡੇ ਦਾ ਉਤਪਾਦਨ (ਮਿਲੀਅਨ ਨੰਬਰ) | ਮੱਛੀ ਉਤਪਾਦਨ (000 ਟਨ) |
|---|---|---|---|---|
| 1970-71 | 2.0 | - | - | - |
| 1980-81 | 3.5 | - | - | 3.00 |
| 1990-91 | 5.14 | 6.12 | 1928 | 11.00 |
| 2000-01 | 7.77 | 5.70 | 2964 | 52.00 |
| 2010-11 | 9.42 | 175.27 | 3544 | 97.04 |
| 2020-21 | 13.39 | 223.74 | 5661 | 150.4 |
| 2022-23 | 14.30 | 252.24 | 6260 | 190 |

### ੲ) ਸਮੇਂ ਦੇ ਨਾਲ ਪੰਜਾਬ ਵਿੱਚ ਪਸ਼ੂਆਂ ਦੀ ਆਬਾਦੀ (ਮਿਲੀਅਨ)

| ਕਿਸਮ | ਕੁੱਲ ਪਸ਼ੂ ਧਨ | ਕੁੱਲ ਪਸ਼ੂ | ਗਾਂ | ਮੱਝ | ਬੱਕਰੀ | ਭੇਡ | ਸੂਰ | ਪੋਲਟਰੀ * |
|---|---|---|---|---|---|---|---|---|
| 1966 | 7.60 | 6.15 | 3.16 | 2.98 | - | - | - | - |
| 1972 | 8.65 | 7.19 | 3.39 | 3.80 | 0.80 | 0.38 | 0.05 | 3.02 |
| 1977 | 9.00 | 7.42 | 3.31 | 4.11 | 0.72 | 0.49 | 0.13 | 5.54 |
| 1990 | 9.68 | 8.41 | 2.83 | 5.58 | 0.54 | 0.51 | 0.10 | 15.28 |
| 1997 | 9.86 | 8.81 | 2.64 | 6.17 | 0.41 | 0.44 | 0.09 | 11.46 |
| 2003 | 8.61 | 8.04 | 2.04 | 6.00 | 0.28 | 0.22 | 0.03 | 10.53 |
| 2007 | 7.33 | 6.76 | 1.76 | 5.00 | 0.29 | 0.21 | 0.03 | 18.89 |
| 2012 | 8.12 | 7.59 | 2.43 | 5.16 | 0.33 | 0.12 | 0.03 | 16.79 |
| 2019 | 7.05 | 6.55 | 2.53 | 4.02 | 0.35 | 0.08 | 0.05 | 17.65 |

ਸਰੋਤ: ਪਸ਼ੂਧਨ ਅੰਕੜੇ ਹੈਂਡਬੁੱਕ, 2022 (ਗਡਵਾਸੂ)

*ਪੋਲਟਰੀ ਨੂੰ ਕੁੱਲ ਪਸ਼ੂਧਨ ਆਬਾਦੀ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ।

## ਅਨੁਲੱਗ XI

## ਪੰਜਾਬ ਦੇ ਬਹੁਤ ਜ਼ਿਆਦਾ ਪਾਣੀ ਸ਼ੋਸ਼ਣ ਵਾਲੇ ਬਲਾਕਾਂ ਦੀ ਸੂਚੀ

| ਲੜੀ ਨੰ. | ਜ਼ਿਲ੍ਹਾ | ਬਲਾਕ | ਧਰਤੀ ਹੇਠਲੇ ਪਾਣੀ ਦੀ ਨਿਕਾਸੀ ਦਾ ਪੜਾਅ (%) | ਸਥਿਤੀ |
|---|---|---|---|---|
| 1 | ਬਰਨਾਲਾ | ਬਰਨਾਲਾ | 320 | ਉੱਚ ਅਤਿ-ਸ਼ੋਸ਼ਿਤ |
| 2 | ਬਠਿੰਡਾ | ਭਗਤਾ ਭਾਈ ਦਾ | 345 | ਉੱਚ ਅਤਿ-ਸ਼ੋਸ਼ਿਤ |
| 3 | ਜਲੰਧਰ | ਜਲੰਧਰ ਪੂਰਬੀ | 400 | ਉੱਚ ਅਤਿ-ਸ਼ੋਸ਼ਿਤ |
| 4 | ਜਲੰਧਰ | ਨਕੋਦਰ | 313 | ਉੱਚ ਅਤਿ-ਸ਼ੋਸ਼ਿਤ |
| 5 | ਜਲੰਧਰ | ਸ਼ਾਹਕੋਟ | 344 | ਉੱਚ ਅਤਿ-ਸ਼ੋਸ਼ਿਤ |
| 6 | ਲੁਧਿਆਣਾ | ਲੁਧਿਆਣਾ-1 | 353 | ਉੱਚ ਅਤਿ-ਸ਼ੋਸ਼ਿਤ |
| 7 | ਮਲੇਰਕੋਟਲਾ | ਮਲੇਰਕੋਟਲਾ-1 | 308 | ਉੱਚ ਅਤਿ-ਸ਼ੋਸ਼ਿਤ |
| 8 | ਮੋਗਾ | ਮੋਗਾ-1 | 333 | ਉੱਚ ਅਤਿ-ਸ਼ੋਸ਼ਿਤ |
| 9 | ਮੋਗਾ | ਮੋਗਾ-2 | 344 | ਉੱਚ ਅਤਿ-ਸ਼ੋਸ਼ਿਤ |
| 10 | ਮੋਗਾ | ਨਿਹਾਲ ਸਿੰਘ ਵਾਲਾ | 331 | ਉੱਚ ਅਤਿ-ਸ਼ੋਸ਼ਿਤ |
| 11 | ਸੰਗਰੂਰ | ਭਵਾਨੀਗੜ੍ਹ | 348 | ਉੱਚ ਅਤਿ-ਸ਼ੋਸ਼ਿਤ |
| 12 | ਸੰਗਰੂਰ | ਧੂਰੀ | 344 | ਉੱਚ ਅਤਿ-ਸ਼ੋਸ਼ਿਤ |
| 13 | ਸੰਗਰੂਰ | ਦਿੜ੍ਹਬਾ | 342 | ਉੱਚ ਅਤਿ-ਸ਼ੋਸ਼ਿਤ |
| 14 | ਸੰਗਰੂਰ | ਸੰਗਰੂਰ | 310 | ਉੱਚ ਅਤਿ-ਸ਼ੋਸ਼ਿਤ |
| 15 | ਸੰਗਰੂਰ | ਸੁਨਾਮ | 341 | ਉੱਚ ਅਤਿ-ਸ਼ੋਸ਼ਿਤ |

ਸਰੋਤ: ਪੰਜਾਬ ਰਾਜ ਦੇ ਧਰਤੀ ਹੇਠਲੇ ਪਾਣੀ ਦੇ ਸਰੋਤ, 2022 ਅਤੇ ਪੀ.ਡਬਲਯੂ.ਆਰ.ਡੀ.ਸੀ.

## ਅਨੁਲੱਗ XII

### ਪੰਜਾਬ ਦੇ ਵੱਖ-ਵੱਖ ਵਿਭਾਗਾਂ, ਬੋਰਡਾਂ/ਕਾਰਪੋਰੇਸ਼ਨਾਂ, ਯੂਨੀਵਰਸਿਟੀਆਂ/ਖੋਜ ਸੰਸਥਾਵਾਂ ਵਿੱਚ ਮਨੁੱਖੀ ਸ਼ਕਤੀ

| ੳ. ਵੱਖ-ਵੱਖ ਵਿਭਾਗਾਂ ਵਿੱਚ ਮਨੁੱਖੀ ਸ਼ਕਤੀ | | | | | |
|---|---|---|---|---|---|
| ਲੜੀ ਨੰ: | ਵਿਭਾਗ ਦਾ ਨਾਮ | ਗਰੁੱਪ ਏ ਮਨਜ਼ੂਰਸ਼ੁਦਾ ਅਸਾਮੀਆਂ | ਗਰੁੱਪ ਬੀ ਮਨਜ਼ੂਰਸ਼ੁਦਾ ਅਸਾਮੀਆਂ | ਗਰੁੱਪ ਸੀ ਮਨਜ਼ੂਰਸ਼ੁਦਾ ਅਸਾਮੀਆਂ | ਗਰੁੱਪ ਡੀ ਮਨਜ਼ੂਰਸ਼ੁਦਾ ਅਸਾਮੀਆਂ |
| 1 | ਖੇਤੀਬਾੜੀ ਵਿਭਾਗ | 2236 (38.82) | 428 (44.86) | 1736 (47.87) | 1747 (62.45) |
| 2 | ਬਾਗਬਾਨੀ ਵਿਭਾਗ | 276 (52.54) | 20 (0.00) | 143 (27.27) | 587 (50.60) |
| 3 | ਮਿੱਟੀ ਦੀ ਸੰਭਾਲ ਵਿਭਾਗ | 310 (36.13) | 193 (37.82) | 973 (50.36) | 287 (62.37) |
| 4 | ਜਲ ਸਰੋਤ ਵਿਭਾਗ | 799 (15.02) | 2324 (15.49) | 5139 (20.22) | 7525 (15.39) |
| 5 | ਵਣ ਵਿਭਾਗ | 112 (35.71) | 266 (39.85) | 1593 (23.60) | 398 (51.51) |
| 6 | ਪਸ਼ੂ ਪਾਲਣ ਵਿਭਾਗ | 1728 (29.17) | 182 (32.42) | 2509 (34.91) | 174 (32.18) |
| 7 | ਡੇਅਰੀ ਵਿਭਾਗ | 27 (66.67) | 58 (37.93) | 174 (55.17) | 59 (59.32) |
| 8 | ਮੱਛੀ ਪਾਲਣ ਵਿਭਾਗ | 6 (33.33) | 113 (30.09) | 144 (51.17) | 244 (65.16) |
| 9 | ਭੋਜਨ ਸਪਲਾਈ ਵਿਭਾਗ | 64 (17.19) | 639 (29.73) | 2079 (27.13) | 538 (33.46) |
| 10 | ਸਹਿਕਾਰੀ ਵਿਭਾਗ | 45 (31.11) | 1160 (43.28) | 704 (31.11) | 42 (26.19) |
| ਅ. ਵੱਖ-ਵੱਖ ਬੋਰਡਾਂ/ਕਾਰਪੋਰੇਸ਼ਨਾਂ ਵਿੱਚ ਮਨੁੱਖੀ ਸ਼ਕਤੀ | | | | | |
| 11 | ਮੰਡੀ ਬੋਰਡ | 115 (91.30) | 259 (94.98) | 436 (91.06) | 254 (28.74) |
| 12 | ਵੇਅਰਹਾਊਸ | 8 (12.50) | 727 (29.44) | 568 (48.24) | 886 (75.17) |
| 13 | ਕਾਲੋਨਾਈਜ਼ੇਸ਼ਨ | 4 (50.00) | 20 (50.00) | 39 (58.97) | 19 (73.68) |
| 14 | ਮਿਲਕਫੈਡ | 744 (61.69) | 372 (47.31) | 2919 (62.18) | 1106 (0.18) |
| 15 | ਮਾਰਕਫੈਡ | 171 (43.27) | 358 (55.31) | 286 (54.55) | 1587 (21.11) |
| 16 | ਸ਼ੂਗਰਫੈਡ | 54 (70.37) | 176 (48.30) | 1413 (34.04) | 31 (45.16) |
| 17 | ਪਨਸੀਡ | 17 (47.06) | 34 (91.18) | 39 (51.28) | 254 (28.74) |
| ੲ. ਕਮਿਸ਼ਨ/ਯੂਨੀਵਰਸਿਟੀਆਂ/ਰਿਸਰਚ ਇੰਸਟੀਚਿਊਟ ਵਿੱਚ ਮਨੁੱਖੀ ਸ਼ਕਤੀ | | | | | |
| 18 | ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ, ਮੋਹਾਲੀ | 8 (87.5) | 4 (50.00) | 7 (57.14) | 6 (50) |
| 19 | ਪੀਏਯੂ, ਲੁਧਿਆਣਾ | 1188 (48.65) | 655 (46.41) | 1574 (67.09) | 1368 (74.49) |
| 20 | ਗਡਵਾਸੂ ਲੁਧਿਆਣਾ | 497 (38.23) | 229 (56.71) | 603 (68.66) | 295 (60.34) |
| 21 | ਪੰਜਾਬ ਰਿਮੋਟ ਸੈਂਸਿੰਗ ਸੈਂਟਰ | 18 (11.11) | 16 (68.75) | 11 (27.27) | 7 (14.29) |
| | ਕੁੱਲ ਜੋੜ (ੳ+ਅ+ੲ) | ਗਰੁੱਪ ਏ ਮਨਜ਼ੂਰਸ਼ੁਦਾ ਅਸਾਮੀਆਂ 8427 (39.13) | ਗਰੁੱਪ ਬੀ ਮਨਜ਼ੂਰਸ਼ੁਦਾ ਅਸਾਮੀਆਂ 8233 (36.5) | ਗਰੁੱਪ ਸੀ ਮਨਜ਼ੂਰਸ਼ੁਦਾ ਅਸਾਮੀਆਂ 23089 (40.78) | ਗਰੁੱਪ ਡੀ ਮਨਜ਼ੂਰਸ਼ੁਦਾ ਅਸਾਮੀਆਂ 17160 (32.44) |

ਸਰੋਤ: ਸਬੰਧਤ ਵਿਭਾਗਾਂ ਤੋਂ ਇਕੱਤਰ ਕੀਤੇ ਅੰਕੜੇ।

ਬਰੈਕਟਾਂ ਵਿਚਲੇ ਅੰਕੜੇ ਖਾਲੀ ਅਸਾਮੀਆਂ ਦੀ ਪ੍ਰਤੀਸ਼ਤਤਾ ਹਨ।

## ਅਨੁਲੱਗ XIII

### ਬਾਗਬਾਨੀ ਫ਼ਸਲਾਂ: ਪ੍ਰੋਸੈਸਿੰਗ ਅਤੇ ਵਾਢੀ ਤੋਂ ਬਾਅਦ ਦੀ ਸੰਭਾਲ ਲਈ ਮੌਕੇ ਅਤੇ ਚੁਣੌਤੀਆਂ

| ਲੜੀ ਨੰ: | ਫ਼ਸਲਾਂ | ਪ੍ਰੋਸੈਸਿਡ ਉਤਪਾਦ | ਮੌਕੇ | ਚੁਣੌਤੀਆਂ |
|---|---|---|---|---|
| 1. | ਆਲੂ | ਆਲੂ ਦੇ ਚਿਪਸ, ਫਲੇਕਸ, ਪਾਊਡਰ, ਫ੍ਰੋਜ਼ਨ ਉਤਪਾਦ, ਸਟਾਰਚ | ਵਿਸ਼ੇਸ਼ ਖੇਤਰ ਵਿੱਚ ਆਲੂ ਦੀਆਂ ਵਪਾਰਕ ਕਿਸਮਾਂ ਦਾ ਉੱਚ ਉਤਪਾਦਨ | ਸਥਾਨਕ ਬਾਜ਼ਾਰ ਦੀ ਸਵੀਕਾਰਤਾ, ਪ੍ਰੋਸੈਸਿੰਗ ਲਈ ਢੁਕਵੀਆਂ ਕਿਸਮਾਂ ਅਤੇ ਖਪਤਕਾਰਾਂ ਦੀ ਧਾਰਨਾ।<br><br>ਵਿਸ਼ੇਸ਼ ਖੇਤਰ ਵਿੱਚ ਕਲੱਸਟਰ ਪ੍ਰੋਸੈਸਿੰਗ ਯੂਨਿਟ।<br><br>ਉਪਜ ਨੂੰ ਸੰਭਾਲਣ ਲਈ ਜ਼ਿਲ੍ਹਾ ਪੱਧਰੀ ਇਨਕਿਊਬੇਸ਼ਨ ਸਹੂਲਤਾਂ ਅਤੇ ਪ੍ਰੋਸੈਸਿੰਗ ਯੂਨਿਟ। |
| 2. | ਟਮਾਟਰ | ਟਮਾਟਰ ਪਿਊਰੀ, ਪੇਸਟ, ਕੇਚਪ, ਤੁਰੰਤ ਸੂਪ ਮਿਸ਼ਰਣ | ਘਰੇਲੂ, ਵਪਾਰਕ ਅਤੇ ਨਿਰਯਾਤ ਬਾਜ਼ਾਰਾਂ ਵਿੱਚ ਭਾਰੀ ਮੰਗ। ਭਰਮਾਰ ਦੇ ਮੌਸਮ ਵਿੱਚ ਘੱਟ ਕੀਮਤ ਨਾਲ ਨਜਿੱਠ ਸਕਦੇ ਹਨ। | |
| 3. | ਹਲਦੀ | ਤਾਜ਼ੇ ਟੁਕੜੇ, ਹਲਦੀ ਪਾਊਡਰ, ਕਰਕੁਮਿਨ | ਪ੍ਰਾਚੀਨ ਚਿਕਿਤਸਕ ਫ਼ਸਲ, ਘਰ ਵਿੱਚ ਉੱਚ ਉਪਯੋਗਤਾ ਅਤੇ ਰੰਗਾਂ ਅਤੇ ਦਵਾਈਆਂ ਦੇ ਗੁਣਾਂ ਦੋਵਾਂ ਲਈ ਵਪਾਰਕ ਪੱਧਰ। | |
| 4. | ਮਿਰਚ | ਮਿਰਚ ਪਾਊਡਰ, ਪੇਸਟ, ਫਲੇਕਸ, ਮਿਰਚ ਸੋਸ ਓਲੀਓਰੇਸਿਨ | ਪ੍ਰੋਸੈਸਿੰਗ ਕਿਸਮਾਂ ਵਿੱਚ ਨਿਰਯਾਤ ਦੀ ਵੱਡੀ ਸੰਭਾਵਨਾ ਹੈ। | ਵਿਸ਼ੇਸ਼ ਖੇਤਰ ਵਿੱਚ ਕਲੱਸਟਰ ਪ੍ਰੋਸੈਸਿੰਗ ਯੂਨਿਟ ਦੀ ਲੋੜ। ਉਪਜ ਨੂੰ ਸੰਭਾਲਣ ਲਈ ਜ਼ਿਲ੍ਹਾ ਪੱਧਰੀ ਇਨਕਿਊਬੇਸ਼ਨ ਸਹੂਲਤਾਂ ਅਤੇ ਪ੍ਰੋਸੈਸਿੰਗ ਯੂਨਿਟ। ਸੁਕਾਉਣ ਲਈ ਹਾਈਬ੍ਰਿਡ ਤਕਨਾਲੋਜੀਆਂ. ਪੈਕਿੰਗ ਅਤੇ ਸਟੋਰੇਜ ਦੀ ਸਹੂਲਤ। |
| 5. | ਮੇਥੀ, ਕਰੇਲਾ, ਮੋਰਿੰਗਾ | ਪ੍ਰੋਸੈਸ ਕੀਤੀਆਂ ਅਤੇ ਸੁਕੀਆਂ ਸਬਜ਼ੀਆਂ | ਸਟੋਰ ਕਰਨਾ ਆਸਾਨ ਅਤੇ ਸੁੱਕਣ ਤੋਂ ਬਾਅਦ ਸੁਰੱਖਿਅਤ। | |
| 6. | ਪਿਆਜ਼ | ਪਿਆਜ਼ ਦੇ ਫਲੇਕਸ, ਪਿਆਜ਼ ਪਾਊਡਰ, ਪੇਸਟ ਅਤੇ ਪਿਊਰੀ, ਘੱਟੋ ਤੋਂ ਘੱਟ ਪ੍ਰੋਸੈਸਡ ਪਿਆਜ਼ | ਸੀਮਾਂਤ ਕਿਸਾਨ ਪੱਧਰ ’ਤੇ ਉਤਪਾਦਨ ਅਤੇ ਘਰੇਲੂ ਖਪਤ | ਮਸ਼ੀਨੀਕਰਨ, ਸਥਾਨਕ ਕਿਸਮਾਂ ਲਈ ਢੁਕਵੇਂ ਪ੍ਰੋਸੈਸਿੰਗ ਬੁਨਿਆਦੀ ਢਾਂਚੇ, ਸੁਕਾਉਣ ਵਾਲੀਆਂ ਇਕਾਈਆਂ ਅਤੇ ਵਿਸ਼ੇਸ਼ ਭੰਡਾਰਨ ਸਹੂਲਤਾਂ ਦੀ ਘਾਟ |
| 7. | ਲਸਣ | ਲਸਣ ਦਾ ਪੇਸਟ, ਪਾਊਡਰ ਅਤੇ ਘੱਟੋ ਤੋਂ ਘੱਟ ਪ੍ਰੋਸੈਸਿਡ ਲਸਣ | ਘਰੇਲੂ ਅਤੇ ਵਪਾਰਕ ਦੋਵਾਂ ਪੱਧਰਾਂ ’ਤੇ ਵਰਤੋਂ ਲਈ ਤਿਆਰ ਉਤਪਾਦਾਂ ਦੀ ਵਧਦੀ ਮੰਗ। | |
| 8. | ਮਟਰ, ਮਿੱਠੀ ਮੱਕੀ, ਪੀਲੀ ਗਾਜਰ, ਬ੍ਰੋਕਲੀ ਅਤੇ ਫੁੱਲਗੋਭੀ | ਜੰਮੇ ਹੋਏ, ਖਾਣ ਲਈ ਤਿਆਰ ਅਤੇ ਘੱਟੋ ਤੋਂ ਘੱਟ ਪ੍ਰੋਸੈਸ ਕੀਤੇ ਉਤਪਾਦ | ਰੈਡੀ-ਟੂ-ਕੁੱਕ/ਫ੍ਰੋਜ਼ਨ ਸੈਗਮੈਂਟ ਵਿੱਚ ਉੱਭਰ ਰਹੀ ਮੰਗ। ਢੁਕਵੀਆਂ ਖੇਤੀਬਾੜੀ-ਜਲਵਾਯੂ ਸਥਿਤੀਆਂ। | ਪ੍ਰੋਸੈਸਿੰਗ ਮਸ਼ੀਨੀਕਰਨ ਅਤੇ ਕੋਲਡ ਚੇਨ ਲੌਜਿਸਟਿਕਸ। ਵਿਸ਼ੇਸ਼ ਖੇਤਰ ਵਿੱਚ ਕਲੱਸਟਰ ਪ੍ਰੋਸੈਸਿੰਗ ਯੂਨਿਟ ਦੀ ਲੋੜ। |

<table>
<tr><td>9.</td><td>ਨਾਸ਼ਪਤੀ, ਆੜੂ, ਪਲਮ ਅਤੇ ਲੀਚੀ</td><td>ਜੂਸ, ਕੰਸੈਂਟ੍ਰੇਟ, ਕੈਂਡੀ, ਸੁਰੱਖਿਅਤ ਅਤੇ ਘੱਟੋ ਤੋਂ ਘੱਟ ਪ੍ਰੋਸੈਸਿਡ ਉਤਪਾਦ</td><td>ਸਥਾਨਕ ਕਿਸਮਾਂ ਦੇ ਨਾਲ ਨਿਰਯਾਤ ਸਮਰੱਥਾ</td><td rowspan="3">ਵਿਸ਼ੇਸ਼ ਖੇਤਰ ਵਿੱਚ ਕਲੱਸਟਰ ਪ੍ਰੋਸੈਸਿੰਗ ਯੂਨਿਟ ਦੀ ਲੋੜ ਉਪਜ ਨੂੰ ਸੰਭਾਲਣ ਲਈ ਜ਼ਿਲ੍ਹਾ ਪੱਧਰੀ ਇਨਕਿਊਬੇਸ਼ਨ ਸਹੂਲਤਾਂ ਅਤੇ ਪ੍ਰੋਸੈਸਿੰਗ ਯੂਨਿਟ।<br>ਸਹਿਕਾਰੀ/ਵਪਾਰਕ ਪ੍ਰੋਸੈਸਿੰਗ ਉਦਯੋਗਾਂ ਦਰਮਿਆਨ ਸਬੰਧ।<br>ਨਿੰਬੂ ਦੇ ਅਧਾਰ ’ਤੇ ਪ੍ਰੋਸੈਸਡ ਉਤਪਾਦ ਦੀ ਕੁੜੱਤਣ ਨੂੰ ਘੱਟ ਕਰਨ ਲਈ ਤਕਨਾਲੋਜੀਆਂ।</td></tr>
<tr><td>10.</td><td>ਅਮਰੂਦ</td><td>ਗੁਦਾ, ਜੂਸ, ਕੰਸੈਂਟ੍ਰੇਟ, ਜੈਲੀ, ਜੈਮ ਕੈਂਡੀ, ਚਮੜਾ ਅਤੇ ਘੱਟੋ ਤੋਂ ਘੱਟ ਪ੍ਰੋਸੈਸਡ ਉਤਪਾਦ</td><td>ਵਿਭਿੰਨ ਗੁਣਾਂ, ਨਿਰਯਾਤ ਸਮਰੱਥਾ ਅਤੇ ਉਤਪਾਦਕਤਾ ਵਾਲੀਆਂ ਕਿਸਮਾਂ</td></tr>
<tr><td>11.</td><td>ਸਾਰੇ ਨਿੰਬੂ ਫਲ ਅਤੇ ਕਿੰਨੂ</td><td>ਜੂਸ, ਮਿਸ਼ਰਣ, ਕੰਸੈਂਟ੍ਰੇਟ, ਤਾਜ਼ਾ ਜੂਸ ਅਤੇ ਨਿੰਬੂ ਪਾਊਡਰ</td><td>ਤਾਜ਼ੇ ਰੂਪ ਵਿੱਚ ਖਪਤ ਦੇ ਨਾਲ ਵਿਸ਼ੇਸ਼ ਖੇਤਰ</td></tr>
<tr><td>12.</td><td>ਆਂਵਲਾ</td><td>ਜੂਸ, ਕੈਂਡੀ, ਪ੍ਰੀਜ਼ਰਵ ਅਤੇ ਪਾਊਡਰ</td><td>ਇਸ ਦੇ ਔਸ਼ਧੀ ਗੁਣਾਂ ਦੇ ਕਾਰਨ ਵੱਖ-ਵੱਖ ਰੂਪਾਂ ਵਿੱਚ ਰਵਾਇਤੀ ਤੌਰ ’ਤੇ ਵਰਤਿਆ ਜਾਂਦਾ ਹੈ</td><td>ਵਿਸ਼ੇਸ਼ ਖੇਤਰ ਵਿੱਚ ਕਲੱਸਟਰ ਪ੍ਰੋਸੈਸਿੰਗ ਯੂਨਿਟ।<br>ਉਪਜ ਨੂੰ ਸੰਭਾਲਣ ਲਈ ਜ਼ਿਲ੍ਹਾ ਪੱਧਰੀ ਇਨਕਿਊਬੇਸ਼ਨ ਸਹੂਲਤਾਂ ਅਤੇ ਪ੍ਰੋਸੈਸਿੰਗ ਯੂਨਿਟ।</td></tr>
</table>

ਸਰੋਤ: ਪੀ.ਐਚ.ਪੀ.ਟੀ.ਸੀ., ਲੁਧਿਆਣਾ, ਫੂਡ ਟੈਕਨੋਲੋਜੀ ਵਿਭਾਗ, ਪ੍ਰੋਸੈਸਿੰਗ ਅਤੇ ਫੂਡ ਇੰਜੀਨੀਅਰਿੰਗ ਵਿਭਾਗ, ਪੀਏਯੂ, ਲੁਧਿਆਣਾ ਅਤੇ ਸੀ.ਆਈ.ਪੀ.ਐਚ.ਈ.ਟੀ, ਲੁਧਿਆਣਾ।

# BIBLIOGRAPHY


Shergill, H.S. (1998). Rural Credit and Indebtedness in Punjab. Institution for Development and Communication, Chandigarh.

Singh, Sukhpal and M.S. Toor (2005). Agrarian Crisis with Special Reference to Indebtedness Among Punjab Farmers. Indian Journal of Agricultural Economics, Vol. 60, No. 3, pp.335-46.

Singh, Sukhpal, M. Kaur and H.S. Kingra (2008). Indebtedness among Farmers in Punjab. Economic and Political Weekly, Vol. XLIII, No. 26&27, 28 June, pp. 130-6.

Shergill, H.S. (2010). Growth of Farm Debt in Punjab 1997 to 2008. Institution for Development and Communication, Chandigarh.

Singh, Sukhpal, T.K. Dhaliwal (2011). Taking More than a Commission: A Critique of the Commission Agent System in Punjab Agriculture. Aakar Books, Delhi.

Singh, Sukhpal, M. Kaur and H.S. Kingra (2020). Farmers' and Agricultural Labourers' Suicides in Punjab. Research Report, Punjab Agricultural University, Ludhiana.

Singh, Sukhpal and Bhogal S (2021). MSP in a changing agricultural policy environment. Economic and Political Weekly 3: 12-15.

Kelly, Darshan S., Yuriko C. Adkins, Susan J. Zunino, Leslie R. Woodhouse, Ellen L. Bonnel, Andrew P. Breaksa III, Gary D. Manners, Bruce E. Mackey (2015). Citrus Limonin Glucoside Supplementation Decreased Biomarkers of Liver Disease and Inflammation in Overweight Human Adults. Journal of Functional Foods, Vol. 12, pp. 271-281.

GoI (2006). Serving Farmers and Saving Farming, National Commission on Farmers, Ministry of Agriculture, Government of India.

GOI (2015). Methodological Issues in Fixing of MSP (Ramesh Chand Committee Report), Ministry of Agriculture and Farmers' Welfare, Government of India.

WCMM Report 1.1 (2019). Study of the Current State of Punjab Water Sector by Makorot-Israel national water company.

PSFC (2021). Expansion of Salinization in the Aquifers of Punjab. Research Report, Punjab State Farmers' and Farm Workers' Commission. SAS Nagar.

Anonymous (2022). Ground Water Resources of Punjab State Report, Ground Water Management Circle Water Resrouces Department, Punjab and Central Ground Water Board, North Western Region, Chandigarh.